
ਸਵੇਰ ਤੋਂ
ਸ਼ਾਮ ਤੱਕ
ਹਰਪਾਲ ਸਿੰਘ ਪੰਨੂ
www.punjabilibrary.com

# ਸਵੇਰ ਤੋਂ ਸ਼ਾਮ ਤੱਕ


| | |
|---|---|
| ਬੇਬੇ ਜੀ | 5 |
| ਸਤਨਾਮ ਸਿੰਘ ਖ਼ੁਮਾਰ | 28 |
| ਗੁਰਬਚਨ ਸਿੰਘ ਰਿਆਲ | 35 |
| ਸੰਤ ਜਰਨੈਲ ਸਿੰਘ | 44 |
| ਸੰਤੋਖ ਸਿੰਘ ਧੀਰ | 81 |
| ਪ੍ਰੋਫੈਸਰ ਗੁਲਵੰਤ ਸਿੰਘ | 92 |
| ਮੇਰਾ ਦੋਸਤ ਈਰਾਨ | 99 |
| ਸ੍ਰ. ਕਪੂਰ ਸਿੰਘ | 127 |
| ਲਾਲੀ ਦਾ ਚੌਗਿਰਦਾ | 139 |


## ਮੁੱਖਬੰਧ

www.punjabilibrary.com

ਮੇਰੀਆਂ ਕਿਤਾਬਾਂ ਦੇ ਟਾਈਟਲ ਗੰਭੀਰ ਵਿਚਾਰ ਵਟਾਂਦਰੇ ਉਪਰੰਤ ਨਿਸ਼ਚਿਤ ਨਹੀਂ ਕੀਤੇ। ਹੋਇਆ ਇਹ ਕਿ ਕਿਤਾਬ ਦਾ ਖਰੜਾ ਲੋਕਗੀਤ ਪ੍ਰਕਾਸ਼ਨ ਨੂੰ ਭੇਜ ਦਿਤਾ, ਨਾਮ ਰੱਖਿਆ ਸੀ- *ਦੇਵਦਾਰਾਂ ਦੀ ਛਾਂ ਹੇਠ।* ਦੇਵ ਮਾਇਨੇ ਆਕਾਸ਼; ਇਸ ਤੋਂ ਦੇਵਤਾ ਸ਼ਬਦ ਬਣਿਆ, ਯਾਨੀ ਕਿ ਅਸਮਾਨ ਵਿਚ ਵੱਸਣ ਵਾਲਾ, ਇਸੇ ਤੋਂ ਦਿੱਬ (ਸੰ. ਦਿਵਯ) ਬਣਿਆ। ਦਿਬਦ੍ਰਿਸ਼ਟੀ ਦਾ ਅਰਥ ਹੋਇਆ ਉਹ ਨਜ਼ਰ ਜੋ ਅਸਮਾਨ ਤੱਕ ਪੁੱਜ ਸਕੇ, ਅਜਿਹਾ ਕੁਝ ਦੇਖ ਸਕੇ ਜੋ ਆਮ ਲੋਕਾਂ ਨੂੰ ਦਿਖਾਈ ਨਹੀਂ ਦਿੰਦਾ। ਪ੍ਰਕਾਸ਼ਕ ਨੂੰ ਇਹ ਨਾਮ ਸਹੀ ਨਹੀਂ ਲੱਗਿਆ ਕਿਉਂਕਿ ਇਸ ਤੋਂ ਪਤਾ ਨਹੀਂ ਲਗਦਾ ਕਿ ਕਿਤਾਬ ਕਿਸ ਬਾਰੇ ਹੈ। ਪ੍ਰਕਾਸ਼ਕ ਨੇ *ਗੌਤਮ ਤੋਂ ਤਾਸਕੀ ਤੱਕ* ਨਾਮ ਆਪੇ ਰੱਖ ਦਿੱਤਾ। ਕੁਝ ਪਾਠਕਾਂ ਨੇ ਆਲੋਚਨਾ ਕੀਤੀ ਕਿ ਇਸ ਟਾਈਟਲ ਤੋਂ ਕੁਝ ਪਤਾ ਨਹੀਂ ਲਗਦਾ। ਇਸਦੇ ਬਾਵਜੂਦ ਤਿੰਨ ਸਾਲ ਵਿਚ ਕਿਤਾਬ ਦੀਆਂ ਚਾਰ ਐਡੀਸ਼ਨਾ ਵਿਕ ਗਈਆਂ।

ਦੂਜੀ ਕਿਤਾਬ ਦਾ ਨਾਮ ਰੱਖਿਆ ਸੀ *ਬੰਦਗੀ ਤੋਂ ਆਰਟ ਤੱਕ,* ਕਿਉਂਕਿ ਪਹਿਲਾ ਲੇਖ ਬਾਬਾ ਫਰੀਦ ਜੀ ਉਪਰ ਸੀ ਤੇ ਇਤਿਹਾਸਕ ਕ੍ਰਮ ਅਨੁਸਾਰ ਅਖੀਰਲਾ ਹਰਦੇਵ ਸਿੰਘ ਆਰਟਿਸਟ ਉੱਪਰ। ਸਿੰਘ ਬ੍ਰਦਰਜ਼ ਨੇ ਸਲਾਹ ਦਿਤੀ ਕਿ ਸਿਖਰਲੀ ਪਾਉੜੀ ਬੰਦਗੀ ਹੈ, ਆਰਟ ਪਹਿਲਾਂ ਆਉਂਦਾ ਹੈ, ਇਸ ਕਰਕੇ ਨਾਮ *ਆਰਟ ਤੋਂ ਬੰਦਗੀ ਤੱਕ* ਹੋਵੇ, ਤਾਂ ਠੀਕ ਰਹੇ। ਹਰਦੇਵ ਸਿੰਘ ਦੀ ਸਲਾਹ ਲਈ, ਉਨ੍ਹਾਂ ਕਿਹਾ ਸਹੀ ਹੈ, ਇਤਿਹਾਸਕ ਕ੍ਰਮ ਵਰਤਮਾਨ ਤੋਂ ਅਤੀਤ ਤੱਕ ਵੀ ਹੋ ਸਕਦਾ ਹੈ। ਤੀਜੀ ਕਿਤਾਬ ਦਾ ਪਹਿਲਾ ਲੇਖ ਬੁੱਤਤ੍ਰਾਸ਼ ਮਾਈਕਲਏਂਜਲੋ ਉਤੇ ਤੇ ਅਖੀਰਲਾ ਲੇਖ ਅੰਮ੍ਰਿਤਾ ਸ਼ੇਰਗਿਲ ਉਪਰ ਸੀ, ਸੋ ਨਾਮ ਰੱਖ ਦਿਤਾ *ਪੱਥਰ ਤੋਂ ਰੰਗ ਤੱਕ* ।

ਵਡੇਰਿਆਂ ਦੀ ਸਾਖੀ ਤਹਿਤ ਲੜੀ ਦੀ ਚੌਥੀ ਕਿਤਾਬ *ਸਵੇਰ ਤੋਂ ਸ਼ਾਮ ਤੱਕ* ਤੁਹਾਡੇ ਹੱਥ ਵਿਚ ਹੈ। ਪਹਿਲਾ ਲੇਖ ਆਪਣੀ ਮਾਂ ਉਪਰ ਲਿਖਿਆ। ਮੇਰਾ ਦਿਨ ਚੜ੍ਹਿਆ। ਇਹ ਉਨ੍ਹਾਂ ਦਿਨਾਂ ਦੀ ਕਥਾ ਹੈ ਜਦੋਂ ਮੈਂ ਗੁਰਬਤ ਅਤੇ ਜਹਾਲਤ ਦੇ ਹਨੇਰੇ ਵਿਚੋਂ ਬਾਹਰ ਨਿਕਲਣ ਵਾਸਤੇ ਜੱਦੋ-ਜਹਿਦ ਕਰ ਰਿਹਾ ਸਾਂ। ਅਨੇਕ ਦੁਸ਼ਵਾਰੀਆਂ ਸਨਮੁਖ ਹੌਸਲਾ ਨਹੀਂ ਹਾਰਿਆ। ਮਾਪੇ ਨਾ ਪੜ੍ਹੇ ਲਿਖੇ, ਨਾ ਧਨੀ, ਇਸ ਲਈ ਅਹਿਸਾਸ ਰਹਿੰਦਾ ਕਿ ਮੇਰੀ ਬੋਲੀ ਅਤੇ ਲਿਖਤ ਵਿਚੋਂ ਬੇਅਦਬੀ ਨਾ ਝਲਕੇ। ਕਦੀ ਕਦਾਈਂ ਜਦੋਂ ਖਿਆਲ ਆਉਂਦਾ ਕਿ ਮੇਰਾ ਜਨਮ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਵਿਚ ਹੋਇਆ ਹੈ, ਖੁਸ਼ੀ ਤਾਂ ਮਿਲਦੀ, ਪਰ ਇਸ ਮਹਿਲ ਵਿਚ ਵਧੀਕ ਜ਼ਿਮੇਵਾਰੀ ਨਾਲ ਰਹਿਣਾ ਪਵੇਗਾ, ਇਸ ਦਾ ਫਿਕਰ ਹੋਣਾ ਸੁਭਾਵਿਕ ਸੀ।

ਆਖਰੀ ਲੇਖ ਲਾਲੀ ਜੀ ਦੇ ਪਰਿਵਾਰ ਉਪਰ ਹੈ। ਇਸ ਪਰਿਵਾਰ ਦੀ ਸ਼ਾਮ ਪੈਂਦੀ ਦੇਖੀ। ਮੇਰਾ ਸੂਰਜ ਵੀ ਢਲਣ ਲੱਗਾ ਹੈ ਇਸ ਕਰਕੇ ਕਿਤਾਬ ਦਾ ਨਾਮ ਇਹੋ ਠੀਕ ਰਹੇਗਾ। ਜਿਨ੍ਹਾਂ ਨੂੰ ਸਵੇਰ ਤੋਂ ਸ਼ਾਮ ਤੱਕ ਮਿਲਿਆ, ਕੁਝ ਪ੍ਰਭਾਵ ਕਬੂਲੇ, ਉਹਨਾਂ ਬਾਰੇ ਲਿਖ ਦਿਤਾ। ਈਰਾਨ, ਦੇਸ ਵਾਂਗ ਨਹੀਂ, ਦੋਸਤ ਵਾਂਗ ਮਿਲਿਆ। ਇਸ ਲੇਖ ਦਾ ਪਹਿਲਾ ਭਾਗ ਗੁਰਦਿਆਲ ਬਲ ਨੂੰ ਪੜ੍ਹਨ ਵਾਸਤੇ ਦਿਤਾ ਤਾਂ ਉਸਨੇ

**www.punjabilibrary.com**

ਮੇਰੇ ਹੱਥ ਐਜ਼ਰਾ ਨਫੀਸੀ ਦੀ *ਰੀਡਿੰਗ ਲੌਲਿਤਾ ਇਨ ਤਹਿਰਾਨ* ਫੜਾ ਦਿਤੀ। ਇਸ ਕਿਤਾਬ ਦੇ ਜ਼ਿਕਰ ਬਗੈਰ ਲਿਖਤ ਅਧੂਰੀ ਰਹਿਣੀ ਸੀ।

ਟੈਲੀਵਿਜਨ ਉਪਰ ਰੇਸ਼ਮਾ ਦੀ ਇੰਟਰਵਿਊ ਚੱਲ ਰਹੀ ਸੀ। ਐਂਕਰ ਨੇ ਪੁੱਛਿਆ- ਕਿਸੇ ਇਕ ਵਡੇ ਗਾਇਕ ਦਾ ਨਾਮ ਲਵੋ ਜੋ ਤੁਹਾਨੂੰ ਚੰਗਾ ਲੱਗਾ। ਰੇਸ਼ਮਾ ਬੋਲੀ- ਸਾਰੇ ਈ ਵੱਡੇ ਨੇ ਤੇ ਚੰਗੇ ਨੇ, ਸਾਰੇ ਭਲੇ ਨੇ। ਐਂਕਰ ਨੇ ਫਿਰ ਇਕ ਦਾ ਨਾਮ ਲੈਣ ਲਈ ਕਿਹਾ। ਰੇਸ਼ਮਾ ਨੇ ਉਤਰ ਦਿਤਾ- ਇਕ ਨਾਮ ਤਾਂ ਅੱਲਾਹ ਪਰਵਰਦਗਾਰ ਦਾ ਏ ਨਾ। ਲੈਂਦੀ ਹੁੰਨੀ ਆਂ ਉਧਾ ਨਾਮ। ਐਂਕਰ ਫਿਰ ਬਜ਼ਿਦ, ਤਾਂ ਰੇਸ਼ਮਾ ਨੇ ਕਿਹਾ- ਇਕ ਨਹੀਂ, ਫੇਰ ਦੋ ਨਾਮ ਲਵਾਂਗੀ। ਮਲਕਾ ਏ ਤਰੰਨੁਮ ਨੂਰ ਜਹਾਨ ਅਤੇ ਲਤਾ ਮੰਗੇਸ਼ਕਰ। ਬਾਲੜੀ ਹੁੰਦਿਆਂ ਇਨ੍ਹਾਂ ਦੇ ਪੱਥਰ ਦੇ ਤਵੇ ਵਜਦੇ ਸੁਣਿਆਂ ਕਰਦੀ ਸਾਂ, ਨਕਲ ਕਰਦਿਆਂ ਸਿਆਣਿਆਂ ਨੇ ਦੇਖਿਆ ਤਾਂ ਕਿਹਾ- ਤੂੰ ਗਾ ਸਕਨੀ ਏਂ। ਰਿਆਜ਼ ਕਰਿਆ ਕਰ। ਰਿਆਜ਼ ਕਰਨ ਲੱਗੀ, ਤੁਸਾਂ ਲੋਕਾਂ ਮੈਨੂੰ ਕਬੂਲ ਕਰ ਲਿਆ। ਹੁਣ ਮੁਕਾਮ ਅਹਿ ਵੇ ਪਈ ਮੇਰਾ ਇਕ ਗੀਤ ਮੇਰੀਆਂ ਸੁਰਾਂ ਵਿਚ ਮਲਕਾ ਏ ਤਰੰਨੁਮ ਨੇ ਗਾਇਆ, ਮੇਰਾ ਇਕ ਗੀਤ ਮੇਰੀਆਂ ਸੁਰਾਂ ਵਿਚ ਲਤਾ ਮੰਗੇਸ਼ਕਰ ਨੇ ਗਾਇਆ। ਇਸ ਦਾ ਇਹ ਮਤਲਬ ਨਈਂ ਕਿ ਮੈਂ ਵੱਡੀ ਹੋ ਗਈ ਆਂ। ਛੋਟਿਆਂ ਦੀ ਹੌਸਲਾ ਅਫਜ਼ਾਈ ਕਰਨ ਵਾਸਤੇ ਵੱਡਿਆਂ ਕੋਲ ਆਪਣੇ ਈ ਅੰਦਾਜ਼ ਹੋਂਦੇ ਨੇ।

ਸੰਗੀਤ ਦੇ ਪ੍ਰੋਫੈਸਰ ਵਿਕਾਸ ਜੋਤੀ ਭੱਟਾਚਾਰੀਆ ਕਲਕੱਤਿਓਂ ਆਏ। ਮੈਂ ਪੁੱਛਿਆ- ਕਿਹੜਾ ਗਾਇਕ ਚੰਗਾ ਲੱਗਾ? ਉਨ੍ਹਾਂ ਕਿਹਾ- ਖੁਸ਼ਕਿਸਮਤ ਹੂੰ, ਦੋ ਬੜੋਂ ਕੋ ਸਾਮਨੇ ਬੈਠ ਕਰ ਸੁਨਨੇ ਕਾ ਮੌਕਾ ਮਿਲਾ। ਅਮੀਰ ਖਾਨ ਔਰ ਉਸਤਾਦ ਬੜੇ ਗੁਲਾਮ ਅਲੀ ਖਾਨ। ਅਮੀਰ ਖਾਨ ਬਹੁਤ ਬਾਰੀਕ ਥੇ, ਗਾਤੇ ਗਾਤੇ ਸਮਾਧੀ ਮੇਂ ਚਲੇ ਜਾਤੇ, ਪਰਵਾਹ ਨਹੀਂ ਕੋਈ ਸੁਨ ਰਹਾ ਹੈ ਯਾ ਨਹੀਂ, ਪਰਵਾਹ ਨਹੀਂ ਕਿਤਨਾ ਵਕਤ ਗੁਜ਼ਰ ਗਇਆ। ਬੜੇ ਗੁਲਾਮ ਅਲੀ ਖਾਨ ਬਹੁਤ ਗਹਿਰੇ ਥੇ। ਸਾਮਨੇ ਬੈਠਾ ਸੁਨ ਰਹਾ ਥਾ। ਇਧਰ ਉਧਰ ਨਜ਼ਰ ਦੌੜਾਈ, ਦੇਖਾ ਕੋਈ ਆਂਖ ਸੂਖੀ ਨਹੀਂ ਥੀ। ਔਰ ਉਸਤਾਦ ਜੀ ਖੁਦ ਪਰ ਜਬਰਦਸਤ ਕਾਬੂ ਪਾਏ ਹੂਏ ਗਾ ਰਹੇ ਥੇ, ਦਿਲ ਥਾ ਕਿ ਆਂਖੋਂ ਕੇ ਜ਼ਰੀਏ ਬਹਿਨਾ ਮਾਂਗਤਾ ਥਾ। ਅਮੀਰ ਖਾਨ ਬੜੇ ਥੇ, ਖੁਦ ਸੇ ਚਲ ਕਰ ਖੁਦ ਤਕ ਪਹੁੰਚ ਜਾਤੇ ਥੇ। ਉਸਤਾਦ ਬੜੇ ਗੁਲਾਮ ਅਲੀ ਖਾਨ ਖੁਦ ਸੇ ਚਲ ਕਰ ਹਜ਼ਾਰੋਂ ਤਕ ਪਹੁੰਚਤੇ ਥੇ।

ਪਟਿਆਲਾ ਘਰਾਣੇ ਦੇ ਉਸਤਾਦ ਬੜੇ ਗੁਲਾਮ ਅਲੀ ਖਾਨ ਆਪਣੇ ਵਿਦਿਆਰਥੀਆਂ ਨੂੰ ਕਿਹਾ ਕਰਦੇ- ਬੱਚਿਓ ਰਿਆਜ਼ ਕਰਦੇ ਰਹੋ। ਰਿਆਜ਼ ਕਰਦੇ ਕਰਦੇ ਜਦੋਂ ਸੁਰਮੇ ਜਿੰਨੇ ਬਰੀਕ ਹੋ ਜਾਓਗੇ ਤਾਂ ਸੁਹਣੀ ਅੱਖ ਦਾ ਸ਼ਿੰਗਾਰ ਬਣੋਗੇ। ਰਿਆਜ਼ ਕਰੀ ਜਾਓ।

ਇਨ੍ਹਾਂ ਵਡੇਰਿਆਂ ਤੋਂ ਗੱਲ ਕਰਨ ਦਾ ਅੰਦਾਜ਼ ਸਿੱਖਦਾ ਰਿਹਾ ਪਰ ਉਨੀ ਰਿਆਜ਼ ਨਹੀਂ ਕਰ ਸਕਿਆ ਜਿੰਨੀ ਜਾਨਸਨ ਉਪਰ ਲਿਖਣ ਵਾਸਤੇ ਬੋਸਵੈੱਲ ਨੇ ਕੀਤੀ। ਮੇਰੇ ਸੁਰਮੇ ਦਾ ਕੋਈ ਮੋਟਾ ਕਣ ਤੁਹਾਡੀ ਅੱਖ ਵਿਚ ਰੜਕੇ ਤਾਂ ਖਿਮਾ ਕਰਨਾ।

www.punjabilibrary.com

## ਬੇਬੇ ਜੀ

*(ਇਕ ਆਦਮੀ ਦੇ ਮਨ ਵਿਚ ਦੁਨੀਆਂ ਦੀ ਤਸਵੀਰ ਬਣਾਉਣ ਦਾ ਫੁਰਨਾ ਫੁਰਿਆ। ਵਰ੍ਹਿਆਂ ਦੀ ਮਿਹਨਤ ਕਰਕੇ ਉਸਨੇ ਰਾਜਧਾਨੀਆਂ ਬਣਾਈਆਂ, ਹਕੂਮਤਾਂ ਦਿਖਾਈਆਂ, ਪਹਾੜ, ਸਮੁੰਦਰ, ਬੰਦਰਗਾਹਾਂ, ਜਹਾਜ਼, ਮੱਛੀਆਂ, ਤਾਰੇ, ਘੋੜੇ ਅਤੇ ਲੋਕ ਅਨੇਕ ਰੰਗਾਂ ਹੁਨਰਾਂ ਨਾਲ ਚਿੱਤਰੇ। ਮਰਨ ਤੋਂ ਥੋੜ੍ਹਾ ਸਮਾਂ ਪਹਿਲਾਂ ਉਸਨੇ ਧਿਆਨ ਮਾਰਿਆ ਤਾਂ ਦੇਖਿਆ ਕਿ ਦੁਨੀਆਂ ਦੀ ਥਾਂਵੇਂ ਇਸ ਵਿਚੋਂ ਚਿੱਤਰਕਾਰ ਦੇ ਆਪਣੇ ਨੈਣ ਨਕਸ਼ ਦਿਸਣ ਲੱਗੇ ਹਨ- ਜਾਰਜ ਲੂਈ ਬੋਰਖੇਜ਼)*

ਛੇਵੀਂ ਜਮਾਤ ਵਿਚ ਸਾਂ ਮੈਂ ਉਦੋਂ। ਅਸੀਂ ਸਭ ਭੈਣ ਭਰਾ ਸਵੇਰ ਸਾਰ ਸਕੂਲ ਜਾਣ ਤੋਂ ਪਹਿਲਾਂ ਚੁੱਲ੍ਹੇ ਦੇ ਆਲੇ ਦੁਆਲੇ ਘੇਰਾ ਪਾਈ ਬੈਠੇ ਸਾਂ। ਕੁੱਤਾ ਅਤੇ ਬਿੱਲਾ ਪੂਰੀ ਠਾਠ ਨਾਲ ਸਾਡੇ ਵਾਂਗ ਸਾਡੇ ਵਿਚਕਾਰ ਜਮ ਕੇ ਬੈਠਦੇ। ਬੇਬੇ ਨੇ ਰੋਟੀ ਤਵੇ ਤੇ ਪਾਈ ਤਾਂ ਪੂਰਬ ਵਲੋਂ ਘੋੜਾ ਹਿਣਕਣ ਦੀ ਆਵਾਜ਼

www.punjabilibrary.com

ਸੁਣੀ ਤੇ ਅੱਖ ਦੇ ਪਲਕਾਰੇ ਵਿਚ ਮਾਮਾ ਜੀ ਆ ਗਏ। ਮਾਮਾ ਜੀ ਨਿਹੰਗ ਸਿੰਘ ਹਨ। ਨਾਨਕੇ, ਹਰਿਆਣੇ ਵਿਚ ਹਨ। ਬੇਬੇ ਨੂੰ ਮਾਮਾ ਜੀ ਨੇ ਮੱਥਾ ਟੇਕਿਆ। ਅਸੀਸਾਂ ਦੇ ਕੇ ਕਹਿਣ ਲੱਗੀ, ''ਤਵੇ ਉਪਰ ਜਦੋਂ ਪਹਿਲੀ ਰੋਟੀ ਪਾਈ ਤਾਂ ਤੂੰ ਯਾਦ ਆਇਆ। ਤੁਰਤ ਤੂੰ ਸਾਹਮਣੇ ਆ ਗਿਆ। ਤੂੰ ਵੱਡਾ ਬਾਬਾ ਤਾਂ ਨਹੀਂ ਕਿਤੇ?''

ਮਾਮਾ ਜੀ ਬੋਲੇ, ''ਨਾ ਬੇਬੇ ਨਾ। ਉਸ ਵਰਗਾ ਉਹੀ ਸੀ। ਪਹਿਲਾਂ ਕਦੀ ਉਸ ਵਰਗਾ ਨਾ ਕੋਈ ਹੋਇਆ ਨਾ ਬਾਦ ਵਿਚ। ਪਰ ਇਹ ਸੱਚ ਹੈ ਕਿ ਹਰ ਭੈਣ ਬੇਬੇ ਨਾਨਕੀ ਹੋਇਆ ਕਰਦੀ ਹੈ।''

ਇਹ ਲਿਖਤ ਕਿਥੋਂ ਸ਼ੁਰੂ ਕਰਾਂ, ਪਤਾ ਨਹੀਂ ਲੱਗ ਰਿਹਾ ਸੀ ਕਿਉਂਕਿ ਘਟਨਾਵਾਂ ਤਿੱਖੇ ਵੇਗ ਵਿਚ ਉਘੜ ਦੁਘੜੀਆਂ ਆ ਜਾ ਰਹੀਆਂ ਸਨ। ਸੋ ਗੁਰੂ ਮਹਾਰਾਜ ਦੇ ਨਾਮ ਦਾ ਮੰਗਲਾਚਰਣ ਠੀਕ ਰਹੇਗਾ। ਸੰਭਵ ਹੈ ਬਾਬਾ ਜੀ ਨੂੰ ਯਾਦ ਕਰਨ ਉਪਰੰਤ ਇਸ ਲੇਖ ਦੇ ਨੈਣ-ਨਕਸ਼ ਕੁਝ ਠੀਕ ਹੋ ਜਾਣ। ਥਾਟ ਠੀਕ ਬਣੇ, ਅਲਾਪ ਸਹੀ ਹੋਵੇ ਤਾਂ ਗਾਇਨ ਠੀਕ ਨਿਭ ਜਾਂਦਾ ਹੈ ਅਕਸਰ।

ਬਾਪੂ ਦੇ ਨਾਨਕੇ ਵੀ ਹਰਿਆਣਾ ਵਿਚ ਹਨ। ਅੰਮਾਂ ਨੇ 90 ਸਾਲ ਦੀ ਉਮਰ ਭੋਗੀ ਅਤੇ ਗਰੀਬੀ ਦੇ ਬਾਵਜੂਦ ਸੰਸਾਰ ਤੋਂ ਸੁਖੀ ਵਿਦਾ ਹੋਈ। ਜਦੋਂ ਨਾਨਕਿਆਂ ਤੋਂ ਕੋਈ ਮਿਲਣ ਗਿਲਣ ਆਉਂਦਾ ਤਾਂ ਬੇਬੇ ਉਸ ਨਾਲ ਹਰਿਆਣਵੀ ਵਿਚ ਗੱਲਾਂ ਕਰਦੀ। ਸਾਡੇ ਨਾਲ ਸਾਡੀ ਇਧਰ ਦੀ ਬੋਲੀ ਬੋਲਦੀ। ਅੰਮਾਂ ਨੇ ਕੁਲ ਉਮਰ ਇਕ ਵੀ ਵਾਕ ਪੰਜਾਬੀ ਦਾ ਨਹੀਂ ਬੋਲਿਆ। ਉਹ ਗੋਦ ਵਿਚ ਬਿਠਾ ਕੇ ਸਾਰੀਆਂ ਲੋਕ ਕਹਾਣੀਆਂ ਹਰਿਆਣਵੀ ਵਿਚ ਸੁਣਾਉਂਦੀ ਹੋਈ ਕਦੀ ਆਖ ਦਿੰਦੀ, ''ਥਾਰੀ ਮਾਂ ਕੀ ਏਕ ਬਾਤ ਚੰਗੀ ਨੀ। ਬੋਲੀ ਨੀ ਇਨਸਾਨ ਕੋ ਛੋੜਨੀ ਚਹੀਏ ਅਪਣੀ। ਚੰਗੀ ਐ ਥਾਰੀ ਮਾਂ, ਪਰ ਜੌਣਸਾ ਅਪਣੀ ਬੋਲੀ ਛੋੜ ਦੇ ਅਹੁ ਬੇਇਤਬਾਰਾ ਹੋਇਆ ਕਰੇ। ਬੇਤਬਾਰੇ ਬੰਦੇ ਕਾ ਚੰਗਪਣਾ ਕੇ ਕਾਮ?''

ਦੋ ਢਾਈ ਸਾਲ ਦੀ ਉਮਰ ਤੱਕ ਦਾ ਆਪਣਾ ਬਚਪਨ ਮੈਨੂੰ ਯਾਦ ਹੈ। ਸਿਰ ਉਪਰ ਘੜਾ ਚੁੱਕੀ ਉਹ ਖੂਹੀ ਉਪਰ ਪਾਣੀ ਭਰਨ ਜਾਂਦੀ ਤਾਂ ਹਰ ਗੇੜ ਮੈਂ ਉਸਦੇ ਕਮੀਜ਼ ਦੀ ਕੰਨੀ ਫੜੀ ਨਾਲ ਨਾਲ ਜਾਂਦਾ। ਕਈ ਵਾਰ ਲੱਤਾਂ ਵਿਚ ਉਲਝ ਕੇ ਡਿਗਦਾ ਤੇ ਬੇਬੇ ਡਿਗਣੋਂ ਮਸਾਂ ਬਚਦੀ। ਝਿੜਕਾਂ ਤਾਂ ਆਮ ਪੈਂਦੀਆਂ, ਕਦੀ ਕਦਾਈਂ ਇਕ ਅੱਧ ਥੱਪੜ ਵੀ ਰਸੀਦ ਹੋ ਜਾਂਦਾ। ਫਿਰ ਵੀ ਨਾ ਹਟਦਾ।

ਬਿਲਕੁਲ ਇਸੇ ਤਰ੍ਹਾਂ ਮੇਰੇ ਨਾਲ ਕੁੱਤਾ ਅਤੇ ਬਿੱਲਾ ਕਰਦੇ। ਜਦੋਂ ਬਿੱਲੇ ਨੂੰ ਭੁੱਖ ਲਗਦੀ ਤਾਂ ਉਹ ਮਿਆਊਂ ਮਿਆਊਂ ਕਰਦਾ ਲੱਤਾ ਵਿਚ ਵੱਜ ਕੇ ਰੋਕਣ ਦਾ ਯਤਨ ਕਰਦਾ। ਕਈ ਵਾਰ ਠੁੱਡਾ ਵੱਜ ਜਾਦਾ ਤਾਂ ਚੀਕਦਾ। ਪਰ ਫਿਰ ਖਾਣ ਲਈ ਕੁਝ ਦੇਣ ਦੀ ਥਾਂ ਮੈਂ ਗੋਦੀ ਬਿਠਾ ਕੇ ਪਲੋਸਣ ਲਗਦਾ। ਉਹ ਸੌਂ ਜਾਂਦਾ ਤੇ ਘੁਰਾੜੇ ਮਾਰਨ ਲੱਗਦਾ। ਅਸੀਂ ਬੜੇ ਹਸਦੇ ਕਿ ਦੇਖੋ ਕਿੰਨੇ ਆਰਾਮ ਨਾਲ ਇਹ ਜਾਨਵਰ ਮੂਰਖ ਬਣ ਜਾਂਦੇ ਹਨ। ਰਤਾ ਪਲੋਸੋ, ਨਾ ਭੁੱਖ ਯਾਦ ਨਾ ਪਿਆਸ। ਇਹ ਹੁਣ ਪਤਾ ਲਗਦਾ ਹੈ ਕਿ ਪਿਆਰ ਦੇ ਸਾਹਮਣੇ ਜਾਨਵਰ ਤਾਂ ਕੀ, ਬੰਦਾ ਵੀ ਮੂਰਖ ਬਣ ਜਾਂਦਾ ਹੈ। ਭੁੱਖ ਤਰੇਹ ਦੀ ਗੱਲ ਛੱਡੋ ਪਿਆਰ ਕਰਨ ਵਾਲੇ ਭੁੱਲ ਜਾਂਦੇ ਹਨ ਜਿਉਣਾ ਚੰਗੀ ਗੱਲ ਹੈ ਕਿ ਮਰ ਜਾਣਾ ਠੀਕ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਪਿਆਰ ਨਾਲ ਬਾਬਾ ਬੰਦਾ ਸਿੰਘ ਦੇ ਸਿਰ ਉਤੇ ਹੱਥ ਰੱਖ ਦਿੱਤਾ, ਉਹ ਆਪਣੀ ਸਾਰੀ ਤਪੱਸਿਆ, ਸਾਰਾ ਗਿਆਨ ਗੁਆ ਬੈਠਾ ਤੇ ਮੁਰੀਦ ਹੋ ਗਿਆ। ਦੁਨੀਆਂ ਤੋਂ ਹਟ ਕੇ ਜੰਗਲ ਵਿਚ ਬੈਠੇ ਇਸ ਹਠੀ ਤਪੱਸਵੀ ਨੂੰ ਗੁਰੂ ਬਾਬੇ ਨੇ ਕਿਸੇ ਹੋਰ ਕੰਮ ਲਾ ਦਿੱਤਾ, ਜਿਸ ਬਾਰੇ ਉਸਨੇ ਕਦੀ ਨਹੀਂ ਸੋਚਿਆ ਸੀ। ਇਕ ਵਾਰ ਨਹੀਂ ਬਾਬਾ ਬੰਦਾ ਸਿੰਘ ਲੱਖ ਵਾਰ ਗੁਰੂ ਦੇ ਨਾਮ ਤੋਂ ਸ਼ਹੀਦ ਹੋਣ ਲਈ ਤਿਆਰ ਹੋ ਗਿਆ।

ਬੇਬੇ ਬਾਰੇ ਥੋੜੀਆਂ ਕੁ ਗੱਲਾਂ ਕਰਨੀਆਂ ਹਨ ਪਾਠਕ ਜੀ, ਵਿਚ ਵਿਚਾਲੇ ਕੁਝ ਹੋਰ ਗੱਲਾਂ ਵੀ ਤੁਰਦੀਆਂ ਰਹਿਣਗੀਆਂ ਨਾਲ ਨਾਲ। ਪੇਂਟਿੰਗ ਨਾਲੋਂ ਲਿਖਤ ਦਾ ਇਹੀ ਵੱਡਾ ਫਰਕ ਹੈ। ਇਕੋ ਨਜ਼ਰ ਵਿਚ ਪੇਂਟਿੰਗ ਸਾਰੀ ਦੀ ਸਾਰੀ ਨਿਗਾਹਾਂ ਦੀ ਪਕੜ ਵਿਚ ਆ ਜਾਂਦੀ ਹੈ ਸੰਪੂਰਨ। ਲਿਖਤ ਦਾ ਮਹਿਲ ਇਕ ਇਕ ਇੱਟ ਦੀ ਚਿਣਾਈ ਨਾਲ ਉਸਰਦਾ ਸਹਿਜ ਨਾਲ ਦਿਸੇਗਾ।

ਚਾਰ ਕੁ ਸਾਲ ਦਾ ਮੇਰਾ ਬੇਟਾ ਬੇਬੇ ਦੀ ਗੋਦ ਵਿਚ ਬੈਠਾ ਪੁੱਛਣ ਲੱਗਾ, ''ਬੇਬੇ ਜੀ ਮੈਨੂੰ ਪਤਾ ਲੱਗਾ ਹੈ ਪਿੰਡ ਵਿਚ ਤੁਸੀਂ ਜਾਨਵਰ ਪਾਲੇ ਹੋਏ ਹਨ। ਦਸਿਓ ਕਿਹੜੇ ਕਿਹੜੇ ਸਨ?'' ਬੇਬੇ ਨੇ ਕਿਹਾ ''ਕੱਟਰੂ ਵੱਛਰੂ ਤਾਂ ਸਾਰਿਆਂ ਘਰਾਂ ਵਿਚ ਹੀ ਹੁੰਦੇ ਹਨ ਪਰ ਮੈਂ ਮੁਰਗੇ ਮੁਰਗੀਆਂ ਪਾਲਦੀ। ਖਰਗੋਸ਼

www.punjabilibrary.com

ਹੁੰਦੇ। ਕੁੱਤਾ ਤੇ ਬਿੱਲਾ ਹੁੰਦੇ। ਇਹ ਜਾਨਵਰ ਬਹੁਤ ਭਲੇ ਸਨ। ਆਖਾ ਮੰਨਦੇ ਸਨ। ਤੂੰ ਮੇਰਾ ਕਮਾਲ ਦੇਖ ਪੁੱਤਰ, ਤੇਰੇ ਪਾਪਾ ਵਰਗੇ ਖਤਰਨਾਕ ਜਾਨਵਰ ਵੀ ਪਾਲੇ ਨੇ ਮੈਂ।''

ਪਿੰਡੋਂ ਇਕ ਵਾਰ ਜਦੋਂ ਪਟਿਆਲੇ ਆਈ, ਬੇਟੇ ਦਾ ਜਨਮ ਦਿਨ ਮਨਾ ਰਹੇ ਸਾਂ। ਦੋਸਤ ਬੜੇ ਖਿਡੌਣੇ ਲੈ ਕੇ ਆਏ। ਇੰਨੇ ਕਿ ਢੇਰ ਲੱਗ ਗਿਆ। ਬੇਬੇ ਨੇ ਕਿਹਾ- ਏਨੇ ਖਿਡੌਣਿਆਂ ਦਾ ਕੀ ਕਰੂਗਾ ਮੁੰਡਾ ਤੇਰਾ? ਮੈਂ ਕਿਹਾ- ਬੇਬੇ ਇਹ ਬੜੇ ਕੰਮ ਦੇ ਖੇਡ ਨੇ। ਦਿਮਾਗ ਤਿੱਖਾ ਕਰਨ ਵਾਲੇ। ਅਕਲ ਤੇਜ਼ ਕਰਨ ਵਾਸਤੇ ਬਣਾਏ ਨੇ ਸਾਇੰਸਦਾਨਾਂ ਨੇ ਇਹ। ਬੇਬੇ ਬੋਲੀ- ਤੂੰ ਜਦੋਂ ਨਿੱਕਾ ਜਿਹਾ ਸੀ ਤਾਂ ਮੈਂ ਦਰਵਾਜ਼ੇ ਦੇ ਹੇਠਲੇ ਪਾਸੇ ਲੱਗਿਆ ਹੋਇਆ ਸੰਗਲੀ ਵਾਲਾ ਕੁੰਡਾ ਤੇਰੇ ਹੱਥ ਵਿਚ ਫੜਾ ਦਿਆ ਕਰਦੀ। ਤੂੰ ਉਹਨੂੰ ਛਣਕਾ-ਛਣਕਾ ਕੇ ਵੱਡਾ ਹੋ ਗਿਆ। ਫੇਰ ਤੈਨੂੰ ਤਾਂ ਇਸ ਦਾ ਮਤਲਬ ਭੋਰਾ ਅਕਲ ਨਹੀਂ ਆਈ। ਚਮਚਾ- ਕੌਲੀ ਜਾਂ ਵਿਚਾਰਾ ਸੰਗਲੀ ਵਾਲਾ ਕੁੰਡਾ ਕਿਥੇ ਦੇ ਸਕਦਾ ਹੈ ਅਕਲ?

ਘਰ ਵਿਚ ਅੰਤਾਂ ਦੀ ਗਰੀਬੀ ਸੀ। ਕਰਜ਼ਾ ਕਦੀ ਉਤਰਿਆ ਨਹੀਂ ਸੀ। ਫੀਸ ਇੱਕ ਰੁਪਿਆ ਮਹੀਨਾ ਹੁੰਦੀ ਤੇ ਚੰਦਾ ਦਸ ਪੈਸੇ। ਇਕ ਰੁਪਿਆ ਮਾਸਟਰ ਜੀ ਮਾਫ ਕਰ ਦਿੰਦੇ ਤਾਂ ਦਸੀ ਮਾਫ ਕਰਾਉਣ ਲਈ ਨਵੀਂ ਅਰਜ਼ੀ ਦੇ ਦਿੰਦਾ। ਮਾਸਟਰ ਜੀ ਆਖਦੇ ਕਿ ਚੰਦਾ ਨਹੀਂ ਮਾਫ ਹੋਇਆ ਕਰਦਾ। ਮੇਰੇ ਵਰਗੇ ਪੰਜ ਚਾਰ ਹੋਰ ਵੀ ਹੁੰਦੇ ਸਨ ਕਲਾਸ ਵਿਚ। ਅਸੀਂ ਇਸ ਗੱਲੋਂ ਬੜਾ ਹਸਦੇ ਕਿ ਮਾਸਟਰ ਇਕ ਰੁਪਈਆ ਆਰਾਮ ਨਾਲ ਮਾਫ ਕਰ ਦਿੰਦਾ ਹੈ ਤੇ ਦਸੀ ਮਾਫ ਕਰਦਿਆਂ ਰੋਂਦਾ ਕਿਉਂ ਹੈ। ਪੜ੍ਹਨ ਵਿਚ ਚੰਗਾ ਹੋਣ ਕਰਕੇ ਮਾਸਟਰ ਆਪਣੇ ਕੋਲੋਂ ਵੀ ਦਸੀ ਦੇ ਦਿਆ ਕਰਦੇ ਸਨ ਕਦੀ ਕਦੀ। ਸਾਲ 1966 ਵਿਚ ਅੱਠਵੀਂ ਜਮਾਤ ਦੀ ਮੈਰਿਟ ਲਿਸਟ ਵਿਚ ਆ ਗਿਆ ਤਾਂ ਅੱਠ ਰੁਪਏ ਮਹੀਨਾ ਵਜੀਫਾ ਲੱਗਾ। ਸਾਲ ਬਾਦ 96 ਰੁਪਏ ਮਿਲੇ ਤਾਂ ਮਾਂ ਦੀ ਹਥੇਲੀ ਤੇ ਧਰ ਦਿੱਤੇ। ਬਦਲੇ ਵਿਚ ਲੱਖਾਂ ਦੀਆਂ ਅਸੀਸਾਂ ਮਿਲੀਆਂ। ਇਨ੍ਹਾਂ ਪੈਸਿਆਂ ਦਾ ਕੀ ਕਰੀਏ? ਘਰ ਵਿਚ ਸੰਦੂਕ ਨਹੀਂ ਸੀ। ਸਾਰਾ ਸਾਲ ਰਜ਼ਾਈਆਂ ਗਦੈਲਿਆਂ ਉਪਰ ਮਿੱਟੀ ਘੱਟਾ ਪੈਂਦਾ ਰਹਿੰਦਾ। ਅੱਸੀ ਰੁਪਏ ਦੀ ਪੇਟੀ ਸਮਾਣੇ ਤੋਂ ਲਿਆਂਦੀ ਤੇ 16 ਰੁਪਈਆਂ ਦੇ ਲੱਡੂ ਗਵਾਂਢੀਆਂ ਵਿਚ ਵੰਡੇ ਤੇ ਖੁਦ ਵੀ ਗੁਲਛਰਰੇ ਉਡਾਏ। ਇਹ ਪੇਟੀ ਅਜੇ ਤਕ ਟੁੱਟੀ ਨਹੀਂ, ਗਲੀ ਨਹੀਂ।

ਵੱਡਾ ਭਰਾ ਹਵਾਈ ਫੌਜ ਵਿਚ ਭਰਤੀ ਹੋ ਗਿਆ ਤਾਂ ਬੇਬੇ ਬਹੁਤ ਰੋਈ। ਹਟਦੀ ਹੀ ਨਹੀਂ ਸੀ। ਦਿਨ ਦੇਖਦੀ ਨਾ ਰਾਤ। ਬੜਾ ਸਮਝਾਉਂਦੇ। ਆਖਦੀ, ਕੋਈ ਵਸ ਵਿਚ ਹੈ ਮੇਰੇ? ਰੋਣ ਨੂੰ ਕਿਸੇ ਦਾ ਜੀ ਕਰਿਆ ਕਰਦੈ? ਨਹੀਂ ਰੁਕਿਆ ਜਾਂਦਾ, ਕੀ ਕਰਾਂ? ਦੋ ਤਿੰਨ ਮਹੀਨੇ ਇਸੇ ਤਰ੍ਹਾਂ ਬੀਤ ਗਏ। ਸਾਡੇ ਪੰਨੂਆਂ ਦੇ ਭਾਈਚਾਰੇ ਵਿਚ ਦੇਰ ਪਹਿਲਾਂ ਜੀਤ ਚਾਚਾ ਭਰਤੀ ਹੋਇਆ ਸੀ। ਮਾਂ ਤਾਂ ਚਾਚਿਆਂ ਦੀ ਦੇਰ ਪਹਿਲਾਂ ਮਰ ਗਈ ਹੋਈ ਸੀ। ਬੱਚੇ ਬਾਬਾ ਜੀ ਨੇ ਪਾਲੇ। ਵੱਡੇ ਜੀਤ ਸਿੰਘ ਨੂੰ ਫੌਜ ਵਿਚ ਭਰਤੀ ਕਰਵਾ ਦਿੱਤਾ ਗਿਆ। ਅਸੀਂ ਸੋਚਿਆ ਬੇਬੇ ਨੂੰ ਬਾਬੇ ਕੋਲ ਲੈ ਚੱਲੀਏ ਤੇ ਜਾ ਕੇ ਪੁੱਛੀਏ ਕਿ ਉਨ੍ਹਾਂ ਦਾ ਜੀ ਕਿੰਨੇ ਮਹੀਨਿਆਂ ਬਾਦ ਦਿਲ ਲੱਗ ਗਿਆ ਸੀ। ਮੈਂ ਬੇਬੇ ਨਾਲ ਚਲਾ ਗਿਆ। ਬਾਬਾ ਜੀ ਘਰ ਸਨ। ਮੱਥਾ ਟੇਕ ਕੇ ਬੈਠ ਗਏ। ਗੱਲਾਂ ਤੁਰੀਆਂ ਤਾਂ ਬੇਬੇ ਨੇ ਪੁੱਛਿਆ- ''ਬਾਬਾ ਜੀ ਗੁਰਦਿਆਲ ਸੂੰ ਦੇ ਫੌਜ ਵਿਚ ਜਾਣ ਪਿਛੋਂ ਮੇਰਾ ਦਿਲ ਨੀ ਲੱਗਦਾ। ਜਦੋਂ ਆਪਣਾ ਜੀਤ ਭਰਤੀ ਹੋ ਕੇ ਗਿਆ ਸੀ ਤਾਂ ਥੋੜਾ ਜੀ ਕਿੰਨੀ ਦੇਰ ਬਾਅਦ ਦਿਲ ਲੱਗਿਆ ਸੀ?'' ਬਾਬਾ ਜੀ ਨੇ ਗੱਲ ਸੁਣੀ ਤਾਂ ਰੱਸਾ ਵੱਟਦੇ ਵੱਟਦੇ ਤੁਰੰਤ ਰੋਣ ਲੱਗ ਪਏ- ਮੇਰਾ ਤਾਂ ਹੁਣ ਤਕ ਜੀਅ ਨਹੀਂ ਲੱਗਦਾ ਭਾਈ। ਗਿਆਰਾਂ ਸਾਲ ਹੋ ਗਏ ਨੇ ਜੀਤ ਨੂੰ ਭਰਤੀ ਹੋਇਆਂ, ਹੁਣ ਤੱਕ ਉਹੀ ਹਾਲ ਹੈ।''

ਬੇਬੇ ਘਰ ਆ ਕੇ ਚੁਪ ਕਰਕੇ ਬੈਠ ਗਈ ਤਾਂ ਅਸੀਂ ਬੱਚੇ ਬੜਾ ਹੱਸੇ। ਹੋਰ ਕਰਵਾ ਲਉ ਵੱਡੇ ਹਕੀਮ ਕੋਲੋਂ ਇਲਾਜ। ਲੈ ਆਏ ਜਲੇਬੀਆਂ ਉਥੋਂ।

ਬਲਦ ਆਫਰ ਕੇ ਮਰ ਗਿਆ ਤਾਂ ਕਲਵਾਣੂ ਪਿੰਡ ਦੇ ਬਾਣੀਏ ਚੂਹੜ ਮੱਲ ਤੋਂ ਚਾਰ ਸੌ ਰੁਪਿਆਂ ਦਾ ਗੋਰਾ ਬਲਦ ਖਰੀਦਿਆ। ਛਿਮਾਹੀ ਬਾਦ ਉਹ ਵਿਆਜ ਦੀ ਵਸੂਲੀ ਕਰਨ ਘੋੜੀ ਉਪਰ ਸਵਾਰ ਹੋ ਕੇ ਆਇਆ ਕਰਦਾ ਸੀ। ਦੋ ਲੱਠਮਾਰ ਉਸਦੇ ਪਿਛੇ ਪਿਛੇ ਹੁੰਦੇ। ਇਕ ਬੰਦੇ ਦੇ ਹੱਥ ਵਿਚ ਬਰਛਾ ਹੁੰਦਾ। ਚੂਹੜ ਮੱਲ ਪਹਿਲਾਂ ਪੈਸੇ ਮੰਗਦਾ, ਜਦੋਂ ਉਤਰ ਮਿਲਦਾ ਕਿ ਹਨ ਨਹੀਂ, ਤਾਂ ਉਹ ਆਪਣੇ ਬੰਦਿਆਂ ਨੂੰ ਅੰਦਰ ਵੜਨ ਦਾ ਇਸ਼ਾਰਾ ਕਰਦਾ। ਜਿਹੜੇ ਦਸ ਬਾਰਾਂ ਮਣ ਦਾਣੇ ਆਪਣੇ ਖਾਣ ਲਈ ਰੱਖੇ ਹੁੰਦੇ ਉਹ ਚੁੱਕ ਲਿਜਾਂਦਾ। ਸ਼ਰਾਬ ਕੱਢਣ ਵਾਲਿਆਂ ਦੇ ਘਰ ਜਿਵੇਂ ਪੁਲੀਸ ਖੂੰਜਿਆਂ ਵਿਚ ਬਰਛੇ ਗੱਡ

ਗੱਡ ਕੇ ਦੇਖਦੀ ਹੈ ਕਿ ਕਿਤੇ ਸ਼ਰਾਬ ਦੱਬੀ ਪਈ ਹੋਵੇਗੀ ਸ਼ਾਇਦ ਕਿਧਰੇ, ਇਵੇਂ ਕਿਤੇ ਮੱਟਾਂ ਵਿਚ ਪਾ ਕੇ ਦਾਣੇ ਲੁਕੋ ਨਾ ਰੱਖੇ ਹੋਣ, ਉਹ ਬਰਛੇ ਗਡ ਗਡ ਤਲਾਸ਼ੀ ਲੈਂਦੇ। ਇਕ ਵਾਰੀ ਦੋ ਮਣ ਦਾਣੇ ਇਸ ਕਰਕੇ ਬਚੇ ਕਿਉਂਕਿ ਬੇਬੇ ਨੇ ਦੋ ਥੈਲੇ ਤੂੜੀ ਵਿਚ ਦੱਬ ਰੱਖੇ ਸਨ। ਖੁਸ਼ ਹੋ ਕੇ ਕਹਿਣ ਲੱਗੀ- ਹੁਣ ਸਬਜ਼ੀਆਂ ਬੀਜ ਦਿਆਂਗੇ। ਦੋ ਮਹੀਨੇ ਇਹ ਦਾਣੇ ਚੱਲ ਜਾਣਗੇ ਦੋ ਮਹੀਨਿਆਂ ਵਿਚ ਸਬਜ਼ੀ ਹੋ ਜਾਵੇਗੀ। ਬਸ ਫਿਰ ਵਾਰੇ ਕੇ ਨਿਆਰੇ। ਤੱਕੜੀ ਤਾਂ ਘਰ ਵਿਚ ਸੀ ਵੱਟੇ ਨਹੀਂ ਸਨ। ਸਿੱਧਾ ਜਿਹਾ ਹਿਸਾਬ ਹੁੰਦਾ। ਨਾ ਸਬਜੀ ਵੇਚਣ ਵਾਲਿਆਂ ਕੋਲ ਪੈਸੇ ਹੁੰਦੇ ਨਾ ਖਰੀਦਣ ਵਾਲਿਆਂ ਕੋਲ। ਗਾਹਕ ਦਾਣੇ ਲੈ ਕੇ ਆਉਂਦੇ। ਕਰੇਲੇ ਇਕ ਵਾਰ ਦਾਣੇ ਦੋ ਵਾਰ ਲੈਂਦੇ। ਦਾਣੇ ਇਕ ਵਾਰ ਕੱਦੂ ਦੋ ਵਾਰ ਦਿੰਦੇ। ਬਾਕੀ ਸਬਜ਼ੀਆਂ ਦਾਣਿਆਂ ਦੇ ਬਰਾਬਰ।

ਮੈਨੂੰ ਪੁਲਸ ਨੇ ਕਈ ਵਾਰ ਗਰਿਫਤਾਰ ਕੀਤਾ ਹੈ। ਦਰਬਾਰ ਸਾਹਿਬ ਵਿਚ ਉਪਰ ਹਮਲਾ ਹੋਇਆ ਤਦ ਤਾਂ ਫੌਜ ਆ ਗਈ ਸੀ ਫੜਨ। ਅੱਧੀ ਰਾਤ। ਚਾਰੇ ਪਾਸੇ ਸਰਚ ਲਾਈ.ਟਾਂ। ਗਵਾਂਢੀਆਂ ਦੀਆਂ ਛੱਤਾਂ ਉਪਰ ਪੁਜੀਸ਼ਨਾਂ ਲਈ ਬੈਠੇ ਸੈਨਿਕ, ਬਖਤਰਬੰਦ ਗੱਡੀਆਂ, ਇਹ ਸਭ ਦੇਖ ਕੇ ਮੈਂ ਹੈਰਾਨ ਹੋ ਗਿਆ। ਮੈਂ ਦਿਲ ਵਿਚ ਸੋਚਿਆ- ਜਿੱਡਾ ਵੱਡਾ ਖੱਬੀਖਾਨ ਤੇ ਖ਼ੂੰਖਾਰ ਇਹ ਮੈਨੂੰ ਸਮਝ ਰਹੇ ਹਨ, ਚੰਗਾ ਹੁੰਦਾ ਜੇ ਮੈਂ ਉਹੋ ਜਿਹਾ ਹੀ ਹੁੰਦਾ ਅਸਲ ਵਿਚ ਵੀ। ਉਦੋਂ ਵੀ ਭੋਰਾ ਡਰ ਨਹੀਂ ਲੱਗਾ ਮੈਨੂੰ। ਜਦੋਂ ਕਦੀ ਚੂਹੜ ਮੱਲ ਦੇ ਰੇਡ ਯਾਦ ਆ ਜਾਂਦੇ ਹਨ, ਮੈਨੂੰ ਕਾਂਬਾ ਛਿੜ ਜਾਂਦਾ ਹੈ। ਕਦੀ ਕਦਾਈਂ ਮੈਂ ਆਪਣੇ ਆਪ ਨੂੰ ਸਵਾਲ ਵੀ ਕੀਤਾ ਕਿ ਅਜਿਹਾ ਕਿਉਂ ਹੁੰਦਾ ਹੈ? ਇਕ ਦਿਨ ਮਾਂ ਨੂੰ ਪੁੱਛਿਆ- ਆਪਾਂ ਗੁਰੂ ਦਸ਼ਮੇਸ਼ ਪਿਤਾ ਦੇ ਸਿੰਘ, ਇਕ ਬਾਣੀਉਂ ਤੋਂ ਕਿਉਂ ਡਰ ਜਾਂਦੇ ਸਾਂ? ਉਤੱਰ, ''ਬਾਣੀਏ ਤੋਂ ਕੌਣ ਡਰਦਾ ਹੈ? ਅਸੀਂ ਤਾਂ ਪੁੱਤਰ ਸੱਪ ਸ਼ੀਂਹ ਤੋਂ ਨਹੀਂ ਡਰਦੇ। ਬਾਣੀਏ ਤੋਂ ਨਹੀਂ, ਕੰਗਾਲੀ ਤੋਂ ਡਰਦੇ ਸਾਂ। ਸੰਸਾਰ ਵਿਚ ਗਰੀਬੀ ਤੋਂ ਵਧੀਕ ਡਰਾਉਣਾ ਨਾ ਕੋਈ ਜਾਨਵਰ ਹੈ ਨਾ ਕੋਈ ਹਥਿਆਰ। ਦੁਸ਼ਮਣ ਦੇ ਘਰ ਵੀ ਦਾਣਿਆਂ ਤੋਂ ਖਾਲੀ ਨਾਂ ਹੋਣ ਹੇ ਮਹਾਰਾਜ।''

ਜਦੋਂ ਉਹ ਘਰ ਵਿਚ ਹੁੰਦੀ ਤਾਂ ਦਿਨ ਰਾਤ ਤਿਉਹਾਰ ਵਰਗੇ ਹੁੰਦੇ। ਪੜ੍ਹਦੇ, ਖੇਡਦੇ, ਡੰਗਰ ਚਾਰਦੇ, ਖੇਤੀ ਵਿਚ ਹੱਥ ਵਟਾਉਂਦੇ, ਬਾਂਦਰ ਵਾਂਗ ਦਰਖਤਾਂ ਤੇ ਚੜ੍ਹਦੇ ਉਤਰਦੇ ਛਾਲਾਂ ਮਾਰਦੇ। ਨਹਿਰ ਵਿਚ ਛਾਲ- ਫਿਰ ਤੱਤੇ ਰੇਤ ਵਿਚ ਲੇਟਣੀ- ਫਿਰ ਨਹਿਰ ਵਿਚ ਛਾਲ। ਸੱਟ ਫੇਟ ਬਿਮਾਰੀ ਨੇੜੇ ਤੇੜੇ ਨਹੀਂ ਸੀ। ਜਿਉਂਦਾ ਜਾਗਦਾ ਪੂਰਾ ਸਜਗ ਘਰ ਹੁੰਦਾ। ਜਦੋਂ ਕਦੀ ਰਿਸ਼ਤੇਦਾਰੀ ਵਿਚ ਗਈ ਦੋ ਚਾਰ ਦਿਨ ਨਾ ਆਉਂਦੀ ਤਾਂ ਅਸੀਂ ਚੁਪ ਚਾਪ ਗੁੰਮ ਸੁੰਮ ਜਿਹੇ ਫਿਰਦੇ ਰਹਿੰਦੇ ਇਧਰ ਉਧਰ। ਆਪਸ ਵਿਚ ਗੱਲ ਕਰਨੀ ਵੀ ਚੰਗੀ ਨਾ ਲੱਗਦੀ। ਬਾਪੂ ਦਾ ਸੁਭਾਉ ਸਖ਼ਤ ਸੀ, ਪਰ ਉਹ ਖਿਆਲ ਰਖਦਾ ਕਿ ਜਦੋਂ ਇਨ੍ਹਾਂ ਦੀ ਮਾਂ ਘਰ ਨਾ ਹੋਵੇ ਤਾਂ ਬੱਚੇ ਝਿੜਕਣੇ ਨਹੀਂ ਕਿਉਂਕਿ ਫਿਰ ਰੋਣੋ ਨਹੀਂ ਹਟਣਗੇ। ਜਦੋਂ ਕਦੀ ਵੇਲੇ ਸਿਰ ਸਾਡੇ ਲਈ ਨਵੇਂ ਕੱਪੜੇ ਨਾ ਖਰੀਦ ਸਕਦੀ ਜਾਂ ਵੇਲੇ ਸਿਰ ਕਿਤਾਬਾਂ ਕਾਪੀਆਂ ਵਾਸਤੇ ਪੈਸੇ ਨਾ ਹੁੰਦੇ ਤਾਂ ਉਹ ਉਦੋਂ ਰੋਂਦੀ ਜਦੋਂ ਅਸੀਂ ਸਕੂਲ ਚਲੇ ਜਾਂਦੇ। ਇਹੋ ਜਿਹੇ ਮੌਕਿਆਂ ਤੇ ਉਹ ਨਾਨਕੇ ਜਾ ਪੁਜਦੀ। ਮਾਮੇ ਚੰਗੇ ਵਾਹੀਕਾਰ ਸਨ ਤੇ ਦੋਵਾਂ ਕੋਲ ਪੰਜਾਹ ਏਕੜ ਜ਼ਮੀਨ ਸੀ। ਉਥੋਂ ਕਦੀ ਖਾਲੀ ਮੁੜਨ ਦਾ ਸਵਾਲ ਹੀ ਨਹੀਂ ਸੀ। ਦੁੱਧੋਂ ਹਟੀ ਮੱਝ ਗਾਂ ਲੈ ਜਾਂਦੇ ਤੇ ਤਾਜੀ ਸੂਈ ਮੱਝ ਛੱਡ ਜਾਂਦੇ। ਘਿਉ ਦਿੰਦੇ। ਖੋਇਆ ਦਿੰਦੇ, ਘੋੜੀ ਉਪਰ ਝੂਟੇ ਦਿੰਦੇ। ਹੋਰ ਸੁਰਗ ਕਿਹੋ ਜਿਹਾ ਹੋਇਆ ਕਰਦਾ ਹੈ?

ਪੜ੍ਹਨ ਨੂੰ ਮੈਂ ਚੰਗਾ ਨਿਕਲਿਆ। ਪੰਜਵੀਂ, ਅੱਠਵੀਂ, ਦਸਵੀਂ ਵਿਚੋਂ ਬਹੁਤ ਵਧੀਆ ਨੰਬਰ ਲਏ। ਪਿੰਡ ਵਿਚ ਅਤੇ ਰਿਸ਼ਤੇਦਾਰਾਂ ਵਿਚ ਬੱਲੇ ਬੱਲੇ ਹੋਈ। ਵੱਡਾ ਭਰਾ ਗੁਰਦਿਆਲ ਸਿੰਘ ਜੋ ਮੇਰੇ ਤੋਂ ਦੱਸ ਸਾਲ ਵੱਡਾ ਸੀ, ਬੜਾ ਮਿਹਨਤੀ ਅਤੇ ਤੇਜ਼ ਤਰਾਰ ਦਿਮਾਗ ਵਾਲਾ ਸੀ ਪਰ ਘਰ ਦੀਆਂ ਤੰਗੀਆਂ ਕਰਕੇ ਕਾਲਜ ਜਾਣ ਦੀ ਥਾਂ ਭਰਤੀ ਹੋ ਗਿਆ, ਅੱਸੀ ਰੁਪਏ ਮਹੀਨਾ ਤਨਖਾਹ ਉਪਰ। ਉਥੇ ਉਸਨੇ ਅੰਗਰੇਜ਼ੀ ਦੀ ਐਮ.ਏ. ਕੀਤੀ ਤੇ ਉਹਦੀ ਲਿਖਤ ਅਤੇ ਬੋਲਚਾਲ ਦੀ ਅੰਗਰੇਜ਼ੀ ਤੋਂ ਮੇਰੀ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰਭਾਵਿਤ ਹੁੰਦੇ। ਦਸਵੀਂ ਦੇ ਰਿਜ਼ਲਟ ਤੋਂ ਬਾਦ ਬਾਪੂ ਨਾਲ ਗੱਲ ਕੀਤੀ ਕਿ ਕਾਲਜ ਵਿਚ ਦਾਖਲ ਕਰਵਾਉ। ਬਾਪੂ ਜੀ ਬੋਲੇ, ''ਘਰ ਵਿਚ ਕੋਈ ਪਸ਼ੂ ਹੈ, ਦੱਸ ਉਹ ਵੇਚ ਦਿੰਦਾ ਹਾਂ। ਤੇਰੀ ਬੇਬੇ ਕੋਲ ਕੋਈ ਟੂੰਮ ਹੈ ਤਾਂ ਉਹ ਵੇਚ ਦੇ। ਬਾਣੀਆਂ ਹੋਰ ਕਰਜ਼ਾ ਦੇਣ ਤੋਂ ਇਨਕਾਰੀ ਹੈ। ਇਕ ਮੈਂ ਬਚਿਆ ਹਾਂ। ਮੈਨੂੰ ਵੇਚ ਦੇ। ਮੇਰੀ ਇੱਛਾ ਹੈ ਕਿ ਤੂੰ ਪੜ੍ਹੇਂ, ਅਫਸਰ ਬਣੇ, ਬਣ ਸਕਦਾ ਹੈ ਤੂੰ, ਮੈਨੂੰ ਸੀਰੀ ਰਲਾ ਦੇ ਕਿਸੇ ਨਾਲ ਮੈਂ ਤਿਆਰ ਆਂ।'' ਇਹੋ ਜਿਹੀ ਗੱਲ ਮੈਨੂੰ ਬਹੁਤ ਛੇਤੀ ਸਮਝ ਆ ਜਾਂਦੀ ਹੈ। ਮੈਂ

www.punjabilibrary.com

ਸੋਚਿਆ ਬਾਪੂ ਦੀਆਂ ਗੱਲਾਂ ਵਿਚ ਵਕਤ ਨਸ਼ਟ ਕਰਨ ਦੀ ਥਾਂ ਨਾਨਕੇ ਚਲਦੇ ਹਾਂ। ਮਾਂ ਨੇ ਤੋਰਦਿਆਂ ਹੋਇਆਂ ਕਿਹਾ- ਅਕਲ ਨਾਲ ਹਲੀਮੀ ਨਾਲ ਗੱਲ ਕਰੀਂ, ਤੇਰੀ ਮਾਮੀ ਚੰਗੀ ਹੈ ਬੜੀ। ਉਹਦੇ ਨਾਲ ਅੱਡ ਗੱਲ ਕਰੀਂ ਮਾਮੇ ਨਾਲ ਅੱਡ। ਜਾਹ ਗੁਰੂ ਰਾਖਾ।''

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਨਾਨਕੇ ਨਾਨਾ ਨਾਨੀ ਨਾਲ ਹੁੰਦੇ ਹਨ। ਮੇਰੇ ਨਾਨਾ ਨਾਨੀ ਚਰੋਕਣੇ ਤੁਰ ਗਏ ਹੋਏ ਸਨ। ਮਾਮੇ ਤੇ ਮਾਮੀਆਂ ਫਰਿਸ਼ਤਿਆਂ, ਪਰੀਆਂ ਵਰਗੇ ਲੋਕ ਸਨ। ਜਦੋਂ ਜਾ ਕੇ ਦੱਸਿਆ ਕਿ ਦਸਵੀਂ ਵਿਚੋਂ ਬਹੁਤ ਨੰਬਰ ਲੈ ਕੇ ਪਾਸ ਹੋਇਆ ਹਾਂ ਤਾਂ ਬੜੀਆਂ ਅਸੀਸਾਂ ਮਿਲੀਆਂ। ਖਾਣ ਪੀਣ ਲਈ ਬੜਾ ਕੁੱਝ ਬਣਾ ਧਰਿਆ। ਵਡੇ ਮਾਮਾ ਜੀ ਨਾਲ ਛੱਤ ਉਪਰ ਸੌਣ ਵਾਸਤੇ ਚਲੇ ਗਏ ਜਿਥੇ ਤਿੰਨ ਚਾਰ ਮੰਜੀਆਂ ਵਿਛਾਈਆਂ ਗਈਆਂ ਸਨ। ਮੈਂ ਕਾਲਜ ਵਿਚ ਪੜ੍ਹਨ ਜਾਣ ਦੀ ਗੱਲ ਤੋਰ ਕੇ ਪੈਸੇ ਮੰਗੇ। ਮਾਮਾ ਜੀ ਬੋਲੇ, ''ਕਿਥੇ ਪੈਸੇ ਭਾਣਜੇ। ਘਰ ਵਿਚ ਦੋ ਰੁਪਈਏ ਵੀ ਨਹੀਂ ਤੂੰ ਦੋ ਸੌ ਮੰਗਦਾ ਹੈਂ।'' ਮੈਂ ਕਿਹਾ, ''ਮੇਰੇ ਬਾਪੂ ਨੂੰ ਉਧਾਰ ਨਹੀਂ ਮਿਲਦੇ। ਤੁਹਾਨੂੰ ਉਧਾਰ ਤਾਂ ਮਿਲ ਜਾਣਗੇ। ਬਾਣੀਏ ਤੋਂ ਲਿਆ ਕੇ ਦਿਉ।'' ਮਾਮਾ ਜੀ ਨੇ ਕਿਹਾ, ''ਫਸਲ ਦੀ ਨਾ ਇਹ ਰੁੱਤ ਨਾ ਉਹ ਰੁੱਤ (ਭਾਵ ਨਾ ਬੀਜਣ ਦੀ ਰੁੱਤ ਨਾ ਵੱਢਣ ਦੀ; ਇਨ੍ਹਾਂ ਦੋ ਵੇਲਿਆਂ ਤੇ ਬਾਣੀਆਂ ਪੈਸੇ ਦਿਆ ਕਰਦਾ ਹੈ), ਹੁਣ ਉਧਾਰ ਵੀ ਨਹੀਂ ਮਿਲਣੇ।'' ਮੈਨੂੰ ਗੁੱਸਾ ਆ ਗਿਆ, ਮੈਂ ਕਿਹਾ- ''ਮੈਂ ਜੂਆ ਖੇਡਣ ਵਾਸਤੇ ਪੈਸੇ ਮੰਗਣ ਨਹੀਂ ਆਇਆ, ਨਾ ਸ਼ਰਾਬਾਂ ਪੀਣ ਲਈ ਮੱਦਦ ਮੰਗਦਾ ਹਾਂ। ਬਹੁਤ ਨੇਕ ਤੇ ਵੱਡਾ ਕੰਮ ਕਰਨ ਦਾ ਫੈਸਲਾ ਕੀਤਾ ਹੈ ਮੈਂ। ਏਸ ਚੰਗੇ ਕੰਮ ਕਰਨ ਵਾਸਤੇ ਜੇ ਪੈਸੇ ਨਹੀਂ ਦੇਣੇ ਤਾਂ ਇਹ ਦਸ ਮਾਮਾ ਆਪਣੀ ਭੈਣ ਗਰੀਬ ਜੱਟ ਨੂੰ ਕਿਉਂ ਵਿਆਹੀ ਸੀ।''

ਮਾਮਾ ਜੀ ਰੋਣ ਲੱਗ ਗਏ, ''ਭਾਣਜੇ ਜਿਹੜੀ ਗੱਲ ਦਾ ਪਤਾ ਨਾ ਹੋਵੇ ਉਹ ਛੇੜਿਆ ਨਹੀਂ ਕਰਦੇ। ਤੂੰ ਸਿਆਣਾ ਹੈਂ, ਮੈਂ ਤਾਂ ਕੋਰਾ ਅਨਪੜ੍ਹ ਹਾਂ। ਤੇਰੀ ਬੇਬੇ ਤੇ ਮਾਸੀ ਵੱਡੀਆਂ ਹਨ। ਅਸੀਂ ਦੋਵੇਂ ਭਰਾ ਛੋਟੇ ਹਾਂ। ਤੇਰਾ ਨਾਨਾ ਵੱਡੀ ਲਾਮ ਉਤੇ ਜੰਗ ਵਿਚ ਮਾਰਿਆ ਗਿਆ ਸੀ ਜਦੋਂ, ਤਾਂ ਅਸੀਂ ਬਹੁਤ ਛੋਟੇ ਛੋਟੇ ਸਾਂ। ਸਾਨੂੰ ਕੀ ਪਤਾ ਸੀ ਮੰਗਣਿਆਂ ਵਿਆਹਾਂ ਦਾ। ਨਾ ਪੈਸਾ ਨਾ ਟਕਾ। ਸ਼ਰੀਕ ਜਿਵੇਂ ਕਰਦੇ ਹੁੰਦੇ ਹਨ ਉਸੇ ਤਰ੍ਹਾਂ ਕੀਤਾ। ਤੇਰੀ ਬੇਬੇ ਅਰ ਤੇਰੀ ਮਾਸੀ ਦਾ ਵਿਆਹ ਬਿਨਾਂ ਪੈਸਿਆਂ ਤੋਂ ਜਿਹੋ ਜਿਹਾ ਹੋ ਸਕਦਾ ਸੀ ਗਵਾਂਢੀਆਂ ਨੇ ਕਰ ਦਿੱਤਾ। ਹੁਣ ਤੂੰ ਸੋ ਜਾ। ਕਰੂੰਗਾ ਕੋਈ ਹੀਲਾ ਜੇ ਬਣਿਆ।''

ਉਹ ਹੇਠਾਂ ਚਲੇ ਗਏ। ਮਾਮੀ ਨਾਲ ਹੌਲੀ ਹੌਲੀ ਗੱਲਾਂ ਕਰਦੇ ਰਹੇ। ਫੇਰ ਪਤਾ ਨਹੀਂ ਪਿੰਡ ਵਿਚ ਕਿਥੇ ਕਿਥੇ ਗਏ। ਮੈਂ ਸੌਂ ਗਿਆ। ਉਹ ਕਦੋਂ ਸੁੱਤੇ ਪਤਾ ਨਹੀਂ। ਸਵੇਰੇ ਉਠਿਆ ਤਾਂ ਚਾਹ ਲਿਆ ਕੇ ਮਾਮੀ ਕਹਿਣ ਲੱਗੀ, ''ਨਹਾ ਲੈ ਦੋਹਤੇ। ਫੇਰ ਪਰੌਂਠੇ ਤਿਆਰ ਨੇ। ਤੇਰਾ ਮਾਮਾ ਤੇਰੇ ਨਾਲ ਜਾਊਗਾ ਪਟਿਆਲੇ ਤੈਨੂੰ ਛੱਡਣ। ਮੇਰੇ ਪੇਕੇ ਸੰਗਤਪੁਰੇ ਦੇ ਨਾਲ ਪਿੰਡ ਫਤਿਹਗੜ੍ਹ ਹੈ। ਉਥੇ ਦਾ ਇਕ ਸਰਦਾਰ ਐ ਉਹਦਾ ਨਾਉਂ ਐ ਗੁਰਨਾਮ ਸਿੰਘ। ਉਹ ਮੇਰੇ ਭਾਈ ਦਾ ਪਰਗਵਟ ਦੋਸਤ ਹੈ। ਉਹਦੀ ਕੋਠੀ ਪਟਿਆਲੇ ਐ। ਆਪ ਤਾਂ ਰਹਿੰਦਾ ਨਹੀਂ ਉਹ ਪਟਿਆਲੇ। ਇਕ ਮੁੰਡਾ ਐ ਲਾਲੀ। ਉਹ ਪੜ੍ਹਿਆ ਲਿਖਿਆ ਬਹੁਤ ਐ। ਉਹ ਵੀ ਘੱਟ ਈ ਰਹਿੰਦੈ। ਕੋਠੀ ਖਾਲੀ ਪਈ ਹੁੰਦੀ ਐ। ਤੇਰਾ ਮਾਮਾ ਇਕ ਕਮਰਾ ਉਸ ਕੋਠੀ ਵਿਚ ਦਵਾ ਦਿਊਗਾ। ਨਾਲੇ ਤੇਰਾ ਕਿਰਾਇਆ ਬਚੂ ਨਾਲੇ ਉਹ ਬੰਦੇ ਬੜੇ ਚੰਗੇ ਨੇ।'' ਮੈਂ ਤਿਆਰ ਹੋ ਗਿਆ। ਮਾਮੀ ਨੇ ਦੋ ਪੀਪੇ ਤਿਆਰ ਕਰ ਰੱਖੇ ਸਨ। ਇਕ ਪੀਪਾ ਅੱਧਾ ਚੌਲਾਂ ਦਾ ਅੱਧਾ ਆਟੇ ਦਾ ਭਰਿਆ ਹੋਇਆ ਸੀ। ਦੂਜੇ ਵਿਚ ਪੰਜੀਰੀ, ਘਿਉ ਦਾ ਡੱਬਾ, ਸ਼ੱਕਰ ਦਾ ਡੱਬਾ, ਆਚਾਰ ਦਾ ਡੱਬਾ, ਦਸ ਬਾਰਾਂ ਪਰੌਂਠੇ ਆਦਿਕ ਨਿਕਸੁਕ ਸੀ। ਇੱਕ ਕਪੜਿਆਂ ਦੀ ਗਠੜੀ ਜਿਹੀ ਸੀ। ਫੜਾਉਂਦਿਆਂ ਕਹਿਣ ਲੱਗੀ, ''ਦੋ ਪੱਗਾਂ ਹਨ। ਦੋ ਕੁੜਤਿਆਂ ਪਜਾਮਿਆਂ ਦਾ ਕਪੜਾ ਹੈ। ਏਥੇ ਸਿਉਂਤੇ ਤੇਰੇ ਪਸੰਦ ਨੀ ਆਉਣੇ, ਸਿਵਾ ਪਟਿਆਲਿਉਂ ਲਈਂ। ਉਥੇ ਤਾਂ ਕਹਿੰਦੇ ਨੇ ਜਾਨ ਪਾ ਦਿੰਦੇ ਨੇ ਕੱਪੜਿਆਂ ਵਿਚ। ਅਸੀਂ ਤਾਂ ਭਾਈ ਸਾਰੀ ਉਮਰ ਬੇਜਾਨ ਕੱਪੜਿਆਂ ਨਾਲ ਕੱਢ ਦਿੱਤੀ,'' ਹੱਸ ਕੇ ਉਸਨੇ ਦਸ ਰੁਪਏ ਕਿਰਾਏ ਲਈ ਵੱਖਰੇ ਦੇ ਕੇ ਦੋ ਸੌ ਰੁਪਿਆ ਫੀਸਾਂ ਲਈ ਵੱਖ ਮੇਰੀ ਜੇਬ ਵਿਚ ਪਾ ਦਿੱਤਾ। ਫਿਰ ਮਾਮਾ ਜੀ ਨੂੰ ਕਿਹਾ, ''ਟਿਕਟ ਤੂੰ ਆਪ ਖਰੀਦੀਂ। ਇਹ ਤਾਂ ਉਈਂ ਟਿਕਟ ਦਾ ਨਾਂ ਲੈ ਕੇ ਪੈਸੇ ਜੇਬ ਵਿਚ ਪਾਏ ਨੇ ਘੱਗੂ ਦੇ।'' ਮੇਰਾ ਪਿੰਡ ਘੱਗਾ ਹੋਣ ਕਰਕੇ ਨਾਨਕੇ ਘੱਗੂ ਆਖਿਆ ਕਰਦੇ ਸਨ। ਪਟਿਆਲੇ ਦੀ ਕਹਾਣੀ ਸੁਣਾਵਾਂਗੇ ਵੱਖਰੇ ਅਧਿਆਇ ਵਿਚ ਕਿਸੇ ਹੋਰ ਥਾਂ। ਹੁਣ ਬੇਬੇ ਦੀ ਕਹਾਣੀ ਚਲੇਗੀ। ਜਿੰਨਾ ਕੁ ਜ਼ਿਕਰ ਕਾਲਜ ਦਾਖਲ ਹੋਣ ਵੇਲੇ ਦਾ ਹੋਇਆ ਹੈ ਉਨਾ ਕੁ ਜ਼ਰੂਰੀ ਸੀ ਕਿਉਂਕਿ ਆਪਣੇ ਪਿੰਡ ਤੋਂ ਨਾਨਕਿਆਂ ਦੇ ਰਸਤੇ ਮੈਂ

ਪਟਿਆਲੇ ਦਾਖਲ ਹੋਇਆ, ਬੇਸ਼ਕ ਪਿਛੋਂ ਦੋ ਭਰਾਵਾਂ ਗੁਰਦਿਆਲ ਸਿੰਘ ਅਤੇ ਇੰਦਰ ਸਿੰਘ ਨੇ ਬੜੀ ਮੱਦਦ ਕੀਤੀ।

ਇਕ ਦਿਨ ਬੇਬੇ ਨੇ ਦੱਸਿਆ- ਥੋਡਾ ਨਾਨਾ ਭਰ ਜੁਆਨੀ ਵਿਚ ਸਾਨੂੰ ਨਿਕਿਆਂ ਨਿਕਿਆਂ ਨੂੰ ਛੱਡ ਕੇ ਤੁਰ ਗਿਆ। ਤੇਰੀ ਨਾਨੀ ਨੇ ਪਹਾੜ ਜਿਡੀ ਉਮਰ ਤਕੜੇ ਜਰਨੈਲ ਵਾਂਗ ਬਿਤਾਈ। ਘੋੜੀ ਤੇ ਸਵਾਰ ਹੋ ਆਪੇ ਮੱਝਾਂ ਚਾਰ ਲਿਆਇਆ ਕਰਦੀ ਸੀ। ਘਿਉ ਦੇ ਤੌਲੇ ਕਦੇ ਖਾਲੀ ਨਹੀਂ ਹੋਏ ਸਨ। ਇਕ ਦਿਨ ਸਵੇਰੇ ਨੇਰ੍ਹੇ ਨੇਰ੍ਹੇ ਬਾਹਰਲੇ ਘਰ ਪਸ਼ੂਆਂ ਨੂੰ ਕੱਖ ਪਾਉਣ ਗਈ। ਮੇਰਾ ਚਾਚਾ ਵੀ ਉਥੇ ਆਪਣੀਆਂ ਮੱਝਾਂ ਦਾ ਦੁੱਧ ਚੋਣ ਗਿਆ ਹੋਇਆ ਸੀ। ਉਸ ਨੇ ਤੇਰੀ ਨਾਨੀ ਦੇ ਨੇੜੇ ਆ ਕੇ ਉਸਦੀ ਬਾਂਹ ਫੜ ਲਈ। ਤੇਰੀ ਨਾਨੀ ਨੇ ਕਿਹਾ- ''ਇਕੱਲੀ ਰਹਿ ਗਈ ਹਾਂ। ਬੜਾ ਡਰ ਲਗਦਾ ਹੈ। ਮੇਰੀ ਇੱਛਾ ਹੈ ਤੂੰ ਮੇਰੀ ਬਾਂਹ ਫੜੇਂ। ਇਥੇ ਹਨੇਰੇ ਵਿਚ ਨਹੀਂ। ਦਿਨ ਵਿਚ। ਚਾਨਣ ਵਿਚ। ਕਹੇਂ ਤਾਂ ਭਾਈਚਾਰੇ ਦਾ ਇਕੱਠ ਬੁਲਾਵਾਂ? ਫੜੇਂਗਾ ਬਾਂਹ?'' ਚਾਚਾ ਚਲਾ ਗਿਆ।

ਮਹੀਨੇ ਵਿਚ ਇਕ ਵਾਰ ਨਾਨਕੇ ਜਾਂਦਾ ਦੂਜੀ ਵਾਰ ਦਾਦਕੇ। ਪਿੰਡੋਂ ਜਦੋਂ ਮੈਂ ਪਟਿਆਲੇ ਦੀ ਬੱਸ ਫੜਨ ਤੁਰਦਾ ਤਾਂ ਮਾਂ ਦੀਆਂ ਅੱਖਾਂ ਛਲਕਦੀਆਂ। ਮੈਂ ਖੂਬ ਹਸਦਾ ਤੇ ਪੁਛਦਾ, ''ਕੋਈ ਸਰਹੱਦ ਉਪਰ ਜੰਗ ਲੜਨ ਚੱਲਿਆ ਹਾਂ ਜੋ ਰੋਣ ਧੋਣ ਸ਼ੁਰੂ ਹੋ ਗਿਆ?'' ਮਾਂ ਅੱਖਾਂ ਪੂੰਝ ਕੇ ਆਖਦੀ, ''ਕੱਟਰੂ ਵੱਛਰੂ ਸਰਹੱਦਾਂ ਉਪਰ ਦੁਸ਼ਮਣ ਨਾਲ ਲੜਨ ਨੀ ਜਾਂਦੇ। ਤੂੰ ਦੇਖਿਆ ਨਹੀਂ ਅੱਖਾਂ ਤੋਂ ਦੂਰ ਹੋਣ ਲੱਗਣ ਤਾਂ ਗਾਵਾਂ ਮੱਝਾਂ ਰੰਭਣ, ਰਿੰਗਣ ਲਗਦੀਆਂ ਹਨ, ਰੱਸੇ ਤੁੜਾਉਂਦੀਆਂ ਹਨ। ਪਸ਼ੂ ਪੰਛੀ ਤੱਕ, ਸਭ ਮਾਵਾਂ ਇਹ ਜਾਣਦੀਆਂ ਹਨ ਕਿ ਜਿਥੇ ਤੱਕ ਬੱਚੇ ਨਜ਼ਰ ਵਿਚ ਹਨ, ਸਭ ਠੀਕ ਹੈ। ਅੱਖੋਂ ਪਰੋਖੇ ਦੁਸ਼ਮਣ ਦੀ ਸਰਹੱਦ ਹੁੰਦੀ ਹੈ, ਕੀ ਪਤਾ ਕਦ ਕੀ ਵਾਪਰ ਜਾਏ? ਤੈਨੂੰ ਇਨ੍ਹਾਂ ਗੱਲਾਂ ਦੀ ਅਜੇ ਸਮਝ ਨਹੀਂ। ਹੋ ਸਕਦਾ ਹੈ ਕਦੇ ਵੀ ਨਾ ਸਮਝ ਸਕੇਂ ਕਿਉਂਕਿ ਤੇਰੀ ਕਿਸਮਤ ਵਿਚ ਮਾਂ ਹੋਣਾ ਨਹੀਂ ਲਿਖਿਆ ਹੋਇਆ।'' ਫਿਰ ਉਹ ਅਸੀਸਾਂ ਦੇ ਕੇ ਤੋਰਦੀ।

ਹਜ਼ਰਤ ਮੁਹੰਮਦ ਸਾਹਿਬ ਨੇ ਮਰਦਾਂ ਨੂੰ ਇਹ ਹੁਕਮ ਦਿਤਾ ਸੀ ''ਔਰਤਾਂ ਦੀ ਇੱਜ਼ਤ ਕਰੋ, ਕਿਉਂਕਿ ਤੁਹਾਡੇ ਬੱਚਿਆਂ ਦਾ ਸੁਰਗ ਉਨ੍ਹਾਂ ਦੀਆਂ ਮਾਵਾਂ ਦੇ ਕਦਮਾਂ ਹੇਠ ਛੁਪਿਆ ਹੋਇਆ ਹੈ।''

ਮਾਵਾਂ ਬੜੀਆਂ ਅਜੀਬ ਸ਼ੈਆਂ ਹੁੰਦੀਆਂ ਹਨ। ਮੈਂ ਪੰਦਰਾਂ ਏਕੜ ਜ਼ਮੀਨ ਸਸਤੀ ਜਾਣ ਕੇ ਟਿੱਬੀਆਂ ਖਰੀਦੀਆਂ ਤੇ ਪੱਧਰ ਕਰਨ ਲਈ ਅੱਠ ਟਰੈਕਟਰ ਚਲਾ ਦਿਤੇ। ਇਕ ਟਟੀਹਰੀ ਬੜੀ ਤੇਜ਼ੀ ਨਾਲ ਇਧਰ ਉਧਰ ਦੌੜਦੀ ਰੌਲਾ ਪਾਉਂਦੀ ਦੇਖੀ। ਮੈਂ ਜਾਣ ਗਿਆ ਕਿ ਇਸ ਦੇ ਇਥੇ ਨੇੜੇ ਕਿਧਰੇ ਬੱਚੇ ਹਨ। ਸਾਰੇ ਕਿਤੇ ਫਿਰ ਤੁਰ ਕੇ ਦੇਖਿਆ ਕਿਤੇ ਨਾਂ ਦਿਸੇ। ਟਰੈਕਟਰ ਫਿਰ ਚਲਾ ਦਿਤੇ। ਇਕ ਥਾਂ ਅਜਿਹੀ ਆਈ ਜਿਵੇਂ ਟਟੀਹਰੀ ਵੱਡੇ ਦਿਉ ਕੱਦ ਟਰੈਕਟਰ ਦੇ ਟੱਕਰ ਮਾਰ ਦਏਗੀ। ਮੈਂ ਟਰੈਕਟਰ ਵਾਲੇ ਨੂੰ ਰੁਕਣ ਦਾ ਇਸ਼ਾਰਾ ਕੀਤਾ। ਦੋ ਬੱਚੇ ਸਹਿਮੇ ਬੈਠੇ ਲੱਭ ਗਏ ਦੁਬਕੇ। ਬੱਚਿਆਂ ਨੇੜੇ ਸੋਟੀ ਗੱਡ ਦਿੱਤੀ ਤੇ ਉਸ ਉਪਰ ਪਰਨਾ ਬੰਨ੍ਹ ਦਿੱਤਾ। ਐਲਾਨ ਹੋ ਗਿਆ ਕਿ ਸੋਟੀ ਉਪਰਲਾ ਪਰਨਾ ਟਟੀਹਰੀ ਦਾ ਵਿਜੈ ਝੰਡਾ ਹੈ ਤੇ ਇਕ ਵਿਘੇ ਥਾਂ ਉਪਰ ਟਰੈਕਟਰ ਉਦੋਂ ਚੱਲਣਗੇ ਜਦੋਂ ਇਥੋਂ ਬੱਚਿਆਂ ਸਮੇਤ ਚਲੀ ਜਾਵੇਗੀ। ਮੈਂ ਨਿਕੇ ਚੂਚਿਆਂ ਦੀ ਰਖਵਾਲੀ ਕਰਦੀ ਮੁਰਗੀ ਨੂੰ ਕੁੱਤੇ ਉਪਰ ਹਮਲਾ ਕਰਦਿਆਂ ਦੇਖਿਆ ਹੈ। ਆਪਣੀ ਔਲਾਦ ਖਾਤਰ ਮਾਵਾਂ ਕੋਈ ਵੀ ਖਤਰਾ ਸਹੇੜ ਸਕਦੀਆਂ ਹਨ। ਮਾਂ ਗੁਜਰੀ ਦਾ ਕਾਰਨਾਵਾਂ ਸਾਬਤ ਕਰਦਾ ਹੈ ਕਿ ਉਹ ਕੁਲ ਮਨੁੱਖਤਾ ਦੀ ਮਾਂ ਹੋਣ ਕਰਕੇ ਸਾਰਿਆਂ ਨੂੰ ਬਚਾ ਗਈ।

ਕੁਰਕਸ਼ੇਤਰ ਦੇ ਮੈਦਾਨ ਵਿਚ ਅਰਜਣ ਡੋਲ ਗਿਆ ਸੀ। ਉਹ ਵੱਡਾ ਯੋਧਾ ਸੀ ਤੇ ਤੀਖਣ ਬੁੱਧ ਵੀ। ਉਸਨੂੰ ਸਮਝਾਉਣ ਵਾਲਾ ਕੋਈ ਆਮ ਵਿਅਕਤੀ ਨਹੀਂ ਭਗਵਾਨ ਖੁਦ ਸੀ। ਫਿਰ ਵੀ ਕਾਫੀ ਦੇਰ ਲੱਗੀ ਸੀ। ਦਲੀਲਾਂ ਤੋਂ ਪ੍ਰਭਾਵਿਤ ਹੋ ਕੇ ਉਸਨੇ ਦੁਬਾਰਾ ਹਥਿਆਰ ਨਹੀਂ ਚੁੱਕੇ ਸਨ। ਭਗਵਾਨ ਕ੍ਰਿਸ਼ਨ ਨੇ ਆਪਣਾ ਤ੍ਰੈਕਾਲੀ ਵਿਰਾਟ ਰੂਪ ਦਿਖਾਇਆ ਤੇ ਦੱਸਿਆ ਕਿ ਇਹ ਸਭ ਮਰ ਚੁੱਕੇ ਹਨ। ਮਰਿਆਂ ਹੋਇਆਂ ਨੂੰ ਮਾਰ ਦੇਣ ਨਾਲ ਤੈਨੂੰ ਪਾਪ ਨਹੀਂ ਲੱਗੇਗਾ। ਇਥੇ ਸਰਹੰਦ ਵਿਚ ਜਿਹੜਾ ਧਰਮਯੁੱਧ ਹੋਇਆ ਉਸ ਵਿਚਲੇ ਜਰਨੈਲ ਬਹੁਤ ਛੋਟੀ ਉਮਰ ਦੇ ਸਨ ਤੇ ਭਗਵਾਨ ਕ੍ਰਿਸ਼ਨ ਦੀ ਜ਼ਿੰਮੇਵਾਰੀ ਮਾਂ ਗੁਜਰੀ ਨੇ ਨਿਭਾਈ। ਗੀਤਾ ਦਾ ਉਪਦੇਸ਼ ਦੇਣ ਦੀ ਲੋੜ ਨਹੀਂ ਪਈ। ਸਾਹਿਬਜ਼ਾਦਿਆਂ ਦੇ ਪਿਤਾ ਨੇ ਨੌ ਸਾਲ ਦੀ ਉਮਰ ਵਿਚ ਸਾਬਤ ਕਰ ਦਿੱਤਾ ਸੀ ਕਿ ਉਸ ਨੇ ਅਨੰਤ ਸੱਚ ਦੇਖ ਲਿਆ ਹੈ- ਉਹ ਦੇਸ ਜਿਥੇ ਨਾ ਜੀਵਨ ਹੈ ਨਾ ਮੌਤ, ਉਹ ਉਸ ਦੇਸ ਦਾ ਵਸਨੀਕ ਸੀ। ਇਥੇ ਛੋਟਿਆਂ ਦੀ ਸੱਤ ਤੇ ਵੱਡਿਆਂ ਬਾਬਿਆਂ

www.punjabilibrary.com

ਦੀ ਉਮਰ ਨੌਂ ਸਾਲ ਸੀ। ਮੇਰੇ ਮੰਨਣ ਵਿਚ ਨਹੀਂ ਆਉਂਦਾ ਕਿ ਮਾਂ ਨੇ ਸਾਹਿਬਜ਼ਾਦਿਆਂ ਨੂੰ ਲੰਮਾਂ ਸਮਾਂ ਕੋਈ ਸਿਖਿਆਵਾਂ ਦਿੱਤੀਆਂ। ਇਸ ਮਾਂ ਨੇ ਯੁੱਗਾਂ ਦੀ ਤਪੱਸਿਆ ਕੀਤੀ ਹੋਈ ਸੀ। ਉਸ ਤਪੱਸਿਆ ਦਾ ਕੁਝ ਹਿੱਸਾ ਗੁਰੂ ਦਸਮ ਪਾਤਸ਼ਾਹ ਹਜ਼ੂਰ ਦੇ ਹਿੱਸੇ ਆਇਆ ਤੇ ਬਾਕੀ ਦਾ ਸਾਹਿਬਜ਼ਾਦਿਆਂ ਦੇ ਹਿੱਸੇ। ਮਾਪਿਆਂ ਦੀ ਜਾਇਦਾਦ ਬੱਚਿਆਂ ਨੂੰ ਮਿਲਣੀ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਨੂੰ ਇਕ ਸਨਿਆਸੀ ਨੇ ਪੁੱਛਿਆ, ''ਸੁਆਮੀ ਜੀ ਆਪ ਕਿਆ ਸਾਧਨਾਂ ਕਰਤੇ ਹੈਂ, ਕੌਨਸੀ ਬੰਦਗੀ, ਕੌਨ ਸਾ ਤਪ ਕੀਆ ਹੈ ਜੋ ਕਿ ਆਪਕੇ ਚਿਹਰੇ ਪਰ ਇਤਨਾ ਨੂਰ ਹੈ।'' ਪ੍ਰੋ. ਪੂਰਨ ਸਿੰਘ ਨੇ ਕਿਹਾ, ''ਤਪ, ਸਾਧਨਾ, ਬੰਦਗੀ ਕਰਨੀ ਤਾਂ ਕੀ ਸੀ ਮੈਨੂੰ ਤਾਂ ਇਹ ਪਤਾ ਨਹੀਂ ਕਿ ਇਹ ਹੁੰਦੀ ਕੀ ਹੈ। ਪਰ ਇਕ ਗੱਲ ਦਾ ਪਤਾ ਹੈ ਕਿ ਬਾਦਸ਼ਾਹ ਦੇ ਘਰ ਬੱਚਾ ਜਨਮ ਲੈਣ ਸਾਰ ਰਾਜਕੁਮਾਰ ਹੁੰਦਾ ਹੈ। ਤਪ ਕੀਤਾ ਸੀ ਗੁਰੂ ਕਲਗੀਧਰ ਹਜ਼ੂਰ ਨੇ। ਉਨ੍ਹਾਂ ਦੇ ਘਰ ਸਾਡਾ ਜਨਮ ਹੋ ਗਿਆ ਤਾਂ ਉਨ੍ਹਾਂ ਦੀ ਕਮਾਈ ਸਾਨੂੰ ਖ਼ੁਦ-ਬ-ਖ਼ੁਦ ਵਿਰਸੇ ਵਿਚ ਮਿਲ ਗਈ।''

ਗੁਜਰੀ ਮਾਂ ਬਾਰੇ ਘੱਟ ਲਿਖਿਆ ਗਿਆ ਹੈ ਕਿਉਂਕਿ ਉਸ ਬਾਰੇ ਲਿਖਣ ਦੀ ਸਮਰੱਥਾ ਲੋੜੀਂਦੀ ਹੈ। ਉਸ ਬਾਰੇ ਲਿਖਣ ਲਈ ਕੋਈ ਕਾਲੀਦਾਸ ਚਾਹੀਦਾ ਹੈ। ਕਾਲੀਦਾਸ ਨੇ ਮੇਘਦੂਤ ਵਿਚ ਲਿਖਿਆ ਹੈ, *''ਹੇ ਮੇਘ, ਜਦੋਂ ਸ੍ਰਿਸ਼ਟੀ ਦਾ ਵਿਨਾਸ਼ ਕਰਨਾ ਹੋਏ ਤਦ ਸ਼ਿਵ ਜੀ ਆਪਣੇ ਲੱਕ ਦੁਆਲੇ ਹਾਥੀ ਦੀ ਤਾਜ਼ੀ ਖੱਲ ਲਪੇਟ ਕੇ ਡਮਰੂ ਵਜਾਉਂਦੇ ਹਨ। ਪਰਲੋਂ ਆ ਜਾਂਦੀ ਹੈ। ਕਿਸੇ ਸ਼ਾਮ ਅਸਮਾਨ ਦੇ ਇਕ ਕੋਨੇ ਵਿਚ ਖਲੋਤਾ ਤੂੰ ਹਾਥੀ ਦੀ ਲਹੂ ਲਿਬੜੀ ਖੱਲ ਦਾ ਟੋਟਾ ਲੱਗੇਂਗਾ। ਉਸ ਵੇਲੇ ਗੱਜੀਂ ਨਾਂਹ। ਗੋਰੀ ਮਾਂ ਨੂੰ ਦਹਿਲ ਪੈ ਸਕਦਾ ਹੈ। ਵੱਡੇ ਸੰਕਟਾਂ ਦੀਆਂ ਕਨਸੋਆਂ ਬਾਕੀਆਂ ਨਾਲੋਂ ਮਾਵਾਂ ਪਾਸ ਪਹਿਲਾਂ ਪੁੱਜ ਜਾਂਦੀਆਂ ਹਨ ਹੇ ਮੇਘ।''*

ਰੂਹਾਨੀ ਮਾਵਾਂ ਦੀਆਂ ਗੱਲਾਂ ਕਿਸੇ ਸਮਰੱਥਾਵਾਨ ਲੇਖਕ ਲਈ ਛੱਡ ਕੇ ਆਪਾਂ ਆਪਣੀ ਦੇਸੀ ਮਾਂ ਬਾਰੇ ਕੁਝ ਗੱਲਾਂ ਕਰਦੇ ਹਾਂ।

ਵੱਡੇ ਬੇਟੇ ਨੇ ਜਿਸ ਦਿਨ ਕੰਪਿਊਟਰ ਇੰਜਨੀਅਰਿੰਗ ਕੋਰਸ ਦੀ ਡਿਗਰੀ ਪਾਸ ਕਰ ਲਈ ਤਾਂ ਉਹ ਬੇਬੇ ਜੀ ਨੂੰ ਮਠਿਆਈ ਦਾ ਡੱਬਾ ਦੇਣ ਲਈ ਗਿਆ। ਅਸੀਸਾਂ ਦੇ ਕੇ ਕਿਹਾ, ''ਪਰ ਹੁਸਨਬੀਰ ਸੁਣਿਐਂ ਇੰਜਨੀਅਰ ਬਣ ਕੇ ਤਾਂ ਤੂੰ ਅਮਰੀਕਾ ਚਲਾ ਜਾਵੇਗਾ। ਫਿਰ ਤੇਰੇ ਬਗੈਰ ਅਸੀਂ ਕਿਵੇਂ ਜੀ ਲਾਵਾਂਗੇ?'' ਹੁਸਨਬੀਰ ਨੇ ਕਿਹਾ, ''ਫੋਨ ਕਰਿਆ ਕਰਾਂਗਾ। ਚਿੱਠੀਆਂ ਲਿਖਿਆ ਕਰਾਂਗਾ।'' ਬੇਬੇ ਨੇ ਕਿਹਾ ''ਸੁਖਬੀਰ ਵੀ ਇਹੀ ਕਿਹਾ ਕਰਦਾ ਸੀ (ਵੱਡੇ ਭਰਾ ਦਾ ਡਾਕਟਰ ਪੁੱਤਰ)। ਨਾ ਫੋਨ ਕਰਦਾ ਹੈ ਨਾ ਚਿਠੀ ਲਿਖਦਾ ਹੈ ਨਾ ਮਿਲਣ ਆਉਂਦਾ ਹੈ। ਤੇਰੇ ਤੇ ਕਿਵੇਂ ਇਤਬਾਰ ਕਰੀਏ? ਹੁਸਨਬੀਰ ਨੇ ਕਿਹਾ, ''ਉਹਦਾ ਦਿਲ ਹੋਰ ਤਰ੍ਹਾਂ ਦਾ ਹੈ ਮੇਰਾ ਹੋਰ ਤਰ੍ਹਾਂ ਦਾ। ਮੈਂ ਜੋ ਕਹਿੰਦਾ ਹਾਂ ਉਹੀ ਕਰਾਂਗਾ।'' ਬੇਬੇ ਨੇ ਕਿਹਾ, ''ਤੁਹਾਡੇ ਖਾਨਦਾਨ ਦੇ ਮੁੰਡਿਆਂ ਕੋਲ ਇਕ ਇਕ ਨਹੀਂ ਕਈ ਕਈ ਦਿਲ ਨੇ। ਸਾਰੇ ਦਿਲ ਕਲੀ ਕਰਾ ਕੇ ਰੱਖੇ ਹੋਏ ਨੇ। ਜਿਹੋ ਜਿਹਾ ਖਰੀਦਦਾਰ ਟੱਕਰਿਆ ਉਸਨੂੰ ਉਸਦੀ ਪਸੰਦ ਦਾ ਦਿਲ ਦਿਖਾ ਦਿੱਤਾ। ਅਸੀਂ ਪੁਰਾਣੇ ਬੰਦੇ ਸਿਧੇ-ਸਾਦੇ ਹਾਂ ਕਿਉਂਕਿ ਸਾਡੇ ਕੋਲ ਇਕੋ ਦਿਲ ਹੈ ਸਭ ਨੂੰ ਦਿਖਾਉਣ ਵਾਸਤੇ। ਕਿਸੇ ਨੂੰ ਚੰਗਾ ਲੱਗੇ ਨਾ ਲੱਗੇ। ਆਪਣੇ ਕੀ ਮੁਕਾਬਲੇ ਤੁਹਾਡੇ ਨਾਲ?''

ਨਾਨਕਿਆਂ ਦੇ ਰਾਹ ਵਿਚ ਘੱਗਰ ਹੈ। ਕੋਈ ਖਾਸ ਦਰਿਆ ਨਹੀਂ ਹੈ ਇਹ, ਪਰ ਇਸੇ ਕਾਰਨ ਸਾਡੀ ਬੋਲੀ ਵਿਚ ਪੱਤਣ, ਘਾਟ, ਬੇੜੀ ਮਲਾਹ ਆਦਿਕ ਸ਼ਬਦ ਆ ਰਲੇ। ਬੇਬੇ ਆਮ ਆਖਦੀ- ਫਲਾਣੀ ਨੇ ਘਾਟ ਘਾਟ ਦਾ ਪਾਣੀ ਪੀਤਾ ਹੋਇਐ, ਉਸ ਨਾਲ ਆਪਣੀ ਕੀ ਰੀਸ। ਨਾਨਕਿਆਂ ਵਾਲੇ ਪਾਸਿਉਂ ਚਾਹੇ ਕੋਈ ਆਉਂਦਾ, ਉਹ ਇਹ ਸਵਾਲ ਜਰੂਰ ਪੁਛਦੀ- ਕਿਹੜੇ ਘਾਟ ਆਇਆ? ਕਿੰਨਾ ਪਾਣੀ ਹੈ ਘੱਗਰ ਵਿਚ? ਜੇ ਉਤਰ ਮਿਲਦਾ- ਘੱਗਰ ਚੜ੍ਹ ਗਿਆ ਹੈ, ਤਾਂ ਪੁਛਦੀ, ਬੇੜੀ ਹੈ ਲੱਗੀ ਹੋਈ? ਮਲਾਹ ਬੈਠਾ ਹੁੰਦਾ ਹੈ? ਇਹਨਾਂ ਪ੍ਰਸ਼ਨਾਂ ਦੇ ਉਤਰ ਉਸ ਨੂੰ ਧਰਵਾਸ ਦਿੰਦੇ ਕਿ ਪੇਕਿਓਂ ਕੋਈ ਆਏਗਾ ਤਾਂ ਘੱਗਰ ਰੋਕ ਨਹੀਂ ਸਕੇਗਾ। ਬਨੇਰੇ ਉਪਰ ਕਾਂ ਬੋਲਣ ਅਤੇ ਪਰਾਤ ਵਿਚੋਂ ਆਟਾ ਭੁੜਕਣ ਦੇ ਸੰਕੇਤ ਉਸ ਵਾਸਤੇ ਕੀਮਤੀ ਹੁੰਦੇ।

ਮੈਂ ਕਿਹਾ- ਬੇਬੇ ਗੱਲਾਂ ਸੁਣਾ ਪੁਰਾਣੀਆਂ। ਤੇਰੀ ਕਹਾਣੀ ਲਿਖੀਏ।

ਬੋਲੀ- ਇਹ ਖੋਟਾ ਪੈਸਾ ਨਹੀਂ ਚਲਦਾ। ਕੋਈ ਹੋਰ ਕੰਮ ਕਰ।

www.punjabilibrary.com

ਮੈਂ ਕਿਹਾ- ਖੋਟਾ ਪੈਸਾ ਨਾ ਚੱਲੇ, ਖੋਟੇ ਪੈਸੇ ਦੀ ਕਹਾਣੀ ਚੱਲ ਸਕਦੀ ਹੈ। ਕਹਾਣੀ ਖਰੀ ਹੋ ਸਕਦੀ ਹੈ।

ਮੇਰੇ ਨਾਨਕੇ ਘਰ ਦੇ ਜੀ ਏਨੇ ਸੁਹਣੇ ਸਨ ਕਿ ਦੇਖ ਕੇ ਭੁੱਖ ਲਹਿੰਦੀ। ਉਚੇ ਲੰਮੇ ਕੱਦਾਵਰ ਗੋਰੇ ਸੂਹੇ ਰੰਗਾਂ ਦੇ ਲੋਕ। ਪੁਰਾਤਨ ਯੂਨਾਨੀਆਂ ਦੀ ਟੋਲੀ ਜਿਵੇਂ ਜਾਂਦੀ ਜਾਂਦੀ ਰੁਕ ਗਈ ਹੋਵੇ ਇਥੇ ਹਰਿਆਣੇ ਖਰੌਦੀ ਪਿੰਡ ਵਿਚ। ਹੌਲੀ ਹੌਲੀ ਕਦਮ ਪੁਟਦੇ, ਸਹਿਜ ਨਾਲ ਰੋਟੀ ਖਾਂਦੇ, ਸੁਹਜ ਨਾਲ ਗੱਲ ਕਰਦੇ, ਧੀਰਜ ਨਾਲ ਗੱਲ ਸੁਣਦੇ। ਉਹਨਾਂ ਦੀ ਸੁਰਤ ਵਿਚ ਕਾਹਲ ਦਾ ਨਾਂ ਨਿਸ਼ਾਨ ਨਹੀਂ ਸੀ। ਉਹ ਮੈਨੂੰ ਕਈ ਵਾਰ ਕਹਿੰਦੇ- ''ਤੂੰ ਭੱਜੂੰ ਭੱਜੂੰ ਕਿਉਂ ਕਰਦਾ ਰਹਿਨੈ? ਤੂੰ ਤਾਂ ਰੋਟੀ ਵੀ ਇਉਂ ਖਾਨੈ ਜਿਵੇਂ ਕਿਸੇ ਦੀ ਚੁੱਕ ਭਜਿਆ ਹੋਵੇ''। ਹਸੂੰ ਹਸੂੰ ਕਰਦੇ ਉਨ੍ਹਾਂ ਦੇ ਹੋਂਠ, ਮਿਹਰਬਾਨੀਆਂ ਨਾਲ ਭਰੀਆਂ ਹੋਈਆਂ ਨੀਵੀਆਂ ਅੱਖਾਂ।

ਬੇਬੇ ਦੱਸਿਆ ਕਰਦੀ ਹੈ- ਤੇਰੀ ਛੋਟੀ ਮਾਮੀ ਗੁਰਦਿਆਲ ਕੁਰ ਦਾ ਰੰਗ ਧੁਪ ਵਰਗਾ ਸੀ। ਲਾਲੀਆਂ ਝਗੜਦੀਆਂ ਸਨ ਮੂੰਹ ਤੇ। ਹੀਰ ਸੀ ਬਸ। ਮਿਹਨਤ ਨਾਲ ਘੜੀ ਰੱਬ ਨੇ। ਕੰਧ ਤੋਂ ਉਤਰ ਕੇ ਜਿਵੇਂ ਕੋਈ ਤਸਵੀਰ ਤੁਰਨ ਲੱਗੇ। ਭਾਬੀ ਕਾਹਨੂ ਮੇਰੀ ਤਾਂ ਸਹੇਲੀ ਸੀ। ਮੈਂ ਇਕ ਦਿਨ ਕਿਹਾ- ਕੁੜੇ ਖਿਆਲ ਰੱਖੀਂ ਮੇਰਾ। ਤੇਰੀ ਇਹ ਨਣਦ ਗਰੀਬਣੀ ਹੈ।

ਉਹ ਮੇਰੇ ਪੈਰੀਂ ਚੁਨੀ ਰੱਖ ਕੇ ਬੋਲੀ- ਮੈਂ ਕਦ ਆਂ ਏਸ ਘਰ ਦੀ ਮਾਲਕਣ? ਮੈਂ ਤਾਂ ਬਾਂਦੀ ਆਂ ਤੁਹਾਡੀ ਸਾਰਿਆਂ ਦੀ। ਬਾਂਦੀ ਰਹੂੰਗੀ ਉਮਰ ਭਰ।'' ਪਹਿਲੇ ਜਣੇਪੇ ਵਕਤ ਚਲ ਵਸੀ। ਤੇਰਾ ਮਾਮਾ ਮਾਨ ਸੂੰ ਕਈ ਕਈ ਹਫਤੇ ਘਰ ਨਹੀਂ ਵੜਦਾ ਸੀ। ਬੜਾ ਧਰਵਾਸ ਦਿੰਦੇ। ਘਰੋਂ ਭੱਜ ਕੇ ਫੇਰ ਉਹ ਚੋਰਾਂ ਡਾਕੂਆਂ ਦੇ ਗਰੋਹ ਵਿਚ ਰਲ ਗਿਆ, ਕਈ ਸਾਲ ਨਾ ਮੁੜਿਆ। ਇਕ ਦਿਨ ਨਾਨੀ ਨੂੰ ਉਸਦਾ ਇਕ ਸਾਥੀ ਇਤਫਾਕਨ ਮਿਲ ਗਿਆ ਤਾਂ ਉਸ ਹੱਥ ਇਹ ਸੁਨੇਹਾ ਭੇਜਿਆ- ''ਸੱਟ ਖਾਕੇ ਬੰਦਾ ਚੋਰਾਂ ਡਾਕੂਆਂ ਨਾਲ ਰਲ ਜਾਏ, ਸਾਡੇ ਖਾਨਦਾਨ ਵਿਚ ਰਿਵਾਜ ਨਹੀਂ ਇਹ। ਸੱਟ ਖਾਧਾ ਬੰਦਾ ਸਾਧ ਹੋ ਜਾਂਦੈ। ਮਾਨ ਸੂੰ ਨੂੰ ਕਹੀਂ ਘਰੇ ਨਹੀਂ ਆਉਣਾ ਨਾ ਆਏ। ਕਿਸੇ ਦਰਖਤ ਹੇਠ ਬੈਠ ਕੇ ਬੰਦਗੀ ਕਰੇ। ਮੈਂ ਉਹਨੂੰ ਅਪਣੇ ਸਿੱਖ ਰਿਵਾਜ ਬਦਲਣ ਨੀਂ ਦਿਉਂਗੀ।'' ਇਹ ਸੁਨੇਹਾ ਸੁਣ ਕੇ ਮਾਮਾ ਘਰ ਪਰਤ ਆਇਆ।

ਤੇਰੀ ਵੱਡੀ ਮਾਮੀ ਦੇ ਦੋ ਬੇਟੇ ਹੋਏ ਇਕ ਤੋਂ ਬਾਦ ਇਕ ਗੁਲਾਬਾਂ ਵਰਗੇ। ਦੋਵਾਂ ਨੂੰ ਰੱਬ ਨੇ ਵਾਪਸ ਬੁਲਾ ਲਿਆ। ਫੇਰ ਕਾਕਾ ਨਾਂ ਹੋਇਆ। ਧੀਆਂ ਹੋਈਆਂ। ਤੇਰੀ ਨਾਨੀ ਨੂੰ ਤਪਦਿਕ ਹੋ ਗਈ। ਉਸਨੇ ਸਾਨੂੰ ਬੜਾ ਕਿਹਾ, ''ਮਿਲਣ ਆਉਣਾ ਛੱਡ ਦਿਉ, ਤੁਹਾਡੇ ਨਿਆਣੇ ਨਿਕੇ ਨਿਕੇ ਨੇ। ਇਹ ਬਿਮਾਰੀ ਡੈਣ ਐ ਡੈਣ। ਟੱਬਰਾਂ ਦੇ ਟੱਬਰ ਨਿਗਲਦੀ ਹੈ। ਬਥੇਰੇ ਹੋ ਗਏ ਮੇਲੇ ਗੇਲੇ। ਹੁਣ ਸਬਰ ਕਰ ਕੇ ਘਰ ਬੈਠੋ ਆਪੋ ਆਪਣੇ।'' ਅਸੀਂ ਕੋਈ ਹਟਣ ਵਾਲੀਆਂ ਸਾਂ? ਮਾਂ ਨੂੰ ਨਾ ਮਿਲਣ ਦੀ ਜ਼ਿੰਦਗੀ ਨਾਲੋਂ ਤਾਂ ਮਿਲਣਾ ਤੇ ਮਰ ਜਾਣਾ ਹਜਾਰ ਦਰਜੇ ਚੰਗਾ। ਅਗੇ ਕਿਹੜਾ ਇਸ ਘਰ ਵਿਚ ਮੌਤ ਦਾ ਨਾਂ ਨਹੀਂ ਸੁਣਿਆ ਕਦੇ?

ਤੇਰੀ ਮਾਸੀ ਨੂੰ ਤਪਦਿਕ ਦਾ ਰੋਗ ਲੱਗ ਗਿਆ। ਪਹਿਲਾਂ ਨਾਨੀ ਮਰੀ ਫੇਰ ਤੇਰੀ ਮਾਸੀ। ਤੇਰਾ ਛੋਟਾ ਮਾਮਾ ਤੇ ਤੇਰਾ ਵੀਰ ਗੁਰਦਿਆਲ ਇਉਂ ਬਾਂਹ ਛੁਡਾ ਕੇ ਭੱਜੇ ਜਿਵੇਂ ਕਿਸੇ ਦੀਆਂ ਗੱਲਾਂ ਵਿਚ ਆ ਗਏ ਹੋਣ। ਜਿਵੇਂ ਮੈਂ ਉਨ੍ਹਾਂ ਨਾਲ ਬਹੁਤ ਵੱਡੀ ਬੇਈਮਾਨੀ ਕੀਤੀ ਹੋਵੇ ਕੋਈ। ਰੱਬ ਨੂੰ ਪਤਾ ਨੀ ਹੋ ਕੀ ਗਿਆ। ਇਕ ਸੱਟ ਅਜੇ ਰਾਜੀ ਨਾ ਹੁੰਦੀ ਦੂਜੀ ਹੋਰ ਮਾਰਦਾ। ਉਸ ਤੋਂ ਵੀ ਤਕੜੀ। ਸੱਟਾਂ ਈ ਸੱਟਾਂ। ਵਿਛੋੜੇ ਈ ਵਿਛੋੜੇ, ਦਾਗ਼ ਤੇ ਦਾਗ਼। ਆਉਣ ਵਾਲੀ ਹੈ ਮੇਰੀ ਵੀ ਵਾਰੀ। ਪੁੱਛੂੰਗੀ ਜਾ ਕੇ- ਰੱਬਾ ਕੇਹੜਾ ਲਾਚੀਆਂ ਦਾ ਬਾਗ ਉਜਾੜਿਆ ਸੀ ਤੇਰਾ? ਕੀ ਹੱਕ ਸੀ ਤੇਰਾ ਇਹੋ ਜਿਹੀਆਂ ਸਜਾਵਾਂ ਦੇਣ ਦਾ? ਹੋਣ ਵਾਲੀਆਂ ਹਨ ਗੱਲਾਂ ਆਹਮੋ ਸਾਹਮਣੇ।

ਸੁਨੇਹਾ ਮਿਲਿਆ, ''ਬੇਬੇ ਜੀ ਨੇ ਸੱਦਿਆ ਹੈ। ਹੁਣੇ ਚਲੇ ਜਾਣਾ।'' ਮੈਂ ਤੁਰੰਤ ਗਿਆ ਤੇ ਹਾਲਚਾਲ ਪੁੱਛਿਆ। ਮਾਂ ਕਹਿਣ ਲੱਗੀ, ''ਇੰਨੇ ਦਿਨ ਆਇਆ ਕਿਉਂ ਨਹੀਂ?'' ਮੈਂ ਦੱਸਿਆ ਕਿ ਡਿਊਟੀ ਦੇ ਕੰਮ ਕਾਜ ਬਹੁਤ ਹਨ ਤੇ ਤੁਹਾਡੇ ਕੋਲ ਰੌਣਕ ਤਾਂ ਲੱਗੀ ਹੀ ਰਹਿੰਦੀ ਹੈ। ਬੇਬੇ ਨੇ ਕਿਹਾ, ''ਇਹ ਰੌਣਕਾਂ ਮੈਂ ਕੀ ਕਰਨੀਆਂ ਹਨ? ਮੈਂ ਉਹ ਜੰਦਰਾ ਹਾਂ ਜਿਹੜਾ ਕਿਸੇ ਵੱਡੇ ਕਿਲੇ ਨੂੰ ਲੱਗਾ ਹੁੰਦਾ ਹੈ। ਮੇਰੇ ਬੱਚੇ ਇਸ ਜੰਦਰੇ ਦੀਆਂ ਕੁੰਜੀਆਂ ਹਨ। ਤੁਹਾਡੇ ਆਉਣ ਨਾਲ ਇਹ ਜੰਦਰਾ ਖੁਲ੍ਹਦਾ ਹੈ ਰੌਣਕਾਂ ਰੂਣਕਾਂ ਨਾਲ ਨਹੀਂ। ਮੈਂ ਹੁਣ ਮਿਟੀ ਦਾ ਬਹੁਤ ਵੱਡਾ ਤੇ ਪੁਰਾਣਾ ਥੇਹ ਹਾਂ। ਇਸਨੂੰ ਫਰੋਲੇਂਗਾ ਤਾਂ

www.punjabilibrary.com

ਕਈ ਕੁਝ ਮਿਲੇਗਾ। ਠੀਕਰੇ ਨਿਕਲਣਗੇ, ਹੱਡੀਆਂ ਮਿਲਣਗੀਆਂ, ਵੱਡਾ ਖਜ਼ਾਨਾ ਨਾਂ ਸਹੀ ਕੋਈ ਸਿੱਕਾ ਕੋਈ ਗਹਿਣਾ ਲੱਭ ਸਕਦਾ ਹੈ। ਆਖਰ ਇਥੇ ਇਕ ਦੇਸ ਵਸਦਾ ਸੀ ਕਦੀ ਜੋ ਹੁਣ ਥੇਹ ਹੋ ਗਿਆ ਹੈ। ਕਦੀ ਕਦਾਈਂ ਆ ਕੇ ਇਸ ਨੂੰ ਫਰੋਲ-ਫਰਾਲ ਜਾਇਆ ਕਰ।''

ਬੇਬੇ ਨੂੰ ਹੁਣ ਘੱਟ ਸੁਣਦਾ ਘੱਟ ਦਿਸਦਾ ਹੈ। ਸਾਨੂੰ ਦੇਖ ਕੇ ਕਦੀ ਖੁਸ਼ ਹੋ ਜਾਂਦੀ ਹੈ ਕਦੀ ਉਦਾਸ। ਮੈਂ ਕਿਹਾ- ਅਸੀਂ ਖੁਸ਼ੀ ਦੀ ਗੱਲ ਤਾਂ ਦੱਸ ਦਿੰਦੇ ਹਾਂ ਕਈ ਵਾਰ ਉਦਾਸ ਕਰਨ ਵਾਲੀ ਗੱਲ ਨਹੀਂ ਦਸਦੇ। ਬੇਬੇ ਨੇ ਕਿਹਾ ''ਮੈਨੂੰ ਪਤਾ ਲੱਗ ਜਾਂਦਾ ਹੈ। ਤੁਹਾਡੀ ਤੋਰ ਤੋਂ। ਗੱਲਾਂ ਕਰਦਿਆਂ ਦੇ ਤੁਹਾਡੇ ਚਿਹਰੇ ਦੇਖਦੀ ਹਾਂ। ਗੱਲ ਨਹੀਂ ਸੁਣਦੀ। ਪਰ ਪਤਾ ਲੱਗ ਜਾਂਦਾ ਹੈ ਤੁਸੀਂ ਦੁੱਖ ਵਿਚ ਹੋ ਕਿ ਸੁਖ ਵਿਚ।''

ਜਦੋਂ ਮੈਂ ਗੱਲ ਤੋਰਦਾ ਹਾਂ ਤਾਂ ਉਸ ਦੇ ਦਿਲ ਜਿਗਰ ਵਿਚਲੀ ਤਪਸ਼ ਤੋਂ ਕਈ ਵਾਰ ਡਰ ਵੀ ਜਾਂਦਾ ਹਾਂ। ਇਸ ਭੱਠੀ ਦਾ ਸੇਕ ਮੱਠਾ ਨਹੀਂ ਹੋਇਆ। ਗੱਲ ਛੇੜੋ ਤਾਂ ਸਹੀ। ਉਹ ਕਦੀ ਇਉਂ ਵੀ ਆਖਿਆ ਕਰਦੀ ਹੈ- ''ਮੇਰਾ ਸਸਕਾਰ ਕਰਨ ਪਿਛੋਂ ਕਿਤੇ ਤੀਜੇ ਦਿਨ ਫੁਲ ਚੁਗਣ ਨਾ ਚਲੇ ਜਾਇਉ। ਮੇਰਾ ਸਿਵਾ ਠੰਢਾ ਹੋਣ ਲਈ ਕਈ ਸਦੀਆਂ ਲੱਗਣਗੀਆਂ।''

ਲੱਖਾਂ ਸਾਲ ਬੀਤ ਗਏ ਹਨ। ਧਰਤੀ ਦੀ ਹਿੱਕ ਅੰਦਰ ਫੌਲਾਦ ਅਤੇ ਚਟਾਨਾਂ ਪਾਣੀ ਵਾਂਗ ਉਬੱਲ ਰਹੀਆਂ ਹਨ ਅੱਜ ਤੱਕ।

ਇਕ ਦਿਨ ਬੇਬੇ ਨੇ ਕਿਹਾ, ''ਹੁਣ ਮੈਂ ਜਿਉਂਦੀ ਹਾਂ। ਤੁਸੀ ਸਾਰੇ ਭਾਈ ਭੈਣ ਰਿਸ਼ਤੇਦਾਰ ਆ ਕੇ ਮੈਨੂੰ ਮਿਲਦੇ ਹੋ ਤਾਂ ਆਪਸ ਵਿਚ ਹੀ ਮਿਲ ਲੈਂਦੇ ਹੋ। ਜਦੋਂ ਮੈਂ ਨਾਂ ਰਹੀ ਇਕ ਰਾਜਧਾਨੀ ਟੁੱਟ ਜਾਏਗੀ। ਤੁਸੀਂ ਬੜੀ ਤਰੱਕੀ ਕੀਤੀ। ਹੋਰ ਕਰੋਗੇ। ਤੁਹਾਡੇ ਬੱਚੇ ਤੁਹਾਡੇ ਤੋਂ ਅੱਗੇ ਲੰਘਣਗੇ... ਖੁਸ਼ਹਾਲ ਹੋਵੋਗੇ। ਇਸ ਪਾਸਿਉਂ ਲੰਘਿਆ ਕਰੋਗੇ ਤਾਂ ਹੌਲੀ ਦੇ ਕੇ ਆਪਣੇ ਆਪ ਨੂੰ ਕਿਹਾ ਕਰੋਗੇ, ਇਥੇ ਸਾਡੀ ਮਾਂ ਰਿਹਾ ਕਰਦੀ ਸੀ। ਹੈਗੀ ਤਾਂ ਬੌਲੀ ਜਿਹੀ ਸੀ ਪਰ ਸੀ ਚੰਗੀ। ਇਸ ਘਰ ਵਲ ਦੇਖਦੇ ਦੇਖਦੇ ਤੁਸੀਂ ਅੱਗੇ ਲੰਘ ਜਾਇਆਂ ਕਰੋਗੇ। ਮੇਰੇ ਪਿਛੋਂ ਇਸ ਘਰ ਵਿਚ ਆਉਣ ਨੂੰ ਤੁਹਾਡਾ ਦਿਲ ਨਹੀਂ ਕਰਿਆ ਕਰੇਗਾ।''

ਹੁਸਨਬੀਰ ਤੇ ਸੁਖਨਬੀਰ ਦੇ ਨਾਨਾ ਜੀ ਸਾਡੇ ਕੋਲ ਰਿਹਾ ਕਰਦੇ ਸਨ। ਉਨ੍ਹਾਂ ਦਾ ਆਪਣੇ ਬੇਟਿਆਂ ਦੇ ਘਰ ਨਹੀਂ ਸਾਡੇ ਨਾਲ ਦਿਲ ਲੱਗਦਾ ਸੀ। ਦੋ-ਤਿੰਨ ਦਿਨ ਲਈ ਬੇਬੇ ਪਿੰਡੋਂ ਆਈ ਤਾਂ ਕਹਿਣ ਲੱਗੀ, ''ਤੂੰ ਤੇ ਹਰਮਿੰਦਰ (ਮੇਰੀ ਪਤਨੀ) ਹੁਸਨਬੀਰ ਦੇ ਨਾਨਾ ਜੀ ਨਾਲ ਗੱਲਾਂ ਕਿਉਂ ਨਹੀਂ ਕਰਦੇ? ਉਹ ਦੇਰ ਤੱਕ ਇਕੱਲੇ ਬੈਠੇ ਰਹਿੰਦੇ ਹਨ।'' ਮੈਂ ਕਿਹਾ, ''ਅਖਬਾਰ ਪੜ੍ਹ ਲੈਂਦੇ ਹਨ। ਕੋਈ ਖਾਸ ਨਵੀਂ ਗੱਲ ਤਾਂ ਹੈ ਨਹੀਂ ਕਰਨ ਵਾਲੀ। ਸੈਰ ਕਰ ਆਉਂਦੇ ਹਨ। ਹੋਰ ਕੀ ਗੱਲਾਂ ਕਰੀਏ?'' ਬੇਬੇ ਨੇ ਕਿਹਾ, ''ਤੇਰਾ ਛੋਟਾ ਮੁੰਡਾ ਸਾਲ ਕੁ ਦਾ ਹੈ। ਇਹਦੇ ਨਾਲ ਸਾਰਾ ਦਿਨ ਕਿਵੇਂ ਗੱਲਾਂ ਕਰੀ ਜਾਨੇ ਓਂ? ਇਹਨੂੰ ਦੱਸਣ ਜਾਂ ਪੁੱਛਣ ਵਾਸਤੇ ਕਿਹੜੀ ਨਵੀਂ ਗੱਲ ਹੈ ਤੁਹਾਡੇ ਕੋਲ? ਤੁਸੀਂ ਇਸ ਬੱਚੇ ਨਾਲ ਗੱਲਾਂ ਕਰੀ ਜਾਂਦੇ ਹੋ ਕਿਉਂਕਿ ਤੁਸੀਂ ਇਹਨੂੰ ਪਿਆਰ ਕਰਦੇ ਹੋ। ਜੀਹਨੂੰ ਪਿਆਰ ਕਰੀਏ ਉਹਦੀ ਹਰੇਕ ਗੱਲ ਨਵੀਂ ਲਗਦੀ ਹੁੰਦੀ ਹੈ ਤੇ ਪਿਆਰੀ। ਨਵੀਆਂ ਪੁਰਾਣੀਆਂ ਗੱਲਾਂ ਦਾ ਬਹਾਨਾ ਕਿਉਂ ਕਰਦੇ ਹੋ? ਇਹ ਕਹੋ ਕਿ ਬਾਪੂ ਜੀ ਨੂੰ ਪਿਆਰ ਨਹੀਂ ਕਰਦੇ। ਮੈਂ ਤਾਂ ਕੱਟਰੂਆਂ ਵਛਰੂਆਂ ਨਾਲ ਗੱਲਾਂ ਕਰੀ ਜਾਇਆ ਕਰਦੀ ਸੀ। ਤੁਸੀਂ ਬੰਦਿਆਂ ਨਾਲ ਗੱਲ ਕਰਕੇ ਰਾਜੀ ਨੀਂ। ਗੁਰੂ ਮਹਾਰਾਜ ਅਣਜਾਣੇ ਦੇਸਾਂ ਵਿਚ ਅਣਜਾਣ ਲੋਕਾਂ ਨਾਲ ਗੱਲਾਂ ਕਰਨ ਗਏ ਤੇ ਉਨ੍ਹਾਂ ਦੇ ਦੁਖ ਸੁਣੇ। ਤੁਸੀਂ ਜਾਣਕਾਰਾਂ ਨੂੰ ਬੁਲਾ ਕੇ ਰਾਜੀ ਨੀਂ। ਰੱਬ ਨੂੰ ਤੁਹਾਡਾ ਇਹ ਸੁਭਾਅ ਪਸੰਦ ਨਹੀਂ ਹੈ।''

ਮਹਿੰਦਰਾ ਕਾਲਜ ਪੜ੍ਹਨ ਜਾਣ ਲਈ ਮੈਂ ਆਪਣੇ ਜਮਾਤੀ ਅਜੀਤ ਨੂੰ ਵੀ ਮਨਾ ਲਿਆ। ਉਹ ਤਾਂ ਮੰਨਿਆ ਮਨਾਇਆ ਹੀ ਸੀ। ਕਹੋ ਕਿ ਉਸ ਦੇ ਮਾਪਿਆਂ ਨੂੰ ਮਨਾ ਲਿਆ। ਉਨ੍ਹਾਂ ਦੇ ਘਰ ਵੀ ਤੰਗੀ ਸੀ ਸਾਡੇ ਵਾਂਗ। ਬਾਪੂ ਕਿਸੇ ਦੇ ਆਰੇ ਉਪਰ ਮੁਲਾਜ਼ਮ ਸੀ ਤੇ ਮਾਂ ਲੋਕਾਂ ਦੇ ਕੱਪੜੇ ਸਿਉਂਦੀ। ਮਹਿੰਦਰਾ ਕਾਲਜ ਵਿਚ ਪੜ੍ਹਦਿਆਂ ਪਹਿਲੀਆਂ ਦੋ ਪੁਜ਼ੀਸ਼ਨਾਂ ਅਸੀਂ ਕਿਸੇ ਤੀਜੇ ਕੋਲ ਨਹੀਂ ਜਾਣ ਦਿੱਤੀਆਂ। ਉਹ ਫਸਟ ਅਉਂਦਾ ਤਾਂ ਮੈਂ ਸੈਕੰਡ, ਮੈਂ ਫਸਟ ਹੁੰਦਾ ਤਾਂ ਉਹ ਸੈਕੰਡ। ਮਹੀਨੇ ਬਾਦ ਜਦੋਂ ਉਹ ਘਰ ਜਾ ਕੇ ਆਉਂਦਾ ਤਾਂ ਕੁੱਝ ਨੋਟ ਹੁੰਦੇ ਤੇ ਬਾਕੀ ਕਾਫੀ ਸਾਰੀ ਭਾਨ ਹੁੰਦੀ। ਉਹ ਦਸਦਾ ਕਿ ਨੋਟ ਬਾਪੂ ਦਿੰਦਾ

ਹੈ ਤੇ ਭਾਨ ਬੇਬੇ। ਇਹ ਉਹ ਭਾਨ ਹੈ ਜਿਹੜੀ ਜਦੋਂ ਬੇਬੇ ਸਬਜ਼ੀ ਲੈਣ ਲੱਗੀ ਨੋਟ ਸਬਜ਼ੀ ਵਾਲੇ ਨੂੰ ਫੜਾਉਂਦੀ ਹੈ, ਉਹ ਕੁਝ ਭਾਨ ਵਾਪਸ ਕਰਦਾ ਹੈ। ਸਿਲਾਈ ਵਾਸਤੇ ਜੇ ਕੋਈ ਨੋਟ ਦੇ ਜਾਂਦਾ ਤਾਂ ਉਹ ਬਾਪੂ ਨੂੰ ਫੜਾ ਦਿੰਦੀ ਤੇ ਭਾਨ ਥੈਲੀ ਵਿਚ। ਸਭ ਤੋਂ ਚੋਰੀ ਅੱਖ ਬਚਾ ਕੇ ਮੈਨੂੰ ਆਉਣ ਲੱਗਿਆਂ ਉਹ ਸਾਰੀ ਭਾਨ ਫੜਾ ਦਿੰਦੀ ਹੈ। ਇਹ ਪੰਜੀਆਂ ਦਸੀਆਂ ਚੁਆਨੀਆਂ ਅਠਾਨੀਆਂ ਸਭ ਚੋਰੀ ਦਾ ਮਾਲ ਹੈ। ਇਹ ਦਸਦਿਆਂ ਅਜੀਤ ਦੀਆਂ ਅੱਖਾਂ ਛਲਕ ਪੈਂਦੀਆਂ ਤੇ ਆਖਦਾ, ''ਜੇ ਹੁਣ ਨਾ ਪੜ੍ਹੇ ਆਪਾਂ ਠੀਕ ਢੰਗ ਨਾਲ ਤਾਂ ਪਾਪ ਬਹੁਤ ਵੱਡਾ ਲਗੇਗਾ।'' ਉਹ ਏਅਰਫੋਰਸ ਵਿਚ ਪਾਇਲਟ ਅਫਸਰ ਭਰਤੀ ਹੋਇਆ ਤੇ ਹੁਣ ਤੱਕ ਦੋ ਰਾਸ਼ਟਰਪਤੀ ਮੈਡਲ ਪ੍ਰਾਪਤ ਕਮਾਂਡਿੰਗ ਅਫਸਰ ਹੈ। ਇਨ੍ਹਾਂ ਮਾਵਾਂ ਨੇ ਪੈਸੇ ਦਿੱਤੇ, ਦੁਆਵਾਂ ਦਿੱਤੀਆਂ ਅਤੇ ਹੰਝੂਆਂ ਨਾਲ ਸਾਡੇ ਪਾਪ ਧੋਏ।

ਇਸ ਗੱਲ ਨੂੰ ਵਿਕਟਰ ਹਿਊਗੋ 'ਫਾਂਸੀ' ਨਾਵਲ ਵਿਚ ਕੁਝ ਹੋਰ ਢੰਗ ਨਾਲ ਲਿਖਦਾ ਹੈ। ਇਕ ਜੁਆਨ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਉਹ ਉਪਰਲੀ ਅਦਾਲਤ ਅੱਗੇ ਰਹਿਮ ਦੀ ਅਪੀਲ ਕਰਦਿਆਂ ਆਖਦਾ ਹੈ, ''ਜੱਜ ਸਾਹਿਬ ਮੇਰੇ ਉਪਰ ਤਿੰਨ ਜਣੀਆਂ ਆਸਰਿਤ ਹਨ। ਇਕ ਮਾਂ, ਇਕ ਪਤਨੀ ਤੀਜੀ ਨਿੱਕੀ ਬੇਟੀ। ਮਾਂ ਦਾ ਮੈਨੂੰ ਫਿਕਰ ਨਹੀਂ ਕਿਉਂਕਿ ਉਹ ਬਹੁਤ ਬਿਰਧ ਹੈ। ਇਧਰੋਂ ਮੇਰੀ ਫਾਂਸੀ ਲਟਕੇ ਦੀ ਖਬਰ ਸੁਣੇਗੀ ਉਧਰ ਉਸਦੇ ਸਾਹਾਂ ਦੀ ਸੰਗਲੀ ਟੁੱਟ ਜਾਏਗੀ। ਪਤਨੀ ਜੁਆਨ ਹੈ। ਕੁਝ ਦੇਰ ਰੋ ਧੋ ਕੇ ਸਬਰ ਕਰ ਲਏਗੀ। ਹੋ ਸਕਦਾ ਹੈ ਦੁਬਾਰਾ ਵਿਆਹ ਕਰਵਾ ਲਏ। ਉਸ ਵਲੋਂ ਵੀ ਮੈਂ ਵਧੀਕ ਫਿਕਰਮੰਦ ਨਹੀਂ। ਬਹੁਤਾ ਫ਼ਿਕਰ ਮੈਨੂੰ ਆਪਣੀ ਧੀ ਦਾ ਹੈ। ਮਾਪਿਆਂ ਦੇ ਹੁੰਦੇ ਕੁੜੀਆਂ ਲੱਖ ਮਾੜੀਆਂ ਹੋਣ, ਦੁੱਧ ਧੋਤੀਆਂ ਹੁੰਦੀਆਂ ਹਨ ਤੇ ਜਿਨ੍ਹਾਂ ਦੇ ਮਾਪੇ ਨਾ ਹੋਣ ਉਹ ਪੋਤੜਿਆਂ ਵਿਚ ਵੀ ਵਿਗੜੀਆਂ ਹੋਈਆਂ ਮੰਨੀਆਂ ਜਾਂਦੀਆਂ ਹਨ।''

ਬੇਬੇ ਨੂੰ ਜਪੁਜੀ ਸਾਹਿਬ ਯਾਦ ਸੀ। ਗੁਰਦੁਆਰੇ ਵਿਚ ਗੁਰਮੁਖੀ ਪੜ੍ਹਨੀ ਸਿਖੀ ਸੀ ਜਿਸ ਕਰਕੇ ਲਿਖ ਤਾਂ ਨਹੀਂ, ਪੜ੍ਹ ਠੀਕ ਲੈਂਦੀ ਸੀ। ਧਾਰਾਂ ਚੋਣ, ਦੁੱਧ ਰਿੜਕਣ ਜਾਂ ਚੱਕੀ ਝੋਣ ਵਕਤ ਜਪੁਜੀ ਦਾ ਪਾਠ ਹੁੰਦਾ ਰਹਿੰਦਾ। ਜਪੁਜੀ ਦੇ ਬੋਲਾਂ ਨਾਲ ਹੀ ਸਾਡੀ ਨੀਂਦ ਖੁਲ੍ਹਦੀ। ਆਵਾਜ਼ ਸੁਰੀਲੀ ਵੀ ਸੀ ਦਮਦਾਰ ਵੀ। ਵਿਆਹ ਦੇ ਗੀਤ ਨਾਲ ਗਵਾਂਢੀ ਪਿੰਡ ਵਿਚ ਸੁਣਾਈ ਦਿੰਦੇ। ਆਸਾ ਦੀ ਵਾਰ ਵਿਚ ਰਾਗੀ ਸੁਰਜਣ ਸਿੰਘ ਜੀ ਨੇ ਇਕ ਸ਼ਬਦ ''ਮਿਲ ਮੇਰੇ ਪਰੀਤਮਾਂ ਜੀਉ ਤੁਧੁ ਬਿਨੁ ਖਰੀ ਨਿਮਾਣੀ'' ਗਾਇਆ ਹੈ। ਜਿਹੋ ਜਿਹੀ ਬਿਹਬਲਤਾ ਇਸ ਸ਼ਬਦ ਵਿਚਲੀਆਂ ਧੁਨਾਂ ਦੀ ਹੈ, ਉਨ੍ਹਾਂ ਧੁਨਾਂ ਵਿਚ ਅਸੀਂ ਜਪੁਜੀ ਦਾ ਪਾਠ ਬੇਬੇ ਤੋਂ ਸੁਣ ਸੁਣ ਵੱਡੇ ਹੋਏ। ਜੂੜਾ ਕਰਨ ਵੇਲੇ ਜਦੋਂ ਮੇਰੇ ਵਾਲ ਵਾਹੁੰਦੀ ਤਾਂ ਇਹ ਗੀਤ ਗਾਉਂਦੀ ਹੁੰਦੀ:

ਮੇਰਾ ਵੀਰ ਧਨੀਏ ਦਾ ਬੂਟਾ
ਆਉਂਦੇ ਜਾਂਦੇ ਲੈਣ ਵਾਸ਼ਨਾ।।

ਜਿਸ ਔਰਤ ਦੀ ਆਵਾਜ਼ ਦਬਦੀ ਦਿਸਦੀ ਵਿਆਹ ਵਿਚ ਉਸ ਨਾਲ ਜੋੜੀ ਨਾਂ ਬਣਾਉਂਦੀ। ਜਿਸ ਨਾਲ ਸੁਰ ਮਿਲ ਜਾਂਦਾ ਉਸ ਨਾਲ ਰਲ ਕੇ ਗਾਉਂਦੀ ਤਾਂ ਟਿਕੀ ਰਾਤ ਇਹ ਧੁਨਾ ਗੂੰਜਦੀਆਂ:

ਚੰਦ ਚੜ੍ਹ ਗਿਆ ਨੀ ਅੜੀਓ ਕਿੱਕਰਾਂ ਦੇ ਸਿਖਰੀਂ।
ਵੀਰ ਫਿਰਦਾ ਨੀ ਅੜੀਓ ਭਾਬੋ ਦੇ ਫਿਕਰੀਂ।

ਉਸਨੇ ਸਾਨੂੰ ਕਦੀ ਬੇਟਾ ਜਾਂ ਪੁੱਤਰ ਕਹਿ ਕੇ ਨਹੀਂ ਸੀ ਬੁਲਾਇਆ। ਵੀਰ ਕਿਹਾ ਕਰਦੀ ਸੀ। ਪੁੱਤਰ ਕਹਿਣ ਲਗੇ ਸੰਗ ਜਾਂਦੀ। ਕਦੀ ਕਦੀ ਬੁੜ ਬੁੜ ਕਰਦੀ- ਕੀ ਹੋ ਗਿਆ ਇਨ੍ਹਾਂ ਛੋਕਰੀਆਂ ਨੂੰ? ਦੇਖਿਆ? ਜੁਆਕਾਂ ਨੂੰ ਬੁਲਾਉਣ ਲੱਗਿਆਂ ਕਿਵੇਂ ਬੇਟਾ ਬੇਟਾ, ਪੁੱਤ ਪੁੱਤ ਦੀ ਰਟ ਲਾਉਂਦੀਆਂ ਨੇ? ਸ਼ਰਮ ਨੀ ਆਉਂਦੀ। ਕਲਜੋਗਣਾ।

ਅਣਜਾਣ ਉਮਰੇ ਅਸੀਂ ਕਦੀ ਕਦਾਈਂ ਸਿੱਖ ਇਤਿਹਾਸ ਜਾਂ ਸਾਖੀਆਂ ਦਾ ਮਜ਼ਾਕ ਉਡਾਉਂਦੇ। ਇਕ ਦਿਨ ਸਾਨੂੰ ਸਾਰਿਆਂ ਨੂੰ ਇਕੱਠੇ ਬੁਲਾ ਲਿਆ। ਬੈਠਣ ਲਈ ਕਿਹਾ। ਫਿਰ ਬੋਲੀ, ''ਜ਼ਰੂਰੀ ਗੱਲ

www.punjabilibrary.com

ਹੈ। ਮੰਨਣੀ ਪਏਗੀ। ਤੁਹਾਨੂੰ ਇਕ ਰਿਆਇਤ ਦੇਣੀ ਹੈ ਇਕ ਪਾਬੰਦੀ ਲਾਉਣੀ ਹੈ। ਰਿਆਇਤ ਇਹ ਹੈ ਕਿ ਰੱਬ ਬਾਰੇ ਤੁਹਾਡੇ ਮਨ ਵਿਚ ਜੋ ਊਲਜਲੂਲ ਗੱਲਾਂ ਆਉਂਦੀਆਂ ਹਨ ਕਰੀ ਚਲੋ। ਮੈਂ ਰੱਬ ਨੂੰ ਨਹੀਂ ਜਾਣਦੀ। ਕੀ ਪਤਾ ਉਹੋ ਜਿਹਾ ਹੀ ਹੋਵੇ ਜਿਹੋ ਜਿਹਾ ਤੁਹਾਡੇ ਮਨ ਵਿਚ ਹੈ। ਗੁਰੂ ਸਾਹਿਬਾਨ ਨੂੰ ਮੈਂ ਜਾਣਦੀ ਹਾਂ। ਉਨ੍ਹਾਂ ਬਾਬਤ ਹਲਕੀ ਗੱਲ ਜੇ ਕਦੀ ਹਾਸੇ ਵਿਚ ਵੀ ਕਰ ਦਿੱਤੀ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਰ। ਸਮਝ ਗਏ ਨਾ ਗਲ ਸਾਰੇ ਜਣੇ?'' ਅਸੀਂ ਸਮਝ ਗਏ ਸਭ ਕੁਝ।

ਵੱਡੇ ਭਰਾ ਗੁਰਦਿਆਲ ਸਿੰਘ ਦੀ ਸੁਰ ਆਪਣੀ ਪਤਨੀ ਨਾਲ ਨਹੀਂ ਰਲਦੀ ਸੀ। ਉਸ ਦਾ ਇਕੋ ਇਕ ਬੇਟਾ, ਸੁਖਬੀਰ, ਸਕੂਲ ਵੇਲੇ ਤੋਂ ਤੀਖਣ-ਬੁੱਧ ਅਤੇ ਮਿਹਨਤੀ ਮੁੰਡਾ ਸੀ। ਭਰਾ ਭਰਜਾਈ ਦਾ ਆਪਸ ਵਿਚ ਤਤਕਾਰ ਹੋ ਜਾਦਾ ਤਾਂ ਮਾਂ ਆਖਿਆ ਕਰਦੀ, ''ਔਰਤ ਮਰਦ ਦੇ ਝਗੜੇ ਝੇੜੇ ਹੁੰਦੇ ਈ ਰਹਿੰਦੇ ਨੇ, ਇਸ ਗੱਲ ਦੀ ਮੈਨੂੰ ਚਿੰਤਾ ਨਹੀਂ। ਚਿੰਤਾ ਦੀ ਗੱਲ ਇਹ ਹੈ ਕਿ ਮੇਰਾ ਇਹ ਵੱਡਾ ਬੇਟਾ ਅਖੀਰ ਵਿਚ ਇਕੱਲਾ ਰਹਿ ਜਾਏਗਾ। ਤਾਂ ਮੈਂ ਰੋਂਦੀ ਹਾਂ।'' ਮੈਂ ਕਿਹਾ, ''ਇਕੱਲਾ ਕਿਉਂ ਰਹੇਗਾ? ਸੁਖਬੀਰ ਹੈ ਤਾਂ। ਪੜ੍ਹੇਗਾ, ਵੱਡਾ ਹੋਏਗਾ, ਉਸ ਨੂੰ ਵਿਆਹਾਂਗੇ, ਸਭ ਠੀਕ ਹੋਵੇਗਾ।'' ਬੇਬੇ ਨੇ ਕਿਹਾ, ''ਤੈਨੂੰ ਪਤਾ ਨਹੀਂ। ਸੁਖਬੀਰ ਵੱਡਾ ਹੋ ਕੇ ਜਦੋਂ ਫੈਸਲੇ ਕਰਨ ਜੋਗਾ ਹੋਏਗਾ ਤਾਂ ਮਾਂ ਦੇ ਹੱਕ ਵਿਚ ਭੁਗਤੇਗਾ।'' ਮੈਂ ਕਿਹਾ ਬਾਈ ਜੀ ਵੱਡੇ ਤੀਖਣ ਦਿਮਾਗ ਵਾਲੇ ਹਨ, ਉਹੋ ਜਿਹਾ ਤਿੱਖਾ ਸੁਖਬੀਰ ਹੈ। ਉਸਦੀ ਅਨਪੜ੍ਹ ਮਾਂ ਸਿੱਧਰੀ ਹੈ। ਉਹ ਆਪਣੇ ਪਾਪਾ ਦਾ ਨਿਰਾਦਰ ਕਿਵੇਂ ਕਰ ਸਕਦਾ ਹੈ? ਮਾਂ ਬੋਲੀ, ''ਤੈਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ। ਵੱਛਰੂ ਗਾਂ ਵੱਲ ਦੌੜਦਾ ਹੈ। ਇਥੇ ਸਮਝ ਬੇਸਮਝ ਦਾ ਕੋਈ ਅਰਥ ਨਹੀਂ। ਮਾਂ, ਨਾ ਕਦੀ ਸਿੱਧਰੀ ਹੁੰਦੀ ਹੈ ਨਾ ਕੁਸੁਹਣੀ। ਸੰਤਾਨ ਲਈ ਮਾਂ ਤੋਂ ਵੱਡੀ ਮਹਾਰਾਣੀ ਕੋਈ ਨਹੀਂ ਹੁੰਦੀ। ਦੇਖਦਾ ਜਾਈਂ ਤੂੰ। ਇਸ ਕਲੇਸ਼ ਵਿਚੋਂ ਆਪਣੀ ਮਾਂ ਨੂੰ ਕੱਢ ਕੇ ਲੈ ਜਾਏਗਾ ਤੇ ਤੇਰਾ ਵੱਡਾ ਸਿਆਣਾ ਭਰਾ ਆਪਣੀ ਸਿਆਣਪ ਨਾਲ ਇਕੱਲਾ ਰਹਿ ਜਾਏਗਾ, ਇਕਦਮ ਇਕੱਲਾ। ਅਸੀਂ, ਜਿੰਨਾ ਚਿਰ ਮਾਂ ਪਿਉ ਹਾਂ ਉਨਾਂ ਚਿਰ ਉਹ ਤੁਹਾਨੂੰ ਸਾਨੂੰ ਮਿਲਣ ਆਉਂਦਾ ਹੈ। ਫਿਰ ਉਸਦਾ ਕੋਈ ਤੇ ਕਿਸੇ ਦਾ ਉਹ ਕੁਝ ਨਹੀਂ ਲੱਗੇਗਾ।'' ਇਹ ਆਖਦਿਆਂ ਉਸਦੀਆਂ ਅੱਖਾਂ ਛਲਕ ਆਉਂਦੀਆਂ। ਅਸੀਂ ਸਾਰੇ ਹੱਸਣ ਲੱਗ ਜਾਂਦੇ ਤੇ ਇਕ ਦੂਜੇ ਨੂੰ ਆਖਦੇ, ''ਬੇਬੇ ਕੋਲ ਜੇ ਰੋਣ ਧੋਣ ਦਾ ਕੋਈ ਹੋਰ ਬਹਾਨਾ ਨਾ ਵੀ ਹੋਵੇ ਤਾਂ ਉਹ ਫਰਜ਼ੀ ਕਹਾਣੀ ਆਪਣੇ ਰੋਣ ਲਈ ਜ਼ਰੂਰ ਘੜਦੀ ਹੈ।''

ਇਹ ਗੱਲਾਂ 25 ਸਾਲ ਪਹਿਲਾਂ ਦੀਆਂ ਹਨ। ਮਾਂ ਅਜੇ ਜਿਉਂਦੀ ਹੈ। ਉਵੇਂ ਹੋਇਆ ਜਿਵੇਂ ਉਹ ਦੱਸਦੀ ਹੁੰਦੀ ਸੀ। ਭਤੀਜਾ ਮਾਂ ਨੂੰ ਨਾਲ ਲੈ ਕੇ ਅਮਰੀਕਾ ਵਿਚ ਆਬਾਦ ਹੋ ਗਿਆ ਅਤੇ ਭਰਾ ਨੂੰ ਬਿਲਕੁਲ ਭੁੱਲ ਗਿਆ। ਮੇਰੇ ਇਸ ਭਰਾ ਕੋਲ ਹਰ ਸੁੱਖ ਸੁਵਿਧਾ ਅਤੇ ਮਾਣ ਸਨਮਾਨ ਮੌਜੂਦ ਸੀ। ਇਕੱਲਤਾ ਦਾ ਸਦਮਾ ਬਰਦਾਸ਼ਤ ਨਾਂ ਕਰਦਾ ਹੋਇਆ ਦਿਮਾਗ ਦੀ ਨਾੜੀ ਫਟਣ ਨਾਲ ਉਹ ਇਸ ਸੰਸਾਰ ਤੋਂ ਕੂਚ ਕਰ ਗਿਆ। ਮੇਰਾ ਇਹ ਕੋਈ ਦਾਅਵਾ ਨਹੀਂ ਹੈ ਕਿ ਸਾਡੀਆਂ ਮਾਵਾਂ ਭਵਿੱਖਬਾਣੀਆਂ ਕਰ ਸਕਦੀਆਂ ਹਨ। ਜੀਵਨ ਨੂੰ ਉਨ੍ਹਾਂ ਨੇ ਏਨੀ ਨੇੜਿਉਂ ਦੇਖਿਆ ਹੈ ਕਿ ਉਨ੍ਹਾਂ ਨੂੰ ਪਤਾ ਲੱਗਦਾ ਰਹਿੰਦਾ ਹੈ, ਘਟਨਾਵਾਂ ਦੇ ਦਰਿਆ ਕਿਸ ਪਾਸੇ ਮੁੜਨਗੇ, ਕਿਸ ਕਿਸ ਨੂੰ ਡੋਬਣਗੇ, ਕਿਸ ਕਿਸ ਨੂੰ ਤਾਰਨਗੇ।

ਵੱਡੇ ਭਰਾ ਦੀ ਮੌਤ ਹੋਈ, ਰਿਸ਼ਤੇਦਾਰ ਆਉਂਦੇ, ਪੁਛਦੇ ਕੀ ਹੋਇਆ, ਤਾਂ ਬੇਬੇ ਆਖਦੀ, ''ਹੋਣਾ ਕੀ ਸੀ? ਧੋਖਾ ਹੋ ਗਿਆ ਮੇਰੇ ਨਾਲ। ਕਿਵੇਂ ਜੀਵਾਂ ਉਸ ਬਗ਼ੈਰ? ਕਿਉਂ ਕੀਤਾ ਉਸਨੇ ਮੇਰੇ ਨਾਲ ਦਗ਼ਾ? ਕੋਈ ਪਤਾ ਨਹੀਂ। ਮੈਂ ਉਸ ਨਾਲ ਹਰ ਵੇਲੇ ਗੱਲਾਂ ਕਰਦੀ ਰਹਿੰਨੀ ਹਾਂ ਹੁਣ ਵੀ। ਫਰਕ ਇੰਨਾ ਕੁ ਹੈ ਕਿ ਮੇਰੀਆਂ ਜਿਹੜੀਆਂ ਗੱਲਾਂ ਦੇ ਜਵਾਬ ਉਸ ਨੇ ਦੇਣੇ ਹੁੰਦੇ, ਉਹ ਜਵਾਬ ਵੀ ਆਪ ਦਿੰਦੀ ਹਾਂ- ਉਸ ਦੀ ਥਾਂ। ਔਖਾ ਕੰਮ ਛੇੜ ਗਿਆ ਮੇਰੇ ਲਈ। ਉਸ ਦੀ ਥਾਂ ਕਿਵੇਂ ਤੇ ਕਿੰਨਾ ਕੁ ਚਿਰ ਦਿਆਂਗੀ ਉਸ ਦੇ ਜਵਾਬ?''

ਬਹੁਤ ਵਰ੍ਹੇ ਪਹਿਲਾਂ ਵਡੀ ਮਾਮੀ ਮੇਰੇ ਪਿੰਡ ਆਈ। ਬੇਬੇ ਦੇ ਚਰਨੀ ਹੱਥ ਲਾਏ। ਰਾਜੀ ਖੁਸ਼ੀ ਖੈਰ ਸੁੱਖ ਦੱਸੀ। ਕਹਿਣ ਲੱਗੀ- ''ਨਣਦੇ ਕੰਮ ਆਈ ਹਾਂ ਇਕ। ਤੇਰਾ ਭਾਈ ਦੂਜਾ ਵਿਆਹ ਕਰੌਣ ਨੂੰ ਫਿਰਦੇ। ਉਹ ਨੂੰ ਰੋਕ।'' ਉਸ ਦਾ ਆਪਣੀਆਂ ਅੱਖਾਂ ਉਪਰ ਵਸ ਨਾ ਰਿਹਾ। ਬੇਬੇ ਨੇ ਕਿਹਾ- ਚਲਦੀ ਹਾਂ। ਉਹਦੀ ਇਹ ਮਜਾਲ? ਦੋਵੇਂ ਜਣੀਆਂ ਨਾਨਕੇ ਚਲੀਆਂ ਗਈਆਂ। ਮਾਮਾ ਜੀ ਨੂੰ ਕਿਹਾ- ''ਇਹ ਕੰਮ ਨਾਂ ਕਰੀਂ ਬਾਈ। ਤੇਰੇ ਮੇਰੇ ਬੱਚਿਆਂ ਵਿਚ ਕੀ ਫਰਕ? ਬਹੁਤ ਉਦਰੇਵਾਂ ਹੋਇਐ ਤਾਂ ਆਪਦੇ ਇਕ ਭਾਣਜੇ ਨੂੰ ਲੈ ਆ ਘੱਗੇ ਤੋਂ, ਚਾਹੇ ਬਾਲਦ ਤੋਂ।'' ਉਹ ਚੁਪ ਕਰਕੇ ਖੇਤ ਚਲਾ ਗਿਆ। ਬੇਬੇ ਕਈ ਦਿਨ

www.punjabilibrary.com

ਨਾਨਕੇ ਬੈਠੀ ਰਹੀ। ਇਕ ਦਿਨ ਮਾਮਾ ਜੀ ਨੇ ਕਿਹਾ- ਬੇਬੇ ਤੇਰੇ ਨਿਆਣੇ ਬਾਹਲੇ ਓਦਰ ਜਾਂਦੇ ਨੇ ਤੇਰੇ ਬਿਨਾਂ। ਹੁਣ ਤੂੰ ਪਿੰਡ ਜਾਹ। ਬੇਬੇ ਨੇ ਕਿਹਾ- ਕਿਵੇਂ ਜਾਵਾਂ? ਤੇਰੇ ਤੋਂ ਹਾਂ ਨਾਂਹ ਲੈ ਕੇ ਜਾਊਂਗੀ। ਨਹੀਂ ਬੈਠੀ ਆਂ। ਮਾਮਾ ਜੀ ਹੱਸ ਪਏ- ਕੋਈ ਲਿਖਤ ਕਰਨੀ ਐ ਅਸ਼ਟਾਮ ਤੇ? ਬੇਬੇ ਨੇ ਕਿਹਾ- ਅਸ਼ਟਾਮਾਂ ਉਪਰ ਲਿਖੇ ਕਰਾਰ ਖੱਲਾਂ ਖੂੰਜਿਆਂ ਵਿਚ ਰੁਲਦੇ ਫਿਰਦੇ ਦੇਖੇ। ਤੇਰੀ ਮੇਰੀ ਗੱਲ ਜਬਾਨੀ ਠੀਕ ਐ। ਆਪਣੇ ਆਲੀ ਹੁੰਡੀ ਮੂੰਹ ਜਬਾਨੀ ਚਲਦੀ ਹੈ। ਬੇਬੇ ਖੁਸ਼ੀ ਖੁਸ਼ੀ ਵਾਪਸ ਪਿੰਡ ਆਈ। ਮਾਮਾ ਜੀ ਨੇ ਦੂਜੇ ਵਿਆਹ ਦਾ ਨਾਂ ਨਹੀਂ ਲਿਆ।

ਮਾਸੀ ਦੇ ਮੁੰਡੇ ਦਾ ਨਾਂ ਲਾਭ ਸਿੰਘ ਹੈ। ਬਸ ਵਿਚ ਸਫਰ ਕਰਦਿਆਂ ਉਸਨੇ ਦੇਖਿਆ ਕਿ ਨਾਲ ਦੀ ਸੀਟ ਉਪਰ ਬੈਠਾ ਜੁਆਨ ਕਦੀ-ਕਦੀ ਰੋਣ ਲੱਗ ਜਾਂਦਾ ਹੈ ਚੋਰੀ ਚੁਪਕੇ। ਲਾਭ ਸਿੰਘ ਨੇ ਪੁੱਛਿਆ- ਕੀ ਹੋਇਆ ਵੀਰ? ਕਿਉਂ ਦਲਗੀਰ ਹੋਇਆ? ਉਸਨੇ ਕਿਹਾ- ਮੈਂ ਫੌਜੀ ਹਾਂ। ਪਲਟਨ ਵਿਚ ਤਾਰ ਗਈ ਕਿ ਮਾਂ ਮਰ ਗਈ ਹੈ ਮੇਰੀ। ਪਿੰਡ ਜਾ ਰਿਹਾ ਹਾਂ। ਦਿਲ ਨੀ ਖੜ੍ਹਦਾ ਮੇਰਾ। ਲਾਭ ਸਿੰਘ ਨੇ ਕਿਹਾ- ਨਿੱਕਾ ਜਿਹਾ ਸੀ ਮੇਰਾ ਬਾਪੂ ਜਦੋਂ ਉਸਦੀ ਮਾਂ ਮਰੀ। ਰੁਲਦਾ-ਖੁਲਦਾ ਪਤਾ ਨੀ ਕਿਵੇਂ ਪਲ ਗਿਆ। ਮੈਂ ਤੇ ਮੇਰੇ ਭਾਈ ਭੈਣ ਨਿੱਕੇ-ਨਿੱਕੇ ਸਾਂ ਜਦੋਂ ਮਾਂ ਸਾਨੂੰ ਸਤ ਸ੍ਰੀ ਅਕਾਲ ਕਹਿ ਕੇ ਤੁਰ ਗਈ। ਹੁਣ ਮੇਰੇ ਮੁੰਡੇ ਦੀ ਮਾਂ ਚੱਲ ਵਸੀ ਹੈ ਨਿਕੇ ਜਿਹੇ ਨੂੰ ਛੱਡ ਕੇ। ਮੁੰਡਾ ਪਹਿਰ ਪਹਿਰ ਕੰਧਾਂ ਗੁਹਾਰਿਆਂ ਦਰਖਤਾਂ ਨਾਲ ਲੱਗਾ ਖੜਾ ਰਹਿੰਦੈ ਚੁਪਚਾਪ। ਕਈ ਬਾਰ ਕਿਹੈ, ''ਬਈ ਹੁਣ ਕਿਸ ਦੇ ਆਉਣ ਦੇ ਕਦਮਾਂ ਦਾ ਖੜਾਕ ਸੁਣੇਂਗਾ ਮੁੰਡਿਆ? ਤੇਰਾ ਜਿਹੜਾ ਖਜ਼ਾਨਾ ਜੁਆਨ ਉਮਰੇ ਖੁੱਸਿਆ ਸਾਡੇ ਸਾਰੇ ਖਾਨਦਾਨ ਦੇ ਬਚਪਨ ਵਿਚ ਨਹੀਂ ਰਿਹਾ। ਫੇਰ ਮਰ ਗਏ ਅਸੀਂ? ਤੇਰੇ ਸਾਹਮਣੇ ਆਰਾਮ ਨਾਲ ਬੈਠਾ ਗੱਲਾਂ ਕਰ ਰਿਹਾ ਹਾਂ ਮੈਂ ਕਿ ਨਹੀਂ? ਰੱਬ ਦਾ ਨਾਉਂ ਲੈ ਵੀਰ।

ਨਿਹੰਗ ਮਾਮਾ ਦੇ ਘਰ ਦੋ ਬੇਟੀਆਂ ਸਨ। ਇਕ ਦਿਨ ਕੋਈ ਔਰਤ ਕਹਿ ਬੈਠੀ- ਰੱਬਾ ਕੀ ਹੋਇਆ ਤੈਨੂੰ? ਚਾਹੇ ਕਾਣਾ ਲੰਗੜਾ ਜਾਂ ਟੁੰਡਾ ਦੇ ਦਿੰਦਾ, ਰਾਮ ਸੂੰ ਦੇ ਘਰ ਵੀ ਇਕ ਮੁੰਡਾ ਦੇ ਦਿੰਦਾ? ਮਾਮਾ ਜੀ ਗੁੱਸੇ ਹੋਏ- ਕਿਉਂ? ਰੱਬ ਦੀ ਦੁਕਾਨ ਵਿਚ ਸਪੇਅਰ ਪਾਰਟ ਮੁੱਕ ਗਏ? ਜੇ ਦੇਣਾ ਹੁੰਦਾ ਤਾਂ ਸਹੀ ਰਾਜਕੁਮਾਰ ਦੇ ਦਿੰਦਾ ਉਹ। ਉਸ ਦੀ ਮਰਜ਼ੀ ਨਹੀਂ ਹੈ ਤਾਂ ਠੀਕ ਹੈ ਫਿਰ। ਖ਼ਬਰਦਾਰ ਜੇ ਕਿਸੇ ਨੇ ਫਜ਼ੂਲ ਗੱਲ ਕੀਤੀ। ਮਾਮਾ ਮਾਮੀ ਦੋਹੇਂ ਧੀਆਂ ਨੂੰ ਦੇਖ-ਦੇਖ ਜਿਉਂਦੇ। ਵੱਡੀ ਨੂੰ ਘੋੜ ਸਵਾਰੀ ਸਿਖਾਈ। ਰਿਵਾਲਵਰ ਬੰਦੂਕ ਚਲਾਉਣੇ ਸਿਖਾਏ। ਉਸਦੇ ਅਗੋਂ ਪਲੇਠੀਆਂ ਦੋ ਧੀਆਂ ਹੋਈਆਂ ਤੇ ਪੁੱਤਰ ਦੇ ਜਨਮ ਪਿਛੋਂ ਚਲ ਵਸੀ। ਛੋਟੀ ਧੀ ਤਿੰਨ ਸਾਲ ਦੀ ਸੀ ਤੇ ਵੱਡੀ ਪੰਜ ਕੁ ਦੀ ਹੋਵੇਗੀ। ਮਾਮਾ ਮਾਮੀ ਦੇ ਚਿਹਰਿਆਂ ਉਪਰ ਬੈਠਾ ਹਨੇਰਾ ਦੇਖ ਕੇ ਹੌਲ ਪੈਂਦਾ ਸੀ। ਨਿੱਕੀਆਂ ਕੁੜੀਆਂ ਹਰੇਕ ਨੂੰ ਪੁਛਦੀਆਂ ਫਿਰਦੀਆਂ ਸਨ- ਮੰਮੀ ਕਿਥੇ ਹੈ? ਉਨ੍ਹਾਂ ਨੂੰ ਟਾਲਿਆ ਜਾ ਰਿਹਾ ਸੀ। ਮਾਮੀ ਨੇ ਸੈਨਤ ਕਰਕੇ ਆਪਣੇ ਕੋਲ ਬੁਲਾਈਆਂ। ਸਾਹਮਣੇ ਬੈਠਣ ਲਈ ਇਸ਼ਾਰਾ ਕੀਤਾ। ਜਦੋਂ ਉਹ ਬੈਠ ਗਈਆਂ ਤਾਂ ਮਾਮੀ ਨੇ ਕਿਹਾ- ਕੁੜੀਓ ਤੁਹਾਡੀ ਮੰਮੀ ਮਰ ਗਈ। ਉਸ ਨੂੰ ਅੱਗ ਲਾ ਕੇ ਅਸੀਂ ਰਾਖ ਦਾ ਢੇਰ ਬਣਾ ਆਏ ਹਾਂ। ਹੁਣ ਨੀ ਆਉਂਦੀ ਉਹ ਆਪਣੇ ਘਰ ਕਦੇ।

ਕੁੜੀਆਂ ਰੋਣ ਲੱਗੀਆਂ। ਇਕ ਔਰਤ ਨੇ ਵਰਾਉਂਦਿਆਂ ਕਿਹਾ- ਬੇਬੇ ਕੀ ਲੋੜ ਸੀ ਤੈਨੂੰ ਹੁਣੇ ਇਹ ਗੱਲ ਕਰਨ ਦੀ? ਆਪੇ ਹੌਲੀ ਹੌਲੀ ਪਤਾ ਲਗਦਾ ਰਹਿੰਦਾ ਪਿਛੋਂ। ਮਾਮੀ ਨੇ ਕਿਹਾ- ਕਿੰਨਾ ਕੁ ਚਿਰ ਝੂਠ ਬੋਲਾਂ? ਕਿਵੇਂ ਰੱਖਾਂ ਐਡਾ ਭੇਤ? ਟਿਕ ਜਾਣਗੀਆਂ ਆਪੇ ਰੋ ਧੋ ਕੇ। ਲੱਗ ਜਾਵੇ ਇਨ੍ਹਾਂ ਨੂੰ ਵੀ ਪਤਾ ਜ਼ਿੰਦਗੀ ਚੀਜ਼ ਕੀ ਹੋਇਆ ਕਰਦੀ ਐ। ਬੇਬੇ ਹਉਕਾ ਲੈ ਕੇ ਬੋਲੀ- ਰੰਭ ਰਹਿਣਗੇ ਵੱਛਰੂ, ਦੇਖ ਰਹਿਣਗੀਆਂ ਗਾਵਾਂ।

ਫਿਰ ਮਾਮੀ ਨੇ ਮਕਾਣ ਆਏ ਮਰਦਾਂ-ਔਰਤਾਂ ਨੂੰ ਕਿਹਾ- ''ਹੁਣ ਭਾਈ ਖਾਉ ਰੋਟੀ ਤੇ ਜਾਓ ਆਪੋ-ਆਪਣੇ ਵਤਨਾਂ ਨੂੰ। ਲਿਆਉ ਵੀਰ ਵਰਤਾਉ ਰੋਟੀ।'' ਕੁੱਝ ਤੀਵੀਆਂ ਕਹਿਣ ਲੱਗੀਆਂ- ''ਅਸੀਂ ਨੀ ਖਾਣੀ ਰੋਟੀ। ਸਾਡੇ ਨੀ ਲੰਘਦੀ।'' ਮਾਮੀ ਨੇ ਕਿਹਾ- ''ਠੀਕ ਐ। ਜਿਨ੍ਹਾਂ ਨੇ ਹੋਟਲਾਂ ਤੇ ਜਾ ਕੇ ਖਾਣੀ ਹੈ ਉਹ ਜਾਣ। ਸਾਡੇ ਅੰਦਰ ਤਾਂ ਭਾਈ ਆਰਾਮ ਨਾਲ ਲੰਘੇਗਾ ਅੰਨ ਪਾਣੀ। ਹੇ ਸੱਚੇ ਪਾਤਸ਼ਾਹ ਤੂੰ ਧੰਨ ਐਂ।''

www.punjabilibrary.com

ਇਹ ਸਾਡੀ ਵੱਡੀ ਮਾਮੀ ਗੁਰਦੇਵ ਕੌਰ ਬਹੁਤਾ ਨਾ ਬੋਲਦੀ ਪਰ ਜਦੋਂ ਕੋਈ ਗੱਲ ਕਰਦੀ ਤਾਂ ਠੰਢ ਪੈ ਜਾਂਦੀ। ਵੱਡੇ ਦੁਖਾਂ ਦੇ ਬਾਵਜੂਦ ਹਸਮੁਖ। ਉਹਦੀ ਕੈਂਸਰ ਦਾ ਪਤਾ ਸਾਨੂੰ ਉਦੋਂ ਲਗਾ ਜਦੋਂ ਤੀਜੀ ਸਟੇਜ ਉਤੇ ਪੁੱਜ ਗਈ ਸੀ। ਇਲਾਜ ਵਾਸਤੇ ਪਟਿਆਲੇ ਲੈ ਆਇਆਂ ਤੇ ਸਾਰਿਆਂ ਨੂੰ ਸਖਤ ਤਾੜਨਾ ਕੀਤੀ ਕਿ ਬਿਮਾਰੀ ਬਾਰੇ ਦੱਸਣਾ ਨਹੀਂ ਮਾਮੀ ਨੂੰ। ਮਾਮੀ ਕਈ ਕਈ ਦਿਨ ਰਹਿੰਦੀ ਦਵਾਈਆਂ ਖਾਂਦੀ ਰਹੀ- ਟੀਕੇ ਲਾਉਂਦੇ ਰਹੇ। ਮੈਨੂੰ ਕਹਿਣ ਲੱਗੀ- ਕੀ ਦੱਸਿਆ ਡਾਕਟਰ ਨੇ? ਮੈਂ ਕਿਹਾ- ਕੋਈ ਖਾਸ ਬਿਮਾਰੀ ਨਹੀਂ। ਮਹੀਨੇ ਡੇਢ ਮਹੀਨੇ ਵਿਚ ਠੀਕ ਹੋ ਜਾਏਂਗੀ ਮਾਮੀ। ਉਹ ਹੱਸ ਪਈ। ਕਹਿਣ ਲੱਗੀ- ਮੇਰੇ ਨਾਲ ਚਲਾਕੀਆਂ ਮਾਰਨ ਲਗ ਪਿਆ ਪ੍ਰੋਫੈਸਰ? ਊਂ ਗੱਲ ਤੇਰੀ ਵੀ ਠੀਕ ਐ। ਮਹੀਨਾ ਡੇਢ ਮਹੀਨਾ ਨਾ ਸਹੀ, ਤਿੰਨ ਚਾਰ ਮਹੀਨੇ ਲੱਗ ਜਾਣਗੇ। ਸਾਰੇ ਰੋਗ ਤਿਆਰ ਬੈਠੇ ਨੇ ਟੁੱਟਣ ਲਈ। ਚੰਗੈ ਹੁਣ ਟੰਟਾ ਮੁਕੇ। ਤੇਰੇ ਮਾਮੇ ਦਾ ਬਹੁਤ ਖਰਚ ਨਾ ਕਰਵਾਈਂ ਖਾਹਮਖਾਹ। ਮੈਨੂੰ ਪਿੰਡ ਛੱਡ ਆ।

ਟੈਲੀਵਿਜ਼ਨ ਦੇਖਦੀ ਹੋਈ ਉਹ ਉਚੀ ਉਚੀ ਹੱਸ ਪਈ। ਮੈਂ ਪੁੱਛਿਆ ਕੀ ਗੱਲ ਯਾਦ ਆ ਗਈ ਮਾਮੀ? ਉਸਨੇ ਕਿਹਾ- ਟੀ.ਵੀ. ਦੇਖ। ਮੈਂ ਟੀ.ਵੀ. ਦੇਖਣ ਲੱਗਾ। ਹੰਢੀ ਹੋਈ ਕਲਾਕਾਰ ਦੱਖਣੀ ਨਾਚ ਦਿਖਾ ਰਹੀ ਸੀ। ਮਾਮੀ ਨੇ ਕਿਹਾ- ਇਹਨੂੰ ਦੇਖਦਾ ਰਹਿ। ਸੁਹਣੀਐ, ਨੱਚਣਾ ਸਹੀ ਆਉਂਦੈ। ਪਰ ਵਿਚ ਵਿਚ ਐਂ ਕਰਨ ਲੱਗ ਜਾਂਦੀ ਐ ਜਿਵੇਂ ਇਹਦੇ ਭਰਿੰਡਾਂ ਲੜ ਗਈਆਂ ਹੋਣ।''

ਮੈਨੂੰ ਧਰਵਾਸ ਮਿਲਦਾ ਹੈ ਕਿ ਇਸ ਮਾਮੀ ਦੀ ਸੰਭਾਲ ਅਤੇ ਸਸਕਾਰ ਆਪਣੇ ਹੱਥੀਂ ਕੀਤਾ। ਹਜ਼ਾਰਾਂ ਸਾਲ ਪਹਿਲਾਂ ਲਾਓ ਤਸੇ ਨੇ ਕਿਹਾ ਸੀ- ਆਪਣੇ ਪਿਆਰਿਆਂ ਨੂੰ ਕਬਰਿਸਤਾਨ ਵਿਚ ਆਪਣੇ ਹੱਥੀਂ ਦਫਨ ਕਰਕੇ ਜਦੋਂ ਖਾਲੀ ਹੱਥ ਘਰਾਂ ਨੂੰ ਮੁੜਦੇ ਹਾਂ ਤਾਂ ਪਤਾ ਲਗਦਾ ਹੈ ਅਕਲ, ਧਨ ਅਤੇ ਤਾਕਤ ਕਿੰਨੀਆਂ ਕਮਜ਼ੋਰ ਚੀਜ਼ਾਂ ਹਨ।

ਭਾਈ ਨੰਦ ਲਾਲ ਨੇ ਲਿਖਿਆ-

*ਅਸੀਂ ਮਿਲੇ, ਪਿਆਰ ਕੀਤਾ ਅਤੇ ਵਿਛੜ ਕੇ ਚੁੱਪ ਕਰਕੇ ਬੈਠ ਗਏ।*
*ਪਪੀਹਿਆਂ, ਬੁਲਬੁਲਾਂ ਅਤੇ ਕੋਇਲਾਂ ਵਾਂਗ ਅਸੀਂ ਚੀਕਾਂ ਨਹੀਂ ਮਾਰੀਆਂ।*

ਇਕ ਦਿਨ ਮੈਂ ਕਿਹਾ, ''ਬੇਬੇ ਮੈਂ ਜਿਵੇਂ ਚਾਹੁੰਦਾ ਹਾਂ ਨੂਹਾਂ ਤੁਹਾਡਾ ਆਦਰ ਕਰਨ, ਇਸ ਤਰ੍ਹਾਂ ਉਹ ਕਰਦੀਆਂ ਨਹੀਂ। ਇਸ ਸਭ ਦੇ ਬਾਵਜੂਦ ਕੇਵਲ ਵੱਡੀ ਭਰਜਾਈ ਬਾਰੇ ਤੁਸੀਂ ਬੁੜਬੁੜ ਕਰਦੇ ਰਹਿੰਦੇ ਹੋ। ਬਾਕੀ ਨੂੰਹਾਂ ਵਿਰੁੱਧ ਘੱਟ ਵੱਧ ਹੀ ਕੋਈ ਗੱਲ ਕਰਦੇ ਹੋ। ਅਜਿਹਾ ਕਿਉਂ?

ਬੇਬੇ ਨੇ ਕਿਹਾ, ''ਸੱਸਾਂ ਨੂੰ ਪਤਾ ਹੋਣਾ ਚਾਹੀਦੈ ਬਈ ਨੂੰਹਾਂ ਉਨ੍ਹਾਂ ਦਾ ਆਦਰ ਊਦਰ ਨਹੀਂ ਕਰਨਗੀਆਂ। ਕੌਣ ਮੇਰਾ ਆਦਰ ਕਰਦੀ ਹੈ ਕੌਣ ਨਿਰਾਦਰ, ਇਸ ਗੱਲ ਵੱਲ ਮੇਰਾ ਧਿਆਨ ਨਹੀਂ। ਮੈਂ ਇਹ ਦੇਖਦੀ ਆਂ ਕਿ ਮੇਰੀਆਂ ਨੂੰਹਾਂ ਮੇਰੇ ਮੁੰਡਿਆਂ ਨੂੰ ਪਿਆਰ ਕਰਦੀਆਂ ਹਨ ਕਿ ਨਾਂ। ਤੇਰੀ ਹਰਮਿੰਦਰ ਮੇਰੇ ਨਾਲ ਕਈ ਦਿਨ ਨਾ ਬੋਲੇ ਤਾਂ ਕੋਈ ਗੱਲ ਨਹੀਂ। ਮੈਂ ਦੇਖ ਰਹੀ ਹਾਂ ਕਿ ਉਹ ਤੈਨੂੰ ਪਿਆਰ ਕਰਦੀ ਹੈ। ਤੂੰ ਆਉਣ ਵਿਚ ਦੇਰ ਕਰ ਦਏਂ ਤਾਂ ਇਹ ਬੇਚੈਨ ਹੋ ਹੋ ਤੇਰਾ ਰਸਤਾ ਦੇਖਦੀ ਹੈ। ਹੋਰ ਮੈਨੂੰ ਕੀ ਚਾਹੀਦਾ ਹੈ? ਜਿਹੜਾ ਤੈਨੂੰ ਪਿਆਰ ਕਰਦਾ ਹੈ ਉਹ ਮੈਨੂੰ ਪਿਆਰ ਕਰਦਾ ਹੈ ਕਿਉਂਕਿ ਤੂੰ ਮੇਰਾ ਹੈਂ।''

ਸਕੂਲੋਂ ਪੜ੍ਹ ਕੇ ਘਰ ਆਇਆ ਤਾਂ ਬੇਬੇ ਨੇ ਕਿਹਾ ''ਕਿਹੋ ਜਿਹਾ ਜਮਾਨਾ ਆ ਗਿਆ। ਤੇਰੀ ਦਿਆਲੋ ਚਾਚੀ ਆਪਣੇ ਬੱਚਿਆਂ ਪਿੱਛੇ ਭਜੀ ਫਿਰਦੀ ਦੇਖੀ। ਸੰਗਤਰੇ ਉਨ੍ਹਾਂ ਤੋਂ ਖੋਹ ਕੇ ਖਾ ਰਹੀ। ਮੈਨੂੰ ਦਹਿਲ ਪੈ ਗਿਆ।'' ਮੈਂ ਪੁੱਛਿਆ ''ਫੇਰ ਕੀ ਹੋ ਗਿਆ? ਬੱਚੇ ਵੀ ਤਾਂ ਖੋਹ ਲੈਂਦੇ ਹਨ ਮਾਵਾਂ ਹਥੋਂ ਚੀਜ਼ਾਂ?''

ਉਸਨੇ ਕਿਹਾ- ਬੱਚੇ ਖੋਹਣ। ਉਨ੍ਹਾਂ ਦਾ ਹੱਕ ਹੈ। ਕੋਈ ਮਾਂ ਤੂੰ ਦੇਖੀ ਨਿਆਣਿਆਂ ਤੋਂ ਖੋਹ ਕੇ ਖਾਂਦੀ? ਇਸ ਘਰ ਵਿਚ ਕੋਈ ਭਾਣਾ ਵਰਤੇਗਾ। ਚਿੜੀਆਂ ਜਨੌਰ ਨੀ ਕਰਦੇ ਇਉਂ ਤਾਂ। ਮੈਨੂੰ ਡਰ ਲੱਗਿਆ। ਤੂੰ ਨਦੀ ਪਹਾੜ ਉਪਰ ਚੜ੍ਹਦੀ ਦੇਖੇਂ ਚਾਣਚੱਕ ਤਾਂ ਦੱਸ ਡਰ ਨੀ ਜਾਏਂਗਾ? ਇਸ ਘਰ ਦੇ ਲੱਛਣ ਹੋਣੀ ਨੂੰ ਸੱਦਾ ਦਿੰਦੇ ਦਿਸੇ। ਰੱਬ ਭਲੀ ਕਰੇ ਭਾਈ।''

ਇਸ ਘਰ ਵਿਚ ਸਦਾ ਕਲੇਸ ਰਹਿੰਦਾ। ਚਾਚੇ ਦੀ ਜੁਆਨ ਕੁੜੀ ਨੇ ਖੂਹ ਵਿਚ ਛਾਲ ਮਾਰ ਕੇ ਤੇ ਚਾਚੀ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆਵਾਂ ਕੀਤੀਆਂ।

ਬੇਬੇ ਨੂੰ ਖੁਸ਼ਖਬਰੀ ਦੇਣ ਵਾਸਤੇ ਗਿਆ ਕਿ ਵੱਡੇ ਨਿਹੰਗ ਸਿੰਘ ਮਾਮੇ ਘੋੜਾ ਖਰੀਦਿਆ ਹੈ। ਹੈ ਵੀ ਬੜਾ ਸੁਹਣਾ। ਉਹ ਖੁਸ਼ ਹੋਈ। ਭਰਾ ਨੂੰ ਅਤੇ ਉਸਦੇ ਘੋੜੇ ਨੂੰ ਅਸੀਸਾਂ ਦਿੱਤੀਆਂ, ''ਸੁਖੀ ਰਹਿਣ। ਵਫਾ ਕਰਨ। ਹਰ ਬਲਾ ਦੋਵਾਂ ਤੋਂ ਦੂਰ ਰਹੇ।'' ਮੈਂ ਕਿਹਾ, ''ਜਲਦੀ ਆਪਾਂ ਨਾਨਕੇ ਚਲਾਂਗੇ। ਤੁਹਾਨੂੰ ਸਵਾਰੀ ਕਰਾਵਾਂਗੇ।'' ਉਹ ਬੋਲੀ, ''ਹੁਣ ਕਿਥੇ ਚੜ੍ਹਨਜੋਗੀ ਹਾਂ? ਕਦੀ ਹੁੰਦਾ ਸੀ ਸਮਾਂ। ਤੇਰੇ ਮਾਮਾ ਜੀ ਘੋੜੀ ਤੇ ਬਿਠਾ ਕੇ ਤੇਰੇ ਪਿੰਡ ਛੱਡ ਜਾਇਆ ਕਰਦੇ ਸਨ। ਆਪ ਪੈਦਲ ਤੁਰਦੇ। ਤੇਰੀ ਨਾਨੀ ਤਾਂ ਹਮੇਸ਼ਾਂ ਇਕੱਲੀ ਆਉਂਦੀ ਹੁੰਦੀ ਸੀ ਸਵਾਰੀ ਕਰ ਕੇ। ਇਕ ਵਾਰੀ ਮੈਨੂੰ ਮਿਲਣ ਉਹ ਤੇਰੇ ਪਿੰਡ ਘੱਗੇ ਵਿਚ ਘੋੜੇ ਉਪਰ ਸਵਾਰ ਹੋ ਕੇ ਆਈ। ਪਿੰਡ ਦੀ ਨਿਆਈਂ ਵਿਚ ਘੋੜੀਆਂ ਚਰ ਰਹੀਆਂ ਸਨ।ਤੇਰੀ ਨਾਨੀ ਦਾ ਘੋੜਾ ਬੇਕਾਬੂ ਹੋ ਕੇ ਉਧਰ ਦੌੜ ਪਿਆ ਵਾਹੋਦਾਹ। ਪਿੰਡ ਦੇ ਲੋਕ ਛੱਤਾਂ ਉਪਰ ਚੜ੍ਹ ਗਏ ਕਿ ਬੁੱਢੀ ਦੀ ਅੱਜ ਜਾਨ ਗਈ ਕਿ ਗਈ। ਤੇਰੀ ਨਾਨੀ ਨੇ ਇਕ ਹੱਥ ਨਾਲ ਲਗਾਮ ਫੜੀ, ਰਕਾਬਾਂ ਤੇ ਖੜ੍ਹੀ ਹੋ ਗਈ ਤੇ ਦੂਜੇ ਹੱਥ ਨਾਲ ਉਹ ਛਟੀ ਵਾਹੀ ਕਿ ਦਸ ਮਿੰਟ ਵਿਚ ਘੋੜਾ ਸਿੱਧਾ ਹੋ ਗਿਆ। ਫਿਰ ਉਹ ਸਿੱਧੀ ਘਰ ਨਹੀਂ ਆਈ। ਘੋੜੇ ਨੂੰ ਤੇਜ਼ ਦੁੜਾ ਕੇ ਪਿੰਡ ਦੇ ਦੋ ਚੱਕਰ ਲਾਏ। ਪਾਣੀ ਪਾਣੀ ਹੋਇਆ ਘੋੜਾ ਖੁਰਲੀ ਤੇ ਨੀਵੀਂ ਪਾ ਕੇ ਜਾ ਖਲੋਤਾ। ਉਤਰ ਕੇ ਘੋੜੇ ਨੂੰ ਥਾਪੀ ਦਿੱਤੀ, ਸਿਰ ਪਲੋਸਿਆ ਤੇ ਹੌਲੀ ਦੇ ਕੇ ਕੰਨ ਵਿਚ ਕਿਹਾ,'' ''ਮਾਰ ਪੈ ਗਈ ਤਾਂ ਕੀ ਹੋਇਆ। ਹੁਣ ਤੈਨੂੰ ਘਿਉ ਵੀ ਖੁਆਵਾਂਗੀ ਛੋਲੇ ਵੀ। ਸ਼ਾਬਾਸ਼ ਪੁੱਤਰਾ ਸ਼ੇਰ ਬੱਚਾ ਹੈਂ ਤੂੰ। ਤੇਰੀ ਸ਼ਾਨ ਕਾਇਮ ਰਹੇਗੀ।''

ਰੁਕ ਕੇ ਮਾਂ ਨੇ ਫਿਰ ਦੁਹਰਾਇਆ, ''ਹਾਂ ਭਾਈ ਹੁਣ ਮੇਰੀ ਉਮਰ ਕਿਥੇ ਸਵਾਰੀ ਕਰਨ ਦੀ।'' ਮੈਂ ਕਿਹਾ, ''ਤੁਹਾਡੇ ਬੇਟੇ ਤੁਹਾਨੂੰ ਚੁੱਕ ਕੇ ਚੜ੍ਹਾ ਦੇਣਗੇ।'' ਉਹ ਬੋਲੀ, ''ਨਾ। ਹੁਣ ਮੈਂ ਕੱਚ ਦੀਆਂ ਉਹਨਾਂ ਚੂੜੀਆਂ ਵਰਗੀ ਹੋ ਗਈ ਹੋਈ ਹਾਂ ਜਿਹੜੀਆਂ ਚੜ੍ਹਾਉਂਦਿਆਂ ਚੜ੍ਹਾਉਂਦਿਆਂ ਟੁੱਟ ਜਾਂਦੀਆਂ ਹਨ।''

ਮੈਂ ਪੰਜਾਬੀ ਯੂਨੀਵਰਸਿਟੀ ਦੇ ਕੈਂਪਸ ਅੰਦਰ ਬੜੀ ਸੋਹਣੀ ਕੋਠੀ ਵਿਚ ਰਹਿ ਰਿਹਾ ਹਾਂ। ਮਾਮਾ ਜੀ ਮਿਲਣ ਆਏ। ਖੈਰ ਸੁਖ ਪੁੱਛੀ ਦੱਸੀ। ਪੁੱਛਿਆ, ''ਭਾਣਜੇ ਗੁਰੂ ਮਹਾਰਾਜ ਦਾ ਨਾਮ ਲਿਆ ਕਰਦਾ ਹੈਂ? ਮੈਂ ਕਿਹਾ, ''ਬਿਲਕੁਲ ਲੈਂਦਾ ਹਾਂ।'' ਗੱਲਾਂ ਕਰਦੇ ਰਹੇ। ਰਾਤ ਪੈ ਗਈ। ਲੰਗਰ ਪ੍ਰਸ਼ਾਦਾ ਛਕ ਕੇ ਕਹਿਣ ਲੱਗੇ, ''ਪਾਠ ਕਰਨਾ ਹੁੰਨੈ?'' ਮੈਂ ਕਿਹਾ, ''ਕਰਦਾ ਹਾਂ, ਕਰਦਾ ਹਾਂ।'' ਫਿਰ ਗੱਲਾਂ ਹੁੰਦੀਆਂ ਰਹੀਆਂ। ਸੌਣ ਦਾ ਸਮਾਂ ਹੋ ਗਿਆ ਤਾਂ ਮੈਂ ਉਨ੍ਹਾਂ ਨੂੰ ਚੁਬਾਰੇ ਵਿਚ ਲੈ ਗਿਆ ਤੇ ਪੁੱਛਿਆ ਕਿ ਸਵੇਰੇ ਚਾਹ ਛਕਣੀ ਹੈ ਕਿ ਦੁੱਧ? ਕਿੰਨੇ ਵਜੇ? ਉਹ ਬੋਲੇ, ''ਸਹੀ ਹੈ ਨਾ ਕਿ ਤੂੰ ਗੁਰੂ ਬਾਬੇ ਨੂੰ ਯਾਦ ਰਖਦੈਂ?'' ਮੈਂ ਪੁੱਛਿਆ, ''ਕਿਸੇ ਨੇ ਸ਼ਿਕਾਇਤ ਲਾਈ ਹੈ ਮੇਰੀ ਤੁਹਾਡੇ ਕੋਲ? ਕਿਸੇ ਨੇ ਕੋਈ ਵਹਿਮ ਪਾ ਦਿੱਤਾ ਲਗਦਾ ਹੈ ਤੁਹਾਨੂੰ।'' ਮਾਮਾ ਜੀ ਨੇ ਕਿਹਾ, ''ਨਹੀਂ ਸਕੈਤ ਸਕੂਤ ਕਿਸੇ ਨੇ ਕੀ ਲਾਣੀ, ਇਕ ਪੁਰਾਣੀ ਗੱਲ ਯਾਦ ਆ ਗਈ ਸੀ। ਤੀਹ ਪੈਂਤੀ ਸਾਲ ਹੋ ਗਏ ਹੋਣਗੇ। ਕੀ ਪਤਾ ਇਸ ਤੋਂ ਵੀ ਵੱਧ। ਜਦੋਂ ਕਦੇ ਬੱਸ ਵਿਚ ਬੈਠੇ ਲੰਘਦੇ ਤਾਂ ਤੇਰੀ ਯੂਨੀਵਰਸਿਟੀ ਬਣ ਰਹੀ, ਉਚੀ ਉਠ ਰਹੀ ਦੇਖਦੇ। ਵੱਡੀਆਂ ਵੱਡੀਆਂ ਬਿਲਡਿੰਗਾਂ। ਜੀ ਕਰਿਆ ਕਰਦਾ ਸੀ ਕਦੇ ਦੇਖੀਏ ਕਿ ਅੰਦਰ ਇਹ ਹੈ ਕੀ। ਪਰ ਬਸ ਵਿਚ ਬੈਠੇ ਬੈਠੇ ਲੰਘ ਜਾਂਦੇ। ਇਕ ਦਿਨ ਘੋੜੇ ਤੇ ਸਵਾਰ ਹੋ ਕੇ ਮੈਂ ਪਟਿਆਲੇ ਤੋਂ ਰਾਜਪੁਰੇ ਵੱਲ ਜਾ ਰਿਹਾ ਸੀ ਤਾਂ ਰਸਤੇ ਵਿਚ ਯੂਨੀਵਰਸਿਟੀ ਆ ਗਈ। ਮਨ ਖੁਸ਼ ਹੋ ਗਿਆ ਕਿ ਅੱਜ ਸਮਾਂ ਵੀ ਹੈ ਘੋੜਾ ਵੀ। ਅੱਜ ਦੇਖ ਕੇ ਜਾਵਾਂਗਾ। ਖੱਬੀ ਲਗਾਮ ਖਿੱਚ ਦਿੱਤੀ। ਗੇਟ ਤੇ ਪੁਲਸ ਵਾਲੇ ਖੜ੍ਹੇ ਸਨ। ਇਕ ਨੇ ਘੋੜੇ ਦੀ ਲਗਾਮ ਫੜ ਲਈ ਤੇ ਕਹਿਣ ਲੱਗਾ, ''ਕੀ ਕੰਮ ਹੈ ਅੰਦਰ? ਮੈਂ ਕਿਹਾ- ਕੋਈ ਕੰਮ ਨਹੀਂ। ਉਸ ਨੇ ਫਿਰ ਪੁੱਛਿਆ, ''ਕਿਸ ਨੂੰ ਮਿਲਣ ਜਾਣਾ ਹੈ ਅੰਦਰ?'' ਮੈਂ ਕਿਹਾ ''ਕਿਸੇ ਨੂੰ ਨਹੀਂ। ਮੈਂ ਤਾਂ ਬਸ ਦੇਖਣਾ ਸੀ ਅੰਦਰ ਜਾ ਕੇ, ਇਹ ਹੈ ਕੀ।'' ਸਿਪਾਹੀ ਨੇ ਕਿਹਾ, ''ਨਾ ਬਾਬਾ ਨਾ। ਐਊਂ ਦੇਖਣ ਦਾ ਹੁਕਮ ਨੀ।''

ਇਹ ਗੱਲ ਯਾਦ ਆਈ ਅੱਜ। ਜਿਨ੍ਹਾਂ ਕੋਠੀਆਂ ਨੂੰ ਦੇਖਣ ਦਾ ਹੁਕਮ ਨਹੀਂ ਸੀ, ਉਨ੍ਹਾਂ ਵਿਚ ਰਹਿਣ ਦਾ ਹੁਕਮ ਹੋ ਗਿਆ। ਬਾਦਸ਼ਾਹੀਆਂ ਦੇ ਦਿੱਤੀਆਂ ਆਪਾਂ ਨੂੰ ਗੁਰੂ ਬਾਬੇ ਨੇ। ਤਾਂ ਮੈਂ ਪੁੱਛਿਆ

www.punjabilibrary.com

ਤੈਨੂੰ ਕਿ ਮਹਾਰਾਜ ਨੂੰ ਯਾਦ ਕਰਦਾ ਹੁੰਨੈ ਕਿ ਨਹੀਂ। ਜਿਸ ਨੇ ਸੋਨੇ ਦੀ ਬਾਰਸ਼ ਕਰ ਦਿੱਤੀ ਉਸ ਨੂੰ ਭੁੱਲ ਜਾਣ ਨਾਲ ਪਾਪ ਲਗਦਾ ਹੁੰਦੈ।''

ਹੌਲੀ ਹੌਲੀ ਮੈਨੂੰ ਸਮਝ ਆਏਗੀ ਇਨ੍ਹਾਂ ਗੱਲਾਂ ਦੀ। ਚਿੜੀ, ਜਿੰਨੀ ਮਰਜ਼ੀ ਪਿਆਸੀ ਹੋਵੇ ਦਰਿਆ ਨੂੰ ਇਕ ਘੁੱਟ ਵਿਚ ਨਹੀਂ ਪੀ ਸਕਦੀ। ਮੈਂ ਇਸ ਗੱਲੋਂ ਸੰਤੁਸ਼ਟ ਹਾਂ ਕਿ ਗੁਰੂ ਬਾਬੇ ਦਾ ਵਿਦਿਆਰਥੀ ਹਾਂ। ਸਾਡੇ ਕਲਾਸਰੂਮ ਨਿਕੇ-ਨਿਕੇ, ਪੀਰੀਅਡ ਘੰਟੇਘੰਟੇ ਦੇ। ਬਾਬੇ ਦਾ ਕਲਾਸਰੂਮ ਸਾਰਾ ਬ੍ਰਹਿਮੰਡ ਅਤੇ ਪੀਰੀਅਡ ਅਨੰਤ ਕਾਲ ਤੱਕ। ਉਸ ਨੇ ਦਿਆਲੂ ਹੋ ਕੇ ਸਾਨੂੰ ਮੱਥਾ ਟੇਕਣ ਦਾ ਹੱਕ ਦਿੱਤਾ ਹੈ। ਇਸ ਹੱਕ ਬਾਬਤ ਹਫੀਜ਼ ਦਾ ਸ਼ਿਅਰ ਪਿਆਰਾ ਲੱਗਾ, ''ਤੂੰ ਸਾਰੀ ਕਾਇਨਾਤ ਦਾ ਮਾਲਕ ਹੈਂ, ਸਭਨਾਂ ਧਰਤੀਆਂ ਦਾ। ਤੇਰੇ ਦਰ ਉਤੇ ਜਦੋਂ ਮੱਥਾ ਟੇਕਿਆ ਤਾਂ ਥੋੜੀ ਕੁ ਮਿੱਟੀ ਸਾਡੇ ਮੱਥੇ ਨੂੰ ਲੱਗੀ। ਮਿੱਟੀ ਦਾ ਇਹ ਦਾਗ ਸਾਡੇ ਲਈ ਕਾਫੀ ਜਾਇਦਾਦ ਹੈ।''

ਐਮ.ਏ. ਵਿਚ ਪੜ੍ਹਦਾ ਸਾਂ। ਸੋਭਾ ਸਿੰਘ ਦੀ ਬਣਾਈ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਤਸਵੀਰ ਖਰੀਦ ਲਿਆਇਆ ਜਿਹੜੀ ਬੀਰ-ਰਸ ਭਾਵਨਾ ਵਾਲੀ ਹੈ ਤੇ ਹੇਠਾਂ ਲਿਖਿਆ ਹੈ, ''ਚੂੰ ਕਾਰ ਅਜ਼.....।'' ਕੰਧ ਤੇ ਟੰਗ ਦਿੱਤੀ। ਗੁਰੂ ਜੀ ਕਰੋਧ ਨਾਲ ਉਪਰ ਵੱਲ ਦੇਖ ਰਹੇ ਹਨ। ਬੇਬੇ ਨੇ ਧਿਆਨ ਨਾਲ ਇਹ ਪੇਂਟਿੰਗ ਦੇਖੀ ਤੇ ਕਿਹਾ, ''ਕੁਝ ਠੀਕ ਨਹੀਂ ਇਹ ਤਸਵੀਰ। ਇਸ ਤਰ੍ਹਾਂ ਦੀਆਂ ਨਿਗਾਹਾਂ ਬਿਲਕੁਲ ਨਹੀਂ ਸਨ ਮਹਾਰਾਜ ਦੀਆਂ। ਦੁਸ਼ਮਣਾਂ ਵੱਲ ਵੀ ਇਉਂ ਨਹੀਂ ਦੇਖਿਆ ਉਨ੍ਹਾਂ ਨੇ ਕਿਉਂਕਿ ਦੁਸ਼ਮਣ ਉਨ੍ਹਾਂ ਦਾ ਹੈ ਹੀ ਨਹੀਂ ਸੀ ਕੋਈ। ਉਹ ਸਭ ਨੂੰ ਪਿਆਰ ਕਰਦੇ ਸਨ। ਤੂੰ ਦੇਖ ਲਈਂ ਜਿੰਨੇ ਵੱਡੇ ਮਹਾਂਪੁਰਖ ਹੋਣ, ਸਾਧ ਸੰਤ ਹੋਣ, ਭਾਵੇਂ ਵਡ ਪਰਤਾਪੀ ਰਾਜੇ ਹੋਣ, ਉਨ੍ਹਾਂ ਦੀਆਂ ਨਿਗਾਹਾਂ ਹੇਠਾਂ ਵੱਲ ਝੁਕੀਆਂ ਹੋਈਆਂ ਹੋਣਗੀਆਂ। ਪਤੈ ਕਿਉਂ? ਉਹ ਉਸ ਰਥ ਵਿਚ ਸਵਾਰ ਹਨ ਜਿਸ ਦੇ ਪਹੀਏ ਚੰਦ ਸੂਰਜ ਹਨ। ਬਹੁਤ ਉਚੀ ਥਾਂ ਤੋਂ ਦੇਖ ਰਹੇ ਹਨ ਉਹ ਆਪਾਂ ਨੂੰ। ਉਨ੍ਹਾਂ ਤੋਂ ਉਚਾ ਹੋਰ ਉਪਰ ਕੁਝ ਨਹੀਂ। ਆਪਾਂ ਨੀਵੀਂ ਥਾਂ ਤੇ ਹਾਂ। ਉਹ ਆਪਣੇ ਵੱਲ ਹੇਠਾਂ ਦੇਖ ਰਹੇ ਹਨ ਤੇ ਰੱਖਿਆ ਕਰਦੇ ਹਨ। ਬਾਬਾ ਜੀ ਨੂੰ ਆਪਾਂ ਨੀਲੇ ਦਾ ਸਵਾਰ ਇਸੇ ਕਰਕੇ ਆਖਦੇ ਹਾਂ ਕਿ ਅਸਮਾਨ ਉਨ੍ਹਾਂ ਦਾ ਘੋੜਾ ਹੈ। ਚੰਦ ਤਾਰੇ ਧਰਤੀਆਂ ਸਭ ਉਸ ਤੋਂ ਹੇਠਾਂ ਹਨ। ਤੂੰ ਆਪ ਹਿਸਾਬ ਲਾ ਕੇ ਦੱਸ ਠੀਕ ਹੈ ਇਹ ਤਸਵੀਰ?''

ਕਿਰਪਾਲ ਸਿੰਘ ਆਰਟਿਸਟ ਨੇ ਸੋਭਾ ਸਿੰਘ ਦੀ ਉਸ ਪੇਂਟਿੰਗ ਬਾਬਤ ਜਿਹੜੀ ਗੁਰੂ ਨਾਨਕ ਦੇਵ ਜੀ ਦੀ ਬਣਾਈ ਸੀ, ਟਿੱਪਣੀ ਦਿੱਤੀ ਸੀ, ''ਪੈਗੰਬਰਾਂ ਦੇ ਚਿਹਰੇ ਅਤੇ ਸਰੀਰ ਬਿਲਕੁਲ ਮੋਟੇ ਨਹੀਂ ਹੁੰਦੇ। ਗੁਰੂ ਨਾਨਕ ਦੇਵ ਜੀ ਨੇ ਤਾਂ ਦੁਨੀਆਂ ਪੈਦਲ ਗਾਹ ਦਿੱਤੀ ਤੇ ਆਖਰੀ ਉਮਰ ਹਲ ਦਾ ਮੁੰਨਾ ਹੱਥ ਫੜਿਆ। ਉਨ੍ਹਾਂ ਵਿਚ ਮੋਟਾਪਾ ਕਿਥੇ ਹੋ ਸਕਦਾ ਹੈ?''

ਬਾਪੂ ਜੀ ਦੇ ਗੰਜ ਪੈ ਚੁੱਕਾ ਹੈ ਤੇ ਗਿੱਠ ਕੁ ਵਾਲ ਪਿਛਲੇ ਅੱਧ ਵਿਚ ਰਹਿ ਗਏ ਹਨ। ਇਸ਼ਨਾਨ ਕਰਕੇ ਦੇਰ ਤੱਕ ਉਹ ਨੰਗੇ ਸਿਰ ਘੁੰਮਦੇ ਰਹੇ। ਬੇਬੇ ਨੇ ਆਵਾਜ਼ ਮਾਰੀ, ''ਪੱਗ ਨਹੀਂ ਬੰਨ੍ਹੀ ਜਾਂਦੀ? ਟੈਗੋਰ ਜਾ ਬਣਿਆ ਫਿਰਦੈਂ?'' ਮੈਂ ਕਿਹਾ, ''ਬੇਬੇ ਜੀ ਟੈਗੋਰ ਕੋਈ ਮਾੜਾ ਬੰਦਾ ਸੀ?'' ਬੇਬੇ ਨੇ ਕਿਹਾ, ''ਮਾੜੇ ਚੰਗੇ ਦੀ ਗੱਲ ਨੀ। ਟੈਗੋਰ ਟੈਗੋਰ ਸੀ। ਤੇਰਾ ਬਾਪੂ ਤੇਰਾ ਬਾਪੂ ਹੈ। ਇਹ ਨੂੰ ਕਹਿ ਪੱਗ ਬੰਨ੍ਹੇ।''

ਬਾਪੂ ਜੀ ਨੂੰ ਕਿਹਾ- ਗਰਮ ਪਾਣੀ ਬਾਲਟੀ ਵਿਚ ਪਾ ਕੇ ਗੁਸਲਖਾਨੇ ਵਿਚ ਰੱਖ। ਆਪੇ ਰਲਾਊਂਗੀ ਠੰਢਾ ਮੈਂ। ਵਧ ਠੰਢਾ ਰਲਾ ਕੇ ਤੂੰ ਪਾਣੀ ਦਾ ਲੱਕ ਤੋੜ ਦਿੰਨੈ।

ਕੁਝ ਸਾਲ ਪਹਿਲਾਂ ਸਮਦਰਸ਼ੀ ਰਸਾਲੇ ਨੇ ਪੱਛਮ ਦੀਆਂ ਕਹਾਣੀਆਂ ਦਾ ਵਿਸ਼ੇਸ਼ ਅੰਕ ਛਾਪਿਆ। ਹੁਣ ਕਹਾਣੀਕਾਰ ਅਤੇ ਕਹਾਣੀ ਦਾ ਨਾਮ ਚੇਤੇ ਨਹੀਂ। ਲਭ ਕੇ ਲਿਖਾਂਗਾ। ਕਹਾਣੀ ਯਾਦ ਹੈ। ਕਹਾਣੀ ਇਸ ਵਾਕ ਨਾਲ ਸ਼ੁਰੂ ਹੁੰਦੀ ਹੈ, ''ਸ਼ੁਰੂ ਸ਼ੁਰੂ ਵਿਚ ਹੱਸਣ ਦਾ ਹੱਕ ਕੇਵਲ ਅਮੀਰਾਂ ਨੂੰ ਸੀ ਗਰੀਬਾਂ ਨੂੰ ਨਹੀਂ। ਗਰੀਬਾਂ ਨੇ ਰੱਬ ਨੂੰ ਕਿਹਾ ਕਿ ਇਹ ਹੱਕ ਸਾਨੂੰ ਵੀ ਮਿਲਣਾ ਚਾਹੀਦਾ ਹੈ। ਰੱਬ ਨੇ ਗਰੀਬਾਂ ਨੂੰ ਵੀ ਹੱਕ ਦੇ ਦਿੱਤਾ ਕਿ ਉਹ ਹੱਸ ਲਿਆ ਕਰਨ।'' ਕਹਾਣੀ ਵਿਚ ਲੇਖਕ ਨਿੱਕਾ ਹੁੰਦਾ ਸਕੂਲ ਜਾਣ ਤੋਂ ਇਸ ਕਰਕੇ ਇਨਕਾਰੀ ਹੋ ਗਿਆ ਕਿਉਂਕਿ ਕਮੀਜ਼ ਇਕੋ ਹੈ ਤੇ ਉਹ ਗੰਦੀ ਹੈ। ਮਾਂ ਕੋਲ ਸਾਬਣ ਖਰੀਦਣ ਲਈ ਛੇ ਆਨੇ ਨਹੀਂ। ਜਿਵੇਂ ਜਿਵੇਂ ਉਹ ਆਲੇ ਕੁੱਜੇ ਫਰੋਲਦੀ ਹੈ, ਉਹ ਗਜ਼ਬ ਦੀਆਂ

www.punjabilibrary.com

ਕਲਾਤਮਿਕ ਛੂਹਾਂ ਹਨ। ਸਾਢੇ ਚਾਰ ਆਨੇ ਮਿਲ ਗਏ। ਡੇਢ ਆਨਾ ਹੋਰ ਚਾਹੀਦਾ ਹੈ। ਇਹ ਕਿਥੋਂ ਲਿਆਈਏ? ਇਹ ਵਿਚਾਰਾਂ ਹੋ ਰਹੀਆਂ ਸਨ ਕਿ ਦਰਵਾਜੇ ਤੇ ਇਕ ਮੰਗਤਾ ਆ ਖਲੋਤਾ। ਮਾਂ ਆਖਦੀ ਹੈ,'' ''ਬਾਬਾ ਜਦੋਂ ਆਊਨੈ ਕੁਝ ਨਾਂ ਕੁਝ ਸਰਦਾ ਬਣਦਾ ਦਿੰਦੇ ਹੀ ਹਾਂ ਤੈਨੂੰ। ਅੱਜ ਮੇਰੇ ਕੋਲ ਡੂਢ ਆਨਾ ਘੱਟ ਹੈ। ਅੱਜ ਸਾਨੂੰ ਤੂੰ ਨਹੀਂ ਦੇ ਸਕਦਾ ਇੰਨੇ ਕੁ ਪੈਸੇ?'' ਮੰਗਤੇ ਨੇ ਆਪਣੇ ਡੋਲੂ ਵਿਚੋਂ ਡੇਢ ਆਨਾ ਕੱਢ ਕੇ ਮਾਂ ਨੂੰ ਦਿੱਤਾ ਤੇ ਚਲਾ ਗਿਆ। ਮਾਂ ਹੱਸ ਪਈ। ਮੈਨੂੰ ਜੱਫੀ ਵਿਚ ਲੈ ਕੇ ਦੇਰ ਤੱਕ ਹੱਸੀ ਜਾਏ ਨਾਲੇ ਆਖੀ ਜਾਏ, ''ਹੋ ਗਿਆ ਨਾ ਕਮਾਲ? ਮੰਗਤੇ ਤੋਂ ਵੀ ਆਪਾਂ ਪੈਸੇ ਲੈ ਸਕਦੇ ਹਾਂ।'' ਉਹ ਹਸਦੀ ਰਹੀ। ਫਿਰ ਖੰਘ ਛਿੜ ਗਈ ਤਾਂ ਮਹਿਸੂਸ ਕੀਤਾ ਜਿਵੇਂ ਮੇਰੀ ਗਰਦਣ ਉਪਰ ਕੋਈ ਗਰਮ ਗਰਮ ਤਰਲ ਵਗਿਆ ਹੋਵੇ। ਮੈਂ ਪਿਛੇ ਹਟਿਆ ਤਾਂ ਮਾਂ ਸਦਾ ਲਈ ਜ਼ਮੀਨ ਤੇ ਡਿਗ ਪਈ। ਉਹ ਫੇਫੜਿਆਂ ਦੀ ਰੋਗਣ ਸੀ ਤੇ ਮੋਢੇ ਸਮੇਤ ਮੇਰੀ ਸਾਰੀ ਬਾਂਹ ਖੂਨ ਨਾਲ ਭਰ ਗਈ ਹੋਈ ਸੀ। ਅੰਤ ਵਿਚ ਲੇਖਕ ਪੁੱਛਦਾ ਹੈ ਕਿ ਗਰੀਬਾਂ ਨੇ ਰੱਬ ਤੋਂ ਹੱਸਣ ਦਾ ਹੱਕ ਪ੍ਰਾਪਤ ਕਰਕੇ ਕੀ ਖੱਟਿਆ?

ਇਸ ਕਹਾਣੀ ਦੀਆਂ ਕੁਝ ਸਤਰਾਂ ਲਾਗੇ ਮੈਂ ਪੈਨਸਿਲ ਨਾਲ ਨਿਸ਼ਾਨੀ ਲਾਈ ਹੋਈ ਸੀ। ਇਹ ਕਹਾਣੀ ਦੋ ਕੁ ਸਾਲ ਬਾਦ ਪੰਜਾਬੀ ਟ੍ਰਿਬਿਊਨ ਨੇ ਛਾਪੀ। ਬੇਬੇ ਨੂੰ ਮਿਲਣ ਗਿਆ ਤਾਂ ਅਖਬਾਰ ਉਸ ਦੇ ਸਿਰਹਾਣੇ ਹੇਠ ਪਿਆ ਸੀ। ਇਸ ਕਹਾਣੀ ਵਿਚੋਂ ਉਸ ਨੇ ਮੈਨੂੰ ਕੁਝ ਪੰਕਤੀਆਂ ਪੜ੍ਹ ਕੇ ਸੁਣਾਈਆਂ। ਇਹ ਉਹੋ ਪੰਕਤੀਆਂ ਸਨ ਜਿਨ੍ਹਾਂ ਉਪਰ ਮੈਂ ਨਿਸ਼ਾਨੀਆਂ ਲਾਈਆਂ ਸਨ। ਮਾਂ ਕਹਿਣ ਲੱਗੀ, ''ਏਸ ਵਲੈਤੀ ਬੰਦੇ ਨੇ ਤੇਰੀ ਮਾਂ ਦੀ ਕਹਾਣੀ ਲਿਖੀ ਹੈ ਪ੍ਰੋਫੈਸਰ। ਹਨ ਕਿ ਨਹੀਂ ਰੱਬ ਦੇ ਕਮਾਲ? ਨਾ ਇਹਨੇ ਮੈਂ ਦੇਖੀ ਨਾ ਭਾਲੀ, ਦੂਰ ਬੈਠੇ ਬਠਾਏ ਨੇ ਤੇਰੀ ਅਤੇ ਮੇਰੀ ਕਹਾਣੀ ਲਿਖ ਕੇ ਭੇਜ ਦਿੱਤੀ।''

ਦੁਸਹਿਰੇ ਤੋਂ ਪਹਿਲਾਂ ਕੱਚੇ ਘਰ ਦੀ ਲਿੱਪਾ ਪੋਚੀ ਦਾ ਕੰਮ ਸ਼ੁਰੂ ਹੋ ਜਾਂਦਾ। ਅਸੀਂ ਸਾਰੇ ਰਲ ਕੇ ਕੰਮ ਕਰਦੇ। ਕੰਧਾਂ ਉਪਰ ਪਾਂਡੂ ਦਾ ਪਰੋਲਾ ਫਿਰਦਾ ਤੇ ਫਰਸ਼ ਗਾਰੇ ਨਾਲ ਲਿਪਿਆ ਜਾਂਦਾ। ਕੋਈ ਗਾਰੇ ਵਿਚ ਪਾਣੀ ਪਾ ਰਿਹਾ ਹੈ, ਦੂਜਾ ਕਹੀ ਨਾਲ ਗੋਹਾ ਅਤੇ ਤੂੜੀ ਗਾਰੇ ਵਿਚ ਰਲਾ ਰਿਹਾ ਹੈ, ਕੋਈ ਚੀਜਾਂ ਵਸਤਾਂ ਪਰੇ ਪਰੇ ਕਰ ਰਿਹਾ ਹੈ ਤੇ ਕੋਈ ਲਿੱਪਣ ਵਿਚ ਮਦਦਗਾਰ ਹੈ। ਖੁਰਲੀਆਂ ਤੱਕ ਸਭ ਕੁਝ ਲਿਪਿਆ ਜਾਦਾ, ਘਰ ਦੀਆਂ ਛੱਤਾਂ ਵੀ। ਪਸ਼ੂਆਂ ਦੇ ਸਿੰਗਾਂ ਨੂੰ ਤੇਲ ਲਾ ਦਿੰਦੇ। ਚਾਰੇ ਪਾਸੇ ਸੁਗੰਧੀਆਂ। ਕੰਧਾਂ ਉਪਰ ਟੰਗਣ ਲਈ ਬਾਪੂ ਜੀ ਤਸਵੀਰਾਂ ਲਿਆਉਂਦੇ, ਰਮਾਇਣ ਦੀਆਂ, ਮਹਾਂਭਾਰਤ ਦੀਆਂ, ਗੁਰੂਆਂ ਦੀਆਂ। ਬੇਬੇ ਸਾਨੂੰ ਕਿਹਾ ਕਰਦੀ- ਇਹ ਰਮਾਇਣ ਮਹਾਂਭਾਰਤ ਦੀਆਂ ਮੂਰਤਾਂ ਨਾ ਲਿਆਇਆ ਕਰੋ। ਘਰ ਵਿਚ ਕਲੇਸ਼ ਪੈ ਜਾਂਦਾ ਹੈ ਇਨ੍ਹਾਂ ਨਾਲ। ਤੁਹਾਡੀ ਨਾਨੀ ਕਿਹਾ ਕਰਦੀ ਸੀ- ਮਹਾਂਭਾਰਤ ਚੰਗਾ ਲਗਦੈ ਪਰ ਜੇ ਕਿਸੇ ਹੋਰ ਦੇ ਘਰ ਛਿੜਿਆ ਹੋਵੇ। ਗੁਰੂ ਬਾਬੇ ਦੀ ਮੂਰਤ ਲਾ ਲਉ। ਸਾਹਿਬਜ਼ਾਦਿਆਂ ਦੀਆਂ ਮੂਰਤਾਂ ਲਾ ਲਉ। ਮਹਾਂਭਾਰਤ ਵਾਲਾ ਕਾਟੋ ਕਲੇਸ਼ ਠੀਕ ਨੀ ਹੁੰਦਾ।

ਮਹਾਂਭਾਰਤ ਦੇ ਜ਼ਿਕਰ ਤੋਂ ਗਾਂਧਾਰੀ ਯਾਦ ਆਈ। ਕੁਰੂ ਵੰਸ਼ ਦੇ ਸੌ ਬੇਟਿਆਂ ਦੀ ਮਾਂ। ਭਗਵਾਨ ਕ੍ਰਿਸ਼ਨ ਨੇ ਫੈਸਲਾ ਕੀਤਾ, ਗਾਂਧਾਰੀ ਨੂੰ ਧਰਵਾਸ ਦੇਣ ਚੱਲੀਏ। ਮਹਿਲ ਵਿਚ ਜਾ ਕੇ ਪ੍ਰਣਾਮ ਕਰਨ ਉਪਰੰਤ ਸਭ ਨੇ ਬੇਨਤੀਆਂ ਕਰਨੀਆਂ ਸ਼ੁਰੂ ਕੀਤੀਆਂ- ਸਰਾਪ ਨਾਂ ਦੇਈਂ ਗਾਂਧਾਰੀ ਮਾਂ। ਸਰਾਪ ਨਾ ਦੇਈਂ। ਗਾਂਧਾਰੀ ਨੇ ਕਿਹਾ- ਤੂੰ ਮੇਰੇ ਸੌ ਪੁਤਰਾਂ ਦਾ ਕਾਤਲ ਹੈਂ। ਸਰਾਪ ਤੋਂ ਕਿਵੇਂ ਬਚੇਂਗਾ? ਦੇਖ ਲਵੀਂ। ਤੂੰ ਅਣ-ਆਈ ਮੌਤ ਮਰੇਂਗਾ। ਤੂੰ ਲੜਾਈ ਟਾਲ ਸਕਦਾ ਸੀ। ਤੂੰ ਸਾਜ਼ਸ਼ ਰਚੀ। ਕਿਉਂ ਕੀਤੇ ਮੇਰੇ ਸੌ ਪੁੱਤਰਾ ਕਤਲ ਤੂੰ?

ਕ੍ਰਿਸ਼ਨ ਨੇ ਕਿਹਾ- ਗਾਂਧਾਰੀ ਤੂੰ ਸੌ ਪੁੱਤਰਾਂ ਦੀ ਮਾਂ ਹੈ। ਤੈਨੂੰ ਸੌ ਦੇ ਮਰਨ ਦਾ ਦੁਖ ਹੈ। ਪਰ ਸੌ ਨਹੀਂ ਉਥੇ ਲੱਖਾਂ ਮਰੇ, ਹੋਰ ਨਹੀਂ, ਮੈਂ ਮਰਿਆ ਸਾਂ ਲੱਖ ਵਾਰ। ਮੇਰੇ ਸੁਭਾਅ ਦਾ ਹਿੱਸਾ ਹੈ ਇਹ- ਕਦੀ ਮੈਂ ਇਕ ਤੋਂ ਲੱਖ ਹੋ ਜਾਂਦਾ ਹਾਂ, ਕਦੀ ਖੁਦ ਨੂੰ ਲੱਖ ਵਾਰ ਮਾਰਦਾ ਹਾਂ। ਬਾਰ ਬਾਰ ਇਹੀ ਕੁਝ ਕਰਦਾ ਹਾਂ।

ਜਦੋਂ ਮਿਲਣ ਜਾਂਦਾ, ਮਾਂ ਦੀ ਮੰਗ ਹੁੰਦੀ ਹੈ ਕਿ ਕੋਈ ਸਾਖੀ ਸੁਣਾ ਕੇ ਜਾਵਾਂ। ਅਕਸਰ ਸਾਖੀ ਸੁਣਾ ਕੇ ਪਰਤਦਾ। ਇਕ ਦਿਨ ਵਾਪਸੀ ਲਈ ਉਠਿਆ ਤਾਂ ਬੇਬੇ ਨੇ ਕਿਹਾ, ''ਸਾਖੀ ਸੁਣਾਏ ਬਗੈਰ ਕਿਵੇਂ ਜਾ ਸਕਦੈਂ?'' ਮੈਂ ਕਿਹਾ, ਕੋਈ ਨਵੀਂ ਸਾਖ਼ੀ ਤਾਂ ਹੈ ਨਹੀਂ ਹੁਣ। ਕਿਹਾ- ਪੁਰਾਣੀ ਸੁਣਾ ਜਾਹ। ਮੈਂ ਕਿਹਾ ਕਿ ਸੁਣੀ ਹੋਈ ਸਾਖੀ ਦੁਬਾਰਾ ਸੁਣਨ ਸੁਣਾਉਣ ਦਾ ਕੀ ਲਾਭ? ਉਹ ਬੋਲੀ, ''ਚਿੜੀ ਕਾਂ ਦੀ ਬੜੀ ਫਜ਼ੂਲ ਜਿਹੀ ਕਹਾਣੀ ਨਿੱਕੇ ਹੁੰਦਿਆਂ ਤੂੰ ਮੇਰੇ ਤੋਂ ਕਿੰਨੇ ਹਜ਼ਾਰ ਵਾਰ ਸੁਣੀ ਮੈਂ ਕਦੇ ਗਿਣਤੀ ਨੀਂ

www.punjabilibrary.com

ਕੀਤੀ। ਗੁਰੂਆਂ ਦੀਆਂ ਸਾਖੀਆਂ ਤਾਂ ਬੜੀਆਂ ਮੁੱਲਵਾਨ ਹਨ। ਦੋਹਾਂ ਜਹਾਨਾਂ ਵਿਚ ਤਾਰਦੀਆਂ ਹਨ। ਇਨ੍ਹਾਂ ਸਾਖੀਆਂ ਦਾ ਪੁੰਨ, ਸੁਣਨ ਵਾਲਿਆਂ ਅਤੇ ਸੁਣਾਉਣ ਵਾਲਿਆਂ ਸਭਨਾਂ ਨੂੰ ਮਿਲਦਾ ਹੈ। ਇਹ ਕਦੀ ਪੁਰਾਣੀਆਂ ਨਹੀਂ ਹੁੰਦੀਆਂ। ਜਦੋਂ ਕੋਈ ਤੈਥੋਂ ਸਾਖੀ ਸੁਣਨ ਦਾ ਖਾਹਸ਼ਮੰਦ ਹੋਵੇ ਤਾਂ ਇਨਕਾਰ ਨਾਂ ਕਰੀਂ। ਤੈਨੂੰ ਰੱਬ ਨੇ ਵਿੱਦਿਆ ਦਿੱਤੀ ਹੈ। ਵਿਦਿਆ ਅਜਿਹੀ ਫਸਲ ਹੈ ਜਿਸ ਦੇ ਸਾਰੇ ਹੱਕਦਾਰ ਹਨ। ਜਿਹੜਾ ਮੰਗੇ, ਉਸਨੂੰ ਉਸ ਦਾ ਹੱਕ ਦੇਈਂ।''

ਗੱਲਾਂ ਕਰਦਿਆਂ ਸੁਣਦਿਆਂ ਉਪਮਾ ਅਲੰਕਾਰ ਉਸਦੇ ਮੂਹੋਂ ਸਹਿਜ ਸੁਭਾ ਉਤਰਦੇ। ਅਸੀਂ ਦੋਵੇਂ ਬੱਸ ਵਿਚ ਬੈਠੇ ਕਿਧਰੇ ਜਾ ਰਹੇ ਸਾਂ ਤਾਂ ਦੋਵਾਂ ਨੂੰ ਅੱਡੋ ਅੱਡ ਸੀਟ ਮਿਲੀ। ਥੋੜੀ ਦੇਰ ਬਾਦ ਉਹ ਆਪਣੀ ਸੀਟ ਤੋਂ ਉਠ ਕੇ ਮੇਰੀ ਸੀਟ ਉਪਰ ਨਾਲ ਹੀ ਤੰਗ ਜਿਹੀ ਹੋ ਕੇ ਬੈਠ ਗਈ। ਮੈਂ ਉਥੋਂ ਉਠ ਕੇ ਆਉਣ ਦਾ ਕਾਰਨ ਪੁੱਛਿਆ ਤਾਂ ਬੋਲੀ, ''ਅਹੁ ਸੀਟ ਤੇ ਜਿਹੜਾ ਬੰਦਾ ਮੇਰੇ ਨਾਲ ਬੈਠਾ ਸੀ ਤਾਕੀ ਵਾਲੇ ਪਾਸੇ, ਉਸ ਦਾ ਮੂੰਹ ਦੇਖ। ਭੁਜੀਆ ਖਾਣ ਵੇਲੇ ਮੂੰਹ ਖੋਲ੍ਹਦਾ ਹੈ ਤਾਂ ਲੱਗਦਾ ਹੈ ਟੈਚੀਕੇਸ ਖੁਲ੍ਹ ਗਿਆ ਹੋਵੇ। ਭੁਜੀਆ ਖਾਈ ਜਾਂਦਾ ਹੈ, ਨਾਲ ਵਾਲੇ ਨਾਲ ਗੱਲਾਂ ਵੀ ਕਰੀ ਜਾਂਦਾ ਹੈ, ਹੱਸੀ ਵੀ ਜਾਂਦਾ ਹੈ ਤਾਂ ਭੁਜੀਆ ਉਸਦੇ ਮੂੰਹ ਵਿਚੋਂ ਇਉਂ ਕਿਰਦਾ ਹੈ ਜਿਵੇਂ ਚੌਲਾਂ ਦੇ ਸ਼ੈਲਰ ਦੀ ਪਾਈਪ ਵਿਚੋਂ ਬਾਹਰ ਫੱਕ ਡਿਗਦੀ ਹੈ। ਉਥੇ ਨਹੀਂ ਬੈਠਿਆ ਜਾਂਦਾ ਮੇਰੇ ਤੋਂ। ਇਹ ਤਾਂ ਅੰਬ ਵੀ, ਬੇਰ ਵਾਂਗ ਮੂੰਹ ਵਿਚ ਪਾਉਂਦਾ ਹੋਏਗਾ, ਸਾਬਤ, ਗੁਠਲੀ ਸਣੇ।''

ਕਣਕਾਂ ਪੱਕਣ ਲੱਗਦੀਆਂ, ਬੱਦਲ ਚੜ੍ਹ ਆਉਂਦੇ। ਵਿਸਾਖ ਦੇ ਮਹੀਨੇ ਤੇਜ਼ਧਾਰ ਬਾਰਸ਼ਾਂ ਹੁੰਦੀਆਂ। ਅਸੀਂ ਆਖਦੇ- ਇਹ ਕਿਹੜੇ ਮੌਸਮ ਦਾ ਮੀਂਹ ਹੋਇਆ? ਬੇਬੇ ਆਖਦੀ- ਵਸਾਖ ਦਾ ਮਹੀਨਾ ਦੱਸਿਆ ਕਰਦਾ ਹੈ ਕਿ ਮੇਰੇ ਵਿਚ ਤੇ ਸਾਉਣ ਵਿਚ ਕੋਈ ਫਰਕ ਨਹੀਂ। ਏਨਾ ਕੁ ਫਰਕ ਹੈ ਕਿ ਮੇਰੇ ਪਿਛੇ ਤੁਰੇ ਆਉਂਦੇ ਮੇਰੇ ਪਿਛਲੱਗ ਜੇਠ ਅਤੇ ਹਾੜ੍ਹ ਖੇਹ ਉਡਾਊ ਹਨ। ਸੌਣ ਦੇ ਪਿਛੇ ਪਿਛੇ ਤੁਰੇ ਆਉਂਦੇ ਉਸਦੇ ਦੋਸਤ ਭਾਦੋਂ ਤੇ ਅੱਸੂ ਉਸੇ ਵਰਗੇ ਹਨ, ਖੌਰੂ ਪਾਊ, ਬਰਨਾ ਉਡਾਊ ਨਹੀਂ ਹਨ। ਤਾਂ ਸਾਉਣ ਦੀ ਕਦਰ ਬਣੀ। ਜਿਸ ਨੂੰ ਖੱਪੀ ਸੰਗੀ ਸਾਥੀ ਮਿਲ ਜਾਣ ਉਸਦਾ ਹਾਲ ਮਾੜਾ।

ਇਹ ਵੀ ਦੱਸਿਆ- ਸਿਆਣੇ ਬੱਦਲ ਨੂੰ ਜੱਟ ਦੀ ਕਿਸੇ ਕਰਤੂਤ ਤੋਂ ਗੁੱਸਾ ਆ ਗਿਆ ਜਿਸ ਕਰਕੇ ਉਸਨੇ ਫੈਸਲਾ ਕੀਤਾ ਕਿ ਬਰਸਣਾ ਨਹੀਂ। ਰੁਕਿਆ ਰਿਹਾ। ਇਕ ਕਮਲਾ ਬੱਦਲ ਲੰਘਿਆ ਜਾ ਰਿਹਾ ਸੀ। ਉਸ ਨੇ ਸਿਆਣੇ ਬੱਦਲ ਨੂੰ ਨਾ ਬਰਸਣ ਦਾ ਕਾਰਨ ਪੁੱਛਿਆ। ਸਿਆਣੇ ਬੱਦਲ ਨੇ ਕਿਹਾ- ਜੱਟ ਨੂੰ ਭੁੱਖਾ ਮਾਰਾਂਗੇ। ਨਾ ਬਰਸਾਂਗੇ, ਨਾ ਬਿਜਾਈ ਹੋਏਗੀ ਨਾ ਫਸਲ ਹੋਏਗੀ, ਕਾਲ ਪਏਗਾ। ਕਮਲਾ ਬੱਦਲ ਬੋਲਿਆ- ਜੇ ਇਹ ਗੱਲ ਹੈ ਤਾਂ ਮੈਂ ਬਰਸਦਾ ਹਾਂ। ਜਿੰਨੇ ਦਾਣੇ ਜੱਟ ਦੇ ਘਰ ਅੰਦਰ ਪਏ ਹਨ, ਉਹ ਖੇਤਾਂ ਵਿਚ ਜਾਕੇ ਬੀਜ ਦਏਗਾ। ਜੇ ਇਕ ਮੀਂਹ ਵੀ ਨਾ ਪਿਆ ਫੇਰ ਤਾਂ ਇਹ ਦਾਣੇ ਉਸਦੇ ਕੰਮ ਆ ਜਾਣਗੇ। ਬਾਹਰੋਂ ਨਹੀਂ ਦੇਣਾ ਨਾ ਸਹੀ, ਅੰਦਰਲਾ ਅੰਨ ਕਢਵਾਉਣ ਵਾਸਤੇ ਇਕ ਵਾਰ ਤਾਂ ਬਰਸਣ ਦੇਹ।

ਉਦੋਂ ਦਾ ਭਾਈ ਜੱਟ ਸਿਆਣਾ ਹੋ ਗਿਆ ਹੈ। ਹੁਣ ਇਕ ਅੱਧੇ ਬੱਦਲ ਦੇ ਬਰਸਣ ਤੋਂ ਤੁਰੰਤ ਬਾਦ ਆਪਾਂ ਕੋਈ ਨੀਂ ਦਾਣੇ ਖੇਤ ਵਿਚ ਖਿੰਡਾਉਂਦੇ।

ਸਰਦੀਆਂ ਵਿਚ ਬਰਫਾਨੀ ਠੱਕਾ ਚਲਦਾ। ਅਸੀਂ ਬੱਚੇ ਰਾਤ-ਬਰਾਤੇ ਘਰੋਂ ਨਿਕਲਣ ਲਗਦੇ ਤਾਂ ਉਹ ਇਨ੍ਹਾਂ ਸ਼ਬਦਾਂ ਨਾਲ ਵਰਜਦੀ- ''ਟਿਕ ਕੇ ਬੈਠੋ। ਬਾਹਰ ਹਵਾ ਭਟਕ ਚੁੱਕੀ ਹੈ।'' ਠੰਢੇ ਪਾਣੀ ਨਾਲ ਮੂੰਹ ਧੋਂਦੀ ਆਖਦੀ- ''ਸਿਆਲ ਵਿੱਚ ਪਾਣੀ ਗੋਲੀ ਵਾਂਗ ਵਜਦਾ ਹੈ।'' ਸਾਨੂੰ ਦੱਸਿਆ ਕਰਦੀ, ਘਬਰਾਹਟ ਵਿੱਚ ਇੰਨੀ ਉਲਝਣ ਹੋ ਜਾਇਆ ਕਰਦੀ ਹੈ ਕਿ ਪਤਾ ਨਹੀਂ ਲਗਦਾ ਕੀ ਕਰੀਏ। ਪਰਾਂਤ ਖੋਈ ਜਾਵੇ ਤਾਂ ਮੈਂ ਘੜਿਆਂ ਵਿੱਚ ਹੱਥ ਮਾਰਦੀ ਲੱਭਦੀ ਫਿਰਦੀ ਹਾਂ।'' ਕੋਈ ਗੁਆਂਢਣ ਵਿਅੰਗ ਕਰਦੀ ਤਾਂ ਉਸ ਨੂੰ ਕਰਾਰ ਜਵਾਬ ਵਿਅੰਗ ਵਿਚ ਹੀ ਮਿਲਦਾ। ਔਰਤਾਂ ਹੱਸਣ ਲਗਦੀਆਂ ਤਾਂ ਆਪਣੇ ਮੋਢੇ ਉਤੇ ਥਾਪੀ ਦੇ ਕੇ ਆਖਦੀ- ਸ਼ੇਰ ਮਾਰਨ ਜੋਗੀ ਨਾ ਸਹੀ, ਇਹ ਸੋਟੀ ਭਾਂਡੇ ਭੰਨਣ ਜੋਗੀ ਤਾਂ ਹੈ ਅਜੇ।

ਇਕ ਵਾਰ ਵੱਡੀਆਂ ਦੋਵੇਂ ਭਰਜਾਈਆਂ ਬੇਬੇ ਜੀ ਦੇ ਦੁਆਲੇ ਹੋ ਗਈਆਂ ਕਿ ਸਾਡੇ ਕਿਸੇ ਕੰਮ ਨਹੀਂ ਆਉਂਦਾ ਪ੍ਰੋਫੈਸਰ। ਜਦੋਂ ਪੜ੍ਹਿਆ ਕਰਦਾ ਸੀ, ਕਿਹਾ ਕਰਦਾ ਸੀ, ਸਾਰੇ ਕੰਮ ਕਰਾਂਗਾ ਤੁਹਾਡੇ। ਤੁਹਾਡੇ ਬੱਚਿਆਂ ਨੂੰ ਪੜ੍ਹਾਵਾਂਗਾ ਵੀ ਨੌਕਰੀਆਂ ਵੀ ਲੁਆਵਾਂਗਾ। ਹੁਣ ਗੱਲ ਨਹੀਂ ਕਰਦਾ। ਮਾਂ ਨੇ ਕਿਹਾ,

www.punjabilibrary.com

''ਉਦੋਂ ਇਹ ਕਮਜ਼ੋਰ ਸੀ। ਨਿਆਣਾ ਸੀ। ਤੁਸੀਂ ਤਕੜੀਆਂ ਸਉ। ਪੁਲਸ ਦੀ ਮਾਰ ਹੇਠ ਆਇਆ ਬੰਦਾ ਐਵੇਂ ਮੰਨੀ ਜਾਇਆ ਕਰਦਾ ਹੈ ਜੋ ਮਰਜ਼ੀ ਮਨਾ ਲਉ। ਕਰਨਾ ਕਰਾਉਣਾ ਕੀ ਹੈ ਇਹਨੇ ਕਿਸੇ ਦਾ ਹੁਣ? ਡਰਦਾ ਮਾਰਿਆ ਇਕਰਾਰ ਕਰੀ ਜਾਂਦਾ ਸੀ। ਹੁਣ ਨੀਂ ਦਵਾਲ ਇਹ ਕਿਸੇ ਨੂੰ ਕੁਝ।''

ਇਕ ਦਿਨ ਕਹਿਣ ਲੱਗੀ, ''ਕਿੰਨੇ ਪਾਪੀ ਹੋ ਗਏ ਨੇ ਤੇਰੇ ਪਿੰਡ ਦੇ ਲੋਕ। ਮੋਰਾਂ ਨੂੰ ਮਾਰ ਕੇ ਖਾ ਜਾਂਦੇ ਹਨ। ਮੁਰਗਾਬੀਆਂ ਤਾਂ ਕੀ ਕੂੰਜਾਂ ਨੂੰ ਵੀ ਨਹੀਂ ਛੱਡਦੇ। ਕੋਈ ਉਚੀ ਦੇ ਕੇ ਮੋਰ ਵਾਂਗ ''ਕਿਆਕੋ'' ਕਹਿ ਦਏ ਤਾਂ ਦੜੈਂ ਗੋਲੀ ਮਾਰ ਦੇਣ ਇਹ। ਗਿਰਝਾਂ ਤਾਂ ਰਹੀਆਂ ਨੀਂ ਹੁਣ। ਇਹ ਹੱਡਾਰੋੜੀ ਵਿਚ ਕਿਉਂ ਨਹੀਂ ਜਾ ਬੈਠਦੇ ਮੁਰਦਾਰ ਖਾਣ?''

ਮਾਂ ਦੀ ਉਮਰ ਨੱਬੇ ਸਾਲ ਦੀ ਹੋ ਗਈ ਹੈ। ਪੰਦਰਾਂ ਸਾਲ ਦੀ ਉਮਰ ਵਿਚ ਉਹ ਮੇਰੇ ਪਿੰਡ ਆਈ। ਹੁਣ ਤੱਕ ਮੇਰਾ ਪਿੰਡ ਉਸ ਦਾ ਪਿੰਡ ਨਹੀਂ ਬਣਿਆ। ਉਸ ਦਾ ਪਿੰਡ ਉਹੀ ਹੈ ਜਿਥੇ ਉਸ ਦਾ ਜਨਮ ਹੋਇਆ। ਗੱਲਾਂ ਕਰਦਿਆਂ ਹਮੇਸ਼ ਇਹੀ ਆਖਦੀ- ਤੇਰੇ ਪਿੰਡ ਮੈਂ ਇਉਂ ਕੀਤਾ।

ਪਿੰਡ ਕਿਸੇ ਕੰਮ ਕਿਸੇ ਦੇ ਘਰ ਗਈ। ਆ ਕੇ ਕਹਿਣ ਲੱਗੀ, ''ਬੜਾ ਵੱਡਾ ਟੱਬਰ ਹੈ ਉਨ੍ਹਾਂ ਦਾ।'' ਮੈਂ ਪੁੱਛਿਆ, ''ਤੁਸੀਂ ਕਿਥੋਂ ਦੇਖ ਲਿਆ ਸਾਰਾ ਟੱਬਰ?'' ਬੇਬੇ ਨੇ ਕਿਹਾ, ਟੱਬਰ ਦੇਖ ਕੇ ਕੀ ਕਰਨਾ ਸੀ। ਕਰਤਾਰ ਕੁਰ ਰੋਟੀਆਂ ਪਕਾਉਂਦੀ ਦੇਖੀ। ਵੱਡੀ ਪਰਾਂਤ ਵਿਚ ਗੁਨ੍ਹਿਆ ਹੋਇਆ ਆਟਾ ਇਉਂ ਲਗਦਾ ਸੀ ਜਿਵੇਂ ਭੇਡ ਮਾਰ ਕੇ ਲਿਟਾਈ ਹੋਵੇ।''

ਪਾਰਲੀਮੈਂਟ ਦੀ ਚੋਣ ਦੇ ਨਤੀਜੇ ਆਏ। ਬੇਬੇ ਨੇ ਪੁੱਛਿਆ, ''ਕਿਸ ਦੀ ਸਰਕਾਰ ਬਣੀ ਹੈ?'' ਮੈਂ ਕਿਹਾ, ''ਕਿਸੇ ਦੀ ਨਹੀਂ। ਪੂਰੀ ਸੰਮਤੀ ਕਿਸੇ ਦੀ ਨਹੀਂ ਬਣੀ। ਕੰਮ ਚਲਾਊ ਸਰਕਾਰ ਬਣੀ ਹੈ।'' ਬੇਬੇ ਨੇ ਕਿਹਾ, ''ਏਸ ਦੇਸ਼ ਵਿਚ ਹੁਣ ਕੰਮ-ਚਲਾਊ ਸਰਕਾਰਾਂ ਬਣਨਗੀਆਂ। ਕੰਮ-ਚਲਾਊ ਸਰਕਾਰ ਉਸਨੂੰ ਕਹਿੰਦੇ ਹਨ ਜਿਹੜੀ ਤੋਂ ਕੰਮ ਨਾ ਚੱਲ ਸਕਦਾ ਹੋਵੇ।''

ਨੌਵੀਂ ਜਮਾਤ ਵਿਚ ਪੜ੍ਹਦਿਆਂ ਮੈਂ ਇਕ ਦਿਨ ਕਿਹਾ, ''ਬੇਬੇ ਲੱਗਦਾ ਹੈ ਮੇਰਾ ਕੱਦ ਹੁਣ ਹੋਰ ਨਹੀਂ ਵਧੇਗਾ। ਜਿੰਨਾ ਵਧਣਾ ਸੀ ਵਧ ਗਿਆ।'' ਉਸਨੈ ਕਿਹਾ, ''ਜੇ ਸਾਧ ਮਤਾ ਰਖੇਂ ਤਾਂ ਹੋਰ ਵੀ ਵਧੇਂ। ਸਾਧੂਆਂ ਵਰਗਾ ਸੁਭਾ ਬਣਾ।''

ਬੈਠਿਆਂ ਗੱਲਾਂ ਕਰਦਿਆਂ ਇਕ ਦਿਨ ਕਹਿਣ ਲੱਗੀ, ''ਤੁਸੀਂ ਸਾਰੇ ਭੈਣ ਭਾਈ ਪੜ੍ਹਨ ਵਚ ਮਿਹਨਤੀ ਨਿਕਲੇ ਤਾਂ ਤੁਹਾਨੂੰ ਤਰੱਕੀਆਂ ਕਰਦਿਆਂ ਦੇਖ ਕੇ ਇਕ ਵਾਰ ਤਾਂ ਪਿੰਡ ਦੇ ਮੁੰਡਿਆਂ ਨੇ ਡੰਗਰ ਚਾਰਨ ਵਾਲੀਆਂ ਸੋਟੀਆਂ ਤੇ ਕੁੜੀਆਂ ਨੇ ਗੋਹਾ ਸੁੱਟਣ ਵਾਲੇ ਟੋਕਰੇ ਵਗਾਹ ਕੇ ਕਿਤਾਬਾਂ ਚੁੱਕ ਲਈਆਂ ਸਨ, ਪਰ ਪੰਜ ਪੰਜ ਚਾਰ ਚਾਰ ਸਾਲ ਲਾ ਕੇ ਜਦੋਂ ਦੇਖ ਲਿਆ ਬਈ ਗੱਲ ਬਣ ਨਹੀਂ ਰਹੀ ਤਾਂ ਸੋਟੀਆਂ ਫੇਰ ਹੱਥਾਂ ਵਿਚ ਅਤੇ ਟੋਕਰੇ ਫੇਰ ਸਿਰਾਂ ਉਪਰ ਜਾ ਟਿਕੇ।''

ਪਤਾ ਲਗਦਾ ਕਿ ਕਿਸੇ ਗਵਾਂਢੀ ਨੇ ਆਪਣੀ ਜਨਾਨੀ ਉਪਰ ਹੱਥ ਚੁਕਿਆ ਹੈ ਤਾਂ ਉਲਾਂਭਾ ਦੇਣ ਉਸਦੇ ਘਰ ਜਾਂਦੀ। ਆਖਦੀ- ਵੇ ਧਰਤੀ ਨੂੰ ਕੁੱਟ ਲਿਆ ਜੇਹਾ ਜਨਾਨੀ ਨੂੰ ਕੁੱਟ ਲਿਆ, ਇਸ ਵਿਚ ਕਾਹਦੀ ਸੂਰਮਗਤੀ? ਕੋਈ ਹੈ ਨੀ ਸਰਮ ਹਯਾ ਤੈਨੂੰ? ਡੋਬ ਦਏਂਗਾ ਏਸ ਗਊ ਦਾ ਹਉਕਾ। ਰੋਟੀ ਪਕਦੀ ਬੁਰੀ ਲੱਗਣ ਲੱਗੀ ਤੈਨੂੰ? ਬੇ ਸਰਮ।

ਰੁਮਾਲੇ ਵਿਚ ਪੰਜ ਗ੍ਰੰਥੀ ਪੇਟੀ ਵਿਚ ਤੇ ਗੁਟਕਾ ਰੁਮਾਲ ਵਿਚ ਵਲੇਟ ਕੇ ਉਚੇ ਆਲੇ ਵਿੱਚ ਰਖਦੀ। ਮਤਲਬ ਨਹੀਂ ਕਿ ਹੱਥ ਧੋਏ ਬਗੈਰ ਕੋਈ ਛੂਹ ਸਕੇ। ਪਜਾਮਾ ਖਰਾਬ ਨਾ ਹੋਏ, ਬੈਠਣ ਲੱਗਿਆਂ ਅਖ਼ਬਾਰ ਜਾਂ ਕਿਸੇ ਰਸਾਲੇ ਨੂੰ ਹੇਠ ਧਰ ਕੇ ਬੈਠ ਜਾਂਦੇ ਤਾਂ ਝਿੜਕਾਂ ਪੈਂਦੀਆਂ- ਅਕਲ ਮਾਰੀ ਗਈ? ਵਿੱਦਿਆ ਨੀਵੀਂ ਥਾਂ ਤੇ ਰੱਖੀਦੀ ਹੈ? ਅਸੀਂ ਹਸਦੇ- ਕੀ ਹੋ ਗਿਆ ਮਾਂ। ਇਹ ਕਿਹੜਾ ਬਾਣੀ ਹੈ। ਫਜ਼ੂਲ ਦੇ ਵਰਕੇ ਹਨ। ਉਹ ਆਖਦੀ- ਅੱਖਰ ਤੋਂ ਵਡਾ ਕੋਈ ਧਨ ਨਹੀਂ। ਪਤੈ? ਗੁਰੂਆਂ ਨੇ ਤਪਸਿਆ ਕੀਤੀ ਤਾਂ ਰੱਬ ਨੇ ਉਨ੍ਹਾਂ ਦੀ ਝੋਲੀ ਅੱਖਰਾਂ ਨਾਲ ਭਰੀ। ਅਕਲ ਤੋਂ ਕੰਮ ਲਉ ਅਕਲ ਤੋਂ।

ਚਚੇਰਾ ਭਰਾ ਗੁਰਤੇਜ ਬਹੁਤ ਸ਼ਰਾਬ ਪੀਣ ਲੱਗ ਪਿਆ ਤੇ ਸਮਝਾਉਣ ਦੇ ਬਾਵਜੂਦ ਨਾ ਹਟਿਆ ਤਾਂ ਮੌਤ ਹੋ ਗਈ, ਬੇਬੇ ਨੂੰ ਖੱਬਰ ਦੱਸੀ ਤਾਂ ਹਉਕਾ ਲੈ ਕੇ ਕਹਿਣ ਲੱਗੀ, ''ਲੋਕਾਂ ਨੂੰ ਪਤਾ ਨਹੀਂ ਲਗਦਾ ਇਹ ਸੰਸਾਰ ਤੇਜ ਅੱਗ ਦੀ ਤਰ੍ਹਾਂ ਹੈ। ਇਸ ਵਿਚ ਘਾਹ ਫੂਸ ਲੱਕੜ ਤਿੰਬੜ ਸਭ ਜਲ ਕੇ ਰਾਖ ਹੋ ਜਾਂਦਾ ਹੈ, ਪਰ ਜਿਹੜਾ ਸੋਨਾ ਹੁੰਦਾ ਹੈ, ਉਹ ਇਸ ਅੱਗ ਵਿਚ ਖਤਮ ਹੋਣ ਦੀ ਥਾਂ ਹੋਰ ਨਿਖਰ ਜਾਂਦਾ ਹੈ।''

www.punjabilibrary.com

ਕੋਈ ਵੱਡਾ ਜੋਖਮ ਭਰਿਆ ਕੰਮ ਛੇੜਨ ਵੇਲੇ ਜਦੋਂ ਅਸੀਂ ਮਾਂ ਨਾਲ ਖਤਰਿਆਂ ਬਾਰੇ ਗੱਲ ਕਰਦੇ ਤਾਂ ਉਹ ਆਖਦੀ, ''ਮੱਖੀਆਂ ਦੇ ਡੰਗ ਤੋਂ ਡਰਦਿਆਂ ਆਦਮੀ ਨੇ ਮਖਿਆਲ ਖਾਣਾ ਨੀਂ ਛਡਿਆ। ਦੁਲੱਤੇ ਮਾਰਦੀਆਂ ਗਾਵਾਂ ਦਾ ਦੁੱਧ ਚੋਣੋਂ ਹਟ ਜਾਂਦੇ ਹਾਂ? ਕਦੀ ਕਿਹਾ ਹੈ ਕਿਸੇ ਨੇ ਕਿ ਏਨੀ ਤੂੜੀ ਵਿਚੋਂ ਕੌਣ ਦਾਣੇ ਕੱਢਦਾ ਫਿਰੇ? ਖੇਤ ਏਸ ਕਰਕੇ ਨਹੀਂ ਵਾਹਣ ਜਾਵਾਂਗੇ ਕਿ ਕੰਡਿਆਈ ਬੜੀ ਹੈ? ਕਿਲੇ ਦੀ ਕੰਧ ਵਾਂਗ ਜਮੀਆਂ ਹੋਈਆਂ ਰੋਹੀਆਂ ਤੋੜ ਕੇ ਤਿਆਰ ਕੀਤੀ ਜ਼ਮੀਨ ਦੇ ਅੰਨ ਦੀ ਰੋਟੀ ਪਕਾ ਕੇ ਖਾਧੀ ਹੈ ਅਸਾਂ। ਤੁਸੀਂ ਮਾੜੇ ਕੁ ਖਤਰੇ ਤੋਂ ਘਬਰਾ ਗਏ? ਜੁਆਨੀ ਦੇ ਦਿਨੀ ਏਨੀ ਤਾਕਤ ਹੋਇਆ ਕਰਦੀ ਸੀ, ਏਨਾ ਹੌਸਲਾ ਕਿ ਪਿਆਸ ਲੱਗੀ ਹੈ ਫੇਰ ਕੀ ਹੋਇਆ ਜੇ ਪਾਣੀ ਨਹੀਂ। ਖੂਹ ਪੁੱਟੋ ਤੇ ਪਾਣੀ ਪੀਓ। ਔਖੀ ਚੀਜ਼ ਹੈ ਕਿਹੜੀ ਜੇ ਰੱਬ ਸਾਥ ਦੇਵੇ? ਭਰੋਸਾ ਰੱਖੋ ਗੁਰੂ ਤੁਹਾਡੇ ਅੰਗ ਸੰਗ ਹੈ।''

ਛੋਟੇ ਬੇਟੇ ਦਾ ਨਾਮ ਸੁਖਨਬੀਰ ਹੈ। ਚਾਰ ਸਾਲ ਦੇ ਨੂੰ ਨਾਲ ਲੈ ਕੇ ਪਿੰਡ ਚਲਾ ਗਿਆ। ਉਸਨੂੰ ਬੇਬੇ ਕੋਲ ਛੱਡ ਕੇ ਮੈਂ ਕਿਸੇ ਕੰਮ ਨਿਕਲ ਗਿਆ ਤੇ ਸਵੇਰ ਦਾ ਗਿਆ ਸ਼ਾਮੀ ਪਰਤਿਆ। ਬੇਬੇ ਨੇ ਦੱਸਿਆ, ''ਤੇਰਾ ਮੁੰਡਾ ਅੱਜ ਮੈਂ ਮੌਕੇ ਤੇ ਫੜ ਲਿਆ। ਮੈਨੂੰ ਗਾਲਾਂ ਦੇ ਰਿਹਾ ਸੀ ਇਕੱਲਾ ਬੈਠਾ। ਮੈਂ ਆਈ ਤਾਂ ਉਸਨੂੰ ਪਤਾ ਨਾ ਲੱਗਾ, ਮੇਰੇ ਵੱਲ ਪਿੱਠ ਸੀ, ''ਗੰਦੀ ਬੇਬੇ, ਹਰਾਮਣ ਬੇਬੇ ਪਤਾ ਨੀਂ ਕਿਧਰ ਗਈ।'' ਮੈਂ ਪੁਛਿਆ, ''ਓਏ ਕਿਉਂ ਗਾਲ੍ਹਾਂ ਕੱਢ ਰਿਹਾ ਹੈਂ ਮੈਨੂੰ?'' ਉਸ ਨੇ ਕਿਹਾ, ''ਤੁਹਾਨੂੰ ਨਹੀਂ, ਮੈਂ ਤਾਂ ਕੰਧ ਨੂੰ ਗਾਲ੍ਹਾਂ ਦੇ ਰਿਹਾ ਸੀ।'' ਮੈਂ ਪੁਛਿਆ, ਕੰਧ ਨੂੰ ਕਿਉਂ ਦਿੰਦਾ ਸੀ ਗਾਲ੍ਹਾਂ? ਇਸ ਨੇ ਕਿਹਾ, ''ਮੈਨੂੰ ਭੁੱਖ ਲੱਗੀ। ਕੰਧ ਨੇ ਰੋਟੀ ਨਹੀਂ ਦਿੱਤੀ। ਹੋਰ ਕੀ ਕਰਦਾ? ਗਾਲ੍ਹਾਂ ਦਿੱਤੀਆਂ।'' ਮੈਂ ਸੁਖਨਬੀਰ ਨੂੰ ਝਿੜਕਣ ਹੀ ਲੱਗਾ ਸਾਂ ਕਿ ਮਾਂ ਨੇ ਮੈਨੂੰ ਕਿਹਾ, ''ਸੁਣ। ਤੇਰੀ ਪਿੱਠ ਪਿਛੇ ਕੋਈ ਗਾਲ੍ਹਾਂ ਦੇਵੇ ਤਾਂ ਧਿਆਨ ਨਾ ਦੇਈਂ। ਲੋਕ ਰੱਬ ਨੂੰ ਨਹੀਂ ਛੱਡਦੇ ਤੂੰ ਕੀ ਚੀਜ਼ ਹੈਂ। ਕੀ ਪਤਾ ਗਾਲ੍ਹਾਂ ਦੇਣ ਵਾਲਾ ਸੱਚਾ ਹੋਵੇ। ਜੇ ਉਹ ਆਖੇ, ਤੈਨੂੰ ਨਹੀਂ, ਦਰਖਤ ਨੂੰ ਗਾਲ ਦਿੱਤੀ ਹੈ ਤਾਂ ਇਹੋ ਸੱਚ ਮੰਨੀ ਕਿ ਦਰਖਤ ਨੂੰ ਗਾਲ੍ਹ ਦਿੱਤੀ ਹੈ, ਮੈਨੂੰ ਨਹੀਂ।''

ਮੈਂ ਪੁਛਿਆ, ਇਹ ਸਭ ਕੁਝ ਮੈਨੂੰ ਕਿਉਂ ਸਮਝਾਇਆ ਜਾ ਰਿਹਾ ਹੈ? ਤਾਂ ਉਹ ਬੋਲੀ, ''ਇਸ ਕਰਕੇ ਕਿ ਥੋਡੇ ਸਾਰੇ ਭੈਣ ਭਰਾਵਾਂ ਉਪਰ ਗੁਰੂ ਦਇਆਵਾਨ ਹੈ। ਤੁਸੀਂ ਚੜ੍ਹਤ ਵਿਚ ਹੋ। ਕਿਹੜੀ ਤਾਕਤ ਅਤੇ ਸ਼ਾਨ ਹੋਰ ਹੈ ਜਿਹੜੀ ਤੁਹਾਨੂੰ ਨਹੀਂ ਮਿਲੀ? ਅਜੇ ਹੋਰ ਮਿਲੇਗੀ। ਜਿਹੜੇ ਇਸ ਤਾਕਤ ਤੋਂ ਖਾਲੀ ਹਨ, ਦੁਖੀ ਹਨ, ਮੰਦਾ ਚੰਗਾ ਬੋਲਣ ਦਾ ਹੱਕ ਉਨ੍ਹਾਂ ਦਾ ਹੈ ਤੇਰਾ ਨਹੀਂ।''

ਇਹੋ ਜਿਹੀ ਗੱਲ ਬਾਪੂ ਨੇ ਕਹੀ ਸੀ ਜਦੋਂ ਮੈਂ ਕਾਲਜ ਦਾ ਵਿਦਿਆਰਥੀ ਸਾਂ। ਮੈਂ ਇਕ ਦਿਨ ਬਹੁਤ ਗੁੱਸੇ ਵਿਚ ਆ ਗਿਆ। ਕੋਈ ਗੱਲ ਅਜਿਹੀ ਹੋ ਗਈ ਸੀ। ਚਾਚੇ ਨੇ ਗਿਣ ਮਿਥ ਕੇ ਕੋਈ ਨੁਕਸਾਨ ਕੀਤਾ ਸੀ ਜਿਸ ਕਰਕੇ ਮੈਂ ਕਰੋਧ ਵਿਚ ਸਾਂ। ਬਾਪੂ ਜੀ ਕਹਿਣ ਲੱਗੇ, ''ਗਰਮ ਨਹੀਂ ਹੋਈਦਾ।'' ਮੈਂ ਕਿਹਾ, ''ਕਿਉਂ ਨਹੀਂ ਹੋਈਦਾ ਗਰਮ? ਜਿਸ ਨੂੰ ਗੁੱਸਾ ਨਹੀਂ ਆਉਂਦਾ, ਉਹ ਕੋਈ ਬੰਦਾ ਹੈ? ਬੰਦੇ ਨੂੰ ਗੁੱਸਾ ਆਏਗਾ ਤੇ ਔਣਾ ਚਾਹੀਦਾ ਹੈ।'' ਬਾਪੂ ਜੀ ਨੇ ਕਿਹਾ, ''ਤੂੰ ਮੇਰੇ ਨਾਲ ਲੁਹਾਰ ਦੀ ਆਹਰਨ ਤੇ ਜਾਂਦਾ ਰਿਹੈਂ। ਤੂੰ ਦੇਖਿਆ ਹੋਣਾ ਹੈ ਲੋਹਾ ਗਰਮ ਹੁੰਦਾ ਹੈ ਤੇ ਲੁਹਾਰ ਠੰਢਾ, ਤਾਂ ਲੁਹਾਰ ਦੀ ਮਰਜ਼ੀ ਚਲਦੀ ਹੈ। ਜੇ ਲੋਹਾ ਠੰਢਾ ਹੋਵੇ ਤੇ ਲੁਹਾਰ ਗਰਮ ਹੋਵੇ ਤਾਂ ਲੋਹੇ ਦੀ ਮਰਜ਼ੀ ਚਲੇਗੀ। ਗਰਮ ਨਾ ਹੋਇਆ ਕਰ। ਜੇ ਬਾਦਸ਼ਾਹੀ ਕਰਨੀ ਹੈ ਤਾਂ ਤੈਸ਼ ਵਿਚ ਨਹੀਂ ਆਉਣਾ। ਜੇ ਗੁਲਾਮੀ ਕਰਨੀ ਹੈ ਤਾਂ ਤੇਰੀ ਮਰਜ਼ੀ। ਗੁਰੂ ਕਲਗੀਧਰ ਬਾਬਾ ਜੀ ਯੁੱਧ ਦੇ ਮੈਦਾਨ ਵਿਚ ਵੀ ਠੰਢੇ ਰਹਿੰਦੇ ਸਨ ਤੇ ਠੰਢ ਵਰਤਾਉਂਦੇ ਸਨ।''

ਹਜ਼ਰਤ ਮੁਹੰਮਦ ਸਾਹਿਬ ਆਪਣੇ ਉਸ ਪਿਆਰੇ ਦੇ ਘਰ ਪੁੱਜੇ ਜਿਸਦੇ ਮਾਤਾ ਪਿਤਾ ਦਾ ਦੇਹਾਂਤ ਹੋ ਗਿਆ ਸੀ। ਉਸ ਜੁਆਨ ਨੇ ਦੇਖਿਆ ਕਿ ਧਰਵਾਸ ਦੇਣ ਵੇਲੇ ਪੈਗੰਬਰ ਉਦਾਸ ਸਨ। ਜੁਆਨ ਨੇ ਕਿਹਾ, ''ਜੀ ਮੈਂ ਸਾਧਾਰਨ ਬੰਦਾ ਹਾਂ। ਮੇਰੇ ਮਾਪੇ ਨਹੀਂ ਰਹੇ ਤਾਂ ਮੇਰਾ ਦੁਖੀ ਹੋਣਾ ਵਾਜਬ ਹੈ। ਤੁਸੀ ਬੇਅੰਤ ਵੱਡੇ ਹੋ। ਤੁਸੀਂ ਕਿਉਂ ਉਦਾਸ ਹੋਏ?'' ਪੈਗੰਬਰ ਨੇ ਫੁਰਮਾਇਆ, ''ਮਾਪੇ ਲਗਾਤਾਰ ਅੱਲਾਹ ਦੇ ਦਰਬਾਰ ਅੱਗੇ ਫਰਿਆਦ ਕਰਦੇ ਹਨ ਕਿ ਸਾਡੀ ਸੰਤਾਨ ਸੁਖੀ ਰਹੇ। ਉਹ ਹਮੇਸ਼ਾਂ ਆਖਦੇ ਹਨ– ''ਯਾ ਖੁਦਾ, ਸਾਡਾ ਬੱਚਾ ਅਜੇ ਛੋਟਾ ਹੈ। ਇਸ ਨੂੰ ਸਮਝ ਨਹੀਂ। ਇਸ ਦੇ ਗੁਨਾਹ ਬਖ਼ਸ਼। ਇਸ ਦੇ ਗੁਨਾਹਾਂ ਦੀ ਸਜ਼ਾ ਸਾਨੂੰ ਦੇ ਦੇਹ ਬੇਸ਼ਕ, ਇਸ ਮਾਸੂਮ ਉਪਰ ਮਿਹਰਬਾਨ ਰਹੀਂ। ਤੇਰੀ ਬੰਦਗੀ ਕਰਦੇ ਹਾਂ ਪਿਤਾ ਤਾਂ ਉਸਦਾ ਸਿਲਾ ਇਨ੍ਹਾਂ ਬੱਚਿਆਂ ਨੂੰ ਮਿਲੇ।'' ਮਾਪਿਆਂ ਦੀ ਖੁਸ਼ੀ ਕਾਇਮ ਰਹੇ, ਇਸ ਲਈ ਅੱਲਾਹ

ਉਨ੍ਹਾਂ ਦੇ ਬੱਚਿਆਂ ਨੂੰ ਮਾਫ਼ ਕਰਦਾ ਰਹਿੰਦਾ ਹੈ। ਤੇਰੇ ਗੁਨਾਹ ਆਪਣੇ ਸਿਰ ਲੈਣ ਵਾਸਤੇ ਹੁਣ ਤੇਰਾ ਕੋਈ ਨਹੀਂ। ਮਾਪਿਆਂ ਤੋਂ ਬਗੈਰ ਹੋਰ ਕੋਈ ਨਹੀਂ ਜਿਹੜਾ ਇਹੋ ਜਿਹੀਆਂ ਦੁਆਵਾਂ ਦੇ ਕੇ ਬਲਾਵਾਂ ਆਪ ਆਪਣੇ ਸਿਰ ਲਵੇ। ਤੇਰਾ ਇਕ ਮਜ਼ਬੂਤ ਕਿਲਾ ਟੁੱਟ ਗਿਆ ਹੈ। ਹੁਣ ਤੇਰੇ ਉਪਰ ਸਖਤ ਵਕਤ ਆ ਗਿਆ ਹੈ। ਹੁਣ ਤੈਨੂੰ ਬਹੁਤ ਨੇਕ ਬਣਨਾ ਪਵੇਗਾ। ਆਪਣੇ ਕੰਮਾਂ ਦਾ ਹੁਣ ਤੂੰ ਆਪ ਜ਼ਿੰਮੇਵਾਰ ਹੋਵੇਂਗਾ। ਯਤੀਮ ਬੱਚਿਆਂ ਨੂੰ ਦੇਖ ਕੇ ਮੈਂ ਇਸ ਲਈ ਉਦਾਸ ਹੋ ਜਾਂਦਾ ਹਾਂ ਕਿ ਕੀ ਇਹ ਵਿਚਾਰੇ ਜ਼ਿੰਦਗੀ ਦਾ ਭਾਰ ਆਪੇ ਚੁੱਕੇ ਲੈਣਗੇ? ਪਰ ਅੱਲਾਹ ਮਿਹਰਬਾਨ ਹੈ। ਉਹ ਆਪਣੇ ਬੱਚਿਆਂ ਦੇ ਸਿਰ ਤੇ ਏਨਾ ਬੋਝ ਨਹੀਂ ਰੱਖਦਾ ਕਿ ਚੁੱਕ ਨਾ ਸਕਣ। ਤਾਕਤਵਰ ਹੈ। ਉਹ ਤੈਨੂੰ ਤੌਫੀਕ ਬਖ਼ਸ਼ੇਗਾ। ਹੌਸਲਾ ਰੱਖ। ਤੈਨੂੰ ਨੇਕੀ ਕਰਨੀ ਪਵੇਗੀ। ਬੰਦਗੀ ਕਰਨੀ ਪਵੇਗੀ।''

ਮੇਰੀ ਕੁਲੀਗ ਪ੍ਰੋਫੈਸਰ ਭਾਸਵਤੀ ਸਿਨਹਾ ਦੀ ਮਾਤਾ ਦਾ ਦੇਹਾਂਤ ਪਹਿਲਾਂ ਹੋ ਗਿਆ ਸੀ ਕਈ ਸਾਲ ਹੋਏ, ਪਿਤਾ ਜੀ ਹੁਣ ਗੁਜ਼ਰੇ ਹਨ। ਅਸੀਂ ਉਨ੍ਹਾਂ ਦੇ ਘਰ ਅਫਸੋਸ ਕਰਨ ਗਏ ਤਾਂ ਉਹ ਹਉਕਾ ਲੈ ਕੇ ਬੋਲੇ, ''ਪੰਨੂ ਭਾਈ, ਅਬ ਹਮ ਅਨਾਥ ਹੋ ਗਏ ਹੈਂ। ਸਮਝਤੇ ਹੋ ਨਾ ਇਸ ਸ਼ਬਦ ਦਾ ਅਰਥ? ਮਾਤਾ ਪਿਤਾ ਹੋਤੇ ਹੈਂ ਤੋ ਹਮਾਰੇ ਨਾਕ ਮੇਂ ਨਕੇਲ ਹੋਤੀ ਹੈ, ਵੁਹ ਖੀਂਚ ਕਰ ਹਮੇਂ ਠੀਕ ਰਾਸਤੇ ਪਰ ਲੇ ਆਤੇ ਹੈਂ। ਹਮ ਭਟਕਤੇ ਨਹੀਂ ਕਿਉਂਕਿ ਨੱਥ ਉਨਕੇ ਹਾਥ ਮੇਂ ਹੋਤੀ ਹੈ। ਬੇਮੁਹਾਰ ਘੂੰਮੇਂਗੇ ਹਮ ਇਧਰ ਉਧਰ। ਅਬ ਅਪਨਾ ਰਾਸਤਾ ਖੁਦ ਢੂੰਡਨਾ ਪੜੇਗਾ। ਅਨਾਥ ਹੈਂ ਹਮ ਅਬ।''

ਛੋਟੇ ਭਰਾ ਜਸਵਿੰਦਰ ਅਤੇ ਭਰਜਾਈ ਚਰਨਜੀਤ ਨੇ ਬਿਰਧ ਮਾਪਿਆਂ ਦੀ ਸੇਵਾ ਬੰਦਗੀ ਕਰਨ ਵਾਲਿਆਂ ਵਾਂਗ ਨਿਭਾਈ। ਹਰ ਖੁਸ਼ੀ ਗਮੀ ਅਤੇ ਤਿੱਥ ਤਿਉਹਾਰ ਵਕਤ ਅਸੀਂ ਸਾਰੇ ਜਣੇ ਉਸਦੀ ਕੋਠੀ ਜਾ ਪੁਜਦੇ। ਰੌਣਕਾਂ, ਖੁਸ਼ੀਆਂ ਅਤੇ ਮਿਲਾਪਾਂ ਦਾ ਮੇਲਾ ਲਗ ਜਾਂਦਾ। ਇਸ ਮੇਲੇ ਵਿਚੋਂ ਵਿਦਾ ਹੋ ਕੇ ਘਰੋ ਘਰੀ ਜਾਣ ਲੱਗਦੇ ਤਾਂ ਜਸਵਿੰਦਰ ਹੌਲੀ ਦੇ ਕੇ ਪੁਛਿਆ ਕਰਦਾ, ''ਜਦੋਂ ਬੇਬੇ ਬਾਪੂ ਨਾ ਰਹੇ, ਉਦੋਂ ਵੀ ਆਇਆ ਕਰੋਗੇ ਹੁਣ ਵਾਂਗ?''

ਜਿਨ੍ਹਾਂ ਬੱਚਿਆਂ ਨੂੰ ਮਾਂ ਦਾ ਪਿਆਰ ਨਸੀਬ ਨਹੀਂ ਹੋਇਆ ਉਹ ਕਿਹੋ ਜਿਹੇ ਹੁੰਦੇ ਹੋਣਗੇ? ਪਾਠਕ ਜੀ ਜੀਨ ਜੈਕ ਰੂਸੋ ਦੀ ਆਪਬੀਤੀ (ਕਨਫੈਸ਼ਨਜ਼) ਪੜ੍ਹੋ। ਜਨਮ ਦੇ ਕੇ ਉਸਦੀ ਮਾਂ ਤੁਰ ਗਈ। ਲਿਖਦਾ ਹੈ- ਬਾਪੂ ਦੱਸਿਆ ਕਰਦਾ ਸੀ, ਗਵਾਂਢਣਾ ਵੀ, ਮੇਰੀ ਮਾਂ ਸੁਹਣੀ ਬਹੁਤ ਸੀ। ਬਾਪੂ ਨੂੰ ਏਨਾ ਪਿਆਰ ਕਰਦੀ ਸੀ ਕਿ ਗਰੀਬੀ ਦੇ ਬਾਵਜੂਦ ਉਸ ਨੂੰ ਚੰਗੀ ਨੌਕਰੀ ਕਰਨ ਪਰਦੇਸ ਜਾਣ ਤੋਂ ਰੋਕ ਦਿੱਤਾ। ਬਾਪੂ ਦੁਕਾਨ ਉਪਰ ਘੜੀਆਂ ਠੀਕ ਕਰਦਾ ਹੁੰਦਾ। ਚਾਰ ਪੰਜ ਸਾਲ ਦਾ ਮੈਂ ਉਸ ਕੋਲ ਬੈਠਾ ਗੱਲਾਂ ਸੁਣਦਾ। ਬਾਪੂ ਆਖਦਾ- ਮੈਂ ਤੇਰੀ ਮਾਂ ਦੀ ਗੱਲ ਮੰਨ ਕੇ ਦੂਰ ਨਹੀਂ ਗਿਆ ਸੀ। ਉਹ ਕਿਉਂ ਗਈ ਫੇਰ? ਅਸੀਂ ਦੋਵੇਂ ਰੋਣ ਲੱਗ ਜਾਂਦੇ। ਕਿਸੇ ਦਿਨ ਫੇਰ ਬਾਪੂ ਮੈਨੂੰ ਆਖਦਾ- ਰੂਸੋ, ਤੇਰੀ ਮੰਮੀ ਦੀਆਂ ਗੱਲਾਂ ਕਰੀਏ? ਮੈਂ ਉਤਰ ਦਿੰਦਾ- ਨਹੀਂ ਪਾਪਾ। ਮੰਮੀ ਦੀਆਂ ਗੱਲਾਂ ਨਹੀਂ ਕਰਨੀਆਂ। ਫੇਰ ਆਪਾਂ ਰੋਣ ਲੱਗ ਜਾਵਾਂਗੇ। ਮੇਰੀ ਏਨੀ ਕੁ ਗੱਲ ਦੇਰ ਤਕ ਸਾਨੂੰ ਦੋਵਾਂ ਨੂੰ ਰੁਆਉਣ ਲਈ ਕਾਫੀ ਹੁੰਦੀ।

ਨਾਗਸੈਨ ਨੇ ਮੈਨੂੰ ਪੁੱਛਿਆ- *''ਕੀ ਇਹੋ ਜਿਹੀ ਮਾਂ ਵੀ ਦੇਖੀ ਜਿਸ ਨੇ ਵਿਆਹ ਕੇ ਤੋਰਨ ਵੇਲੇ ਧੀ ਨੂੰ ਸਿਖਿਆ ਦਿੱਤੀ ਮਹਿਲਾਂ ਵਿਚ ਵਸੀਂ ਭਾਵੇਂ ਪਰ ਇਕ ਕੋਨਾ ਆਪਣੇ ਰੱਖੀਂ ਜਿਹੜਾ ਤੇਰਾ ਹੋਵੇ। ਜਿਥੇ ਇਕੱਲੀ ਬੈਠ ਕੇ ਤੂੰ ਆਰਾਮ ਨਾਲ ਰੋ ਸਕੇਂ ਤੇ ਕੋਈ ਦੇਖੇ ਨਾਂ। ਪਲਕਾਂ ਹੇਠ ਹੰਝੂ ਤੇ ਪੱਲੇ ਹੇਠਾਂ ਦੁੱਧ ਛੁਪਾ ਕੇ ਰੱਖੀਂ।''*

ਟੈਗੋਰ- *ਵਰਖਾ ਦੀਆਂ ਬੂੰਦਾਂ ਨੇ ਧਰਤੀ ਨੂੰ ਚੁੰਮਿਆਂ ਤੇ ਹੌਲੀ ਦੇਣੀ ਕਿਹਾ- ਅਸੀਂ ਤੇਰੇ ਤੋਂ ਵਿਛੜੀਆਂ ਤੇਰੀਆਂ ਬੱਚੀਆਂ ਹਾਂ ਤੇ ਸੁਰਗਾਂ ਤੋਂ ਮੁੜ ਕੇ ਆਈਆਂ ਹਾਂ। ਸਾਨੂੰ ਆਪਣੀ ਗੋਦ ਵਿਚ ਸਮਾਏਂਗੀ ਮਾਂ?*

ਇਸ ਕਥਾ ਦਾ ਅੰਤ ਕਿਵੇਂ ਕਰੀਏ? ਸਿਖੀ ਦੀਆਂ ਗੱਲਾਂ ਤਾਂ ਕਰ ਲਈਆਂ। ਪੁਰਾਣ ਦਾ ਕੋਈ ਮੰਤਰ ਠੀਕ ਰਹੇਗਾ ਕਿ ਬੋਧਵਾਕ? ਦੋਵੇਂ ਠੀਕ ਹਨ। ਤੁਸੀਂ ਦੇਖ ਲੈਣ ਅਜਮਾ ਕੇ, ਜਿਵੇਂ ਮਰਦ ਧਰਮਾਂ ਵਿਚਕਾਰ ਬਖੇੜਾ ਕਰਦੇ ਹਨ, ਔਰਤਾਂ ਨਹੀਂ ਕਰਦੀਆਂ। ਮਾਵਾਂ ਦੀਆਂ ਝੋਲੀਆਂ ਏਨੀਆਂ ਵੱਡੀਆਂ ਹਨ ਕਿ ਉਨ੍ਹਾਂ ਵਿਚ ਸਭ ਧਰਮ ਟਿਕ ਕੇ ਸੌਂ ਜਾਂਦੇ ਹਨ ਆਰਾਮ ਨਾਲ। ਖਹਿਬੜਦੇ ਨਹੀਂ।

www.punjabilibrary.com

ਲਓ ਜੀ ਸੁਣੋ ਰਿਸ਼ੀ-ਕਥਨ- *ਤੂੰ ਜਿਸ ਮਰਜ਼ੀ ਦੇਸ ਵਿਚ ਜਾਹ। ਜਿਸ ਮਰਜ਼ੀ ਯੁੱਗ ਵਿਚ ਛੁਪਣ ਦਾ ਯਤਨ ਕਰ। ਤੇਰੇ ਕਰਮ ਤੈਨੂੰ ਮਿਲਣਗੇ। ਹਜਾਰ ਗਾਵਾਂ ਵਿਚੋਂ ਵੱਛਾ ਜਿਵੇਂ ਆਪਣੀ ਮਾਂ ਨੂੰ ਲੱਭ ਲੈਂਦਾ ਹੈ, ਤੇਰੇ ਕਰਮ ਤੈਨੂੰ ਲੱਭ ਲੈਣਗੇ ਹਰ ਥਾਂ।*

ਕਦੀ ਮਿਰਚਾਂ ਤੋੜਦੀ ਫਿਰਦੀ ਖੇਤ ਵਿਚ, ਕਦੀ ਕਪਾਹ ਚੁਗਦੀ। ਕਿਤੇ ਵਛਰੂਆਂ ਦੀਆਂ ਬੂਥੀਆਂ ਪਲੋਸ ਰਹੀ ਕਿਤੇ ਮੱਝਾਂ ਨੂੰ ਥਾਪੀ ਦੇ ਰਹੀ। ਫਟੇ ਪੁਰਾਣੇ ਟਾਕੀਆਂ ਵਾਲੇ ਖੱਦਰ ਦੇ ਕੱਪੜੇ ਪਾਈ, ਮਿਟੀ ਘੱਟੇ ਵਿਚ ਲਥਪਥ ਉਹ ਕਦੀ ਝਾੜੂ ਦਿੰਦੀ ਦਿਸਦੀ ਕਦੀ ਪਾਥੀਆਂ ਪੱਥਦੀ। ਅਨੁਰੁੱਧ ਨੇ ਇਹ ਬੋਧ-ਵਾਕ ਢਾਈ ਹਜ਼ਾਰ ਸਾਲ ਪਹਿਲਾਂ ਲਿਖਿਆ, *''ਸੱਚ ਨੇ ਜਦੋਂ ਫੈਸਲਾ ਕੀਤਾ ਕਿ ਮੈਂ ਪ੍ਰਗਟ ਹੋਵਾਂ ਤਾਂ ਮਿੱਟੀ ਘੱਟੇ ਅਤੇ ਚਿੱਕੜ ਵਿਚ ਲਿੱਬੜ ਕੇ ਉਸ ਨੇ ਏਨੀ ਰੋਸ਼ਨੀ ਛੱਡੀ ਕਿ ਸਾਰੇ ਸੰਸਾਰ ਜਗਮਗ-ਜਗਮਗ ਕਰਨ ਲੱਗੇ। ਬ੍ਰਹਿਮੰਡ ਚਾਨਣ ਦੇ ਹੜ੍ਹ ਵਿਚ ਨਹਾਤਾ।''*

## ਸਤਨਾਮ ਸਿੰਘ ਖ਼ੁਮਾਰ

ਉਰਦੂ ਜਗਤ ਵਿਚ ਡਾ. ਸਤਨਾਮ ਸਿੰਘ ਖੁਮਾਰ (ਜਨਮ 3 ਨਵੰਬਰ 1934) ਦਾ ਨਾਂ ਉਨ੍ਹਾਂ ਗਿਣੇ ਚੁਣੇ ਕੁਝ ਕੁ ਚੋਟੀ ਦੇ ਸ਼ਾਇਰਾਂ ਵਿਚ ਆਉਂਦਾ ਹੈ ਜਿਨ੍ਹਾਂ ਦੀ ਸ਼ਾਇਰੀ ਦਿਲਾਂ ਅੰਦਰ ਧੂਹ ਪਾਉਂਦੀ ਹੈ। ਜਿਨ੍ਹਾਂ ਲੋਕਾਂ ਨੇ ਉਸ ਨੂੰ ਪੜ੍ਹਿਆ ਜਾਂ ਸੁਣਿਆਂ ਉਨ੍ਹਾਂ ਨੂੰ ਇਹ ਅਹਿਸਾਸ ਸੁਭਾਵਿਕ ਹੋ ਜਾਂਦਾ ਸੀ ਕਿ ਉਸ ਦੀ ਰਸਾਈ ਨੀਲੇ ਆਕਾਸ਼ ਤੋਂ ਪਾਰ ਤਕ ਹੈ। ਸਾਦ ਮੁਰਾਦੇ ਸ਼ਬਦਾਂ ਵਿਚ ਨਵੀਨਤਮ ਅਰਥਾਂ ਦੇ ਰੰਗ ਰੰਗਣ ਦੀ ਹੋਲੀ ਉਹ ਸਾਰੀ ਉਮਰ ਖੇਡਿਆ।

www.punjabilibrary.com

ਪਹਿਲੀ ਵਾਰ 1988 ਵਿਚ ਮੈਂ ਉਸ ਨੂੰ ਪਟਿਆਲੇ ਇਕ ਮੁਸ਼ਾਇਰੇ ਵਿਚ ਸੁਣਿਆ। ਉਹ ਹਰੇਕ ਸ਼ਾਇਰ ਨੂੰ ਮਾਤ ਪਾ ਰਿਹਾ ਸੀ ਤੇ ਵਾਰ ਵਾਰ ਉਸੇ ਨੂੰ ਸੁਣਨ ਦੀ ਫਰਮਾਇਸ਼ ਹੋ ਰਹੀ ਸੀ। ਪੁੱਛਣ 'ਤੇ ਪਤਾ ਲੱਗਾ ਕਿ ਪੰਜਾਬੀ ਯੂਨੀਵਰਸਿਟੀ ਵਿਚ ਉਹ ਮਨੋਵਿਗਿਆਨ ਦਾ ਪ੍ਰੋਫੈਸਰ ਨਿਯੁਕਤ ਹੋਇਆ ਹੈ। ਮੈਂ ਉਸ ਨੂੰ ਮਿਲਣਾ ਚਾਹੁੰਦਾ ਸਾਂ। ਉਸ ਦੇ ਵਾਕਫਾਂ ਅਤੇ ਦੋਸਤਾਂ ਪਾਸ ਅਰਜ਼ ਕੀਤੀ ਕਿ ਖੁਮਾਰ ਨੂੰ ਮਿਲਾਓ। ਹਰੇਕ ਆਖਦਾ- ਹਾਂ ਚੱਲਾਂਗੇ, ਮਿਲਾਂਗੇ . . . ਆਦਿਕ। ਇਉਂ ਪੰਜ ਮਹੀਨੇ ਬੀਤ ਗਏ। ਇਕ ਦਿਨ ਬਿਨਾਂ ਕਿਸੇ ਨੂੰ ਨਾਲ ਲਿਆਂ ਮੈਂ ਮਿਲਣ ਚਲਾ ਗਿਆ ਤੇ ਮਿਲ ਕੇ ਪਹਿਲਾਂ ਆਪਣਾ ਨਾਂ ਦੱਸਿਆ, ਫੇਰ ਨਜ਼ਰਾਨੇ ਵਜੋਂ ਉਸੇ ਦੀਆਂ ਗਜ਼ਲਾਂ ਦੇ ਸ਼ਿਅਰ ਉਸ ਨੂੰ ਸੁਣਾਏ। ਉਹ ਬਹੁਤ ਖੁਸ਼ ਹੋਇਆ ਤੇ ਪੁੱਛਿਆ "ਇੰਨੀ ਦੇਰ ਦਾ ਇਸ ਯੂਨੀਵਰਸਿਟੀ ਵਿਚ ਆਇਆ ਹੋਇਆ ਹਾਂ, ਪਹਿਲੋਂ ਕਿਉਂ ਨਹੀ ਮਿਲਿਆ?" ਮੈਂ ਦੱਸਿਆ ਕਿ ਕਈਆਂ ਮਿੱਤਰਾਂ ਰਾਹੀਂ ਯਤਨ ਕੀਤੇ ਪਰ ਕੋਈ ਨਾਲ ਲੈ ਕੇ ਨਹੀਂ ਆਇਆ। ਖੁਮਾਰ ਨੇ ਕਿਹਾ- ਤਾਂ ਤੂੰ ਵੀ ਦੁਨੀਆਂ ਦੇ ਰਸਤੇ ਆਉਣ ਦੀ ਸੋਚਦਾ ਰਿਹਾ, ਵਰਨਾ ਦਿਲ ਦਾ ਰਾਹ ਬੜਾ ਸਿੱਧਾ ਸੀ। ਪਹਿਲੇ ਦਿਨ ਖੁਮਾਰ ਨੂੰ ਉਸ ਦੀ ਗਜ਼ਲ ਦੇ ਮੈਂ ਦੋ ਸ਼ਿਅਰ ਸੁਣਾਏ-

ਇਸ ਜਗ੍ਹਾ ਕੋ ਇਸ ਕੇ ਨਕਸ਼ੇ ਸੇ ਨਾ ਸਮਝਾ ਜਾਏਗਾ।
ਰਾਸਤਾ ਖੋ ਜਾਓਗੇ ਤੋ ਸ਼ਹਰ ਦੇਖਾ ਜਾਏਗਾ।
ਤੂ ਯੂਹੀਂ ਇਲਜ਼ਾਮ ਦੇਤਾ ਹੈ ਕਿਸੀ ਕੋ ਦੇਖਨਾ।
ਚੋਰ ਤੇਰਾ ਤੇਰੇ ਹੀ ਅੰਦਰ ਸੇ ਪਕੜਾ ਜਾਏਗਾ।

ਇਕ ਦਿਨ ਬਾਈ ਨੰਬਰ ਫਾਟਕ ਪਟਿਆਲਾ ਸ਼ਹਿਰ ਵਿਚ ਘੁੰਮਦਾ ਦਿਸਿਆ ਤਾਂ ਕਹਿਣ ਲੱਗਾ "ਇਹ ਪਟਿਆਲਾ ਕੀ ਸ਼ਹਿਰ ਹੈ? ਜਿਸ ਨੂੰ ਪੁੱਛੋ ਕਿੱਥੇ ਰਹਿੰਦਾ ਹੈਂ, ਉਹ ਦੱਸਦਾ ਹੈ ਇੱਕੀ ਨੰਬਰ ਫਾਟਕ, ਵੀਹ ਨੰਬਰ ਫਾਟਕ, ਕੋਈ ਬਾਈ ਨੰਬਰ ਫਾਟਕ। ਪਟਿਆਲਾ ਫਾਟਕਾਂ ਵਿਚ ਬੰਦ ਹੋ ਗਿਆ ਹੈ। ਮੈਂ ਇਸ ਨੂੰ ਇਨ੍ਹਾਂ ਫਾਟਕਾਂ ਵਿਚੋਂ ਕੱਢਾਂਗਾ।" ਮੈਂ ਪੁੱਛਿਆ- ਕਿੱਧਰ ਜਾ ਰਹੇ ਹੋ? ਖੁਮਾਰ ਨੇ ਕਿਹਾ ਕਿਧਰ ਜਾ ਰਿਹਾ ਹਾਂ . . ਕਿਧਰੋਂ ਆ ਰਿਹਾ ਹਾਂ, ਕੀ ਪਤਾ-

ਹਵਾ ਕੇ ਦੋਸ਼ ਪਰ ਬਾਦਲ ਕੇ ਟੁਕੜੇ ਕੀ ਤਰਹ ਹਮ ਹੈਂ
ਕਿਸੀ ਝੌਂਕੇ ਸੇ ਪੂਛੇਂਗੇ ਕਿ ਹਮਕੋ ਹੈ ਕਿਧਰ ਜਾਨਾ।।

ਮੈਂ ਪੁੱਛਿਆ- ਦੋਸ਼ ਮਾਇਨੇ ਕੀ ਹੋਇਆ? ਕਹਿਣ ਲੱਗਾ- ਦੋਸ਼ ਮਾਇਨੇ ਕੰਧਾ। ਖਾਨਾਬਦੋਸ਼ ਵਿਚ ਖਾਨਾ ਮਾਇਨੇ ਘਰ, ਦੋਸ਼, ਕੰਧਾ। ਉਹ ਲੋਕ ਜਿਨ੍ਹਾਂ ਨੇ ਘਰ ਆਪਣੇ ਮੋਢੇ ਤੇ ਚੁਕਿਆ ਹੋਇਆ ਹੋਵੇ।

ਇਕ ਦਿਨ ਕਾਫ਼ੀ ਹਾਊਸ ਵਿਚ ਬੈਠਿਆਂ ਆਪਸ ਵਿਚ ਗੱਲੀਂ ਲੱਗੇ ਹੋਏ ਸਾਂ ਤਾਂ ਉਹ ਮਿੱਤਰ ਆ ਗਿਆ ਜਿਸ ਨਾਲ ਮੈਂ ਖ਼ਫ਼ਾ ਸਾਂ। ਆ ਕੇ ਕਹਿਣ ਲੱਗਾ- ਹੁਣ ਖਤਮ ਕਰ ਰੇੜਕਾ। ਬਹੁਤ ਹੋ ਗਿਆ। ਸਭ ਰਫਾ ਦਫਾ ਕਰ ਕੇ ਨਵੇ ਸਿਰਿਓਂ ਸੁਰੂ ਕਰੀਏ। ਮੈਂ ਕਿਹਾ- ਕੋਈ ਲਾਭ ਨਹੀਂ। ਆਪਣੇ ਦੋਸਤਾਂ ਦਾ ਜਿਹੜਾ ਹਾਜ਼ਰੀ ਰਜਿਸਟਰ ਮੈਂ ਲਾਇਆ ਹੋਇਆ ਹੈ ਉਸ ਵਿਚੋਂ ਤੇਰਾ ਨਾਂ ਕੱਟ ਦਿੱਤਾ ਹੈ। ਹੁਣ ਤੂੰ ਜਾਹ। ਉਹ ਚਲਾ ਗਿਆ ਤਾਂ ਖੁਮਾਰ ਕਹਿਣ ਲੱਗਾ- ਤੂੰ ਉਨ੍ਹਾਂ ਲੋਕਾਂ ਨੂੰ ਮੂਰਖ ਬਣਾ ਸਕਦਾ ਹੈਂ ਜਿਹੜੇ ਪਹਿਲਾਂ ਹੀ ਮੂਰਖ ਹਨ। ਇਹ ਬੰਦਾ ਤੇਰੀ ਗੱਲ ਸੱਚ ਮੰਨ ਕੇ, ਕਿ ਤੂੰ ਇਸ ਦਾ ਨਾਂ ਕੱਟ ਦਿੱਤਾ ਹੈ- ਚਲਾ ਗਿਆ। ਤੂੰ ਦੱਸ, ਇਕ ਵਾਰੀ ਜਿਸ ਦਾ ਨਾਂ ਲਿਖਿਆ ਗਿਆ ਉਹ ਸਾਡੀ ਮਰਜ਼ੀ ਨਾਲ ਕੱਟਿਆ ਜਾ ਸਕਦਾ ਹੈ? ਜੇ ਅਜਿਹਾ ਹੋ ਸਕਦਾ ਹੁੰਦਾ, ਜੀਵਨ ਕਿੰਨਾ ਸਰਲ ਹੁੰਦਾ। ਕੈਟਾਲਾਗ ਵਿਚੋਂ ਕਾਰਡ ਕੱਢ ਕੇ ਸੁੱਟੇ ਜਾ ਸਕਦੇ ਹਨ, ਰੈਕ ਵਿਚੋਂ ਨਾ ਪਸੰਦ ਕਿਤਾਬਾਂ ਕੱਢੀਆਂ ਜਾ ਸਕਦੀਆਂ ਹਨ ਪਰ ਯਾਦਾਂ, ਨਾਮ, ਥਾਵਾਂ, ਘਟਨਾਵਾਂ, ਚੰਗੀਆਂ ਹੋਣ, ਮਾੜੀਆਂ ਹੋਣ ਇਵੇਂ ਹੀ ਆਰਾਮ ਨਾਲ ਬੈਠੀਆਂ ਰਹਿਣਗੀਆਂ। ਤੇਰੇ ਦਬਕੇ ਨਾਲ ਇਹ ਕਿਧਰੇ ਨਹੀਂ ਜਾਂਦੀਆਂ।

ਮੈਂ ਪੁੱਛਿਆ- ਖੁਮਾਰ ਸਾਹਿਬ ਉਰਦੂ, ਅਲੋਪ ਹੁੰਦੀ ਜਾ ਰਹੀ ਹੈਂ। ਨਵੀਂ ਨਸਲ ਗ਼ਜ਼ਲ ਨੂੰ ਪਸੰਦ ਕਰਦੀ ਹੈ ਪਰ ਅਰਥਾਂ ਦੇ ਸੰਚਾਰ ਦੀ ਸਮੱਸਿਆ ਹੈ। ਤੁਸੀਂ ਹਰ ਮੁਸ਼ਾਇਰੇ ਵਿਚ ਪੂਰੇ ਜਲੌਅ ਨਾਲ ਆਪਣੀ ਗ਼ਜ਼ਲ ਪੇਸ਼ ਕਰਦੇ ਹੋ। ਕੀ ਤੁਹਾਨੂੰ ਕਦੀ ਇਉਂ ਨਹੀਂ ਲਗਦਾ ਕਿ ਤੁਹਾਡੀ ਗੱਲ ਸਹੀ ਤਰ੍ਹਾਂ ਸਮਝੀ ਨਹੀਂ ਜਾ ਰਹੀ?

www.punjabilibrary.com

ਉਸ ਨੇ ਕਿਹਾ– ਮੈਂ ਪਹਿਲੋਂ ਦੋ ਚਾਰ ਸ਼ਿਅਰ ਕਹਿੰਦਾ ਹਾਂ, ਸਰੋਤਿਆਂ ਉਤੇ ਨਜ਼ਰ ਮਾਰਦਾ ਹਾਂ। ਸਾਰੀ ਭੀੜ ਵਿਚ ਕੋਈ ਨਾ ਕੋਈ ਬੰਦਾ ਅਜਿਹਾ ਦਿਸ ਪੈਂਦਾ ਹੈ ਜਿਸ ਦੀਆਂ ਅੱਖਾਂ ਲਿਸ਼ਕਦੀਆਂ ਹਨ ਤੇ ਦਾਦ ਦੇ ਰਿਹਾ ਹੁੰਦਾ ਹੈ, ਜੋ ਮੇਰੇ ਨਾਲ ਇਕਸੁਰ ਹੁੰਦਾ ਹੈ। ਬਸ ਫਿਰ ਹੋਰਾਂ ਵੱਲ ਧਿਆਨ ਹੀ ਨਹੀਂ ਮੈਂ ਦਿੰਦਾ। ਉਸ ਇਕੱਲੇ ਨੂੰ ਆਪਣਾ ਕਲਾਮ ਸੁਣਾ ਕੇ ਆ ਜਾਂਦਾ ਹਾਂ ਕਿਉਂਕਿ ਉਸੇ ਲਈ ਲਿਖਿਆ ਸੀ ਇਹ ਸਭ ਕੁਝ। ਕਿਸੇ ਇਕੱਲੇ ਲਈ ਹੁੰਦੀ ਹੈ ਰਮਜ਼ ਦੀ ਗੱਲ, ਭੀੜਾਂ ਲਈ ਨਹੀਂ।

ਇਕ ਸ਼ਾਇਰ ਦੇ ਘਰ ਪੰਜਾਬੀ ਕਵੀ ਦਰਬਾਰ ਸੀ। ਮੈਂ ਖੁਮਾਰ ਨੂੰ ਕਿਹਾ– ਚੱਲੀਏ? ਉਹ ਕਹਿਣ ਲੱਗਾ– ਆਪਾਂ ਨੂੰ ਸੱਦਿਆ ਤਾਂ ਹੈ ਨਹੀਂ ਕਿਸੇ ਨੇ। ਮੈਂ ਕਿਹਾ , ਮੈਂ ਇਹ ਆਖ ਕੇ ਅੰਦਰ ਜਾਵਾਂਗਾ ਕਿ ਮੈ ਸ਼ਾਇਰ ਨਹੀਂ, ਸਰੋਤਾ ਹਾਂ। ਸਰੋਤੇ ਬਗੈਰ ਕੀ ਕਰੋਗੇ ਤੁਸੀਂ? ਖੁਮਾਰ ਨੇ ਕਿਹਾ– ਠੀਕ ਹੈ। ਮੈਂ ਇਹ ਆਖਾਂਗਾ ਕਿ ਪੰਜਾਬੀ ਵਾਲੇ ਕਿਵੇਂ ਫੈਸਲਾ ਕਰਨਗੇ ਆਪਣੇ ਕਲਾਮ ਦਾ ਜੇ ਉਹ ਕਿਸੇ ਦੂਸਰੀ ਜ਼ਬਾਨ ਦੇ ਸ਼ਾਇਰ ਨੂੰ ਕੁਝ ਸੁਣਾਉਂਦੇ ਨਹੀਂ, ਕੁਝ ਸੁਣਦੇ ਨਹੀਂ। ਅਸੀਂ ਦੋਵੇਂ ਚਲੇ ਗਏ। ਅੱਛੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਸਨ। ਫਿਰ ਖੁਮਾਰ ਨੂੰ ਕਿਹਾ ਉਹ ਵੀ ਕੁਝ ਸੁਣਾਵੇ। ਉਸ ਨੇ ਗ਼ਜ਼ਲ ਸੁਣਾਈ, ਗਾ ਕੇ :

ਮਿਰੇ ਜ਼ੌਕਿ ਤਜੱਸੁਸ ਕੇ ਉਜਾਲੋ।
ਮੁਝੇ ਪੱਥਰ ਕੀ ਦੁਨੀਆਂ ਸੇ ਨਿਕਾਲੋ।
ਮੁਝੇ ਰਹਨੇ ਦੋ ਬਨਕੇ ਸਿਰਫ ਖੁਸ਼ਬੂ
ਅਭੀ ਫੂਲੋਂ ਕੇ ਸਾਂਚੋਂ ਮੇਂ ਨ ਢਾਲੋ।
ਤੁਮਹਾਰਾ ਸ਼ਹਰ ਹੈ ਸ਼ੋਅਲੋਂ ਕੀ ਜ਼ਦ ਮੇਂ
ਬਚਾਓ ਉਸ ਕੋ ਯਾ ਖੁਦ ਕੋ ਬਚਾ ਲੋ।

ਸਭ ਨੇ ਪਸੰਦ ਕੀਤੀ ਤੇ ਪੁੱਛਿਆ– ਪੰਜਾਬੀ ਸ਼ਾਇਰੀ ਬਾਰੇ ਤੁਹਾਡਾ ਕੀ ਵਿਚਾਰ ਹੈ? ਖੁਮਾਰ ਨੇ ਕਿਹਾ– ਕੁਝ ਸ਼ਾਇਰਾਂ ਵਿਚ ਖਿਆਲਾਂ ਦੀ ਖੂਬੀ ਹੈ ਪਰ ਸੰਗੀਤ ਨਹੀਂ ਹੈ। ਲਗਦਾ ਹੈ ਪੰਜਾਬੀ ਸ਼ਾਇਰ ਨੂੰ ਅਜੇ ਤਕ ਆਪਣੇ ਆਪ ਉਤੇ ਇਤਬਾਰ ਨਹੀਂ ਆਇਆ ਕਿ ਕੋਈ ਵੱਡਾ ਸੰਗੀਤਕਾਰ ਉਸ ਨੂੰ ਗਾਏਗਾ ਵੀ। ਮੈਨੂੰ ਮੇਰੇ ਕਲਾਮ ਬਾਰੇ ਪਤਾ ਹੈ ਕਿ ਗਾਇਕ ਗਾਉਣਗੇ ਤੇ ਸਰੋਤੇ ਝੂਮਣਗੇ। ਇਕ ਕਵੀ ਨੇ ਪੁੱਛਿਆ- ਕੀ ਤੁਸੀਂ ਆਪਣੀ ਸ਼ਾਇਰੀ ਸੰਗੀਤ ਦੇ ਰੰਗ ਵਿਚ ਰੰਗਣ ਲਈ ਖਾਸ ਮਿਹਨਤ ਕਰਦੇ ਹੋ? ਉਸ ਨੇ ਕਿਹਾ– ਬਿਲਕੁਲ ਨਹੀਂ, ਜਿਹੜਾ ਪਿਓ, ਖੂਬਸੂਰਤ ਖਿਆਲ ਭੇਜਦਾ ਹੈ, ਉਸੇ ਨੂੰ ਕਿਹਾ ਸੀ ਸੰਗੀਤ ਨਾਲ ਹੀ ਭੇਜ ਦਿਆ ਕਰ। ਜਦੋਂ ਤੁਸੀਂ ਸੰਗੀਤ ਦੀ ਮੰਗ ਕੀਤੀ, ਤੁਹਾਨੂੰ ਵੀ ਦਏਗਾ।

ਉਹ ਵੱਡੇ ਸ਼ਾਇਰ ਉਸਤਾਦ ਸ਼ਮੀਮ ਕਰਹਾਨੀ ਦਾ ਸ਼ਾਗਿਰਦ ਸੀ। ਮੁਸ਼ਾਇਰੇ ਵਿਚ ਜਦੋਂ ਹਰ ਪਾਸਿਓਂ ਦਾਦ ਦਾ ਹੜ੍ਹ ਖੁਮਾਰ ਪਾਸ ਆਉਂਦਾ ਤਾਂ ਸ਼ਮੀਮ ਸਾਹਿਬ ਕਿਹਾ ਕਰਦੇ– ਕੋਸ਼ਿਸ਼ ਕਰੇਂ ਤਾਂ ਇਕ ਦਿਨ ਚੰਗਾ ਸ਼ਾਇਰ ਵੀ ਬਣ ਸਕਦਾ ਹੈਂ। ਬੱਲੇ ਬੱਲੇ ਪਿੱਛੇ ਨਾ ਲਗ ਤੁਰੀਂ। ਜਿਨ੍ਹਾਂ ਦੇ ਪੈਰ ਵਧੇਰੇ ਨਾਜ਼ਕ ਹਨ, ਮਾਰੂਥਲਾਂ ਦਾ ਰਸਤਾ ਉਨ੍ਹਾਂ ਨੂੰ ਜਲਦੀ ਫੜਨਾ ਚਾਹੀਦਾ ਹੈ। ਰੇਗਿਸਤਾਨ ਵਿਚ ਸਵਖਤੇ ਨੰਗੇ ਪੈਰੀਂ ਚੱਲੀਂ ਕਿਉਂਕਿ ਮੈਂ ਦੇਖਿਆ ਹੈ ਤੇਰੇ ਪੈਰ ਨਾਜ਼ਕ ਹਨ। ਇਹ ਤਪਦੇ ਰੇਤ ਨੂੰ ਠਾਰਨ ਦੇ ਕੰਮ ਆਉਣਗੇ।

ਇਕ ਦਿਨ ਕਹਿਣ ਲੱਗਾ– ਏਨੀ ਤੇਜ਼ੀ ਅਤੇ ਖਤਰਨਾਕ ਸਪੀਡ ਨਾਲ ਸਮਾਂ ਦੌੜ ਰਿਹਾ ਹੈ ਕਿ ਕੋਈ ਟਰੈਫਿਕ ਵਾਲਾ ਚਲਾਨ ਨਹੀਂ ਕਰਦਾ। ਇਵੇਂ ਦੇ ਹੀ ਖਿਆਲ ਹਨ– ਆਕਾਸ਼ ਵਿਚੋਂ ਤੁਰਦੇ ਹਨ ਤਾਂ ਰੰਗ ਹੋਰ, ਮੇਰੇ ਤਕ ਅੱਪੜਦਿਆਂ ਰੰਗ ਹੋਰ, ਕਲਮ ਰਾਹੀਂ ਨਿਕਲਦਿਆਂ ਹੋਰ ਦੇ ਹੋਰ। ਮੈਂ ਲਿਖਦਾ ਹਾਂ ਤੇ ਹੈਰਾਨ ਹੋ ਰਿਹਾ ਹਾਂ ਇਹ ਕਿਵੇਂ ਹੋ ਰਿਹਾ ਹੈ ਤੇ ਕੀ ਹੋ ਰਿਹਾ ਹੈ। ਲਫ਼ਜ਼ਾਂ ਦਾ ਦਰਿਆ ਰੋਹੜਦਾ ਤੁਰਿਆ ਜਾਂਦਾ ਹੈ, ਇਹ ਤਾਂ ਮੈਨੂੰ ਪਤਾ ਹੈ, ਪਰ ਕਿਧਰ ਲਿਜਾਏਗਾ ਤੇ ਫਿਰ ਉਥੇ ਕੀ ਕਰੇਗਾ– ਪਤਾ ਨਹੀਂ ਲਗਦਾ।

ਉਹ ਆਉਂਦਾ ਬੀਆਬਾਨ ਵਿਚ ਮੇਲਾ ਲੱਗ ਜਾਂਦਾ। ਆਰਾਮ ਨਾਲ ਲੱਤਾਂ ਪਸਾਰ ਕੇ ਬੈਠਦਾ ਘੰਟਿਆਂ ਬੱਧੀ। ਉਸਨੂੰ ਕਾਹਲ ਨਹੀਂ ਸੀ ਹੁੰਦੀ ਕੋਈ। ਨਾ ਉਹ ਤੇਜ਼ ਚਾਲ ਚਲਦਾ, ਨਾ ਤੇਜ਼ ਬੋਲ ਬੋਲਦਾ ਆਰਾਮ ਨਾਲ ਗੱਲਾਂ ਕਰੀ ਜਾਂਦਾ. . .ਸਾਰਾ ਸਾਰਾ ਦਿਨ . . . ਅੱਧੀ ਅੱਧੀ ਰਾਤ ਤੱਕ। ਉਸਦੀ ਸਰਦਾਰਨੀ ਉਸਦੀਆਂ ਨਵਾਬੀ ਆਦਤਾਂ ਤੋਂ ਕਾਹਲੀ ਨਾ ਪੈਂਦੀ। ਉਸਨੇ ਦੱਸਿਆ, ਜਦੋਂ ਵਿਆਹ ਤੋਂ ਪਹਿਲਾਂ ਖੁਮਾਰ ਸਾਹਿਬ ਮੈਨੂੰ ਦੇਖਣ ਮਿਲਣ ਆਏ ਤਾਂ ਉਨ੍ਹਾਂ ਕਿਹਾ–ਠੀਕ ਹੈ ਸਭ। ਘਰਬਾਰ. . . ਤੂੰ . . .

www.punjabilibrary.com

ਤੇਰੀ ਪੜ੍ਹਾਈ ਲਿਖਾਈ . . .ਠੀਕ ਹੈ ਸਭ। ਪਰ ਮੇਰੀ ਸ਼ਰਤ ਹੈ ਇਕ। ਇਹ ਮੰਨੇਗੀ ਤਾਂ ਵਿਆਹ ਹੋਵੇਗਾ। ਸ਼ਰਤ ਇਹ ਕਿ ਰੋਟੀ ਉਦੋਂ ਖਾਵਾਂਗਾ ਜਦੋਂ ਭੁੱਖ ਲੱਗੇਗੀ . . . ਇਹ ਨਹੀਂ ਕਿ ਖਾਣਾ ਤਿਆਰ ਹੈ ਛਕੋ। ਇਸ਼ਨਾਨ ਉਦੋਂ ਕਰਾਂਗਾ ਜਦੋਂ ਦਿਲ ਕਰੇਗਾ, ਇਹ ਨਹੀਂ ਕਿ ਗਰਮ ਪਾਣੀ ਤਿਆਰ ਹੈ ਜਾਓ ਨਹਾਓ। ਸੌਵਾਂਗਾ ਉਦੋਂ, ਜਦੋਂ ਨੀਂਦ ਆਵੇਗੀ- ਇਹ ਨਹੀਂ ਕਿ ਅੱਧੀ ਰਾਤ ਬੀਤ ਗਈ ਹੈ ਜਾਂ ਦਿਨ ਚੜ੍ਹਨ ਵਾਲਾ ਹੋ ਗਿਆ ਹੈ . . . ਸੌਂ ਜਾਓ।

ਮੈਨੂੰ ਕਿਹਾ ਕਰਦਾ- ਕਾਹਲਾਪਣ ਹੈ ਤੇਰੀ ਤਬੀਅਤ ਵਿਚ। ਚੰਗੀਆਂ ਸੁਹਣੀਆਂ ਗੱਲਾਂ ਕਰਦਾ ਸੁਣਦਾ ਅਚਾਨਕ ਤੂੰ ਦੌੜਨ ਲਗਦਾ ਹੈਂ।ਕੋਈ ਸੁਹਣਾ ਪਲ, ਜੋ ਆਪ ਚੱਲ ਕੇ ਆਵੇ, ਉਹ ਰੁਕ ਸਕਦਾ ਹੈ ਜੇ ਆਦਰ ਨਾਲ ਰੋਕਣ ਵਾਲਾ ਮਿਲੇ ਉਸ ਨੂੰ। ਮੇਰੇ ਪਾਸ ਤਾਂ ਕੋਈ ਕੋਈ ਲਮਹਾ ਮਹੀਨਾ ਮਹੀਨਾ ਮਹਿਮਾਨ ਵਜੋਂ ਰਹਿ ਲੈਂਦਾ ਹੈ। ਉਹ ਮੇਰੇ ਨਾਲ ਮੈਂ ਉਸ ਨਾਲ ਦੇਰ ਤੱਕ ਨਸ਼ਿਆਏ ਰਹਿੰਦੇ ਹਾਂ।

ਉਸ ਵਾਸਤੇ ਜੀਵਨ ਦੀ ਹਰ ਘਟਨਾ ਸ਼ਿਅਰ ਹੁੰਦੀ। ਸਫਰ ਵਿਚ ਲੇਟ ਹੋ ਗਏ, ਜਿਸ ਪਿੰਡ ਜਾਣਾ ਸੀ ਉਸ ਵਾਸਤੇ ਆਖਰੀ ਬੱਸ ਲੰਘ ਚੁੱਕੀ ਸੀ। ਇਧਰੋਂ ਉਧਰੋਂ ਪੁੱਛਿਆ ਕਿ ਹੁਣ ਕੀ ਕਰੀਏ? ਇਕ ਦੁਕਾਨਦਾਰ ਨੇ ਕਿਹਾ- ਉਧਰ ਬਾਈ-ਪਾਸ ਤੇ ਚਲੇ ਜਾਓ।ਪਿਛੋਂ ਗੰਨਿਆਂ ਦੇ ਲੱਦੇ ਟਰੱਕ ਆਉਂਦੇ ਹਨ ਮਿੱਲ ਵਾਲੇ ਪਾਸੇ ਜਾਂਦੇ ਹਨ . . . ਉਹ ਸਵਾਰੀਆਂ ਬਿਠਾ ਲੈਂਦੇ ਹਨ ਅਕਸਰ, ਤੁਹਾਨੂੰ ਪਿੰਡ ਉਤਾਰ ਦੇਣਗੇ। ਬਾਈ-ਪਾਸ ਤੇ ਖਲੋਤੇ ਅਸੀਂ ਟਰੱਕ ਦੀ ਉਡੀਕ ਕਰ ਰਹੇ ਸਾਂ ਤਾਂ ਖ਼ੁਮਾਰ ਨੇ ਕਿਹਾ - ਹੁਣ ਇੱਥੇ ਖਲੋਤੇ ਅਸੀਂ ਉਸ ਟਰੱਕ ਦੀ ਉਡੀਕ ਕਰ ਰਹੇ ਹਾਂ ਜਿਸ ਬਾਰੇ ਸਾਨੂੰ ਨਹੀਂ ਪਤਾ ਕਿ ਕਿਤੋਂ ਚੱਲਿਆ ਵੀ ਹੈ ਕਿ ਨਹੀਂ। ਸਾਰੀ ਹਯਾਤੀ ਇਹੋ ਜਿਹਾ ਦਿਲਚਸਪ ਪਰ ਅਨਜਾਣ ਸਿਲਸਿਲਾ ਹੈ।

ਦੋਸਤਾਂ ਨਾਲ ਵਰਤਣਾ, ਉਨ੍ਹਾਂ ਦੇ ਦੂਰ ਦਰਾਜ਼ ਘਰਾਂ ਵਿਚ ਜਾਣਾ, ਮਿਲਣਾ, ਇਹ ਸ਼ੁਗਲ ਸੀ ਉਸਦਾ। ਆਪਣੇ ਪੁਰਾਣੇ ਦੋਸਤ ਨੂੰ ਮਿਲਣ ਉਸਦੇ ਪਿੰਡ ਚਲਾ ਗਿਆ। ਆਕੇ ਮੈਨੂੰ ਦੱਸਿਆ- ਸਾਰੇ ਭਰਾ ਭੈਣਾਂ ਅੱਛੇ ਕਾਰੋਬਾਰਾਂ ਵਿਚ ਮਸਰੂਫ਼ ਹਨ। ਪਿੰਡ ਦੀ ਹਵੇਲੀ ਵਿਚ ਬਜ਼ੁਰਗ ਬਾਪੂ ਇਕੱਲਾ ਬੈਠਾ ਸੀ। ਉਸਨੂੰ ਫ਼ਤਿਹ ਬੁਲਾ ਕੇ ਪੁੱਛਿਆ . . .ਕਿਥੇ ਹਨ ਬਾਕੀ ਪਰਿਵਾਰ ਦੇ ਜੀਅ ਬਾਪੂ ਜੀ? ਕਦੋਂ ਆਇਆ ਕਰਦੇ ਹਨ ਇਥੇ ਘਰ ਵਿਚ? ਬਾਪੂ ਨੇ ਕਿਹਾ- ਘਰ? ਕਿਹੜਾ ਘਰ? ਇਹ ਕੋਠੀ ਕੋਈ ਘਰ ਨਹੀਂ ਹੈ . . .ਕਬੂਤਰਖਾਨਾ ਹੈ, ਕਬੂਤਰਖ਼ਾਨਾ . . .ਪਤਾ ਨਹੀਂ ਕਬੂਤਰ ਕਿੱਧਰੋਂ ਆਉਂਦੇ ਹਨ . . .ਰਤਾ ਕੁ ਪੰਜੇ ਛੁਹਾ ਕੇ ਫਿਰ ਪਤਾ ਨਹੀਂ ਕਿੱਧਰ ਉੱਡ ਜਾਂਦੇ ਹਨ। ਸੱਜਿਓਂ ਖੱਬੇ, ਖੱਬਿਓਂ ਸੱਜੇ . . .ਉਡਾਰੀਆਂ ਹਨ ਬਸ . . .ਸਿਰਫ ਉਡਾਰੀਆਂ। ਘਰ ਨਹੀਂ ਰਿਹਾ ਇਹ ਪੁੱਤਰਾ ਹੁਣ।

ਬਿਮਾਰ ਹੋ ਗਿਆ ਇਕ ਵਾਰ। ਮੈਂ ਰਾਜਿੰਦਰਾ ਹਸਪਤਾਲ ਪਤਾ ਲੈਣ ਚਲਾ ਗਿਆ। ਮੈਨੂੰ ਕਹਿਣ ਲੱਗਾ- ਅਹੁ ਅਖੀਰਲੇ ਬੈੱਡ ਨੇੜੇ ਕੁਰਸੀ ਉਤੇ ਜਿਹੜਾ ਬਜ਼ੁਰਗ ਬੈਠਾ ਹੈ ਉਸ ਨੂੰ ਦੇਖ। ਸਵੇਰੇ ਮੇਰੇ ਪਾਸ ਆ ਗਿਆ। ਪੁੱਛਿਆ- ਸਤਨਾਮ ਈ ਏਂ ਤੂੰ? ਮੈਂ ਹਾਂ ਵਿਚ ਸਿਰ ਹਿਲਾਇਆ। ਮੈਂ ਉਸਨੂੰ ਪਛਾਣਿਆ ਨਹੀਂ ਸੀ ਪਰ ਜਦੋਂ ਉਸਨੇ ਦੱਸਿਆ ਤਾਂ ਪਛਾਣ ਲਿਆ। ਸਾਡੇ ਪਿੰਡਾਂ ਵੱਲ ਗੁਆਂਢ ਦਾ ਸੀ। ਕਹਿਣ ਲੱਗਾ- ਪਰਸੋਂ ਮੈਨੂੰ ਲੱਗਾ ਤੇਰੇ ਵੱਲ ਦੇਖ ਕੇ ਪਈ ਸਤਨਾਮ ਈ ਲਗਦਾ ਏ ਇਹ। ਫਿਰ ਮੈਂ ਨਰਸ ਤੋਂ ਪੁੱਛਿਆ। ਸੋਚਿਆ, ਪ੍ਰੋਫੈਸਰ ਏ . . .ਸ਼ਹਿਰ ਵਿਚ ਰਹਿੰਦਾ ਏ . . . ਪਤਾ ਲੈ ਆਈਏ . . . ਕੋਈ ਕੰਮ ਈ ਪੈ ਜਾਂਦੈ ਕਦੀ। ਖ਼ੁਮਾਰ ਨੇ ਫਿਰ ਪੁੱਛਿਆ, ਕਿਵੇਂ ਹੈ ਹੁਣ ਤੇਰਾ ਪੁੱਤਰ? -ਠੀਕ ਹੈ, ਬਜ਼ੁਰਗ ਨੇ ਕਿਹਾ, -ਚਾਰ ਚਾਰ ਸੇਅ ਖਾ ਜਾਂਦਾ ਏ ਹੁਣ ਤਾਂ ਰੋਜ। ਮੌਜਾਂ ਲੁੱਟਣ ਲੱਗਾ ਹੈ। ਦੁਆਂਦਾ ਹਾਂ ਛੁੱਟੀ ਅੱਜ।

ਸੁਆਮੀ ਨਿਤਯ ਚੈਤੰਨਯ ਯਤੀ ਉਸਦਾ ਬੜਾ ਪਿਆਰਾ ਮਿੱਤਰ ਅਕਸਰ ਖ਼ੁਮਾਰ ਨੂੰ ਖ਼ਤ ਲਿਖਦਾ। ਹਰੇਕ ਖ਼ਤ ਖ਼ੁਮਾਰ ਮੈਨੂੰ ਪੜ੍ਹਾ ਦਿੰਦਾ। ਅੰਗਰੇਜ਼ੀ ਵਿਚ ਲਿਖਿਆ ਸੁਆਮੀ ਦਾ ਇਕ ਖ਼ਤ ਮੇਰੇ ਸਾਹਮਣੇ ਪਿਆ ਹੈ। ਲਿਖਿਆ ਹੈ- ਦੇਰ ਹੋ ਗਈ ਹੈ ਖ਼ੁਮਾਰ ਤੈਨੂੰ ਦੇਖਿਆਂ। ਆ ਜਾਹ ਇਕ ਵਾਰ। ਤੂੰ ਕਹੇਂਗਾ ਊਟੀ ਦੂਰ ਦੱਖਣ ਦੇ ਸਿਰੇ ਉਤੇ ਹੈ, ਕੌਣ ਜਾਏ ਏਨੀ ਦੂਰ? ਓ ਭਾਈ ਕੋਈ ਮੁਸ਼ਕਿਲ ਨਹੀਂ। ਜਾਦੂ ਦੀਆਂ ਦਰੀਆਂ ਅਜੇ ਵੀ ਮਿਲਦੀਆਂ ਹਨ। ਵਿਛਾਅ, ਤੇ ਉਪਰ ਬੈਠ ਕੇ ਅੱਖਾਂ ਬੰਦ ਕਰ। ਬਸ ਮੇਰੇ ਕੋਲ ਪੁੱਜਿਆ ਹੋਇੰਗਾ। ਮੈਂ ਤਾਂ ਕਿੰਨੀ ਵਾਰ ਪੁੱਜ ਜਾਂਦਾ ਹਾਂ ਤੇਰੇ ਕੋਲ ਇਸ ਤਰ੍ਹਾਂ। ਤੂੰ ਅਵੇਂਗਾ ਤਾਂ ਦੇਖੇਂਗਾ, ਇਹ ਰਥ ਜਿਸ ਉਤੇ ਮੈਂ ਅੱਠ ਦਹਾਕਿਆਂ ਤੋਂ ਸਵਾਰੀ ਕਰਦਾ ਰਿਹਾਂ, ਪੁਰਾਣਾ ਹੋ ਗਿਆ ਹੈ . . . ਇਸ ਦੀਆਂ ਚੂਲਾਂ ਢਿੱਲੀਆਂ ਹੋ ਗਈਆਂ ਹਨ ਹੁਣ . . .ਪਹੀਏ ਡੋਲਣ ਲੱਗ ਪਏ ਹਨ . . .। ਤੂੰ ਆਧੁਨਿਕ ਸ਼ਾਇਰ ਹੈਂ ਭਾਈ। ਸਾਡੀ ਬੁੱਢਿਆਂ ਦੀ ਇਹ ਸ਼ਬਦਾਵਲੀ . . . ਰਥ, ਚੂਲਾਂ, ਪਹੀਏ . . .

www.punjabilibrary.com

ਤੈਨੂੰ ਪਸੰਦ ਨਹੀਂ ਆਉਂਣੀ . . . ਪੁਰਾਣਾ ਢੰਗ ਹੈ ਇਹ ਗੱਲ ਕਰਨ ਦਾ . . . ਚੱਲ ਫਿਰ ਤੇਰੀ ਬੋਲੀ ਵਿਚ ਗੱਲ ਕਰੀਏ, ਆਧੁਨਿਕ ਸ਼ਾਇਰ ਦੀ ਬੋਲੀ ਵਿਚ ਦਸਦਾ ਹਾਂ ਕਿ ਜਿਸ ਖੋਤੇ ਉਤੇ ਮੈਂ ਚੜ੍ਹਿਆ ਫਿਰਦਾ ਰਿਹਾ ਉਹ ਬੁੱਢਾ ਹੋ ਗਿਆ ਹੈ। ਇਕ ਦਿਨ ਇਸ ਨੂੰ ਕਹਿ ਦਿੱਤਾ ਕਿ ਤੈਨੂੰ ਛੱਡਕੇ ਹੁਣ ਚਲਾ ਜਾਣਾ ਹੈ ਮੈਂ। ਖੋਤੇ ਨੇ ਕਿਹਾ- ਮੈਨੂੰ ਇਕੱਲਿਆਂ ਛੱਡ ਜਾਏਂਗਾ ਸੁਆਮੀ? ਮੈਨੂੰ ਨਾਲ ਲੈ ਜਾਹ ਮਾਲਕ।ਮੈਂ ਅੱਸੀ ਸਾਲ ਤੇਰਾ ਭਾਰ ਚੁੱਕਿਆ, ਖੁਸ਼ੀ ਨਾਲ ਦੌੜਦਾ ਫਿਰਿਆ ਤੈਨੂੰ ਆਪਣੇ ਉਪਰ ਬਿਠਾ ਕੇ। ਹੁਣ ਤੂੰ ਛੱਡ ਜਾਏਂਗਾ ਮੈਨੂੰ? ਮੈਂ ਕਿਹਾ- ਕੋਈ ਇਕਰਾਰ-ਨਾਮਾ ਤਾਂ ਨਹੀਂ ਲਿਖਿਆ ਸੀ ਕਿਸੇ ਅਸ਼ਟਾਮਪੇਪਰ ਉਤੇ ਮੈਂ ਕਿ ਜੇ ਤੂੰ ਮੈਨੂੰ ਚੁੱਕੀ ਫਿਰੇਂਗਾ ਤਾਂ ਮੈਂ ਵੀ ਤੈਨੂੰ ਆਪਣੇ ਨਾਲ ਲੈ ਜਾਵਾਂਗਾ। ਮੈਂ ਨਹੀਂ ਲਿਜਾਣਾ ਤੈਨੂੰ। ਝਿੜਕ ਕੇ ਪਰੇ ਕੀਤਾ ਹੈ ਇਸ ਨੂੰ। ਮੂਰਖ ਖੋਤੇ ਦੇ ਹੰਝੂ ਰੇਤ ਵਿਚ ਡਿਗਦੇ ਦੇਖੇ।

ਲਗਦੀ ਵਾਹ ਹਸਪਤਾਲ ਨਹੀਂ ਜਾਂਦਾ ਸੀ ਉਹ। ਇਕ ਵਾਰ ਨਕਸੀਰ ਦੀ ਸਮੱਸਿਆ ਵਧ ਗਈ, ਦਾਖ਼ਲ ਹੋਣਾ ਪਿਆ। ਡਾਕਟਰ ਕਹੇ ਆਪ੍ਰੇਸ਼ਨ ਕਰਨਾ ਹੈ, ਖ਼ੁਮਾਰ ਕਹੇ ਨਹੀਂ ਕਰਾਉਣਾ। ਡਾਕਟਰ ਨੇ ਕਿਹਾ- ਨਿੱਕਾ ਜਿਹਾ ਆਪ੍ਰੇਸ਼ਨ ਹੈ ਬੇ-ਹੋਸ਼ ਕਰ ਦਿਆਂਗੇ ਤੇ ਬਸ ਆਪ੍ਰੇਸ਼ਨ ਹੋ ਜਾਏਗਾ। ਅਸੀਂ ਪੁੱਛਿਆ ਕਿ ਕਿਉਂ ਜਿੱਦ ਕਰਦੇ ਹੋ? ਕਿਹੜਾ ਤਕਲੀਫ ਹੋਣੀ ਹੈ? ਉਸਨੇ ਕਿਹਾ- ਬੇਹੋਸ਼ ਕਰ ਦੇਣਗੇ। ਪਰ ਫਿਰ ਜੇ ਹੋਸ਼ ਆਈ ਹੀ ਨਾਂ ਮੁੜ ਕੇ ਤਾਂ ਕੀ ਕਰਾਂਗਾ? ਮੈਂ ਨਹੀਂ ਇਨ੍ਹਾਂ ਦੇ ਆਖੇ ਲੱਗ ਕੇ ਅਜ਼ਲ ਤੱਕ ਬੇਹੋਸ਼ ਹੋਣਾ।"

ਇੰਟਰਵਿਊ ਦੇਣ ਗਿਆ। ਵਾਈਸ ਚਾਂਸਲਰ ਨੇ ਕਿਸੇ ਹੋਰ ਬੰਦੇ ਨੂੰ ਚੁਣਨਾ ਸੀ - ਏਧਰ ਓਧਰ ਦੇ ਸਵਾਲ ਪੁੱਛੇ- ਜਿਸਤੇ ਖ਼ੁਮਾਰ ਨੇ ਕਿਹਾ- ਮੇਰਾ ਵਿਸ਼ਾ ਮਨੋਵਿਗਿਆਨ ਹੈ- ਇਸ ਬਾਰੇ ਪੁੱਛੋ। ਵਾਈਸ-ਚਾਂਸਲਰ ਨੇ ਕਹਿ ਦਿਤਾ -ਯੂ ਆਰ ਕਨਫਿਊਜ਼ਡ ਪਰਸਨ ਖੁਮਾਰ।ਖ਼ੁਮਾਰ ਨੇ ਕਿਹਾ - ਪੀਪਲ ਆਰ ਕੰਨ ਫਿਊਜ਼ਡ ਐਬਾਊਟ ਦਿਅਰ ਕਲੈਰਿਟੀ ਆਫ ਮਾਈਂਡ, ਆਈ ਐਮ ਵੈਰੀ ਮਚ ਕਲੀਅਰ ਇਨ ਮਾਈ ਕਨਫਿਉਜਨਜ਼। ਇਹ ਕਹਿ ਕੇ ਉਠ ਆਇਆ।

ਉਸਨੇ ਨਾ ਘਰ ਬਣਾਇਆ ਨਾ ਪਲਾਟ ਖਰੀਦਿਆ। ਕਾਰ ਰੱਖੀ, ਜਿਧਰ ਜਾਂਦਾ ਕਾਰ ਵਿਚ ਸਵਾਰ ਹੋਕੇ। ਮੈਂ ਇਕ ਦਿਨ ਕਿਹਾ- ਘਰ ਪਾ ਲੈਣਾ ਚਾਹੀਦਾ ਹੈ। ਕਦੀ ਅਕਲ ਦੀ ਗੱਲ ਵੀ ਕਰਨੀ ਹੈ ਕਿ ਨਹੀਂ। ਉਸ ਨੇ ਕਿਹਾ- ਸੰਸਾਰ ਜੇ ਮਾੜਾ ਮੋਟਾ ਸੁਹਣਾ ਲਗਦਾ ਹੈ ਨਾ, ਇਹ ਮੂਰਖਾਂ ਕਰਕੇ ਸੁਹਣਾ ਹੈ। ਅਕਲਵੰਦਾਂ ਨੇ ਇਸਨੂੰ ਕਰੂਪ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਬਾਕੀ। ਮੈਂ ਮੂਰਖ ਠੀਕ ਹਾਂ। ਮੈਨੂੰ ਫ਼ਖਰ ਹੈ ਅਕਲਮੰਦ ਨਹੀਂ ਹਾਂ।

ਇਕ ਦਿਨ ਸ਼ਹਿਰ ਵਿਚ ਮਿਲ ਗਿਆ, ਪੁੱਛਿਆ- ਕੀ ਕਰ ਰਹੇ ਹੋ ?
ਉਸਨੇ ਕਿਹਾ- ਆਪਣੇ ਵਰਗਾ ਇਕ ਹੋਰ ਲਭ ਰਿਹਾਂ ਹਾਂ . . .ਸਫਲ ਨਹੀਂ ਹੋ ਰਿਹਾ ਕਿਉਂਕਿ ਬੇਮਿਸਾਲ ਹਾਂ ਮੈਂ . . . ਦੱਸ ਕੌਣ ਹੈ ਮੇਰੇ ਜਿਹਾ ਸੰਸਾਰ ਵਿਚ।

ਉਸ ਕੋਲ ਬਹੁਤ ਪੁਰਾਣੇ ਮਾਡਲ ਦੀ ਕਾਰ ਸੀ ਜਿਸ ਦੇ ਦਰਵਾਜ਼ੇ ਪੁੱਠੇ ਪਾਸੇ ਖੁਲ੍ਹਿਆ ਕਰਦੇ, ਯਾਨੀ ਕਿ ਤਾਕੀ ਦਾ ਹੈਂਡਲ ਅੱਗੇ ਹੁੰਦਾ ਤੇ ਕਬਜ਼ਾ ਪਿਛੇ। ਇਕ ਦਿਨ ਮੇਰੇ ਘਰ ਆਇਆ ਤਾਂ ਦੇਖਿਆ ਕਾਰ ਦਾ ਅੱਧਾ ਫਰਸ਼ ਟੁੱਟ ਕੇ ਹੇਠਾਂ ਲਟਕਿਆ ਹੋਇਆ ਹੈ। ਮੈਨੂੰ ਕਹਿੰਦਾ ਰੱਸਾ ਹੈ ਕੋਈ ਘਰ? ਰੱਸਾ ਹੈ ਸੀ। ਮੈਂ ਲੈ ਆਇਆ, ਆਪ ਵਿਚ ਬੈਠ ਗਿਆ ਕਹਿੰਦਾ- ਜਿਵੇਂ ਚਰੀ ਦੀ ਭਰੀ ਬੰਨ੍ਹੀਦੀ ਹੈ, ਕਾਰ ਨੂੰ ਇਉਂ ਬੰਨ੍ਹ ਦੇਹ, ਵਰਕਸ਼ਾਪ ਤੱਕ ਪੁਚਾਉਣ ਜੋਗੀ ਤਾਂ ਹੋਵੇ। ਰੱਸੇ ਵਿਚਕਾਰ ਉਸਦੀਆਂ ਤਾਕੀਆਂ ਵੀ ਵਲੀਆਂ ਗਈਆਂ। ਮੈਂ ਪੁੱਛਿਆ- ਉਤਰੋਗੇ ਕਿਵੇਂ? ਕਹਿੰਦਾ- ਵਰਕਸ਼ਾਪ ਵਿਚ ਮਿਸਤਰੀ ਰੱਸਾ ਖੋਲ੍ਹੇਗਾ ਤਾਂ ਮੈਂ ਬਾਹਰ ਨਿਕਲ ਆਵਾਂਗਾ। ਮੈਂ ਕਿਹਾ- ਨਵੀਂ ਵਧੀਆ ਕਾਰ ਨਹੀਂ ਖਰੀਦੀ ਜਾਂਦੀ? ਉਤਰ ਦਿੱਤਾ- ਗੋਲਗੱਪਿਆਂ ਵਾਲੇ ਦਸ ਦਸ ਲੱਖ ਕੀਮਤ ਦੀਆਂ ਕਾਰਾਂ ਲਈ ਫਿਰਦੇ ਹਨ। ਜਦੋਂ ਕਾਰ ਵਿਚੋਂ ਨਿਕਲਦਾ ਹੈ, ਕੋਈ ਪੁਛਦਾ ਹੈ- ਕੌਣ ਹੈ ਇਹ? ਤਾਂ ਉਤਰ ਮਿਲਦੈ- ਗੋਲ ਗੱਪਿਆਂ ਵਾਲਾ ਹੈ। ਮੈਂ ਆਪਣੀ ਪੁਰਾਣੀ ਫਿਏਟ ਵਿਚੋਂ ਬਾਹਰ ਆਉਂਦਾ ਹਾਂ ਤਾਂ ਲੋਕ ਆਖਦੇ ਨੇ- ਸਰਦਾਰ ਖ਼ੁਮਾਰ ਆਇਐ। ਸ਼ਾਇਰ ਖ਼ੁਮਾਰ ਆਇਐ।

ਗਲਫ ਤੋਂ ਇਕ ਅਮੀਰ ਸ਼ੇਖ ਖ਼ੁਮਾਰ ਦਾ ਦੋਸਤ ਕਸ਼ਮੀਰ ਦੇਖਣ ਆਇਆ। ਖ਼ੁਮਾਰ ਨੂੰ ਕਹਿ ਦਿੱਤਾ ਕਿ ਵਧੀਆ ਟੈਕਸੀ ਦਾ ਇੰਤਜ਼ਾਮ ਕਰੇ, ਡਰਾਇਵਰ ਅੰਗਰੇਜ਼ੀ ਜਾਣਦਾ ਹੋਵੇ, ਖ਼ੁਮਾਰ ਨਾਲ ਜਾਏਗਾ।

ਵਾਪਸ ਆਕੇ, ਖ਼ੁਮਾਰ ਨੇ ਦੱਸਿਆ– ਜੰਮੂ ਲੰਘੇ ਤਾਂ ਅਚਾਨਕ ਇਕ ਮੁਰਗੀ ਸੜਕ ਤੇ ਆ ਗਈ। ਕਾਰ ਦੀ ਫੇਟ ਨਾਲ ਮਰ ਗਈ। ਡ੍ਰਾਈਵਰ ਗੱਡੀ ਭਜਾਣ ਲੱਗਾ ਤਾਂ ਸ਼ੇਖ ਨੇ ਕਿਹਾ– ਰੋਕ। ਗੱਡੀ ਰੋਕ। ਡ੍ਰਾਈਵਰ ਨੇ ਕਿਹਾ– ਗੁਸੈਲੇ ਲੋਕ ਨੇ। ਲੜ ਪੈਣਗੇ। ਸ਼ੇਖ ਨੇ ਕਿਹਾ– ਨਹੀਂ ਲੜਨਗੇ। ਵਾਪਸ ਚੱਲ। ਵਾਪਸ ਆਏ, ਪੰਜ ਸਤ ਔਰਤਾਂ ਮਰਦ ਆਲੇ ਦੁਆਲੇ ਖਲੋ ਗਏ। ਸ਼ੇਖ ਉਤਰਿਆ। ਸਭ ਤੋਂ ਖਿਮਾ ਮੰਗਦਿਆਂ ਦੋ ਸੌ ਰੁਪਏ ਮਾਲਕਾਂ ਨੂੰ ਦਿਤੇ ਤੇ ਚੱਲ ਪਏ। ਡ੍ਰਾਈਵਰ ਨੇ ਕਿਹਾ– ਪੰਜਾਹ ਰੁਪਏ ਦੀ ਵੀ ਨਹੀਂ ਸੀ ਮੁਰਗੀ, ਦੋ ਸੌ ਦੇ ਆਏ। ਪੁੱਛ ਤਾਂ ਲੈਣਾ ਸੀ। ਸ਼ੇਖ ਸੁਣਦਾ ਰਿਹਾ। ਡ੍ਰਾਈਵਰ ਫਿਰ ਬੁੜ ਬੁੜ ਕਰਨ ਲੱਗਾ– ਮੂਰਖਤਾ, ਦੋ ਸੌ ਰੁਪਏ ਦੇ ਆਇਆ। ਨਾਲੇ ਮੁਰਗੀ ਵੀ ਉਹੀ ਖਾਣਗੇ। ਉਹ ਵੀ ਉਨ੍ਹਾਂ ਦੀ। ਹੋਈ ਨਾ ਮੂਰਖਤਾ? ਸ਼ੇਖ ਨੇ ਕਿਹਾ– ਰੱਬ ਨੂੰ ਮੂਰਖਤਾ ਪਸੰਦ ਹੈ ਇਸ ਕਰਕੇ ਮੂਰਖਾਂ ਨੂੰ ਦੌਲਤ ਦਿੰਦਾ ਹੈ ਤੇ ਅਕਲਮੰਦਾਂ ਤੋਂ ਡ੍ਰਾਈਵਰੀ ਕਰਵਾਉਂਦਾ ਹੈ।

ਪਿਤਾ ਦਾ ਨਾਂ ਸੁਰਜਨ ਸਿੰਘ ਸੀ। ਉਸ ਨੇ ਮਿੰਟਗੁਮਰੀ ਜ਼ਿਲੇ ਵਿਚ ਪਿੰਡ ਬੰਨ੍ਹਿਆ ਜਿਸ ਦਾ ਨਾਂ ਚੱਕ ਸੁਰਜਨ ਸਿਘ ਵਾਲਾ ਹੈ। ਕਹਿਣ ਲੱਗਾ– ਮੈਂ ਵੱਡੇ ਰਈਸ ਸਰਦਾਰ ਸੁਰਜਨ ਸਿੰਘ ਦਾ ਬੇਟਾ ਹਾਂ। ਮਾਂ ਬਿਰਧ ਹੋ ਗਈ ਹੈ, ਪਤਾ ਨਹੀਂ ਕਦੋਂ ਸਾਹ ਸਾਥ ਛੱਡ ਦੇਣ। ਮੈਂ ਮਾਂ ਦੇ ਸਸਕਾਰ ਦੀਆਂ ਅਜਿਹੀਆਂ ਰਸਮਾਂ ਕਰਾਂਗਾ ਕਿ ਲੋਕ ਦੇਖਣਗੇ ਇਹ ਚੱਕ ਸੁਰਜਨ ਸਿੰਘ ਵਾਲਾ ਦੀ ਸਰਦਾਰਨੀ ਦਾ ਦੇਹਾਂਤ ਸੀ।

23 ਮਾਰਚ, 1997 ਨੂੰ ਮਾਂ ਲਈ ਦਵਾਈ ਲੈਣ ਘਰੋਂ ਨਿਕਲਿਆ ਤੇ ਸਵੇਰੇ 10 ਵਜੇ ਟਰੱਕ ਨੇ ਆਪਣੀ ਲਪੇਟ ਵਿਚ ਲੈ ਲਿਆ। ਮੌਕੇ ਤੇ ਸੰਸਾਰ ਵਿਚੋਂ ਕੂਚ ਕਰ ਗਿਆ। ਉਸਦੀ ਲਾਸ਼ ਪਈ ਸੀ ਸੜਕ ਉਤੇ . . . ਲਾਗਿਓਂ ਟਰੈਫਿਕ ਫਿਰ ਤੇਜ਼ੀ ਨਾਲ ਚੱਲ ਰਿਹਾ ਸੀ . . . ਕਾਲ ਦਾ ਪਹੀਆ ਧੀਮਾ ਨਹੀਂ ਹੁੰਦਾ। ਕਾਲ ਕੋਲ ਰੁਕਣ ਦੀ ਫੁਰਸਤ ਨਹੀਂ ਹੈ। ਖਬਰ ਸੁਣਨ ਬਾਅਦ, ਦੁਪਹਿਰੇ ਮਾਂ ਉਸ ਨਾਲ ਜਾ ਰਲੀ।

ਮਿਰੀ ਰਫ਼ਤਾਰ ਪਰ ਕਿਤਨਾ ਸਿਤਮ ਢਾਤੇ ਹੈਂ ਚੌਰਾਹੇ।।
ਮੈਂ ਜਬ ਭੀ ਤੇਜ਼ ਚਲਦਾ ਹੂੰ ਤੋ ਆ ਜਾਤੇ ਹੈਂ ਚੌਰਾਹੇ।।
ਜੁਦਾ ਹੋਤੀ ਹੈਂ ਰੂਹੇਂ ਖ਼ਾਬ ਚਕਨਾਚੂਰ ਹੋਤੇ ਹੈਂ
ਬੜੇ ਪੁਰਦਰਦ ਮੰਜ਼ਰ ਸਾਮਨੇ ਲਾਤੇ ਹੈਂ ਚੌਰਾਹੇ ।।

ਹਵਾ ਦੇ ਝੋਂਕਿਆਂ ਨੂੰ ਪੁੱਛਿਆ ਹੈ, ਉਸ ਨੂੰ ਕਿਧਰ ਲੈ ਗਏ ਹੋ, ਉਤਰ ਨਹੀਂ ਮਿਲਿਆ। ਵਰ੍ਹਿਆਂ ਤੋਂ ਉਸਦੇ ਮਕਾਨ ਦੇ ਬਾਹਰਵਾਰ ਨਾਮ-ਤਖ਼ਤੀ ਲਟਕ ਰਹੀ ਸੀ। ਅੰਤਮ ਸੰਸਕਾਰ ਤੋਂ ਅਗਲੇ ਦਿਨ ਬੱਚੇ ਗਲੀ ਵਿਚ ਗੇਂਦ ਨਾਲ ਖੇਡ ਰਹੇ ਸਨ। ਤੇਜ਼ ਗੇਂਦ ਆਈ ਤੇ ਤਖ਼ਤੀ ਉਤੇ ਵੱਜ ਕੇ ਇਸ ਨੂੰ ਚੂਰ ਚੂਰ ਕਰ ਗਈ। ਨਾਸ਼ਿਰ ਨਕਵੀ ਨੇ ਖ਼ੁਮਾਰ ਦਾ ਸ਼ਿਅਰ ਸੁਣਾਇਆ–

ਜ਼ਿੰਦਗੀ ਉਠ ਜਾਏਗੀ ਖਾਲੀ ਮਕਾਂ ਰਹਿ ਜਾਏਗਾ।।
ਨਾਮ ਕੀ ਤਖ਼ਤੀ ਪੇ ਧੁੰਧਲਾ ਸਾ ਨਿਸ਼ਾਂ ਰਹਿ ਜਾਏਗਾ।।

ਨਕਵੀ ਨੇ ਕਿਹਾ– ਧੁੰਧਲਾ ਨਹੀਂ, ਕੁਦਰਤ ਉਸਦਾ ਨਿਸ਼ਾਨ ਸਾਫ ਛਡੇਗੀ, ਮੇਰਾ ਇਹ ਦਾਅਵਾ ਹੈ।

ਬੁਖ਼ਾਰੀ ਪੂੰਝ ਲੈ ਅੱਖਾਂ, ਦਿਲਾਂ ਨੂੰ ਭਿਉਣ ਦੀ ਗੱਲ ਕਰ
ਓ ਦਰਦਾ ਮੇਰੇ ਲੂੰ ਲੂੰ ਵਿਚ ਸਮਾ ਜਾ, ਰਾਤ ਭਿੱਜ ਗਈ ਏ।
ਖਲੋ ਜਾ ਜਾਂਦਿਆ ਵਕਤਾ, ਖਲੋ ਕੇ ਬਾਤ ਸੁਣਦਾ ਜਾ
ਮਿਲੇ ਕਿਧਰੇ ਤਾਂ ਆਖੀਂ ਸੂ ਚਲਾ ਜਾ, ਰਾਤ ਭਿੱਜ ਗਈ ਏ।

× × ×

ਉਸਦੇ ਥੋੜ੍ਹੇ ਸ਼ਿਅਰ ਨਮੂਨੇ ਵਜੋਂ ਦੇ ਰਿਹਾ ਹਾਂ। ਚਾਰ ਦੀਵਾਨ ਛਪ ਚੁਕੇ ਹਨ। ਮੈਂ ਉਨ੍ਹਾਂ ਵਿਚੋਂ ਚੋਣਵੀਆਂ ਗਜ਼ਲਾਂ ਛਾਂਟ ਕੇ ਗੁਰਮੁਖੀ ਅੱਖਰਾਂ ਵਿਚ ਲਿਖ ਲਈਆਂ ਹਨ। ਕੋਈ ਛਾਪਣ ਵਾਲਾ ਲਭ ਰਹੇ ਹਾਂ।

ਗਿਰੇਗਾ ਕਯੋਂਕਿ ਤੂ ਜਿਨ ਪੇ ਖੜਾ ਹੈਂ,
ਕਿਸੀ ਕੇ ਪਾਓਂ ਹੈਂ ਤੇਰੇ ਨਹੀਂ ਹੈਂ ।।
ਖਿਲੌਨੇ ਅਬ ਭੀ ਰੋਕਰ ਮਾਂਗਤੇ ਹੈਂ
ਮਗਰ ਕਹਿਤੇ ਹੈਂ ਹਮ ਬੱਚੇ ਨਹੀਂ ਹੈਂ ।।

× × ×

ਵੋ ਮੁਝਸੇ ਕੱਦਾਵਰ ਹੈ ਉਸੇ ਐਸਾ ਲਗਾ ਥਾ ।।
ਸ਼ਾਇਦ ਵੋ ਕਿਸੀ ਛਤ ਸੇ ਮੁਝੇ ਦੇਖ ਰਹਾ ਥਾ।
ਕਿਸ ਬਾਤ ਪੇ, ਅਬ ਯਾਦ ਨਹੀਂ, ਬਨਕੇ ਮੁਸਕਾਨ
ਚੁਪਕੇ ਸੇ ਮੈਂ ਹੋਠੋਂ ਪੇ ਤਿਰੇ ਫੈਲ ਗਯਾ ਥਾ।।

× × ×

ਫਿਰ ਸੇ ਜਬ ਅਪਨੇ ਮਕਾਨੋ ਕੋ ਬਨਾਨਾ ਲੋਗੋ ।।
ਘਰ ਕੀ ਦੀਵਾਰ ਕੋ ਘਰ ਮੇਂ ਹੀ ਗਿਰਾਨਾ ਲੋਗੋ ।।

ਖ਼ੁਦ ਕੋ ਲੇ ਆਈ ਹੈ ਸ਼ਮਸ਼ੀਰ ਕੀ ਜ਼ਦ ਤਕ ਦੁਨੀਆਂ
ਔਰ ਅਬ ਢੂੰਡੇ ਹੈ ਮਰਨੇ ਕਾ ਬਹਾਨਾ ਲੋਗੋ ।।

www.punjabilibrary.com

## ਸ਼ਬਦਾਂ ਦੀ ਪੈੜ ਮਗਰ ਰਿਆਲ

ਪੂਰਾ ਨਾਮ ਗੁਰਬਚਨ ਸਿੰਘ ਰਿਆਲ, ਬਰਤਾਨੀਆਂ ਦਾ ਨਾਗਰਿਕ ਜੋ ਪੰਜਾਬ ਵਿਚ ਰਹਿਣ ਵੱਸਣ ਦਾ ਸ਼ੁਕੀਨ ਸੀ। ਇਸ ਕਾਮਲ ਫਕੀਰ ਦਾ ਮੈਂ ਦਸ ਕੁ ਸਾਲ ਮੁਰੀਦ ਰਿਹਾ। ਆਮ ਗੱਲਬਾਤ ਹੋਵੇ, ਚਾਹੇ ਸਟੇਜ ਤੋਂ ਸੈਮੀਨਾਰ ਕਰਦਿਆਂ ਬੋਲਦਿਆਂ ਹੋਇਆਂ ਤਿੰਨ ਬੰਦੇ ਮੈਂ ਅਜਿਹੇ ਦੇਖੇ ਜਿਹੜੇ ਬੋਲਾਂ ਨੂੰ ਸੁਰਖੀ ਪਾਊਡਰ ਨਹੀਂ ਲਾਉਂਦੇ, ਇਕ ਗੰਡਾ ਸਿੰਘ, ਦੂਜੇ ਹਰਕੀਰਤ ਸਿੰਘ ਤੀਜੇ ਰਿਆਲ ਸਾਹਿਬ। ਗਹਿਣੇ ਨਹੀਂ ਤਰਾਸ਼ੇ ਨਾ ਸਹੀ, ਸੋਨੇ ਦੀ ਇੱਟ ਦਾ ਕਿਹੜਾ ਮੁੱਲ ਘਟਦਾ ਹੈ।

ਮੈਂ ਕਿਹਾ - ਰਿਆੜ ਤਾਂ ਸੁਣੇ ਸਨ ਰਿਆਲ ਨਹੀਂ ਸੁਣੇ। ਹੱਸ ਪਏ- ਕੋਈ ਦਸਦਾ ਸੀ ਕਿ ਚਾਹਲ ਤੇ ਰਾਹਲ ਦੋ ਭਰਾ ਸਨ ਜਿਨ੍ਹਾਂ ਤੋਂ ਅਗੇ ਇਹ ਬੰਸ ਚੱਲੇ। ਰਾਹਲ ਤੋਂ ਬਣਿਆ ਰਾਅਲ ਤੇ ਫਿਰ ਰਿਆਲ। ਪਰ ਆਪਾਂ ਨੂੰ ਇਨ੍ਹਾਂ ਗੱਲਾਂ ਨਾਲ ਕੀ। ਤੂੰ ਇਹ ਦੱਸ ਬਈ ਕੈਨਨ ਕੀ ਹੁੰਦੀ ਐ। ਮੈਂ ਕਿਹਾ- ਜੀ ਮੇਰੇ ਵਿਸ਼ੇ ਵਿਚ ਤਾਂ ਕੈਨਨ ਉਸ ਵਿਧਾਨ ਨੂੰ ਕਹਿੰਦੇ ਹਨ ਜਿਸ ਦੇ ਤਹਿਤ ਧਰਮਗ੍ਰੰਥ ਨੂੰ ਸਟੀਕ ਰੂਪ ਦਿੱਤਾ ਗਿਆ। ਤੁਸੀਂ ਦੱਸੋ। ਬੋਲੇ- ਠੀਕ ਹੈ, ਕੱਨਾ ਸ਼ਬਦ ਹੈ ਨਾ ਪੰਜਾਬੀ ਵਿਚ? ਇਸ ਨੂੰ ਅੰਗਰੇਜ਼ੀ ਵਿਚ ਕੇਨ ਕਹਿੰਦੇ ਹਨ, ਇਸੇ ਤੋਂ ਗੰਨਾ ਬਣਿਆ, ਇਸੇ ਤੋਂ ਕਾਂਡ। ਪੁਰਾਣੇ ਵੇਲਿਆਂ ਵਿਚ ਬਾਂਸ ਦੀਆਂ ਸਿੱਧੀਆਂ ਪਤਲੀਆਂ ਛਮਕਾਂ ਦੇ ਗਜ਼ ਬਣਦੇ ਹੁੰਦੇ ਸਨ। ਸੋ ਕੱਨਾ ਜਾਂ ਕੈਨਨ ਮਾਇਨੇ ਸਟੈਂਡਰਡ, ਰੂਲ, ਪੈਮਾਨਾ। ਕੈਨਾਲ ਲਫਜ਼ ਵੀ ਇਥੋਂ ਨਿਕਲਿਆ। ਪੰਜਾਬੀ ਵਿਚ ਕੱਕਾ ਉਡ ਗਿਆ, ਰਹਿ ਗਿਆ ਨਾਲ, ਇਥੋਂ ਨਾਲੀ, ਨੜਾ, ਨਾੜ, ਨਾੜੀ, ਨਾੜੂਆ ਬਣੇ। ਸਬਕ ਸਿਖਾਣ ਲਈ ਮਾਸਟਰ ਤੇ ਪੁਲਸੀਆ ਕੇਨ (ਬੈਂਤ) ਰੱਖਦੇ ਹਨ। ਗੰਨੇ ਲਈ ਅੰਗਰੇਜ਼ੀ ਵਿਚ ਸ਼ੁਗਰਕੇਨ ਲਫਜ਼ ਹੈ, ਯਾਨੀ ਕਿ ਖੰਡ ਦਾ ਕਾਨਾ, ਕੇਨ ਲਈ ਸਪੇਨੀ ਵਿਚ ਕਣ, ਫਰਾਂਸੀਸੀ ਵਿਚ ਕੰਨਾ, ਪੰਜਾਬੀ ਵਿਚ ਕਾਨੀ ਹੈ; ਕਾਨੀ ਕਲਮ ਤੇ ਤੀਰ ਦੋਹਾਂ ਲਈ ਵਰਤੀ ਜਾਂਦੀ ਹੈ। ਜਿਹੜਾ ਯੂਨਾਨੀ ਵਿਚ ਕੈਨਨ ਸੀ ਉਹੀ ਫਾਰਸੀ ਵਿਚ ਕਾਨੂਨ ਬਣ ਗਿਆ। ਪੰਜਾਬੀ ਵਿਚ ਖਾਨਦਾਨ ਲਈ ਬੰਸ (ਵੰਸ਼) ਸ਼ਬਦ ਵੀ ਬਾਂਸ ਦੀਆਂ ਹੇਠੋਂ ਉਪਰ ਤਕ ਦੀਆਂ ਪੋਰੀਆਂ (ਪੀੜ੍ਹੀਆਂ) ਵੱਲ ਇਸ਼ਾਰਾ ਕਰਦਾ ਹੈ।

ਸੁਕਰਾਤ ਅਤੇ ਰਿਆਲ ਵਰਗਿਆਂ ਨੂੰ ਬਲੈਕਬੋਰਡ ਅਤੇ ਕਲਾਸਰੂਮ ਦੀ ਲੋੜ ਨਹੀਂ ਪੈਂਦੀ। ਜਿਥੇ ਉਹ ਖਲੋਤੇ ਜਾਂ ਬੈਠੇ ਹੋਣ ਉਥੇ ਵਿੱਦਿਆ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ। ਕਦੀਂ ਕਦਾਈਂ ਆਖਦੇ ਹਨ- ਅਨਪੜ੍ਹ ਲੋਕ ਪੜ੍ਹਿਆਂ ਲਿਖਿਆਂ ਨੂੰ ਪੜ੍ਹਾ ਰਹੇ ਹਨ। ਇਨ੍ਹਾਂ ਨੂੰ ਕੀ ਪਤਾ ਸ਼ਬਦ ਦੀ ਜੜ੍ਹ ਕੀ ਹੁੰਦੀ ਹੈ। ਉਹ ਗੱਲ ਈ - ਜੰਗ ਮੇਂ ਮੋਰ ਨਾਚਾ ਕਿਸਨੇ ਦੇਖਾ। ਸੁਜਾਖੇ ਚੁਪ ਹਨ ਤੇ ਅੰਨ੍ਹੇ ਗਾ ਰਹੇ ਹਨ- ਮੈਨੇ ਦੇਖਾ.....ਮੈਨੇ ਦੇਖਾ....ਮੈਨੇ ਦੇਖਾ.....। ਇਕ ਨੇਤਰਹੀਣ ਸ਼ਾਇਰ ਆਪਣੇ ਸੁਜਾਖੇ ਦੋਸਤ ਨੂੰ ਕਹਿਣ ਲੱਗਾ- ਸ਼ਿਅਰ ਦੀ ਪਹਿਲੀ ਲਾਈਨ ਤਾਂ ਲਿਖ ਲਈ ਹੈ ਦੂਜੀ ਨਹੀਂ ਸੁਝਦੀ। ਤੁਸੀਂ ਮੱਦਦ ਕਰੋ। ਪੰਕਤੀ ਸੁਣਾਈ:

ਉਸ ਜ਼ੁਲਫ ਕੀ ਫਬਤੀ ਸ਼ਬਿ ਜੈਦੂਰ ਕੀ ਸੂਝੀ।।

(ਉਸ ਦੀ ਜ਼ੁਲਫ ਦੀ ਉਪਮਾ ਕਾਲੀਬੋਲੀ ਰਾਤ ਨਾਲ ਦੇਣ ਦੀ ਗੱਲ ਸੁੱਝੀ ਹੈ)

ਸੁਜਾਖੇ ਨੇ ਕਿਹਾ- ਦੂਜੀ ਲਾਈਨ ਇਹ ਬਣਦੀ ਹੈ:

ਅੰਧੇ ਕੋ ਅੰਧੇਰੇ ਮੇਂ ਬੜੀ ਦੂਰ ਕੀ ਸੂਝੀ।

ਕਹਿਣ ਲੱਗਾ- ਕਈ ਧਾਤੂਆਂ ਹੈਰਾਨੀਜਨਕ ਹਨ। ਪੰਜਾਬੀ ਵਿਚ ਜਿਸ ਨੂੰ ਬਾਤਚੀਤ, ਗੱਲਬਾਤ ਆਖਦੇ ਹਾਂ ਅੰਗਰੇਜ਼ੀ ਵਿਚ ਉਹ ਕਨਵਰਸੇਸ਼ਨ ਹੈ। ਕੌਣ ਮੰਨੇਗਾ ਦੋਹਾਂ ਦੀ ਜੜ ਇਕ ਹੈ। 'ਬਾਤ' ਸ਼ਬਦ ਸੰਸਕ੍ਰਿਤ ਦੇ 'ਵਾਰਤਾ' ਦਾ ਪੰਜਾਬੀ ਰੂਪ ਹੈ। ਯੂਨਾਨੀ ਸ਼ਬਦ ਹੈ ਵਰਟ, ਉਸ ਤੋਂ ਬਣਿਆ ਵਰਸ-ਕਨਵਰਸ-ਕਨਵਰਸੇਸ਼ਨ। ਜਦੋਂ ਗੱਲਾਂ ਕਰਦੇ ਹਾਂ ਤਾਂ ਇਹ ਇਕ ਚੱਕਰ ਹੈ ਵਿਚਾਰਾਂ ਦਾ ਜੋ ਆਪੋ ਵਿਚ ਪ੍ਰਵਾਹਤ ਹੋ ਰਿਹਾ ਹੈ- ਪਰਿਵਰਤਤ ਹੋ ਰਿਹਾ ਹੈ। ਅੰਗਰੇਜ਼ੀ ਦਾ ਪਰਵਰਟ ਸ਼ਬਦ ਵੀ ਵਰਟ ਤੋਂ ਬਣਿਆ ਤੇ ਵ੍ਰਿਤ (ਚੱਕਰ) ਵੀ। ਪਰਵਰਸ਼ਨ (ਅੰਗਰੇਜ਼ੀ) ਅਤੇ ਪਰਿਵਰਤਨ (ਸੰਸਕ੍ਰਿਤ) ਦੀ ਜੜ੍ਹ ਇਕੋ ਹੈ।

ਰਿਆਲ ਨੇ ਇਕ ਸਾਂਝੇ ਸ੍ਰੋਤ ਚੋਂ ਉਤਪੰਨ ਅਨੇਕ ਭਾਰੋਪੀ ਮੂਲਕ ਭਾਸ਼ਾਵਾਂ (ਪੰਜਾਬੀ, ਸੰਸਕ੍ਰਿਤ, ਫਾਰਸੀ, ਅੰਗਰੇਜ਼ੀ, ਲਾਤੀਨੀ, ਯੂਨਾਨੀ, ਰੂਸੀ, ਕਰੋਸ਼ੀਅਨ) ਦੀ ਸ਼ਬਦਾਵਲੀ ਦਾ ਚਿਰ-ਕਾਲਕ ਡੂੰਘਾ ਤੁਲਨਾਤਮਿਕ ਅਧਿਐਨ ਕੀਤਾ ਹੈ। ਇਹ ਸੰਜੋਗੀ ਤੱਥਾਂ ਦੀਆਂ ਭ੍ਰਾਂਤੀ ਸਮਾਨਤਾਵਾਂ ਦੇ ਉਲਟ ਸ਼ਬਦ ਦੀ

www.punjabilibrary.com

ਧੁਨੀ, ਰੂਪ ਅਤੇ ਉਸ ਦੇ ਅਰਥ ਸਬੰਧੀ ਕੁਝ ਨਿਯਮਾਂ ਤੇ ਆਧਾਰਤ ਹੈ, ਜਿਸ ਨੂੰ ਨਿਰੁਕਤ (etymology) ਕਿਹਾ ਜਾਂਦਾ ਹੈ। ਇਸ ਸਿਲਸਿਲੇ ਵਿਚ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਵਲੋਂ ਉਸ ਦੀ ਪੁਸਤਕ *Croatian and Sanskrit: A Common Heritage of Words* (ਪੰਜਾਬੀ ਭਾਸ਼ਾ ਦੇ ਵਿਸ਼ੇਸ਼ ਹਵਾਲਿਆਂ ਸਹਿਤ) ਪ੍ਰਕਾਸ਼ਤ ਹੋਈ ਜਿਸ ਦੇ ਇਕ ਕਾਂਡ ਵਿਚ ਇਹ ਰੂਸੀ, ਚੈਕ, ਬੁਲਗਾਰੀਅਨ ਆਦਿ ਦੀ ਨਿਕਟ ਸਗੋਤੀ ਸਲਾਵਕ ਭਾਸ਼ਾ ਕਰੋਸ਼ੀਅਨ ਅਤੇ ਸੰਸਕ੍ਰਿਤ ਦੇ ਕੋਈ ਪੰਜ ਸੌ ਸਜਾਤੀ ਸ਼ਬਦ ਸ਼ਾਮਲ ਹਨ। ਇਸ ਤੋਂ ਭਲੀ ਭਾਂਤ ਸਿੱਧ ਹੁੰਦਾ ਹੈ ਕਿ ਕਰੋਸ਼ੀਅਨ ਦਾ ਸੰਸਕ੍ਰਿਤ-ਪੰਜਾਬੀ ਨਾਲ ਰਿਸ਼ਤਾ ਹਜ਼ਾਰਾਂ ਸਾਲਾਂ ਦਾ ਪੁਰਾਣਾ ਹੈ ਅਤੇ ਇਸ ਮੁਢ ਕਦੀਮੀ ਸਭਿਅਤਾ ਦੇ ਪਿਤਰ ਇਕ ਹਨ।

ਖੁਸ਼ ਖੁਸ਼ ਉਸ ਦੀ ਇਕ ਕਾਪੀ ਮੈਨੂੰ ਦੇਣ ਆਇਆ। ਮੈਂ ਕਿਹਾ - ਆਪਾਂ ਇਹ ਕਿਤਾਬ ਕਰੋਸ਼ੀਅਨ ਦੂਤਘਰ ਨੂੰ ਨਾ ਭੇਜੀਏ? ਮੈਂ ਰਾਜਦੂਤ, ਅੰਬੈਸੀ ਆਫ ਕਰੋਸ਼ੀਆ, ਨਵੀਂ ਦਿੱਲੀ ਕਿਤਾਬ ਭੇਜ ਦਿੱਤੀ। ਰਾਜਦੂਤ ਦਾ ਫੋਨ ਆਇਆ, ਕਿਹਾ - ਪ੍ਰੋਫੈਸਰ ਸਾਹਿਬ ਮੈਂ ਇਹ ਕਿਤਾਬ ਇਕ ਸਿਟਿੰਗ ਵਿਚ ਬੈਠ ਕੇ ਪੜ੍ਹ ਲਈ ਹੈ। ਮੈਨੂੰ ਇਸ ਦੀਆਂ ਸੌ ਕਿਤਾਬਾਂ ਚਾਹੀਦੀਆਂ ਹਨ। ਕਿਵੇਂ ਕਰੀਏ? ਦੋਸਤਾਂ ਨੂੰ ਦੇਣ ਵਾਸਤੇ ਇਸ ਤੋਂ ਵਧੀਆ ਕੋਈ ਸੁਗਾਤ ਨਹੀਂ। ਮੈਂ ਦੱਸਿਆ ਕਿ ਦਿੱਲੀ ਇਨ੍ਹੀਂ ਦਿਨੀਂ ਵਿਸ਼ਵ ਕਿਤਾਬ ਮੇਲੇ ਵਿਚ ਸਾਡੀ ਯੂਨੀਵਰਸਿਟੀ ਦੀ ਬੱਸ ਆ ਰਹੀ ਹੈ ਕਿਤਾਬਾਂ ਨਾਲ ਭਰੀ ਹੋਈ। ਤੁਸੀਂ ਉਥੋਂ ਖਰੀਦ ਲੈਣੀਆਂ।

ਫਿਰ ਰਾਜਦੂਤ ਦਬੇਲਜੇ ਨੇ ਪੁੱਛਿਆ - ਮੈਂ ਉਨ੍ਹਾਂ ਨੂੰ ਮਿਲਣ ਆਉਣਾ ਚਾਹੁੰਦਾ ਹਾਂ, ਮੈਨੂੰ ਵਕਤ ਲੈ ਦਿਉਗੇ? ਮੈਂ ਕਿਹਾ - ਵਕਤ ਲੈ ਕੇ ਤੁਹਾਨੂੰ ਸੂਚਿਤ ਕਰਾਂਗਾ। ਹੁਣ ਵਕਤ ਕੇਵਲ ਰਿਆਲ ਸਾਹਿਬ ਤੋਂ ਥੋੜ੍ਹਾ ਲੈਣਾ ਸੀ, ਵੱਡਾ ਵਿਦੇਸ਼ੀ ਮਹਿਮਾਨ ਆ ਰਿਹਾ ਸੀ ਜਿਸ ਕਰਕੇ ਉਹ ਵਾਈਸ-ਚਾਂਸਲਰ ਸਾਹਿਬ ਦੀ ਮਹਿਮਾਨ ਨਿਵਾਜ਼ੀ ਦਾ ਹੱਕਦਾਰ ਸੀ। ਵਿਭਾਗ ਵਲੋਂ ਇਹ ਮਾਮਲਾ ਵਾਈਸ-ਚਾਂਸਲਰ ਸ. ਸਵਰਨ ਸਿੰਘ ਬੋਪਾਰਾਇ ਦੇ ਨੋਟਸ ਵਿਚ ਲਿਆਂਦਾ ਗਿਆ ਅਤੇ ਉਨ੍ਹਾਂ ਦੇ ਦਫਤਰ ਨੇ ਰਾਜਦੂਤ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ 28-11-2006 ਨੂੰ ਪਟਿਆਲੇ ਆਉਣ ਦਾ ਸੱਦਾ ਦਿੱਤਾ। ਰਾਜਦੂਤ ਆਪਣੇ ਸੈਕਟਰੀ ਸਮੇਤ 27 ਨਵੰਬਰ ਦੀ ਸ਼ਾਮ ਨੂੰ ਪੁੱਜ ਗਏ।ਯੂਨੀਵਰਸਿਟੀ ਨੇ ਭਰਪੂਰ ਸੁਆਗਤ ਕੀਤਾ। ਅਗਲੇ ਦਿਨ ਕਾਨਫਰੰਸ ਹਾਲ ਵਿਚ ਇਕੱਠ ਕੀਤਾ ਗਿਆ।

ਵਿਚਾਰ-ਵਟਾਂਦਰੇ ਦੌਰਾਨ ਉਨ੍ਹਾਂ ਦੱਸਿਆ ਕਿ ਉਹ ਹਿੰਦੀ ਸਿੱਖ ਰਹੇ ਹਨ, ਜੋ ਉਨ੍ਹਾਂ ਨੂੰ ਔਖੀ ਲਗਦੀ ਹੈ। ਰਿਆਲ ਦੀ ਕਿਤਾਬ ਪੜ੍ਹਨ ਤੋਂ ਬਾਦ ਇਸ ਨਤੀਜੇ ਤੇ ਪੁੱਜੇ ਹਨ ਕਿ ਸੰਸਕ੍ਰਿਤ, ਕ੍ਰੋਸ਼ੀਅਨ ਨਾਲ ਇਨੀ ਮਿਲਦੀ ਜੁਲਦੀ ਹੈ ਕਿ ਹਿੰਦੀ ਨਾਲੋਂ ਸੌਖੀ ਲਗਦੀ ਹੈ। ਮੈਂ ਚਾਉ ਨਾਲ ਸਰੋਤਿਆਂ ਨੂੰ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦੇ ਇਤਿਹਾਸ ਵਿਚ ਪਹਿਲੀ ਵਾਰ ਇਹ ਹੋਇਆ ਹੈ ਕਿ ਇਕੋ ਵਿਅਕਤੀ ਨੇ ਇਕ ਵਾਰ ਸੌ ਕਿਤਾਬਾਂ ਖਰੀਦੀਆਂ ਹੋਣ। ਰਾਜਦੂਤ ਉਠਿਆ ਤੇ ਕਹਿਣ ਲੱਗਾ - ਉਹ ਸੌ ਤਾਂ ਮੈਂ ਭੇਜ ਦਿੱਤੀਆਂ ਹਨ। ਹੁਣ ਇਕ ਸੌ ਹੋਰ ਖਰੀਦ ਕੇ ਲਿਜਾਵਾਂਗਾ। ਮੰਗਵਾ ਦਿਉ।

ਯੂਨੀਵਰਸਿਟੀ ਨੇ ਕੁੱਲ ਤਿੰਨ ਸੌ ਕਿਤਾਬਾਂ ਛਾਪੀਆਂ ਸਨ, ਕਿ ਵਿਕਣੀਆਂ ਤਾਂ ਹਨ ਨਹੀਂ। ਦੋ ਸੌ ਕਿਤਾਬ ਕਰੋਸ਼ੀਆ ਵਿਚ ਪਹੁੰਚ ਗਈ।

ਰਾਜਦੂਤ ਨੇ ਆਪਣੇ ਭਾਸ਼ਣ ਵਿਚ ਕਿਹਾ - ਇਕੱਲਾ ਆਦਮੀ ਜੇ ਤਾਕਤਵਰ ਹੋਵੇ, ਦੋ ਦੇਸ਼ਾਂ ਨੂੰ ਆਪਸ ਵਿਚ ਮਿਲਾ ਸਕਦਾ ਹੈ ਜਿਵੇਂ ਰਿਆਲ ਸਾਹਿਬ ਨੇ ਕੀਤਾ ਹੈ, ਮੈਂ ਆਪਣੇ ਦੇਸ਼ ਵਿਚੋਂ ਭਾਸ਼ਾ ਵਿਗਿਆਨ ਦੇ ਦੋ ਵਿਦਵਾਨ ਇਸ ਯੂਨੀਵਰਸਿਟੀ ਵਿਚ ਭੇਜਾਂਗਾ। ਉਹ ਰਿਆਲ ਸਾਹਿਬ ਤੋਂ ਕਰੋਸ਼ਿਅਨ ਸਿੱਖਣਗੇ।

ਵਾਈਸ-ਚਾਂਸਲਰ ਨੇ ਕਿਹਾ - ਰਿਆਲ ਸਾਹਿਬ ਇਕੱਲੇ ਹਨ ਅੱਜ ਕੱਲ੍ਹ, ਦਬੇਲਜੇ ਸਾਹਿਬ, ਇਕ ਮੈਡਮ ਭੇਜੋ।

ਰਿਆਲ ਨੇ ਕਿਤਾਬ ਦੀ ਜਾਣ-ਪਛਾਣ ਕਰਾਉਂਦਿਆਂ ਕਿਹਾ ਕਿ ਸਲਾਵਕ ਭਾਸ਼ਾਵਾਂ, ਵਿਸ਼ੇਸ਼ ਕਰਕੇ ਕ੍ਰੋਸ਼ਿਅਨ ਦੇ ਦੋ ਪੱਖ ਮਹੱਤਵਪੂਰਨ ਹਨ। ਇਕ ਤਾਂ ਇਹ ਕਿ ਅਰਥ ਵਿਕਾਸ ਪੱਖੋਂ ਇਸ ਭਾਸ਼ਾ ਤੋਂ ਇਕ ਕਲਾਸਕੀ ਭਾਸ਼ਾ ਦਾ ਝਾਉਲਾ ਪੈਂਦਾ ਹੈ, ਅਤੇ ਦੂਜੇ ਇਹ ਕਿ ਇਸ ਦੀ ਸ਼ਬਦਾਵਲੀ ਦਾ ਮੁਢਕਦੀਮੀ ਰੂਪ ਬੜੀ ਹੱਦ ਤੱਕ ਕਾਇਮ ਹੈ, ਜਿਸ ਤੋਂ ਇਹ ਭਾਸ਼ਾ ਪੰਜਾਬੀ, ਹਿੰਦੀ ਆਦਿ ਦੀ ਨਿਸਬਤ, ਜੋ ਮਾਤ ਭਾਸ਼ਾ ਦੇ ਆਮ ਤੌਰ ਤੇ ਵਿਗਸੇ ਰੂਪ ਹਨ, ਸੰਸਕ੍ਰਿਤ ਭਾਸ਼ਾ ਨਾਲ ਚੋਖਾ ਮੇਲ ਖਾਂਦੀ ਹੈ। ਕੁਝ ਸਗੋਤੀ ਸ਼ਬਦਾਂ

www.punjabilibrary.com

ਦੀਆਂ ਉਦਾਹਰਨਾਂ ਮੁਜਬ ਕ੍ਰੋਸ਼ਿਅਨ bogovan, prevrat, oko, nov, Ijubavan, kadi kad, dva (ਮੂਲ ਸੰਸਕ੍ਰਿਤ) ਤਰਤੀਬਵਾਰ ਪੰਜਾਬੀ ਵਿੱਚ 'ਭਾਗਵਾਨ', ਪਰਿਵਰਤਨ, ਅੱਖੀ, ਨਵਾਂ, ਲੁਭਾਉਣਾ ਕਦੇ ਕਦੇ, ਦੋ, ਆਪਸ ਵਿਚ ਸਕੇ ਸਬੰਧੀ ਹਨ। ਇਸ ਤੋਂ ਇਲਾਵਾ ਕੁਝ ਹਾਲਤਾਂ ਵਿਚ ਕ੍ਰੋਸ਼ੀਅਨ ਦੇ ਭਾਸ਼ਾਈ ਅਧਿਐਨ ਤੋਂ ਸੰਸਕ੍ਰਿਤ ਦੇ ਨਿਰੁਕਤ ਅਧਿਐਨ ਨੂੰ ਬਲ ਮਿਲਦਾ ਹੈ, ਜਿਵੇਂ ਵੇਦਾਂ ਦੇ ਨਿਰੁਕਤਕਾਰ ਯਾਸਕ ਮੁਨੀ ਅਨੁਸਾਰ ਸੰਸਕ੍ਰਿਤ ਤਸ, ਚੋਰ (ਜਿਵੇਂ 'ਤਸਕਰੀ') ਦਾ ਮੌਲਕ ਰੂਪ ਤਤ ਹੈ, ਜੋ ਕਿ tat ਵਜੋਂ ਸੁਰਖਿਅਤ ਮਿਲਦਾ ਹੈ। ਇੰਜ ਹੀ ਆਰ ਐਲ ਟਰਨਰ ਵਰਗੇ ਵਿਦਵਾਨ ਮੂਜਬ ਸੰਸਕ੍ਰਿਤ 'ਕਰਪਟ' (ਚੀਥੜਾ, ਇਸ ਲਈ ਪੰਜਾਬੀ 'ਕੱਪੜਾ')। ਅਣਭਾਰੋਪੀ ਵਿਚ 'ਕਾਪੜੀ' ਸ਼ਬਦ ਚੀਥੜੇਧਾਰੀ ਸਾਧੂ ਲਈ ਵਰਤਿਆ ਗਿਆ ਹੈ)

ਵਾਈਸ-ਚਾਂਸਲਰ ਸਾਹਿਬ ਨੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ- ਸਾਨੂੰ ਫਖਰ ਇਹ ਹੈ ਕਿ ਇਕ ਪੰਜਾਬੀ ਵਿਦਵਾਨ ਕਰੋਸ਼ਿਅਨ ਭਾਸ਼ਾ ਬਾਬਤ ਕਰੋਸ਼ਿਆ ਦੇ ਵਿਦਵਾਨਾਂ ਨੂੰ ਬਹੁਤ ਕੁਛ ਦੇ ਸਕਦਾ ਹੈ। ਉਨ੍ਹਾਂ ਇਹ ਵੀ ਸੱਦਾ ਦਿੱਤਾ ਕਿ ਪੰਜਾਬੀ ਯੂਨੀਵਰਸਿਟੀ ਵਿਦਵਾਨਾਂ ਦੇ ਆਦਾਨ ਪ੍ਰਦਾਨ ਲਈ ਤਤਪਰ ਹੈ। ਮੈਂ ਕਿਹਾ- ਰਿਆਲ ਸਾਹਿਬ ਤੁਹਾਡੀਆਂ ਡਿਕਸ਼ਨਰੀਆਂ ਦੀਆਂ ਜਿਲਦਾਂ ਫਟ ਗਈਆਂ ਹਨ, ਜਿਲਦਬੰਦ ਦਾ ਕੰਮ ਕਰਵਾ ਦੇਈਏ ? ਉਨ੍ਹਾਂ ਕਿਹਾ- ਨਾ। ਡਿਕਸ਼ਨਰੀਆਂ ਦੀ ਗੈਰ ਹਾਜ਼ਰੀ ਵਿਚ ਮੈਂ ਜਿਉਂਦਾ ਕਿਵੇਂ ਰਹਾਂਗਾ? ਜਿਲਦਸਾਜ਼ ਹਫਤਾ ਹਫਤਾ ਵਾਪਸ ਨਹੀਂ ਕਰਦੇ। ਮੈਂ ਕਿਹਾ- ਇਉਂ ਕਰਦੇ ਆਂ ਕਿ ਦੋ ਦੋ ਡਿਕਸ਼ਨਰੀਆਂ ਲੈ ਜਾਇਆ ਕਰਾਂਗਾ, ਵਾਰੋ ਵਾਰੀ ਸਾਰੀਆਂ ਦੀ ਮੁਰੰਮਤ ਹੋ ਜਾਵੇਗੀ। ਉਹ ਮੰਨ ਗਏ, ਮੈਨੂੰ ਪੁੱਛਿਆ-ਜਿਲਦ ਮਾਇਨੇ ਕੀ ਹੁੰਦਾ ਹੈ? ਮੈਂ ਕਿਹਾ- ਜੀ ਕਿਤਾਬ ਦੀ ਰੱਖਿਆ ਵਾਸਤੇ ਜੜਿਆ ਗਿਆ ਕਵਰ। ਉਹਨਾਂ ਦੱਸਿਆ- ਜਿਲਦ ਮਾਇਨੇ ਖੱਲ ਹੁੰਦੀ ਹੈ। ਇਸੇ ਤੋਂ ਜਲਾਦ ਲਫਜ਼ ਬਣਿਆਂ, ਜਲਾਦ ਮਾਇਨੇ ਖੱਲ ਉਤਾਰਨ ਵਾਲਾ।

ਵਿਭਾਗ ਵਿਚ ਆਏ, ਮੈਨੂੰ ਪੁੱਛਿਆ- ਵਿੱਡੋ (Widow) ਦਾ ਕੀ ਮਾਇਨਾ ਹੋਇਆ? ਮੈਂ ਕਿਹਾ- ਮੈਂ ਕੀ ਦੱਸਣਾ? ਤੁਸੀਂ ਜੋ ਦੱਸਣਾ ਹੈ ਦੱਸ ਦਿਉ। ਦੱਸਿਆ- ਸੰਸਕ੍ਰਿਤ ਦੀ ਧਾਤੂ ਹੈ ਵਿਦ, ਇਸ ਦਾ ਅਰਥ ਹੁੰਦਾ ਹੈ ਵਿਛੋੜਾ, ਵਿਜੋਗ, ਇਸੇ ਤੋਂ ਵਿਧਵਾ ਲਫਜ਼ ਬਣਿਆ ਜੋ ਫਾਰਸੀ ਵਿਚ ਬੇਵਾ ਹੋ ਗਿਆ ਤੇ ਅੰਗਰੇਜੀ ਵਿਚ ਵਿੱਡੋ। ਅੰਗਰੇਜੀ ਦਾ ਵੈੱਜ (Wedge) ਲਫਜ਼ ਵੀ ਇਥੋਂ ਆਇਆ ਕਿਉਂਕਿ ਫਾਨਾ ਵੀ ਦੁਫਾੜ ਕਰਦਾ ਹੈ ਨਾ, ਇਕ ਦੇ ਦੋ ਹਿੱਸੇ ਕਰਦਾ ਹੈ।

ਮੇਜਰ ਗੁਰਮੁਖ ਸਿੰਘ ਕੰਮ ਤਾਂ ਸਿਖ ਵਿਸ਼ਵਕੋਸ਼ ਵਿਚ ਕਰਦੇ ਸਨ ਪਰ ਨਾਲ ਨਾਲ ਉਨ੍ਹਾਂ ਨੇ ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਤਿਆਰ ਕੀਤੀ। ਉਨ੍ਹਾਂ ਦਾ ਇਹ ਬਹੁਤ ਸ਼ਾਨਦਾਰ ਕੰਮ ਹੈ ਜਿਸ ਦੀਆਂ ਸੱਤ ਐਡੀਸ਼ਨਾ ਛਪ ਕੇ ਵਿਕ ਚੁਕੀਆਂ ਹਨ। ਮੈਂ ਰਿਆਲ ਨਾਲ ਭਵਨ ਵਿਚੋਂ ਬਾਹਰ ਆ ਰਿਹਾ ਸਾਂ ਕਿ ਮੇਜਰ ਸਾਹਿਬ ਭਵਨ ਵੱਲ ਆਉਂਦੇ ਦੇਖੇ। ਮਿਲਦਿਆਂ ਹੀ ਰਿਆਲ ਨੇ ਮੇਜਰ ਨੂੰ ਕਿਹਾ- ਮੇਰੇ ਕੋਲ ਨਾ ਤੁਹਾਡਾ ਫੋਨ ਨਾ ਪਤਾ। ਤੁਸੀਂ ਦੇਖਿਆ ਹੋਣਾ ਤੁਹਾਡੀ ਡਿਕਸ਼ਨਰੀ ਉਪਰ ਚੋਰਾਂ ਨੇ ਆਪਣੇ ਆਪਣੇ ਨਾਮ ਛਪਵਾ ਲਏ ਹਨ। ਕੰਮ ਤੁਹਾਡਾ, ਨਾਮ ਹੋਰਾਂ ਦੇ। ਮੇਜ਼ਰ ਨੇ ਕਿਹਾ- ਹਾਂ ਮੈਂ ਦੇਖਿਐ, ਮਾੜੀ ਕਰਤੂਤ ਕੀਤੀ। ਰਿਆਲ ਨੇ ਕਿਹਾ- ਠਾਣੇ ਵਿਚ ਮੁਕੱਦਮਾ ਦਰਜ ਹੋ ਸਕਦੈ ਇਨ੍ਹਾਂ ਖਿਲਾਫ। ਮੇਜਰ ਚੁਪ ਹੋ ਗਿਆ। ਰਿਆਲ ਨੇ ਕਿਹਾ- ਚਲੋ ਆਪਾਂ ਵਾਈਸ-ਚਾਂਸਲਰ ਕੋਲ ਤਾਂ ਸ਼ਿਕਾਇਤ ਕਰੀਏ। ਮੈਂ ਤੁਹਾਡੇ ਨਾਲ ਚਲਦਾਂ। ਮੇਜਰ ਨੇ ਕਿਹਾ- ਚਲੋ ਛਡੀ ਪਰੇ ਰਿਆਲ ਸਾਹਿਬ। ਆਪਾਂ ਆਪਣਾ ਕੰਮ ਕਰਨਾ ਸੀ ਸੋ ਕਰ ਦਿਤਾ, ਇਨ੍ਹਾਂ ਨੇ ਅਪਣੀ ਆਪਣੀ ਕੜ੍ਹੀ ਘੋਲ ਲਈ ਆਪਾਂ ਕੀ ਲੈਣਾ। ਜੋ ਹੋਇਆ ਸੋ ਹੋਇਆ। ਰਿਆਲ ਗੁਸੇ ਵਿਚ ਆ ਗਿਆ, ਕਿਹਾ- ਹੁਣ ਤੱਕ ਤਾਂ ਮੈਨੂੰ ਚੋਰਾਂ ਵਿਰੁੱਧ ਗੁੱਸਾ ਸੀ ਕਿ ਤੁਹਾਡੀ ਥਾਂ ਆਪਣਾ ਨਾਮ ਲਿਖ ਲਿਆ। ਹੁਣ ਮੈਨੂੰ ਪਾਕਿਸਤਾਨੀ ਫੌਜਾਂ ਖਿਲਾਫ ਗੁੱਸਾ ਆ ਰਿਹੈ ਜਿਹੜੀਆਂ ਤੁਹਾਡੇ ਵਰਗਿਆਂ ਤੋ ਹਾਰ ਜਾਂਦੀਆਂ ਸਨ।

ਮੈਨੂੰ ਕਿਹਾ- ਟੈਲੀਵਿਜਨ ਤੇ ਰਾਮਦੇਵ ਦੱਸ ਰਿਹਾ ਸੀ ਕਿ ਕੱਦੂ ਦਾ ਜੂਸ ਬਹੁਤ ਗੁਣਕਾਰੀ ਹੈ। ਤੰਦਰੁਸਤ ਰਖਦਾ ਹੈ। ਮੈਂ ਸੋਚਦਾ ਰਿਹਾ- ਕੱਦੂ ਦਾ ਜੂਸ ਪੀ ਪੀ ਕੇ ਜਿਉਂਦੇ ਰਹਿਣ ਨਾਲੋਂ ਮਰਨਾ ਠੀਕ ਨਾ ਰਹੇ?

ਧਨਵੰਤ ਕੌਰ ਨੇ ਕਿਹਾ- ਰਿਆਲ ਸਾਹਿਬ, ਵਾਈਸ ਚਾਂਸਲਰ ਨੇ ਚਾਹਿਆ ਹੈ ਕਿ ਆਕਸਫੋਰਡ ਵਰਗੀ ਵੱਡੀ ਵਿਸ਼ਾਲ ਪੰਜਾਬੀ ਡਿਕਸ਼ਨਰੀ ਤਿਆਰ ਕੀਤੀ ਜਾਵੇ। ਤੁਹਾਡੀ ਲੋੜ ਪਏਗੀ। ਰਿਆਲ ਹੱਸ

www.punjabilibrary.com

ਪਿਆ, ਕਿਹਾ- ਕਿਥੇ ਆਕਸਫੋਰਡ, ਕਿਥੇ ਪੰਜਾਬੀ। ਅੰਗਰੇਜ਼ੀ ਸਾਰੀ ਦੁਨੀਆਂ ਦੀ ਜ਼ਬਾਨ ਬਣ ਗਈ ਹੈ ਇਸ ਕਰਕੇ ਇਸ ਦੇ ਭੰਡਾਰ ਨਾਲ ਹੋਰ ਕਿਸੇ ਭਾਸ਼ਾ ਦੀ ਤੁਲਨਾ ਨਹੀਂ ਹੋ ਸਕਦੀ। ਤੁਸੀਂ ਕੇਵਲ ਇਕ the ਸ਼ਬਦ ਦਾ ਇੰਦਰਾਜ ਪੜ੍ਹ ਕੇ ਦੇਖੋ, ਤਸੱਲੀ ਹੋ ਜਾਏਗੀ। ਫਿਰ that ਲਫਜ਼ ਪੜ ਕੇ ਦੇਖੋ। ਧਨਵੰਤ ਨੇ ਕਿਹਾ- ਪਰ ਜੋ ਵੀ ਹੈ ਆਪਾਂ ਵੱਧ ਤੋਂ ਵੱਧ ਕੰਮ ਕਰਾਂਗੇ, ਪੰਜਾਬੀ ਦਾ ਪੂਰਾ ਸ਼ਬਦ ਭੰਡਾਰ ਇਕੱਠਾ ਕਰਾਂਗੇ। ਰਿਆਲ ਨੇ ਪੁੱਛਿਆ- ਸੰਪਾਦਕੀ ਬੋਰਡ ਵਿਚ ਕੌਣ ਕੌਣ ਹੋਣਗੇ? ਜਿਨ੍ਹਾਂ ਦੇ ਨਾਮ ਧਨਵੰਤ ਨੇ ਦੱਸੇ, ਰਿਆਲ ਉਨ੍ਹਾਂ ਨੂੰ ਅਨਪੜ ਆਖਦਾ ਹੁੰਦਾ ਸੀ। ਹੱਸ ਕੇ ਬੋਲਿਆ- ਜਿਥੇ ਇਨ੍ਹਾਂ ਦਾ ਨਾਮ ਹੋਵੇਗਾ ਉਥੇ ਤਾਂ ਨੀ ਮੈਂ ਆਪਣਾ ਨਾਮ ਛਪਣ ਦੇਣਾ। ਇਉਂ ਕਰਾਂਗੇ, ਕਾਮਰੇਡ ਸਰਕਾਰ ਵਿਚ ਸ਼ਾਮਲ ਹੋਣ ਦੀ ਥਾਂ ਜਿਵੇ ਕਹਿ ਦਿੰਦੇ ਹੁੰਦੇ ਨੇ ਕਿ ਬਾਹਰੋਂ ਹਮਾਇਤ ਦੇਣਗੇ, ਇਸ ਤਰਾਂ ਮੈਂ ਤੇਰੇ ਸੰਪਾਦਕੀ ਬੋਰਡ ਦੀ ਬਾਹਰੋਂ ਹਮਾਇਤ ਕਰ ਦਿਆਂਗਾ, ਇਸ ਵਿਚ ਸ਼ਾਮਲ ਨਹੀਂ ਹੋਵਾਂਗਾ।

ਰਿਆਲ ਨੂੰ ਪੰਜਾਬ ਸਰਕਾਰ ਨੇ ਸ਼੍ਰੋਮਣੀ ਆਲੋਚਕ ਦਾ ਸਟੇਟ ਅਵਾਰਡ ਦਿੱਤਾ ਸੀ। ਇਹੋ ਜਿਹੇ ਨਿਰਵਿਵਾਦ ਅਤੇ ਸਿਰ ਸੁੱਟ ਕੇ ਕੰਮ ਕਰਨ ਵਾਲੇ ਵਿਦਵਾਨ ਨੂੰ ਦਿਤੇ ਸਨਮਾਨ ਨਾਲ ਸੰਸਥਾਵਾਂ ਅਤੇ ਸਰਕਾਰਾਂ ਦੀ ਇੱਜ਼ਤ ਵਧਦੀ ਹੈ।

ਇਨਾਮ ਦੇਣ ਦੇ ਐਲਾਨ ਤੋਂ ਬਾਦ ਪਤਾ ਲੱਗਾ ਕਿ ਦਲੀਪ ਕੌਰ ਟਿਵਾਣਾ ਦੀ ਹਮਾਇਤ ਸਦਕਾ ਇਨਾਮ ਮਿਲਿਆ। ਇਨਾਮ ਲੈ ਆਏ। ਮੈਂ ਇਕ ਦਿਨ ਕਿਹਾ- ਰਿਆਲ ਸਾਹਿਬ ਚਲੋ ਮੈਡਮ ਟਿਵਾਣਾ ਦੇ ਘਰ ਚੱਲੀਏ। ਕਿਹਾ- ਕਿਉਂ? ਧੰਨਵਾਦ ਕਰਨ? ਮੇਰੇ ਤੇ ਅਹਿਸਾਨ ਹੋਇਐ ਕੋਈ? ਮੈਂ ਨਹੀਂ ਜਾਣਾ।

ਮੈਂ ਹਟਿਆ ਨਾ, ਇਕ ਦਿਨ ਫੇਰ, ਦੂਜੀ ਤੀਜੀ ਵਾਰ ਇਹ ਆਖ ਕੇ ਮਨਾ ਲਏ ਕਿ ਧੰਨਵਾਦ ਦੀ ਗੱਲ ਛੱਡੋ, ਆਪਾਂ ਇਨਾਮ ਦੀ ਗੱਲ ਵੀ ਨਹੀਂ ਕਰਾਂਗੇ। ਬਸ ਚਲਦੇ ਆਂ। ਚਾਹ ਪੀ ਕੇ ਆ ਜਾਵਾਂਗੇ। ਮੰਨ ਗਏ। ਇਨਾਮ ਦਾ ਕੋਈ ਜ਼ਿਕਰ ਨਹੀਂ ਕੀਤਾ। ਮੈਡਮ ਟਿਵਾਣਾ ਨੇ ਖੁਦ ਗੱਲ ਛੇੜ ਲਈ- ਰਿਆਲ ਸਾਹਿਬ, ਮੈਂ ਤੁਹਾਡਾ ਨਾਮ ਲਿਆ ਤਾਂ ਵਧੀਕ ਮੈਂਬਰ ਤੁਹਾਨੂੰ ਜਾਣਦੇ ਤੱਕ ਨਹੀਂ ਸਨ। ਤੁਹਾਡੀਆਂ ਕਿਤਾਬਾਂ ਲੈ ਗਈ ਸਾਂ, ਤੁਹਾਡੇ ਕੰਮ ਦੀ ਗੰਭੀਰਤਾ ਅਤੇ ਸਾਰਥਕਤਾ ਦੱਸੀ। ਮਸਾਂ ਮੰਨੇ।

ਰਿਆਲ ਨੇ ਕਿਹਾ- ਇਕ ਬੰਦਾ ਸੁਕਰਾਤ ਕੋਲ ਆਇਆ ਤੇ ਉਸਦੀਆਂ ਸਿਫਤਾਂ ਕਰਨ ਲੱਗਾ। ਸੁਕਰਾਤ ਰੋਣ ਲੱਗ ਪਿਆ। ਬੰਦੇ ਨੇ ਪੁੱਛਿਆ- ਕੀ ਗੱਲ ਹੋ ਗਈ ਹਜ਼ੂਰ? ਮੇਰੀਆਂ ਸਿਫਤਾਂ ਦਾ ਬੁਰਾ ਕਿਉਂ ਮਨਾਇਆ? ਸੁਕਰਾਤ ਨੇ ਕਿਹਾ- ਮੈਂ ਤੈਨੂੰ ਚੰਗੀ ਤਰਾਂ ਜਾਣਦਾਂ। ਤੂੰ ਪੂਰਾ ਮੂਰਖ ਹੈਂ। ਮੇਰੀ ਅਕਲ ਦੀ ਕੋਈ ਗੱਲ ਤੇਰੀ ਸਮਝ ਵਿਚ ਨਹੀਂ ਆ ਸਕਦੀ, ਤੂੰ ਮੇਰੇ ਵਿਚ ਜਰੂਰ ਕੋਈ ਮੂਰਖਤਾ ਦੇਖੀ ਹੈ ਜਿਹੜੀ ਤੈਨੂੰ ਚੰਗੀ ਲੱਗੀ।

ਡਾ . ਅਤਰ ਸਿੰਘ ਤੁਹਾਡੇ ਨਾਲ ਨਰਾਜ਼ ਹੋ ਗਏ ਸਨ, ਕਿਉਂ? ਮੈਂ ਪੁੱਛਿਆ। - ਦੇਖੋ ਪੰਨੂ ਸਾਹਿਬ, ਅਤਰ ਸਿੰਘ ਤਿਖੇ ਦਿਮਾਗ ਦਾ ਸੂਝਵਾਨ ਬੰਦਾ ਸੀ ਪਰ ਕੋਸ਼ਕਾਰੀ ਦਾ ਉਸਨੂੰ ਗਿਆਨ ਨਹੀਂ ਸੀ। ਸਟਾਫ ਵੀ ਕੁਝ ਇਹੋ ਜਿਹਾ ਹੀ ਸੀ। ਇਨ੍ਹਾਂ ਦੀ ਤਿਆਰ ਕੀਤੀ ਡਿਕਸ਼ਨਰੀ ਦੇਖੀ ਤਾਂ ਮੈਨੂੰ ਅਨੇਕ ਗਲਤ ਇੰਤਰਾਜ ਦੇਖਣ ਨੂੰ ਮਿਲੇ। ਇਕ ਤਾਂ ਕਲਾਸੀਕਲ ਸੀ। ਮੈਂ ਇਨ੍ਹਾਂ ਗਲਤੀਆਂ ਉਪਰ ਲੇਖ ਛਪਵਾ ਦਿੱਤਾ ਜਿਸ ਦਾ ਸਿਰਲੇਖ ਸੀ- ਧੋਬੀ ਦੀ ਜ਼ਨਾਨੀ। ਮੈਂ ਅੰਗਰੇਜੀ ਲਫਜ਼ Iron ਦੇ ਅਰਥ ਪੜ੍ਹਨ ਲੱਗਾ। ਬਾਕੀ ਅਰਥਾਂ ਤੋਂ ਇਲਾਵਾ ਇਸ ਦਾ ਇੱਕ ਅਰਥ ਧੋਬੀ ਦੀ ਜਨਾਨੀ ਵੀ ਲਿਖਿਆ ਹੋਇਆ ਪੜ੍ਹਿਆ। ਮੈਂ ਹੈਰਾਨ ਹੋ ਕੇ ਸੋਚਣ ਲੱਗਾ- ਕਿ ਇਨ੍ਹਾਂ ਨੇ ਇਹ ਅਰਥ ਕਿਵੇਂ ਕੱਢ ਲਿਆ? ਕੋਸ਼ ਫੋਲੇ ਤਾਂ ਪੈੜ ਨੱਪ ਲਈ। ਅੰਗਰੇਜ਼ੀ ਹਿੰਦੀ ਦੀ ਡਿਕਸ਼ਰੀ ਵਿਚ ਇਕ ਅਰਥ *ਧੋਬੀ ਦੀ ਇਸਤਰੀ* ਦਿੱਤਾ ਹੋਇਆ ਸੀ। ਉਥੇ ਇਸਤਰੀ ਲਫਜ਼ ਪੂਰੀ ਛੋਟੀ ਈ ਦੇ ਅੱਖਰ ਨਾਲ ਸੱਸਾ ਪਾਕੇ ਲਿਖਿਆ ਹੋਇਆ ਸੀ। ਅੱਧੇ ਸੱਸੇ ਨਾਲ ਲਿਖੇ ਸ਼ਬਦ ਦਾ ਅਰਥ ਔਰਤ ਹੁੰਦਾ ਹੈ ਪਰ ਈੜੀ ਸੱਸੇ ਨਾਲ ਲਿਖੇ ਸ਼ਬਦ ਦਾ ਅਰਥ ਹੁੰਦਾ ਹੈ ਪਰੈੱਸ ਕਰਨਾ, ਕੱਪੜੇ ਪ੍ਰੈਸ ਕਰਨ ਵਾਲਾ ਯੰਤਰ।ਇਨ੍ਹਾਂ ਕੋਸ਼ਕਾਰਾਂ ਨੇ *ਧੋਬੀ ਕੀ ਇਸਤਰੀ* ਨੂੰ *ਧੋਬੀ ਦੀ ਜਨਾਨੀ* ਲਿਖ ਦਿਤਾ। ਮੇਰੇ ਇਸ ਲੇਖ ਕਾਰਨ ਅਤਰ ਸਿੰਘ ਨਰਾਜ਼ ਹੋ ਗਏ।

ਮੇਰੇ ਵਿਭਾਗ ਦੇ ਅਧਿਆਪਕਾਂ ਵਿਚ ਬੈਠੇ ਚਾਹ ਪੀਂਦਿਆਂ ਕਹਿਣ ਲੱਗਾ- ਔਰਤ ਦੇ ਮੁਕਾਬਲੇ ਆਦਮੀ ਤਕੜਾ ਹੋਣ ਕਾਰਨ ਹੋਰ ਵਧੀਕੀਆਂ ਤਾਂ ਕਰਦਾ ਹੀ ਰਿਹਾ, ਭਾਸ਼ਾ ਵਿਚ ਵੀ ਕੀਤੀਆਂ। ਚੋਰ, ਡਾਕੂ, ਮੂਰਖ ਆਦਿਕ ਸ਼ਬਦ ਪੁਲਿੰਗ ਹਨ। ਇਨ੍ਹਾਂ ਦਾ ਇਸਤਰੀ ਲਿੰਗ ਰੂਪ ਹੈ ਈ ਨਹੀਂ। ਮੇਰੀ ਕੁਲੀਗ ਮੈਡਮ ਨੇ ਕਿਹਾ- ਇਹ ਤਾਂ ਬਹੁਤ ਜ਼ਿਆਦਤੀ ਹੈ। ਲਫਜ਼ਾਂ ਦੀ ਘਾੜ੍ਹਤ ਵੇਲੇ ਵੀ ਜ਼ਿਆਦਤੀ। ਇਨ੍ਹਾਂ

ਸ਼ਬਦਾ ਦੇ ਇਸਤਰੀ ਲਿੰਗ ਰੂਪ ਹੋਣੇ ਚਾਹੀਦੇ ਸਨ। ਰਿਆਲ ਹੱਸ ਪਿਆ, ਕਿਹਾ- ਬੀਬੀ ਇਹ ਕਿਸ ਕਿਸਮ ਦੀ ਜਾਇਦਾਦ ਵਿਚੋਂ ਹੱਕ ਮੰਗਣ ਲੱਗੀ ਹੈਂ? ਚੰਗਾਂ ਹੈ ਚੋਰ ਡਾਕੂ ਤੇ ਮੂਰਖ ਲਫਜ਼ ਕੇਵਲ ਆਦਮੀ ਵਾਸਤੇ ਹੀ ਹੋਣ। ਚੰਗੀ ਚੀਜ਼ ਵਿਚੋਂ ਹੱਕ ਮੰਗੀਦੈ।

ਪੰਜਾਬੀ ਵਿਕਾਸ ਵਿਭਾਗ ਦੀ ਦੋ ਸਾਲਾ ਸੀਨੀਅਰ ਫੈਲੋਸ਼ਿਪ ਦੀ ਅਵਧੀ ਖਤਮ ਹੋਣ ਉਪਰੰਤ ਰਿਆਲ ਮੇਰੇ ਵਿਭਾਗ (ਧਰਮ ਅਧਿਐਨ ਵਿਭਾਗ) ਵਿਖੇ ਬਤੌਰ ਵਿਜ਼ਿਟਿੰਗ ਪ੍ਰੋਫੈਸਰ ਕੰਮ ਕਰਦਾ ਰਿਹਾ।

ਜਿਸ ਨੂੰ ਗੱਲ ਸਮਝ ਆ ਗਈ, ਉਹ ਵੱਡਾ ਬੰਦਾ ਹੈ, ਜਿਸ ਨੇ ਸਮਝਾਣ ਵਿਚ ਕਾਮਯਾਬੀ ਹਾਸਲ ਕੀਤੀ, ਉਹ ਤਾਂ ਕਾਮਲ ਉਸਤਾਦ ਹੋਇਆ ਨਾ। ਬੋਲੀ ਦਾ ਮੁੱਢ, ਇਹੀ ਤਿੰਨ ਪੜਾਅ ਹਨ। ਜਦੋਂ ਅਸੀਂ ਕੋਈ ਗੱਲ ਮਨ ਵਿਚ ਸੋਚਣ ਲਗਦੇ ਹਾ ਉਦੋਂ ਕਿਸੇ ਬੋਲੀ ਵਿਚ ਸੋਚਦੇ ਹਾ, ਬੋਲੀ ਬਗੈਰ ਖਿਆਲਾਂ ਦਾ ਸਿਲਸਿਲਾ ਚੱਲ ਹੀ ਨਹੀਂ ਸਕਦਾ। ਕੋਈ ਗੱਲ ਸੋਚ ਲਈ, ਫੇਰ ਜਦੋਂ ਹੋਠਾਂ ਵਿਚੋਂ ਦੀ ਬੋਲ ਬਾਹਰ ਆਇਆ, ਇਹ ਉਹ ਤਾਂ ਹੈ ਈ ਨਹੀਂ ਸੀ ਜੋ ਸੋਚਿਆ ਸੀ। ਸੋਚਾਂ ਰੇਸ਼ਮ ਹਨ, ਬੋਲਾਂ ਰਾਹੀਂ ਉਹ ਲੱਕੜਾਂ ਹੋ ਗਈਆਂ। ਇਨ੍ਹਾਂ ਬੋਲਾਂ ਨੇ ਤੀਜਾ ਪੜਾਅ ਤੈਅ ਕਰਕੇ ਸੁਣਨ ਵਾਲੇ ਦੇ ਕੰਨਾਂ ਵਿਚਦੀ ਉਸ ਦੇ ਮਨ ਤਕ ਪੁੱਜਣਾ ਹੈ। ਮੈਂ ਕਿਹਾ ਕੁਝ ਹੋਰ ਸੀ ਉਸ ਨੇ ਸੁਣ ਕੁਝ ਹੋਰ ਹੀ ਲਿਆ।

ਕਹਨਾ ਚਾਹੂੰ ਤੋਂ ਮਿਰੀ ਜ਼ਬਾਂ ਪੇ ਪਹਰੇ ਹੈਂ।
ਕਹਨੇ ਲਗੂੰ ਤੋ ਮਿਰੇ ਸ਼ਾਮੀਅਨ ਬਹਰੇ ਹੈਂ।
ਕਹ ਚੁਕੂੰ ਤੋ ਸਿਲਾਸਿਲ ਹੈਂ ਕਟਹਰੇ ਹੈਂ।
(ਮੇਰੇ ਬੋਲਾਂ ਤੇ ਪਾਬੰਦੀ ਹੈ। ਮੇਰੇ ਸਰੋਤੇ ਗੂੰਗੇ ਹਨ। ਗੱਲ ਕਰ ਹਟਾਂ ਫੇਰ ਕਾਨੂੰਨ ਦੀ ਕਿਤਾਬ ਹੈ, ਕਚਹਿਰੀਆਂ ਹਨ)

ਵਡੇਰਿਆਂ ਨੇ ਦੱਸਿਆ ਕਿ ਜਿਸ ਬੋਲੀ ਦਾ ਕੋਈ ਇਕ ਲਫਜ਼ ਗੁੰਮ ਹੋਇਆ, ਮਰ ਮਿਟ ਗਿਆ, ਸਮਝੋ ਇਕ ਸਭਿਅਤਾ ਦੀ ਮੌਤ ਹੋ ਗਈ। ਸ਼ਬਦ ਘੜਿਆ ਗਿਆ ਸੀ, ਫੇਰ ਸਦੀਆਂ ਉਸਨੂੰ ਸਮਝਣ ਤੇ ਤਰਾਸ਼ਣ ਨੂੰ ਲੱਗ ਗਈਆਂ। ਸ਼ਬਦ ਜਿਹੜਾ ਮਾਮੂਲੀ ਜਿਹਾ ਲਗਦਾ ਹੈ ਇਸ ਦਾ ਸਦੀਆਂ ਦਾ ਇਤਿਹਾਸ ਹੈ ਜਿਸ ਦਾ ਮਨੁੱਖ ਨੂੰ ਪਤਾ ਨਹੀਂ। ਹੋਈ ਨਾ ਕਰਾਮਾਤ? ਸ਼ਬਦ, ਮਨੁੱਖ ਦਾ ਇਤਿਹਾਸ ਦੱਸ ਸਕਦਾ ਹੈ, ਮਨੁੱਖ ਨੂੰ ਸ਼ਬਦ ਦੇ ਇਤਿਹਾਸ ਬਾਬਤ ਜਾਣਕਾਰੀ ਨਹੀਂ। ਇਹ ਤਾਂ ਹੋਈ ਇਕ ਸ਼ਬਦ ਦੀ ਗੱਲ। ਜੇ ਕੋਈ ਬੋਲੀ ਮਰ ਜਾਵੇ, ਸਮਝੋ ਸਭਿਅਤਾਵਾਂ ਦੀਆਂ ਹਜ਼ਾਰਾਂ ਨਦੀਆਂ ਸੁੱਕ ਕੇ ਮਾਰੂਥਲ ਹੋ ਗਈਆਂ।

ਆਦਮੀ ਨੂੰ ਬੋਲੀ ਬਣਾਉਣ ਦਾ ਖਿਆਲ ਕਿਵੇਂ ਆਇਆ? ਅਸੀਂ ਜਦੋਂ ਕੁਝ ਸੋਚ ਰਹੇ ਹੁੰਦੇ ਹਾਂ ਤਾਂ ਕਿਸੇ ਬੋਲੀ ਵਿਚ ਸੋਚਦੇ ਹਾਂ। ਬੋਲੀ ਜਦੋਂ ਹੈ ਈ ਨਹੀਂ ਸੀ, ਉਦੋਂ ਇਸ ਨੂੰ ਈਜਾਦ ਕਰਨ ਬਾਬਤ ਕਿਵੇਂ ਖਿਆਲ ਆਇਆ? ਖਿਆਲ ਉਹ ਬੋਲ ਹਨ ਜੋ ਹੋਠਾਂ ਤੋਂ ਬਾਹਰ ਨਹੀਂ ਆਏ।

ਆਪਣੇ ਬੱਚਿਆਂ ਨੂੰ ਸਿੱਖ ਸਭਿਆਚਾਰ ਦੇ ਬੋਲ ਸਿਖਾਣ ਦਾ ਮੇਰਾ ਨਿਰੰਤਰ ਯਤਨ ਰਿਹਾ। ਮੈਂ ਦੱਸਿਆ, ''ਰੋਟੀ ਖਾਣੀ ਨਹੀਂ ਕਹਿਣੀ, ਪ੍ਰਸ਼ਾਦੇ ਛਕਣੇ ਹਨ ਕਹੋ। ਪਾਣੀ ਪੀਣ ਦੀ ਥਾਂ ਜਲ ਛਕਣਾ ਆਖਣਾ ਹੈ। ਪੀਣ ਅਤੇ ਖਾਣ ਦੀ ਥਾਂ ਛਕਣਾ ਲਫਜ਼ ਵਰਤੋ।'' ਮੇਰਾ ਬੇਟਾ ਪੁੱਛਣ ਲੱਗਾ, ''ਜੁੱਤੀਆਂ ਖਾਣ ਨੂੰ ਵੀ ਜੁੱਤੀਆਂ ਛਕਣੀਆਂ ਕਿਹਾ ਜਾਂਦੈ?''

ਬੱਚਿਆਂ ਦਾ ਖਿਆਲ ਸੀ ਕਿ ਕੰਮਚੋਰ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਚੋਰੀਓਂ ਕੰਮ ਕਰ ਲਵੇ, ਯਾਨੀ ਕਿ ਕੰਮ ਕਰੇ, ਕੰਮ ਕਰਨ ਦਾ ਦਿਖਾਵਾ ਨਾ ਕਰੇ। ਇਸੇ ਤਰ੍ਹਾਂ ਜਦੋਂ ਮੈਂ ਕਹਿੰਦਾ, ''ਫਲਾਣਾ ਤਾਂ ਅੱਜ ਵਾਲ ਵਾਲ ਬਚਿਆ'' ਤਾਂ ਮੈਨੂੰ ਪੁੱਛਿਆ ਜਾਂਦਾ, ''ਉਸ ਦੇ ਵਾਲ ਬਚੇ ਹਨ ਕੇਵਲ? ਬਾਕੀ ਸਾਰਾ ਚਟਨੀ ਹੋ ਗਿਆ?

ਅੰਗਰੇਜ਼ੀ ਵਿਚ ਮੁਹਾਵਰਾ ਹੈ 'ਆਊਟ ਆਫ ਸਾਈਟ, ਆਊਟ ਆਫ ਮਾਈਂਡ। ਯਾਨੀ ਕਿ ਅੱਖੋਂ ਪਰੇ ਤਾਂ ਦਿਲੋਂ ਵੀ ਦੂਰ। ਬੱਚੇ ਨੂੰ ਇਸ ਦੇ ਅਰਥ ਪੁੱਛੇ ਗਏ। ਉਸ ਨੇ ਦੁਹਰਾਇਆ, ''ਆਊਟ ਆਫ ਮਾਈਂਡ ਦੇ ਮਾਇਨੇ ਬਲਾਈਂਡ (ਅੰਨ੍ਹਾ)। ਆਊਟ ਆਫ ਮਾਈਂਡ ਮਾਇਨੇ ਫੂਲ (ਮੂਰਖ)।'' ਸੋ ਆਊਟ ਆਫ ਸਾਈਟ, ਆਊਟ ਆਫ ਮਾਈਂਡ ਦਾ ਮਾਇਨਾ ਬਲਾਈਂਡ ਫੂਲ। ਸੜਕ ਉਪਰ ਸਾਈਨ ਬੋਰਡ 'ਤੇ ਲਿਖਿਆ ਸੀ 'ਡੈੱਡ ਸਲੋ'' ਬੱਚੇ ਨੂੰ ਅਰਥ ਪੁੱਛੇ ਤਾਂ ਉਸ ਨੇ ਕਿਹਾ, ''ਹੌਲੀ ਹੌਲੀ ਮਰੋ''। ਠੀਕ ਹੋ ਗਿਆ, ਮਰਨਾ ਈ ਹੈ ਤਾਂ ਕਾਹਲੀ ਕਾਹਦੀ।

www.punjabilibrary.com

ਮੈਨੂੰ ਕੋਈ ਮਿੱਤਰ ਦੁਖੀ ਹੋ ਕੇ ਜਦੋਂ ਇਹ ਕਹਿੰਦਾ ਕਿ ਉਸਨੇ ਆਤਮਹੱਤਿਆ ਕਰਨੀ ਹੈ ਤਾਂ ਮੈਂ ਕਿਹਾ ਕਰਦਾ ਕਿ ਜਦੋਂ ਮਰਨ ਦਾ ਫੈਸਲਾ ਹੋ ਜਾਵੇ ਤਾ ਮਰਨ ਵਾਸਤੇ ਦੂਰ ਦਾ ਸ਼ਹਿਰ ਚੁਣੋ। ਕਲਕੱਤਾ, ਮੁੰਬਈ, ਜੇ ਮਰਨ ਦਾ ਇਰਾਦਾ ਹੋਵੇ ਤਾਂ ਟਿਕਟ ਲੈਣ ਦੀ ਕੀ ਲੋੜ? ਪਹੁੰਚਣ ਵਾਸਤੇ ਜਿੰਨਾ ਸਮਾਂ ਲੱਗੇਗਾ ਇੰਨੇ ਸਮੇਂ 'ਚ ਮਰਨ ਦਾ ਖਿਆਲ ਉਡ ਜਾਵੇਗਾ ਕਿਉਂਕਿ ਟੀ.ਟੀ. ਦੇ ਆਉਣ ਦਾ ਡਰ ਮੌਤ ਨਾਲੋਂ ਵਧੀਕ ਸਤਾਏਗਾ। ਜੇ ਫੜੇ ਗਏ, ਦਸ ਦਿਨ ਦੀ ਜੇਲ੍ਹ ਹੋ ਜਾਵੇਗੀ। ਮਰਨ ਦਾ ਫੈਸਲਾ ਟਾਲਣ ਵਾਸਤੇ ਇਹ ਕਾਫੀ ਲੰਮਾ ਸਮਾਂ ਹੈ।

ਆਪਾਂ ਗੱਲ ਕਰ ਰਹੇ ਸੀ ਬੋਲੀ ਦੀ। ਸ਼ਾਇਰ ਕਲਪਦਾ ਹੈ - ਉਹ ਗੱਲ ਜਿਸ ਦਾ ਸਾਰੇ ਫਸਾਨੇ ਵਿਚ ਕਿਤੇ ਜ਼ਿਕਰ ਨਹੀਂ ਸੀ, ਉਹੀ ਗੱਲ ਉਸ ਨੂੰ ਸਭ ਤੋਂ ਵਧੀਕ ਕੌੜੀ ਲੱਗੀ। ਇਹੋ ਹੁੰਦਾ ਹੈ। ਦੁਸ਼ਮਣ ਪੜ੍ਹਦਾ ਹੀ ਉਹ ਕੁਝ ਹੈ ਜੋ ਲਿਖਿਆ ਨਹੀਂ ਗਿਆ। ਮਨਸੂਰ ਕੋਲ ਉਸ ਦੇ ਮੁਰੀਦਾਂ ਨੇ ਗਿਲਾ ਕੀਤਾ, ''ਜੀ, ਤੁਹਾਡੇ ਬਾਬਤ ਬੜੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ।'' ਫਕੀਰ ਨੇ ਕਿਹਾ, ''ਦੇਖੀ ਫੇਰ ਜ਼ਾਹਰ ਕਰਾਮਾਤ ਆਪਣੀ? ਯਾਨੀ ਕਿ ਜਾਹਲ ਲੋਕ ਆਪਣੇ ਸਦਕਾ ਕਹਾਣੀਕਾਰ ਹੋ ਗਏ, ਹੈ ਨਾ ਵੱਡੀ ਤਾਕਤ?''

ਪੂਰਨ ਸਿੰਘ ਦੀ ਅੰਗਰੇਜ਼ੀ ਲਿਖਤ ਨੂੰ ਦੁਨੀਆਂ ਦੇ ਵੱਡੇ ਦਾਨਸ਼ਵਰਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਪਰ ਪੰਜਾਬੀ ਦੇ ਪੂਰੇ ਪੈਂਤੀ ਅੱਖਰ ਉਸ ਨੂੰ ਸਾਰੀ ਉਮਰ ਯਾਦ ਨਹੀਂ ਹੋਏ। ਉਸ ਦੀ ਪਤਨੀ ਨੇ ਕੇਵਲ ਪੰਜਾਬੀ ਪੜ੍ਹਨੀ-ਲਿਖਣੀ ਸਿੱਖੀ। ਉਹ ਪੂਰਨ ਸਿੰਘ ਦੇ ਸ਼ਬਦ-ਜੋੜ ਠੀਕ ਕਰ ਦਿੰਦੀ। ਸੌ ਕੁ ਪੰਨਿਆਂ ਦੀ ਉਸ ਨੇ ਪੂਰਨ ਸਿੰਘ ਦੀ ਜੀਵਨੀ ਲਿਖੀ। ਇਹ ਕੰਮ ਮਹਿੰਦਰ ਸਿੰਘ ਰੰਧਾਵਾ ਨੇ ਕਰਵਾ ਲਿਆ। ਪਾਠਕ ਇਹ ਕਿਤਾਬ ਪੜ੍ਹਨ ਪਿੱਛੋਂ ਇਸ ਸਿੱਟੇ ਤੇ ਪਹੁੰਚਣਗੇ ਕਿ ਇਸ ਤੋਂ ਵਧੀਕ ਗਹਿਰਾਈ ਪੰਜਾਬੀ ਵਿਚ ਤਾਂ ਕੀ, ਹੋਰ ਬੋਲੀ ਵਿਚ ਵੀ ਘੱਟ ਮਿਲੇਗੀ। ਵੱਡੇ ਦਰਿਆ ਦੀ ਸੰਗਤ ਵਿਚ ਅਨੇਕ ਮਾਰੂਥਲ ਤ੍ਰਿਪਤ ਹੋਏ। ਵੱਡੀ ਸ਼ਖਸੀਅਤ ਬਾਬਤ ਜਿੰਨੀ ਸਿਫਤ ਮਿਲੇਗੀ, ਉਵੇਂ ਨਿੰਦਿਆਂ ਵੀ ਹੋਏਗੀ। ਪੰਜਾਬੀ ਆਲੋਚਕਾਂ ਦੇ ਇਕ ਹਿੱਸੇ ਨੇ ਐਲਾਨ ਕੀਤਾ ਕਿ ਪੂਰਨ ਸਿੰਘ ਦੀ ਕਵਿਤਾ ਵਾਰਤਕ ਹੈ। ਦੂਜੇ ਹਿੱਸੇ ਨੇ ਕਿਹਾ, ਧਿਆਨ ਨਾਲ ਪੜ੍ਹੋ। ਉਸ ਦੀ ਵਾਰਤਕ ਕਵਿਤਾ ਹੈ। ਕੱਲ੍ਹ ਇਕ ਦੋਸਤ ਨੇ ਪੁੱਛ ਲਿਆ, ''ਦਰਦਮੰਦ ਮਾਇਨੇ ਦੁਖੀ ਬੰਦਾ ਹੁੰਦੈ ਕਿ ਉਹ ਜੋ ਦੁਖ ਦੂਰ ਕਰੇ?'' ਇਕ ਵਾਰ ਤਾਂ ਮੈਂ ਬੌਂਦਲ ਗਿਆ। ਵਿਆਕਰਣ ਦੀ ਮਾਇਨਾ ਤਰਤੀਬ ਅਨੁਸਾਰ ਅਕਲਮੰਦ ਅਕਲਵਾਲਾ, ਗਰਜ਼ਮੰਦ ਜਿਸ ਨੂੰ ਗਰਜ਼ ਹੋਵੇ, ਅਰਜ਼ਵੰਦ ਜੋ ਮੁਥਾਜ ਹੋਵੇ, ਬੇਨਤੀ ਕਰੇ। ਇਸ ਅਨੁਸਾਰ ਦਰਦਮੰਦ ਉਹ ਜੋ ਦੁਖੀ ਹੋਵੇ। ਇਥੇ ਆ ਕੇ ਥੋੜ੍ਹਾ ਕੁ ਫਰਕ ਜਿਹਾ ਲੱਗਿਆ। ਦਰਦਮੰਦ ਸ਼ਾਇਦ ਉਹ ਭਲਾ ਲੋਕ ਹੈ ਜੋ ਮੈਨੂੰ ਦੁਖੀ ਦੇਖ ਕੇ ਖੁਦ ਦੁਖ ਪ੍ਰਤੀਤ ਕਰੇ, ਧਰਵਾਸ ਦੇਵੇ, ਦੁਖ ਵੰਡਾਵੇ। ਫਿਕਰ ਤੌਂਸਵੀ ਇਸ ਗੱਲੋਂ ਦੁਖੀ ਹੈ ਕਿ ਇਕੋ ਮੌਸਮ ਵਿਚ ਪੈਦਾ ਹੋਣ ਵਾਲੇ ਦੋ ਇਕੋ ਜਿਹੇ ਫਲ ਹਨ ਤਰਬੂਜ ਤੇ ਖਰਬੂਜਾ। ਭਾਸ਼ਾ ਦੇ ਉਸਤਾਦਾਂ ਨੇ ਇਹ ਕੀ ਕੀਤਾ? ਜਾਂ ਤਾਂ ਤਰਬੂਜ ਨੂੰ ਤਰਬੂਜਾ ਲਿਖਦੇ ਜੇ ਤਰਬੂਜ ਹੀ ਲਿਖਣਾ ਸੀ ਫੇਰ ਖਰਬੂਜੇ ਨੂੰ ਖਰਬੂਜ ਲਿਖਦੇ। ਤੌਂਸਵੀ ਨੇ ਫਲਾਂ 'ਤੇ ਕਵਿਤਾ ਲਿਖਣੀ ਸੀ ਪਰ ਨਹੀਂ ਲਿਖੀ ਗਈ। ਤਰਬੂਜ ਨਾਲ ਖਰਬੂਜੇ ਦਾ ਕਾਫੀਆ ਨਹੀਂ ਜੁੜਦਾ।

ਜਿਸ ਨੇ ਕਦੀ ਲਾਹੌਰ ਰੇਡੀਓ ਤੋਂ ਪੰਜਾਬੀ ਦਰਬਾਰ ਪ੍ਰੋਗਰਾਮ ਸੁਣਿਆ, ਉਹ ਕਾਇਮਦੀਨ ਦੀ ਪੰਜਾਬੀ ਨਹੀਂ ਭੁੱਲ ਸਕਦਾ। ਤਾਕਤ, ਮਿਠਾਸ, ਅਪਣੱਤ ਤੇ ਆਤਮ ਵਿਸ਼ਵਾਸ। ਪੰਜਾਬੀ ਬੋਲੀ ਦੀ ਵਾਕਫੀ ਕਰਾਉਣ ਲਈ ਵਿਦਵਾਨ ਨੂੰ ਰੇਡੀਓ ਸਟੇਸ਼ਨ ਸੱਦਿਆ ਹੋਇਆ ਸੀ ਜੋ ਇਸ ਦੀਆਂ ਬਰੀਕ ਬੀਨੀਆਂ ਬਾਰੇ ਜਾਣਕਾਰੀ ਦੇ ਰਿਹਾ ਸੀ। ਕਾਇਮਦੀਨ ਖਾਮੋਸ਼ ਸੁਣੀ ਗਿਆ, ਕਿਤੇ ਕਿਤੇ ਦਾਦ ਦਿੱਤੀ, ਬਸ। ਚੌਧਰੀ ਨੇ ਪੁੱਛਿਆ, ''ਕਾਇਮਦੀਨ ਜੀ ਤੁਸੀਂ ਚੁੱਪ ਕਰਕੇ ਬੈਠੇ ਰਹੇ, ਸਾਨੂੰ ਲੱਗਦੈ ਤੁਸੀਂ ਏਸ ਬੋਲੀ ਦੇ ਕਾਮਲ ਉਸਤਾਦ ਓ, ਤੁਸੀਂ ਵੀ ਦੱਸੋ ਕੁਝ ਸਾਨੂੰ। ਕਾਇਮਦੀਨ ਬੋਲੇ, ''ਕਿੱਥੇ ਆਉਂਦੀ ਐ ਜੀ ਅਸਾਂ ਨੂੰ ਇਹ ਮਿੱਠੀ ਜ਼ੁਬਾਨ। ਮੇਰਾ ਤਾਂ ਜੀ ਕਰਿਆ ਕਰਦੈ ਕਿ ਗਰਮੀਆਂ ਦੀ ਰੁੱਤੇ ਰਾਵੀ ਦੇ ਠੰਢੇ ਪਾਣੀ ਵਿਚ ਪੰਜਾਬੀ ਜ਼ੁਬਾਨ ਨੂੰ ਘੋਲ ਕੇ ਸਾਰਾ ਦਰਿਆ ਡੀਕ ਲਾ ਕੇ ਪੀ ਜਾਵਾਂ। ਪਰ ਕਰਾਂ ਕੀ? ਹੱਥ ਨਹੀਂ ਆਂਵਦੀ।''

ਜਿਨ੍ਹਾਂ ਦੇ ਪੂਰੀ ਤਰ੍ਹਾਂ ਹੱਥ ਵਿਚ ਹੁੰਦੀ ਹੈ, ਉਹ ਇਸ ਤੋਂ ਇਨਕਾਰੀ ਹੁੰਦੇ ਹਨ। ਹਮਾਤੜ, ਜਿਨ੍ਹਾਂ ਨੂੰ ਕੱਖ ਪਤਾ ਨਹੀਂ ਬਹੁਤੇ ਪਟਾਖੇ ਚਲਾਉਂਦੇ ਹਨ।

ਛਿਆਸੀ ਸਾਲ ਦੀ ਉਮਰ ਵਿਚ ਉਹ ਸੈਰ ਕਰਦਾ, ਠਹਾਕਾ ਮਾਰ ਕੇ ਹੱਸਦਾ, ਛੇੜਛਾੜ ਕਰਦਾ ਤੇ ਕਰਵਾਉਂਦਾ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਉਹ ਹਰ ਲਫਜ਼ ਦੀ ਰਮਜ਼ ਫੜਦਾ, ਉਸਦਾ ਪਿਛੋਕੜ ਜਾਣਨਾ ਚਾਹੁੰਦਾ ਤੇ ਫੇਰ ਵਿਸ਼ਵ ਦੀਆਂ ਭਾਸ਼ਾਵਾਂ ਵਿਚੋਂ ਉਸਦੇ ਰਸ ਰੰਗ ਲੱਭਦਾ ਰਹਿੰਦਾ। ਮੈਨੂੰ ਕਿਹਾ – ਪੰਨੂੰ ਮੈਂ ਪਿੰਡ ਗਿਆ ਸਾਂ। ਉਸਦੇ ਕੱਪੜਿਆਂ ਤੋਂ ਪਤਾ ਲਗਦਾ ਸੀ, ਇਕ ਬਜ਼ੁਰਗ ਮਾਈ ਕਿਸੇ ਰਿਸ਼ਤੇਦਾਰੀ ਵਿਚ ਮਿਲਣ ਗਿਲਣ ਜਾਂਦੀ ਹੋਏਗੀ। ਪਿੰਡ ਦੇ ਬਜ਼ੁਰਗ ਨੇ ਮੰਜੇ ਤੇ ਬੈਠਿਆਂ ਬੈਠਿਆ ਉਸ ਬੀਬੀ ਨੂੰ ਪੁੱਛਿਆ – ਫੌਜਾਂ ਨੇ ਕਿੱਧਰ ਨੂੰ ਚੜ੍ਹਾਈ ਕੀਤੀ ਐ ਅੱਜ? ਔਰਤ ਨੂੰ ਬੁਲਾਉਣ ਵਾਸਤੇ 'ਫੌਜਾਂ' ਲਫਜ਼ ਵਰਤਣਾ ਗੁਰੂ ਗੋਬਿੰਦ ਸਿੰਘ ਜੀ ਦਾ ਚਮਤਕਾਰ ਹੈ।

ਉਸਨੇ ਪੀਣ ਖਾਣ ਦਾ ਕਦੀ ਪਰਹੇਜ਼ ਨਹੀਂ ਰੱਖਿਆ। ਪੰਜ ਸਾਲ ਪਹਿਲਾਂ ਉਸ ਦੀ ਸਰਦਾਰਨੀ ਵਿਛੋੜਾ ਦੇ ਗਈ, ਇਕੱਲਾ ਰਹਿ ਗਿਆ, ਪਰ ਉਸਦੇ ਘਰ ਵਿਚਲੀਆਂ ਵਸਤਾਂ ਦੀ ਸਫਾਈ ਲਾਜਵਾਬ ਹੁੰਦੀ। ਮਜ਼ਾਕ ਕਰਨ ਦਾ ਸਹਿਜ ਸੁਭਾਅ। ਪੰਜਾਬੀ ਟ੍ਰਿਬਿਊਨ ਵਿਚ ਮੇਰੀ ਇਕ ਲਿਖਤ ਛਪੀ ਸੀ – ਦੋ ਜੋਸ਼ੀ। ਪੜ੍ਹ ਕੇ ਮੈਨੂੰ ਆਖਿਆ – ਦੋ ਲੱਛੀਆਂ ਤਾ ਸੁਣੀਆਂ ਸਨ, ਇਕ ਪਿੰਡ ਦੋ ਲੱਛੀਆਂ ਛੋਟੀ ਲੱਛੀ ਨੇ ਪੁਆੜਾ ਪਾਇਆ। ਇਹ ਦੋ ਜੋਸ਼ੀ ਨਹੀਂ ਸੁਣੇ ਸਨ ਕਦੀ।

ਰਿਆਲ ਕਿਹਾ ਕਰਦਾ – ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਤੇ ਰਜਿਸਟਰਾਰ ਮੈਨੂੰ ਜਾਣਦੇ ਹੁੰਦੇ। ਬੱਸ ਵਿਚ ਸਫਰ ਕਰਦਿਆਂ ਜੇ ਮੈਂ ਦੇਖਦਾ, ਕੰਡਕਟਰ ਡਰਾਈਵਰ ਮੈਨੂੰ ਜਾਣਦੇ ਹਨ, ਤਾਂ ਵੀ ਟਿਕਟ ਲੈ ਕੇ ਬੈਠਦਾ। ਮੈਂ ਯੂਨੀਵਰਸਿਟੀਆਂ ਤੋਂ ਲਿਆ, ਬਹੁਤ ਥੋੜ੍ਹਾ, ਉਨ੍ਹਾਂ ਨੂੰ ਦਿੱਤਾ ਬਹੁਤ ਵਧੀਕ।

ਇਕ ਸ਼ਾਮ ਮੈਨੂੰ ਕਿਹਾ – ਮੇਰੇ ਵਾਲੀ ਵਿਦਿਆ ਖਤਰਨਾਕ ਜ਼ਹਿਰ ਹੈ। ਸੂਈ ਦੀ ਨੋਕ 'ਤੇ ਟਿਕਿਆ ਜਿੰਨਾ ਕੁ ਜ਼ਹਿਰ ਆਦਮੀ ਨੂੰ ਮਾਰ ਦਏ, ਉਸ ਤਰ੍ਹਾਂ ਦਾ। ਪਰ ਮੈਂ ਇਹਨੂੰ ਬਹੁਤ ਪਤਲਾ ਕਰ ਦਿੰਨਾ, ਫੇਰ ਖੰਡ ਵਿਚ ਲਪੇਟਦਾਂ, ਤਾਂ ਕਿਤੇ ਤੁਹਾਡੇ ਅੱਗੇ ਰੱਖਦਾਂ। ਅਜੇ ਵੀ ਇਹ ਬਹੁਤਿਆਂ ਨੂੰ ਔਖੀ ਲਗਦੀ ਐ।

ਇਕ ਵਾਕਫ ਆਇਆ, ਕਹਿਣ ਲੱਗਾ – ਤੁਹਾਡਾ ਵਿਆਹ ਨਾ ਕਰ ਦੇਈਏ ਰਿਆਲ ਸਾਹਿਬ? ਰਿਆਲ ਹੱਸ ਪਿਆ। ਉਹ ਬੰਦਾ ਬੋਲਿਆ – ਤੁਸੀਂ ਇੰਗਲੈਂਡ ਦੇ ਨਾਗਰਿਕ ਹੋ। ਕੁੜੀ ਨਾਲ ਪੇਪਰ ਮੈਰਿਜ ਈ ਕਰਨੀ ਐ ਹੋਰ ਕੀ? ਉਹ ਦਸ ਲੱਖ ਦੇਣ ਨੂੰ ਤਿਆਰ ਨੇ। ਰਿਆਲ ਨੇ ਕਿਹਾ – ਹੋਰ ਤਾਂ ਕਿਸੇ ਨੂੰ ਪਤਾ ਨੀ ਲੱਗਣਾ। ਤੂੰ ਈ ਚਾਕੂ ਦਿਖਾ ਕੇ ਦਸ ਲੱਖ ਖੋਹ ਲਿਜਾਏਂਗਾ ਮੇਰੇ ਤੋਂ।

ਮੈਂ, ਰਿਆਲ ਤੇ ਜੋਧ ਸਿੰਘ ਬੈਠੇ ਸਾਂ। ਮੈਂ ਕਿਹਾ – ਮੇਰੀ ਸਰਦਾਰਨੀ ਬੁੜ ਬੁੜ ਕਰਦੀ ਰਹਿੰਦੀ ਐ ਬਈ ਕਿਤਾਬਾਂ ਦਾ ਇਹ ਕਬਾੜ ਘਰੋਂ ਆਪਣੇ ਵਿਭਾਗ ਵਿਚ ਲੈ ਜਾ, ਇਥੇ ਏਨੀ ਥਾਂ ਰੋਕ ਰੱਖੀ ਐ, ਕਿਵੇਂ ਕਰਾਂ? ਜੋਧ ਸਿੰਘ ਬੋਲਿਆ – ਛੇਤੀ ਕਰ ਨਹੀਂ ਪਛਤਾਏਂਗਾ। ਜਦੋਂ ਮੈਂ ਅਰਬਨ ਅਸਟੇਟ ਤੋਂ ਆਪਣੇ ਸ਼ਹਿਰ ਵਾਲੇ ਘਰ ਗਿਆ ਤਾਂ ਪੰਜ ਬੋਰੇ ਕਿਤਾਬਾਂ ਦੇ ਭਰ ਕੇ ਤੋਰੇ। ਨਵੇਂ ਘਰ ਕੇਵਲ ਦੋ ਬੋਰੇ ਪੁੱਜੇ। ਅੱਜ ਤੱਕ ਥਾਹ ਨਹੀਂ ਲੱਗੀ ਕਿ ਤਿੰਨ ਕਿਥੇ ਗਾਇਬ ਹੋਏ। ਤੂੰ ਛੇਤੀ ਕਰ। ਰਿਆਲ ਨੇ ਕਿਹਾ – ਕਈ ਵਾਰ ਏਸ ਤਰ੍ਹਾਂ ਹੋਇਆ ਮੇਰੇ ਨਾਲ ਵੀ। ਪਰ ਜਦੋਂ ਆਪਾਂ ਮਰੇ ਤਾਂ ਸ਼ਰਧਾਂਜਲੀ ਦੇਣ ਵਾਸਤੇ ਆਏ ਲੋਕ ਭਾਸ਼ਣ ਕਰਦਿਆਂ ਕਹਿਣਗੇ – ਇਸ ਦੀ ਸਫਲਤਾ ਵਿਚ ਇਸ ਦੀ ਔਰਤ ਦਾ ਹੱਥ ਸੀ।

ਉਸ ਦੀਆਂ ਛਪੀਆਂ ਕਿਤਾਬਾਂ ਹਨ : ਪੰਜਾਬੀ ਨਿਰੁਕਤੀ (1973), ਸ਼ਬਦਾਂ ਦੀ ਪੈੜ (1984) ਸਾਡੀ ਧਰਤੀ ਸਾਡੇ ਬੋਲ (1989), ਸ਼ਬਦਾਂ ਦੀਆਂ ਲਿਖਤਾਂ (2002), ਅੰਗਰੇਜ਼ੀ ਵਿਚ – ਕੰਸੋਨੈਂਟਲ ਚੇਂਜਜ਼ ਇਨ ਇੰਡੀਅਨ ਐਂਡ ਰੋਮਨੀ ਲੈਂਗੁਏਜਜ਼ (1969) ਇੰਗਲਿਸ਼ ਐਂਡ ਸੰਸਕ੍ਰਿਤ : ਏ ਕਾਮਨ ਹੈਰੀਟੇਜ ਆਫ ਵਰਡਜ਼ (1996), ਕੋਰੇਸ਼ਿਅਨ ਸੰਸਕ੍ਰਿਤ ਡਿਕਸ਼ਨਰੀ (2005)।

ਲਿਖਾਰੀਆਂ ਅਤੇ ਪਰੂਫ ਰੀਡਰਾਂ ਵਲੋਂ ਛਪਾਈ ਵਕਤ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਜੋੜਾਂ ਵਿਚ ਉਕਾਈਆਂ ਆ ਗਈਆਂ ਹਨ। ਉਨ੍ਹਾਂ ਦੀ ਸੋਧ ਕਰਨੀ ਬਣਦੀ ਹੈ। ਉਸ ਦੀ ਸੋਧ ਕਰਨ ਦੀ ਇਹ ਮਨਸ਼ਾ ਪੂਰੀ ਨਹੀਂ ਹੋਈ। ਕੇਵਲ ਰਿਆਲ ਇਹ ਕੰਮ ਕਰਨ ਦੇ ਸਮਰੱਥ ਸੀ ਹੋਰ ਕੋਈ ਨਹੀਂ ਦਿਸਦਾ ਅਜੇ। ਪਿੰਡ ਬਸੀ ਜਲਾਲ (ਹੁਸ਼ਿਆਰਪੁਰ) ਵਿਚ ਰਿਆਲ ਦੀ ਰੂਹ ਦੀ ਸ਼ਾਂਤੀ ਵਾਸਤੇ 23 ਨਵੰਬਰ 2008 ਨੂੰ ਅਰਦਾਸ ਹੋਈ।

ਜਸਵਿੰਦਰ ਦਾ ਸ਼ਿਅਰ ਹੈ:

ਦਫਨ ਹੋ ਕੇ ਵੀ ਉਹ ਬੇਚੈਨ ਹੈ ਲੋਕਾਂ 'ਚ ਆ ਬਹਿੰਦੈ

www.punjabilibrary.com

ਅਜੇ ਸੱਥਾਂ 'ਚ ਲਗਦੀ ਹਾਜ਼ਰੀ ਉਸ ਗੈਰਹਾਜ਼ਰ ਦੀ।

**ਸੰਤ ਜਰਨੈਲ ਸਿੰਘ**

ਪਿਆਰੇ ਪਾਠਕ, ਇਸ ਲਿਖਤ ਵਿੱਚ ਨਾ ਇਤਿਹਾਸ ਹੈ ਨਾ ਫ਼ਲਸਫ਼ਾ। ਇਹ ਕੁਝ ਪੰਨੇ ਲਿਖਣ ਵੇਲੇ ਕੋਈ ਨਿਸ਼ਚਿਤ ਸਾਹਿਤਕ ਸ਼ੈਲੀ ਜਾਂ ਕ੍ਰਮ ਦਾ ਵੀ ਖਿਆਲ ਨਹੀਂ ਰੱਖਿਆ ਗਿਆ। ਕੁੱਝ ਘਟਨਾਵਾਂ

ਅੱਗੇ ਪਿੱਛੇ ਹੋ ਗਈਆਂ ਹਨ। ਜੋ ਕੁੱਝ ਮੈਂ ਅੱਖੀ ਦੇਖਿਆ ਹੂਬਹੂ ਉਵੇਂ ਲਿਖ ਦਿਤਾ। ਪਹਿਲਾਂ ਹੀ ਮਨ ਵਿਚ ਕੋਈ ਨਿਸ਼ਚਿਤ ਉਦੇਸ਼ ਮਿਥਣ ਦੀ ਥਾਂ ਤੱਥਾਂ ਨੂੰ ਪ੍ਰਾਥਮਿਕਤਾ ਦਿੱਤੀ ਜਦੋਂ ਕਿ ਮੈਨੂੰ ਬਾਖੂਬੀ ਪਤਾ ਹੈ ਕਿ ਉਦੇਸ਼ ਦੀ ਅਣਹੋਂਦ ਵਿਚ ਤੱਥ, ਬਿਲਕੁਲ ਬੇਕਾਰ ਇਟਾਂ, ਰੋੜੇ ਹੁੰਦੇ ਹਨ ਜੋ ਲਾਹੇਵੰਦ ਹੋਣ ਦੀ ਥਾਂ ਯਾਤਰੂਆਂ ਦੇ ਸਫ਼ਰ ਵਿਚ ਵਿਘਨ ਪਾ ਸਕਦੇ ਹਨ।

ਮੈਨੂੰ ਇਉਂ ਲਗਦਾ ਜਿਵੇਂ ਸੰਤ ਜਰਨੈਲ ਸਿੰਘ ਮੇਰਾ ਮਿੱਤਰ ਹੋਵੇ। ਉਹ ਕਿਸੇ ਦਾ ਵੀ ਮਿੱਤਰ ਨਹੀਂ ਸੀ, ਸਾਧ ਸੀ ਉਹ ਕੇਵਲ । ਸਾਧ ਦਾ ਨਾ ਕੋਈ ਦੁਸ਼ਮਣ ਹੁੰਦਾ ਹੈ ਨਾ ਦੋਸਤ। ਮੈ ਉਸ ਨੂੰ ਇਕ ਚੰਗਾ ਸਿੱਖ ਸਮਝਿਆ ਜਿਸਦੀ ਅਕਾਲੀ ਦਲ ਵਿਚ ਚੜ੍ਹਤ ਹੋ ਰਹੀ ਸੀ। ਇਸ ਚੜ੍ਹਤ ਦਾ ਕਦੀ ਮੈਂ ਸਿਆਸੀ ਲਾਭ ਉਠਾ ਸਕਾਂਗਾ ਸ਼ਾਇਦ, ਮੇਰਾ ਸੰਤ ਜਰਨੈਲ ਸਿੰਘ ਨਾਲ ਇਸ ਕਰਕੇ ਸੰਪਰਕ ਹੋਇਆ।

ਇਕ ਪਾਸੇ ਦਰਬਾਰ ਸਾਹਿਬ ਢਾਇਆ ਗਿਆ, ਦੂਜੇ ਪਾਸੇ ਧੜਾ ਧੜ ਲੋਕਾਂ ਨੇ ਸਿੱਖਾਂ ਦੀ ਮਦਦ ਕਰਨੀ ਸੁਰੂ ਕਰ ਦਿੱਤੀ, ਇਥੋਂ ਤੱਕ ਕਿ ਹਿੰਦੂਆਂ, ਕਮਿਉਨਿਸਟਾਂ ਤੇ ਕਾਂਗਰਸੀਆਂ ਨੂੰ ਮੈ ਇਸ ਸੱਟ ਕਰਕੇ ਰੋਂਦਿਆਂ ਦੇਖਿਆਂ। ਡਾ. ਗੰਡਾ ਸਿੰਘ ਤੇ ਸ. ਖੁਸ਼ਵੰਤ ਸਿੰਘ ਨੇ ਪ੍ਰਾਪਤ ਕੀਤੇ ਹੋਏ ਮਾਣ ਸਨਮਾਨ ਵਾਪਸ ਕਰ ਦਿੱਤੇ। ਮਹਾਰਾਜਾ ਅਮਰਿੰਦਰ ਸਿੰਘ ਨੇ ਲੋਕ ਸਭਾ ਅਤੇ ਕਾਂਗਰਸ ਪਾਰਟੀ ਤੋ ਅਸਤੀਫਾ ਦੇ ਦਿੱਤਾ। ਇਸ ਮਹਾਰਾਜੇ ਨੇ ਜੇਲ੍ਹਾਂ ਵਿਚ ਬੰਦੀਆਂ ਦੀ ਜੋ ਮਾਇਕ ਅਤੇ ਕਾਨੂੰਨਨ ਮੱਦਦ ਕੀਤੀ ਮੈ ਉਸ ਦਾ ਚਸ਼ਮਦੀਦ ਗਵਾਹ ਹਾਂ ਕਿਉਕਿ ਲੋੜਵੰਦਾ ਦੀ ਸਹਾਇਤਾ ਮੇਰੇ ਰਾਹੀਂ ਵੀ ਕੀਤੀ ਗਈ। ਇਵੇਂ ਹੀ ਸਿੱਖ ਵਿਰੋਧੀ ਦੰਗਿਆਂ ਵਿਚ ਉਜੜੇ ਪਰਿਵਾਰਾਂ ਦੀ ਵੀ ਮਹਾਰਾਜੇ ਨੇ ਸਾਰ ਲਈ ਸੀ। ਪਰ ਇਹ ਸਾਰਾ ਕੁਝ ਕਿਸੇ ਵੱਖਰੇ ਥਾਂ ਲਿਖਿਆ ਜਾਵੇਗਾ ਵਿਸਥਾਰ ਵਿਚ। ਇਥੇ ਕੇਵਲ ਸੰਤ ਜਰਨੈਲ ਸਿੰਘ ਜਿਕਰ ਹੈ। ਉਸ ਨੂੰ *ਦੂਰੋ ਦੇਖਿਆ* ਇਸ ਲਈ ਲਿਖਿਆ ਹੈ ਕਿਉਂਕਿ ਮੈਨੂੰ ਲੱਗਿਆ ਨਹੀਂ ਉਸਨੇ ਮੈਨੂੰ ਨੇੜੇ ਲੱਗਣ ਦਿੱਤਾ ਹੋਵੇ। ਕਹਾਵਤ ਹੈ - ਬਿੱਲੀ, ਊਠਣੀ ਦਾ ਦੁੱਧ ਨਹੀ ਚੁੰਘ ਸਕਦੀ।

ਦਰਬਾਰ ਸਾਹਿਬ ਉਪਰ ਹਮਲਾ ਸਿੱਖਾਂ ਵਾਸਤੇ ਇਸ ਸਦੀ ਦੀ ਸਭ ਤੋ ਵੱਡੀ ਦੁਰਘਟਨਾ ਸੀ। ਸਿੰਘ ਸਭਾ ਲਹਿਰ ਦਾ ਪੈਦਾ ਹੋਣਾ, ਸ਼੍ਰੋਮਣੀ ਅਕਾਲੀ ਦਲ ਦਾ ਜਨਮ, ਦੋ ਸੰਸਾਰ ਜੰਗਾਂ ਅਤੇ 1947 ਦੀ ਦੇਸ-ਵੰਡ, ਮਾਮੂਲੀ ਘਟਨਾਵਾਂ ਨਹੀਂ ਸਨ, ਪਰ ਇਨ੍ਹਾਂ ਘਟਨਾਵਾਂ ਵਿਚ ਅਤੇ 1984 ਨੂੰ ਦਰਬਾਰ ਸਾਹਿਬ ਉਪਰ ਹੋਏ ਫੌਜੀ ਹਮਲੇ ਵਿਚ ਫਰਕ ਹੈ। ਇਹ ਫਰਕ ਵੱਡਾ ਹੈ। ਮੁਸਲਮਾਨਾ ਨਾਲ ਸਿੱਖਾਂ ਦੀ ਟੱਕਰ ਤਾਂ ਅਰਦਾਸ ਦੀ ਪਰੰਪਰਾ ਵਿਚ ਉਤਰ ਚੁੱਕੀ ਹੈ, ਇਸ ਕਰਕੇ ਦੇਸ-ਵੰਡ ਸਮੇ ਮੁਸਲਮਾਨਾਂ ਹੱਥੋਂ ਸਿੱਖਾਂ ਦਾ ਕਤਲਿਆਮ ਕੋਈ ਅਨੋਖੀ ਘਟਨਾ ਨਹੀਂ ਸੀ। ਨਾਲੇ ਬਦਲੇ ਵਿਚ ਸਿੱਖਾਂ ਨੇ ਇੱਧਰਲੇ ਖਿਤੇ ਵਿਚ ਮੁਸਲਮਾਨ ਪਰਿਵਾਰਾਂ ਉਪਰ ਕੋਈ ਘੱਟ ਨਹੀਂ ਸੀ ਗੁਜ਼ਾਰੀ। ਸਗੋਂ ਸਿੱਖਾਂ ਨੇ ਵੀ ਅਜਿਹੇ ਸ਼ਰਮਨਾਕ ਕੰਮ ਕੀਤੇ ਜਿਹੜੇ ਅਠਾਹਰਵੀਂ ਸਦੀ ਵਿਚ ਨਹੀ ਕੀਤੇ ਸਨ। ਗੁਰੂ ਜੀ ਦਾ ਇਲਾਹੀ ਸਦਾਚਾਰ-ਸ਼ਾਸਤਰ ਕਦੀ ਔਰਤਾਂ ਤੇ ਬੱਚਿਆਂ ਉਪਰ ਜਬਰ ਕਰਨ ਦੀ ਆਗਿਆ ਨਹੀਂ ਦਿੰਦਾ। ਸਿੱਖਾਂ ਨੇ ਗੁਰੂ ਜੀ ਦੇ ਇਸ ਆਦਰਸ਼ ਨੂੰ ਜਦੋ ਵਿਸਾਰ ਦਿੱਤਾ ਤਦ ਉਨ੍ਹਾਂ ਨੇ ਦਿਲ ਖੋਲ੍ਹ ਕੇ ਮੁਸਲਮਾਨਾਂ ਉਪਰ ਦਰਿੰਦਗੀ ਕੀਤੀ।

ਦੋ ਵੱਡੀਆਂ ਜੰਗਾਂ ਸੰਸਾਰ ਦੀਆਂ ਹੋਰ ਤਾਕਤਾਂ ਲਈ ਕਈ ਹੋਰ ਕਾਰਨਾਂ ਕਰਕੇ ਬਹੁਤ ਵੱਡੀਆਂ ਘਟਨਾਵਾਂ ਹਨ। ਸਿੱਖਾਂ ਨੇ ਵੀ ਇਨ੍ਹਾਂ ਵਿਚ ਅਮਲੀ ਸ਼ਿਰਕਤ ਕੀਤੀ ਪਰ ਇਨ੍ਹਾਂ ਦੀ ਅਹਿਮੀਅਤ ਖਾਲਸਾ ਪੰਥ ਲਈ ਕੁਝ ਨਹੀ ਸੀ ਸਿਵਾਇ ਇਸ ਦੇ ਕਿ ਕੁਝ ਕੁ ਹਜ਼ਾਰ ਸਿੱਖ ਲੜਦੇ ਹੋਏ ਮਾਰੇ ਗਏ ਤੇ ਕੁਝ ਨੂੰ ਬਹਾਦਰੀ ਬਦਲੇ ਵਿਕਟੋਰੀਆ ਕਰੱਸ ਮਿਲੇ। ਚੁਰਾਸੀ ਦੇ ਆਪ੍ਰੇਸ਼ਨ ਬਲੂਸਟਾਰ ਵਰਗੀ ਸੱਟ ਸਿੱਖਾਂ ਨੇ ਇਸ ਸਦੀ ਵਿਚ ਕਦੀ ਨਾ ਸੁਣੀ ਸੀ ਨਾ ਕਿਆਸੀ ਸੀ। ਚੇਤੇ ਰਹੇ ਕਿ ਮੁਗਲਾਂ ਅਤੇ ਪਠਾਣਾਂ ਨੇ ਜੋ ਕੁਝ ਦਰਬਾਰ ਸਾਹਿਬ ਨਾਲ ਕੀਤਾ ਸੀ ਉਸ ਨਾਲੋਂ ਇਹ ਕਾਰਾ ਵੱਖਰੀ ਤਰ੍ਹਾਂ ਦਾ ਸੀ ਕਿਉਕਿ ਉਦੋਂ ਦੀਆਂ ਮੁਸਲਮਾਨ ਹਕੂਮਤਾਂ ਦਾ ਵੈਰੀ ਅਮਲ ਸਿੱਖਾਂ ਦੇ ਜੀਵਨ ਢੰਗ ਦਾ ਕੁਦਰਤੀ ਹਿੱਸਾ ਬਣ ਗਿਆ ਸੀ। ਯਾਨੀ ਕਿ ਮੁਸਲਮਾਨਾਂ ਵੱਲੋਂ ਕਿਸੇ ਗੁਰਦੁਆਰੇ ਦੀ ਬੇਅਦਬੀ ਕਰਨ ਨੂੰ ਅਣਹੋਣੀ ਘਟਨਾ ਵਜੋਂ ਨਹੀਂ ਲਿਆ ਜਾਂਦਾ ਸੀ ਕਿਉਂਕਿ ਉਨ੍ਹਾਂ ਦਾ ਵਰਤਾਰਾ ਸਿੱਖ ਜੀਵਨ ਵਿਚ ਬਤੌਰ ਇਤਿਹਾਸਕ ਟੱਕਰ ਸਮਝ ਵਿਚ ਆਉਂਦਾ ਸੀ ਜਿਸ ਕਰਕੇ ਸਾਧਾਰਣ ਲਗਦਾ ਹੁੰਦਾ ਸੀ।

ਇਸ ਦੇ ਉਲਟ ਖ਼ਾਲਸਾ ਪੰਥ ਨੇ ਹਿੰਦੂਆਂ ਦੀ ਰੱਖਿਆ ਹਿੱਤ ਆਪਣਾ ਸਭ ਕੁਝ ਦਾਅ ਤੇ ਲਾ ਦਿੱਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਸਿੱਖ ਅਮਲ ਦਾ ਧਰੂ ਤਾਰਾ ਹੈ ਜਿਸਨੂੰ, *ਸਿੱਖ ਕਦੀ ਭੁੱਲ ਜਾਣ ਤਾਂ ਘੱਟੋ ਘੱਟ ਹਿੰਦੁਸਤਾਨ ਨਹੀ ਭੁੱਲ ਸਕਦਾ,* ਪੰਥ ਦੇ ਅਵਚੇਤਨ ਵਿਚ ਘਰ ਕਰ

ਚੁੱਕਾ ਸੀ। ਇਸ ਸਿਲਸਿਲੇ ਵਿਚ ਇਹ ਕਹਿਣਾ ਵਾਜਬ ਹੋਵੇਗਾ ਕਿ ਹਿੰਦੂਆਂ ਦੇ ਅਣਖੀਲੇ ਤੱਤ ਨੂੰ ਗੁਰੂ ਸਾਹਿਬਾਨ ਦੀ ਅਜ਼ੀਮ ਸ਼ਖਸੀਅਤ ਵਿਚ ਪੂਰਨ ਭਰੋਸਾ ਹੋ ਚੁੱਕਾ ਸੀ ਜਿਸ ਦੇ ਫਲ ਸਰੂਪ ਹਿੰਦੂ ਜੁਆਨੀ ਅੰਮ੍ਰਿਤ ਛਕ ਕੇ ਧੜਾ ਧੜ ਖਾਲਸਾ ਪੰਥ ਦਾ ਵਡਮੁੱਲਾ ਹਿੱਸਾ ਬਣ ਰਹੀ ਸੀ। ਇਉਂ ਇਹ ਦਰਿਆ ਇਕ ਪਾਸੇ ਨਹੀਂ ਦੋਵੇਂ ਪਾਸੀਂ ਵਗ ਰਿਹਾ ਸੀ ਅਰਥਾਤ ਜੇ ਸਿੱਖ ਕੁਰਬਾਨੀਆਂ ਕਰ ਰਹੇ ਸਨ ਤਾਂ ਹਿੰਦੂ ਵੀ ਭਾਰੀ ਗਿਣਤੀ ਵਿਚ ਨਿਸ਼ਾਨ ਸਾਹਿਬ ਦੀ ਸ਼ਰਣ ਵਿਚ ਆ ਆ ਕੇ ਇਸ ਦਰਿਆ ਨੂੰ ਤਾਕਤਵਰ ਬਣਾ ਰਹੇ ਸਨ। ਮੰਨੂ ਦੀ ਦਾਤਰੀ ਫਿਰਨ ਦੇ ਬਾਵਜੂਦ ਦੂਣ ਸਵਾਏ ਹੋਣ ਦੀ ਕਰਾਮਾਤ ਇਸ ਤੱਥ ਦੀ ਸਹੀ ਲੋਕ-ਗਾਥਾ ਹੈ।

ਹਿੰਦੂ ਵਿਦਵਾਨ ਇਹ ਦਾਅਵਾ ਕਰਦੇ ਆਏ ਹਨ ਕਿ ਖਾਲਸਾ ਪੰਥ ਹਿੰਦੁਸਤਾਨ ਅਤੇ ਹਿੰਦੂ ਮੱਤ ਦੀ ਰੱਖਿਆ ਕਰਨ ਹਿਤ ਪੈਦਾ ਹੋਇਆ। ਸਿੱਖ ਚਿੰਤਕ ਇਸ ਕਥਨ ਨੂੰ ਰੱਦ ਕਰਕੇ ਆਖਦੇ ਹਨ ਕਿ ਨਵੇਂ ਧਰਮ ਦਾ ਪ੍ਰਕਾਸ਼ ਕਿਸੇ ਖ਼ਾਸ ਵਰਗ ਦੇ ਲੋਕਾਂ ਜਾਂ ਕਿਸੇ ਖਾਸ ਭੂਗੋਲਿਕ ਖੇਤਰ ਦੀ ਰਾਖੀ ਜਾਂ ਵਿਨਾਸ਼ ਕਰਨ ਲਈ ਹਰਗਿਜ਼ ਨਹੀਂ ਹੁੰਦਾ। ਜੇ ਇਹ ਮੰਨ ਲਈਏ ਕਿ ਹਿੰਦੂਆਂ ਦੀ ਰਾਖੀ ਲਈ ਇਕ ਸੈਨਾ ਵੱਖਰੇ ਤੌਰ ਤੇ ਸਥਾਪਤ ਕਰ ਲਈ ਗਈ ਸੀ ਤਦ ਇਹ ਵੀ ਮੰਨ ਲੈਣਾ ਚਾਹੀਦਾ ਹੈ ਕਿ ਇਸ ਸੈਨਾ ਦਾ ਇਕੋ ਇਕ ਮਨੋਰਥ ਮੁਸਲਮਾਨਾਂ ਨੂੰ ਮਾਰਨਾ ਅਤੇ ਇਸਲਾਮ ਦਾ ਨੁਕਸਾਨ ਕਰਨਾ ਸੀ।ਜਿਵੇਂ ਇਹ ਦੂਜਾ ਤੱਥ ਕਿਸੇ ਪ੍ਰਕਾਰ ਮੰਨਣਯੋਗ ਨਹੀਂ ਹੈ ਉਵੇਂ ਹੀ ਪਹਿਲਾ ਰੱਦ ਕਰਨਯੋਗ ਹੈ। ਪਰ ਜੋ ਤੱਥ ਸਹੀ ਹੈ ਤੇ ਸਰਬ-ਪ੍ਰਵਾਣਿਤ ਵੀ, ਉਹ ਇਹ ਹੈ ਕਿ ਖ਼ਾਲਸਾ ਪੰਥ ਦੇ ਉਦੈ ਨਾਲ ਨਿਰਸੰਦੇਹ ਹਿੰਦੂ ਧਰਮ ਬਚਿਆ, ਹਿੰਦੁਸਤਾਨ ਬਚਿਆ, ਪਠਾਣਾ ਨੂੰ ਸਦਾ ਲਈ ਕਾਬਲ ਵਿਚ ਧੱਕ ਦਿੱਤਾ ਗਿਆ ਤੇ ਉਹਨਾ ਦੇ ਹਮਲੇ ਅਤੇ ਅਤਿਆਚਾਰ ਬੀਤੇ ਦੀਆਂ ਕਥਾ ਕਹਾਣੀਆਂ ਬਣ ਗਏ। ਸਿੱਖਾਂ ਅਤੇ ਹਿੰਦੂਆਂ ਦੀ ਸਮਾਜਕ ਸਾਂਝ ਅਤੇ ਦੁਖ ਸੁਖ ਕਿਉਂਕਿ ਸਦੀਆਂ ਤੱਕ ਸਾਂਝੇ ਰਹੇ ਸਨ ਇਸੇ ਕਰਕੇ ਮਾਸਟਰ ਤਾਰਾ ਸਿੰਘ ਨੇ 1947 ਵਿਚ ਪਾਕਿਸਤਾਨ ਦੀ ਥਾਂ ਹਿੰਦੁਸਤਾਨ ਵਿਚ ਰਹਿਣ ਨੂੰ ਤਰਜੀਹ ਦਿਤੀ ਸੀ। ਇਸ ਮੁੱਦੇ ਤੇ ਬੜਾ ਕੁਝ ਕਿਹਾ ਸੁਣਿਆ ਅਤੇ ਲਿਖਿਆ ਗਿਆ ਹੈ ਕਿ ਮਾਸਟਰ ਜੀ ਨੇ ਇਹ ਵੱਡੀ ਇਤਿਹਾਸਕ ਭੁੱਲ ਕਿਉਂ ਕੀਤੀ। ਮੈਂ ਇਹ ਮੰਨਦਾ ਹਾਂ ਕਿ ਸਿੱਖਾਂ ਵਾਸਤੇ ਉਦੋਂ ਸੰਵਿਧਾਨਕ ਸੁਰੱਖਿਆ ਦੀ ਕੋਈ ਗਾਰੰਟੀ ਲੈ ਲੈਣੀ ਚਾਹੀਦੀ ਸੀ ਪਰ ਮਾਸਟਰ ਜੀ ਨੇ ਹਿੰਦੁਸਤਾਨ ਨਾਲ ਰਹਿਣ ਦਾ ਫੈਸਲਾ ਉਸੇ ਸਦੀਆਂ ਪੁਰਾਣੀ ਸਭਿਆਚਾਰਕ ਸਾਂਝ ਕਾਰਨ ਕੀਤਾ ਸੀ। ਮਾਸਟਰ ਜੀ ਦੇ ਸਿਆਸੀ ਕੱਦ ਨੂੰ ਮਿਣਨ ਵਾਸਤੇ ਹਰ ਬੰਦੇ ਦਾ ਹੱਕ ਹੈ ਕਿ ਹੱਥ ਵਿਚ ਫੀਤਾ ਫੜ ਲਵੇ, ਪਰ ਮਾਸਟਰ ਨਿਰਸੰਦੇਹ ਪੰਥ ਦਰਦੀ ਤੇ ਈਮਾਨਦਾਰ ਨੇਤਾ ਸੀ ਤੇ ਦਿਤੇ ਗਏ ਸਿਲੇਬਸ ਵਿੱਚ ਉਸ ਨੇ ਜੋ ਫੈਸਲੇ ਲਏ ਉਹ ਨੇਕ ਨੀਅਤ ਨਾਲ ਲਏ, ਇਸ ਬਾਰੇ ਮੈਨੂੰ ਕਦੀ ਵਹਿਮ ਨਹੀਂ ਹੋਇਆ।

ਉਪਰ ਲਿਖੀਆਂ ਕੁਝ ਗੱਲਾਂ ਲਿਖੇ ਬਗੈਰ ਆਪਰੇਸ਼ਨ ਬਲੂ-ਸਟਾਰ ਦੀ ਘਟਨਾ ਦਾ ਸਹੀ ਨਿਪਟਾਰਾ ਨਹੀ ਹੋਣਾ ਸੀ। ਸਿੱਖਾਂ ਨੇ ਆਪਣੀਆਂ ਸਿਆਸੀ ਸਰਗਰਮੀਆਂ ਜਾਰੀ ਰਖਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਹੇਠ ਅਨੇਕ ਮੋਰਚੇ ਲਾਏ। ਪੰਥਕ ਲੋੜਾਂ ਦੀ ਪੂਰਤੀ ਹਿਤ ਸਿਆਸੀ ਜੱਦੋ-ਜਹਿਦ ਕਰਨੀ ਤੇ ਜਮਹੂਰੀ ਢੰਗ ਨਾਲ ਆਪਣੀ ਸ਼ਕਤੀ ਕੇਂਦਰਿਤ ਰੱਖਣੀ ਹਰੇਕ ਸਿਆਸੀ ਪਾਰਟੀ ਵਾਂਗ ਸਿੱਖਾਂ ਦਾ ਹੱਕ ਹੈ। ਪਰ ਪਤਾ ਨਹੀਂ ਜਵਾਹਰਲਾਲ ਨਹਿਰੂ ਅਤੇ ਉਸਦੇ ਉਤਰਾਧਿਕਾਰੀਆਂ ਦੇ ਮਨ ਵਿਚ ਅਜਿਹੀ ਕੀ ਗੱਲ ਸੀ ਕਿ ਸਿੱਖਾਂ ਨੂੰ ਚਿੜਾਉਣਾ ਉਹ ਉਤਮ ਸਿਆਸਤ ਮੰਨ ਬੈਠੇ। ਨਿਕੀਆਂ ਮੋਟੀਆਂ ਸਿਆਸੀ ਮੰਗਾਂ ਜਿਵੇਂ ਭਾਸ਼ਾ ਆਧਾਰਿਤ ਪੰਜਾਬੀ ਸੂਬਾ ਨਾ ਦੇਣਾ, ਪੰਜਾਬ ਨੂੰ ਚੰਡੀਗੜ੍ਹ ਬਤੌਰ ਰਾਜਧਾਨੀ ਨਾ ਦੇਣਾ, ਸਾਜਸ਼ ਤਹਿਤ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖਣੇ, ਦਰਿਆਈ ਪਾਣੀਆਂ ਦੀ ਵੰਡ ਵਕਤ ਅੰਤਰ-ਰਾਸ਼ਟਰੀ ਕਾਨੂੰਨ ਨਜ਼ਰ-ਅੰਦਾਜ਼ ਕਰਕੇ ਪੰਜਾਬ ਦੇ ਪਾਣੀਆਂ ਉਪਰ ਡਾਕਾ ਮਾਰਨਾ, ਪੰਜਾਬ ਦੇ ਹੈਡ-ਵਰਕਸ ਪੰਜਾਬ ਤੋਂ ਬਾਹਰ ਰੱਖ ਕੇ ਉਨ੍ਹਾਂ ਦਾ ਕੰਟਰੋਲ ਪੰਜਾਬ ਪਾਸੋਂ ਖੋਹਣਾ, ਪੰਜਾਬ ਤੋਂ ਬਾਹਰ ਪੰਜਾਬੀ ਬੋਲਦੀਆਂ ਸਟੇਟਾਂ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਵੀ ਨਾ ਦੇਣਾ ਆਦਿਕ ਕੁੱਝ ਅਜਿਹੀਆਂ ਗੱਲਾਂ ਸਨ ਜਿਹੜੀਆਂ ਬਾਰੇ ਸਿੱਖ ਜਦੋਂ ਆਵਾਜ ਉਠਾਉਂਦੇ ਤਦ ਉਨ੍ਹਾਂ ਨੂੰ ਦੇਸ ਧਰੋਹੀ ਅਤੇ ਪਾਕਿਸਤਾਨ ਦੇ ਏਜੰਟ ਹੋਣ ਦਾ ਖਿਤਾਬ ਮਿਲਦਾ। 1982 ਵਿਚ ਏਸ਼ੀਅਨ ਗੇਮਜ਼ ਵਕਤ ਬੱਸਾਂ ਗੱਡੀਆਂ ਵਿਚ ਜਿਵੇਂ ਸਿੱਖ ਯਾਤਰੂਆਂ ਦੀ ਹੱਤਕ ਗਿਣ ਮਿਥ ਕੇ ਭਾਰਤੀ ਸਟੇਟ ਨੇ ਕੀਤੀ ਉਹ ਨਵੰਬਰ 1984 ਦੇ ਦਿੱਲੀ ਦੰਗਿਆਂ ਦੀ ਮਹਿਜ਼ ਇਕ ਭੂਮਿਕਾ ਸੀ। ਭਾਰਤ ਨੇ ਸਿੱਖਾਂ ਨੂੰ ਯਾਦ ਰੱਖਣ ਯੋਗ ਸਬਕ ਸਿਖਾਉਣਾ ਸੀ।

www.punjabilibrary.com

ਇਸ ਤੋਂ ਵੱਡਾ ਦੁਖਾਂਤ ਕੀ ਹੋ ਸਕਦਾ ਹੈ ਕਿ ਫਾਂਸੀ ਲੱਗੇ ਬੰਦੇ ਨੂੰ ਮਰਨ ਤੱਕ ਦੋਸ਼ ਦਾ ਪਤਾ ਨਾ ਲੱਗੇ।

ਕੁੱਲ ਸੰਸਾਰ ਵਿਚ ਕਿਸੇ ਸਿੱਖ ਨੂੰ ਇਹ ਯਕੀਨ ਨਹੀਂ ਆਉਦਾ ਸੀ ਕਿ ਇੰਦਰਾ ਗਾਂਧੀ ਦਰਬਾਰ ਸਾਹਿਬ ਉਪਰ ਸੈਨਾ ਚਾੜ੍ਹ ਕੇ ਤਬਾਹੀ ਮਚਾ ਸਕਦੀ ਹੈ। ਸੰਤ ਜਰਨੈਲ ਸਿੰਘ ਨੂੰ ਇਸ ਦਾ ਪਤਾ ਸੀ। ਜਦੋ ਸੰਤ ਜਰਨੈਲ ਸਿੰਘ ਫੌਜੀ ਹਮਲੇ ਦੀਆਂ ਗੱਲਾ ਕਰਨ ਲਗਦਾ ਤਾਂ ਮੇਰਾ ਦਿਮਾਗ ਮੈਨੂੰ ਆਖਦਾ ਹੁੰਦਾ ਕਿ ਲੀਡਰ ਇਹੋ ਜਿਹੀਆਂ ਗੱਲਾਂ ਕਰਿਆ ਹੀ ਕਰਦੇ ਹਨ। ਇਸ ਨਾਲ ਸੰਗਤ ਵਿਚ ਹਮਦਰਦੀ ਦੀ ਲਹਿਰ ਪੈਦਾ ਹੁੰਦੀ ਹੈ, ਸੰਗਠਨ ਸ਼ਕਤੀਸ਼ਾਲੀ ਹੁੰਦਾ ਹੈ ਤੇ ਸਿਆਸਤ ਵਿਚ ਇਸ ਸਭ ਕੁਝ ਦੀ ਜਰੂਰਤ ਹੋਇਆ ਹੀ ਕਰਦੀ ਹੈ। ਕਦੀ ਪੰਥ ਨੂੰ ਖਤਰਾ, ਕਦੀ ਦਰਬਾਰ ਸਾਹਿਬ ਖ਼ਤਰੇ ਵਿਚ ਇਹ ਸਭ ਕਰਨ ਸੁਣਨ ਦੀਆਂ ਗੱਲਾਂ ਹਨ, ਅਜਿਹਾ ਕੁੱਝ ਨਹੀਂ ਹੋਣ ਲੱਗਾ। ਹੁਣ ਮੈਂ ਇਸ ਨਤੀਜੇ ਉੱਪਰ ਪੁੱਜਾ ਹਾਂ ਕਿ ਹਿੰਦੁਸਤਾਨ ਵਿਚ ਇਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਪਤਾ ਸੀ ਕਿ ਹਮਲਾ ਕਰਨਾ ਹੈ, ਇਕ ਸੰਤ ਜਰਨੈਲ ਸਿੰਘ ਨੂੰ ਪਤਾ ਸੀ ਕਿ ਹਮਲਾ ਹੋਣਾ ਹੈ ਤੇ ਉਸ ਨੇ ਮਰਨਾ ਹੈ। ਬਾਕੀ ਲੋਕ ਕੇਵਲ ਵੱਖ ਵੱਖ ਪ੍ਰਕਾਰ ਦੇ ਅੰਦਾਜ਼ੇ ਲਾਇਆ ਕਰਦੇ ਸਨ। ਪ੍ਰਧਾਨ ਮੰਤਰੀ ਅਤੇ ਸੰਤ ਜੀ ਵਿਚਕਾਰ ਫਰਕ ਇਹ ਸੀ ਕਿ ਸੰਤਾਂ ਨੂੰ ਆਪਣੀ ਮੌਤ ਦਾ ਪਤਾ ਸੀ, ਇੰਦਰਾ ਗਾਂਧੀ ਨੂੰ ਆਪਣੀ ਮੌਤ ਦਾ ਪਤਾ ਨਹੀਂ ਸੀ। ਕਿਸ ਕਿਸ ਜਥੇਦਾਰ ਨੂੰ ਕਿੰਨਾ ਕਿੰਨਾ ਕੁ ਪਤਾ ਸੀ, ਇਸ ਦਾ ਜ਼ਿਕਰ ਬਾਦ ਵਿਚ ਕਰਾਂਗੇ।

1968 ਵਿਚ ਮੈਂ ਹਾਈ ਸਕੂਲ ਘੱਗਾ ਜਿਲ੍ਹਾ ਪਟਿਆਲਾ ਵਿਚ ਦਸਵੀਂ ਦਾ ਵਿਦਿਆਰਥੀ ਸਾਂ ਤਦ ਆਪਣੇ ਇਕ ਜਮਾਤੀ ਗੁਰਤੇਜ ਸਿੰਘ ਤੋਂ ਦਮਦਮੀ ਟਕਸਾਲ ਦਾ ਨਾਮ ਪਹਿਲੀ ਵਾਰ ਸੁਣਿਆ। ਇਸ ਮੁੰਡੇ ਦੇ ਮਾਪੇ ਸੰਤ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦੇ ਸ਼ਰਧਾਲੂ ਸਨ ਤੇ ਇਨ੍ਹਾਂ ਦਾ ਟਕਸਾਲ ਨਾਲ ਸਿੱਖੀ ਦੇ ਨਾਤੇ ਸੰਪਰਕ ਸੀ। ਬਾਦ ਵਿਚ ਭਾਈ ਅਮਰੀਕ ਸਿੰਘ ਨਾਲ ਇਨ੍ਹਾਂ ਦੀ ਰਿਸ਼ਤੇਦਾਰੀ ਬਣੀ। ਮੇਰੇ ਜਮਾਤੀ ਦੀ ਭੂਆ ਦੀ ਧੀ ਬੀਬੀ ਹਰਮੀਤ ਕੌਰ ਦਾ ਵਿਆਹ ਭਾਈ ਸਾਹਿਬ ਨਾਲ ਹੋਇਆ। ਮੈਨੂੰ ਸਿੱਖੀ ਬਾਰੇ ਤਾਂ ਕੁੱਝ ਖਾਸ ਥਹੁ ਪਤਾ ਨਹੀਂ ਸੀ ਪਰ ਮੇਰੇ ਲਈ ਇਹ ਵਿਆਹ ਇਸ ਗੱਲੋਂ ਆਦਰਸ਼ਕ ਸੀ ਕਿ ਬਗੈਰ ਦਹੇਜ ਤੋਂ ਬੇਹੱਦ ਸਾਦੀਆਂ ਰਸਮਾਂ ਨਾਲ ਹੋਇਆ ਸੀ। ਬਾਕੀ ਜਮਾਤੀਆਂ ਵਾਂਗ ਮਹਿੰਦਰਾ ਕਾਲਜ ਪਟਿਆਲਾ ਵਿਚ ਪੜ੍ਹਦਿਆਂ ਸਿੱਖੀ ਬੇਸ਼ਕ ਚੰਗੀ ਜਰੂਰ ਲਗਦੀ ਹੁੰਦੀ ਸੀ ਪਰ ਰਹਿਤ ਮਰਿਆਦਾ ਦਾ ਕੋਈ ਪਤਾ ਨਹੀਂ ਸੀ।

ਕਦੀ ਕਦਾਈਂ ਭਾਈ ਅਮਰੀਕ ਸਿੰਘ ਮਿਲਣ ਆਉਦਾ। ਉਹ ਸਾਡਾ ਹਾਣੀ ਸੀ। ਹਸਮੁਖ ਤੇ ਸੁਹਣਾ ਸਿੱਖ ਸੀ, ਰਹਿਤ ਵਿਚ ਪੂਰਾ। ਠੋਡੀ ਉਪਰ ਥੋੜ੍ਹੀ ਕੁ ਦਾਹੜੀ ਸੀ। ਅਸੀਂ ਛੇੜਦੇ, ''ਦਾਹੜੀ ਨਹੀਂ, ਤੇਰੀ ਠੋਡੀ ਉਪਰ ਤਾਂ ਰੱਬ ਨੇ ਅੰਗੂਠਾ ਲਾਇਆ ਹੋਇਆ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਰੱਬ ਅੰਗੂਠਾ ਛਾਪ ਹੈ।'' ਕੋਈ ਹੋਰ ਜਮਾਤੀ ਆਖਦਾ, ''ਅਮਰੀਕ ਸਿੰਘਾ ਇਹ ਜਿਹੜਾ ਸਵਾਇਆ ਕੁ ਗੱਫਾ ਤੈਨੂੰ ਦਾਹੜੀ ਦਾ ਮਿਲਿਆ ਹੈ ਇਸ ਤੋਂ ਮੁਕਤ ਨਹੀਂ ਹੋ ਸਕਦਾ ਤੂੰ? '' ਉਹ ਕੇਵਲ ਹੱਸ ਪੈਂਦਾ ਨਾ ਉਸਨੇ ਕਦੇ ਸਾਡੀਆਂ ਇਨ੍ਹਾਂ ਆਪ ਹੁਦਰੀਆਂ ਗੱਲਾਂ ਦਾ ਬੁਰਾ ਮਨਾਇਆ ਨਾ ਕਦੀ ਸਿੱਖੀ ਦਾ ਕਾਹੜਾ ਪਿਲਾਇਆ। ਜਿਵੇਂ ਅਕਸਰ ਹੋਇਆ ਕਰਦਾ ਹੈ ਕਿ ਦਾਹੜੀਆਂ ਮੁੰਨਣ ਵਾਲਿਆਂ ਨੂੰ 'ਗਿਆਨੀ' ਕਿਸਮ ਦੇ ਬੰਦੇ ਕੁਝ ਰੜਕਿਆ ਕਰਦੇ ਹਨ, ਇਸ ਤਰ੍ਹਾਂ ਅਮਰੀਕ ਸਿੰਘ ਕਿਸੇ ਨੂੰ ਰੜਕਿਆ ਕਦੀ ਨਹੀਂ ਸੀ।

ਉਸਦੀ ਸਰਦਾਰਨੀ ਹਰਮੀਤ ਕੌਰ ਵਿਚ ਮੁੱਢ ਕਦੀਮੀ ਗੰਭੀਰਤਾ, ਮਿਠਾਸ ਅਤੇ ਦੂਰ ਅੰਦੇਸ਼ੀ ਮੈ ਬਹੁਤ ਨੇੜਿਓਂ ਦੇਖੀ। ਜਿੰਨਾ ਕੁ ਇਤਿਹਾਸ ਬਾਰੇ ਮਾੜਾ ਮੋਟਾ ਜਾਣਦਾ ਸਾਂ, ਇਹ ਕੁੜੀ ਮੈਨੂੰ ਗੁਰੂ ਕਾਲ ਦੀਆਂ ਆਦਰਸ਼ਕ ਸਿੱਖ ਭੈਣਾਂ ਜਿਹੀ ਲਗਦੀ। ਛੁੱਟੀਆਂ ਵਿਚ ਕਦੀ ਕਦਾਈਂ ਅਸੀਂ ਚੌਕ ਮਹਿਤਾ ਜਾਂ ਅੰਮ੍ਰਿਤਸਰ ਭਾਈ ਅਮਰੀਕ ਸਿੰਘ ਨੂੰ ਮਿਲਣ ਜਾਂਦੇ। ਉਸ ਦੇ ਪਿਤਾ ਸੰਤ ਕਰਤਾਰ ਸਿੰਘ ਜੀ ਟਕਸਾਲ ਦੇ ਮੁਖੀ ਸਨ। ਉਨ੍ਹਾਂ ਦਾ ਬੜਾ ਰੋਹਬਦਾਬ ਸੀ ਤੇ ਦੂਰ ਦੁਰੇਡੇ ਸੰਗਤਾਂ ਵਿਚ ਬਹੁਤ ਸਤਿਕਾਰ ਸੀ। ਜਿਵੇਂ ਬਾਕੀ ਲੋਕਾਂ ਨੂੰ ਉਨ੍ਹਾਂ ਦੇ ਸਾਹਮਣੇ ਕਈ ਵਾਰ ਮੈ ਸਹਿਮੇ ਸਹਿਮੇ ਜਾਂ ਝਿਜਕਦੇ ਦੇਖਦਾ ਉਸ ਤਰ੍ਹਾਂ ਮੇਰੇ ਮਨ ਵਿਚ ਕਿਸੇ ਤਰ੍ਹਾਂ ਦੀ ਕੋਈ ਘਬਰਾਹਟ ਨਹੀਂ ਹੁੰਦੀ ਸੀ। ਸੰਤ ਕਰਤਾਰ ਸਿੰਘ ਜੀ ਦੀ ਸ਼ਖਸੀਅਤ ਵਿਚਲੀ ਸਿੱਖੀ ਬੋਝਲ ਕਿਸਮ ਦੀ ਨਹੀਂ ਸੀ। 'ਪ੍ਰਵਚਨ' ਜਾਂ 'ਬਚਨ ਬਿਲਾਸ' ਕਰਨ ਦੀ ਥਾਂ ਉਹ ਗੱਲਾਂ

www.punjabilibrary.com

ਵਧੀਕ ਕਰਿਆ ਕਰਦੇ ਸਨ। ਪ੍ਰਵਚਨ ਇਕ ਤਰਫਾ ਪ੍ਰਵਾਹ ਹੁੰਦਾ ਹੈ ਜੋ ਸੱਤ ਬਚਨ ਕਰਕੇ ਮੰਨਣਾ ਹੁੰਦਾ ਹੈ।

ਉਥੇ ਭਾਈ ਜਰਨੈਲ ਸਿੰਘ ਵੀ ਦਿਸਦੇ। ਉਹ ਕਿਸੇ ਦੇ ਕਿਸੇ ਕੰਮ ਵਿਚ ਦਖਲ ਨਹੀਂ ਦਿੰਦੇ ਸਨ। ਬਹੁਤਾ ਸਮਾਂ ਪਾਠ ਕਰਨ ਵਿਚ ਬਿਤਾਉਂਦੇ। ਕਦੀ ਸੰਗਤ ਨੂੰ ਲੰਗਰ ਛਕਾ ਰਹੇ ਹਨ ਕਦੀ ਕੋਈ ਹੋਰ ਸੇਵਾ ਸੰਭਾਲ ਲਈ ਹੈ। ਬਸ ਉਹ ਦਿਸਦੇ ਹੁੰਦੇ ਸਨ, ਉਨ੍ਹਾਂ ਵਿਚ ਕਦੀ ਅਜਿਹੀ ਕੋਈ ਵਿਸ਼ੇਸਤਾ ਨਹੀਂ ਦਿੱਸੀ ਸੀ ਜਿਹੜੀ ਯਾਦ ਰੱਖੀ ਜਾਵੇ ਜਾਂ ਜਿਸਦਾ ਕਿਸੇ ਕੋਲ ਹਵਾਲਾ ਦਿੱਤਾ ਜਾ ਸਕੇ। ਜਰਨੈਲ ਸਿੰਘ ਦਾ ਸਾਡੀਆਂ ਗੱਲਾਂ ਵੱਲ ਜਾਂ ਸਾਡੀਆਂ ਹਰਕਤਾਂ ਵੱਲ ਕੋਈ ਧਿਆਨ ਨਹੀਂ ਹੁੰਦਾ ਸੀ। ਉਹ ਆਪਣੇ ਆਪ ਵਿਚ ਮਸਤ ਰਹਿੰਦੇ ਪਰ ਅਸੀਂ ਅਕਸਰ ਇਕ ਦੂਜੇ ਪਾਸ ਟਿੱਪਣੀ ਕਰਦੇ, ''ਵਧੀਕ ਪਾਠ ਕਰਨ ਕਰਕੇ ਇਹਦੀ ਮੱਤ ਮਾਰੀ ਗਈ ਲਗਦੀ ਹੈ।''

ਸੰਤ ਕਰਤਾਰ ਸਿੰਘ ਉਨ੍ਹਾਂ ਵਲ ਧਿਆਨ ਦਿੰਦੇ। ਟਕਸਾਲ ਦੇ ਕਿਸੇ ਬੰਦੇ ਨੇ ਸੰਤ ਕਰਤਾਰ ਸਿੰਘ ਜੀ ਨੂੰ ਇਕ ਵਾਰ ਦਸਿਆ ਕਿ ਜਰਨੈਲ ਸਿੰਘ ਕਈ ਕਈ ਦਿਨ ਲੰਗਰ ਨਹੀਂ ਛਕਦਾ, ਪਾਠ ਕਰਦਾ ਰਹਿੰਦਾ ਹੈ। ਜੇਠ ਹਾੜ੍ਹ ਦੀ ਧੁੱਪ ਵਿਚ ਅੱਖ ਬਚਾ ਕੇ ਸਰਾਂ ਦੀ ਸਿਖਰਲੀ ਛੱਤ ਉਪਰ ਸਾਰਾ ਸਾਰਾ ਦਿਨ ਪਾਠ ਕਰਦਾ ਰਹਿੰਦਾ ਹੈ। ਸੰਤਾਂ ਨੇ ਜਰਨੈਲ ਸਿੰਘ ਨੂੰ ਇਕ ਦਿਨ ਬੁਲਾ ਕੇ ਇਨ੍ਹਾਂ ਖਬਰਾਂ ਦੀ ਸਚਾਈ ਬਾਰੇ ਪੁੱਛਿਆ ਤਾਂ ਹਾਂ ਕਹਿਣ ਲਈ ਕੇਵਲ ਸਿਰ ਹਿਲਾਇਆ। ਸੰਤ ਕਰਤਾਰ ਸਿੰਘ ਨਾਰਾਜ਼ ਹੋਏ। ਉਨ੍ਹਾਂ ਨੇ ਕਿਹਾ, ''ਗੁਰੂ ਨੇ ਆਪਾਂ ਨੂੰ ਲੱਖ ਖੁਸ਼ੀਆਂ ਅਤੇ ਪਾਤਸ਼ਾਹੀਆਂ ਦਾ ਵਰ ਦਿੱਤਾ ਹੋਇਆ ਹੈ। ਤੂੰ ਇਹ ਪਖੰਡ ਕਿਉਂ ਕਰਦਾ ਹੈਂ? ਪੰਥ ਦੀ ਇਹ ਪਰੰਪਰਾ ਨਈਂ ਹੈ ਜਰਨੈਲ ਸਿੰਘਾ।'' ਜਰਨੈਲ ਸਿੰਘ ਨੇ ਹੱਥ ਜੋੜ ਕੇ ਕਿਹਾ, ''ਪਿਤਾ ਜੀ ਕਦੀ ਕਦਾਈ ਮੈਂ ਸੋਚਦਾ ਹੁੰਦਾ ਹਾਂ ਕਿ ਜੇ ਔਖੀ ਘੜੀ ਆ ਜਾਵੇ, ਤਦ ਸੰਕਟ ਵਾਸਤੇ ਤਿਆਰੀ ਚਾਹੀਦੀ ਹੁੰਦੀ ਹੈ। ਮੈਂ ਮੁਕਤੀ ਪ੍ਰਾਪਤ ਕਰਨ ਵਾਸਤੇ ਤਪ ਨਹੀ ਕਰਦਾ। ਮੁਕਤ ਤਾਂ ਉਦੋਂ ਹੋ ਗਿਆ ਸਾਂ ਜਦੋਂ ਅੰਮ੍ਰਿਤ ਛਕ ਲਿਆ ਸੀ। ਇਹ ਤਾਂ ਸਰੀਰ ਦੀ ਸਾਧਨਾ ਹੈ ਜਿਸ ਦੀ ਕਦੀ ਲੋੜ ਪੈ ਸਕਦੀ ਹੈ।''

ਸੰਤ ਕਰਤਾਰ ਸਿੰਘ ਹੱਸ ਪਏ ਤੇ ਕਿਹਾ, ''ਕੋਈ ਜਰੂਰਤ ਨਹੀਂ । ਛੋਟੇ ਸਾਹਿਬਜ਼ਾਦਿਆਂ ਨੇ ਕੋਈ ਹਠ ਤਪ ਦਾ ਅਭਿਆਸ ਕੀਤਾ ਸੀ ? ਰਾਜਕੁਮਾਰਾਂ ਵਾਂਗ ਉਨ੍ਹਾਂ ਦੀ ਪਰਿਵਰਸ਼ ਹੋਈ ਸੀ। ਜਦੋਂ ਸਮਾਂ ਆਇਆ ਤਾਂ ਉਨ੍ਹਾਂ ਨੇ ਕਿਹੀ ਸ਼ਾਨਦਾਰ ਪ੍ਰੀਤ ਨਿਭਾਈ ਸੀ। ਜਿੰਨਾ ਪਿਆਰ ਗੁਰੂ ਦਸਮ ਪਾਤਸ਼ਾਹ ਹਜ਼ੂਰ ਸਾਹਿਬਜ਼ਾਦਿਆਂ ਨੂੰ ਕਰਦੇ ਸਨ, ਉਸ ਤੋਂ ਵਧੀਕ ਤੈਨੂੰ ਪਿਆਰ ਕਰਦੇ ਹਨ ਜਰਨੈਲ ਸਿੰਘ। ਉਨ੍ਹਾਂ ਤੇ ਭਰੋਸਾ ਰੱਖ। ਔਖੀ ਘੜੀ ਵਿਚ ਸਿੱਖ ਨੂੰ ਕਦੀ ਔਖਾ ਨਹੀਂ ਹੋਣ ਦਿੰਦੇ ਮਹਾਰਾਜ।'' ਉਸ ਪਿਛੋਂ ਜਰਨੈਲ ਸਿੰਘ ਸਹਿਜ ਵਿਚ ਰਹਿਣ ਲੱਗਾ। ਪਰ ਭੁੱਖ, ਪਿਆਸ ਅਤੇ ਨੀਂਦ ਉਪਰ ਉਸ ਨੇ ਕਾਬੂ ਪਾ ਲਿਆ ਸੀ, ਬੋਲ ਚਾਲ ਉਪਰ ਵੀ, ਘੱਟ ਬੋਲਦਾ। ਆਕੜਖਾਂ ਹੋਵੇ, ਅਜਿਹਾ ਪ੍ਰਭਾਵ ਵੀ ਨਹੀਂ ਪੈਂਦਾ ਸੀ। ਉਹ ਨਹੀਂ, ਦੋਸਤ ਸਾਡਾ ਅਮਰੀਕ ਸਿੰਘ ਸੀ। ਉਹ ਖੁੱਲ੍ਹ ਕੇ ਗੱਲਾਂ ਕਰਦਾ, ਹੱਸਦਾ, ਛੇੜਦਾ, ਛਿੜਦਾ ਤੇ ਸਾਡੇ ਵਾਂਗ ਹੀ ਮੂਰਖਤਾਈਆਂ ਨੂੰ ਪਸੰਦ ਕਰਦਾ, ਤਦੇ ਪਿਆਰਾ ਮਿੱਤਰ ਲਗਦਾ। ਜਰਨੈਲ ਸਿੰਘ ਬਾਰੇ ਸਾਡਾ ਖਿਆਲ ਸੀ ਕਿ ਇਸਦੇ ਦਿਮਾਗ ਦੀ ਕੋਈ ਰਗ ਘੱਟ ਜਾਂ ਵੱਧ ਹੈ। ਉਸਦਾ ਅਸੀ ਵਧੀਕ ਨੋਟਿਸ ਨਹੀਂ ਲੈਂਦੇ ਸਾਂ। ਕਦੀ ਕਦਾਈ ਉਸ ਵਿਰੁੱਧ ਟਿੱਪਣੀ ਕਰ ਦਿੰਦੇ ਤਦ ਸਾਨੂੰ ਮਨ੍ਹਾਂ ਕਰਨ ਵਾਲਾ ਵੀ ਕੋਈ ਨਾ ਕੋਈ ਮੌਜੂਦ ਹੁੰਦਾ, ''ਉਹ ਚੰਗਾ ਸਿੱਖ ਹੈ। ਉਸ ਬਾਰੇ ਬੱਕੜਵਾਹ ਕਰਨਾ ਠੀਕ ਨਹੀਂ।'' ਅਸੀ ਹੱਸ ਪੈਂਦੇ, ''ਸਿੱਖ ਤਾਂ ਅਸੀਂ ਵੀ ਹਾਂ। ਕੜਾਹ ਪ੍ਰਸ਼ਾਦ ਤਾਂ ਕੜਾਹ ਪ੍ਰਸ਼ਾਦ ਹੀ ਹੁੰਦਾ ਹੈ ਪਰ ਜੇ ਉਸ ਵਿਚ ਦੇਸੀ ਘਿਉ ਵਧੀਕ ਪਾ ਦਿਉ ਤਦ ਮੁਸ਼ਕਲ ਖੜ੍ਹੀ ਕਰ ਦਿੰਦਾ ਹੈ। ਉਸ ਦੀ ਸਿੱਖੀ ਵਿਚ ਦੇਸੀ ਘਿਓ ਕੁਝ ਜ਼ਿਆਦਾ ਪੈ ਗਿਆ ਲਗਦਾ ਹੈ।''

ਅਸੀਂ ਜਿਹੋ ਜਿਹੇ ਵੀ ਸਾਂ, ਸੰਤ ਕਰਤਾਰ ਸਿੰਘ ਨੂੰ ਚੰਗੇ ਲਗਦੇ ਸਾਂ। ਸੰਤ ਕਰਤਾਰ ਸਿੰਘ ਦੇ ਜੀਵਨ ਅਤੇ ਬੋਲ ਬਾਣੀ ਵਿਚ ਕੋਈ ਇਹੋ ਜਿਹੀ ਸਾਧਨਾ ਰਲੀ ਮਿਲੀ ਹੋਈ ਸੀ ਕਿ ਉਨ੍ਹਾਂ ਦਾ ਸਤਿਕਾਰ ਤਾਂ ਸਭ ਕਰਦੇ ਹੀ ਸਨ ਉਨ੍ਹਾਂ ਦੀ ਵਡੱਤਣ ਤੋਂ ਭੈ ਭੀਤ ਨਹੀਂ ਸਨ। ਸੋਗ, ਨਿਰਾਸਤਾ, ਡਰ, ਚਿੰਤਾ ਉਨ੍ਹਾਂ ਨੂੰ ਤਾਂ ਕੀ ਹੋਣੀ ਸੀ ਉਨ੍ਹਾਂ ਦੀ ਹਾਜਰੀ ਵਿਚ ਸਾਨੂੰ ਕਦੀ ਨਹੀਂ ਹੁੰਦੀ ਸੀ। ਮਰਦਾਨਗੀ ਦਾ ਪ੍ਰਚੰਡ ਰੂਪ ਜੇ ਮੈਨੂੰ ਕਿਸੇ ਵਿਚ ਦਿਸਿਆ ਤਦ ਉਹ ਸੰਤ ਕਰਤਾਰ ਸਿੰਘ ਅਤੇ ਸ੍. ਕਪੂਰ ਸਿੰਘ ਹਨ। ਵਡੱਤਣ ਉਸ ਨੂੰ ਕਹਿੰਦੇ ਹਨ ਜਿਹੜੀ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਵਿਚ ਹੀਣਤਾ ਪੈਦਾ ਨਾ ਕਰੇ।

www.punjabilibrary.com

ਵਡਿੱਤਣ ਕਾਰਨ ਆਲੇ-ਦੁਆਲੇ ਦਾ ਹਰ ਬੰਦਾ ਵੱਡਾ, ਸੰਪੂਰਨ ਅਤੇ ਆਤਮ ਵਿਸ਼ਵਾਸ ਨਾਲ ਸ਼ਰਸਾਰ ਹੋ ਜਾਂਦਾ ਹੈ।

1975-77 ਦੋ ਸਾਲ ਮੈਂ ਗੁਰਮਤਿ ਕਾਲਜ ਪਟਿਆਲਾ ਦਾ ਵਿਦਿਆਰਥੀ ਰਿਹਾ। ਸਾਨੂੰ ਕਾਲਜ ਵਿਚ ਸੁਨੇਹਾ ਮਿਲਿਆ ਕਿ ਸੰਤ ਕਰਤਾਰ ਸਿੰਘ ਪਟਿਆਲੇ ਆ ਰਹੇ ਹਨ। ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਠਹਿਰਨਗੇ। ਇਹ ਮਾਰਚ 1977 ਦੀ ਗੱਲ ਹੈ। ਮਹੀਨਾ ਤੇ ਸਾਲ ਇਸ ਲਈ ਚੇਤੇ ਰਹਿ ਗਿਆ ਹੈ ਕਿਉਂਕਿ ਅਸੀਂ ਇਮਤਿਹਾਨਾਂ ਦੀ ਤਿਆਰੀ ਵਿਚ ਕਿਤਾਬਾਂ ਨੂੰ ਘੋਟੇ ਲਾਉਣ ਵਿਚ ਲੱਗੇ ਹੋਏ ਸਾਂ। ਸ਼ਾਮ ਨੂੰ ਉਨ੍ਹਾਂ ਨੂੰ ਮਿਲਣ ਪੁੱਜੇ ਤਾਂ ਉਹ ਸਰਾਂ ਦੀ ਛੱਤ ਉਪਰ ਬੈਠੇ ਸਨ। ਦਰੀਆਂ ਵਿਛੀਆਂ ਹੋਈਆਂ ਸਨ। ਸਾਨੂੰ ਦੇਖਕੇ ਸੰਤ ਜੀ ਨੇ ਕਿਹਾ, ''ਲਉ ਜੀ ਖਾਲਿਸਤਾਨੀ ਪੁੱਜ ਗਏ ਹਨ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।'' ਅਸੀਂ ਬੈਠ ਗਏ ਤਾਂ ਉਹ ਫਿਰ ਬੋਲੇ, ''ਮਰਲਾ ਦੋ ਮਰਲੇ ਥਾਂ ਘਰ ਪਾਉਣ ਲਈ ਮੈਨੂੰ ਵੀ ਖਾਲਿਸਤਾਨ ਵਿਚ ਦੇ ਦਿਉਗੇ ਕਿ ਆਪੇ ਹੀ ਰਹੋਗੇ ਇਕੱਲੇ ਉਸ ਵਿਚ ਤੁਸੀਂ ?'' ਸਾਨੂੰ ਇਨ੍ਹਾਂ ਪ੍ਰਸ਼ਨਾ ਦੀ ਕੋਈ ਸਮਝ ਨਾ ਆਈ। ਆਲੇ ਦੁਆਲੇ ਬੈਠੇ ਸਿੰਘ ਹਸਦੇ ਰਹੇ। ਬਾਦ ਵਿਚ ਪਤਾ ਲੱਗਾ ਕਿ ਪ੍ਰਿੰਸੀਪਲ ਸਾਹਿਬ ਸਾਡੀ ਸ਼ਿਕਾਇਤ ਲਾ ਕੇ ਗਏ ਹਨ ਸੰਤਾਂ ਪਾਸ। ਸਹੀ ਗੱਲ ਇਹ ਸੀ ਕਿ ਅਸੀਂ ਆਜ਼ਾਦ ਭਾਰਤ ਵਿਚ ਸਿੱਖਾਂ ਦੇ ਹੱਕਾਂ ਬਾਰੇ, ਉਨ੍ਹਾਂ ਦੀ ਹੋਣੀ ਬਾਰੇ, ਉਨ੍ਹਾਂ ਨਾਲ ਹੁੰਦੇ ਵਿਸ਼ਵਾਸਘਾਤਾਂ ਬਾਰੇ ਅਤੇ ਜਥੇਦਾਰਾਂ ਦੀਆਂ ਮੂਰਖਤਾਈਆਂ ਬਾਰੇ ਅਕਸਰ ਚਰਚਾ ਕਰਦੇ, ਪੇਪਰ ਅਤੇ ਭਾਸ਼ਣ ਤਿਆਰ ਕਰਦੇ। ਪ੍ਰਿੰਸੀਪਲ ਸਾਹਿਬ ਇਸਨੂੰ ਪਸੰਦ ਨਹੀਂ ਕਰਦੇ ਸਨ ਤੇ ਹੁਕਮ ਸੀ ''ਇਹ ਰਾਜਨੀਤੀ ਹੈ। ਬੰਦ ਕਰੋ।'' ਅਸੀਂ ਆਖਦੇ, ''ਸਿੱਖਾਂ ਦਾ ਧਰਮ ਅਤੇ ਰਾਜਨੀਤੀ ਵੱਖ ਵੱਖ ਨਹੀਂ ਹਨ।'' ਉਹ ਆਖਦੇ, ''ਭਗਤੀ ਅਤੇ ਸ਼ਕਤੀ ਨਾਲੋ ਨਾਲ ਚਲਦੀਆਂ ਹੁੰਦੀਆਂ ਹਨ। ਤੁਸੀਂ ਭਗਤੀ ਕਰੋ। ਸ਼ਕਤੀ ਆਪਣੇ ਆਪ ਆ ਜਾਵੇਗੀ।'' ਅਸੀਂ ਆਖਦੇ, ''ਸਾਰੀ ਉਮਰ ਹੋ ਗਈ ਤੁਹਾਨੂੰ ਭਗਤੀ ਕਰਦਿਆਂ, ਸ਼ਕਤੀ ਸਾਨੂੰ ਤਾਂ ਦਿਸੀ ਨਹੀਂ ਮਾੜੀ ਕੁ ਜਿੰਨੀ ਵੀ ਤੁਹਾਡੇ ਵਿਚ।'' ਸਾਡਾ ਇਕ ਜਮਾਤੀ ਹੁੰਦਾ ਸੀ ਬਲਦੇਵ ਸਿੰਘ। ਉਸਨੇ ਪ੍ਰਿੰਸੀਪਲ ਨੂੰ ਕਿਹਾ, ''ਤੁਸੀਂ ਥੋੜ੍ਹੀ ਥੋੜ੍ਹੀ ਸ਼ਕਤੀ ਦੀ ਗੱਲ ਕਰੋਗੇ ਤਾਂ ਅਸੀਂ ਕੁਝ ਭਗਤੀ ਕਰਿਆ ਕਰਾਂਗੇ। ਜੇ ਤੁਸੀਂ ਨਿਰੀ ਭਗਤੀ ਕਰੋਗੇ ਤਾਂ ਅਸੀਂ ਨਿਰੀ ਸ਼ਕਤੀ ਦੀ ਗੱਲ ਕਰਾਂਗੇ। ਇਸ ਤਰ੍ਹਾਂ ਸੰਤੁਲਨ ਬਣੇਗਾ।''

ਇਹੀ ਗੱਲਾਂ ਅਸੀਂ ਸੰਤਾਂ ਨਾਲ ਕੀਤੀਆਂ ਤੇ ਕਿਹਾ ਕਿ ਪ੍ਰਿੰਸੀਪਲ ਸਾਹਿਬ ਸਾਡੇ ਵਿਰੁੱਧ ਤੁਹਾਡੇ ਕੋਲ ਗੱਪ ਮਾਰ ਕੇ ਗਏ ਹਨ। ਉਹ ਪਾਠ ਬਹੁਤ ਕਰਦੇ ਹਨ ਤਾਂ ਇਸ ਦਾ ਅਰਥ ਇਹ ਤਾਂ ਨਹੀਂ ਕਿ ਬਦਲੇ ਵਿਚ ਝੂਠ ਮਾਰਨ ਦੀ ਆਗਿਆ ਮਿਲ ਗਈ ? ਬਾਬਿਆਂ ਨੇ ਸਾਨੂੰ ਕਿਹਾ, ''ਤੁਸੀਂ ਚੰਗੇ ਪੜ੍ਹਾਕੂ ਹੋ ਤੇ ਲਗਦਾ ਹੈ ਸਿੱਖ ਵੀ ਚੰਗੇ ਹੋ। ਜੇ ਤੁਹਾਡੇ ਵਿਰੁੱਧ ਕੋਈ ਚੁਗਲੀਆਂ ਕਰਦਾ ਹੈ ਤਾਂ ਤੁਹਾਡੀ ਸਿਫਤ ਕਰਨ ਵਾਲੇ ਵੀ ਮੌਜੂਦ ਹਨ। ਸਾਡਾ ਫਰਜ਼ ਸਿੱਖ ਹੋਣਾ ਹੈ, ਉਹੋ ਜਿਹੇ ਸਿੱਖ ਜਿਹੋ ਜਿਹੇ ਗੁਰੂ ਮਹਾਰਾਜ ਨੂੰ ਪਿਆਰੇ ਲੱਗਣ। ਮੈਨੂੰ ਤੁਹਾਡੀ ਲੋੜ ਹੈ । ਬਹੁਤ ਕੰਮ ਅਧੂਰੇ ਪਏ ਹਨ ਜੋ ਆਪਾਂ ਰਲ ਕੇ ਪੂਰੇ ਕਰਨੇ ਹਨ। ਸਭ ਤੋਂ ਵਧੀਕ ਮਾੜਾ ਹਾਲ ਵਿੱਦਿਆ ਦਾ ਹੈ। ਮੈਨੂੰ ਪੰਜ ਜੁਆਨ ਚਾਹੀਦੇ ਹਨ ਤੁਹਾਡੇ ਵਿਚੋਂ। ਮੈ ਵਧੇਰੇ ਦੌਰਿਆਂ ਉਪਰ ਰਹਿੰਦਾ ਹਾਂ। ਤੁਸੀਂ ਚੌਕ ਮਹਿਤਾ ਰਿਹਾ ਕਰੋਗੇ। ਜਿੰਨੀ ਕੁ ਤਨਖਾਹ ਅਤੇ ਸਹੂਲਤਾਂ ਕਾਲਜ ਦੇ ਲੈਕਚਰਾਰ ਨੂੰ ਮਿਲਦੀਆਂ ਹਨ ਸਰਕਾਰ ਪਾਸੋਂ, ਉਹ ਦਿਆਂਗੇ।'' ਅਸੀਂ ਚੁੱਪ ਚਾਪ ਬੈਠੇ ਸੁਣਦੇ ਰਹੇ। ਹੱਸ ਕੇ ਕਹਿਣ ਲੱਗੇ, ''ਕਿਤੇ ਇਹ ਤਾਂ ਨਹੀਂ ਸੋਚਣ ਲੱਗੇ ਕਿ ਗਰੰਥੀ ਹੋ ਗਏ ਤਾਂ ਵਿਆਹ ਕੌਣ ਕਰੇਗਾ ਸਾਡਾ? ਭਾਈਓ ਉਹ ਵੀ ਮੈਂ ਕਰਾਂਗਾ। ਤੁਹਾਡੇ ਜਿੰਨੀਆਂ ਪੜ੍ਹੀਆਂ ਸੁਣੱਖੀਆਂ ਚੰਗੇ ਘਰਾਂ ਦੀਆਂ ਸਿੱਖ ਕੁੜੀਆਂ ਨਾਲ ਮੈਂ ਤੁਹਾਡੇ ਵਿਆਹ ਕਰਾਂਗਾ। ਦਾਜ ਨੂੰ ਛੱਡ ਕੇ ਹੋਰ ਕੋਈ ਘਾਟ ਨਹੀਂ ਹੋਵੇਗੀ।'' ਫਿਰ ਥੋੜਾ ਜਿਹਾ ਰੁਕ ਕੇ ਬੋਲੇ, ''ਸਾਡੇ ਜਥੇ ਦਾ ਡਿਸਿਪਲਿਨ ਸਖਤ ਹੈ ਕੁੱਝ। ਪਰ ਉਹ ਤੁਹਾਡੇ ਤੇ ਲਾਗੂ ਨਹੀਂ ਹੋਵੇਗਾ। ਟਕਸਾਲ ਦੇ ਸਿੰਘ ਤਾਂ ਚਾਹ ਨੂੰ ਵੀ ਨਸ਼ਾ ਸਮਝਕੇ ਨਹੀਂ ਪੀਂਦੇ। ਪਰ ਤੁਹਾਨੂੰ ਚਾਹ ਪੀਣ ਤੋਂ ਕੋਈ ਨਹੀਂ ਰੋਕੇਗਾ। ਫਿਰ ਤਾਂ ਠੀਕ ਹੈ ?'' ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਸਾਡੇ ਕਾਲਜ ਆਉ। ਅਸੀਂ ਕਲਾਸ-ਰੂਮ ਵਿਚ ਤੁਹਾਨੂੰ ਸੁਣਨ ਦੇ ਇਛੁੱਕ ਹਾਂ। ਉਨ੍ਹਾਂ ਨੇ ਸਾਡਾ ਸੱਦਾ ਸਵੀਕਾਰ ਕੀਤਾ।

ਇਕ ਘੰਟਾ ਅਸੀਂ ਉਹਨਾਂ ਪਾਸੋਂ ਗੁਰਮਤਿ ਦੀਆਂ ਗੱਲਾਂ ਸੁਣੀਆਂ। ਉਨ੍ਹਾਂ ਦੇ ਅੰਦਰ ਨਿਰਮਲ ਅਨੁਭਵ ਦਾ ਦਰਿਆ ਸੀ ਤੇ ਬਿਨਾਂ ਯਤਨ ਕਰਨ ਦੇ ਇਸ ਦੀਆਂ ਛੱਲਾਂ ਉਚੀਆਂ ਕਿਨਾਰਿਆਂ ਤੋਂ ਬਾਹਰ

ਉਠ ਕੇ ਆਲੇ ਦੁਆਲੇ ਦੇ ਘਾਹ ਫੂਸ ਨੂੰ ਧੋ ਦਿੰਦੀਆਂ। ਉਥੇ ਹੀ ਫੈਸਲਾ ਹੋ ਗਿਆ ਕਿ ਹਰਿਭਜਨ ਸਿੰਘ, ਗੁਰਨੇਕ ਸਿੰਘ, ਜਸਬੀਰ ਸਿੰਘ, ਸੁਰਜੀਤ ਸਿੰਘ ਅਤੇ ਹਰਪਾਲ ਸਿੰਘ ਐਮ.ਏ. ਦੇ ਇਮਤਿਹਾਨ ਦੇ ਕੇ ਚੌਕ ਮਹਿਤਾ ਪੁੱਜ ਜਾਣਗੇ ਤੇ ਪੜ੍ਹਨ ਲਿਖਣ ਦਾ ਕੰਮ ਆਰੰਭ ਕਰ ਦੇਣਗੇ। ਇਸ ਪਿਛੋਂ ਉਨ੍ਹਾਂ ਯੂਨੀਵਰਸਿਟੀ ਜਾਣਾ ਸੀ ਜਿਥੇ ਡਾ. ਤਾਰਨ ਸਿੰਘ ਜੀ ਨੇ ਉਨ੍ਹਾਂ ਦਾ ਸੈਨੇਟ ਹਾਲ ਵਿਚ ਭਾਸ਼ਣ ਰਖਵਾਇਆ ਹੋਇਆ ਸੀ। ਉਨ੍ਹਾਂ ਦੀਆਂ ਹੀ ਗੱਡੀਆਂ ਵਿਚ ਬੈਠ ਕੇ ਅਸੀਂ ਯੂਨੀਵਰਸਿਟੀ ਚਲੇ ਗਏ। ਉਨ੍ਹਾਂ ਨੇ ਡਾ. ਤਾਰਨ ਸਿੰਘ ਜੀ ਦੇ ਗੋਡੀਂ ਹੱਥ ਲਾਇਆ ਤਾਂ ਡਾਕਟਰ ਸਾਹਿਬ ਨੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ, ''ਅਜਿਹਾ ਕਰਨਾ ਸ਼ੋਭਨੀਕ ਨਹੀਂ ਹੈ ਤੁਹਾਡੇ ਲਈ। ਤੁਹਾਡੀ ਕਮਾਈ ਵੱਡੀ ਹੈ।'' ਸੰਤ ਬੋਲੇ, ''ਤੁਸੀਂ ਮੇਰੇ ਅਧਿਆਪਕ ਰਹੇ ਹੋ। ਮੈਂ ਇਹ ਕਿਵੇਂ ਭੁੱਲਾਂ ਕਿ ਮੈਂ ਤੁਹਾਡਾ ਵਿਦਿਆਰਥੀ ਹਾਂ।'' ਬੀਬੀ ਇੰਦਰਜੀਤ ਕੌਰ ਸੰਧੂ ਵਾਈਸ-ਚਾਂਸਲਰ ਸਨ। ਉਨਾਂ ਨੂੰ ਦੇਖਕੇ ਸੰਤ ਜੀ ਨੇ ਕਿਹਾ, ''ਰਹਿਤ ਵੱਡੀ ਚੀਜ਼ ਹੈ। ਇਸ ਵਿਚ ਕੋਈ ਕਰਮਾਂ ਵਾਲਾ ਪੂਰਾ ਖਰਾ ਹੋਵੇਗਾ। ਪਰ ਸ਼ਕਲ ਸੂਰਤ ਤਾਂ ਸਿੱਖ ਦੀ ਸਿੱਖ ਵਰਗੀ ਚਾਹੀਦੀ ਹੀ ਹੈ ਨਾ। ਬਹੁਤ ਮਿਹਨਤ ਕਰਨੀ ਪੈਂਦੀ ਹੈ ਤੁਹਾਨੂੰ ਸ਼ਕਲ ਵਿਗਾੜਨ ਵਾਸਤੇ। ਬੀਬੀ ਜੀ ਥੱਕੇ ਨਹੀਂ ਅਜੇ?''

ਸਾਡੇ ਨਤੀਜੇ ਆ ਗਏ। ਸਭ ਦੇ ਵਧੀਆ ਨੰਬਰ ਆਏ। ਮੈਂ ਫ਼ਸਟ ਰਿਹਾ ਤੇ ਪਿਛਲਾ ਰਿਕਾਰਡ ਤੋੜਿਆ। ਅਸੀਂ ਚੌਕ ਮਹਿਤਾ ਜਾਣ ਦੀਆਂ ਤਿਆਰੀਆਂ ਵਿਚ ਹੀ ਸਾਂ ਕਿ ਅਖਬਾਰ ਵਿਚ ਖਬਰ ਪੜ੍ਹੀ। ਐਕਸੀਡੈਂਟ ਵਿਚ ਸੰਤ ਕਰਤਾਰ ਸਿੰਘ ਅਕਾਲ ਚਲਾਣਾ ਕਰ ਗਏ। ਇਸ ਗੱਲ ਦਾ ਦੁਖ ਸੀ ਕਿ ਇਕ ਦੂਰ ਅੰਦੇਸ਼ ਤੇ ਈਮਾਨ ਵਾਲੇ ਸਿੱਖ ਤੋਂ ਖਾਲਸਾ ਪੰਥ ਵੰਚਿਤ ਹੋ ਗਿਆ ਹੈ। ਸਹਿਜਪਾਠ ਦੇ ਭੋਗ ਉਪਰ ਤਾਂ ਜਾਣਾ ਹੀ ਸੀ ਪਰੰਤੂ ਮੈਨੂੰ ਸੁਨੇਹਾ ਮਿਲਿਆ ਕਿ ਪਹਿਲਾਂ ਪੁਜੋ। ਹੁਣ ਸੰਤ ਕਰਤਾਰ ਸਿੰਘ ਦਾ ਉਤਰਧਿਕਾਰੀ ਕੌਣ ਹੋਏ, ਇਸ ਸਬੰਧੀ ਕਸਮਕਸ਼ ਚੱਲ ਗਈ। ਦੂਰੋਂ ਦੇਖਣ ਵਾਲਿਆਂ ਨੂੰ ਕੁਝ ਪਤਾ ਨਹੀਂ ਸੀ, ਨਾ ਕਿਸੇ ਦਾ ਅਜਿਹਾ ਕੋਈ ਦਿਲਚਸਪੀ ਲੈਣ ਦਾ ਸਰੋਕਾਰ ਸੀ ਪਰ ਅੰਦਰ ਜੋਰ ਅਜਮਾਈ ਜੋਰਾਂ ਤੇ ਸੀ। ਇਕ ਧੜਾ ਭਾਈ ਅਮਰੀਕ ਸਿੰਘ ਨੂੰ ਉਨ੍ਹਾਂ ਦਾ ਜਾਨਸ਼ੀਨ ਥਾਪਣਾ ਚਾਹੁੰਦਾ ਸੀ ਜਦੋਂ ਕਿ ਦੂਸਰਾ ਧੜਾ ਜਰਨੈਲ ਸਿੰਘ ਦੇ ਪੱਖ ਵਿਚ ਸੀ। ਮੈ ਉਸ ਧੜੇ ਵਿਚ ਸ਼ਾਮਲ ਹੋ ਗਿਆ ਜਿਹੜਾ ਭਾਈ ਅਮਰੀਕ ਸਿੰਘ ਦੇ ਹੱਕ ਵਿਚ ਸੀ। ਮੇਰਾ ਇਹ ਖਿਆਲ ਸੀ ਕਿ ਦੋਵਾਂ ਵਿਚ ਕੋਈ ਮੁਕਾਬਲਾ ਹੀ ਨਹੀਂ। ਭਾਈ ਅਮਰੀਕ ਸਿੰਘ ਪੜ੍ਹਿਆ ਲਿਖਿਆ ਜੁਆਨ ਤੇ ਜਰਨੈਲ ਸਿੰਘ ਅਨਪੜ੍ਹ ਤੇ ਸਿੱਧਾ ਜਿਹਾ ਬੰਦਾ। ਅੱਜ ਦੇ ਜ਼ਮਾਨੇ ਵਿਚ ਅਨਪੜ੍ਹਾਂ ਦਾ ਗੁਜ਼ਾਰਾ ਨਹੀਂ। ਹੁਣ ਮੈਂ ਸੋਚਦਾ ਹਾਂ ਕਿ ਭਾਈ ਅਮਰੀਕ ਸਿੰਘ ਦੇ ਪੱਖ ਵਿਚ ਭੁਗਤਣ ਪਿਛੇ ਕਾਰਨ ਇਹ ਸੀ ਕਿ ਮੈਂ ਉਸ ਨੂੰ ਜਾਣਦਾ ਸਾਂ, ਉਸਦਾ ਮਿੱਤਰ ਸਾਂ ਤੇ ਮੇਰਾ ਸਵਾਰਥ ਇਸ ਵਿਚ ਛੁਪਿਆ ਹੋਇਆ ਸੀ, ਜਿਸ ਸਵਾਰਥ ਨੂੰ ਮੈਂ ਉਦੋਂ ਦੇਖ ਨਹੀਂ ਸਕਦਾ ਸਾਂ। ਜਰਨੈਲ ਸਿੰਘ ਉਸਦੇ ਮੁਕਾਬਲੇ ਵਿਚ ਕੁਝ ਵੀ ਨਹੀਂ ਇਸ ਕਰਕੇ ਸੀ ਕਿਉਕਿ ਉਸ ਬਾਰੇ ਅਸੀਂ ਵਧੀਕ ਜਾਣਦੇ ਨਹੀਂ ਸਾਂ, ਜਾਣਨਾ ਚਾਹਿਆ ਵੀ ਨਹੀਂ ਸੀ। ਭਵਿੱਖ ਨਾਲੋਂ ਸਾਨੂੰ ਭੂਤਕਾਲ ਚੰਗਾ ਲਗਦਾ ਹੁੰਦਾ ਹੈ ਬੇਸ਼ਕ ਮਾੜਾ ਕਿਉਂ ਨਾ ਹੋਵੇ ਕਿਉਕਿ ਭੂਤਕਾਲ ਨੂੰ ਅਸੀਂ ਜਾਣਦੇ ਹੁੰਦੇ ਹਾਂ, ਭਵਿੱਖ ਨੂੰ ਜਾਣਦੇ ਨਹੀਂ। ਸਾਡਾ ਮਿੱਤਰ ਅਮਰੀਕ ਸਿੰਘ ਇਕ ਵੱਡੀ ਤੇ ਸ਼ਕਤੀਸ਼ਾਲੀ ਸੰਸਥਾ ਦਾ ਮੁਖੀ ਹੋਵੇ, ਇਸ ਵਿਚ ਸਾਡੀ ਟੌਹਰ ਸੀ।

ਪਰ ਹੌਲੀ ਹੌਲੀ ਮੈਦਾਨ ਸਾਡੇ ਪੈਰਾਂ ਹੇਠੋਂ ਖਿਸਕਣ ਲੱਗਾ। ਟਕਸਾਲ ਦੇ ਜ਼ਿਮੇਵਾਰ ਤੇ ਪੁਰਾਣੇ ਮੈਂਬਰ ਬੇਸ਼ਕ ਪਿਆਰ ਭਾਈ ਅਮਰੀਕ ਸਿੰਘ ਨੂੰ ਵੀ ਕਰਦੇ ਸਨ ਪਰ ਇਹ ਪਿਆਰ ਵਾਸਤਵ ਵਿਚ ਸੰਤ ਕਰਤਾਰ ਸਿੰਘ ਦੀ ਸੰਤਾਨ ਵੱਲ ਨਿਭਾਇਆ ਜਾ ਰਿਹਾ ਇਕ ਫ਼ਰਜ਼ ਸੀ। ਉਥੇ ਸਹਿਜੇ ਸਹਿਜੇ ਜਰਨੈਲ ਸਿੰਘ ਦੇ ਹੱਕ ਵਿਚ ਹਵਾ ਰੁਮਕਣੀ ਸੁਰੂ ਹੋ ਗਈ। ਭਾਈ ਅਮਰੀਕ ਸਿੰਘ ਆਪਣੇ ਪੱਖ ਵਿਚ ਪੂਰੀ ਤਾਕਤ ਨਾਲ ਲੱਬਿੰਗ ਕਰ ਰਿਹਾ ਸੀ ਜਦੋਂ ਕਿ ਜਰਨੈਲ ਸਿੰਘ ਨੂੰ ਬੇਚੈਨ ਨਹੀਂ ਦੇਖਿਆ ਗਿਆ। ਉਹ ਹਰ ਕਿਸੇ ਦੀ ਹਾਂ ਵਿਚ ਹਾਂ ਮਿਲਾ ਦੇਂਦਾ ਸੀ। ਸੰਤਾਂ ਦੇ ਭੋਗ ਤੋਂ ਦੋ ਕੁ ਦਿਨ ਪਹਿਲਾਂ ਪੂਰੀ ਦੀ ਪੂਰੀ ਟਕਸਾਲ ਜਰਨੈਲ ਸਿੰਘ ਦੇ ਹੱਕ ਵਿਚ ਹੋ ਗਈ ਭਾਵੇਂ ਕਿ ਮੇਰੀ ਜਾਣਕਾਰੀ ਵਿਚ ਅਜਿਹਾ ਕੋਈ ਤੱਥ ਨਹੀਂ ਹੈ ਕਿ ਸੰਤ ਕਰਤਾਰ ਸਿੰਘ ਜੀ ਆਪਣੇ ਵਾਰਸ ਬਾਰੇ ਕੁੱਝ ਆਖ ਗਏ ਹੋਣ।ਸੰਤ ਗੁਰਬਚਨ ਸਿੰਘ ਜੀ ਦੇ ਦੇਹਾਂਤ ਉਪਰੰਤ ਵੀ ਟਕਸਾਲ ਦੋ ਧੜਿਆਂ ਵਿਚ ਵੰਡੀ ਗਈ ਸੀ ਤੇ ਇਹ ਦੋ ਧੜੇ ਹੁਣ ਵੀ ਵੱਖ ਵੱਖ ਥਾਵਾਂ ਉਪਰ ਸਰਗਰਮ ਹਨ ਤੇ ਦੋਵਾਂ ਦਾ ਨਾਮ ਭਿੰਡਰਾ ਵਾਲਿਆਂ ਦੀ ਟਕਸਾਲ ਹੀ ਚਲਦਾ ਆ ਰਿਹਾ ਹੈ।

**www.punjabilibrary.com**

ਅਸੀ ਂ ਹਥਿਆਰ ਸੁੱਟ ਦਿੱਤੇ। ਫੈਸਲਾ ਹੋ ਗਿਆ ਕਿ ਹੁਣ ਵਾਗਡੋਰ ਜਰਨੈਲ ਸਿੰਘ ਦੇ ਹੱਥ ਜਾਏਗੀ। ਸਾਡੇ ਵਿਚੋਂ ਕੁੱਝ ਬੰਦੇ ਇਸ ਕਰਕੇ ਦਸਤਾਰ ਬੰਦੀ ਦੀ ਰਸਮ ਦੇਖਣ ਲਈ ਰੁਕੇ ਰਹੇ ਕਿ ਅਖੀਰ ਵਿਚ ਆਈ ਸੰਗਤ ਦਾ ਧੰਨਵਾਦ ਕਰਨਾ ਹੋਵੇਗਾ ਤੇ ਬਹੁਤ ਸਾਰੀਆਂ ਜਥੇਬੰਦੀਆਂ, ਸੰਸਥਾਵਾਂ ਦਸਤਾਰਾਂ ਭੇਟ ਕਰਨ ਆਉਣਗੀਆਂ। ਇਨ੍ਹਾਂ ਸਾਰਿਆਂ ਦਾ ਸ਼ੁਕਰਾਨਾ ਕਰਨ ਲਈ ਅਤੇ ਸੰਤ ਕਰਤਾਰ ਸਿੰਘ ਜੀ ਬਾਬਤ ਸ਼ਰਧਾਂਜਲੀ ਵਜੋ ਕੁਝ ਸ਼ਬਦ ਤਾਂ ਜਰਨੈਲ ਸਿੰਘ ਨੂੰ ਬੋਲਣੇ ਪੈਣਗੇ। ਬੋਲਣਾ ਉਸ ਨੂੰ ਆਉਂਦਾ ਨਹੀਂ। ਸਟੇਜ ਤੋਂ ਕਦੀ ਬੋਲਿਆ ਹੀ ਨਹੀਂ ਸੀ ਉਹ, ਅਭਿਆਸ ਤੋਂ ਬਗੈਰ ਕੀ ਕਰੇਗਾ ? ਇਹ ਦੇਖਣ ਲਈ ਕਿ ਕੀ ਤਮਾਸ਼ਾ ਹੋਵੇਗਾ, ਕੁੱਝ ਮਿੱਤਰ ਲੰਮਾ ਪੰਧ ਮਾਰਕੇ ਚੌਕ ਮਹਿਤਾ ਇਸ ਲਈ ਵੀ ਆਏ।

ਟਰੱਕ, ਟਰਾਲੀਆਂ, ਕਾਰਾਂ, ਜੀਪਾਂ, ਬੱਸਾਂ ਰਾਹੀਂ ਇਕ ਦਿਨ ਪਹਿਲਾਂ ਹੀ ਸੰਗਤਾਂ ਪੁੱਜਣੀਆਂ ਸੁਰੂ ਹੋ ਗਈਆਂ। ਜਿਸ ਦਿਨ ਭੋਗ ਸੀ, ਸ਼ਾਇਦ ਅਗਸਤ 1977 ਦਾ ਕੋਈ ਦਿਨ, ਜਿੰਨਾਂ ਇੱਕਠ ਹੋਇਆ ਉਸ ਦਿਨ ਤੋਂ ਪਹਿਲਾਂ ਮੈਂ ਕਦੀ ਏਨਾ ਇਕੱਠ ਨਹੀਂ ਦੇਖਿਆ ਸੀ। ਬੇਸ਼ਕ ਪਾਰਕਿੰਗ ਦਾ ਵਧੀਆ ਪ੍ਰਬੰਧ ਸੀ ਪਰ ਗੱਡੀਆਂ ਵਿਚੋਂ ਉਤਰ ਉਤਰ ਲੋਕ ਪੈਦਲ ਤੁਰੇ ਆ ਰਹੇ ਸਨ ਕਿਉਕਿ ਪੈਦਲਾਂ ਦੀ ਰਫਤਾਰ ਵਧੀਕ ਸੀ। ਮੈ ਂ ਸਟੇਜ ਦੇ ਨੇੜੇ ਹੀ ਬੈਠਾ ਸਾਂ। ਸਿਰੋਪੇ ਅਤੇ ਦਸਤਾਰਾਂ ਭੇਟ ਕਰਨ ਦੀ ਰਸਮ ਆਰੰਭ ਹੋਈ। ਕਿੰਨੀਆਂ ਸਿੰਘ-ਸਭਾਵਾਂ, ਕਿੰਨੀਆਂ ਟਕਸਾਲਾਂ, ਡੇਰਿਆਂ ਅਤੇ ਮੱਠਾਂ ਦੇ ਮੁਖੀ ਪੁੱਜੇ, ਹਿੰਦੂ ਅਤੇ ਮੁਸਲਮਾਨਾਂ ਦੀਆਂ ਧਾਰਮਿਕ ਸੰਸਥਾਵਾਂ ਵਲੋਂ ਦਸਤਾਰਾਂ ਆਈਆਂ - ਇਹ ਦ੍ਰਿਸ਼ ਅਲੌਕਿਕ ਸੀ। ਉਦੋਂ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਸੀ। ਐਮਰਜੈਂਸੀ ਬਾਦ ਇੰਦਰਾ ਗਾਂਧੀ ਦੀ ਹਾਰ ਹੋਈ ਸੀ ਤੇ ਕੇਂਦਰ ਵਿਚ ਜਨਤਾ ਪਾਰਟੀ ਦੀ ਹਕੂਮਤ ਬਣੀ ਸੀ। ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਮੇਤ ਸਾਰੀ ਪੰਜਾਬ ਕੈਬਨਿਟ ਹਾਜ਼ਰ ਸੀ। ਬਾਦਲ ਸਾਹਿਬ ਨੇ ਸੰਤਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ, ''ਮੇਰੇ ਮਨ ਵਿਚ ਟਕਸਾਲ ਦੀ ਬਹੁਤ ਕਦਰ ਹੈ। ਇਹ ਤਾਂ ਤੁਰਦੀ ਫਿਰਦੀ ਸਿੱਖ ਯੂਨੀਵਰਸਿਟੀ ਹੈ। ਇਸ ਵਕਤ ਸੰਤ ਜਰਨੈਲ ਸਿੰਘ ਉਪਰ ਬੜੀ ਵੱਡੀ ਸੰਸਥਾ ਨੂੰ ਚਲਾਉਣ ਦੀ ਜਿੰਮੇਵਾਰੀ ਆਈ ਹੈ। ਮੇਰੀ ਕਾਮਨਾ ਹੈ ਕਿ ਇਹ ਜਿੰਮੇਵਾਰੀ ਉਹ ਸਫਲਤਾ ਨਾਲ ਨਿਭਾਉਣਗੇ। ਟਕਸਾਲ ਦੀ ਹਰ ਮੰਗ ਪੰਜਾਬ ਸਰਕਾਰ ਪੂਰੀ ਕਰੇਗੀ। ਸੰਤ ਕਰਤਾਰ ਸਿੰਘ ਦੇ ਨਾਮ ਤੇ ਕਿਸੇ ਯੂਨੀਵਰਸਿਟੀ ਵਿਚ ਚੇਅਰ ਸਥਾਪਤ ਕਰਨੀ ਹੋਵੇ ਜਾਂ ਜਿਵੇ ਸੰਤ ਕਰਤਾਰ ਸਿੰਘ ਸ਼ੁੱਧ ਕੀਰਤਨ ਦੀ ਮਹਾਨਤਾ ਵੱਲ ਬਹੁਤ ਤਵੱਜੋ ਦਿੰਦੇ ਸਨ, ਕੋਈ ਸੰਗੀਤ ਦਾ ਵਿਦਿਆਲਾ ਸਥਾਪਤ ਕਰਨਾ ਹੋਵੇ - ਸੰਤ ਜਰਨੈਲ ਸਿੰਘ ਆਖਣ, ਮੈਂ ਮਨਜ਼ੂਰੀ ਦਿਆਂਗਾ। ਜੋ ਕੁਝ ਮੰਗਣਾ ਹੋਵੇ ਉਹ ਹੁਣੇ ਮੰਗਣ, ਮੈਂ ਉਸ ਦੀ ਪੂਰਤੀ ਦਾ ਐਲਾਨ ਇਥੇ ਹੀ ਕਰਕੇ ਜਾਵਾਂਗਾ। ਹੁਣੇ।'' ਦਸ ਕੁ ਮਿੰਟ ਦੀ ਸ਼ਰਧਾਂਜਲੀ ਹੋਵੇਗੀ ਇਹ। ਮੈਨੂੰ ਇੰਨੇ ਕੁ ਸ਼ਬਦ ਯਾਦ ਹਨ।

ਅਖੀਰ ਵਿਚ ਸੰਤ ਜਰਨੈਲ ਸਿੰਘ ਉਠੇ। ਮਹਾਰਾਜ ਅੱਗੇ ਮੱਥਾ ਟੇਕਿਆ ਤੇ ਮਾਈਕ ਅੱਗੇ ਆਏ। ਹੱਥ ਜੋੜ ਕੇ ਫਤਹਿ ਬੁਲਾਈ। ਸੁਕਰਾਨੇ ਦੇ ਸ਼ਬਦ ਕਹੇ ... ਸੰਗਤ ਦੀਆਂ ਅਸੀਸਾਂ ਦੀ ਕਾਮਨਾ ਕੀਤੀ। ਇਕ ਇਕ ਸ਼ਬਦ ਕੌਡੀਆਂ ਦੀ ਟੁਣਕਾਰ ਵਾਂਗ ਸਪਸ਼ਟ ਸੀ ਤੇ ਸਾਦਾ ਸੀ। ਕਿਸੇ ਇਕ ਵਾਕ ਦੀ ਬਣਤਰ ਨਹੀਂ ਵਿਗੜੀ, ਕੋਈ ਵਾਕ ਦੁਹਰਾਇਆ ਨਹੀਂ, ਹੱਥ ਵਿਚ ਕੋਈ ਲਿਸਟ ਨਹੀਂ ਲਈ ਜਿਸਦਾ ਸਹਾਰਾ ਲੈਕੇ ਹਰ ਮੁੱਦੇ, ਹਰ ਵਿਅਕਤੀ, ਹਰ ਸੰਸਥਾ ਬਾਰੇ ਕੁਝ ਕਿਹਾ ਜਾ ਸਕੇ ਪਰ ਕੋਈ ਸੰਸਥਾ ਅਜਿਹੀ ਨਹੀਂ ਸੀ ਜਿਸਦਾ ਧੰਨਵਾਦ ਨਾ ਕੀਤਾ ਗਿਆ ਹੋਵੇ। ਅਖੀਰ ਵਿਚ ਜ਼ਿਕਰ ਆ ਗਿਆ ਪੰਜਾਬ ਸਰਕਾਰ ਦਾ। ਮੁੱਖ ਮੰਤਰੀ ਦਾ ਸੁਕਰਾਨਾ ਤਾਂ ਕੀਤਾ ਪਰ ਅਜਿਹਾ ਕਰਦਿਆਂ ਹੋਇਆਂ ਕਿਹਾ, ''ਬਾਦਲ ਸਾਹਿਬ ਜੀ ਨੇ ਫੁਰਮਾਇਆ ਹੈ ਕਿ ਟਕਸਾਲ ਜੋ ਮੰਗੇਗੀ ਦਿਆਂਗੇ। ਇਸ ਬਾਰੇ ਮੈਂ ਇਹ ਅਰਜ਼ ਕਰਨੀ ਹੈ ਕਿ ਦਮਦਮੀ ਟਕਸਾਲ ਮੰਗਤਿਆਂ ਦੀ ਸੰਸਥਾ ਨਹੀਂ ਹੈ। ਇਹ ਤਾਂ ਗੁਰੂ ਦਸ਼ਮੇਸ਼ ਪਿਤਾ ਜੀ ਦੀ ਟਕਸਾਲ ਹੈ ਜਿਸ ਦੀ ਸੇਵਾ ਕਰਨ ਲਈ ਸਾਡੇ ਵਰਗੇ ਅਨੇਕ ਆਏ ਤੇ ਆਉਂਦੇ ਰਹਿਣਗੇ। ਸਾਡਾ ਦਾਤਾ ਉਹੀ ਹੈ ਤੇ ਇਕੋ ਹੈ। ਸਾਨੂੰ ਮਹਾਰਾਜ ਨੇ ਇੰਨਾ ਕੁਝ ਦਿਤਾ ਹੈ ਕਿ ਬੋਲਾਂ ਰਾਹੀਂ ਦੱਸ ਨਹੀਂ ਹੁੰਦਾ। ਸਾਡੇ ਪਿਤਾ ਨੇ ਕੁਝ ਮੁਸ਼ਕਲਾਂ, ਕੁਝ ਸੰਕਟ ਤਾਂ ਸਾਡੇ ਤੋਂ ਟਾਲ ਲਏ ਹਨ, ਅਨੰਤ ਸ਼ਾਨਾਂ ਦੇ ਮਾਲਕ ਬਣਾਇਆ ਹੈ ਸਾਨੂੰ। ਬਾਦਲ ਸਾਹਿਬ ਨੂੰ ਕਿਸੇ ਵਸਤੂ ਦੀ ਲੋੜ ਪਵੇ, ਉਹ ਇਥੋਂ ਟਕਸਾਲ ਪਾਸੋਂ ਮੰਗਣ, ਮੈ ਹੁਣੇ ਪੂਰਤੀ ਕਰਨ ਦਾ ਐਲਾਨ ਕਰਾਂਗਾ।''

ਸੰਗਤ ਵਿਚੋਂ ਦੀ ਕੋਈ ਲਹਿਰ ਜਿਹੀ ਲੰਘਦੀ ਪ੍ਰਤੀਤ ਹੋਈ, ਪੱਤਰਕਾਰਾਂ ਦੀਆਂ ਕਲਮਾਂ ਨੇ ਤੇਜ਼ੀ ਫੜੀ ਤੇ ਕੈਮਰਿਆਂ ਵਾਲੇ ਹਰਕਤ ਵਿਚ ਆਏ। ਅਰਦਾਸ ਉਪਰੰਤ ਲੰਗਰ ਪ੍ਰਸ਼ਾਦ ਛਕਦੇ ਹੋਏ ਸਾਰਿਆਂ ਸਿੱਖਾਂ ਨੂੰ ਅਹਿਸਾਸ ਹੋਣ ਲੱਗਾ ਕਿ ਜਰਨੈਲ ਸਿੰਘ ਨਾਮ ਦਾ ਇਹ ਜੁਆਨ ਆਮ ਨਹੀਂ ਹੈ। ਦੋ ਵਡੀਆਂ ਸ਼ਕਤੀਆਂ, ਇਕ ਸਰਕਾਰ ਦੂਜੀ ਟਕਸਾਲ ਵਿਚਕਾਰ ਹੁਣੇ ਹੋਇਆ ਸੰਵਾਦ ਕਿਤੇ ਕੋਈ ਕਸ਼ਮਕਸ਼ ਪੈਦਾ ਤਾਂ ਨਹੀਂ ਕਰੇਗਾ ? ਇਹ ਗੱਲਾਂ ਹਰ ਪਾਸੇ ਹੋ ਰਹੀਆਂ ਸਨ। ਸ਼ਾਮੀ ਇਹ ਵੀ ਪਤਾ ਲੱਗਾ ਕਿ ਬਾਦਲ ਸਾਹਿਬ ਨੇ ਸੰਤ ਜਰਨੈਲ ਸਿੰਘ ਨੂੰ ਇਕੱਲਿਆਂ ਮਿਲਣ ਦੀ ਇੱਛਾ ਪ੍ਰਗਟਾਈ ਸੀ ਪਰ ਸੰਤਾਂ ਨੇ ਇਹ ਕਹਿਕੇ ਮਿਲਣ ਤੋਂ ਟਾਲਮਟੋਲ ਕਰ ਦਿੱਤੀ ਸੀ ਕਿ ਮੈਂ ਸਿਖਿਆ ਮੰਤਰੀ ਸੁਖਜਿੰਦਰ ਸਿੰਘ ਨੂੰ ਟਾਈਮ ਦੇ ਰੱਖਿਆ ਹੈ ਇਸ ਕਰਕੇ ਅੱਜ ਵਕਤ ਨਹੀਂ। ਇਕ ਮੰਤਰੀ ਨੂੰ ਟਾਈਮ ਦੇਣਾ ਹੈ ਤੇ ਮੁੱਖ ਮੰਤਰੀ ਲਈ ਟਾਈਮ ਨਹੀ, ਅਜਿਹਾ ਕਿਉਂ ਹੋ ਰਿਹਾ ਹੈ। ਪਤਾ ਨਹੀਂ ਲਗਦਾ ਸੀ। ਕੁਝ ਲੋਕ ਆਖ ਰਹੇ ਸਨ ਕਿ ਸੰਗਤ ਵਾਸਤੇ ਬਾਦਲ ਸਾਹਿਬ ਨੂੰ ਕੁਝ ਬੱਸਾਂ ਦਾ ਇੰਤਜ਼ਾਮ ਕਰਨ ਲਈ ਆਖਿਆ ਸੀ ਪਰ ਉਹਨਾ ਨੇ ਇਨਕਾਰ ਕਰ ਦਿਤਾ। ਪੱਕਾ ਥਹੁ ਪਤਾ ਕੁਝ ਨਹੀਂ ਲਗਦਾ ਸੀ। ਸ੍ਰ. ਸੁਖਜਿੰਦਰ ਸਿੰਘ, ਟੌਹੜਾ ਸਾਹਿਬ ਵਾਲੇ ਕੋਟੇ ਦੇ ਮੰਤਰੀ ਸਨ, ਤੇ ਟੌਹੜਾ ਸਾਹਿਬ ਦੀ ਸੁਰ ਬਾਦਲ ਸਾਹਿਬ ਨਾਲ ਵਧੀਕ ਰਲਦੀ ਨਹੀਂ ਸੀ, ਇਸ ਗੱਲ ਦਾ ਤਾਂ ਸਾਨੂੰ ਸਭ ਨੂੰ ਪਤਾ ਸੀ ਪਰ ਸੰਤਾਂ ਨੂੰ ਇਨ੍ਹਾਂ ਗੱਲਾਂ ਨਾਲ ਕੀ ਲੈਣ ਦੇਣ? ਉਨ੍ਹਾਂ ਲਈ ਤਾਂ ਬਾਦਲ ਟੌਹੜਾ ਇਕੋ ਜਿਹੇ ਹੋਣੇ ਚਾਹੀਦੇ ਸਨ ਉਹ ਵੀ ਖਾਸ ਕਰਕੇ ਉਸ ਦਿਨ, ਉਸ ਪਹਿਲੇ ਦਿਨ ਜਦੋਂ ਉਨ੍ਹਾਂ ਨੇ ਟਕਸਾਲ ਦਾ ਮੁਖੀ ਹੋਣ ਦੀ ਜਿਮੇਵਾਰੀ ਸੰਭਾਲੀ। ਪਿਛਲੇ ਸਮੇਂ ਵਿਚ ਟਕਸਾਲ ਦੀ ਸੁਰ ਬਾਦਲਕਿਆਂ ਨਾਲ ਨਾਂ ਰਲੀ ਹੋਵੇ ਕਦੀ, ਮੈਨੂੰ ਜਾਂ ਮੇਰੇ ਨਾਲ ਸਬੰਧਿਤ ਬੰਦਿਆਂ ਨੂੰ ਕੋਈ ਜਾਣਕਾਰੀ ਨਹੀਂ ਸੀ। 1978 ਦੀ ਵਿਸਾਖੀ ਨੂੰ ਵਾਪਰਿਆ ਭਿਆਨਕ ਨਿਰੰਕਾਰੀ ਕਤਲਕਾਂਡ ਤਾਂ ਅਗਲੇ ਸਾਲ ਵਾਪਰਿਆ ਜਿਸ ਵਿਚ ਪੰਜਾਬ ਸਰਕਾਰ ਉਪਰ ਦੋਸ਼ ਲੱਗਾ ਕਿ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਥਾਂ ਸਰਕਾਰੀ ਗੱਡੀ ਵਿਚ ਸੁਰੱਖਿਅਤ ਦਿੱਲੀ ਪੁਚਾਇਆ ਗਿਆ। ਕੀ ਸੰਤ ਜਰਨੈਲ ਸਿੰਘ ਪਾਸ ਕੋਈ ਅਜਿਹੀ ਸ਼ਕਤੀ ਸੀ ਜਿਸ ਸਦਕਾ ਉਸ ਨੂੰ ਸੰਭਾਵੀ ਘਟਨਾਵਾਂ ਦੀਆਂ ਕਨਸੋਆਂ ਮਿਲਣ ਲੱਗੀਆਂ ਸਨ ਕਿ ਕੋਈ ਹੋਰ ਕਾਰਨ ਸੀ, ਇਸ ਦੀ ਮੈਨੂੰ ਕੋਈ ਜਾਣਕਾਰੀ ਨਹੀਂ। ਜਿਸ ਗੱਲ ਦੀ ਜਾਣਕਾਰੀ ਹੈ ਉਹ ਇਹ ਹੈ ਕਿ ਦਸਤਾਰਬੰਦੀ ਵਾਲੇ ਦਿਨ ਤੋਂ ਲੈ ਕੇ ਆਪ੍ਰੇਸ਼ਨ ਬਲੂਸਟਾਰ ਵਕਤ ਸ਼ਹਾਦਤ ਤੱਕ, ਬਾਦਲਕੇ ਉਨਾਂ ਤੋਂ ਦੂਰ ਹਟਦੇ ਗਏ ਅਤੇ ਟੌਹੜਾ ਸਾਹਿਬ ਵਾਲਾ ਧੜਾ ਨੇੜੇ ਖਿਸਕਦਾ ਆਇਆ।

ਭਾਈ ਅਮਰੀਕ ਸਿੰਘ ਦੇ ਮਨ ਵਿਚ ਇਸ ਗੱਲ ਦਾ ਰੋਸ ਸੀ ਕਿ ਪਿਤਾ ਜੀ ਦਾ ਵਾਰਸ ਸੰਤ ਜਰਨੈਲ ਸਿੰਘ ਨੂੰ ਕਿਉਂ ਥਾਪਿਆ ਗਿਆ। ਰਹਿੰਦੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਚੌਕ ਮਹਿਤੇ ਸਨ, ਪਰ ਆਪਸ ਵਿਚਲੀ ਕਸ਼ਮਕਸ਼ ਵਿਚ ਵਾਧਾ ਹੋ ਰਿਹਾ ਸੀ। ਭਾਈ ਅਮਰੀਕ ਸਿੰਘ ਟਕਸਾਲ ਦੀਆਂ ਗੱਡੀਆਂ ਲੈ ਕੇ ਧਰਮ ਪ੍ਰਚਾਰ ਲਈ ਨਿਕਲ ਜਾਂਦੇ ਤੇ ਅੰਮ੍ਰਿਤ ਪ੍ਰਚਾਰ ਕਰਦੇ। ਸੰਤਾਂ ਦੀ ਪ੍ਰਵਾਹ ਘੱਟ ਹੀ ਕਰਦੇ। ਜੇ ਸੰਤ ਜਰਨੈਲੀ ਸਿੰਘ ਦਾ ਸਤਿਕਾਰ ਟਕਸਾਲ ਦੇ ਮੁਖੀ ਵਜੋਂ ਚੰਗਾ ਬਣਦਾ ਜਾ ਰਿਹਾ ਸੀ ਤਾਂ ਸੰਤ ਕਰਤਾਰ ਸਿੰਘ ਦੇ ਬੇਟੇ ਹੋਣ ਕਾਰਨ ਸੰਗਤ ਭਾਈ ਸਾਹਿਬ ਨੂੰ ਵੀ ਆਦਰ ਦਿੰਦੀ। ਪਰ ਦੋਵਾਂ ਦਾ ਆਪਸੀ ਮੇਲ ਘਟਦਾ ਜਾ ਰਿਹਾ ਸੀ।

ਇਉਂ ਛੇ ਕੁ ਮਹੀਨੇ ਲੰਘੇ ਹੋਣਗੇ ਕਿ ਇਕ ਦਿਨ ਸੰਤਾਂ ਨੇ ਭਾਈ ਸਾਹਿਬ ਨੂੰ ਆਪਣੇ ਪਾਸ ਸੱਦ ਲਿਆ। ਸਤਿਕਾਰ ਨਾਲ ਬਿਠਾ ਕੇ ਕਹਿਣ ਲੱਗੇ। ''ਤੁਸੀਂ ਭਾਈ ਸਾਹਿਬ ਇਕੱਲੇ ਹੀ ਦੌਰਿਆਂ ਉਪਰ ਚਲੇ ਜਾਂਦੇ ਹੋ, ਜੇ ਇਕੱਠੇ ਚਲੇ ਜਾਇਆ ਕਰੀਏ ਤਾਂ ਕੀ ਹਰਜ ਹੋਵੇਗਾ?'' ਭਾਈ ਅਮਰੀਕ ਸਿੰਘ ਨੇ ਕਿਹਾ, ''ਕੋਈ ਗਲਤ ਕੰਮ ਕਰਨ ਵਾਸਤੇ ਤਾਂ ਨਹੀਂ ਜਾਂਦਾ। ਚੰਗੇ ਕੰਮ ਜਾਣ ਦੀ ਵੀ ਮਨਾਹੀ ਹੈ?'' ਸੰਤ ਬੋਲੇ, ''ਚੰਗੇ ਕੰਮ ਕਰਦੇ ਹੋ ਮੈਨੂੰ ਪਤਾ ਹੈ। ਇਸ ਕਰਕੇ ਤਾਂ ਕਹਿ ਰਿਹਾ ਹਾਂ ਕਿ ਇਕੱਠੇ ਜਾਇਆ ਕਰੀਏ। ਮਾੜੇ ਕੰਮ ਇਕੱਲਿਆਂ ਛੁਪ ਛੁਪਾ ਕੇ ਕਰੀਦੇ ਹਨ ਧਰਮ ਦਾ ਕੰਮ ਤਾਂ ਰਲ ਮਿਲ ਕੇ ਕਰਨਾ ਚਾਹੀਦਾ ਹੈ।'' ਭਾਈ ਅਮਰੀਕ ਸਿੰਘ ਚੁੱਪ ਹੋ ਗਏ। ਫਿਰ ਸੰਤਾਂ ਨੇ ਕਿਹਾ, ''ਪਿਤਾ ਜੀ (ਸੰਤ ਕਰਤਾਰ ਸਿੰਘ ਨੂੰ ਜਰਨੈਲ ਸਿੰਘ ਵੀ ਪਿਤਾ ਜੀ ਕਿਹਾ ਕਰਦੇ ਸਨ) ਮੈਨੂੰ ਵੀ ਉਨਾਂ ਪਿਆਰ ਕਰਦੇ ਸਨ ਜਿੰਨਾ ਤੁਹਾਨੂੰ। ਇਹ ਤਾਂ ਸੰਗਤ ਦਾ ਫੈਸਲਾ ਸੀ ਕਿ ਮੇਰੇ ਵਰਗੇ ਸਧਾਰਨ ਬੰਦੇ ਦੇ ਸਿਰ ਦਸਤਾਰ ਬੰਨ੍ਹ ਦਿਤੀ। ਮੈਂ ਕਦੋਂ ਮੰਗ ਕੀਤੀ ਸੀ ? ਪਰ ਇਹ ਫੈਸਲੇ ਤਾਂ ਹੋ ਗਏ ਹੋਏ ਹਨ ਹੁਣ। ਜੇ ਤੁਸੀਂ ਵੱਖ ਚੱਲਣਾ ਹੈ

ਤਾਂ ਜਿਹੜੀਆਂ ਮਰਜ਼ੀ ਗੱਡੀਆਂ ਲੈ ਜਾਓ। ਟਕਸਾਲ ਪਾਸ ਜਿੰਨਾਂ ਧਨ ਹੈ ਸਭ ਤੁਹਾਡਾ ਹੈ ਉਹ ਲੈ ਜਾਉ। ਕਹੋ ਤਾਂ ਮੈਂ ਤੁਹਾਡੇ ਲਈ ਜ਼ਮੀਨ ਖਰੀਦ ਕੇ ਦੇ ਦਿੰਦਾ ਹਾਂ। ਤੁਸੀਂ ਉਥੇ ਬੈਠ ਕੇ ਪੰਥ ਦੀ ਸੇਵਾ ਕਰਦੇ ਰਹਿਣਾ ਮਨਇਛਿਤ ਢੰਗ ਨਾਲ। ਮੈਂ ਇਥੇ ਜੋ ਹੋਇਆ ਕਰਦਾ ਰਹਾਂਗਾ।'' ਫਿਰ ਸੰਤ ਉਠੇ। ਭਾਈ ਅਮਰੀਕ ਸਿੰਘ ਨੂੰ ਜੱਫੀ ਵਿਚ ਲੈ ਲਿਆ ਤੇ ਨਮ ਅੱਖਾਂ ਨਾਲ ਕਹਿਣ ਲੱਗੇ, ''ਮੇਰੀ ਬੇਨਤੀ ਹੈ ਤੇਰੇ ਅੱਗੇ ਇਕ। ਮੇਰੇ ਤੋਂ ਵੱਖ ਨਾ ਹੋਹੁ। ਤੇਰੇ ਬਿਨ ਮੇਰੀ ਸ਼ਾਨ ਅੱਧੀ ਵੀ ਨਹੀਂ ਰਹੇਗੀ। ਮੇਰਾ ਕੋਈ ਜ਼ੋਰ ਨਹੀ ਹੈ ਤੇਰੇ ਉਪਰ ਕਿ ਜਬਰਦਸਤੀ ਰੋਕ ਸਕਾਂ। ਮੈਂ ਤਾਂ ਮਿੰਨਤ ਕਰਨ ਜੋਗਾ ਹਾਂ ਕੇਵਲ। ਆਪਾਂ ਨੂੰ ਇਕੱਠਿਆ ਦੇਖਕੇ ਪਿਤਾ ਜੀ ਦੀ ਆਤਮਾ ਪ੍ਰਸੰਨ ਹੋਵੇਗੀ। ਉਨ੍ਹਾਂ ਨੇ ਤੇਰੇ ਮੇਰੇ ਵਿਚ ਕਦੀ ਭੇਦ ਨਹੀਂ ਕੀਤਾ ਸੀ।''

ਭਾਈ ਅਮਰੀਕ ਸਿੰਘ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲੱਗੇ। ਕੁਝ ਸਮਾਂ ਉਨ੍ਹਾਂ ਨੇ ਕੁਝ ਨਹੀਂ ਕਿਹਾ। ਸਹਿਜੇ ਸੰਤ ਜਰਨੈਲ ਸਿੰਘ ਦੇ ਚਰਨ ਛੁਹ ਕੇ ਕਿਹਾ, ''ਤੁਸੀਂ ਮੇਰੇ ਤੋਂ ਵੱਡੇ ਸਥਾਨ ਉਪਰ ਹੋ। ਅੱਗੇ ਤੋਂ ਕੋਈ ਸ਼ਿਕਾਇਤ ਨਹੀਂ ਆਵੇਗੀ। ਆਪਾਂ ਇਕੱਠੇ ਰਹਾਂਗੇ ਤੇ ਮੈਂ ਤੁਹਾਡੇ ਤੋਂ ਪੁੱਛਿਆਂ ਬਗੈਰ ਕੁੱਝ ਨਹੀਂ ਕਰਾਂਗਾ।'' ਦੋਵਾਂ ਨੇ ਫਿਰ ਗਲਵਕੜੀ ਪਾਈ ਤੇ ਇਹ ਮਿਲਾਪ ਸ਼ਹਾਦਤਾਂ ਤੱਕ ਨਿਭਿਆ। ਉਪਰੰਤ ਭਾਈ ਅਮਰੀਕ ਸਿੰਘ ਨੇ ਉਨ੍ਹਾਂ ਨੂੰ ਆਪਣੇ ਦਿਲ ਤੋਂ ਹਮੇਸ਼ਾਂ ਵੱਡਾ ਸਤਿਕਾਰ ਦਿਤਾ। ਫਿਰ ਘਟਨਾਵਾਂ ਦਾ ਵੇਗ ਤਿੱਖੀਆਂ ਹਨੇਰੀਆਂ ਵਾਂਗ ਵਗਣ ਲੱਗਾ। ਅਰੰਭ ਵਿਚ ਦੋ ਘਟਨਾਵਾਂ ਬਹੁਤ ਵੱਡੀਆਂ ਵਾਪਰੀਆਂ। ਇੱਕ ਵਿਸਾਖੀ 1978 ਵਿਚ ਨਿਰੰਕਾਰੀਆਂ ਵਲੋਂ ਅੰਮ੍ਰਿਤਸਰ ਸਾਹਿਬ ਵਿਚ ਸਿੱਖਾਂ ਦਾ ਕਤਲੇਆਮ ਤੇ ਉਸ ਤੋ ਪਿਛੋਂ ਭਾਈ ਰਣਜੀਤ ਸਿੰਘ ਵਲੋਂ ਨਿਰੰਕਾਰੀ ਮਹੰਤ ਗੁਰਬਚਨ ਸਿੰਘ ਦਾ ਕਤਲ। ਇਨ੍ਹਾਂ ਘਟਨਾਵਾਂ ਨੇ ਪੰਜਾਬ ਦੀ ਧਰਤੀ ਨੂੰ ਕਾਂਬਾ ਛੇੜ ਦਿੱਤਾ। ਅਕਾਲੀਆਂ ਦੀ ਸਰਕਾਰ ਹੋਵੇ ਤੇ ਤੇਰਾਂ ਸਿੱਖ ਦਿਨ ਦਿਹਾੜੇ ਕਤਲ ਕਰਕੇ ਗੁਰਬਚਨ ਸਿੰਘ ਸਰਕਾਰੀ ਸੁਰੱਖਿਆ ਲੈ ਕੇ ਦਿੱਲੀ ਪੁੱਜ ਜਾਵੇ, ਸਿੱਖਾਂ ਅੰਦਰੋਂ ਅਜੇ ਇਹ ਰੋਸ ਖ਼ਤਮ ਨਹੀਂ ਹੋਇਆ ਸੀ ਕਿ ਕਤਲ ਕੇਸ ਅੰਮ੍ਰਿਤਸਰ ਦੀ ਥਾਂ ਕਰਨਾਲ ਦੀ ਅਦਾਲਤ ਵਿਚ ਬਦਲ ਕੇ ਸਾਰੇ ਨਿਰੰਕਾਰੀ ਹਤਿਆਰੇ ਬਾਇੱਜ਼ਤ ਬਰੀ ਕਰ ਦਿੱਤੇ ਗਏ। ਭਾਰਤ ਸਰਕਾਰ ਦੀ ਪੂਰੀ ਸ਼ਹਿ ਨਾਲ ਅਜਿਹੀ ਬੇਇਨਸਾਫੀ ਨਾ ਹੁੰਦੀ ਤਦ ਸੰਭਵ ਹੈ ਸਿੱਖ ਇੰਨੇ ਕਰੋਧਵਾਨ ਨਾ ਹੁੰਦੇ ਕਿ ਗੁਰਬਚਨ ਸਿੰਘ ਦਾ ਕਤਲ ਕਰਨ ਦੀ ਠਾਣਦੇ। ਪਰ ਆਪਣੀ ਸ਼ਤਰੰਜ ਦੀਆਂ ਚਾਲਾਂ ਹੋਣੀ ਬਹੁਤ ਗੰਭੀਰਤਾ ਨਾਲ ਚੱਲ ਰਹੀ ਸੀ।

ਦਿੱਲੀ ਵਿਚ ਇੰਦਰਾ ਗਾਂਧੀ ਸਾਰੇ ਘਟਨਾ ਕ੍ਰਮ ਨੂੰ ਸਹਿਜੇ ਸਹਿਜੇ ਸਿਖਰ ਵੱਲ ਵਧਦਾ ਦੇਖ ਰਹੀ ਸੀ, ਸਗੋਂ ਕਹਿਣਾ ਚਾਹੀਦਾ ਹੈ ਕਿ ਉਸਦੀ ਸਿਆਸਤ ਵਾਸਤੇ ਇਹ ਲਾਭਕਾਰੀ ਸੀ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਵੱਡੀ ਮਾਤਰਾ ਵਿਚ ਹਥਿਆਰਾਂ ਦਾ ਜ਼ਖੀਰਾ ਜਮ੍ਹਾਂ ਹੁੰਦਾ ਰਹੇ ਤੇ ਇਕ ਦਿਨ ਸਭ ਕੁਝ ਦਾ ਭੋਗ ਪਾ ਕੇ ਹਿੰਦੁਸਤਾਨ ਨੂੰ ਬਚਾ ਲੈਣ ਵਾਲੀ ਪ੍ਰਚੰਡ ਦੇਵੀ-ਮਾਤਾ ਦਾ ਰੁਤਬਾ ਪ੍ਰਾਪਤ ਕਰੇ। ਪੰਜਾਬ ਦੇ ਅਕਾਲੀ ਦਲ ਨੂੰ ਉਸਨੇ ਕਦੀ ਵਧੀਕ ਅਹਿਮੀਅਤ ਨਹੀਂ ਦਿੱਤੀ ਸੀ। ਜਿਸ ਅਕਾਲੀ ਦਲ ਵਿਚ ਉਸ ਸਮੇਂ ਬਾਦਲ, ਲੌਂਗੋਵਾਲ, ਬਰਨਾਲਾ, ਟੌਹੜਾ, ਤਲਵੰਡੀ ਅਤੇ ਬਲਵੰਤ ਸਿੰਘ ਪੂਰੇ ਅਸਰ ਅੰਦਾਜ਼ ਸਨ, ਉਸ ਬਾਰੇ ਉਸ ਨੂੰ ਪਤਾ ਸੀ ਕਿ ਇਨ੍ਹਾਂ ਨਾਲ ਕੀਤਾ ਹੋਇਆ ਕੋਈ ਵੀ ਸੌਦਾ ਸਿਰੇ ਚੜ੍ਹ ਸਕਦਾ ਹੈ। ਇਹ ਮਾੜੀ ਮੋਟੀ ਫੇਸ ਸੇਵਿੰਗ ਦੇ ਇਛੁੱਕ ਸਨ, ਪੰਥ ਦੀ ਪਰਵਾਹ ਕੋਈ ਨਹੀਂ ਕਿਸੇ ਨੂੰ। ਇਨ੍ਹਾਂ ਵਿਚੋਂ ਤਲਵੰਡੀ ਦੀ ਸੰਤ ਜਰਨੈਲ ਸਿੰਘ ਨਾਲ ਕੁਝ ਕੁ ਸਾਂਝ ਕਦੀ ਕਦਾਈ ਬਣ ਜਾਂਦੀ ਸੀ ਕਿਉਕਿ ਤਲਵੰਡੀ ਦਾ ਆਪਣਾ ਅਕਾਲੀ ਦਲ ਢਾਈ ਟੋਟਰੂਆਂ ਦਾ ਇਕੱਠ ਸੀ ਤੇ ਉਸਦਾ ਦਿੱਲੀ ਵਿਚ ਲਾਇਆ ਮੋਰਚਾ ਠੁੱਸ ਹੋ ਗਿਆ ਸੀ। ਟੌਹੜਾ ਸਾਹਿਬ ਦਾ ਸੰਤ ਕੋਲ ਵਧੀਕ ਆਉਣ ਜਾਣ ਇਸ ਕਰਕੇ ਸੀ ਕਿਉਕਿ ਸੰਤ ਮਜ਼ਬੂਤ ਆਦਮੀ ਸੀ ਜਿਸਦੀ ਚੰਗੀ ਸ਼ਾਖ ਬਣ ਗਈ ਸੀ ਤੇ ਇਸ ਡੰਡੇ ਨਾਲ ਬਾਦਲ ਨੂੰ ਕੁਟਿਆ ਜਾ ਸਕਦਾ ਸੀ। ਮੇਰੇ ਅਨੁਭਵ ਇੱਕ ਨਹੀਂ, ਅਨੇਕ ਹਨ ਕਿ ਟੌਹੜਾ ਸਾਹਿਬ ਦੀ ਇਕੋ ਇਕ ਅਭਿਲਾਸ਼ਾ ਬਾਦਲ ਸਾਹਿਬ ਨੂੰ ਮੂੰਹ ਭਾਰ ਡੇਗ ਕੇ ਅਕਾਲੀ ਦਲ ਦਾ ਪ੍ਰਧਾਨ ਬਣਕੇ ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨੀ ਸੀ।

ਹੁਣ ਜਰਾ ਅਕਾਲੀਆਂ ਦੀ ਰਾਜਨੀਤੀ ਦੇਖੋ। ਨਿਰੰਕਾਰੀ ਮਹੰਤ ਦਾ ਕਤਲ ਹੋ ਗਿਆ ਤਦ ਭਾਈ ਰਣਜੀਤ ਸਿੰਘ ਨੂੰ ਛੁਪਣ ਲਈ ਸ਼ਰਣ ਚਾਹੀਦੀ ਹੀ ਸੀ। ਤੇ ਦਮਦਮੀ ਟਕਸਾਲ, ਜਿਸ ਦੀ ਨਿਰੰਕਾਰੀਆਂ ਵਿਰੁੱਧ ਟੱਕਰ ਸੰਤ ਕਰਤਾਰ ਸਿੰਘ ਨੇ ਛੇੜ ਦਿੱਤੀ ਸੀ ਤੋਂ ਵਧੀਕ ਭਰੋਸੇਯੋਗ ਹੋਰ ਕਿਹੜੀ ਥਾਂ ਹੋ ਸਕਦੀ

www.punjabilibrary.com

ਸੀ ? ਸੰਤ ਜਰਨੈਲ ਸਿੰਘ ਨੇ ਭਾਈ ਸਾਹਿਬ ਨੂੰ ਸੁਰੱਖਿਆ ਪਰਦਾਨ ਕੀਤੀ। ਸਟੇਜਾਂ ਤੋਂ ਉਸਦੀ ਸਿਫਤ ਸਲਾਹ ਪੂਰੇ ਦਿਲ ਜਿਗਰ ਨਾਲ ਕੀਤੀ। ਜਦੋਂ ਦਰਬਾਰਾ ਸਿੰਘ ਦੀ ਸਰਕਾਰ ਨੇ ਭਾਈ ਰਣਜੀਤ ਸਿੰਘ ਨੂੰ ਭਗੌੜਾ ਕਰਾਰ ਦੇ ਕੇ ਉਸ ਦੇ ਸਿਰ ਦਾ ਮੁੱਲ ਰੱਖ ਦਿੱਤਾ ਤੇ ਕਿਹਾ ਕਿ ਭਾਈ ਦਾ ਥਹੁ ਟਿਕਾਣਾ ਦੱਸਣ ਵਾਲੇ ਨੂੰ ਭਾਰੀ ਇਨਾਮ ਦਿੱਤਾ ਜਾਵੇਗਾ, ਤਦ ਸੰਤ ਜਰਨੈਲ ਸਿੰਘ ਨੇ ਐਲਾਨ ਕੀਤਾ, ''ਜੇ ਕਿਤੇ ਮੇਰੇ ਪਾਸ ਕੋਈ ਭਾਈ ਰਣਜੀਤ ਸਿੰਘ ਨੂੰ ਲੈ ਕੇ ਆਵੇ ਤਦ ਮੈ ਭਾਈ ਦੇ ਬਰਾਬਰ ਵਜ਼ਨ ਦਾ ਸੋਨਾ ਉਸ ਨੂੰ ਇਨਾਮ ਵਿਚ ਦੇਵਾਗਾਂ।'' ਪ੍ਰੈਸ ਰਿਪੋਰਟਰ ਪੁਛਣ ਲੱਗੇ, ''ਬਾਬਾ ਜੀ ਤੁਹਾਡੇ ਪਾਸ ਏਨਾ ਸੋਨਾ ਹੈ?'' ਸੰਤ ਬੋਲੇ, ''ਤੁਸੀਂ ਆਪਣੀ ਗੱਲ ਕਰੋ। ਤੁਸੀਂ ਦਸੋ ਤੁਹਾਡੇ ਪਾਸ ਭਾਈ ਰਣਜੀਤ ਸਿੰਘ ਹੈ?''

ਜਿਵੇਂ ਇਸ ਘਟਨਾਸਥਲ ਵਿਚੋਂ ਇੰਦਰਾ ਗਾਂਧੀ ਨੂੰ ਆਪਣੀ ਸਿਆਸਤ ਲਾਹੇਵੰਦ ਲੱਗ ਰਹੀ ਸੀ ਉਵੇਂ ਹੀ ਪੰਜਾਬ ਕੇਸਰੀ ਅਖਬਾਰ ਸਮੂਹ ਦੀ ਦੁਕਾਨਦਾਰੀ ਬਹੁਤ ਵਧੀ। ਲਾਲਾ ਜਗਤ ਨਾਰਾਇਣ ਦੀ ਲਿਖਤ, ਉਸਦਾ ਖਬਰਾਂ ਦੇਣ ਦਾ ਢੰਗ ਤੇ ਡ੍ਰਾਫਟ-ਸ਼ੈਲੀ ਇੰਨੀ ਘਟੀਆ ਤੇ ਏਨੀ ਫਿਰਕੂ ਢੰਗ ਦੀ ਸੀ ਕਿ ਜੱਗਬਾਣੀ ਅਖਬਾਰ ਨੂੰ ਸਿੱਖ, ਅੱਗ-ਲਾਣੀ ਕਹਿਣ ਲੱਗ ਪਏ ਸਨ।

ਮੈਂ ਗੱਲ ਕਰ ਰਿਹਾ ਸਾਂ ਅਕਾਲੀਆਂ ਦੀ। ਬੰਦਾ ਬੇਸ਼ਕ ਜੇਲ੍ਹ ਵਿਚ ਬੰਦ ਹੋਵੇ ਬੇਸ਼ਕ ਅੰਡਰ ਗਰਾਊਡ ਹੋਕੇ ਦਿਨ ਕਟੀ ਕਰਦਾ ਹੋਵੇ ਉਸਦਾ ਮਿਜ਼ਾਜ਼ ਸ਼ੱਕੀ ਅਤੇ ਚਿੜਚਿੜਾ ਹੋ ਜਾਂਦਾ ਹੈ। ਅਜਿਹੇ ਹਾਲਾਤ ਵਿਚ ਬੰਦੇ ਨੂੰ ਡਰਾਇਆ ਵੀ ਜਾ ਸਕਦਾ ਹੈ ਤੇ ਚੁਗਲੀਆਂ ਰਾਹੀਂ ਕਿਸੇ ਦੇ ਵਿਰੁੱਧ ਵੀ ਕੀਤਾ ਜਾ ਸਕਦਾ ਹੈ ਕਿਉਂਕਿ ਅਜਿਹੇ ਬੰਦੇ ਪਾਸ ਸੰਚਾਰ ਦੀ ਆਪਣੀ ਸੁਵਿਧਾ ਬਹੁਤ ਥੋੜ੍ਹੀ ਹੁੰਦੀ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਹਰ ਸਮੇਂ ਤਾਕ ਵਿਚ ਰਹਿੰਦੇ ਸਨ ਕਿ ਸੰਤ ਭਿੰਡਰਾਂ ਵਾਲੇ ਦੀ ਚੜ੍ਹਤ ਨੂੰ ਸੱਟ ਲੱਗੇ। ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਕੁਝ ਕਾਰਨਾ ਕਰਕੇ ਭਾਈ ਰਣਜੀਤ ਸਿੰਘ, ਸੰਤ ਜਰਨੈਲ ਸਿੰਘ ਨਾਲ ਨਾਰਾਜ਼ ਚੱਲ ਰਹੇ ਹਨ। ਅਜਿਹੀਆਂ ਮਾਮੂਲੀ ਗੱਲਾਂ ਜਿਨ੍ਹਾਂ ਨੂੰ ਮੰਨਣ ਦਾ ਕਿਸੇ ਹੋਸ਼ਵੰਦ ਬੰਦੇ ਦਾ ਮਨ ਨਹੀਂ ਕਰਦਾ, ਵੱਡੀਆਂ ਬਣ ਜਾਂਦੀਆਂ ਹਨ। ਭਾਈ ਰਣਜੀਤ ਸਿੰਘ ਆਪਣੇ ਕਮਰੇ ਵਿਚ ਵੱਖ ਰਹਿੰਦੇ ਹੋਏ ਦਾਲ ਸਬਜ਼ੀ ਨੂੰ ਇਛਿਤ ਤੜਕਾ ਆਦਿਕ ਲਾਇਆ ਕਰਦੇ ਸਨ ਕਿ ਗੰਢੇ ਖਤਮ ਹੋ ਗਏ। ਉਨ੍ਹਾਂ ਨੇ ਸੰਤਾਂ ਪਾਸ ਸੁਨੇਹਾ ਭੇਜਿਆ ਕਿ ਗੰਢੇ ਭੇਜੋ। ਹੋਇਆ ਇਹ ਕਿ ਕਈ ਦਿਨ ਲੰਘ ਗਏ, ਭਾਈ ਰਣਜੀਤ ਸਿੰਘ ਨੇ ਗਿਲਾ ਕਰਦਿਆਂ ਸਿੰਘਾਂ ਪਾਸ ਕਹਿ ਦਿਤਾ, ''ਇਹ ਸਾਧ ਗੱਲਾਂ ਤਾਂ ਕਰਦਾ ਹੈ ਮੈਨੂੰ ਸੋਨੇ ਨਾਲ ਤੋਲੇਗਾ, ਤੋਲਦਾ ਗੰਢਿਆਂ ਬਰਾਬਰ ਵੀ ਨਹੀਂ। ''ਆਪਸੀ ਨਾਰਾਜ਼ਗੀ ਦਾ ਕਾਰਨ ਕੇਵਲ ਪਿਆਜ਼ ਹੋਵੇ, ਇਹ ਮੰਨਣਯੋਗ ਨਹੀ ਪਰ ਇਸ ਤੋਂ ਪਤਾ ਲੱਗ ਗਿਆ ਕਿ ਦੋਵਾਂ ਦੇ ਸਬੰਧਾਂ ਵਿਚ ਫਰਕ ਪੈ ਗਿਆ ਹੈ।

ਸੰਤ ਲੌਂਗੋਵਾਲ ਨੇ ਆਪਣੇ ਬੰਦੇ ਲਗਾਤਾਰ ਭਾਈ ਰਣਜੀਤ ਸਿੰਘ ਪਾਸ ਭੇਜਣੇ ਸ਼ੁਰੂ ਕਰ ਦਿੱਤੇ। ਭਾਈ ਰਣਜੀਤ ਸਿੰਘ ਨੂੰ ਵੀ ਇਉਂ ਲੱਗਾ ਕਿ ਕਾਰਨਾਵਾਂ ਮੈਂ ਵੱਡਾ ਕੀਤਾ ਹੈ ਪਰ ਇਸ ਨਾਲ ਚੜ੍ਹਤ ਸੰਤ ਜਰਨੈਲ ਸਿੰਘ ਦੀ ਹੋ ਰਹੀ ਹੈ। ਲੌਂਗੋਵਾਲ ਕਿਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਰਣਜੀਤ ਸਿੰਘਾ ਇਹ ਸਾਧ ਭਿੰਡਰਾਂਵਾਲਾ ਸਿਰੇ ਦਾ ਬੁਜ਼ਦਿਲ ਹੈ। ਜੇ ਦਲੇਰ ਹੁੰਦਾ ਤਾਂ ਉਸ ਜੱਥੇ ਵਿਚ ਨਾ ਚਲਾ ਜਾਂਦਾ ਜਿਹੜਾ ਨਿਰੰਕਾਰੀਆਂ ਨੂੰ ਸਮਝਾਉਣ ਗਿਆ ਵਿਸਾਖੀ ਨੂੰ ਮਾਰਿਆ ਗਿਆ ਸੀ ? ਹੁਣ ਤੂੰ ਸਾਡੀ ਮੰਨ। ਤੈਨੂੰ ਪੇਸ਼ ਕਰਵਾ ਦਿੰਦੇ ਹਾਂ। ਜਲਦੀ ਜ਼ਮਾਨਤ ਹੋ ਜਾਵੇਗੀ। ਹੁਣ ਤੂੰ ਲੁਕਿਆ ਫਿਰਦਾ ਹੈਂ। ਫਿਰ ਪੰਥ ਵਿਚ ਖੁਲ੍ਹੇਆਮ ਵਿਚਰੇਂਗਾ ਤਾਂ ਲੋਕ ਭਿੰਡਰਾਵਾਲੇ ਨੂੰ ਭੁੱਲ ਜਾਣਗੇ ਤੇ ਤੇਰੀ ਥਾਂ ਥਾਂ ਜੈ ਜੈਕਾਰ ਹੋਵੇਗੀ। ਇਸ ਸਾਧ ਤੋਂ ਖਹਿੜਾ ਛੁਟੇਗਾ। ਭਾਈ ਸਾਹਿਬ ਇਨ੍ਹਾਂ ਦੀਆਂ ਸਲਾਹਾਂ ਮੰਨ ਗਏ। ਸ੍ਰ. ਸੁਰਜੀਤ ਸਿੰਘ ਬਰਨਾਲਾ ਦੀ ਨਿਗਰਾਨੀ ਵਿਚ ਭਾਈ ਰਣਜੀਤ ਸਿੰਘ ਨੂੰ ਸੀ.ਬੀ.ਆਈ. ਦੇ ਡਾਇਰੈਕਟਰ ਬਾਵਾ ਜੀ ਪਾਸ ਆਤਮ ਸਮਰਪਣ ਕਰਵਾਇਆ ਗਿਆ। ਸਮਰਪਣ ਕਰਨ ਵੇਲੇ ਇਹ ਭਰੋਸਾ ਲਿਆ ਗਿਆ ਸੀ ਕਿ ਭਾਈ ਸਾਹਿਬ ਉਪਰ ਤਸ਼ੱਦਦ ਨਹੀਂ ਕੀਤਾ ਜਾਵੇਗਾ।

ਮੇਰੇ ਮਨ ਵਿਚ ਦੋ ਜਥੇਦਾਰਾਂ ਦਾ ਸਤਿਕਾਰ ਕਾਇਮ ਰਹੇਗਾ। ਇਕ ਜਥੇਦਾਰ ਹਰਚਰਨ ਸਿੰਘ ਮਹਾਲੋਂ ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ ਤੇ ਦੂਜੇ ਜਥੇਦਾਰ ਅਕਾਲ ਤਖਤ ਭਾਈ ਗੁਰਦਿਆਲ ਸਿੰਘ ਅਜਨੋਹਾ।ਰਹਿਤ ਮਰਿਯਾਦਾ ਅਤੇ ਪੰਥਕ ਰਵਾਇਤਾਂ ਉਪਰ ਇਨ੍ਹਾਂ ਜਥੇਦਾਰਾਂ ਨੇ ਬੇਗਰਜ਼ ਤੇ ਬੇਲਿਹਾਜ਼ ਹੋਕੇ ਪਹਿਰਾ ਦਿੱਤਾ। ਇਹ ਦੋਵੇਂ ਜਥੇਦਾਰ ਉੱਤਮ ਇਖਲਾਕ ਦੇ ਮਾਲਕ ਸਨ। ਇਨ੍ਹਾਂ ਦੋਵਾਂ ਦੀ ਸੰਤ ਜਰਨੈਲ ਸਿੰਘ ਨਾਲ ਬੜੀ ਸੁਰ ਰਲਦੀ ਸੀ। ਅਸੀਂ ਦੇਖਿਆ ਕਿ ਉਥੇ ਦਰਬਾਰ ਸਾਹਿਬ ਵਿਚ ਜਥੇਦਾਰ ਅਜਨੋਹਾ

www.punjabilibrary.com

ਆਉਂਦੇ ਅਤੇ ਸੰਤਾਂ  ਪਾਸ ਬੈਠ ਕੇ ਆਖਦੇ, 'ਬਾਬਿਓ ਅਸੀਂ ਵੀ ਅਖੰਡ ਪਾਠ ਕਰਵਾਉਣਾ ਹੈ ਪਿੰਡ। ਉਦੋਂ ਕਰਾਵਾਂਗੇ ਜਦੋ ਤੁਸੀਂ ਭੋਗ ਮੌਕੇ ਪੁੱਜੋਗੇ।' ਸੰਤ ਨਾਂਹ ਕਰ ਰਹੇ ਸਨ ਕਿਉਕਿ ਸਰਕਾਰ ਦਾ, ਪੁਲੀਸ ਦਾ ਭਰੋਸਾ ਨਹੀ ਸੀ ਕਦੋ ਗ੍ਰਿਫਤਾਰ ਕਰ ਲੈਣ। ਅਜਨੋਹਾ ਸਾਹਿਬ ਜ਼ਿੱਦ ਕਰਨ ਲੱਗੇ ਤਾਂ ਆਖਰ ਸੰਤਾਂ ਨੇ ਪੁੱਛ ਲਿਆ, ਮੇਰੇ ਨਾਲ ਕੀ ਫਰਕ ਪਵੇਗਾ ਸਿੰਘ ਸਾਹਿਬ ? ਮੇਰੇ ਲਈ ਇਥੇ ਹੀ ਦੇਗ਼ ਲੈ ਆਇਓ। ਜਾਂ ਅਜਿਹਾ ਕਾਰਨ ਦੱਸੋ ਕਿ ਮੇਰਾ ਜਾਣਾ ਕਿਉ ਜਰੂਰੀ ਹੈ।' ਜਥੇਦਾਰ ਸਾਹਿਬ ਬੋਲੇ, 'ਤੁਹਾਡਾ ਜਾਣਾ ਜਰੂਰੀ ਹੈ, ਮੈ ਪਿੰਡ ਵਾਲਿਆਂ ਨੂੰ  ਦੱਸਣਾ ਚਾਹੁੰਦਾ ਹਾਂ ਕਿ ਜਰਨੈਲ ਸਿੰਘ ਮੇਰਾ ਯਾਰ ਹੈ। ਇਸ ਤੋ ਵਧੀਕ ਸ਼ਾਨ ਹੋਰ ਕਿਸ ਗੱਲ ਵਿਚ ਹੋ ਸਕਦੀ ਹੈ?' ਸੰਤ ਮੰਨ ਗਏ, ਦਿਨ ਤੈਅ ਹੋ ਗਿਆ।

ਪਾਠਕ ਸ੍ਰ. ਦਲਬੀਰ ਸਿੰਘ ਦੀ ਕਿਤਾਬ ਵਿਚ ਪੜ੍ਹ ਚੁਕੇ ਹਨ ਕਿ ਜਥੇਦਾਰ ਜੀ ਨੇ ਮਹਾਰਾਜ ਅੱਗੇ ਅਰਦਾਸ ਖੁਦ ਕਰਦਿਆਂ ਕਿਹਾ, ਸੱਚੇ ਪਾਤਸ਼ਾਹ ਭਾਈ ਜਰਨੈਲ ਸਿੰਘ ਮੇਰੇ ਨਾਲੋਂ ਵਧੀਕ ਕੀਮਤੀ ਹੈ। ਇਸ ਨੂੰ ਹੱਥ ਦੇ ਕੇ ਰੱਖਣਾ ਤੇ ਇਸਦੀ ਥਾਂ ਮੈਨੂੰ ਬੁਲਾ ਲੈਣਾ।' ਸੰਤਾਂ ਨੇ ਪ੍ਰਸ਼ਾਦ ਲਿਆ, ਕਿਹਾ- ਸਿੰਘ ਸਾਹਿਬ ਨੂੰ ਅਰਦਾਸ ਵਿੱਚ ਇਹ ਬੋਲ ਨਹੀਂ ਕਹਿਣੇ ਚਾਹੀਦੇ ਸਨ, ਖਾਮੋਸ਼ ਉਦਾਸ ਵਾਪਸ ਪਰਤ ਆਏ। ਜਥੇਦਾਰ ਅਜਨੋਹਾ ਜੀ ਨੇ ਕਿਹਾ ਸੀ, ਮੈ ਕੱਲ੍ਹ ਨੂੰ ਆਵਾਂਗਾ, ਅੱਜ ਰਾਤ ਪਿੰਡ ਰਹਾਂਗਾ। ਇਸੇ ਰਾਤ ਸਿੰਘ ਸਾਹਿਬ ਜੀ ਦਾ ਦੇਹਾਂਤ ਹੋ ਗਿਆ।

ਗਿਆਨੀ ਜ਼ੈਲ ਸਿੰਘ ਕੇਦਰੀ ਗ੍ਰਹਿ ਮੰਤਰੀ ਸਨ। ਉਨ੍ਹਾਂ ਨੇ ਆਪਣੇ ਦੋਹਤਰੇ ਦਾ ਆਨੰਦ ਕਾਰਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਵਿਖੇ ਕਰਨ ਦਾ ਫੈਸਲਾ ਕੀਤਾ। ਜਥੇਦਾਰ ਮੁਹਾਲੋਂ ਪਾਸ ਸਕੱਤਰ ਆਇਆ ਤੇ ਆਨੰਦ ਕਾਰਜ ਦੀ ਰਸਮ ਨਿਭਾਉਣ ਦਾ ਸੁਨੇਹਾ ਦਿਤਾ। ਜਥੇਦਾਰ ਜੀ ਨੇ ਕਿਹਾ, 'ਤਖ਼ਤ ਸਾਹਿਬ ਉਪਰ ਆਨੰਦ ਕਾਰਜ ਕਰਨ ਦੀ ਕੋਈ ਮਰਿਯਾਦਾ ਨਹੀ ਹੈ ਤੇ ਫਿਰ ਕਾਕਾ ਕਲੀਨ ਸ਼ੇਵਨ ਹੈ। ਉਸ ਦੇ ਆਨੰਦ ਕਾਰਜ ਮੈ ਕਰਵਾਵਾਂ, ਸਵਾਲ ਹੀ ਪੈਦਾ ਨਹੀ ਹੁੰਦਾ।'

ਜਥੇਦਾਰ ਜੀ ਨੂੰ ਮਿਥੇ ਦਿਨ ਪੁਲੀਸ ਨੇ ਉਨ੍ਹਾਂ ਦੇ ਘਰ ਦੁਆਲੇ ਘੇਰਾ ਪਾਕੇ ਨਜ਼ਰਬੰਦ ਕਰ ਦਿੱਤਾ ਤਾਂ ਕਿ ਵਿਘਨ ਨਾ ਪੈ ਸਕੇ। ਆਨੰਦ ਕਾਰਜ ਦੀ ਰਸਮ ਭਾਈ ਅਰਦੱਮਨ ਸਿੰਘ ਬਾਗੜੀਆਂ ਨੇ ਨਿਭਾਈ। ਪ੍ਰਿੰਸੀਪਲ ਗੁਰਮਤਿ ਕਾਲਜ ਨੇ ਭਾਈ ਅਰਦੱਮਨ ਸਿੰਘ ਜੀ ਨੂੰ ਕਾਲਜ ਵਿਚ ਲੈਕਚਰ ਕਰਨ ਲਈ ਬੁਲਾ ਲਿਆ ਤਦ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਪ੍ਰਸ਼ਨ ਕੀਤਾ, 'ਤੁਸੀਂ ਭਾਈ ਸਾਹਿਬ ਉਥੇ ਆਨੰਦ ਕਾਰਜ ਕਿਉਂ ਕਰਵਾਏ ਜਦੋ ਕਿ ਅਜਿਹੀ ਮਰਿਆਦਾ ਨਹੀਂ ਹੈ?' ਭਾਈ ਬਾਗੜੀਆਂ ਬੋਲੇ, 'ਮਰਯਾਦਾ ਕਿਉ ਨਹੀਂ ? ਹੋ ਸਕਦੇ ਹਨ ਆਨੰਦ ਕਾਰਜ ਉਥੇ।' ਵਿਦਿਆਰਥੀ ਬੋਲੇ, 'ਤਖ਼ਤ ਸਾਹਿਬ ਦੀ ਮਰਿਆਦਾ ਬਾਰੇ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵਧੀਕ  ਪਤਾ ਹੈ ਕਿ ਤੁਹਾਨੂੰ? ਤੇ ਜਿਹੜੀ ਜ਼ਿਮੇਵਾਰੀ ਤਖ਼ਤ-ਜਥੇਦਾਰ ਨੇ ਨਿਭਾਉਣ ਤੋ ਇਨਕਾਰ ਕੀਤਾ ਤੁਹਾਨੂੰ  ਉਹਨਾਂ ਦੀ ਥਾਂ ਅਧਿਕਾਰ ਕਿਵੇ ਮਿਲ ਗਿਆ? ਤੁਸੀਂ ਜਾਣਦੇ ਸੀ ਕਿ ਸਿੰਘ ਸਾਹਿਬ ਪੁਲੀਸ ਦੇ ਘੇਰੇ ਵਿਚ ਹਨ।' ਭਾਈ ਸਾਹਿਬ ਪਾਸ ਕੋਈ ਉਤਰ ਨਹੀ ਸੀ। ਸਾਰੇ ਵਿਦਿਆਰਥੀਆਂ ਨੇ ਭਾਸ਼ਣ ਵਿਚੋ ਇਹ ਕਹਿਕੇ ਵਾਕ ਆਊਟ ਕੀਤਾ - ਜਦੋ ਤਕ ਤੁਹਾਡੇ ਇਸ ਕੰਮ ਨੂੰ ਸਿੰਘ  ਸਾਹਿਬ ਮੁਆਫ ਨਹੀ ਕਰਦੇ,  ਤੁਹਾਨੂੰ ਗੁਰਮਤਿ ਕਾਲਜ ਵਿਚ ਦਾਖਲ ਹੋਣ ਦੀ ਆਗਿਆ ਨਹੀ ਹੈ।' ਪ੍ਰਿੰਸੀਪਲ ਸਾਹਿਬ ਭਾਰੀ ਨਾਰਾਜ਼ ਹੋਏ। ਹੁੰਦੇ ਫਿਰਨ।

ਇਸੇ ਸਮੇ ਦੌਰਾਨ ਇਕ ਦੌਰ ਇਹ ਵੀ ਚੱਲਿਆ ਕਿ ਨਿਰੰਕਾਰੀਆਂ ਨਾਲ ਰਾਜ਼ੀਨਾਵਾਂ ਕਰ ਲਿਆ ਜਾਵੇ। ਦਰਬਾਰ ਸਾਹਬਿ ਤੋ ਸੰਤਾਂ ਦਾ ਸੁਨੇਹਾ ਮਿਲਿਆ ਕਿ ਅੰਮ੍ਰਿਤਸਰ ਪੁੱਜੋ। ਅਸੀਂ ਪੁੱਜ ਗਏ। ਉਨ੍ਹਾਂ ਨੇ ਦੱਸਿਆ ਕਿ ਨਿਰੰਕਾਰੀ ਮਹੰਤ ਹਰਦੇਵ ਸਿੰਘ ਦਾ ਸੁਨੇਹਾ ਆਇਆ ਹੈ ਕਿ ਅਸੀਂ ਰਾਜ਼ੀਨਾਵਾਂ ਕਰਨ ਦੇ ਇਛੁੱਕ ਹਾਂ। ਅਵਤਾਰ-ਬਾਣੀ ਕਿਤਾਬ ਵਿਚੋ ਜਿਹੜੇ ਇਤਰਾਜ਼ਯੋਗ ਵਰਕੇ, ਪ੍ਰਸੰਗ ਤੁਸੀਂ ਕੱਢਣ ਲਈ ਕਹੋਗੇ ਕੱਢ ਦਿਆਂਗੇ। ਉਥੇ ਜਥੇਦਾਰ ਅਜਨੋਹਾ ਵੀ ਮੌਜੂਦ ਸਨ । ਮੈ ਬੇਨਤੀ ਕੀਤੀ- ਸ੍ਰੀ ਅਕਾਲ ਤਖ਼ਤ ਸਾਹਿਬ ਖਿਮਾ ਕਰਨ ਦਾ ਤੇ ਸ਼ਰਣ ਆਏ ਉਪਰ ਰਹਿਮ ਕਰਨ ਦਾ ਸਥਾਨ ਤਾਂ ਹੈ, ਇਸ ਨਾਲ ਰਾਜ਼ੀਨਾਵਾਂ ਨਹੀ ਹੋ ਸਕਦਾ। ਪੰਥ ਲਈ ਇਹ ਤਖ਼ਤ ਸੁਪਰੀਮ ਹੈ। ਤੁਸੀਂ ਨਿਰੰਕਾਰੀਆਂ ਨੂੰ ਖਿਮਾਂ ਕਰਨੀ ਚਾਹੋ ਤਾਂ ਉਹ ਤੁਹਾਡੀ ਮਰਜ਼ੀ ਪਰ ਰਾਜ਼ੀਨਾਵਾਂ ਸ਼ਬਦ ਨਾ ਵਰਤੋ।

'ਠੀਕ ਹੈ', ਜਥੇਦਾਰ ਜੀ ਬੋਲੇ, 'ਉਹ ਆਕੇ ਜੇ ਖਿਮਾ ਦੀ ਜਾਚਨਾ ਕਰਨ ਤੇ ਬੇਨਤੀ ਕਰਨ ਕਿ ਇਤਰਾਜ਼ਯੋਗ ਹਿੱਸੇ ਦੱਸੋ, ਕੱਟ ਦਿੰਦੇ ਹਾਂ, ਫਿਰ ਕੀ ਕਰਨਾ ਚਾਹੀਦਾ ਹੈ?' ਮੈ ਕਿਹਾ, 'ਮੇਰੇ ਖਿਆਲ ਵਿਚ ਅਜਿਹਾ ਕਰਨਾ ਵੀ  ਉਚਿਤ ਨਹੀ ਹੋਵੇਗਾ। ਜੇ ਸ੍ਰੀ ਅਕਾਲ ਤਖ਼ਤ ਦੇ ਹੁਕਮ ਅਨੁਸਾਰ ਕੁਝ ਹਿਸੇ

ਕੱਟ ਦਿੱਤੇ ਜਾਂਣ ਤਦ ਸਮਝਿਆ ਜਾਵੇਗਾ ਕਿ ਬਾਕੀ ਰਹਿ ਗਈ ਅਵਤਾਰਬਾਣੀ ਅਕਾਲ ਤਖ਼ਤ ਵਲੋਂ ਪ੍ਰਵਾਨ ਹੈ। ਇਸ ਕਿਤਾਬ ਵਿਚ ਕੀ ਗਲਤ ਹੈ ਕੀ ਠੀਕ, ਆਪਣੀ ਅਖੌਤੀ ਬਾਣੀ ਨਾਲ ਆਪ ਜਿਵੇਂ ਸਿਝਣਾ ਹੈ ਉਹ ਸਿਝ ਲੈਣ ਆਪਾਂ ਕੁਝ ਨਹੀਂ ਲੈਣਾ ਦੇਣਾ ਇਸ ਮਸਲੇ ਵਿਚ।' ਇਹ ਗੱਲ ਮੰਨ ਲਈ ਗਈ।

ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦਿਨਾਂ ਵਿਚ ਅਕਸਰ ਦਰਬਾਰ ਸਾਹਿਬ ਆਉਦੇ। ਉਹ ਇੰਦਰਾ ਗਾਂਧੀ ਦੇ ਦੂਤ ਵਜੋ ਆਇਆ ਕਰਦੇ ਸਨ। ਮੇਰੀ ਨਹੀ ਜਾਣਕਾਰੀ ਕਿ ਕਿਸੇ ਨੇ ਕਦੀ ਉਨ੍ਹਾਂ ਦਾ ਨਿਰਾਦਰ ਕੀਤਾ ਹੋਵੇ ਜਦੋ ਕਿ ਇੰਦਰਾ ਗਾਂਧੀ ਵਿਰੁੱਧ ਸਿੱਖਾਂ ਦੇ ਮਨਾਂ ਵਿਚ ਗੁੱਸਾ ਸੀ। ਇਕ ਵਾਰ ਜਥੇਦਾਰ ਅਜਨੋਹਾ ਨੇ ਏਨਾ ਜਰੂਰ ਕਿਹਾ ਸੀ, 'ਕੈਪਟਨ ਸਾਹਿਬ ਅਸੀ ਤੁਹਾਨੂੰ ਆਪਣਾ ਮਹਾਰਾਜਾ ਮੰਨਦੇ ਹਾਂ ਤੇ ਤੁਸੀਂ ਆਪਣਾ ਰੁਤਬਾ ਇੰਦਰਾ ਗਾਂਧੀ ਦੇ ਡਾਕੀਏ ਦਾ ਬਣਾ ਲਿਆ ਹੈ। ਤੁਹਾਨੂੰ ਠੀਕ ਲਗਦਾ ਹੈ ਇਹ ?' ਕੈਪਟਨ ਸਾਹਿਬ ਹੱਸ ਪਏ। ਕੈ, ਅਮਰਿੰਦਰ ਸਿੰਘ ਨੇ ਉਨ੍ਹਾਂ ਦੀ ਗੱਲ ਦਾ ਬੁਰਾ ਨਹੀ ਮਨਾਇਆ।

ਅਸੀਂ ਇਕ ਪੰਜ ਮੈਬਰੀ ਸਲਾਹਕਾਰ ਕਮੇਟੀ ਦੀ ਸਥਾਪਨਾ ਕੀਤੀ ਜਿਹੜੀ ਜਥੇਦਾਰ ਅਕਾਲ ਤਖ਼ਤ ਅਤੇ ਸੰਤ ਜਰਨੈਲ ਸਿੰਘ ਨਾਲ ਸਿਧਾਂਤਕ ਮਸਲਿਆ ਤੇ ਵਿਚਾਰ ਵਟਾਂਦਰਾ ਕਰ ਸਕੇ, ਪਰ ਸੱਚ ਇਹ ਹੈ ਕਿ ਜਥੇਦਾਰ ਨੂੰ ਅਤੇ ਸੰਤ ਨੂੰ ਇਸ ਕਮੇਟੀ ਦੀ ਕਦੀ ਵਧੀਕ ਜਰੂਰਤ ਮਹਿਸੂਸ ਨਹੀ ਹੋਈ। ਇਸ ਦੀ ਵਜਾ ਇਹ ਸੀ ਕਿ ਇਹ ਦੋਵੇਂ ਸ਼ਖਸੀਅਤਾਂ ਈਮਾਨਦਾਰ ਵੀ ਸਨ ਤੇ ਦੂਰ ਦਰਸ਼ੀ ਵੀ। ਈਮਾਨਦਾਰ ਆਦਮੀ ਨੂੰ ਕਿਸੇ ਤਿਕੜਮ ਦੀ ਮੁਥਾਜਗੀ ਨਹੀਂ ਹੁੰਦੀ। ਪਰ ਸੰਤ ਜੀ ਨੇ ਹੁਕਮ ਦਿਤਾ, "ਤੁਹਾਡੇ ਨਾਲ ਗੱਲਾਂ ਕਰਨ ਨੂੰ ਜੀਅ ਕਰਦਾ ਹੁੰਦਾ ਹੈ। ਮਨ ਤਾਂ ਇਹ ਕਰਦਾ ਹੈ ਕਿ ਦੋ ਵਾਰ ਆ ਜਾਇਆ ਕਰੋ ਪਰ ਸਫਰ ਆਦਿਕ ਦੀ ਮੁਸ਼ਕਲ ਲਗੇ ਤਾਂ ਇਕ ਵਾਰ ਮਹੀਨੇ ਵਿਚ ਹਰ ਹਾਲਤ ਮਿਲਣਾ ਹੈ। ਕੀ ਪਤਾ ਕਿੰਨਾ ਕੁ ਚਿਰ ਸਾਹਾਂ ਦੀ ਲੜੀ ਚੱਲੇਗੀ। ਇਹ ਕਹਿਕੇ ਸੰਤ ਚੁਪ ਕਰ ਜਾਂਦੇ ਤੇ ਅਸੀਂ ਬਾਹਰ ਆਕੇ ਸੋਚਦੇ ਕਿ ਮਰਨ ਮੁਰਨ ਦੀਆਂ ਗੱਲਾਂ ਫਜ਼ੂਲ ਕਰਦਾ ਹੈ ਬਾਬਾ। ਦਰਬਾਰ ਸਾਹਿਬ ਤੇ ਹਮਲਾ ਕਰਨ ਦੀ ਮੂਰਖਤਾ ਕੌਣ ਕਰੇਗਾ?

1981 ਵਿਚ ਜਰਮਨ ਤੋਂ ਇਕ ਸਕਾਲਰ ਕੁੜੀ ਪੰਜਾਬ ਵਿਚ ਆਈ। ਉਸਦਾ ਨਾਮ ਸੀ ਏਂਜਲਾ ਡੀਥਰਿਸ਼। ਉਹ ਸਿੱਖ ਧਰਮ ਉਪਰ ਡਾਕਟਰੇਟ ਕਰ ਰਹੀ ਸੀ। ਸਾਡੇ ਡਿਪਾਰਟਮੈਂਟ ਗੁਰੂ ਗੋਬਿੰਦ ਸਿੰਘ ਭਵਨ ਵਿਚ ਆ ਗਈ। ਕਈਆਂ ਨੂੰ ਮਿਲੀ ਤੇ ਨੋਟਸ ਲਏ। ਵਿਚਾਰ ਵਟਾਂਦਰਾ ਕੀਤਾ। ਇਕ ਦਿਨ ਮੈਨੂੰ ਕਹਿਣ ਲੱਗੀ- ਮੈਂ ਅਖ਼ਬਾਰਾਂ ਰਿਸਾਲਿਆਂ ਵਿਚ ਸੰਤ ਜਰਨੈਲ ਸਿੰਘ ਦਾ ਨਾਮ ਸੁਣਿਆਂ ਹੈ। ਕੀ ਮੈਂ ਕਿਸੇ ਸਮੇਂ ਉਨ੍ਹਾਂ ਦੀ ਇੰਟਰਵਿਊ ਕਰ ਸਕਦੀ ਹਾਂ ? ਮੈਂ ਉਸਨੂੰ ਮਿਲਾਣ ਲਈ ਚੌਕ ਮਹਿਤੇ ਲੈ ਗਿਆ। ਉਸ ਨਾਲ ਸੰਤਾਂ ਦੀ ਮੀਟਿੰਗ ਹੋਈ। ਦਰਜਣਾ ਸਵਾਲ ਪੁਛੇ, ਸੰਤੁਸ਼ਟ ਹੋਈ। ਸੰਤ ਜੀ ਦੇ ਕਮਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਟੰਗੀ ਹੋਈ ਸੀ। ਬੋਲੀ- ਮੈਂ ਸੁਣਿਆਂ ਹੈ ਕਿ ਸਿੱਖ ਬੁੱਤ-ਪੂਜ ਨਹੀਂ ਹਨ। ਫਿਰ ਤੁਸੀਂ ਇਹ ਤਸਵੀਰ ਕਿਉਂ ਲਟਕਾਈ ਹੈ ? ਸੰਤ ਜੀ ਨੇ ਕਿਹਾ- ਮੈਂ ਪੂਜਾ ਨਹੀਂ ਕਰਦਾ ਇਸ ਤਸਵੀਰ ਦੀ। ਇਸ ਦਾ ਸਿਰਫ ਸਤਿਕਾਰ ਕਰਦਾ ਹਾਂ। ਉਹ ਬੋਲੀ- ਕਿਰਪਾ ਕਰਕੇ ਦੱਸਣਾ ਸਤਿਕਾਰ ਦੀ ਹੱਦ ਕਿਥੇ ਕੁ ਤੱਕ ਖਤਮ ਹੁੰਦੀ ਹੈ ਤੇ ਫਿਰ ਪੂਜਾ ਕਿਥੋਂ ਕੁ ਸ਼ੁਰੂ ਹੋ ਜਾਇਆ ਕਰਦੀ ਹੈ? " ਸੰਤ ਹੱਸ ਪਏ ਤੇ ਕਿਹਾ- ਮੁੰਡਿਓ ਇਹਨਾ ਆਪਣੇ ਮਹਿਮਾਨਾ ਲਈ ਪ੍ਰਸ਼ਾਦ ਪਾਣੀ ਤੇ ਰਿਹਾਇਸ਼ ਦਾ ਇੰਤਜ਼ਾਮ ਕਰੋ। ਦੂਰੋਂ ਆਏ ਹਨ। ਕੋਈ ਘਾਟ ਨਾ ਰਹੇ ਕਿਸੇ ਵਸਤੂ ਦੀ।

ਰਾਤ ਪੈ ਗਈ। ਸਾਨੂੰ ਖਾਣਾ ਖੁਆਣ ਪਿਛੋਂ ਸਰਾਂ ਵਿਚ ਕਮਰਾ ਦੇ ਦਿੱਤਾ। ਗਰਮੀਆਂ ਦੀ ਰੁੱਤ ਸੀ। ਅੰਦਰ ਪੱਖਾ ਸੀ ਪਰ ਮੈਂ ਆਪਣੀ ਮੰਜੀ ਖਿੱਚ ਕੇ ਬਾਹਰ ਵਰਾਂਡੇ ਵਿਚ ਲਿਜਾਣ ਲਈ ਧੂਹਣ ਲੱਗਾ ਤਾਂ ਕੁੜੀ ਬੋਲੀ, ਬਾਹਰ ਗਰਮੀ ਹੈ। ਉਥੇ ਪੱਖਾ ਨਹੀਂ। ਤੂੰ ਇਥੇ ਕਿਉਂ ਨਹੀਂ ਸੌਂਦਾ? ਮੈਂ ਕਿਹਾ- ਨਹੀਂ, ਮੈਂ ਬਾਹਰ ਪਵਾਂਗਾ। ਸਾਡਾ ਦੋਵਾਂ ਦਾ ਇਕੋ ਕਮਰੇ ਵਿਚ ਸੌਣਾ ਚੰਗਾ ਨਹੀ। ਉਹ ਭੜਕ ਪਈ। ਲੜਨੋ ਨਾ ਹਟੇ। ਆਖੀ ਜਾਵੇ- ਇਸ ਦਾ ਮਤਲਬ ਹੈ ਕਿ ਤੂੰ ਪਖੰਡੀ ਹੈਂ। ਮੈਂ ਤੈਨੂੰ ਖਾ ਨਹੀ ਜਾਵਾਂਗੀ। ਪਰ ਤੈਨੂੰ ਆਪਣੇ ਆਪ ਉਤੇ ਇਤਬਾਰ ਨਹੀਂ। ਕਿਹੋ ਜਿਹੇ ਹੋ ਤੁਸੀਂ ਸਿੱਖ ? ਉਸ ਨੇ ਮੇਰੇ ਵਿਰੁੱਧ ਮੇਰੇ ਸਾਹਮਣੇ ਜਿਹੜੇ ਘਟੀਆ ਵਿਸ਼ੇਸ਼ਣ ਅੰਗਰੇਜ਼ੀ ਦੇ ਲਾਏ ਉਨ੍ਹਾਂ ਵਿਚੋ ਕਈਆਂ ਦੇ ਅਰਥ ਮੈਨੂੰ ਨਹੀ ਆਉਂਦੇ ਸਨ। ਬਾਦ ਵਿਚ ਵੀ ਮੈਂ ਨਾ ਕਿਸੇ ਨੂੰ ਉਨ੍ਹਾਂ ਦੇ ਅਰਥ ਪੁੱਛੇ ਨਾ ਡਿਕਸ਼ਨਰੀ ਵਿਚੋਂ ਦੇਖੇ। ਮੈਂ ਉਨ੍ਹਾਂ

www.punjabilibrary.com

ਗਾਲਾਂ ਦਾ ਅਰਥ ਕਿਉਂ ਜਾਣਾ ? ਗੁੰਗਤ ਜਿਹਾ ਬਣ ਕੇ ਮੈਂ ਆਪਣੀ ਮੰਜੀ ਬਾਹਰ ਘਸੀਟ ਲਿਆਇਆ ਤੇ ਉਸ ਨੂੰ ਬਾਹਰੋਂ ਕੁੰਡਾ ਮਾਰ ਕੇ ਗਰਮੀ ਵਿਚ ਸੌਂ ਗਿਆ। ਮੈਂ ਸ਼ੁਕਰ ਕੀਤਾ ਕਿ ਟਕਸਾਲ ਦੇ ਕਾਰਿੰਦਿਆਂ ਨੇ ਉਸ ਨੂੰ ਸੁਣਿਆ ਨਹੀਂ, ਨਹੀਂ ਤਾਂ ਉਹਨਾਂ ਨੇ ਇਸ ਦਾ ਅਰਥ ਇਹ ਕੱਢਣਾ ਸੀ ਕਿ ਸ਼ਾਇਦ ਮੈਂ ਉਸ ਨੂੰ ਛੇੜ ਦਿੱਤਾ ਹੈ। ਅੰਗਰੇਜ਼ੀ ਕਿਸੇ ਨੂੰ ਆਉਂਦੀ ਨਹੀਂ ਸੀ ਉਥੇ।

ਇਕ ਦਿਨ ਕਹਿਣ ਲੱਗੀ- ਮੈਂ ਸੁਣਿਆ ਹੈ ਸਮਾਣੇ ਬੜੇ ਵਡੇ ਪੁਰਾਣੇ ਥੇਹ ਹਨ। ਬਾਬਾ ਬੰਦਾ ਸਿੰਘ ਨੇ ਜਦੋਂ ਸਮਾਣਾ ਤਬਾਹ ਕੀਤਾ ਸੀ ਉਦੋਂ ਦੇ ਹਨ। ਤੂੰ ਦਿਖਾ ਲਿਆਏਂਗਾ ਮੈਨੂੰ? ਅਸੀਂ ਚੱਲ ਪਏ। ਸਭ ਥਾਵਾਂ ਦੇਖੀਆਂ। ਗਰਮੀ ਦਾ ਮੌਸਮ ਸੀ। ਕੁਝ ਆਰਾਮ ਕਰਨ ਲਈ ਇਕ ਖੋਖੇ ਵਿਚ ਬੈਠ ਗਏ। ਉਥੇ 12-13 ਸਾਲ ਦਾ ਮੁੰਡਾ ਸੀ। ਉਸ ਨੂੰ ਚਾਹ ਪਿਲਾਉਣ ਲਈ ਕਿਹਾ, ਚਾਹ ਤਿਆਰ ਹੋ ਗਈ। ਅਜੇ ਇਕ ਅੱਧ ਘੁੱਟ ਹੀ ਭਰਿਆ ਹੋਵੇਗਾ ਕਿ ਸਾਈਕਲ ਉਪਰ ਇਕ ਬੰਦਾ ਆਇਆ ਤੇ ਹੌਲੀ ਦੇ ਕੇ ਕੋਈ ਗੱਲ ਮੁੰਡੇ ਦੇ ਕੰਨ ਵਿਚ ਆਖਕੇ ਤੁਰਤ ਵਾਪਸ ਪਰਤ ਗਿਆ। ਇਹ ਮੁੰਡਾ, ਜਿਹੜਾ ਕਿ ਬਾਣੀਆਂ ਲਗਦਾ ਸੀ, ਹੌਲੀ ਹੌਲੀ ਰੋਈ ਵੀ ਗਿਆ ਤੇ ਸਾਮਾਨ ਬਾਹਰੋਂ ਚੁਕ ਚੁਕ ਅੰਦਰ ਵੀ ਰੱਖਣ ਲੱਗਾ। ਥੋੜ੍ਹਾ ਕੁ ਸਾਮਾਨ ਸੀ। ਸਾਰਾ ਰੱਖ ਦਿੱਤਾ ਗਿਆ ਤਾਂ ਉਹ ਖਲੋ ਕੇ ਉਡੀਕ ਕਰਨ ਲੱਗਾ ਕਿ ਅਸੀ ਚਾਹ ਮੁਕਾ ਕੇ ਕਦੋਂ ਜਾਂਦੇ ਹਾਂ। ਨੀਵੀਂ ਪਾਈ ਖਲੋਤੇ ਰੋਂਦੇ ਬਚੇ ਨੂੰ ਦੇਖਕੇ ਸਾਡੇ ਤੋਂ ਕਿਹੜੀ ਚਾਹ ਪੀ ਹੋਣੀ ਸੀ, ਅਸੀਂ ਵਿਚੇ ਛਡ ਛਡਾ ਕੇ ਬਣਦੇ ਪੈਸੇ ਉਸ ਨੂੰ ਫੜਾਏ ਤੇ ਬਾਹਰ ਹੋ ਗਏ। ਉਸ ਨੇ ਸਾਡੇ ਵਾਲੀਆਂ ਪਿਆਲੀਆਂ ਧੋਈਆਂ, ਦੁਕਾਨ ਨੂੰ ਜਿੰਦਾ ਮਾਰਿਆ ਤੇ ਦੌੜ ਗਿਆ। ਜਾਣਨ ਲਈ ਕਿ ਸਾਈਕਲ ਸਵਾਰ ਕੀ ਸੁਨੇਹਾ ਦੇ ਕੇ ਗਿਆ ਸੀ, ਜਿਸ ਕਰਕੇ ਇਹ ਮੁੰਡਾ ਰੋਣ ਲੱਗ ਪਿਆ, ਮੈਂ ਗਵਾਂਢੀ ਦੁਕਾਨਦਾਰ ਨੂੰ ਪੁੱਛਿਆ। ਉਸਨੇ ਦੱਸਿਆ ਕਿ ਚਾਰ ਪੰਜ ਮਹੀਨਿਆਂ ਤੋਂ ਇਸ ਦਾ ਪਿਤਾ ਬਿਮਾਰ ਸੀ। ਸਾਈਕਲ ਵਾਲਾ ਦੱਸ ਕੇ ਗਿਆ ਹੈ ਕਿ ਉਹ ਨਹੀਂ ਰਿਹਾ, ਤੂੰ ਘਰ ਚਲਾ ਜਾ।

ਮੈਥੋਂ ਇਹ ਗੱਲ ਸੁਣਨ ਪਿਛੋਂ ਏਂਜਲਾ ਨੇ ਕਿਹਾ- ਇਹ ਮੁੰਡਾ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਲੱਗਿਆ ਹੈ। ਮੈ ਪੁੱਛਿਆ- ਉਹ ਕਿਵੇਂ? ਕਹਿਣ ਲੱਗੀ- ਦੇਖੋ, ਇਸ ਛੋਟੀ ਉਮਰ ਦੇ ਮੁੰਡੇ ਨੇ ਵੱਡੀ ਦੁਖਦਾਈ ਖਬਰ ਸੁਣੀ । ਉਹ ਦੁਕਾਨ ਇਵੇਂ ਛੱਡ ਕੇ ਵੀ ਦੌੜ ਸਕਦਾ ਸੀ। ਗਵਾਂਢੀ ਆਪੇ ਬੰਦ ਕਰ ਦਿੰਦੇ। ਇਸ ਮੁੰਡੇ ਨੇ ਤਾਂ ਸਾਨੂੰ ਵੀ ਇਹ ਨਹੀਂ ਕਿਹਾ ਕਿ ਤੁਸੀ ਜਾਓ ਮੈਂ ਦੁਕਾਨ ਬੰਦ ਕਰਨੀ ਹੈ। ਗੁਰੂ ਜੀ ਨੇ ਸਿੱਖਾਂ ਨੂੰ ਇਹੋ ਤਾਂ ਸਿਖਾਇਆ ਹੈ ਕਿ ਘੋਰ ਸੰਕਟ ਦੇ ਸਮੇਂ ਵਿਚ ਵੀ ਆਪਣੀ ਜ਼ਿਮੇਵਾਰੀ ਨਹੀ ਭੁੱਲਣੀ। ਇਸ ਸੱਟ ਤੋਂ ਬਾਦ ਵੀ ਦੁਕਾਨ ਪ੍ਰਤੀ ਅਤੇ ਆਪਣੇ ਗਾਹਕ ਪ੍ਰਤੀ ਫਰਜ਼ ਨੂੰ ਭੁੱਲਿਆ ਨਹੀਂ ਇਹ ਮੁੰਡਾ। ਇਹੋ ਤਾਂ ਹੈ ਆਰਨਲਡ ਤਾਇਨਬੀ ਦਾ *ਚੈਲੈਂਜ ਐਂਡ ਰਿਸਪਾਂਸ* ਸਿਧਾਂਤ। ਤਾਇਨਬੀ ਅਖਦਾ ਹੈ, ਚਾਹੇ ਕਿਸੇ ਕੌਮ ਨੂੰ ਪਰਖਣਾ ਹੋਏ, ਚਾਹੇ ਸਮਾਜ ਨੂੰ, ਚਾਹੇ ਇਕ ਬੰਦੇ ਨੂੰ। ਇਹ ਦੇਖੋ ਕਿ ਉਸ ਨੂੰ ਚੈਲੈਂਜ ਕਿਹੋ ਜਿਹਾ ਮਿਲਿਆ ਤੇ ਫਿਰ ਉਸ ਨੇ ਚੈਲੈਂਜ ਕਬੂਲ ਕਰਕੇ ਕੀ ਵਿਹਾਰ ਕੀਤਾ।ਸਮਝਿਆ ਤੂੰ ?

ਪਤਾ ਲੱਗਾ ਕਿ ਬਾਬੇ ਪਟਿਆਲੇ ਪੁਜ ਗਏ ਹਨ। ਦੁਖ ਨਿਵਾਰਨ ਸਾਹਿਬ ਡੇਰੇ ਲਾਏ ਹਨ। ਸ਼ਾਮ ਨੂੰ ਕਥਾ ਕਰਦੇ ਹੁੰਦੇ ਸਨ। ਏਨੀ ਸੰਗਤ ਹੁੰਦੀ ਕਿ ਬੈਠਣ ਨੂੰ ਥਾਂ ਨਾ ਲੱਭਦੀ। ਮੇਰੇ ਮਿੱਤਰ ਰਸ਼ਪਾਲ ਸਿੰਘ ਗਿੱਲ ਜਿਥੇ ਪਰਿਕਰਮਾਂ ਵਿਚ ਬੈਠੇ ਸਨ ਮੈਂ ਵੀ ਉਨ੍ਹਾਂ ਦੇ ਨਜ਼ਦੀਕ ਜਾ ਬੈਠਾ ਤੇ ਕਥਾ ਸੁਣਨ ਲੱਗਾ। ਸਮਾਪਤੀ ਹੋਈ ਤਾਂ ਸੰਤ ਜੀ ਸਰਾਂ ਵਲ ਜਾਣ ਲੱਗੇ। ਕਾਫੀ ਸਾਰੇ ਹੋਰ ਲੋਕਾਂ ਵਾਂਗ ਮੈਂ ਤੇ ਗਿੱਲ ਵੀ ਪਿਛੇ ਪਿਛੇ ਤੁਰ ਪਏ। ਸਾਹਮਣਿਓ ਇਕ ਮਾਈ ਤੇਜ਼ੀ ਨਾਲ ਆਈ ਤੇ ਉਸ ਨੇ ਸੰਤਾਂ ਦੇ ਚਰਨ ਛੂਹਣੇ ਚਾਹੇ। ਬਾਬੇ ਰੁਕ ਗਏ। ਆਲੇ ਦੁਆਲੇ ਬੰਦਿਆਂ ਨੂੰ ਕਹਿਣ ਲੱਗੇ- ਖਾਲਸਾ ਜੀ ਜਰਾ ਰੁਕੋ ਤੇ ਕੁੱਝ ਪਿਛੇ ਹਟੋ। ਫਿਰ ਮਾਈ ਨੂੰ ਕਹਿਣ ਲੱਗੇ- ਬੀਬੀ ਆਰਾਮ ਨਾਲ ਪੈਰਾਂ ਨੂੰ ਹੱਥ ਲਾ। ਕਾਹਲੀ ਨਾ ਕਰ। ਇਥੋਂ ਜੋ ਕੁਝ ਕੱਢ ਕੇ ਲਿਜਾਏਂਗੀ ਉਹ ਮੈਨੂੰ ਵੀ ਦਿਖਾ ਜਾਈਂ। ਇਹ ਆਲੇ ਦੁਆਲੇ ਖਲੋਤੇ ਲੋਕ ਵੀ ਦੇਖ ਲੈਣਗੇ ਕਿ ਕਿਹੜੀ ਦੁਰਲਭ ਵਸਤੂ ਲੈ ਕੇ ਗਈ ਹੈਂ। ਇਹ ਵੀ ਲੈ ਜਾਣਗੇ। ਉਸ ਬੀਬੀ ਨੇ ਖਿਮਾ ਮੰਗੀ ਤੇ ਚਲੀ ਗਈ। ਮੇਰੇ ਨਾਲ ਖਲੋਤਾ ਗਿੱਲ ਹੱਸ ਪਿਆ ਤੇ ਕਿਹਾ, ਕਦੀ ਕਦੀ ਲਗਦਾ ਹੈ ਇਹ ਸਾਧ ਜਿਆਦਤੀ ਕਰ ਰਿਹੈ ਲੋਕਾਂ ਤੇ। ਤੂੰ ਆਪ ਦੇਖ ਇਹਦੇ ਸਾਹਮਣੇ ਸਿਧਾ ਖੜ੍ਹੇ ਰਹਿਣ ਨੂੰ ਕਿਸੇ ਦਾ ਦਿਲ ਕਰਦਾ ਹੈ? ਇਉਂ ਨਹੀਂ ਲਗਦਾ ਕਿ ਇਹਦੇ ਸਾਹਮਣੇ ਝੁਕਣ ਵਿਚ ਇੱਜਤ ਹੈ?

ਪਰ ਉਹ ਪੈਰੀ ਹੱਥ ਲੁਆਉਣ ਦੇ ਖਿਲਾਫ ਸਨ ਤੇ ਉਲੰਘਣਾ ਕਰਨ ਵਾਲਿਆ ਨੂੰ ਸਖਤ ਸ਼ਬਦਾਂ ਦੇ ਕੋੜੇ ਖਾਣੇ ਪੈਂਦੇ। ਮੈਂ ਢੀਠ ਜਿਹਾ ਬੰਦਾ ਹਾਂ। ਜਦੋਂ ਪਟਿਆਲੇ ਤੋਂ ਅੰਮ੍ਰਿਤਸਰ ਜਾਂਦਾ ਤਾਂ ਫਤਿਹ ਵੀ ਬੁਲਾਉਂਦਾ ਤੇ ਨਾਲ ਬੈਠ ਕੇ ਗੋਡਾ ਛੁਹ ਲੈਂਦਾ। ਕੁਝ ਨਾ ਕਹਿੰਦੇ। ਇਕ ਦਿਨ ਮੈਂ ਪੁੱਛ ਲਿਆ- ਬਾਬਾ ਜੀ ਤੁਸੀਂ ਗੋਡੇ ਹੱਥ ਲੁਆਉਣ ਦੇ ਸਖਤ ਖਿਲਾਫ ਹੋ। ਮੈਂ ਹੁਣ ਤੁਹਾਡਾ ਗੋਡਾ ਫੜੀ ਬੈਠਾ ਹਾਂ, ਮੈਨੂੰ ਕੁੱਝ ਨਹੀਂ ਆਖਦੇ ਤੁਸੀ। ਬੋਲੇ- ਤੂੰ ਕਿਹੜਾ ਕਿਸੇ ਸ਼ਰਧਾਵਸ ਅਜਿਹਾ ਕਰਦਾ ਹੈ? ਤੂੰ ਤਾਂ ਮੈਨੂੰ ਛੇੜਨਾ ਚਾਹੁੰਦਾ ਹੈਂ। ਮੈਂ ਤੇਰੇ ਤੋਂ ਨਾ ਛਿੜਨ ਦਾ ਫੈਸਲਾ ਕਰ ਰੱਖਿਆ ਹੈ। ਗੋਡੇ ਹੱਥ ਲਾਉਣ ਦੀ ਗੱਲ ਛੱਡ, ਤੂੰ ਤਾਂ ਲੱਤਾਂ ਘੁੱਟ ਜਾਇਆ ਕਰ ਚਾਹੇ।

ਸੁਖਜਿੰਦਰ ਸਿੰਘ (ਉਦੋਂ ਅਕਾਲੀ ਸਿਖਿਆ ਮੰਤਰੀ) ਕਈ ਵਾਰ ਸੰਤਾਂ ਨੂੰ ਮਿਲਣ ਆਉਂਦਾ ਤੇ ਦੇਰ ਤਕ ਬੈਠਾ ਗੱਲਾਂ ਕਰਦਾ, ਸੁਣਦਾ। ਕਿਸੇ ਨੇ ਸੰਤਾਂ ਨੂੰ ਕਿਹਾ- ਇਹ ਚੰਗਾ ਬੰਦਾ ਨਹੀ। ਇਸ ਨੂੰ ਵਧੀਕ ਮੂੰਹ ਨਾ ਲਾਇਆ ਕਰੋ ਬਾਬਾ ਜੀ। ਸੰਤ ਬੋਲੇ, ਆਉਂਦਾ ਜਾਂਦਾ ਕੁੱਝ ਦੇ ਕੇ ਹੀ ਜਾਂਦਾ ਹੈ, ਆਪਣੇ ਕੋਲੋਂ ਕੀ ਲੈ ਜਾਂਦਾ ਹੈ? ਜਦੋਂ ਕੁੱਝ ਲੈ ਕੇ ਜਾਣ ਲੱਗਾ ਫਿਰ ਗੱਲ ਕਰਿਓ।

ਸੰਗਤਾਂ ਆਉਦੀਆਂ ਤਦ ਮਾਇਆ ਅਰਪਣ ਕਰਦੀਆਂ। ਫਸਲ ਆਉਣ ਵੇਲੇ ਪੈਸੇ ਵੱਧ ਆਉਂਦੇ। ਉਹ ਫੜਦੇ, ਬੋਝੇ ਵਿਚ ਪਾ ਲੈਂਦੇ। ਮੈਂ ਕਿਹਾ- ਬਾਬਿਓ ਸੀਜ਼ਨ ਹੋ ਗਿਆ ਹੈ ਸ਼ੁਰੂ। ਬੋਝੇ ਡੇਢ ਡੇਢ ਗਜ਼ ਦੇ ਲੁਆਉ ਤਾਂ ਕੰਮ ਚੱਲੇਗਾ। ਬੋਲੇ- ਮੈਂ ਕੋਈ ਨਾਲ ਲੈ ਜਾਣੇ ਹਨ ਇਹ ਨੋਟ? ਤੁਹਾਡੀ ਹੀ ਸੇਵਾ ਕਰਦਾ ਹਾਂ ਲੰਗਰ ਪ੍ਰਸ਼ਾਦੇ ਦੀ। ਲਿਆ ਬਈ, ਰਸ਼ਪਾਲ ਸਿੰਘ ਇਨ੍ਹਾਂ ਸਿੰਘਾਂ ਨੂੰ ਖੀਰ ਖੁਆ।

ਰਸ਼ਪਾਲ ਸਿੰਘ ਬੀ.ਐਸਸੀ.ਕਰਕੇ ਉਨ੍ਹਾਂ ਦੀ ਸੇਵਾ ਵਿਚ ਗੜਵਈ ਹਾਜ਼ਰ ਹੋ ਗਿਆ ਸੀ, ਖੀਰ ਦੇ ਕੌਲੇ ਭਰ ਲਿਆਇਆ। ਠੰਢੀ ਠਾਰ ਖੀਰ ਵਿਚ ਅੰਗੂਰ ਪਾਏ ਹੋਏ ਸਨ। ਖੀਰ ਦੀ ਸਿਫਤ ਕੀਤੀ ਤਾਂ ਸੰਤ ਬੋਲੇ- ਜਿਹੜੇ ਜਿਹੜੇ ਇਸ ਖੀਰ ਦਾ ਆਨੰਦ ਲੈ ਰਹੇ ਹਨ ਕੁੱਟ ਬੜੀ ਪਏਗੀ ਉਨ੍ਹਾਂ ਨੂੰ। ਮਾਰ ਖਾਣ ਵੇਲੇ ਸੋਚੋਗੇ, ਨਾ ਖੀਰ ਖਾਂਦੇ ਸੌਖੇ ਰਹਿੰਦੇ।। ਇਹ ਕਹਿਣ ਪਿਛੋਂ ਖੂਬ ਹੱਸੇ। ਸਾਰੇ ਜਣੇ ਹੱਸੇ।

1982 ਵਿਚ ਉਨ੍ਹਾਂ ਨੇ ਵਿਦਵਾਨਾ ਦੀ ਇਕ ਸਭਾ ਬੁਲਾਈ। ਮੈਨੂੰ ਕਈ ਸੱਦਾ-ਪੱਤਰ ਕਾਰਡ ਪਟਿਆਲੇ ਭੇਜ ਕੇ ਸੁਨੇਹਾ ਦਿੱਤਾ ਕਿ ਪਟਿਆਲੇ ਅਤੇ ਚੰਡੀਗੜ੍ਹ ਦੇ ਮਿੱਤਰਾਂ ਪਿਆਰਿਆਂ ਨੂੰ ਕਾਰਡ ਤੂੰ ਦੇ ਕੇ ਪੁੱਜਣ ਦੀ ਬੇਨਤੀ ਕਰੀਂ। ਕਾਰਡ ਵੰਡ ਦਿੱਤੇ ਗਏ। ਸੰਤਾਂ ਨੇ ਪੁੱਛਿਆ- ਸਭ ਆ ਜਾਣਗੇ? ਮੈਂ ਕਿਹਾ- ਜੀ ਸਭ ਨੇ ਹਾਂ ਕੀਤੀ ਹੈ। ਇਕ ਗੁਰਦਰਸ਼ਨ ਸਿੰਘ ਗਰੇਵਾਲ (ਪਿਛੋਂ ਐਡਵੋਕੇਟ ਜਨਰਲ ਪੰਜਾਬ ਸਰਕਾਰ ਬਣੇ) ਨੇ ਕਿਹਾ ਹੈ ਕਿ ਉਨ੍ਹਾਂ ਤੋਂ ਆ ਨਹੀਂ ਹੋਣਾ ਕਿਉਂਕਿ ਅਦਾਲਤ ਦੇ ਕੰਮਾਂ ਵਿਚ ਬਹੁਤ ਰੁਝੇ ਹੋਏ ਹਨ। ਸੰਤ ਬੋਲੇ- ਗਰੇਵਾਲ ਸਿਆਣੇ ਹੁੰਦੇ ਹਨ। ਸਿਆਣੇ ਬੰਦੇ ਮੇਰੇ ਕੋਲ ਆ ਕੇ ਰਾਜ਼ੀ ਨਹੀ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਸਾਧ ਕਰਕੇ ਕੋਈ ਰੱਫੜ ਛਿੜੇਗਾ ਹੀ ਛਿੜੇਗਾ।ਜਿਹੜੇ ਮੈਥੋਂ ਦੂਰ ਦੂਰ ਰਹਿਣਗੇ ਉਹ ਸੁਖੀ ਰਹਿਣਗੇ।

ਪੰਜਾਬ ਵਿਚੋਂ ਦੋ ਕੁ ਸੌ ਦੇ ਕਰੀਬ ਪ੍ਰੋਫੈਸਰ, ਵਕੀਲ ਅਤੇ ਪੱਤਰਕਾਰ ਆਦਿਕ ਪੁੱਜੇ। ਹਰੇਕ ਦੇ ਮਨ ਵਿਚ ਅਜਿਹੇ ਭਾਵ ਸਨ ਕਿ ਕੇਂਦਰ ਸਰਕਾਰ ਨੂੰ ਸਿੱਖਾਂ ਨਾਲ ਬੇਇਨਸਾਫੀ ਨਹੀਂ ਕਰਨੀ ਚਾਹੀਦੀ। ਸਤਲੁਜ-ਯਮਨਾ ਲਿੰਕ ਲਹਿਰ ਰਾਹੀ ਪੰਜਾਬ ਦਾ ਪਾਣੀ ਹਰਿਆਣੇ ਨੂੰ ਦੇਣ ਵਾਸਤੇ ਇੰਦਰਾ ਗਾਂਧੀ ਕਪੂਰੀ ਪਿੰਡ ਵਿਚ ਕਹੀ ਦਾ ਟੱਕ ਲਾ ਕੇ ਉਦਘਾਟਨੀ ਰਸਮ ਕਰ ਗਈ ਸੀ ਤੇ ਬਾਕੀ ਕੰਮ ਕਰੇਨਾ ਨੇ ਸੰਭਾਲ ਲਿਆ ਸੀ। ਅਕਾਲੀਆਂ ਦਾ ਇਸ ਵਿਰੁੱਧ ਲਾਇਆ ਮੋਰਚਾ ਦਮ ਤੋੜ ਰਿਹਾ ਸੀ। ਹੁਣ ਕੀ ਕੀਤਾ ਜਾਵੇ?ਸਭ ਆਪਣੇ ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ। ਮੈਨੂੰ ਵਧੀਕ ਕੁੱਝ ਤਾਂ ਯਾਦ ਨਹੀਂ ਪਰ ਏਨਾ ਯਾਦ ਹੈ ਕਿ ਸ੍ਰ. ਗੁਰਤੇਜ ਸਿੰਘ ਸਿੱਧੂ ਆਈ.ਏ.ਐਸ. ਵੀ ਪੁੱਜੇ ਹੋਏ ਸਨ ਤੇ ਉਨ੍ਹਾਂ ਨੇ 9 ਇੰਚ ਦੀ ਕਿਰਪਾਨ ਕਮੀਜ ਦੇ ਉਪਰ ਦੀ ਪਹਿਨੀ ਹੋਈ ਸੀ। ਕਿਰਪਾਨ ਦਾ ਮਿਆਨ ਪਿੱਤਲ ਦਾ ਬੜੀ ਸੁਹਣੀ ਲਿਸ਼ਕ ਵਾਲਾ ਸੀ। ਉਹ ਦਸ ਕੁ ਮਿੰਟ, ਜਿੰਨਾਂ ਸਮਾਂ ਬੋਲੇ, ਕਿਰਪਾਨ ਦੀ ਸਾਂਭ ਸੰਭਾਲ ਵਿਚ ਉਲਝਦੇ ਰਹੇ। ਕਦੀ ਥੋੜੀ ਅਗੇ ਸਰਕਾ ਲੈਂਦੇ ਕਦੀ ਕਾਫੀ ਪਿੱਛੇ ਕਰ ਲੈਂਦੇ ਤੇ ਫਿਰ ਵੱਖੀ ਬਰਾਬਰ ਲੈ ਆਉਂਦੇ। ਕਦੀ ਦੋਹਾਂ ਹੱਥਾਂ ਵਿਚ ਪਕੜ ਲੈਂਦੇ। ਮੇਰੇ ਲਾਗੇ ਬੈਠਾ ਵਕੀਲ ਕਹਿਣ ਲੱਗਾ- ਕਦੀ ਕਦਾਈ ਪੰਗਾ ਲੈਣ ਦਾ ਨਤੀਜਾ ਇਹੋ ਨਿਕਲਦਾ ਹੈ। ਰੋਜ ਪਾਈ ਹੋਵੇ ਤਾਂ ਅੱਕਲਕਾਨੀ ਨਹੀਂ ਆਉਂਦੀ, ਹੁਣ ਬਾਈ ਤੋਂ ਨਾ ਭਾਸ਼ਣ ਸੰਭਲਦਾ ਹੈ ਨਾ ਕਿਰਪਾਨ।

www.punjabilibrary.com

ਬਾਬਾ ਠਾਰਾ ਸਿੰਘ ਤੇ ਭਾਈ ਅਮਰੀਕ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ, ਰਾਜਿੰਦਰ ਸਿੰਘ ਮਹਿਤਾ ਅਤੇ ਅਮਰਜੀਤ ਸਿੰਘ ਚਾਵਲਾ ਤਾਂ ਕਈ ਵਾਰ ਗ੍ਰਿਫਤਾਰ ਹੋਏ। ਸੰਤ ਭਿੰਡਰਾਂਵਾਲੇ ਦੇ ਦੁਆਲੇ ਅਦਿੱਖ ਨਾਗ ਵਲ ਮਾਰ ਰਿਹਾ ਸੀ ਜਿਹੜਾ ਸਾਨੂੰ ਕਿਸੇ ਨੂੰ ਨਹੀਂ ਦਿਸਦਾ ਸੀ ਪਰ ਸੰਤ ਨੂੰ ਦਿੱਸ ਰਿਹਾ ਸੀ।

ਜਥੇਦਾਰਾਂ ਨੇ ਫੈਸਲਾ ਕੀਤਾ ਕਿ ਅਕਾਲੀ ਇਕੋ ਥਾਂ ਅੰਮ੍ਰਿਤਸਰ ਤੋਂ ਮੋਰਚਾ ਚਲਾਉਣ, ਵੱਖ ਵੱਖ ਡਫਲੀ ਵਜਾਉਣ ਦਾ ਨੁਕਸਾਨ ਹੋ ਰਿਹਾ ਹੈ। ਤਲਵੰਡੀ ਦਾ ਆਨੰਦਪੁਰ ਮਤੇ ਦੀ ਪ੍ਰਾਪਤੀ ਦਾ ਮੋਰਚਾ ਦਿੱਲੀ ਚੱਲ ਰਿਹਾ ਸੀ ਤੇ ਹਰ ਰੋਜ ਪੰਜ ਸਿੱਖ ਗ੍ਰਿਫਤਾਰੀ ਲਈ ਮਿਲਣੇ ਹਟ ਗਏ ਸਨ। ਲੌਂਗੋਵਾਲ ਦੇ ਕਪੂਰੀ ਮੋਰਚੇ ਦੀ ਸੁਰੂਆਤ ਹੀ ਕਾਮਰੇਡਾਂ ਕਾਰਨ ਵਿਗੜ ਗਈ ਸੀ। ਹੋਇਆ ਇਹ ਕਿ ਕਮਿਉਨਿਸਟਾਂ ਦਾ ਐਸ.ਵਾਈ.ਐਲ. ਵਿਰੁੱਧ ਇਕ ਬਿਆਨ ਅਖਬਾਰਾਂ ਵਿਚ ਆਇਆ ਜਿਸ ਵਿਚ ਉਨ੍ਹਾਂ ਕਿਹਾ ਕਿ ਧਰਮ ਯੁੱਧ ਮੋਰਚਿਆਂ ਦਾ ਕੋਈ ਫਾਇਦਾ ਨਹੀ। ਪੰਜਾਬ ਦੀ ਆਰਥਿਕਤਾ ਤਬਾਹ ਹੋ ਰਹੀ ਹੈ। ਜੇ ਅਕਾਲੀ ਆਰਥਿਕ ਪੱਖ ਲੈ ਕੇ ਐਸ.ਵਾਈ.ਐਲ. ਵਿਰੁੱਧ ਮੋਰਚਾ ਲਾਉਣ ਤਾਂ ਇਸ ਮੁੱਦੇ ਤੇ ਅਸੀਂ ਉਨ੍ਹਾਂ ਦੀ ਹਮਾਇਤ ਕਰਾਂਗੇ। ਅਕਾਲੀਆਂ ਨੇ ਗੱਲ ਸਵੀਕਾਰ ਕਰ ਲਈ। ਲਾਲ ਝੰਡੇ ਅਤੇ ਕੇਸਰੀ ਝੰਡੇ ਇਕੱਠੇ ਲਹਿਰਾਏ... ਨਾਲ ਨਾਲ ਚਲੇ... ਬੋਲੇ ਸੋ ਨਿਹਾਲ ਅਤੇ ਇਨਕਲਾਬ ਜਿੰਦਾਬਾਦ ਦੇ ਨਾਅਰੇ ਲੱਗੇ ਤੇ ਇੰਦਰਾ ਗਾਂਧੀ ਨੂੰ ਟੱਕ ਨਹੀਂ ਲਾਉਣ ਦਿੱਤਾ ਜਾਏਗਾ ਦਾ ਐਲਾਨ ਕਰਕੇ ਇਹ ਫੌਜਾਂ ਕਪੂਰੀ ਵੱਲ ਮਾਰਚ ਕਰਨ ਲੱਗੀਆਂ। ਬੇਸ਼ਕ ਅਕਾਲੀਆਂ ਤੇ ਕਾਮਰੇਡਾਂ ਦਾ ਮੋਰਚਾ ਸ਼ਾਂਤਮਈ ਸੀ ਪਰ ਪੁਲੀਸ ਨੇ ਉਹ ਲਾਠੀ ਵਰ੍ਹਾਈ ਕਿ ਰਹੇ ਰੱਬ ਦਾ ਨਾਮ। ਅਥਰੂ ਗੈਸ, ਪਾਣੀ ਦੀਆਂ ਬੁਛਾੜਾਂ ਤੇ ਡਾਂਗਾਂ... ਸਭ ਕਾਮਰੇਡ ਲਾਠੀ ਚਾਰਜ ਤੋਂ ਪਹਿਲੋਂ ਹੀ ਲਾਲ ਫਰੇਰੇ ਸੁੱਟ ਕੇ ਹਰਨ ਹੋ ਗਏ ਤੇ ਅਕਾਲੀਆਂ ਨੂੰ ਇਉਂ ਕੁੱਟਿਆ ਗਿਆ ਜਿਵੇਂ ਛੱਲੀਆਂ ਕੁੱਟੀਂਦੀਆ ਹਨ। ਤਾਂ ਵੀ, ਅਕਾਲੀ ਮੋਰਚਾ ਛੱਡ ਕੇ ਭੱਜੇ ਨਹੀਂ। ਗ੍ਰਿਫਤਾਰ ਹੋਏ। ਮੁੜਕੇ ਨਾ ਕਾਮਰੇਡਾਂ ਨੇ ਅਕਾਲੀਆਂ ਨਾਲ ਰਲ ਕੇ ਮੋਰਚਾ ਲਾਇਆ ਨਾ ਅਕਾਲੀਆਂ ਨੇ ਉਨ੍ਹਾਂ ਦੇ ਇਨਕਲਾਬੀ ਝੰਡੇ ਉਪਰ ਇਤਬਾਰ ਕੀਤਾ।

ਜਦੋਂ ਸਾਰੇ ਅਕਾਲੀ ਦਲਾਂ ਨੇ ਰਲਕੇ ਮੋਰਚੇ ਦੀ ਸ਼ੁਰੂਆਤ ਦਰਬਾਰ ਸਾਹਿਬ ਤੋਂ ਕਰਨੀ ਸੀ ਮੈਂ ਉਥੇ ਮੌਜੂਦ ਸਾਂ। ਬੜੇ ਭਾਸ਼ਣ ਹੋਏ। ਕਿਉਂਕਿ ਮੋਰਚੇ ਦੀ ਸ਼ਕਤੀ ਦਾ ਕੇਂਦਰ ਸੰਤ ਜਰਨੈਲ ਸਿੰਘ ਬਣਦੇ ਜਾ ਰਹੇ ਸਨ ਇਸ ਕਰਕੇ ਲੀਡਰਾਂ ਦੇ ਭਾਸ਼ਣ ਉਨ੍ਹਾਂ ਵਲ ਵਧੇਰੇ ਕਰਕੇ ਸੇਧਤ ਸਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁ.ਪ੍ਰ.ਕਮੇਟੀ ਨੇ ਕਿਹਾ, ਸੰਤ ਜੀ ਮੋਰਚਾ ਕਾਮਯਾਬ ਤਦ ਹੋਵੇਗਾ ਜੇ ਹਰੇਕ ਸਿੱਖ ਦੇ ਘਰੋਂ ਘੱਟੋ ਘੱਟ ਇਕ ਬੰਦਾ ਮੋਰਚੇ ਵਿਚ ਸ਼ਾਮਲ ਹੋਕੇ ਗ੍ਰਿਫਤਾਰੀ ਦਏਗਾ। ਬੀਬੀ ਰਾਜਿੰਦਰ ਕੌਰ ਬੋਲੇ- ਮੋਰਚਾ ਕੁਰਬਾਨੀ ਮੰਗਦਾ ਹੈ ਸੰਤ ਜੀ। ਜੇ ਲੀਡਰ ਕੁਰਬਾਨੀ ਦੇਣਗੇ, ਇਕ ਇਕ ਤਦ ਮੋਰਚਾ ਕਾਮਯਾਬ ਹੋਵੇਗਾ। ਮੂੰਹ ਜ਼ਬਾਨੀ ਕਾਰਜ ਨਹੀਂ ਸੰਵਰਨ ਲਗੇ। ਹੋਰ ਲੀਡਰਾਂ ਨੇ ਬਥੇਰਾ ਕੁੱਝ ਕਿਹਾ ਪਰ ਹੁਣ ਏਨਾ ਕੁ ਯਾਦ ਹੈ ਕਿ ਸੰਤ ਅਖੀਰ ਵਿਚ ਬੋਲੇ ਤੇ ਕਿਹਾ- ਟੌਹੜਾ ਸਾਹਿਬ ਨੇ ਕਿਹਾ ਹੈ ਕਿ ਇਕ ਇਕ ਘਰ ਵਿਚੋਂ ਘੱਟੋ ਘੱਟ ਇਕ ਇਕ ਬੰਦਾ ਮੋਰਚੇ ਵਿਚ ਸ਼ਾਮਲ ਹੋਕੇ ਗ੍ਰਿਫਤਾਰੀ ਦਏ। ਇਕ ਇਕ ਨਹੀ, ਇਕ ਨੂੰ ਤਾਂ ਕਹਿਣਾ ਪਵੇਗਾ ਤੂੰ ਘਰ ਰਹਿ, ਸਾਰੇ ਆਉਣਗੇ, ਜੇਲ੍ਹੀਂ ਜਾਣ ਲਈ ਨਹੀਂ ਮਰਨ ਲਈ ਵੀ। ਪਰ ਠੱਗੀ ਨਹੀ ਚੱਲੇਗੀ। ਰਹੀ ਗੱਲ ਬੀਬੀ ਜੀ ਰਾਜਿੰਦਰ ਕੌਰ ਦੀ। ਸਹੀ ਹੈ ਕਿ ਮੋਰਚਾ ਲੀਡਰ ਦੀ ਕੁਰਬਾਨੀ ਮੰਗਦਾ ਹੈ। ਮੈਂ ਤਾਂ ਲੀਡਰ ਨਹੀ ਹਾਂ। ਮੈਂ ਤਾਂ ਮਹਿਤੇ ਚੌਕ ਦਾ ਸਾਧ ਹਾਂ। ਲੀਡਰ ਬੈਠੇ ਹਨ ਇਥੇ। ਬਾਦਲ ਸਾਹਿਬ, ਤਲਵੰਡੀ ਸਾਹਿਬ, ਟੌਹੜਾ ਸਾਹਿਬ, ਬਰਨਾਲਾ ਸਾਹਿਬ ਤੇ ਲੌਂਗੋਵਾਲ ਸਾਹਿਬ। ਇਹ ਦੇਣਗੇ ਕੁਰਬਾਨੀਆਂ ਵਕਤ ਆਉਣ ਤੇ। ਅਜਿਹਾ ਦਾਅਵਾ ਕਰਨੋ ਮੈਂ ਤਾਂ ਝਿਜਕਦਾ ਹਾਂ ਕਿ ਜਾਨ ਦੇ ਦਿਆਂਗਾ ਪੰਥ ਦੀ ਸੇਵਾ ਵਿਚ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਇਥੇ, ਗੁਰੂ ਰੂਪ ਸਾਧ ਸੰਗਤ ਮੌਜੂਦ ਹੈ। ਮੈਂ ਝੂਠ ਨਹੀ ਬੋਲ ਸਕਦਾ ਖਾਲਸਾ ਜੀ। ਮਰਨਾ ਕੋਈ ਸੌਖੀ ਗੱਲ ਥੋੜ੍ਹੀ ਹੈ। ਕੁਝ ਲੋਕ ਮੈਨੂੰ ਆਕੇ ਆਖਦੇ ਹਨ ਕਿ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਜਥੇਦਾਰਾਂ ਨੇ ਜੋ ਸਹੁੰਆਂ ਖਾਧੀਆਂ ਹਨ ਉਹ ਸਭ ਤੋੜ ਤੂੜ ਦੇਣਗੇ। ਭਾਈਓ ਜੇ ਇਹ ਲੀਡਰ ਪਿੱਠ ਦੇ ਗਏ ਤਾਂ ਤੁਹਾਥੋਂ ਭੱਜ ਕੇ ਕਿਥੇ ਜਾਣਗੇ? ਇਹ ਕਿੰਨੇ ਕੁ ਹਨ? ਪੰਜ ਸੱਤ, ਤੇ ਤੁਸੀਂ? ਕਰੋੜਾਂ। ਕਿਉਂ ਭੱਜਣ ਦਿਉਗੇ ਤੁਸੀਂ ਇਨ੍ਹਾਂ ਨੂੰ? ਕਿਥੇ ਜਾਣਗੇ ਭੱਜ ਕੇ ਇਹ? ਜਿਨ੍ਹਾਂ ਨੂੰ ਤੁਸੀ ਰਾਜ ਗੱਦੀਆਂ ਤੇ ਬਿਠਾਇਆ ਉਹ ਗੁਰੂ ਦੀ ਹਾਜਰੀ ਵਿਚ ਖਾਧੀਆਂ ਸਹੁੰਆਂ ਕਿਵੇਂ ਤੋੜ ਦੇਣਗੇ?

www.punjabilibrary.com

ਇਹ ਗੱਲਾਂ ਸੁਣਕੇ ਕਰਮਜੀਤ ਸਿੰਘ ਨੇ ਕਿਹਾ- ਸੁਣਿਆ ਕੁੱਝ? ਖਰਾ ਆਦਮੀ ਇਉਂ ਬੋਲਦਾ ਹੁੰਦਾ ਹੈ। ਫਰਜ਼ ਕਰ ਲਵੋ ਅਜਿਹਾ ਵਕਤ ਆ ਜਾਂਦਾ ਹੈ ਕਿ ਮੌਤ ਦਾ ਸਾਹਮਣਾ ਹੁੰਦਾ ਹੈ ਤਦ ਇਹ ਇਕੱਲਾ ਸਾਧ ਸਾਹਮਣਾ ਕਰੇਗਾ ਬਾਕੀ ਦੇ ਸਭ ਭੱਜਣਗੇ, ਦੇਖ ਲਵੀਂ।

ਮਾਨਾਵਾਲਾ ਪਿੰਡ ਦੇ ਲਾਗੇ ਪੁਲੀਸ ਨੇ ਘਾਤ ਲਾਕੇ ਜੀਪ ਵਿਚ ਸਵਾਰ ਭਿੰਡਰਾਂਵਾਲੇ ਜਥੇ ਦੇ ਸਿੰਘ ਰਾਤ ਨੂੰ ਮਾਰ ਦਿਤੇ। ਪੰਜਾਬ ਕੇਸਰੀ ਅਖਬਾਰ ਸਮੂਹ ਨੇ ਤਿੱਖਾ ਮਿਰਚ ਮਸਾਲਾ ਲਾ ਕੇ ਖਬਰ ਲਾਈ- ਸਾਥੀਉ ਕੇ ਮਰਨੇ ਕੀ ਖਬਰ ਸੁਨ ਕਰ ਭਿੰਡਰਾਂਵਾਲਾ ਫੂਟ ਫੂਟ ਕਰ ਰੋਯਾ। ਖਬਰ ਪੜ੍ਹ ਕੇ ਸੰਤ ਨੇ ਕਿਹਾ- ਜਿਸ ਬੰਦੇ ਨਾਲ ਤੁਸੀਂ ਸ਼ਾਮੀ ਇਕ ਥਾਂ ਖਾਣਾ ਖਾਧਾ ਸਵੇਰੇ ਉਸਦੀ ਮੌਤ ਦੀ ਖਬਰ ਸੁਣ ਕੇ ਕਿਸ ਨੂੰ ਦੁਖ ਨਹੀਂ ਹੋਵੇਗਾ? ਲਾਲੇ ਨੂੰ ਅਜਿਹੀ ਸੁਰ ਵਿਚ ਮੌਤ ਦੀਆਂ ਤੇ ਮੌਤ ਦੇ ਦੁਖ ਦੀਆਂ ਖਬਰਾਂ ਨਹੀਂ ਛਾਪਣੀਆਂ ਚਾਹੀਦੀਆਂ। ਜਦੋਂ ਸਿਖ ਸਟੂਡੈਂਟਸ ਨੇ ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਦਾ ਦਰਜਾ ਦਿਵਾਂਉਣ ਵਾਸਤੇ ਜਲੂਸ ਕੱਢਿਆ ਤੇ ਸਰਕਾਰ ਪਾਸੋਂ ਮੰਗ ਕੀਤੀ ਕਿ ਸ਼ਹਿਰ ਵਿਚ ਬਨਾਰਸ ਦੀ ਤਰਜ਼ ਤੇ ਮੀਟ, ਸ਼ਰਾਬ ਤੇ ਤੰਬਾਕੂ ਦੀ ਵਿਕਰੀ ਤੇ ਪਾਬੰਦੀ ਹੋਵੇ ਤਦ ਇਸ ਜਲੂਸ ਦੀ ਖਬਰ ਦੀ ਸੁਰਖੀ ਲਾਲਾ ਅਖਬਾਰ ਗਰੁੱਪ ਨੇ ਇਉਂ ਛਾਪੀ- ਅੰਮ੍ਰਿਤਸਰ ਸ਼ਹਿਰ ਮੇਂ ਭਿੰਡਰਾਂਵਾਲੇ ਕੇ ਗੁੰਡੋਂ ਕਾ ਨੰਗਾ ਨਾਚ। ਵੈਸੇ ਇਸੇ ਸੁਰਖੀ ਹੇਠ ਖਬਰ ਵਿਚ ਇਹ ਲਿਖਿਆ ਗਿਆ ਸੀ ਕਿ ਜਲੂਸ ਨੇ ਨਾ ਕੋਈ ਦੁਕਾਨ ਜਬਰਦਸਤੀ ਬੰਦ ਕਰਵਾਈ ਤੇ ਨਾ ਕਿਸੇ ਥਾ ਹਿੰਸਕ ਵਾਰਦਾਤ ਸੁਣਨ ਨੂੰ ਮਿਲੀ।

ਦਰਬਾਰਾ ਸਿੰਘ ਸਰਕਾਰ ਨੇ ਭਿੰਡਰਾਂਵਾਲੇ ਜਥੇ ਦੇ ਹਥਿਆਰਾਂ ਦੇ ਲਾਇਸੰਸ ਰੱਦ ਕਰਨ ਦਾ ਹੁਕਮ ਦਿੱਤਾ ਤੇ ਕਿਹਾ ਕਿ ਆਪਣੇ ਹਥਿਆਰ ਥਾਣੇ ਜਮ੍ਹਾਂ ਕਰਵਾ ਦਿਉ। ਸੰਤ ਨੇ ਜਵਾਬ ਦਿੱਤਾ- ਸਾਡਾ ਜਥਾ ਮੀਟ ਮਾਸ ਦੇ ਨੇੜਿਉਂ ਨਹੀਂ ਲੰਘਦਾ। ਬੰਦਾ ਤਾਂ ਕੀ ਮਾਰਨਾ ਅਸੀਂ ਚਿੜੀ ਮਾਰਨ ਨੂੰ ਪਾਪ ਸਮਝਦੇ ਹਾਂ। ਪਰ ਸਾਡੇ ਪਾਸ ਸਬੂਤ ਹਨ ਕਿ ਪੰਜਾਬ ਪੁਲੀਸ ਹਿੰਸਕ ਹੈ ਤੇ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਹਿਰਾਸਤ ਵਿਚ ਲਏ ਸਿੰਘਾਂ ਨੂੰ ਕਤਲ ਕਰਦੀ ਹੈ। ਪੁਲੀਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਹਥਿਆਰ ਸਾਡੇ ਪਾਸ ਚੌਕ ਮਹਿਤੇ ਜਮ੍ਹਾਂ ਕਰਵਾ ਜਾਣ। ਅਸੀਂ ਉਨ੍ਹਾਂ ਦੀ ਹਰਗਿਜ਼ ਦੁਰਵਰਤੋਂ ਨਹੀਂ ਹੋਣ ਦਿਆਂਗੇ।

ਬਦਨਾਮ ਕਰਨ ਲਈ ਇਹੋ ਜਿਹੀਆਂ ਅਫਵਾਹਾਂ ਘੜੀਆਂ ਗਈਆਂ ਕਿ ਉਨ੍ਹਾਂ ਨੇ ਇਕ ਘੜਾ ਰੱਖਿਆ ਹੋਇਆ ਹੈ। ਜਿਸ ਜਿਸ ਬੰਦੇ ਨੂੰ ਮਾਰਨਾ ਹੁੰਦਾ ਹੈ ਉਸਦਾ ਨਾਮ ਪਰਚੀ ਤੇ ਲਿਖ ਲਿਖ ਘੜੇ ਵਿਚ ਪਾਈ ਜਾਂਦਾ ਹੈ। ਫਿਰ ਜਿਹੜੀ ਪਰਚੀ ਹੱਥ ਵਿਚ ਆਏ ਉਹ ਕਿੱਲਰ- ਸਕੁਐਡ ਨੂੰ ਫੜਾ ਦਿੰਦਾ ਹੈ। ਇਕ ਇਕ ਸਿੱਖ ਵਲੋਂ ਪੈਂਤੀ ਪੈਂਤੀ ਹਿੰਦੂ ਮਾਰਨ ਦੀ ਖਬਰ ਮੀਡੀਏ ਨੇ ਦੁਨੀਆਂ ਦੇ ਕੋਨੇ ਕੋਨੇ ਵਿਚ ਪੁਚਾਈ। ਉਹ ਖਬਰ ਛੁਪਾਈ ਗਈ ਜਿਸਦੇ ਪ੍ਰਤੀਕਰਮ ਵਜੋਂ ਭਿੰਡਰਾਂਵਾਲੇ ਨੇ ਉਕਤ ਬਿਆਨ ਦਿੱਤਾ ਸੀ। ਹੋਇਆ ਇਹ ਸੀ ਕਿ ਬਾਲ ਠਾਕਰੇ ਨੇ ਬਿਆਨ ਦਾਗਿਆ ਸੀ- ਜੇ ਪੰਜਾਬ ਦੇ ਹਿੰਦੂਆਂ ਦਾ ਨੁਕਸਾਨ ਕਰਨ ਦਾ ਯਤਨ ਕੀਤਾ ਗਿਆ ਤਾਂ ਪੰਜਾਬ ਤੋਂ ਬਾਹਰ ਦਾ ਕੋਈ ਸਿੱਖ ਜਿਉਂਦਾ ਨਹੀਂ ਛੱਡਾਂਗੇ। ਫਿਰ ਵੀ, ਅਸੀ ਕਈ ਜਣਿਆਂ ਨੇ ਮਿਲਕੇ ਸੰਤ ਜੀ ਨੂੰ ਆਖਿਆ ਕਿ ਆਪਾਂ ਨੂੰ ਅਜਿਹੇ ਬਿਆਨ ਦੇਣੇ ਸ਼ੋਭਾ ਨਹੀਂ ਦਿੰਦੇ। ਇਹ ਬਿਆਨ ਸਿੱਖਾਂ ਦਾ ਵਧੀਕ ਨੁਕਸਾਨ ਕਰ ਸਕਦੇ ਹਨ। ਸੰਤ ਬੋਲੇ- ਤੁਸੀਂ ਭਾਈ ਅਮਰੀਕ ਸਿੰਘ ਅਤੇ ਹਰਮਿੰਦਰ ਸਿੰਘ ਸੰਧੂ ਨਾਲ ਗੱਲ ਕਰੋ। ਜਦੋਂ ਮੈਂ ਪੜ੍ਹਿਆ ਲਿਖਿਆਂ ਦੀ ਸਲਾਹ ਲੈ ਕੇ ਬਿਆਨ ਦਿੰਦਾ ਹਾਂ ਤਾਂ ਮੈਨੂੰ ਉਲਾਂਭੇ ਮਿਲਦੇ ਹਨ।

ਪੱਤਰਕਾਰਾਂ ਨੇ ਇਕ ਦਿਨ ਪੁੱਛਿਆ- ਸੰਤ ਜੀ ਅਕਾਲੀ ਲੀਡਰ ਤੁਹਾਡੇ ਉਪਰ ਦੋਸ਼ ਲਾਉਂਦੇ ਹਨ ਕਿ ਤੁਹਾਡੀ ਕਾਂਗਰਸ ਪਾਰਟੀ ਨਾਲ ਗੰਢ ਤੁਪ ਹੈ। ਹਵਾਲੇ ਵਜੋਂ ਜਥੇਦਾਰ ਸੰਤੋਖ ਸਿੰਘ ਦਿੱਲੀ ਵਾਲਿਆਂ ਦਾ ਨਾਮ ਲੈਂਦੈ ਹਨ। " ਇਨ੍ਹਾਂ ਨੂੰ ਮੇਰੇ ਉਪਰ ਤਾਂ ਕੇਵਲ ਸ਼ੱਕ ਹੈ ਨਾ ਕਿ ਮੇਰੀ ਕਾਂਗਰਸ ਨਾਲ ਕੋਈ ਸਾਂਝ ਹੈ ਪਰ ਮੈਨੂੰ ਜਥੇਦਾਰਾਂ ਉਪਰ ਸ਼ੱਕ ਨਹੀਂ, ਪੱਕਾ ਪਤਾ ਹੈ ਕਿ ਉਨ੍ਹਾਂ ਦੀ ਭਾਰਤੀ ਜਨਤਾ ਪਾਰਟੀ ਨਾਲ ਐਲਾਨੀਆਂ ਸਾਂਝ ਹੈ। ਇਹ ਬੀ.ਜੇ.ਪੀ ਪੰਥ ਦੀ ਜਿੰਨੀ ਕੁ ਸੇਵਾ ਲਾਲਾ ਜਗਤ ਨਾਰਾਇਣ ਰਾਹੀਂ ਕਰ ਰਹੀ ਹੈ ਤੁਹਾਨੂੰ ਵੀ ਪਤਾ ਹੈ। ਇਹ ਫਿਰਕਾਪ੍ਰਸਤ ਕੱਟੜ ਹਿੰਦੂਆਂ ਨਾਲ ਦਿਨ ਰਾਤ ਭਿਆਲੀ ਪਾਕੇ ਰੱਖਣ ਤਦ ਬਿਲਕੁਲ ਸਹੀ, ਪਰ ਮੈਂ ਜੇ ਇਕ ਅੰਮ੍ਰਿਤਧਾਰੀ ਸਿੱਖ ਜੱਥੇਦਾਰ ਸੰਤੋਖ ਸਿੰਘ ਨਾਲ ਸਬੰਧ ਰੱਖਾਂ ਤਾਂ ਮੈਂ ਬੁਰਾ ਹਾਂ ਤੇ ਕਾਂਗਰਸੀਆ ਹੋ ਗਿਆ ਹਾਂ। "

ਬੈਠਿਆਂ ਬੈਠਿਆਂ ਇਕ ਦਿਨ ਸਾਨੂੰ ਕਹਿਣ ਲੱਗੇ- ਪ੍ਰੋਫੈਸਰੋ ਨਿਤੱਨੇਮ ਕਰਦੇ ਹੁੰਦੇ ਹੋ ਕਿ ਨਹੀਂ? ਮੈਂ ਕਿਹਾ- ਚਾਰ ਬਾਣੀਆਂ ਜ਼ਬਾਨੀ ਯਾਦ ਹਨ ਉਹ ਤਾਂ ਕਰ ਲੈਂਦਾ ਹਾਂ ਪਰ ਜਾਪ ਸਾਹਿਬ ਯਾਦ ਨਹੀਂ

www.punjabilibrary.com

ਹੁੰਦਾ। ਗੁਟਕਾ ਚੁੱਕੋ, ਬੈਠੋ ਪਾਠ ਕਰੋ। ਕਈ ਵਾਰ ਅਜਿਹਾ ਹੁੰਦਾ ਹੈ ਕਿ ਜਾਪ ਸਾਹਿਬ ਦਾ ਪਾਠ ਖੁੰਝ ਜਾਂਦਾ ਹੈ। ਕਹਿਣ ਲੱਗੇ- ਜਿਹੜੇ ਨਿਤਨੇਮ ਨਹੀਂ ਕਰਦੇ ਉਨ੍ਹਾਂ ਨੂੰ ਮੈਂ ਡੰਡ ਬੈਠਕਾਂ ਕਢਵਾਉਂਦਾ ਹੁੰਦਾ ਹਾਂ। ਮੈਂ ਕਿਹਾ- ਇਹ ਤਾਂ ਸੌਖਾ ਕੰਮ ਹੋ ਗਿਆ ਫਿਰ। ਆਇਆ ਕਰਾਂਗੇ, ਬੈਠਕਾਂ ਕੱਢ ਜਾਇਆ ਕਰਾਂਗੇ। ਨਿੱਤਨੇਮ ਤੋਂ ਤਾਂ ਮੁਕਤੀ ਮਿਲੇਗੀ ਫਿਰ ਬਾਬਿਓ? ਹੱਸ ਪਏ ਤੇ ਕਹਿਣ ਲੱਗੇ- ਮੇਰਾ ਮਤਲਬ ਤੁਸੀਂ ਆਪਣੀ ਸੌਖ ਵਾਸਤੇ ਹੋਰ ਕੱਢ ਲਿਆ। ਪਤਨੀ, ਬੀਬੀ ਪ੍ਰੀਤਮ ਕੌਰ, ਬੱਚਿਆਂ ਸਮੇਤ ਜਦੋਂ ਮਿਲਣ ਆਉਂਦੇ ਤਾਂ ਸੰਗਤ ਵਿਚ ਮਿਲਦੇ, ਵੱਖ ਨਹੀ। ਇਵੇਂ ਹੀ ਬਾਪੂ ਜੋਗਿੰਦਰ ਸਿੰਘ ਅਤੇ ਭਰਾ। ਇੱਕ ਵੀਰ ਸਿੰਘ ਨੂੰ ਛੱਡ ਕੇ ਬਾਕੀ ਭਰਾਵਾਂ ਦੇ ਵਿਹਾਰ ਨੂੰ ਉਹ ਪਸੰਦ ਨਹੀ ਕਰਦੇ ਸਨ।

ਦਸਮਗ੍ਰੰਥ ਬਾਬਤ ਉਨ੍ਹਾਂ ਕਿਹਾ- ਗੁਰੂ ਗ੍ਰੰਥ ਸਾਹਿਬ ਸਿੱਖੀ ਦਾ ਮਹਿਲ ਹੈ ਜਿਸਦੇ ਦੁਆਲੇ ਸ੍ਰੀ ਦਸਮਗ੍ਰੰਥ ਦਾ ਕਿਲ੍ਹਾ ਉਸਾਰਿਆ ਗਿਆ। ਦਸਮ ਗ੍ਰੰਥ ਸੂਰਮਿਆਂ ਸੰਗਰਾਮੀਆਂ ਦੀ ਬਾਣੀ ਹੈ। ਦਸਮ ਗ੍ਰੰਥ ਦੇ ਹਰੇਕ ਅੰਕ ਉਪਰ ਤੁਹਾਨੂੰ ਟਕਰਾਉਂਦੀਆਂ ਤੇਗਾਂ ਦੀਆਂ ਝੰਕਾਰਾਂ, ਹਾਥੀਆਂ ਦੀਆਂ ਚੰਘਿਆੜਾਂ, ਸ਼ੇਰਾਂ ਦੀਆਂ ਗਰਜਾਂ ਅਤੇ ਤੇਜ਼ ਦੌੜਦੇ ਘੋੜਿਆਂ ਦੀਆਂ ਟਾਪਾਂ ਸੁਣਾਈ ਦਿੰਦੀਆਂ ਹਨ। ਬੁਜ਼ਦਿਲ ਬੰਦੇ ਤਾਂ ਇਸ ਦਾ ਪਾਠ ਵੀ ਨਹੀਂ ਕਰ ਸਕਦੇ। ਉਨ੍ਹਾਂ ਦੀ ਇਹ ਟਿੱਪਣੀ ਪ੍ਰੋ. ਪਿਆਰਾ ਸਿੰਘ ਪਦਮ ਨੇ ਨੋਟ ਕਰ ਲਈ ਤੇ ਉਨ੍ਹਾਂ ਪਾਸੋ ਪ੍ਰਵਾਨਗੀ ਲੈ ਕੇ *ਦਸਮ ਗ੍ਰੰਥ ਦਰਸ਼ਨ* ਕਿਤਾਬ ਦੇ ਟਾਈਟਲ ਪੰਨੇ ਉੱਪਰ ਛਾਪੀ।

ਮਾਨਸਾ ਆਪਣੇ ਸਹੁਰੇ ਪਰਿਵਾਰ ਨੂੰ ਮਿਲਣ ਗਿਆ ਹੋਇਆ ਸਾਂ ਤਾਂ ਮੈਂ ਕੰਧਾਂ ਉਪਰ ਇਸ਼ਤਿਹਾਰ ਲੱਗੇ ਦੇਖੇ ਕਿ ਗੁਰਦੁਆਰੇ ਕਥਾ ਕਰਨ ਲਈ ਸੰਤ ਜਰਨੈਲ ਸਿੰਘ ਆ ਰਹੇ ਹਨ। ਇਹ 1982 ਦੀ ਗੱਲ ਹੈ। ਆਪਣੀ ਪਤਨੀ ਨੂੰ ਕਿਹਾ ਕਿ ਚਲੋ ਨਾਲੇ ਕਥਾ ਸੁਣ ਆਈਏ ਨਾਲੇ ਸੰਤਾਂ ਨੂੰ ਫਤਿਹ ਬੁਲਾ ਆਈਏ। ਕਥਾ ਸੁਣ ਕੇ ਸਤਿ ਸ੍ਰੀ ਅਕਾਲ ਕਹਿਣ ਤੁਰ ਪਏ। ਮੇਰੀ ਪਤਨੀ ਨੇ ਇਕ ਸਾਲ ਦਾ ਬੇਟਾ ਗੋਦ ਚੁੱਕਿਆ ਹੋਇਆ ਸੀ। ਕਹਿਣ ਲੱਗੀ- ਬਾਬਾ ਜੀ ਕਾਕੇ ਨੂੰ ਅਸੀਸ ਦਿਉ। ਸੰਤਾਂ ਨੇ ਉਸ ਦੇ ਸਿਰ ਉਪਰ ਦੋ ਤਿੰਨ ਵਾਰ ਹੌਲੀ ਹੌਲੀ ਤੀਰ ਦੀ ਠੋਹਕਰ ਮਾਰੀ ਤਾਂ ਕਾਕਾ ਖਿੜ ਖਿੜਾ ਕੇ ਹੱਸ ਪਿਆ। ਸੰਤ ਵੀ ਹੱਸ ਪਏ, ਕਹਿਣ ਲੱਗੇ- ਇਸ ਦੀ ਟੱਲੀ ਵਿਚ ਮਣਕਾ ਦੇਖਣਾ ਸੀ ਹੈ ਕਿ ਨਹੀਂ। ਚੰਗੀ ਵਜਦੀ ਹੈ ਟੱਲੀ ਇਸਦੀ। ਕਈ ਟੱਲੀਆਂ ਬਿਨ੍ਹਾਂ ਮਣਕੇ ਤੋਂ ਤੁਰੀਆਂ ਫਿਰਦੀਆਂ ਹਨ।

ਸਨ 1984 ਚੜ੍ਹਿਆ। ਮਾਰਚ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਉਪਰ ਪਾਬੰਦੀ ਲੱਗ ਗਈ ਤਾਂ ਮੈਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ੍ਹ ਵਿਚ ਖੁਫੀਆ ਵਿਭਾਗ ਦੇ ਅਫਸਰ ਆਏ ਤਾਂ ਸੁਪਰਡੈਂਟ ਦੇ ਕਮਰੇ ਵਿਚ ਸੱਦਿਆ ਗਿਆ। ਕਹਿਣ ਲੱਗੇ- ਪ੍ਰੋਫੇਸਰ ਸਾਹਿਬ ਤੁਸੀਂ ਲਿਖ ਕੇ ਦੇ ਦਿਉ ਕਿ ਮੈਂ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਨਹੀਂ ਹਾਂ, ਤੁਹਾਨੂੰ ਰਿਹਾ ਕਰਵਾ ਦਿੰਦੇ ਹਾਂ। ਮੈਂ ਕਿਹਾ ਕਿ ਮੈਂ ਸਟੂਡੈਂਟ ਹਾਂ ਹੀ ਨਹੀਂ। ਮੈਂ ਅਧਿਆਪਕ ਜਥੇਬੰਦੀ ਦਾ ਮੈਂਬਰ ਜਰੂਰ ਹਾਂ, ਵਿਦਿਆਰਥੀ ਜਥੇਬੰਦੀ ਦਾ ਮੈਂਬਰ ਹੋਣ ਦਾ ਕਿਥੋਂ ਸਵਾਲ ਪੈਦਾ ਹੋ ਗਿਆ? ਉਹ ਕਹਿਣ ਕਿ ਤੁਹਾਡੇ ਉਪਰ ਦੋਸ਼ ਇਹੋ ਹੈ। ਮੈਂ ਕਿਹਾ ਇਹ ਦੋਸ਼ ਤੁਸੀਂ ਲਾਇਆ ਹੈ ਤੁਸੀਂ ਜਾਣੋ, ਮੈਨੂੰ ਇਸਦਾ ਕੀ ਇਲਮ? ਖ਼ੈਰ ਰਿਹਾਈ ਹੋਈ ਤਾਂ ਮੈਂ ਦਰਬਾਰ ਸਾਹਿਬ ਚਲਾ ਗਿਆ।

ਮਾਹੌਲ ਤਣਾਉਪੂਰਨ ਵੀ ਸੀ, ਗਰਮੀ ਵੀ ਪੂਰੀ ਪੈਣ ਲੱਗੀ। ਅਸੀਂ ਕਈ ਜਣੇ ਸੰਤ ਜੀ ਦੇ ਆਲੇ ਦੁਆਲੇ ਬੈਠੇ ਗੱਲਾਂ ਕਰ ਸੁਣ ਰਹੇ ਸਾਂ। ਦੋ ਕੁ ਦਰਜਣ ਸਿੱਖ ਫ਼ੌਜੀ ਵਰਦੀਆਂ ਸਮੇਤ ਆਏ। ਫਤਿਹ ਬੁਲਾ ਕੇ ਬੈਠ ਗਏ। ਸੰਤਾਂ ਨੇ ਪੁਛਿਆ- ਕਿਵੇਂ ਆਏ ਹੋ ਭਾਈ? ਸੂਬੇਦਾਰ ਨੇ ਦਸਿਆ- ਜੀ ਸਾਡੀ ਪਲਟਨ ਅੰਮ੍ਰਿਤਸਰ ਆਈ ਹੈ। ਦਰਬਾਰ ਸਾਹਿਬ ਮੱਥਾ ਟੇਕਣ ਆਏ ਤਾਂ ਕਈ ਜੁਆਨ ਕਹਿਣ ਲਗੇ ਸੰਤ ਜੀ ਦੇ ਦਰਸ਼ਨ ਵੀ ਕਰ ਚੱਲੀਏ। ਤੁਹਾਡਾ ਜ਼ਿਕਰ ਅਖਬਾਰਾਂ ਵਿਚ ਪੜ੍ਹਿਆ ਹੈ ਅਸੀਂ। ਸੰਤਾਂ ਨੇ ਪੁੱਛਿਆ- ਮੈਨੂੰ ਮਿਲਣ ਦੀ ਇੱਛਾ ਕਿਉਂ ਹੋਈ? ਇਕ ਫੌਜੀ ਨੇ ਕਿਹਾ- ਜੀ ਤੁਸੀ ਸਾਨੂੰ ਚੰਗੇ ਲਗਦੇ ਹੋ। ਇਸ ਫੌਜੀ ਨੇ ਅਤੇ ਕਈਆਂ ਹੋਰਾਂ ਨੇ ਦਾਹੜੀਆਂ ਕੁਤਰੀਆਂ ਹੋਈਆਂ ਸਨ। ਸੰਤ ਕਹਿਣ ਲੱਗੇ- ਜਿਹੜਾ ਚੰਗਾ ਲਗਦਾ ਹੋਵੇ ਉਸ ਵਰਗਾ ਬਣਨ ਨੂੰ ਮਨ ਕਰਦਾ ਹੁੰਦਾ ਹੈ। ਮੈਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਚੰਗੇ ਲਗਦੇ ਹਨ। ਉਹਨਾ ਵਰਗੇ ਤਾਂ ਆਪਾਂ ਬਣ ਨਹੀ ਸਕਦੇ ਪਰ ਉਨ੍ਹਾਂ ਜਿਹੀ ਸੂਰਤ ਧਾਰਨ ਕਰਨ ਵਿਚ ਤਾਂ ਕੋਈ ਮੁਸ਼ਕਲ ਨਹੀਂ ਆਉਂਦੀ। ਤੁਹਾਡੇ ਅਗੇ ਮੇਰੀ ਇਹ ਬੇਨਤੀ ਹੈ ਕਿ ਆਪਣੇ ਕੇਸਾਂ ਦੀ ਬੇਅਦਬੀ ਨਾ ਕਰਿਓ ਅਗੋਂ ਨੂੰ। ਕੁਝ ਦੇਰ ਸੰਤ ਚੁਪ ਰਹੇ। ਫਿਰ ਕਿਹਾ- ਥੋੜ੍ਹੇ ਸਮੇਂ ਬਾਦ ਤੁਸੀ ਮੇਰੇ ਉਪਰ

www.punjabilibrary.com

ਹਮਲਾ ਕਰਨ ਆਉਗੇ। ਹੋ ਸਕਦਾ ਹੈ ਆਪਣੇ ਮੁਕਾਬਲੇ ਹੋ ਜਾਣ। ਫੌਜੀ ਕਹਿਣ ਲੱਗੇ- ਨਹੀਂ ਬਾਬਾ ਜੀ। ਇਹ ਤੁਸੀਂ ਕੀ ਆਖਣ ਲੱਗੇ ਹੋ? ਇਹ ਕਿਵੇਂ ਹੋ ਸਕਦਾ ਹੈ ? ਤੁਹਾਡੇ ਤੇ ਹਮਲਾ ਤਾਂ ਦਰਬਾਰ ਸਾਹਿਬ ਤੇ ਹਮਲਾ ਹੈ। ਇਹ ਕੀ ਆਖ ਰਹੇ ਹੋ? ਸੰਤ ਨੇ ਕਿਹਾ ਤੁਹਾਡੇ ਵਸ ਵਿਚ ਨਹੀਂ ਕੁੱਝ, ਨਾਂ ਮੇਰੇ ਵਸ ਵਿਚ। ਜਿਨ੍ਹਾਂ ਦੇ ਵਸ ਵਿਚ ਹੈ ਉਹ ਕਰੀ ਫਿਰਦੇ ਹਨ ਫੈਸਲਾ। ਚਲੋ। ਦੇਖੀ ਜਾਏਗੀ। ਗੁਰੂ ਜੋ ਕਰੇਗਾ ਭਲੀ ਕਰੇਗਾ। ਹਮਲੇ ਵੇਲੇ ਤੁਸੀਂ ਮਹਾਰਾਜ ਨੂੰ ਜ਼ਰੂਰ ਯਾਦ ਰੱਖਣਾ।

ਫੌਜੀ ਚਲੇ ਗਏ। ਇਕ ਯਾਤਰੂ ਨੇ ਕਿਹਾ- ਬਾਬਾ ਜੀ ਮੇਰੀ ਉਮਰ ਤੁਹਾਨੂੰ ਲੱਗ ਜਾਵੇ। ਸੰਤ ਹੱਸ ਪਏ- ਕਿਉਂ ਬਈ ਤੇਰੀ ਉਮਰ ਕਿਉਂ ਲੱਗੇ ਮੈਨੂੰ? ਜੇ ਗੁਰੂ ਬਾਬੇ ਮੈਨੂੰ ਪਿਆਰ ਕਰਦੇ ਹੋਣ ਤਦ ਮੈਨੂੰ ਪਹਿਲਾਂ ਬੁਲਾਣਗੇ ਆਪਣੇ ਪਾਸ। ਜੇ ਤੇਰੀ ਲੋੜ ਹੋਈ ਤੈਨੂੰ ਲੈ ਜਾਣਗੇ। ਪਰ ਆਪਾਂ ਥਾਵਾਂ ਨਹੀਂ ਬਦਲ ਸਕਦੇ ਇਕ ਦੂਜੇ ਨਾਲ ਆਪਣੀ ਮਰਜ਼ੀ ਅਨੁਸਾਰ। ਮੈਂ ਕਿਹਾ- ਬਾਬਾ ਜੀ ਇਥੋਂ ਦਰਬਾਰ ਸਾਹਿਬ ਵਿਚੋਂ ਨਿਕਲ ਕੇ ਕਿਸੇ ਹੋਰ ਥਾਂ ਚਲੇ ਜਾਓ ਤਾਂ ਚੰਗਾ ਨਾ ਹੋਵੇ ਭਲਾ? ਉਨਾਂ ਕਿਹਾ- ਮੈਂ ਘਿਰਿਆ ਹੋਇਆ ਹਾਂ। ਬਾਹਰ ਕਿਧਰੇ ਜਾ ਵੀ ਸਕਦਾ ਹਾਂ, ਕੋਈ ਮੁਸ਼ਕਿਲ ਨਹੀ, ਪਰ ਨਹੀਂ ਜਾਵਾਂਗਾ। ਇਸ ਤੋਂ ਵਡੀ ਓਟ ਕਿਥੇ ਮਿਲੇਗੀ ਮੈਨੂੰ ਦਰਬਾਰ ਸਾਹਿਬ ਨਾਲੋਂ? ਦੱਸੋ ਕਿਹੜਾ ਹੋਰ ਥਾਂ ਚੰਗਾ ਹੈ ਮੇਰੇ ਲਈ। ਮੈਂ ਕਿਹਾ- ਹੋਏਗਾ ਇਹ ਕਿ ਇਕ ਜਹਾਜ ਤੁਹਾਡੇ ਉਪਰ ਬੰਬ ਸੁੱਟ ਜਾਵੇਗਾ। ਇੰਦਰਾ ਗਾਂਧੀ ਐਲਾਨ ਕਰ ਦਏਗੀ ਕਿ ਪਾਕਿਸਤਾਨੀ ਜਹਾਜ ਨੇ ਇਹ ਕਾਰਾ ਕੀਤਾ ਹੈ। ਇਸ ਲਈ ਆਖਦੇ ਹਾਂ ਕਿ ਟਲ ਜਾਓ। ਸੰਤ ਨੇ ਕਿਹਾ- ਮੇਰੇ ਅਤੇ ਇੰਦਰਾ ਬੀਬੀ ਦੇ ਆਪਸੀ ਸੰਬੰਧ ਏਨੇ ਨਿੱਖਰੇ ਹੋਏ ਹਨ ਕਿ ਜੇ ਪਾਕਿਸਤਾਨ ਬੰਬ ਸੁੱਟ ਜਾਵੇ ਇਸ ਵੇਲੇ, ਤਾਂ ਸਿੱਖ ਕਹਿਣਗੇ ਕਿ ਇੰਦਰਾ ਗਾਂਧੀ ਦੀ ਕਰਤੂਤ ਹੈ। ਸਾਡੇ ਬਾਰੇ ਕਿਸੇ ਨੂੰ ਕੋਈ ਗਲਤ ਫ਼ਹਿਮੀ ਨਹੀਂ ਹੁਣ।

ਸੁਨੇਹਾ ਲੈ ਕੇ ਕੋਈ ਦੂਤ ਆਉਂਦਾ ਕਿ ਬੀਬੀ ਇੰਦਰਾ ਨੇ ਮਿਲਣਾ ਚਾਹਿਆ ਹੈ, ਦਿੱਲੀ ਜਾ ਕੇ ਮੀਟਿੰਗ ਕਰ ਲਵੋ ਤਦ ਉੱਤਰ ਹੁੰਦਾ, ਇਥੋਂ ਅੰਮ੍ਰਿਤਸਰ ਤੋਂ ਦਿੱਲੀ ਜਿੰਨੀ ਦੂਰ ਹੈ ਉੱਨਾਂ ਹੀ ਦਿੱਲੀ ਤੋਂ ਅੰਮ੍ਰਿਤਸਰ ਪੈਂਦਾ ਹੈ। ਬੀਬੀ ਇਥੇ ਦਰਬਾਰ ਸਾਹਿਬ ਆ ਜਾਵੇ? ਉਨ੍ਹਾਂ ਨੂੰ ਪੱਕਾ ਪਤਾ ਸੀ ਕਿ ਪ੍ਰਧਾਨ ਮੰਤਰੀ ਦੇ ਦਿਲ ਵਿਚ ਕੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਔਰੰਗਜ਼ੇਬ ਦੇ ਦਿਲ ਦੀ ਗੱਲ ਦਾ ਪਤਾ ਸੀ। ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਤਰਕਾਰ ਆਉਂਦੇ, ਸਿਆਸਤਦਾਨ ਆਉਂਦੇ, ਸੰਤ ਨੂੰ ਸਵਾਲ ਕਰਦੇ, ਉਤਰ ਦੇਣ ਵੇਲੇ ਕਦੀ ਦੁਬਿਧਾ ਵਿਚ ਨਹੀਂ ਹੁੰਦੇ ਸਨ, ਕਦੀ ਲੇਪਵੀਂ ਪੋਚਵੀਂ ਗੱਲ ਨਹੀਂ ਕਰਦੇ ਸਨ ਤੇ ਬਿਆਨ ਦੇਣ ਉਪਰੰਤ ਬੇਚੈਨ ਨਹੀਂ ਹੁੰਦੇ ਸਨ।

ਨਾਗਸੈਨ ਨੇ ਇਕ ਦਿਨ ਦੱਸਿਆ ਸੀ ਕਿ ਕਾਤਲ ਅਤੇ ਮਕਤੂਲ ਵਿਚ, ਜ਼ਾਲਮ ਅਤੇ ਮਜ਼ਲੂਮ ਵਿਚ, ਸਰਕਾਰ ਅਤੇ ਉਸ ਹੱਥੋਂ ਸ਼ਹੀਦ ਹੋਣ ਵਾਲੇ ਬੰਦੇ ਵਿਚ ਇਕ ਗੁਪਤ ਸਮਝੌਤਾ ਹੋਇਆ ਕਰਦਾ ਹੈ। ਇਸ ਸਮਝੌਤੇ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ, ਮਾਰਨ ਵਾਲੇ ਅਤੇ ਮਰਨ ਵਾਲੇ ਨੂੰ ਪਤਾ ਹੁੰਦਾ ਹੈ। ਕਾਤਲ ਸਮਝਦਾ ਹੈ ਕਿ ਜਿਸ ਨੂੰ ਮੈਂ ਕਤਲ ਕਰਨ ਲੱਗਾ ਹਾਂ, ਉਸ ਦਾ ਖੂਨ ਕਰਨ ਉਪਰੰਤ ਮੈਨੂੰ ਭਾਰੀ ਲਾਭ ਹੋਵੇਗਾ। ਕਤਲ ਹੋਣ ਵਾਲੇ ਬੰਦੇ ਦਾ ਵਿਸ਼ਵਾਸ ਹੁੰਦਾ ਹੈ ਕਿ ਮੇਰੀ ਅਤੇ ਮੇਰੇ ਮਿੱਤਰਾਂ ਪਿਆਰਿਆਂ ਦੀ ਭਲਾਈ ਮੇਰੀ ਮੌਤ ਵਿਚ ਹੈ। ਇਹ ਗੱਲਾਂ ਆਮ ਕਤਲਾਂ ਬਾਬਤ ਨਹੀਂ ਹਨ। ਜਿਸ ਸ਼ਖਸ ਨੂੰ ਸ਼ਹੀਦ ਕਿਹਾ ਜਾਂਦਾ ਹੈ, ਉਸ ਬਾਬਤ ਹਨ। ਸ਼ਹੀਦ ਇਲਾਹੀ ਹੋਂਦ ਦੀ ਗਵਾਹੀ ਦੇਣ ਵਾਸਤੇ ਆਪਣੀ ਜਾਨ ਦੇਣ ਲਈ ਤਿਆਰ ਹੁੰਦਾ ਹੈ। ਕਤਲ ਹੋਣ ਤੋਂ ਪਹਿਲਾਂ ਮਨਸੂਰ ਦੇ ਬੋਲ ਪੜ੍ਹ ਕੇ ਦੇਖੋ। ਉਹ ਬਗਦਾਦ ਦੇ ਖਲੀਫੇ ਨੂੰ ਅਤੇ ਅਦਾਲਤ ਵਿਚ ਬੈਠੇ ਕਾਜ਼ੀ ਨੂੰ ਬਾਰ ਬਾਰ ਆਖਦਾ ਸੀ ਕਿ ਮੇਰੇ ਜਾਂ ਤੁਹਾਡੇ ਵਸ ਵਿਚ ਕੁੱਝ ਹੈ ਹੀ ਨਹੀਂ। ਮੇਰੀ ਮੌਤ ਫਾਂਸੀ ਉਪਰ ਝੂਲ ਕੇ ਲਿਖੀ ਜਾ ਚੁੱਕੀ ਹੈ ਅੱਲਾਹ ਦੇ ਦਰਬਾਰ ਵਿਚ। ਕੌਣ ਰੋਕ ਸਕਦਾ ਹੈ ਇਸ ਨੂੰ? ਖਲੀਫ਼ੇ ਦੀ ਬੇਗਮ ਜੇਲ੍ਹ ਵਿਚ ਮਨਸੂਰ ਨਾਲ ਮੁਲਾਕਾਤ ਕਰਨ ਗਈ। ਚਰਨੀ ਹੱਥ ਲਾ ਕੇ ਕਹਿਣ ਲੱਗੀ- ਬਗਦਾਦ ਨੂੰ ਸਰਾਪ ਨਾ ਦੇਈ ਸਾਈਂ। ਇਹ ਅਰਜ ਕਰਨ ਆਈ ਹਾਂ। ਮਨਸੂਰ ਨੇ ਕਿਹਾ- ਫਕੀਰ ਸਰਾਪ ਦੇਣ ਲਈ ਧਰਤੀ ਤੇ ਨਹੀਂ ਆਉਂਦੇ। ਸਰਾਪ ਦੇਣਾ ਸ਼ੈਤਾਨ ਦਾ ਕੰਮ ਹੋਵੇਗਾ ਸਾਧਾਂ ਦਾ ਨਹੀਂ। ਮੈਂ ਸਰਾਪ ਨਹੀਂ ਦਿੰਦਾ ਸੱਚ ਬੋਲਦਾ ਹਾਂ ਕਿ ਬਗਦਾਦ ਦੀ ਬਰਬਾਦੀ ਨਿਸ਼ਚਿਤ ਹੈ। ਪਹਿਲੋਂ ਮੈਂ ਖਤਮ ਹੋਵਾਗਾ, ਫਿਰ ਬਗਦਾਦ। ਬਸ ਪਹਿਲਾਂ ਪਿਛੋਂ ਦਾ ਫਰਕ ਹੈ ਕੇਵਲ।

ਬਰਬਾਦੀ ਯਕੀਨੀ ਹੈ। ਮਨਸੂਰ ਨੂੰ ਕਤਲ ਕਰ ਦਿੱਤਾ ਗਿਆ। ਅੱਗਾਂ ਲੱਗੀਆਂ ਤੇ ਬਗਦਾਦ ਸ਼ਹਿਰ ਦੀ ਥਾਂ ਰਾਖ ਦਾ ਇਕ ਢੇਰ ਬਾਕੀ ਬਚਿਆ।

ਜਰਨੈਲ ਸੁਬੇਗ ਸਿੰਘ ਦੀ ਨਿਗਰਾਨੀ ਵਿਚ ਮੋਰਚਾਬੰਦੀ ਹੋਣ ਲੱਗੀ ਤਦ ਮੈਨੂੰ ਡਰ ਲਗਿਆ, ਕਿਤੇ ਕੁੱਝ ਗੜਬੜ ਤਾਂ ਨਹੀਂ ਹੋ ਜਾਵੇਗੀ? ਜੁਆਨ ਮੁੰਡੇ ਆਖ ਰਹੇ ਸਨ- ਅਸੀਂ ਆਪਣੀ ਤੇ ਦਰਬਾਰ ਸਾਹਿਬ ਦੀ ਰਾਖੀ ਕਰਾਂਗੇ। ਜੇ ਕਿਤੇ ਸਰਕਾਰ ਨੇ ਫੌਜ ਤੋਂ ਹਮਲਾ ਕਰਵਾ ਦਿੱਤਾ ਤਾਂ ਸਾਡੇ ਜਲਵੇ ਦੇਖਣ ਯੋਗ ਹੋਣਗੇ। ਮਾਈ (ਭਾਵ ਇੰਦਰਾ ਗਾਂਧੀ) ਯਾਦ ਰੱਖੇਗੀ। ਦੇਖ ਲੈਣਾ। ਜਦੋਂ ਕਦੀ ਅਜਿਹੀ ਗੱਲ ਮੈਨੂੰ ਡਰਾਉਣੀ ਲੱਗਣ ਲੱਗਦੀ ਤਦ ਮੈਂ ਆਪਣੇ ਆਪ ਨੂੰ ਆਖਦਾ- ਹੋ ਈ ਨਹੀਂ ਸਕਦਾ। ਦਰਬਾਰ ਸਾਹਿਬ ਉਪਰ ਹੱਲੇ ਦਾ ਮਤਲਬ ਹੀ ਨਹੀਂ, ਸਾਧ ਅਤੇ ਇੰਦਰਾ ਗਾਂਧੀ ਦੋਵੇਂ ਡਰਾਮਾ ਕਰਕੇ ਡਰਾ ਰਹੇ ਹਨ, ਇਨ੍ਹਾਂ ਦਾ ਖਿਆਲ ਹੈ ਲੋਕ ਇਸ ਤਰ੍ਹਾਂ ਪ੍ਰਭਾਵਿਤ ਹੋ ਜਾਣਗੇ।

ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕਰਨਾ ਸੀ। ਪੰਦਰਾਂ ਵੀਹ ਪ੍ਰੋਫੈਸਰ ਇੱਕਠੇ ਹੋ ਕੇ ਦੂਖ ਨਿਵਾਰਨ ਸਾਹਿਬ ਅਸੀਂ ਟੌਹੜਾ ਸਾਹਿਬ ਨੂੰ ਮਿਲੇ ਤੇ ਬੇਨਤੀ ਕੀਤੀ ਕਿ ਸੰਤ ਭਿੰਡਰਾਂਵਾਲੇ ਨੂੰ ਸਿੰਘ ਸਾਹਿਬ ਥਾਪੋ। ਉਹ ਪਹਿਲਾਂ ਚੁੱਪ ਕਰ ਗਏ, ਫਿਰ ਕਿਹਾ- ਦੇਖ ਲਉ। ਅਸੀਂ ਫਿਰ ਆਪਣੀ ਇਹੋ ਗੱਲ ਦੁਹਰਾਈ ਤਾਂ ਪ੍ਰਧਾਨ ਜੀ ਬੋਲੇ- ਅਕਾਲ ਤਖਤ ਦੀ ਸੰਸਥਾ ਬਹੁਤ ਮਹਾਨ ਹੈ। ਡੇਰੇਦਾਰ ਸਾਧ ਨੂੰ ਉਥੇ ਸਿੰਘ ਸਾਹਿਬ ਥਾਪ ਦਿਉਗੇ ਤਦ ਨੁਕਸਾਨ ਉਠਾਉਗੇ। ਉਹ ਡੇਰੇ ਦੀ ਮਰਿਆਦਾ ਪੰਥ ਉਪਰ ਥੋਪ ਦੇਵੇਗਾ ਤੇ ਫਿਰ ਕੋਈ ਕੁੱਝ ਕਰ ਵੀ ਨਹੀਂ ਸਕੇਗਾ। ਵਧੇਰੇ ਪ੍ਰੋਫੈਸਰ ਪ੍ਰਧਾਨ ਜੀ ਦੀ ਗੱਲ ਨਾਲ ਸਹਿਮਤ ਹੋ ਗਏ। ਟੌਹੜਾ ਸਾਹਿਬ ਦੀ ਗੱਲ ਸਹੀ ਨਹੀਂ ਸੀ। ਸੰਤ ਨੂੰ ਭਲੀ ਪ੍ਰਕਾਰ ਪਤਾ ਸੀ ਕਿ ਟਕਸਾਲ ਅਤੇ ਤਖਤ ਸਾਹਿਬ ਦੀ ਮਰਿਆਦਾ ਵਿਚ ਭਿੰਨਤਾ ਹੈ ਤੇ ਕਦੀ ਉਨ੍ਹਾਂ ਨੇ ਇਹ ਨਹੀਂ ਕਿਹਾ ਸੀ ਕਿ ਟਕਸਾਲ ਦੀ ਮਰਿਆਦਾ ਵਧੀਕ ਸਹੀ ਹੈ। ਉਹ ਤਾਂ ਤਖਤ ਜਥੇਦਾਰ ਦਾ ਹੁਕਮ ਮੰਨਦੇ ਸਨ। ਭਾਵੇਂ ਕਿ ਮਿੱਤਰਾਂ ਵਿਚ ਬੈਠ ਕੇ ਆਖ ਦਿੰਦੇ ਸਨ- ਸਿੰਘ ਸਾਹਿਬ ਨੇ ਇਹ ਫੈਸਲਾ ਗੁਰਮਤਿ ਦੇ ਅਸੂਲਾਂ ਮੁਤਾਬਕ ਨਹੀਂ ਸੁਣਾਇਆ, ਮੰਨਣਾ ਤਾਂ ਪਵੇਗਾ ਹੀ। ਮੇਰੀ ਉਮਰ ਨਾਲੋਂ ਵਡੇਰੇ ਪ੍ਰੋਫੈਸਰ ਮੇਰੇ ਨਾਲ ਸਨ ਤੇ ਉਨ੍ਹਾਂ ਦੀ ਗਿਣਤੀ ਵੀ ਵਧੀਕ ਸੀ, ਮੇਰੀ ਗੱਲ ਦੀ ਹਮਾਇਤ ਕਰਨ ਵਾਲਾ ਕੋਈ ਨਹੀਂ ਸੀ, ਗੱਲ ਆਈ ਗਈ ਹੋ ਗਈ।

ਸ਼੍ਰੋਮਣੀ ਅਕਾਲੀ ਦਲ ਨੇ ਸਾਬਕ ਫੌਜੀਆਂ ਦੀ ਕਾਨਫਰੰਸ ਸੱਦੀ। ਸਿਪਾਹੀ ਤੋਂ ਲੈ ਕੇ ਜਰਨੈਲਾਂ ਤੱਕ ਲਗਭਗ ਪੰਜਾਹ ਹਜ਼ਾਰ ਸਾਬਕ ਸੈਨਿਕ ਪੁੱਜੇ। ਜਨਰਲ ਸੁਬੇਗ ਸਿੰਘ ਦਾ ਤਾਂ ਟਿਕਾਣਾ ਹੀ ਉਥੇ ਸੀ। ਫੌਜੀਆਂ ਨੇ ਆਪਣੀ ਇਸ ਕਾਨਫਰੰਸ ਵਿਚ ਮਤਾ ਪੇਸ਼ ਕੀਤਾ ਕਿ ਸੰਤ ਜਰਨੈਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦਾ ਸਿੰਘ ਸਾਹਿਬ ਥਾਪਿਆ ਜਾਏ। ਜੈਕਾਰਿਆਂ ਦੀ ਗੁੰਜਾਰ ਵਿਚ ਮਤਾ ਪਾਸ ਹੋਇਆ। ਬਾਦਲ ਸਾਹਿਬ, ਟੌਹੜਾ ਸਾਹਿਬ ਤੇ ਲੌਂਗੋਵਾਲ ਸਾਹਿਬ ਸਮੇਤ ਸਾਰੀ ਅਕਾਲੀ ਲੀਡਰਸ਼ਿਪ ਉਥੇ ਸੀ। ਪੱਤਰਕਾਰਾਂ ਨੇ ਜਰਨੈਲ ਸੁਬੇਗ ਸਿੰਘ ਨੂੰ ਪੁੱਛਿਆ- ਜੇ ਫੌਜ ਨੇ ਦਰਬਾਰ ਸਾਹਿਬ ਤੇ ਚੜ੍ਹਾਈ ਕਰ ਦਿੱਤੀ ਤਦ ਕੀ ਕਰੋਗੇ ਤੁਸੀ? ਉਨ੍ਹਾਂ ਨੇ ਉੱਤਰ ਦਿੱਤਾ- ਢੁਕਵਾਂ ਜਵਾਬ ਦਿਆਂਗੇ । ਮੁਕਾਬਲਾ ਕਰਾਂਗੇ। ਅਖ਼ਬਾਰ ਨਵੀਸ ਨੇ ਫਿਰ ਸਵਾਲ ਕੀਤਾ- ਅਫਸਰੀ ਲੈਣ ਵੇਲੇ ਤੁਸੀਂ ਭਾਰਤੀ ਫੌਜ ਦੇ ਵਫਾਦਾਰ ਰਹੋਗੇ ਕੀ ਤੁਸੀ ਗੁਰੂ ਗ੍ਰੰਥ ਸਾਹਿਬ ਦੀ ਸਹੁੰ ਨਹੀਂ ਚੁੱਕੀ ਸੀ ? ਸਹੁੰ ਤੋੜ ਦਿਓਗੇ ? ਜਰਨੈਲ ਨੇ ਕਿਹਾ- ਜਿਸ ਭਾਰਤ ਦੀ ਵਫਾਦਾਰੀ ਨਿਭਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਸਹੁੰ ਚੁੱਕੀ, ਉਹ ਗੁਰੂ ਵੱਡਾ ਹੈ ਦੇਸ ਨਾਲੋਂ। ਜਿਸਦੀ ਸਹੁੰ ਚੁੱਕੀ ਜਾਵੇ ਉਹ ਉਸ ਨਾਲੋਂ ਵੱਡਾ ਹੁੰਦਾ ਹੈ ਜਿਸ ਵਾਸਤੇ ਸਹੁੰ ਚੁੱਕੀ ਜਾਵੇ। ਜੇ ਭਾਰਤੀ ਫੌਜ ਗੁਰੂ ਬਾਬੇ ਵਿਰੁੱਧ ਹਥਿਆਰ ਚੁੱਕੇਗੀ ਤਾਂ ਮੈਂ ਫੌਜ ਵਿਰੁੱਧ ਹਥਿਆਰ ਚੁੱਕਾਂਗਾ।"

ਫਿਰ ਅਕਾਲੀ ਦਲ ਨੇ ਫਿਰ ਬੁੱਧੀਜੀਵੀਆਂ ਦੀ ਕਾਨਫਰੰਸ ਸੱਦੀ। ਇਸ ਨੂੰ ਵੀ ਭਰਵਾਂ ਹੁੰਗਾਰਾ ਮਿਲਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸਿੱਖ ਬੁੱਧੀਜੀਵੀ ਫੋਰਮ 100 ਪ੍ਰੋਫੈਸਰਾਂ ਦੀਆਂ ਦੋ ਬੱਸਾਂ ਭਰ ਕੇ ਗਿਆ। ਉਥੇ ਜਾ ਕੇ ਜਦੋਂ ਟੌਹੜਾ ਸਾਹਿਬ ਅਤੇ ਸੰਤ ਲੌਂਗੋਵਾਲ ਨੂੰ ਮਿਲਣ ਲਈ ਗਏ ਤਦ ਮੈਂ ਫਿਰ ਆਪਣੀ ਗੱਲ ਦੁਹਰਾਈ ਕਿ ਬੁੱਧੀਜੀਵੀ ਫੋਰਮ ਨੂੰ ਵੀ ਮਤਾ ਪੇਸ਼ ਕਰਨਾ ਚਾਹੀਦਾ ਹੈ ਕਿ ਸੰਤ ਭਿੰਡਰਾਂਵਾਲੇ ਨੂੰ ਸਿੰਘ ਸਾਹਿਬ ਥਾਪਿਆ ਜਾਵੇ। ਮੇਰੀ ਗੱਲ ਮੰਨਣੀ ਤਾਂ ਦਰ ਕਿਨਾਰ ਮੈਨੂੰ ਮੀਟਿੰਗ ਵਿਚੋਂ ਭਜਾ ਦਿੱਤਾ ਗਿਆ। ਸੌ ਪ੍ਰੋਫੈਸਰਾਂ ਵਿਚੋਂ ਮੇਰੇ ਹੱਕ ਵਿਚ ਕੇਵਲ ਇਕ ਬੰਦਾ ਸੀ, ਉਹ ਸੀ ਡਾ. ਹਰਕੀਰਤ ਸਿੰਘ। ਡਾਕਟਰ ਸਾਹਿਬ ਬਾਰੇ ਟਿੱਪਣੀ ਸੁਣਨ ਨੂੰ ਮਿਲੀ- ਇਹ ਫੌਜੀ ਹੈ ਨਾ। ਦਿਮਾਗ ਕੰਮ ਨਹੀ

www.punjabilibrary.com

ਕਰਦਾ। ਸਾਰੇ ਹੱਸ ਪਏ। ਮੈਂ ਤੇ ਹਰਕੀਰਤ ਸਿੰਘ ਸਰਾਂ ਵੱਲ, ਬਾਕੀ ਪ੍ਰੋਫੇਸਰ ਟੌਹੜਾ ਸਾਹਿਬ ਨੂੰ ਮਿਲਣ ਵਾਲੀ ਥਾਂ ਵੱਲ ਤੁਰ ਪਏ। ਅਸੀ ਸੰਤ ਜਰਨੈਲ ਸਿੰਘ ਨੂੰ ਮਿਲੇ। ਹਾਲ ਚਾਲ ਪੁੱਛਿਆ ਤੇ ਆਪਣੇ ਨਾਲ ਹੋਈ ਤਾਜੀ ਦੁਰਗਤ ਬਾਰੇ ਦੱਸਿਆ, ਹੱਸ ਪਏ- ਤੁਹਾਡੇ ਨਾਲ ਤੇ ਮੇਰੇ ਨਾਲ ਹੋਣੀ ਵੀ ਇਵੇਂ ਚਾਹੀਦੀ ਹੈ। ਕਦੀ ਕਦੀ ਆਪਾਂ ਆਪਣੇ ਆਪ ਨੂੰ ਰੱਬ ਸਮਝਣ ਲੱਗ ਪੈਂਦੇ ਹਾਂ। ਤਦ ਪੰਥ ਸਾਨੂੰ ਸਮਝਾ ਦਿੰਦਾ ਹੈ ਕਿ ਸਾਡੀ ਔਕਾਤ ਕੀ ਹੈ। ਲੰਗਰ ਪ੍ਰਸ਼ਾਦਾ ਛੱਕੋ। ਫਿਰ ਗੱਲਾਂ ਕਰਾਂਗੇ।

ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੇ ਸਰਕੁਲਰ ਜਾਰੀ ਕਰ ਦਿੱਤਾ ਕਿ ਜਿਹੜਾ ਦਰਬਾਰ ਸਾਹਿਬ ਮੱਥਾ ਟੇਕਣ ਆਵੇ, ਬਗੈਰ ਹਥਿਆਰਾਂ ਤੋਂ ਆਵੇ। ਇਹ ਹੁਕਮ ਸੰਤ ਜਰਨੈਨ ਸਿੰਘ ਵਾਸਤੇ ਹੀ ਕੱਢਿਆ ਗਿਆ ਸੀ। ਸ਼ਾਇਦ ਟੌਹੜਾ ਸਾਹਿਬ ਉਪਰ ਸਰਕਾਰ ਦਾ ਦਬਾਉ ਹੋਵੇਗਾ। ਜਦੋਂ ਸੰਤ ਮੱਥਾ ਟੇਕਣ ਜਾਂਦੇ ਸਨ ਤਦ 10-15 ਜੁਆਨਾਂ ਦਾ ਹਥਿਆਰਬੰਦ ਜਥਾ ਅਤਿਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਨਾਲ ਜਾਇਆ ਕਰਦਾ ਸੀ ਤੇ ਸੰਤ ਆਪ ਵੀ ਰਿਵਾਲਵਰ ਪਹਿਨ ਕੇ ਰਖਦੇ ਸਨ। ਇਹ ਜਥਾ ਧੀਮੀ ਚਾਲ ਨਹੀਂ ਚਲਦਾ ਸੀ ਜਿਵੇਂ ਕਿ ਪਰਿਕਰਮਾ ਵਿਚ ਆਮ ਸ਼ਰਧਾਲੂ ਚਲਦੇ ਹੁੰਦੇ ਹਨ। ਇਹ ਤੇਜ਼ ਕਦਮੀ ਪਰਿਕਰਮਾ ਕਰਿਆ ਕਰਦੇ ਸਨ। ਮੈਂ ਦੇਖਿਆ ਕਿ ਬਹੁਤ ਸਾਰੇ ਮਾਈ ਭਾਈ ਕੇਵਲ ਇਨ੍ਹਾਂ ਨੂੰ ਦੇਖਣ ਲਈ ਪਰਿਕਰਮਾ ਵਿਚ ਦੇਰ ਤੱਕ ਖਲੋਤੇ ਰਹਿੰਦੇ। ਪੱਤਰਕਾਰਾਂ ਨੇ ਪੁੱਛਿਆ- ਸੰਤ ਜੀ, ਸਿੰਘ ਸਾਹਿਬ ਨੇ ਹਥਿਆਰ ਲਿਜਾਕੇ ਮੱਥਾ ਟੇਕਣ ਉਪਰ ਜਿਹੜੀ ਪਾਬੰਦੀ ਲਾਈ ਹੈ, ਕੀ ਇਹ ਠੀਕ ਹੈ? ਸੰਤਾਂ ਨੇ ਕਿਹਾ- ਮੈਂ ਇਹ ਹੁਕਮ ਮੰਨਾਂਗਾ। ਰਿਪੋਰਟਰ ਨੇ ਫਿਰ ਪੁੱਛਿਆ- ਪਰ ਕੀ ਉਹਨਾਂ ਦਾ ਇਹ ਹੁਕਮ ਸਹੀ ਹੈ? -ਅਕਾਲ ਤਖ਼ਤ ਦੇ ਜਥੇਦਾਰ ਦਾ ਹਰ ਹੁਕਮ ਮੇਰੇ ਲਈ ਸਹੀ ਹੈ ਕਿਉਕਿ ਮੈਂ ਸਿੱਖ ਹਾਂ। ਵਾਪਸ ਗੁਰੂ ਨਾਨਕ ਨਿਵਾਸ ਆ ਬੈਠੇ, ਇਸ ਸਰਕੁਲਰ ਬਾਰੇ ਗੱਲਾਂ ਹੋਣ ਲੱਗੀਆਂ। ਸੰਤ ਨੇ ਕਿਹਾ- ਅਜਿਹੇ ਹੁਕਮਨਾਮੇ ਪ੍ਰਾਪਤ ਹਨ ਜਿਨ੍ਹਾਂ ਵਿਚ ਗੁਰੂ ਮਹਾਰਾਜ ਜੀ ਨੇ ਕਿਹਾ ਸੀ ਕਿ ਦਰਸ਼ਨ ਕਰਨ ਵਾਸਤੇ ਆਉਣ ਵਾਲੀ ਸੰਗਤ ਹਥਿਆਰਬੰਦ ਹੋ ਕੇ ਘੋੜਿਆਂ ਤੇ ਸਵਾਰ ਹੋਕੇ ਆਏ ਤਦ ਸਾਡਾ ਹਿਰਦਾ ਵਧੀਕ ਪ੍ਰਸੰਨ ਹੋਵੇਗਾ। ਤੇ ਇਹ ਦਸੋ ਭਾਈਓ ਕਿ ਕੀ ਕਿਰਪਾਨ ਹਥਿਆਰ ਨਹੀਂ? ਇਹ ਹਥਿਆਰ ਸਾਡੀ ਪੰਜ ਕਕਾਰੀ ਰਹਿਤ ਦਾ ਅਟੁੱਟ ਹਿੱਸਾ ਹੈ। ਫਿਰ ਕਿਰਪਾਨ ਉਤਾਰ ਕੇ ਮੱਥਾ ਟੇਕਣ ਜਾਈਏ? ਪਰ ਉਹ ਸਿੰਘ ਸਾਹਿਬ ਹਨ। ਸੋ ਮੰਨਣੀ ਹੀ ਮੰਨਣੀ ਹੈ ਉਹਨਾਂ ਦੀ ਹਦਾਇਤ। ਜਥੇਦਾਰ ਦਾ ਹੁਕਮ ਮੰਨਣਾ ਸੀ ਸੋ ਇਸ ਦਾ ਤਰੀਕਾ ਉਨ੍ਹਾਂ ਨੇ ਇਹ ਕੱਢਿਆ ਕਿ ਸਰਾਂ ਵਾਲੇ ਪਾਸਿਓ ਪਰਿਕਰਮਾ ਤੱਕ ਲਿਜਾਂਦੀ ਡਿਊਢੀ ਤੱਕ ਜਾਂਦੇ ਜਿੱਥੇ ਦਰਬਾਰ ਸਾਹਿਬ ਦੇ ਦਰਸ਼ਨ ਹੁੰਦੇ ਹਨ ਤੇ ਉਥੋਂ ਡਿਓਢੀ ਵਿਚੋਂ ਮੱਥਾ ਟੇਕ ਕੇ ਵਾਪਸ ਆ ਜਾਂਦੇ, ਉਸੇ ਤਰ੍ਹਾਂ ਤੇਜ ਕਦਮੀ।

ਅਸੀ ਚਾਰ ਪੰਜ ਪ੍ਰੋਫੈਸਰ ਅੰਮ੍ਰਿਤਸਰ ਗਏ ਤਾਂ ਸੰਤ ਸਰਾਂ ਵਿਚ ਨਹੀਂ ਸਨ। ਪਤਾ ਲੱਗਿਆ ਕਿ ਅਕਾਲ ਤਖਤ ਸਾਹਿਬ ਦੀ ਇਮਾਰਤ ਵਿਚ ਸ਼ਿਫਟ ਕਰ ਗਏ ਹਨ। ਉਥੇ ਗਏ ਤਾਂ ਪਹਿਲੀ ਮੰਜ਼ਲ ਤੋਂ ਉੱਪਰ ਦੂਜੀ ਮੰਜ਼ਲ ਵਲ ਜਾਂਦੀਆਂ ਪੌੜੀਆਂ ਉੱਪਰ ਦੋ ਹਥਿਆਰਬੰਦ ਸਿੰਘ 20-22 ਸਾਲ ਦੀ ਉਮਰ ਦੇ, ਬਤੌਰ ਸੰਤਰੀ ਖਲੋਤੇ ਸਨ। ਉਨ੍ਹਾਂ ਨੇ ਰੋਕ ਲਿਆ। ਅਸੀਂ ਕਿਹਾ ਕਿ ਦੂਰੋਂ ਪਟਿਆਲਿਓ ਚੱਲ ਕੇ ਮਿਲਣ ਆਏ ਹਾਂ ਸੰਤਾਂ ਨੂੰ। ਉੱਪਰ ਜਾਣ ਦਿਉ। ਇੱਕ ਬੋਲਿਆ- ਜੀ ਉਹ ਅਗਿਆਤਵਾਸ ਚਲੇ ਗਏ ਹਨ। ਮਿਲਦੇ ਨਹੀਂ ਕਿਸੇ ਨੂੰ। ਬੰਦਗੀ ਕਰਦੇ ਰਹਿੰਦੇ ਹਨ ਬੱਸ। ਮੈਂ ਕਿਹਾ- ਭਰਾ ਅਸੀਂ ਕੋਈ ਲੜਨ ਥੋੜ੍ਹਾ ਆਏ ਹਾਂ ਤੁਹਾਡੇ ਨਾਲ। ਤੁਸੀ ਭਾਈ ਰਸ਼ਪਾਲ ਸਿੰਘ ਪਾਸ ਜਾ ਕੇ ਮੇਰਾ ਨਾਮ ਦੱਸ ਦਿਉ। ਮਿਲਣ ਤੋਂ ਇਨਕਾਰ ਹੋ ਗਿਆ ਤਾਂ ਪਰਤ ਜਾਵਾਂਗੇ। ਉਨ੍ਹਾਂ ਵਿਚੋ ਇਕ ਉਥੇ ਚਲੋਤਾ ਰਿਹਾ, ਦੂਜਾ ਉੱਪਰ ਚਲਾ ਗਿਆ। ਥੋੜ੍ਹੀ ਦੇਰ ਬਾਦ ਵਾਪਸ ਆ ਕੇ ਕਹਿਣ ਲੱਗਾ- ਚਲੇ ਜਾਓ ਜੀ ਉੱਪਰ।

ਪੌੜੀਆਂ ਚੜ੍ਹ ਗਏ। ਦਸ ਪੰਦਰਾਂ ਸਿੰਘ ਹੋਰ ਬੈਠੇ ਸਨ। ਕੋਈ ਪਾਠ ਕਰ ਰਿਹਾ ਸੀ, ਕੋਈ ਇਕ ਕੋਨੇ ਵਿਚ ਬੈਠਾ ਕੀਰਤਨ ਦੀ ਰਿਆਜ਼ ਕਰ ਰਿਹਾ ਸੀ ਤੇ ਦੋ ਤਿੰਨ ਜਣੇ ਬੰਦੂਕਾਂ ਦੀਆਂ ਬੈਰਲਾਂ ਸਾਫ਼ ਕਰਨ ਲੱਗੇ ਹੋਏ ਸਨ। ਸੰਤ ਪਾਠ ਕਰ ਰਹੇ ਸਨ। ਬੋਲਕੇ ਨਹੀ, ਹੱਥ ਜੋੜਕੇ ਸਾਰਿਆਂ ਨੂੰ ਫਤਿਹ ਅਰਜ਼ ਕੀਤੀ। ਉਨ੍ਹਾਂ ਨੇ ਵੀ ਬੰਦ ਹੋਠਾਂ ਨਾਲ ਹੱਥ ਜੋੜਕੇ ਸਿਰ ਝੁਕਾਇਆ ਤੇ ਬੈਠਣ ਦਾ ਇਸ਼ਾਰਾ ਕੀਤਾ। ਦਸ ਕੁ ਮਿੰਟ ਬੈਠੇ ਹੋਵਾਂਗੇ ਕਿ ਸੰਤਾਂ ਨੇ ਗੁਟਕਾ ਮੱਥੇ ਨੂੰ ਲਾ ਕੇ ਰੁਮਾਲ ਵਿਚ ਲਪੇਟਿਆ ਤੇ ਸਾਡਾ ਹਾਲ ਚਾਲ ਪੁੱਛਿਆ। ਕਹਿਣ ਲੱਗੇ- ਮੈਂ ਕਈ ਬੈਰੀਅਰ ਲਾਏ ਹੋਏ ਹਨ। ਤੁਸੀ ਤਕੜੇ ਰਹੇ ਆ ਗਏ। ਬਹੁਤਿਆਂ ਨੂੰ ਹੁਣ ਹੇਠੋਂ ਵਾਪਸ ਘੱਲ ਦੇਈਦਾ ਹੈ। ਬੰਦਿਆਂ ਨੂੰ ਬੰਦੇ ਦਾ ਹੇਜ ਨਹੀਂ ਕਰਨਾ ਚਾਹੀਦਾ

www.punjabilibrary.com

ਬਹੁਤਾ। ਮਹਾਰਾਜ ਨਾਲ ਲਾਇਆ ਨੇਹੁੰ ਹੀ ਨਿਭਦਾ ਹੈ, ਬੰਦਾ ਕਿੱਥੇ ਨਿਭਿਆ ਹੈ ਭਲਾ। ਆਪਣੇ ਗੋਡੇ ਤੇ ਉਂਗਲ ਧਰ ਕੇ ਕਹਿਣ ਲੱਗੇ- ਇਹ ਮਾਸ ਬੇਕਾਰ ਹੈ ਬਿਲਕੁਲ। ਤਦੇ ਤਾਂ ਸਾਡੇ ਵਡੇਰੇ, ਮਾਸ ਨੂੰ ਮਿੱਟੀ ਆਖਿਆ ਕਰਦੇ ਸਨ। ਤੁਸੀਂ ਵੀ ਕਿਤੇ ਇਸ ਮਾਸ ਨੂੰ ਦੇਖਣ ਲਈ ਤਾਂ ਨਹੀਂ ਆਉਂਦੇ। ਅਸੀਂ ਕਿਹਾ- ਸਿੱਖੀ ਦੇ ਦੀਦਾਰ ਕਰਨ ਲਈ ਤੁਹਾਡੇ ਪਾਸ ਅਤੇ ਗੁਰੂ ਜੀ ਦੇ ਦੀਦਾਰ ਕਰਨ ਲਈ ਦਰਬਾਰ ਸਾਹਿਬ ਮੱਥਾ ਟੇਕਣ ਲਈ ਆਉਂਦੇ ਹਾਂ। ਉਹ ਕਹਿਣ ਲੱਗੇ- ਸਭ ਕੁਝ ਉਥੇ ਹੀ ਹੈ, ਦਰਬਾਰ ਸਾਹਿਬ ਵਿਚ ਹੀ ਹੈ ਸਭ ਕੁੱਝ। ਸਿੱਖੀ ਵੀ ਸਾਨੂੰ ਗੁਰੂ ਵਿਚੋਂ ਲੱਭੇਗੀ ਸਿੱਖ ਵਿਚੋਂ ਨਹੀਂ। ਗੁਰੂ ਨੂੰ ਅਸੀਂ ਪੂਰਾ ਇਸੇ ਕਰਕੇ ਆਖਦੇ ਹਾਂ ਕਿ ਸੰਸਾਰ ਦੀ ਹਰ ਵਸਤ ਉਸ ਵਿਚ ਮੌਜੂਦ ਹੈ। ਸੰਤ ਪਿਤਾ ਜੀ ਕਿਹਾ ਕਰਦੇ ਸਨ, ਜਿਹੜਾ ਸੰਬੰਧ ਸ਼ਬਦ ਦਾ ਅਰਥ ਨਾਲ ਹੈ ਉਹ ਗੁਰੂ ਦਾ ਸਿੱਖ ਨਾਲ ਹੈ, ਦੋਵੇਂ ਇੱਕ ਦੂਜੇ ਤੋਂ ਬਗੈਰ ਨਹੀ। ਜਿਹੜੇ ਬਾਲ ਨੀਹਾਂ ਵਿਚ ਚਿਣੇ ਗਏ ਸਨ ਨਾ, ਉਨਾਂ ਵਿਚਾਰਿਆਂ ਦੀ ਕੀ ਤਾਕਤ ਸੀ? ਗੁਰੂ ਮਿਹਰਬਾਨ ਹੋਕੇ ਉਨ੍ਹਾਂ ਵਿਚ ਪ੍ਰਵੇਸ਼ ਕਰ ਗਿਆ ਸੀ। ਜੱਲਾਦਾਂ ਨੇ ਆਪਾਂ ਨੂੰ ਦੱਸਿਆ ਹੈ ਨਾ, ਕਿ ਉਹ ਆਖਰੀ ਸਾਹ ਤੀਕ ਫੁੱਲਾਂ ਵਾਂਗ ਟਹਿਕਦੇ ਰਹੇ ਸਨ? ਜੇ ਉਹ ਇਕੱਲੇ ਹੁੰਦੇ ਤਦ ਉਹਨਾਂ ਨੂੰ ਦੁੱਖ ਦਰਦ ਹੋਣਾ ਹੀ ਹੋਣਾ ਸੀ। ਦੁਖ ਅਤੇ ਦਰਦ ਤਾਂ ਸੁਭਾਵਕ ਹਨ, ਪਰ ਕਿਸੇ ਕਿਸੇ ਕਰਮਾਂ ਵਾਲੇ ਸਿੱਖ ਦਾ ਦੁਖ ਆਪ ਜਰਨ ਵਾਸਤੇ ਗੁਰੂ ਪੁੱਜ ਜਾਂਦਾ ਹੈ। ਸਿੱਖ ਨੇ ਗੁਰੂ ਅੱਗੇ ਆਤਮ ਸਮਰਪਣ ਕਰਨਾ ਹੈ। ਜੇ ਆਤਮ ਸਮਰਪਣ ਕਰ ਦਿਤਾ ਫਿਰ ਸਿੱਖ ਕਿਥੇ ਰਿਹਾ? ਉਹ ਤਾਂ ਗੁਰੂ ਵਿਚ ਅਭੇਦ ਹੋ ਗਿਆ। ਜਿਨ੍ਹਾਂ ਨੇ ਲਿਖਿਆ ਸੀ- ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ, ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਸੀ। ਸੋ ਅੱਵਲ ਤੇ ਆਖਰ ਗੁਰੂ ਹੀ ਗੁਰੂ ਹੈ ਭਾਈਓ ਹੋਰ ਕੁਝ ਨਹੀ ਹੈ। ਮਾੜੇ ਆਦਮੀ ਨੂੰ ਤਾਂ ਕੁੱਤਾ ਗਲੀ ਪਾਰ ਨਹੀ ਕਰਨ ਦਿੰਦਾ, ਜੰਗਲਾਂ ਵਿਚ ਤਪ ਕਰਦੇ ਨਿਹੱਥੇ ਸਾਧੂਆਂ ਕੋਲੋਂ ਦੀ ਸ਼ੇਰ, ਪੂਛਾਂ ਅਤੇ ਸਿਰ ਨੀਵਾਂ ਕਰਕੇ ਬਿਨਾਂ ਖੜਾਕ ਕੀਤਿਆਂ ਲੰਘ ਜਾਂਦੇ ਹਨ। ਗੁਰੂ ਦੀ ਆਗਿਆ ਮੰਨ ਕੇ ਅੱਗ, ਪਾਣੀ, ਹਵਾ, ਧਰਤੀ ਤੇ ਅਕਾਸ਼ ਸਭ ਆਪਣਾ ਸੁਭਾਅ ਬਦਲ ਲੈਂਦੇ ਹਨ। ਮੈਂ ਅੱਖੀ ਦੇਖੇ ਹਨ ਇਹ ਨਜ਼ਾਰੇ। ਹੋ ਸਕਦਾ ਹੈ ਤੁਸੀਂ ਵੀ ਕਦੀ ਦੇਖੋ। ਬਾਣੀ ਵਿਚ ਐਵੇਂ ਥੋੜਾ ਲਿਖ ਦਿੱਤੀਆਂ ਹਨ ਬਾਬਿਆਂ ਨੇ ਇਹ ਗੱਲਾਂ।

ਕੁੱਝ ਰੁਕੇ . . . ਫਿਰ ਬੋਲੇ- ਓਹੋ ਮੈਂ ਵੀ ਕਮਲਾ ਹੀ ਹੋ ਗਿਆ ਹੋਇਆ ਹਾਂ ਬਸ। ਨਾ ਲੰਗਰ ਨਾ ਪਾਣੀ। ਕਥਾ ਸੁਰੂ ਕਰ ਦਿੱਤੀ ਖਾਹ ਮਖਾਹ, ਉਹ ਵੀ ਪ੍ਰੋਫੈਸਰਾਂ ਸਾਹਮਣੇ। ਸਾਨੂੰ ਸਾਧਾਂ ਨੂੰ ਆਦਤ ਪੈ ਜਾਂਦੀ ਹੈ ਉਪਦੇਸ਼ ਸੁਣਾਉਣ ਦੀ। ਤੁਹਾਨੂੰ ਇਨ੍ਹਾਂ ਸਭ ਗੱਲਾਂ ਦਾ ਪਹਿਲਾਂ ਹੀ ਪਤਾ ਹੈ। ਇਹ ਦੱਸੋ ਕਿ ਸਭ ਪਰਿਵਾਰਾਂ ਵਿਚ ਖੈਰ ਸੁਖ ਹੈ? ਕੋਈ ਗੱਲ ਕਰਨੀ ਹੈ ਤਾਂ ਨਿੱਝਕ ਹੋ ਕੇ ਕਰੋ।

ਹੁਣ ਤਾਂ ਕਦੀ ਕਦਾਈ ਸੋਚਦਾ ਹਾਂ ਕਿ ਮੈਂ ਇਹ ਗੱਲ ਉਥੇ ਕਿਉਂ ਕੀਤੀ, ਇਸ ਦਾ ਬੁਰਾ ਵੀ ਮਨਾਇਆ ਜਾ ਸਕਦਾ ਸੀ ਪਰ ਥੋੜ੍ਹੇ ਕੁ ਸਮੇਂ ਵਿਚ ਮਾਹੌਲ ਸੁਭਾਵਤਨ ਕੁਝ ਅਜਿਹਾ ਬਣ ਗਿਆ ਸੀ ਜਿਸ ਵਿਚੋਂ ਮੇਰੇ ਇਸ ਵਾਕ ਦਾ ਜਨਮ ਹੋਇਆ- ਬਾਬਾ ਜੀ ਤੁਸੀ ਆਪਣਾ ਉੱਤਰ ਅਧਿਕਾਰੀ ਥਾਪ ਦਿਉ। ਹੱਸ ਪਏ, ਕਹਿਣ ਲੱਗੇ- ਇਕ ਦੋ ਨੇ ਅੱਗੇ ਵੀ ਮੈਨੂੰ ਕਿਹਾ ਹੈ। ਮੇਰੇ ਨਹੀਂ ਦਿਲ ਲੱਗੀ ਇਹ ਗੱਲ। ਸੰਤ ਕਰਤਾਰ ਸਿੰਘ ਨੇ ਮੈਨੂੰ ਉਤਰ ਅਧਿਕਾਰੀ ਨਹੀਂ ਥਾਪਿਆ ਸੀ, ਸੰਗਤ ਨੇ ਫੈਸਲਾ ਕਰ ਲਿਆ। ਮੈਂ ਵੀ ਅਤੇ ਬਾਕੀ ਜਥਾ ਵੀ ਸੰਤ ਜੀ ਦੇ ਅਚਾਨਕ ਅਕਾਲ ਚਲਾਣੇ ਉਪਰੰਤ ਇਹ ਸੋਚਣ ਲੱਗੇ ਸਾਂ ਕਿ ਉਨ੍ਹਾਂ ਦੀ ਥਾਂ ਲੈਣ ਵਾਲਾ ਉਨ੍ਹਾਂ ਵਰਗਾ ਕੋਈ ਹੋਰ ਨਹੀਂ। ਇਹ ਹੁੰਦਾ ਵੀ ਸੱਚ ਹੈ। ਕੋਈ ਕਿਸੇ ਵਰਗਾ ਕਦ ਹੋਇਆ ਕਰਦਾ ਹੈ? ਪਰ ਮੈਨੂੰ ਕਿਹਾ ਗਿਆ ਕਿ ਤੂੰ ਕਰ ਉੱਦਮ ਕੁੱਝ। ਮੈਂ ਹੌਸਲਾ ਰੱਖਿਆ। ਗੁਰੂ ਜੀ ਤੋਂ ਮੁਰਾਦਾਂ ਮੰਗੀਆਂ। ਮੇਰੇ ਕਰਮ ਚੰਗੇ ਸਨ, ਮੈਂ ਹੰਕਾਰ ਨਹੀ ਕਰਦਾ, ਸੰਗਤ ਦਾ ਖ਼ਿਆਲ ਹੈ ਕਿ ਸੰਤ ਕਰਤਾਰ ਸਿੰਘ ਜੀ ਦੀ ਸੇਵਾ ਨੂੰ ਮੈਂ ਅੱਗੇ ਤੋਰਿਆ ਹੈ, ਪਿਛਾਂਹ ਨਹੀਂ ਰਹਿਣ ਦਿੱਤਾ। ਸ਼ਹੀਦੀ ਮੇਰੀ ਕਿਸਮਤ ਵਿਚ ਲਿਖੀ ਹੋਈ ਹੈ। ਮੈਂ ਉਤੱਰ ਅਧਿਕਾਰੀ ਹਰਗਿਜ਼ ਨਹੀ ਦਿਆਂਗਾ। ਮੇਰੇ ਤੋਂ ਬਾਦ ਸੰਗਤ, ਟਕਸਾਲ ਦਾ ਮੁਖੀ ਅਜਿਹਾ ਚੁਣੇਗੀ ਕਿ ਤੁਸੀਂ ਜਰਨੈਲ ਸਿੰਘ ਨੂੰ ਭੁੱਲ ਜਾਓਗੇ ।

ਉਨ੍ਹਾਂ ਪਾਸ ਇਕ ਬਾਟੇ ਵਿਚ ਬਦਾਮ ਅਤੇ ਮਖਾਣਿਆਂ ਦਾ ਮਿਸ਼ਰਣ ਪਿਆ ਸੀ। ਸਾਨੂੰ ਸਾਰਿਆ ਨੂੰ ਬੁੱਕ ਭਰ ਭਰ ਕੇ ਸਾਰਾ ਮੁਕਾ ਦਿੱਤਾ ਤੇ ਇਹ ਕਹਿਕੇ ਵਿਦਾ ਕੀਤਾ- ਸੰਕਟ ਆਵੇਗਾ ਤਾਂ ਡੋਲਣਾ ਨਹੀ। ਕਿਸ ਨੂੰ ਪਤਾ ਹੈ ਇਹ ਧਰਤੀਆਂ ਕਿਥੋਂ ਆਈਆਂ ਹਨ ? ਕੋਈ ਜਾਣਦਾ ਹੈ ਤੁਸੀ ਤੇ ਮੈਂ ਕਿੱਥੋਂ ਆਏ ਹਾਂ? ਕਿਉਂ ਆਏ ਹਾਂ ? ਤੇ ਕਿਥੇ ਜਾਵਾਂਗੇ ? ਅੰਦਾਜੇ ਲਾਈ ਜਾਂਦਾ ਹੈ ਸਾਰਾ ਜਹਾਨ। ਕੇਵਲ

www.punjabilibrary.com

ਮਹਾਰਾਜ ਜਾਣਦਾ ਹੈ ਸਭ ਕੁਝ ਕਿਉਂਕਿ ਉਹ ਇਸ ਸਾਰੇ ਕਾਸੇ ਦਾ ਕਰਤਾ ਹੈ। ਜਦੋਂ ਤੁਸੀਂ ਕਰਤੇ ਤੱਕ ਪੁੱਜ ਜਾਓਗੇ ਤਾਂ ਜਾਣੋਗੇ ਕਿ ਕਾਰਨ ਅਤੇ ਕਾਰਜ ਉਹੀਂ ਹੈ। ਕਰਤਾ ਅਤੇ ਕਿਰਤ ਉਹੀ ਹੈ। ਗੁਰੂ ਅਤੇ ਸਿੱਖ ਵਿਚ ਭੇਦ ਨਹੀਂ ਹੈ। ਜਦੋਂ ਕਦੀ ਕੋਈ ਦਰਬਾਰ ਸਾਹਿਬ ਉਪਰ ਹੱਲਾ ਬੋਲਦਾ ਹੈ ਤਾਂ ਕਰੋੜਾਂ ਦਿਲਾਂ ਵਿਚ ਦਰਬਾਰ ਸਾਹਿਬ ਦੀ ਉਸਾਰੀ ਹੋ ਜਾਂਦੀ ਹੈ ਤੁਰੰਤ। ਇਹ ਮੈਂ ਜਾਂ ਤੁਸੀ ਕਰ ਸਕਦੇ ਹੋ ? ਚੰਗਾ ਫਿਰ। ਜਾਓ। ਮਹਾਰਾਜ ਅੰਗ ਸੰਗ ਹਨ। ਲੰਗਰ ਛਕੇ ਬਿਨਾਂ ਨਹੀਂ ਜਾਣਾ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ।

ਇਹ ਗੱਲਾਂ 1984 ਨੂੰ ਮਈ ਦੇ ਪਹਿਲੇ ਹਫਤੇ ਹੋਈਆਂ। ਮੇਰੀ ਉਨ੍ਹਾਂ ਨਾਲ ਇਹ ਆਖਰੀ ਮੁਲਾਕਾਤ ਸੀ। ਜੂਨ ਦੇ ਪਹਿਲੇ ਹਫ਼ਤੇ ਭਾਰਤੀ ਫੌਜ ਨੇ ਪੂਰੀ ਵਿਉਂਤ ਨਾਲ ਗੋਲੇ ਦਾਗੇ ਤੇ ਕਿਸੇ ਨਾ ਕਿਸੇ ਰੂਪ ਵਿਚ 1 ਤੋਂ 7 ਜੂਨ ਤੱਕ ਗੋਲੀਬਾਰੀ ਹੋਈ। ਹੈਲੀਕਾਪਟਰਾਂ ਦੀ ਛਾਂ ਹੇਠ ਟੈਂਕ ਪਰਿਕਰਮਾ ਤਕ ਪੁੱਜੇ। ਲੈਫਟੀਨੈਂਟ ਜਨਰਲ ਬਰਾੜ ਨੇ ਐਲਾਨ ਕੀਤਾ- ਜਵਾਨੋ, ਦੁਸ਼ਮਣ ਦਰਬਾਰ ਸਾਹਿਬ ਅੰਦਰ ਹੈ, ਅਸੀਂ ਉਸਨੂੰ ਮੁਕਾਉਣਾ ਹੈ।

*ਦੁਸ਼ਮਣ* ਦਰਬਾਰ ਸਾਹਿਬ ਦੇ ਅੰਦਰ ਦਰਬਾਰ ਸਾਹਿਬ ਦੀ ਰਾਖੀ ਕਰ ਰਿਹਾ ਸੀ ਤੇ *ਮਿੱਤਰ* ਦਰਬਾਰ ਸਾਹਿਬ ਉਪਰ ਬਾਹਰੋਂ ਗੋਲੇ ਦਾਗਣ ਲੱਗਾ। ਬਿਜਲੀ ਬੰਦ। ਪਾਣੀ ਬੰਦ। ਜੂਨ ਦਾ ਅੱਗ ਉਗਲਦਾ ਮਹੀਨਾ। ਬਰਾੜ ਦੀ ਕਿਤਾਬ ਵਿਚੋਂ ਪੜ੍ਹਿਆ ਹੈ ਕਿ ਅੰਗਿਆਰਾਂ ਵਰਗੇ ਤਪਦੇ ਪਿੱਤਲ ਦੇ ਖਾਲੀ ਖੋਲ ਜਿਹੜੇ ਕਮਰਿਆਂ ਦੇ ਫਰਸ਼ ਉਪਰ ਗਿੱਠ ਗਿੱਠ ਉਚਾਈ ਤੱਕ ਵਿਛੇ ਪਏ ਸਨ, ਉਪਰੋਂ ਲੰਘ ਕੇ ਫੌਜ ਲਾਸ਼ਾਂ ਤੱਕ ਪੁੱਜੀ।

ਪੁਲਿਸ ਅਫ਼ਸਰਾਂ ਨੇ ਲਾਸ਼ਾਂ ਦੀ ਸ਼ਨਾਖਤ ਆਪਣੇ ਤੌਰ ਤੇ ਕਰ ਲਈ ਸੀ ਪਰ ਵਿਸ਼ੇਸ਼ ਜਹਾਜ ਰਾਹੀਂ ਸੂਬੇਦਾਰ ਹਰਚਰਨ ਸਿੰਘ ਨੂੰ ਦਰਬਾਰ ਸਾਹਿਬ ਵਿਚ ਲਿਆ ਕੇ ਸੰਤ ਜਰਨੈਲ ਸਿੰਘ ਦੀ ਲਾਸ਼ ਦੀ ਸ਼ਨਾਖ਼ਤ ਕਰਵਾਈ। ਸੂਬੇਦਾਰ ਸਾਹਿਬ ਸੰਤਾਂ ਦੇ ਭਰਾ ਹਨ ਜੋ ਪਿੱਛੋਂ ਆਨਰੇਰੀ ਕੈਪਟਨ ਵਜੋਂ ਪੈਨਸ਼ਨ ਆਏ ਤੇ ਕਹਿੰਦੇ ਰਹੇ ਕਿ ਸੰਤ ਚੜ੍ਹਦੀ ਕਲਾ ਵਿਚ ਹਨ।

ਕਰਫਿਊ ਲੱਗਿਆ ਹੋਇਆ ਸੀ ਪਰ ਪਤਾ ਲੱਗ ਰਿਹਾ ਸੀ ਕਿ 42 ਹੋਰ ਗੁਰਦੁਆਰਿਆਂ ਉਪਰ ਫੌਜ ਨੇ ਇਕੋ ਸਮੇਂ ਹਮਲਾ ਕੀਤਾ ਸੀ। ਹਿੰਦੂ ਵਖਰੇ ਅਤੇ ਸਿੱਖ ਵਖਰੀਆਂ ਵਖਰੀਆਂ ਟੋਲੀਆਂ ਵਿਚ ਘੁੰਮਣ ਲੱਗ ਪਏ ਸਨ। ਸ਼ਹਿਰ ਤਾਂ ਪੂਰਾ ਬੰਦ ਸੀ ਪਰ ਅਰਬਨ ਐਸਟੇਟ ਪਟਿਆਲੇ ਸ਼ਹਿਰ ਤੋਂ ਕਟਿਆ ਹੋਣ ਕਰਕੇ ਅਤੇ ਆਬਾਦੀ ਘੱਟ ਹੋਣ ਕਰਕੇ, ਸੜਕਾਂ ਤੇ ਟਹਿਲ ਸਕਦੇ ਸਾਂ। ਘਰ ਦੇ ਅੰਦਰ ਕੋਈ ਕੋਈ ਬੈਠਾ ਹੋਵੇਗਾ। ਕੜਕਦੀ ਧੁੱਪ ਵਿਚ ਅਸੀਂ ਸਭ ਸੜਕਾਂ ਉੱਪਰ ਤੁਰੇ ਫਿਰਦੇ ਸਾਂ, ਪਤਾ ਹੀ ਨਹੀਂ ਲਗਦਾ ਸੀ ਧੁਪੇ ਫਿਰ ਰਹੇ ਹਾਂ। ਸੁਖਦਿਆਲ 8 ਜੂਨ ਨੂੰ ਸਵੇਰੇ 6 ਵਜੇ ਸਾਡੇ ਘਰ ਆਇਆ। ਉਸ ਦੇ ਕਹੇ ਦੋ ਤਿੰਨ ਵਾਕ ਹੂਬਹੂ ਯਾਦ ਹਨ,- ਫੜ ਲੈ ਪੂਛ ਸੰਤ ਜਰਨੈਲ ਸਿੰਘ ਦੀ ਹੁਣ। ਸਾਰੇ ਦਾ ਸਾਰਾ ਟੋਲਾ ਨਾਲ ਲੈ ਕੇ ਮਰ ਗਿਆ। ਅਕਲ ਦੇਖ ਲੈ ਉਸਦੀ। ਬੇਇਜਤੀ ਕਰਵਾ ਦਿਤੀ ਸਭ ਦੀ।

ਕਿਸੇ ਨੇ ਉਸਦੀਆਂ ਇਨ੍ਹਾਂ ਗੱਲਾਂ ਦਾ ਨਾ ਨੋਟਿਸ ਲਿਆ ਨਾ ਜਵਾਬ ਦਿੱਤਾ। ਜਿਵੇਂ ਕਿਸੇ ਨੇ ਕੁੱਝ ਸੁਣਿਆ ਹੀ ਨਹੀਂ ਹੁੰਦਾ।ਜਿਵੇਂ ਟੈਲੀਵਿਜ਼ਨ ਉਪਰ ਮਾੜਾ ਰਿਕਾਰਡ ਵਜਦਾ ਸੁਣਕੇ ਪਰਿਵਾਰ ਦੇ ਮੈਂਬਰ ਇਉਂ ਵਰਤਾਓ ਕਰਿਆ ਕਰਦੇ ਹਨ, ਕਿਸੇ ਨੂੰ ਕੁਝ ਸੁਣ ਨਹੀਂ ਰਿਹਾ।

ਪੰਜਾਬੀ ਯੂਨੀਵਰਸਿਟੀ ਵਿਚ ਕੁਲਦੀਪ ਸਿੰਘ ਨਾਮ ਦਾ ਇਕ ਰਿਸਰਚ ਸਕਾਲਰ ਮੇਰਾ ਮਿੱਤਰ ਸੀ, ਹੋਸਟਲ ਤੋਂ ਭੱਜ ਕੇ ਅਰਬਨ ਐਸਟੇਟ ਆ ਗਿਆ। ਕਹਿਣ ਲੱਗਾ- ਕਿਤੇ ਭੱਜ ਚੱਲੀਏ, ਪੁਲੀਸ ਅਤੇ ਫੌਜ ਉਨ੍ਹਾਂ ਬੰਦਿਆਂ ਨੂੰ ਫੜਦੀ ਫਿਰਦੀ ਹੈ ਜਿਨ੍ਹਾਂ ਬਾਰੇ ਪਤਾ ਲੱਗਦਾ ਹੈ ਕਿ ਕਦੀ ਸੰਤਾਂ ਪਾਸ ਗਏ ਸਨ। ਮੈਨੂੰ ਉਸ ਦੀ ਗੱਲ ਠੀਕ ਲੱਗੀ। ਦੋਵੇਂ ਪੈਦਲ ਘਰੋਂ ਨਿਕਲ ਗਏ। ਖੇਤਾਂ ਦੀਆਂ ਪਗਡੰਡੀਆਂ ਉੱਪਰ ਤੁਰੇ ਜਾ ਰਹੇ ਸਾਂ ਹੌਲੀ ਹੌਲੀ ਕਿ ਕੁਲਦੀਪ ਸਿੰਘ ਨੇ ਕਿਹਾ- ਤੇਜ਼ ਚੱਲੋ ਪ੍ਰੋਫੈਸਰ ਸਾਹਿਬ। ਮੈਂ ਕਿਹਾ- ਬਿਨਾਂ ਇਹ ਜਾਣਨ ਦੇ ਕਿ ਕਿਥੇ ਪੁੱਜਣਾ ਹੈ ਸਿੱਖ ਬਹੁਤ ਤੇਜ਼ ਚਲਦੇ ਹਨ। ਉਹ ਹੱਸ ਪਿਆ। ਜਿੱਥੇ ਕਿਤੇ ਜਾਂਦੇ, ਘਰ ਵਿਚ ਹਫੜਾ ਦਫੜੀ ਮਚ ਜਾਂਦੀ। ਘੁਸਰ ਮੁਸਰ ਸ਼ੁਰੂ ਹੋ ਜਾਂਦੀ। ਜਿਵੇਂ ਕੋਈ ਪ੍ਰੇਤ ਆਤਮਾ ਆ ਵੜੀ ਹੋਵੇ ਤੇ ਉਸਨੂੰ ਟਾਲਣ ਦਾ ਕੋਈ ਮੰਤਰ ਨਾ ਲੱਭਦਾ ਹੋਵੇ। ਅਸੀਂ ਜਲਦੀ ਜਲਦੀ ਘਰ ਬਦਲਦੇ। ਕੁੱਝ ਲੋਕ ਖੇਤਾਂ ਵਿੱਚ ਬੈਠੇ ਇਸ ਸਭ ਬਾਰੇ ਗੱਲਾਂ ਕਰ ਰਹੇ ਸਨ। ਇਕ ਨੇ ਕਿਹਾ- ਨਾਲੇ ਸਾਧ ਆਪ ਮਰ ਗਿਆ ਨਾਲੇ ਸਿੱਖਾਂ ਨੂੰ ਮਰਵਾ ਗਿਆ। ਸੁਣ ਕੇ ਸਾਹਮਣੇ ਵਾਲੇ ਨੇ ਕਿਹਾ- ਅੱਜ

www.punjabilibrary.com

ਇਹੋ ਲੱਗਦਾ ਹੈ ਜੋ ਤੂੰ ਕਿਹਾ ਹੈ। ਕੱਲ੍ਹ ਨੂੰ ਸ਼ਾਇਦ ਲੋਕ ਇਹ ਕਹਿਣ ਕਿ ਇਕ ਸਾਧ ਸੀ ਜਰਨੈਨ ਸਿੰਘ। ਬਸ ਉਹੋ ਬਚਿਆ ਤੇ ਉਸੇ ਨੇ ਸਿੱਖਾਂ ਨੂੰ ਬਚਾਇਆ।

ਇਕ ਦਿਨ ਤਾਂ ਕਮਾਲ ਹੋ ਗਈ। ਇਕ ਦੋਸਤ ਦਾ ਘਰ ਖੇਤ ਵਿਚ ਸੀ। ਸੋਚਿਆ ਉਸ ਕੋਲ ਕੁਝ ਦਿਨ ਕੱਟੀਏ। ਘਰ ਮਿਲ ਗਿਆ। ਬਾਕੀ ਮੈਂਬਰ ਵੀ ਮੌਜੂਦ ਸਨ। ਕਿਸੇ ਨੇ ਸੱਤ ਸ੍ਰੀ ਅਕਾਲ ਦਾ ਜਵਾਬ ਨਹੀਂ ਦਿੱਤਾ। ਮੇਰਾ ਦੋਸਤ ਨਾ ਬੈਠਣ ਲਈ ਆਖੇ ਨਾ ਜਾਣ ਲਈ। ਸੁੰਨ ਹੋਇਆ ਖਲੋਤਾ ਰਿਹਾ। ਤਰੇਹ ਲੱਗੀ ਹੋਣ ਕਾਰਨ ਮੈਂ ਕਿਹਾ- ਮਾਤਾ ਪਾਣੀ ਪਿਆਈਂ। ਮਾਤਾ ਪਾਣੀ ਲੈਣ ਗਈ ਤਾਂ ਮੈਂ ਕੰਧ ਨਾਲ ਖਲੋਤੀ ਮੰਜੀ ਨਿੰਮ ਹੇਠ ਡਾਹ ਲਈ, ਦੋਵੇਂ ਜਣੇ ਬੈਠ ਗਏ। ਪਾਣੀ ਪਿਆ ਦਿਤਾ ਮਾਤਾ ਨੇ। ਅਸੀਂ ਘਰੋਂ ਵੀ-ਸ਼ੇਪ ਬਾਥਰੂਮ ਚੱਪਲਾਂ ਪਾਕੇ ਨਿਕਲ ਆਏ ਹੋਏ ਸਾਂ। ਗਰਮੀ ਸੀ ਤੇ ਪਸੀਨੇ ਉਪਰ ਖੇਤਾਂ ਦੀ ਧੂੜ ਪੈ ਪੈ ਕੇ ਪੈਰਾਂ ਵਿਚ ਚਿੱਕੜ ਹੋਇਆ ਪਿਆ ਸੀ, ਕਚਿਆਣ ਆ ਰਹੀ ਸੀ। ਮੈਂ ਕਿਹਾ- ਮਾਤਾ ਜੇ ਬਾਲਟੀ ਪਾਣੀ ਦੀ ਮਿਲ ਜਾਏ ਤਾਂ ਪੈਰ ਵੀ ਧੋ ਲਈਏ। ਮਾਤਾ ਫਟਾ ਫਟ ਅੱਧੀ ਕੁ ਬਾਲਟੀ ਪਾਣੀ ਦੀ ਲੈ ਆਈ ਤੇ ਜਿਵੇਂ ਮਾਵਾਂ ਬੱਚਿਆਂ ਦੇ ਪੈਰ ਧੋਂਦੀਆਂ ਹਨ, ਤੁਰਤ ਸਾਡੇ ਪੈਰ ਖੁਦ ਧੋਕੇ ਚੱਪਲਾਂ ਆਪੇ ਸਾਡੇ ਪੈਰਾਂ ਵਿਚ ਫਸਾ ਕੇ ਕਹਿਣ ਲੱਗੀ- ਦੌੜ ਜਾਓ ਹੁਣ। ਇਥੇ ਤਾਂ ਸਾਡੇ ਖਤਰਾ ਬੜਾ ਹੈ।

ਇਸ ਮਾਈ ਨੂੰ ਇਉਂ ਲੱਗਾ ਕਿ ਆਨੀ ਬਹਾਨੀ ਅਸੀਂ ਉਸ ਘਰ ਵਿਚ ਵਧੀਕ ਸਮਾਂ ਬਿਤਾ ਰਹੇ ਹਾਂ ਜੋ ਮੇਜ਼ਬਾਨ ਨੂੰ ਪਸੰਦ ਨਹੀਂ ਸੀ। ਮੈਂ ਅਤੇ ਕੁਲਦੀਪ ਖੇਤਾਂ ਵਿਚ ਦੂਰ ਜਾਕੇ ਖੂਬ ਹੱਸੇ। ਸ਼ਾਮ ਪੈਣ ਲੱਗੀ। ਇਕ ਟਿਊਬਵੈਲ ਚਲਦਾ ਦੇਖਿਆ। ਸੋਚਿਆ ਇਸ਼ਨਾਨ ਹੀ ਕਰ ਲਈਏ। ਉਥੇ ਪੁੱਜੇ। ਇਕ ਜੁਆਨ ਮੰਜੀ ਉਪਰ ਪਿਆ ਸੀ। ਸਾਨੂੰ ਦੇਖ ਕੇ ਉਠ ਬੈਠਾ ਤੇ ਬੈਠਣ ਲਈ ਕਿਹਾ। ਪੁੱਛਣ ਲੱਗਾ- ਬੁਰੇ ਦਿਨ ਹਨ। ਤੁਸੀ ਕਿੱਧਰ ਜਾ ਰਹੇ ਹੋ ਇਸ ਵੇਲੇ ? ਤੁਰਨ ਫਿਰਨ ਵਿਚ ਤਾਂ ਖਤਰਾ ਹੈ। ਮੈਂ ਕਿਹਾ- ਅਹੁ ਉਸ ਘਰ ਵਿਚ ਮੇਰਾ ਦੋਸਤ ਰਹਿੰਦਾ ਹੈ ਗਿੱਲ। ਉਸ ਪਾਸ ਗਏ ਸਾਂ। ਬਹੁਤ ਜ਼ਰੂਰੀ ਕੰਮ ਸੀ ਕੋਈ। ਪਰ ਉਹ ਘਰ ਨਹੀਂ ਮਿਲਿਆ ਇਸ ਕਰਕੇ ਪਰਤ ਆਏ। ਮੁੰਡਾ ਹੱਸ ਪਿਆ। ਕਹਿਣ ਲੱਗਾ- ਹੁਣੇ ਤਾਂ ਇਥੋਂ ਥੋੜੀ ਦੇਰ ਪਹਿਲਾਂ ਗਿੱਲ ਮੇਰੀ ਬੰਬੀ ਤੋਂ ਉਠ ਕੇ ਘਰ ਗਿਆ ਹੈ। ਝੂਠ ਕਿਉਂ ਬੋਲਦੇ ਹੋ? ਅਸੀਂ ਚੁੱਪ ਕਰ ਗਏ। ਉਸਨੂੰ ਸਹੀ ਗੱਲ ਦੱਸ ਦਿੱਤੀ। ਕਹਿਣ ਲੱਗਾ- ਇਥੇ ਮੇਰੇ ਖੇਤ ਵਿਚ ਕੋਈ ਖਤਰਾ ਨਹੀਂ। ਮੋਟਰ ਵਾਲੇ ਕੋਠੇ ਵਿਚ ਆਰਾਮ ਨਾਲ ਰਹੋ। ਉਹ ਗਾਂ ਦੀ ਧਾਰ ਚੋ ਲਿਆਇਆ। ਇੰਨੇ ਨੂੰ ਅਸੀਂ ਨਹਾ ਲਏ ਤੇ ਫਿਰ ਦੁੱਧ ਪੀਤਾ। ਫਿਰ ਉਹ ਪਿੰਡੋਂ ਹਨੇਰੇ ਪਏ ਰੋਟੀ ਲੈ ਆਇਆ ਤੇ ਅਸੀਂ ਇਵੇਂ ਹੀ ਕਈ ਦਿਨ ਉਥੇ ਟਿਕਾਣਾ ਕੀਤਾ। ਮੇਰਾ ਸਾਥੀ ਹੋਲੀ ਦੇ ਕੇ ਮੇਰੇ ਕੰਨ ਵਿਚ ਕਹਿਣ ਲੱਗਾ- ਜਿਸ ਤਰ੍ਹਾਂ ਇਹ ਮੁੰਡਾ ਸਾਡੀ ਸੇਵਾ ਵਿਚ ਲੱਗਾ ਰਿਹਾ ਹੈ ਜੇਹਲ ਇਹ ਵੀ ਜਾਏਗਾ ਲਾਜ਼ਮੀ। ਅਸੀਂ ਹੱਸ ਪਏ। ਮੈਂ ਕਿਹਾ- ਤੂੰ ਦੱਸੇਂਗਾ ਪੁਲਸ ਨੂੰ ਕਿ ਇਸ ਪਾਸ ਰਹੇ ਸਾਂ? ਕੁਲਦੀਪ ਨੇ ਕਿਹਾ- ਮੈਂ ਜਾਂ ਤੁਸੀਂ ਨਹੀਂ ਦੱਸਾਂਗੇ। ਸਿੱਖਾਂ ਦੀ ਸੇਵਾ ਕਰਨ ਦਾ ਆਖਰ ਇਹੀ ਨਤੀਜਾ ਹੋਇਆ ਕਰਦਾ ਹੈ ਇਸ ਦੇਸ ਵਿਚ।

ਦੋ ਕੁ ਹਫ਼ਤਿਆਂ ਦੀ ਇਧਰ ਉਧਰ ਝੱਖ ਮਾਰਕੇ ਮੈਂ ਥੱਕ ਗਿਆ। ਫੈਸਲਾ ਕੀਤਾ, ਦੇਖੀ ਜਾਏਗੀ ਜੋ ਹੋਏਗੀ। ਆਪਾਂ ਕਿਹੜਾ ਖੂਨ ਕੀਤੇ ਹੋਏ ਹਨ ਜੋ ਲੁਕੇ ਫਿਰਦੇ ਹਾਂ? ਫੜਨਗੇ ਤਾਂ ਫੜ ਲੈਣ। ਮੇਰਾ ਸਾਥੀ ਕਹਿਣ ਲੱਗਾ- ਮੈਂ ਨਹੀਂ ਜਾਣਾ ਘਰ ਘੁਰ। ਕੋਈ ਘਰ ਰਿਹਾ ਈ ਨਹੀਂ ਤਾਂ ਜਾਈਏ ਕਿਥੇ। ਤੁਸੀਂ ਜਾਣਾ ਹੈ ਜਾਉ। ਉਸ ਨੇ ਜੱਫੀ ਪਾਈ। ਵੱਖ ਦਿਸ਼ਾ ਵਿਚ ਤੁਰ ਗਿਆ। ਫਿਰ ਨਹੀਂ ਮਿਲਿਆ। ਮੈਂ ਘਰ ਆ ਗਿਆ। ਪਤਨੀ ਨੇ ਦੱਸਿਆ- ਪੁਲਸ ਵਾਲੇ ਕਈ ਵਾਰ ਪੁੱਛ ਗਏ ਹਨ। ਇਕ ਦਿਨ ਸੁਖਦਿਆਲ ਆਇਆ ਸੀ। ਕਹਿੰਦਾ ਸੀ ਜ਼ਰੂਰੀ ਗੱਲ ਕਰਨੀ ਹੈ ਕੋਈ। ਮੈਂ ਸੁਖਦਿਆਲ ਸਿੰਘ ਨੂੰ ਮਿਲਿਆ ਤਾਂ ਉਸ ਨੇ ਕਿਹਾ- ਮੈਨੂੰ ਫੌਜੀ ਘਰੋਂ ਫੜ ਕੇ ਲੈ ਗਏ ਸਨ। ਤਿੰਨ ਚਾਰ ਘੰਟੇ ਪੁੱਛ ਗਿੱਛ ਕਰਕੇ ਛੱਡ ਦਿੱਤਾ। ਤੂੰ ਵੀ ਦੌੜੀਂ ਨਾ ਕਿਧਰੇ। ਮੈਂ ਤੇਰੀ ਗੱਲ ਵੀ ਕਰਕੇ ਆਇਆ ਹਾਂ। ਉਹ ਕਹਿੰਦੇ ਸਨ ਪ੍ਰੋ. ਪੰਨੂ ਨੂੰ ਪੇਸ਼ ਕਰਦੇ, ਕੁਝ ਨਹੀਂ ਆਖਦੇ। ਜੋ ਪੁੱਛਣਗੇ ਦੱਸ ਦੇਈਂ। ਆਪਣੇ ਕੋਲ ਕਿਹੜਾ ਕੋਈ ਭੇਦ ਹਨ? ਉਸਨੇ ਦੱਸਿਆ ਕਿ ਗੁ. ਦੁਖਨਿਵਾਰਨ ਲਾਗੇ ਸਕੂਲ ਹੈ। ਉਸ ਵਿਚ ਬ੍ਰਿਗੇਡੀਅਰ ਚੌਧਰੀ ਦਾ ਕੈਂਪ ਹੈ। ਚੌਧਰੀ ਪਟਿਆਲੇ ਜ਼ਿਲੇ ਦਾ ਕਮਾਂਡਰ ਹੈ। ਉਸ ਨੂੰ ਮਿਲ ਆ। ਆਖੀਂ ਮੈਨੂੰ ਸੁਖਦਿਆਲ ਸਿੰਘ ਨੇ ਭੇਜਿਆ ਹੈ।

ਬਹੁਤ ਸਖਤ ਪਹਿਰਿਆਂ ਅੰਦਰ ਉਸਦਾ ਦਫ਼ਤਰ ਸੀ। ਮੈਂ ਚਲਾ ਗਿਆ। ਪੁੱਛ ਗਿੱਛ, ਤਲਾਸ਼ੀਆਂ ਆਦਿਕ ਤੋਂ ਬਾਦ ਅੰਦਰ ਲੈ ਗਏ ਤੇ ਕਿਹਾ ਜਿੰਨਾ ਸਮਾਂ ਗੱਲ ਕਰੋ ਹੱਥ ਪਿੱਛੇ ਰੱਖਣੇ ਹਨ। ਚੌਧਰੀ ਸਾਹਿਬ ਨੇ ਸੰਖੇਪ ਜੀਵਨ ਬਿਉਰਾ ਨੋਟ ਕੀਤਾ ਤੇ ਕਿਹਾ- ਜਾਓ। ਘਰ ਹੀ ਰਹਿਣਾ। ਜੇ ਫੇਰ ਲੋੜ ਪਈ,

www.punjabilibrary.com

ਹੋਰ ਪੁੱਛ ਗਿੱਛ ਕਰ ਲਵਾਂਗੇ। ਟਲਿਓ ਨਾ। ਮੈਂ ਘਰ ਆ ਗਿਆ ਤੇ ਬੇਚੈਨੀ ਘਟੀ। ਆਰਾਮ ਨਾਲ ਸੌਂ ਗਏ। ਅੱਧੀ ਰਾਤ ਜ਼ੋਰ ਜ਼ੋਰ ਦੀ ਬੂਹਾ ਖੜਕਿਆ। ਕਾਲ ਬੈਲ ਵੀ ਵੱਜੀ ਜਾਵੇ ਤੇ ਠੱਕ ਠੱਕ ਬੂਹਾ ਵੀ। ਮੈਂ ਤੇ ਮੇਰੀ ਪਤਨੀ ਉਠੇ। ਆਲੇ ਦੁਆਲੇ ਸਰਚ ਲਾਈਟਾਂ ਨੇ ਅੱਖਾਂ ਚੁੰਧਿਆ ਦਿੱਤੀਆਂ। ਚਾਰ ਟੈਂਕ ਘਰ ਦੇ ਚੁਫੇਰੇ ਲੋਡਡ ਤੈਨਾਤ ਸਨ। ਲੋਹ-ਟੋਪ ਪਾਈ ਫੌਜੀ, ਕਾਰਬਾਈਨਾ, ਸਟੇਨਗੰਨਾਂ ਬੀੜੀ ਗਵਾਂਢੀਆਂ ਦੀਆਂ ਛੱਤਾਂ ਤੇ ਲੇਟੇ ਹੋਏ ਸਨ। ਮੈਂ ਦਰਵਾਜ਼ਾ ਖੋਲ੍ਹਿਆ। ਚਾਰ ਜਵਾਨ ਤੇਜ਼ੀ ਨਾਲ ਅੱਗੇ ਵਧੇ ਤੇ ਮੇਰੀਆਂ ਦੋਵੇਂ ਬਾਹਵਾਂ ਕਸ ਕੇ ਪਿਛੇ ਬੰਨ੍ਹ ਦਿੱਤੀਆਂ। ਅਣਦੱਸੀ ਥਾਂ ਲੈ ਗਏ। ਉਥੇ ਕੀ ਜ਼ੁਲਮ ਕਿਵੇਂ ਕਿਵੇਂ ਕੀਤਾ ਗਿਆ ਉਸਦਾ ਵੇਰਵਾ ਤੇ ਵਿਸਥਾਰ ਇਥੇ ਲੋੜੀਂਦਾ ਨਹੀਂ। ਉਸ ਬਾਰੇ ਵੱਖਰੀ ਤਫਸੀਲ ਦਿਆਂਗਾ, ਕਿਸੇ ਹੋਰ ਥਾਂ। ਫੌਜੀਆਂ ਨੂੰ ਮੇਰੇ ਵਿਚੋਂ ਕੋਈ ਅਪਰਾਧ ਨਹੀਂ ਲੱਭਦਾ ਸੀ ਪਰ ਉਹ ਦੋ ਕਾਰਨਾਂ ਕਰਕੇ ਅਣਮਨੁੱਖੀ ਤਸ਼ੱਦਦ ਕਰਦੇ ਰਹੇ, ਪਹਿਲਾ ਇਹ ਕਿ ਫੜੇ ਗਏ ਆਤੰਕਵਾਦੀ ਹੰਢੇ ਹੋਏ ਮੁਜਰਿਮ ਹਨ ਜੋ ਏਨੀ ਸਖਤੀ ਝੱਲ ਰਹੇ ਸਨ ਪਰ ਦੱਸਦੇ ਕੁਝ ਨਹੀਂ। ਦੂਜਾ ਕਾਰਨ ਇਹ ਸੀ ਕਿ ਦਰਬਾਰ ਸਾਹਿਬ ਉਪਰ ਹੋਏ ਹਮਲੇ ਵਿਚ ਫੌਜ ਦਾ ਭਾਰੀ ਨੁਕਸਾਨ ਹੋਇਆ ਸੀ। ਸੈਂਕੜਿਆਂ ਵਿਚ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਜੁਆਨ ਮਾਰੇ ਗਏ ਸਨ। ਉਨ੍ਹਾਂ ਦਾ ਬਦਲਾ ਸਾਡੇ ਤੋਂ ਲਿਆ ਜਾ ਰਿਹਾ ਸੀ। ਦੋ ਮਹੀਨਿਆਂ ਦੀ ਇੰਟੈਰੋਗੇਸ਼ਨ ਤੋਂ ਬਾਦ ਸਾਨੂੰ 40 ਕੁ ਬੰਦਿਆਂ ਨੂੰ ਅਧਮਰੇ ਜਿਹੇ ਕਰਕੇ ਸੁਰੱਖਿਆ ਜੇਲ੍ਹ ਨਾਭਾ ਵਿਚ ਸੁੱਟ ਆਏ।

ਕਿਹੜੀ ਗੰਦੀ ਗਾਲ ਅਜਿਹੀ ਹੋਵੇਗੀ ਜਿਹੜੀ ਉਨ੍ਹਾਂ ਨੇ ਭਿੰਡਰਾਂ ਵਾਲੇ ਨੂੰ ਨਾ ਦਿੱਤੀ ਹੋਵੇ। ਦੁੱਖ ਵਿਚ ਜ਼ਖਮੀ ਹੋਣ ਦੀ ਸੂਰਤ ਵਿਚ ਕੋਈ ਬੰਦੀ ਵਾਹਿਗੁਰੂ ਆਖ ਦਿੰਦਾ ਤਾਂ ਬੰਦੂਕਾਂ ਦੇ ਬੱਟ ਹੱਡੀਆਂ ਤੋੜ ਦਿੰਦੇ। ਚਾਰ ਪੰਜ ਮਹੀਨਿਆਂ ਬਾਦ ਸੈਂਟਰਲ ਜੇਲ੍ਹ ਪਟਿਆਲੇ ਬਦਲ ਦਿੱਤਾ ਜਿਥੇ ਬਹੁਤ ਸਿੱਖ ਜੁਆਨ ਅਤੇ ਜਥੇਦਾਰ ਨਜ਼ਰਬੰਦ ਸਨ। ਬੜੀ ਤੇਜ਼ ਅਫਵਾਹ ਚੱਲ ਰਹੀ ਸੀ ਕਿ ਸੰਤ ਜਰਨੈਲ ਸਿੰਘ ਫਰਾਰ ਹੋ ਗਏ ਹਨ, ਚੜ੍ਹਦੀਕਲਾ ਵਿਚ ਹਨ। ਇਸ ਖਬਰ ਨੂੰ ਉਡਾਉਣ ਵਿਚ ਸਰਕਾਰ ਦਾ ਪੱਕਾ ਹੱਥ ਸੀ ਕਿਉਂਕਿ ਇੰਟੈਰੋਗੇਸ਼ਨ ਕਰਦੇ ਫੌਜੀ ਜੁਆਨ ਅਤੇ ਜੇਲ੍ਹ ਦੇ ਮੁਲਾਜ਼ਮ ਅਕਸਰ ਆਖਦੇ ਕਿ ਸੰਤ ਬਚ ਕੇ ਨਿਕਲ ਗਿਆ ਹੈ। ਇਉਂ ਕਰਨ ਵਿਚ ਸਰਕਾਰ ਨੂੰ ਲਾਭ ਕੀ ਸੀ, ਪਤਾ ਨਹੀਂ। ਫਰੀਦਕੋਟ ਦੇ ਸੀਨੀਅਰ ਐਡਵੋਕੇਟ ਤੇ ਬੜੇ ਤੀਖਣ ਬੁੱਧ ਬਜ਼ੁਰਗ ਇੰਦਰਜੀਤ ਸਿੰਘ ਸੇਖੋਂ ਨੇ ਕਿਹਾ- ਮੈਨੂੰ ਅਪਰੇਸ਼ਨ ਬਲੂਸਟਾਰ ਤੋਂ ਮਹੀਨਾ ਕੁ ਬਾਦ ਫੜਿਆ ਸੀ। ਮੈਂ ਇਹ ਅਫਵਾਹ ਸੁਣਦਾ ਤਾਂ ਹਰ ਉਸ ਬੰਦੇ ਪਾਸ ਪੁੱਜਦਾ ਜਿਹੜਾ ਦੱਸਦਾ ਕਿ ਸੰਤ ਠੀਕ ਠਾਕ ਹਨ। ਉਹ ਅੱਗੋਂ ਕਿਸੇ ਹੋਰ ਦਾ ਨਾਮ ਲੈਂਦਾ ਤੇ ਅਗਲਾ ਅੱਗੋਂ ਕਿਸੇ ਹੋਰ ਦਾ। ਇਕ ਵੀ ਬੰਦਾ ਨਹੀਂ ਮਿਲਿਆ ਜਿਹੜਾ ਕੁਝ ਸਹੀ ਜਾਣਦਾ ਹੋਵੇ। ਆਖਰ ਮੈਂ ਸੰਤਾਂ ਦੇ ਭਰਾ ਕੈਪਟਨ ਹਰਚਰਨ ਸਿੰਘ ਨੂੰ ਪੁੱਛਿਆ- ਤੁਸੀਂ ਸਨਾਖ਼ਤ ਕਰਕੇ ਆਏ ਸੀ ਸੰਤਾਂ ਦੀ। ਉਨ੍ਹਾਂ ਦਾ ਚਿਹਰਾ ਦੇਖਿਆ ਸੀ? ਕੈਪਟਨ ਨੇ ਕਿਹਾ- ਉਹ ਮੇਰਾ ਭਰਾ ਸੀ। ਮੈਂ ਤਾਂ ਪਿੱਠ ਪਿਛੋਂ ਦੇਖ ਕੇ ਦੱਸ ਦਿੰਦਾ ਕਿ ਇਹ ਲਾਸ਼ ਮੇਰੇ ਭਰਾ ਦੀ ਹੈ। ਪਰ ਮੈਂ ਤਾਂ ਧਿਆਨ ਨਾਲ ਚਿਹਰਾ ਅਤੇ ਬਾਕੀ ਅੰਗ ਦੇਖ ਕੇ ਆਇਆ ਹਾਂ। ਥੋੜ੍ਹੇ ਸਮੇਂ ਬਾਦ ਕੈਪਟਨ ਸਾਹਿਬ ਵੀ ਲੋਕਾਂ ਨੂੰ ਕਹਿਣ ਲੱਗ ਪਏ - ਸੰਤ ਚੜ੍ਹਦੀ ਕਲਾ ਵਿਚ ਹਨ। ਪਿਤਾ ਜ. ਜੋਗਿੰਦਰ ਸਿੰਘ, ਪਰਿਵਾਰ ਦੇ ਸਾਰੇ ਮੈਂਬਰ ਅਤੇ ਦਮਦਮੀ ਟਕਸਾਲ ਲਗਾਤਾਰ ਇਹੋ ਰਾਗ ਅਲਾਪਦੇ ਰਹੇ। ਅਜਿਹਾ ਕਿਉਂ ਕਰ ਰਹੇ ਸਨ ਪਤਾ ਨਹੀਂ।

ਜੇਲ੍ਹ ਵਿਚ ਅਖਬਾਰਾਂ ਆਉਣੀਆਂ ਸ਼ੁਰੂ ਹੋਈਆਂ। ਇੰਦਰਾ ਗਾਂਧੀ ਦੀ ਜੈ ਜੈ ਕਾਰ ਹੋ ਰਹੀ ਸੀ। ਜੈ ਜੈ ਕਾਰ ਕਰਨ ਵਾਲਿਆਂ ਵਿਚ ਕਮਿਊਨਿਸਟ ਅਤੇ ਬੀ.ਜੇ.ਪੀ. ਦੇ ਆਗੂ ਕਿਸੇ ਤੋਂ ਪਿਛੇ ਨਹੀਂ ਸਨ। - ਯੇ ਕਾਮ ਤੋਂ (ਦਰਬਾਰ ਸਾਹਿਬ ਉਪਰ ਹਮਲਾ) ਬਹੁਤ ਪਹਿਲੇ ਕਰ ਲੇਨਾ ਚਾਹੀਏ ਥਾ। ਵਧਾਈ ਦੇ ਸੰਦੇਸ਼। ਵਿਜਈ ਤਾਰਾਂ ਅਤੇ ਲੇਖ। ਉਸਨੂੰ ਦੁਰਗਾ ਮਾਤਾ ਕਿਹਾ ਗਿਆ।

ਸਰਕਾਰ ਨੇ ਸ. ਬੂਟਾ ਸਿੰਘ ਅਤੇ ਬਾਬਾ ਸੰਤਾ ਸਿੰਘ ਦੀ ਨਿਗਰਾਨੀ ਹੇਠ ਅਕਾਲ ਤਖਤ ਅਤੇ ਦਰਬਾਰ ਸਾਹਿਬ ਦੀ ਉਸਾਰੀ, ਮੁਰੰਮਤ ਕਰਵਾਈ। ਸਿੱਖਾਂ ਨੂੰ ਇਹ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਸਰਕਾਰੀ ਤਖਤ ਢਹਿ ਢੇਰੀ ਕਰਕੇ ਨਵੇਂ ਸਿਰੇ ਤੋਂ ਬਣਾਉਣਾ ਸ਼ੁਰੂ ਕਰ ਦਿੱਤਾ। ਦਰਬਾਰ ਸਾਹਿਬ ਦੇ ਬਾਹਰ ਦੁਕਾਨਾਂ ਵਿਚੋਂ ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਅਤੇ ਜਰਨੈਲ ਸੁਬੇਗ ਸਿੰਘ ਦੀਆਂ ਤਸਵੀਰਾਂ ਹਜ਼ਾਰਾਂ ਦੀ ਗਿਣਤੀ ਵਿਚ ਵਿਕ ਰਹੀਆਂ ਸਨ। ਇਕ ਪੇਂਡੂ ਯਾਤਰੂ ਨਾਲ ਦੇ ਨੂੰ ਪੁੱਛਣ ਲੱਗਾ, ''ਇਥੇ ਸੰਤ ਲੌਂਗੋਵਾਲ, ਟੌਹੜਾ ਸਾਹਿਬ, ਬਾਦਲ ਸਾਹਿਬ ਦੀਆਂ ਤਸਵੀਰਾਂ ਵੀ ਪਈਆਂ ਹਨ ਉਨ੍ਹਾਂ ਨੂੰ ਕੋਈ ਕਿਉਂ

www.punjabilibrary.com

ਨਹੀਂ ਖਰੀਦਦਾ?'' ਉੱਤਰ ਮਿਲਿਆ, ''ਜਿਹੜੇ ਖੁਦ ਵਿਕ ਜਾਂਦੇ ਹਨ ਉਨ੍ਹਾਂ ਦੀ ਫੋਟੋ ਨਹੀਂ ਵਿਕਦੀ।'' ਤਬਾਹੀ ਦੇਖ ਕੇ ਇਕ ਨੇ ਕਿਹਾ, ''ਸਮਝੋ ਅੰਤ ਹੋ ਗਿਆ।'' ਦੂਜੇ ਨੇ ਸੁਣ ਕੇ ਕਿਹਾ, ''ਅੰਤ ਬੇਅੰਤ ਹੈ।''

ਸ਼ਹੀਦ ਸੁਬੇਗ ਸਿੰਘ ਜਰਨੈਲ ਦੀ 90 ਸਾਲਾਂ ਦੀ ਬਿਰਧ ਮਾਂ ਦਰਬਾਰ ਸਾਹਿਬ ਸੇਵਾ ਕਰਨ ਆਈ। ਮਲਬੇ ਦੀ ਇਕ ਬੁੱਕ ਤਸਲੇ ਵਿਚ ਪਾਉਂਦੀ ਅਤੇ ਤੁਰ ਪੈਂਦੀ। ਕਿਸੇ ਪੱਤਰਕਾਰ ਨੇ ਪਛਾਣ ਲਈ। ਕਹਿਣ ਲੱਗਾ, ''ਮਾਤਾ ਬੜਾ ਸੋਹਣਾ ਹੁੰਦਾ ਸੀ ਦਰਬਾਰ ਸਾਹਿਬ। ਕੱਖ ਨਹੀਂ ਛੱਡਿਆ।'' ਮਾਤਾ ਨੇ ਕਿਹਾ ''ਨਹੀਂ, ਹੁਣ ਵੀ ਸੁਹਣਾ ਹੈ। ਇਹ ਉਵੇਂ ਹੀ ਹੈ। ਜਦੋਂ ਮੱਸਾ ਰੰਘੜ ਇਥੇ ਬੈਠ ਕੇ ਪਾਪ ਕਰਦਾ ਹੁੰਦਾ ਉਦੋਂ ਵੀ ਸਾਨੂੰ ਦਰਬਾਰ ਸਾਹਿਬ ਸੁਹਣਾ ਲੱਗਦਾ ਹੁੰਦਾ। ਜੁੱਗਾਂ ਤੋਂ ਸੁਹਣਾ ਹੈ। ਬੇਅਦਬੀ ਕਰਨ ਵਾਲੇ ਨਹੀਂ ਰਹੇ। ਇਹ ਰਹੇਗਾ ਸਦਾ।''

ਮੈਂ ਪੇਸ਼ੀ ਉਤੇ ਜਾਣ ਲਈ ਤਿਆਰ ਹੋਣ ਲੱਗਾ ਕਿਉਂਕਿ ਡਿਉਢੀ ਵਿਚੋਂ ਸੁਨੇਹਾ ਆਇਆ ਸੀ ਪੁਲੀਸ ਪੁੱਜ ਗਈ ਹੈ। ਇਕ ਸਿੱਖ ਮੇਰੇ ਪਾਸ ਇਕ ਕਾਗਜ਼ ਲੈ ਕੇ ਆਇਆ। ਕਹਿਣਾ ਲੱਗਾ – ਤੁਹਾਨੂੰ ਅਦਾਲਤ ਵਿਚ ਮੇਰੀ ਪਤਨੀ ਆ ਕੇ ਮਿਲੇਗੀ। ਉਸਨੂੰ ਦੇ ਦੇਣਾ ਇਹ ਖ਼ਤ। ਆਪੇ ਪਛਾਣ ਲਏਗੀ ਤੁਹਾਨੂੰ ਉਹ ਤੇ ਖ਼ਤ ਮੰਗੇਗੀ।

ਕਿਸੇ ਦਾ ਖ਼ਤ ਪੜ੍ਹਨਾ ਹੈ ਤਾਂ ਗੁਨਾਹ ਪਰ ਕਿਤੇ ਕੋਈ ਮੁਸੀਬਤ ਖੜ੍ਹੀ ਨਾ ਕਰ ਦੇਵੇ ... ਕੀ ਪਤਾ ਕੀ ਲਿਖਿਆ ਹੋਵੇ ... ਪੁਲਿਸ ਪੂਰੀ ਤਲਾਸ਼ੀ ਲੈ ਕੇ ਹਥਕੜੀ ਜੜ ਦਿੰਦੀ ਹੈ। ਦੇਖ ਲੈਣਾ ਚਾਹੀਦਾ ਹੈ ਕੀ ਲਿਖਿਆ ਹੈ। ਮੈਂ ਤਹਿ ਕੀਤਾ ਕਾਗਜ਼ ਖੋਲ੍ਹਿਆ। ਲਿਖਿਆ ਸੀ, ''ਗੁਰਜੀਤ ਕੁਰੇ ਮੈਂ ਠੀਕ ਹਾਂ। ਦੁਖ ਨਿਵਾਰਨ ਸਾਹਿਬ ਦੇ ਲੰਗਰ ਵਿਚ ਇਕ ਸੇਵਾਦਾਰ ਹੈ ਕਰਨੈਲ ਸਿੰਘ। ਉਸ ਪਾਸ ਇਹ ਚਿੱਠੀ ਲੈ ਕੇ ਚਲੀ ਜਾਈਂ। ਉਹ ਮੇਰਾ ਚੰਗਾ ਵਾਕਫ ਹੈ। ਹਰ ਰੋਜ਼ ਉਥੇ ਪ੍ਰਸ਼ਾਦ ਛਕਣ ਜਾਇਆ ਕਰੀਂ। ਨਾਲੇ ਤਾਂ ਤੈਨੂੰ ਰੋਜ਼ ਰੋਟੀ ਖੁਆ ਦਿਆ ਕਰੇਗਾ, ਨਾਲੇ ਬੱਚਿਆਂ ਵਾਸਤੇ ਘਰ ਲਿਜਾਣ ਵਾਸਤੇ ਵੀ ਚੁਪ ਕਰਕੇ ਪੰਜ ਸੱਤ ਰੋਟੀਆਂ ਫੜਾ ਦਿਆ ਕਰੇਗਾ। ਚਿੱਠੀ ਜ਼ਰੂਰ ਦਿਖਾਈਂ ਉਸ ਨੂੰ ਨਹੀਂ ਤਾਂ ਭਜਾ ਦਿੰਦੇ ਹਨ ਰੋਜ਼ ਰੋਜ਼ ਮੁਫ਼ਤ ਦਾ ਲੰਗਰ ਛਕਣ ਵਾਲਿਆਂ ਨੂੰ। ਗਮਦੂਰ ਸਿੰਘ।'' ਪੇਸ਼ੀ ਤੋਂ ਵਾਪਸ ਆ ਕੇ ਇਸ ਬਾਰੇ ਪਤਾ ਕੀਤਾ ਤਾਂ ਜਾਣਿਆ ਕਿ ਇਹ ਗਰੀਬ ਦਿਹਾੜੀਦਾਰ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਮੱਥਾ ਟੇਕਣ ਆਇਆ ਫੌਜ ਨੇ ਫੜ ਲਿਆ ਸੀ। ਘਰ ਰੋਟੀ ਤੱਕ ਨਹੀਂ ਸੀ ਖਾਣ ਲਈ।

ਮੈਂ ਦੇਖਦਾ, ਇਕ ਪੇਂਡੂ ਸਿੱਖ, ਖੱਦਰ ਦਾ ਕੁੜਤਾ ਪਜਾਮਾ ਪਹਿਨੀ ਵਧੇਰੇ ਕਰਕੇ ਇਕੱਲਾ ਬੈਰਕ ਵਿਚ ਬੈਠਾ ਜਾਂ ਫਿਰਦਾ ਰਹਿੰਦਾ। ਜੇਲ੍ਹ ਵਾਲੇ ਛੋਲੇ ਦੇ ਜਾਂਦੇ ਸਨ। ਬੋਝਾ ਛੋਲਿਆਂ ਦਾ ਭਰ ਲੈਂਦਾ। ਤੁਰਦਾ ਫਿਰਦਾ ਇਕ ਇਕ ਦੋ ਦੋ ਦਾਣਾ ਛੋਲਿਆਂ ਦਾ ਵੀ ਚੱਬੀ ਜਾਂਦਾ ਤੇ ਕੁੱਝ ਹੌਲੀ ਹੌਲੀ ਬੋਲਦਾ ਵੀ ਜਾਂਦਾ। ਮੈਂ ਸੋਚਦਾ ਪਾਠ ਕਰਦਾ ਫਿਰਦਾ ਹੈ। ਵਾਹਿਗੁਰੂ ਵਾਹਿਗੁਰੂ ਕਰੀ ਜਾਂਦਾ ਹੋਣਾ। ਦਾਣੇ ਵੀ ਚੱਬੀ ਜਾਂਦਾ ਹੈ। ਚਲੋ ਠੀਕ ਹੈ। ਪਰ ਇਕ ਦਿਨ ਇਹ ਜਾਣਨ ਵਾਸਤੇ ਕਿ ਇਹ ਕਿਹੜਾ ਪਾਠ ਕਰਦਾ ਹੈ, ਕਿਸ ਰੱਬ ਦਾ ਨਾਮ ਜਪਦਾ ਹੈ, ਮੈਂ ਨੰਗੇ ਪੈਰੀਂ ਬਿਨ ਖੜਾਕ ਕੀਤਿਆਂ, ਉਸਦੇ ਪਿਛੇ ਪਿਛੇ ਤੁਰ ਕੇ ਉਸਦਾ ਪਾਠ ਸੁਣਨ ਲੱਗਾ। ਉਹ ਹੌਲੀ ਹੌਲੀ ਕਹਿੰਦਾ ਫਿਰ ਰਿਹਾ ਸੀ, ''ਮਰੇਗੀ। ਹਰ ਹਾਲਤ ਵਿਚ ਮਰੇਗੀ। ਨਹੀਂ ਬਚੇਗੀ। ਮਰੇਗੀ। ਮਰੇਗੀ ਹੀ ਮਰੇਗੀ।'' ਇਹ ਸੀ ਉਸਦਾ ਸਿਮਰਨ। ਮੈਂ ਉਸਦੇ ਸਾਹਮਣੇ ਹੋ ਕੇ ਪੁੱਛਿਆ, ''ਕੌਣ ਮਰੇਗੀ ਸਾਧੂ ਸਿਆਂ?'' ਬੋਲਿਆ, ''ਉਹੀ ਮਰੇਗੀ ਹੋਰ ਕੌਣ? ਉਹੀ ਮਰੇਗੀ ਜਿਸਨੇ ਬਾਬੇ ਦਾ ਘਰ ਢਾਹਿਆ ਹੈ। ਮਰੇਗੀ।'' ਮੈਂ ਪੁੱਛਿਆ, ''ਕੌਣ ਮਾਰੇਗਾ ਉਸਨੂੰ?'' ''ਮਹਾਰਾਜ। ਮਹਾਰਾਜ ਮਾਰੇਗਾ। ਤੂੰ ਦੇਖ ਲਈਂ ਚਾਹੇ। ਮਹਾਰਾਜ ਕੋਈ ਲੁਕ ਕੇ ਥੋੜ੍ਹਾ ਮਾਰਦਾ ਹੈ ਘਾਤ ਲਾ ਕੇ ਕਿਸੇ ਨੂੰ? ਸ਼ਰੇਆਮ ਮਾਰਦਾ ਹੈ ਪਾਪੀਆਂ ਨੂੰ।'' ਮੇਰਾ ਹਾਸਾ ਨਿਕਲ ਗਿਆ। ਬੇਸ਼ਕ ਉਹ ਗੁੱਸੇ ਵਿਚ ਸੀ ਪਰ ਮੈਨੂੰ ਹੱਸਦਿਆਂ ਦੇਖ ਕੇ, ਚੁੱਪ ਰਿਹਾ। ਫਿਰ ਕਹਿਣ ਲੱਗਾ, ''ਤੂੰ ਪੜ੍ਹਿਆ ਲਿਖਿਆ ਹੈਂ ਨਾ। ਜਿਹੜੇ ਪੜ੍ਹੇ ਲਿਖੇ ਬਾਈ ਹੁੰਦੇ ਨੇ ਉਨ੍ਹਾਂ ਨੂੰ ਮਹਾਰਾਜ ਦਾ ਪਤਾ ਨਹੀਂ ਹੁੰਦਾ। ਮੈਂ ਵੀ ਇਥੇ ਹਾਂ। ਤੂੰ ਵੀ ਇਥੇ ਹੈਂ। ਤੂੰ ਦੇਖ ਲਈਂ। ਦੁਨੀਆਂ ਦੀ ਕੋਈ ਫੌਜ ਉਹਨੂੰ ਬਚਾ ਨਹੀਂ ਸਕਦੀ ਬਾਈ ਜੀ।'' ਮੈਂ ਉਸ ਕੋਲੋਂ ਚੱਲ ਕੇ ਵਾਪਸ ਆਪਣੇ ਟਿਕਾਣੇ ਤੇ ਆ ਕੇ ਸੋਚਣ ਲੱਗਾ – ਸਿੱਖਾਂ ਦਾ ਦਿਮਾਗ ਪੂਰਾ ਖ਼ਰਾਬ ਹੋ ਗਿਆ ਹੈ, ਸੋਚਦੇ ਹਨ ਸਰਾਪ ਦੇਈ ਚੱਲੋ। ਜਿਵੇਂ ਸਰਾਪ ਨਾ ਹੋਏ ਐਟਮ ਬੰਬ ਹੋ ਗਏ। ਦਰਬਾਰ ਸਾਹਿਬ ਢਹਿਣਾ ਸੀ ਢਹਿ ਗਿਆ। ਹੁਣ ਸਬਰ ਕਰੋ।

www.punjabilibrary.com

ਮਿਲਟਰੀ ਟੱਾਰਚਰ ਵਿਚ ਇਕ ਮੁੰਡੇ ਦੇ ਏਨੀਆਂ ਸੱਟਾਂ ਮਾਰੀਆਂ ਗਈਆਂ ਕਿ ਉਹ ਸਾਡੇ ਪਾਸ ਆ ਕੇ ਰੋ ਪਿਆ। ਕਹਿਣ ਲੱਗਾ, ''ਜਦੋਂ ਇਥੋਂ ਨਰਕ ਵਿਚੋਂ (ਫੌਜੀ ਇੰਟੈਰੋਗੇਸ਼ਨ) ਜੇਲ੍ਹ ਵਿਚ ਗਏ ਤਾਂ ਗੁਰਦੁਆਰੇ ਜਾ ਕੇ ਗੁਰੂ ਮਹਾਰਾਜ ਨੂੰ ਪੁੱਛਾਂਗੇ ਕਿ ਦੱਸ ਸਾਡਾ ਕੀ ਕਸੂਰ ਸੀ।'' ਦੂਜੇ ਨੇ ਕਿਹਾ, ''ਇਹੋ ਜਿਹੀਆਂ ਗੱਲਾਂ ਨਾ ਕਰ, ਨਾ ਸੋਚ। ਪੰਜਵੇਂ ਪਾਤਸ਼ਾਹ, ਨੌਵੇਂ ਪਾਤਸ਼ਾਹ ਤੇ ਸਾਹਿਬਜ਼ਾਦੇ ਕਸੂਰਵਾਰ ਸਨ? ਮਹਾਰਾਜ ਦਾ ਸ਼ੁਕਰਾਨਾ ਕਰੀਦਾ ਹੈ ਮੂਰਖ। ਸ਼ਿਕਾਇਤਾਂ ਨਹੀਂ ਕਰੀਦੀਆਂ।''

ਜੇਲ੍ਹ ਵਿਚ ਬੈਠੇ ਪੜ੍ਹਦੇ ਰਹਿੰਦੇ ਜਾਂ ਗੱਲਾਂ ਕਰਦੇ। ਸਿੱਖ ਜੁਆਨ ਦਿਨੇ ਤਾਸ਼ ਖੇਡਦੇ, ਸਵੇਰ ਸ਼ਾਮ ਵਾਲੀਬਾਲ, ਇਉਂ ਦਿਨ ਲੰਘੀ ਜਾ ਰਹੇ ਸਨ। ਜੇਲ੍ਹ ਵਿਚ ਦੋ ਨਜ਼ਰਬੰਦ ਭਰਾ ਬੜੇ ਤੇਜ਼ ਤਰਾਰ ਸਨ। ਜੇਲ੍ਹ ਦੇ ਅੰਦਰ ਬੰਦ ਹੋਣ ਦੇ ਬਾਵਜੂਦ ਉਨ੍ਹਾਂ ਪਾਸੋਂ ਦੁਨੀਆਂ ਭਰ ਦੀ ਤਾਜ਼ਾ ਤਰੀਨ ਖ਼ਬਰ ਸੁਣ ਲਵੋ। ਨਜ਼ਰਬੰਦਾਂ ਦਾ ਇਕ ਇਕੱਠ ਕਰਕੇ ਅਸੀਂ ਦੋਹਾਂ ਨੂੰ ਸਤੀਸ਼ ਜੈਕਬ ਅਤੇ ਮਾਰਕ ਟੱਲੀ ਦੇ ਖਿਤਾਬ ਦੇ ਦਿੱਤੇ। ਜੈਕਬ ਅਤੇ ਟੱਲੀ ਬੀ.ਬੀ.ਸੀ. ਲੰਡਨ ਦੇ ਬਹੁਤ ਕੁਸ਼ਲ ਰਿਪੋਰਟਰ ਸਨ। ਅਸੀਂ ਕੁੱਝ ਬੰਦੇ (ਸ. ਰਣਧੀਰ ਸਿੰਘ ਚੀਮਾ, ਇੰਦਰਜੀਤ ਸਿੰਘ ਸੇਖੋਂ, ਪ੍ਰੇਮ ਸਿੰਘ ਚੰਦੂਮਾਜਰਾ ਤੇ ਸ਼ੇਰ ਸਿੰਘ ਡੂਮਛੇੜੀ ਆਦਿ) ਬੈਠੇ ਗੱਲਾਂ ਕਰ ਰਹੇ ਸਾਂ ਕਿ ਮਾਰਕ ਟੱਲੀ ਦੌੜਦਾ ਹੋਇਆ ਆਇਆ ਤੇ ਕਹਿਣ ਲੱਗਾ, ''ਇੰਦਰਾ ਗਾਂਧੀ ਦਾ ਕਤਲ ਹੋ ਗਿਆ ਹੈ।'' ਅਸੀਂ ਪੁੱਛਿਆ - ਕਿਵੇਂ ਤੇ ਕਿਸਨੇ ਕੀਤਾ? ਉਸਨੇ ਕਿਹਾ, ''ਹਾਲੀ ਇਹੋ ਪਤਾ ਹੈ। ਜਲਦੀ ਬਾਕੀ ਦੀ ਖਬਰ ਆ ਰਹੀ ਹੈ। ''ਪ੍ਰੋ. ਚੰਦੂਮਾਜਰਾ ਬੋਲੇ, ''ਤਮਿਲਾਂ ਦਾ ਐਕਸ਼ਨ ਹੋਏਗਾ ਜੇ ਖਬਰ ਸੱਚੀ ਹੈ ਤਾਂ।'' ਕਿਸੇ ਮੁੰਡੇ ਨੇ ਕਿਹਾ, ''ਸਿੱਖਾਂ ਤੋਂ ਬਗੈਰ ਕੋਈ ਨਹੀਂ ਕਰ ਸਕਦਾ ਇਹ ਕੰਮ।'' ਚੰਦੂਮਾਜਰਾ ਹੱਸ ਪਏ ਤੇ ਕਿਹਾ, ''ਲਈ ਜਾਓ ਸੁਫਨੇ ਪੁਰਾਣੀ ਸੂਰਮਗਤੀ ਦੇ। ਉਏ ਸਿੱਖਾਂ ਵਿਚ ਨਹੀਂ ਰਿਹਾ ਦਮ ਹੁਣ।'' ਉਹ ਮੁੰਡਾ ਇੰਨੇ ਵਿਚ ਹੀ ਕਰੋਧਵਾਨ ਹੋ ਗਿਆ ਕਿ ਸਿੱਖਾਂ ਨੂੰ ਇਹ ਬੁਜ਼ਦਿਲ ਕਿਉਂ ਸਮਝਦੇ ਹਨ। ਇਉਂ ਬੈਠਿਆਂ ਦਸ ਕੁ ਮਿੰਟ ਹੋਏ ਸਨ ਕਿ ਸਤੀਸ਼ ਜੈਕਬ ਦੌੜਦਾ ਹੋਇਆ ਆਇਆ ਤੇ ਕਹਿਣ ਲੱਗਾ - ਸਿੱਖਾਂ ਨੇ ਇੰਦਰਾ ਗਾਂਧੀ ਮਾਰ ਦਿੱਤੀ।

ਕਈਆਂ ਕੋਲ ਟ੍ਰਾਂਜਿਸਟਰ ਸਨ। ਸਭ ਨੇ ਕੰਨਾਂ ਨਾਲ ਲਾ ਰੱਖੇ ਸਨ। ਜੇ ਇਕ ਨੇ ਆਲ ਇੰਡੀਆ ਰੇਡੀਓ ਲਾਇਆ ਹੋਇਆ ਤਾਂ ਦੂਜੇ ਨੇ ਲਾਹੌਰ ਲਾ ਲਿਆ ਤੇ ਤੀਜੇ ਨੇ ਬੀ.ਬੀ.ਸੀ ਤੇ ਚੌਥੇ ਨੇ ਕੋਈ ਹੋਰ। ਦੋਵਾਂ ਭਰਾਵਾਂ ਨੇ ਜਦੋਂ ਸਾਨੂੰ ਖਬਰ ਦਿੱਤੀ ਉਦੋਂ ਤੋਂ ਲੈ ਕੇ ਦੋ ਘੰਟੇ ਪਿਛੋਂ ਤੱਕ ਭਾਰਤੀ ਰੇਡੀਓ ਤੋਂ ਕੋਈ ਖਬਰ ਨਹੀਂ ਆਈ ਪਰ ਲਾਹੌਰ ਤੋਂ ਇੰਦਰਾ ਗਾਂਧੀ ਦੇ ਜ਼ਖਮੀ ਹੋਣ ਦੀ ਖ਼ਬਰ ਨਸ਼ਰ ਹੋ ਗਈ। ਫਿਰ ਭਾਰਤੀ ਰੇਡੀਓ ਨੇ ਵੀ ਜ਼ਖਮੀ ਹੋਣ ਦੀ ਖ਼ਬਰ ਨਸ਼ਰ ਕਰ ਦਿੱਤੀ। ਬੀ.ਬੀ.ਸੀ ਨੇ ਮੌਤ ਦੀ ਖ਼ਬਰ ਬਾਕੀਆਂ ਤੋਂ ਪਹਿਲੋਂ ਦਿੱਤੀ। ਲਾਹੌਰ ਤੋਂ ਨਿਰੰਤਰ ਬਰਾਡਕਾਸਟ ਹੋ ਰਿਹਾ ਸੀ ਕਿ ਇਹ ਹਮਲਾ ਸਿੱਖਾਂ ਨੇ ਕੀਤਾ ਹੈ। ਕਿਹੜੇ ਸਿੱਖਾਂ ਨੇ, ਕਿਵੇਂ, ਇਸ ਬਾਰੇ ਪਤਾ ਨਹੀਂ ਲੱਗਦਾ ਸੀ। ਆਖਰ ਸਭ ਕੁਝ ਸਪਸ਼ਟ ਹੋ ਗਿਆ।

ਸਾਨੂੰ ਤਿੰਨ ਚਾਰ ਜਣਿਆਂ ਨੂੰ ਡਿਉਢੀ ਪੁੱਜਣ ਦਾ ਸੁਨੇਹਾ ਮਿਲਿਆ। ਚਲੇ ਗਏ। ਪਟਿਆਲੇ ਜੇਲ੍ਹ ਦੇ ਡਿਪਟੀ ਸੁਪਰਡੈਂਟ ਸ. ਇਕੱਤਰ ਸਿੰਘ ਸਿੱਧੂ ਸਨ। ਉਨ੍ਹਾਂ ਨੇ ਕਿਹਾ, ''ਪ੍ਰਧਾਨ ਮੰਤਰੀ ਦਾ ਕਤਲ ਹੋ ਗਿਆ ਹੈ। ਇਥੇ ਆਪਣੇ ਜਿਹੜੇ ਸੈਂਟਰਲ ਜੇਲ੍ਹ ਸੁਪਰਡੈਂਟ ਐਨ.ਐਸ. ਠਾਕਰ ਸਨ ਉਹ ਪਰਿਵਾਰ ਸਮੇਤ ਕਿਤੇ ਅਣਦੱਸੀ ਥਾਂ ਉਪਰ ਚਲੇ ਗਏ ਹਨ ਕਿਉਂਕਿ ਉਨ੍ਹਾਂ ਨੇ ਭਾਂਪਿਆ ਕਿ ਉਨ੍ਹਾਂ ਨੂੰ ਖਤਰਾ ਹੈ। ਮੈਨੂੰ ਉਹ ਚਾਰਜ ਦੇ ਗਏ ਹਨ। ਅਨੁਸ਼ਾਸਨ ਕਾਇਮ ਰੱਖਣ ਲਈ ਤੁਸੀਂ ਮੇਰੀ ਸਹਾਇਤਾ ਕਰੋ। ਮੈਂ ਤੁਹਾਡਾ ਸਿੱਖ ਭਰਾ ਹਾਂ। ਜੇ ਆਖੋ ਤਾਂ ਦਿਖਾ ਦਿੰਦਾ ਹਾਂ, ਜੇਲ੍ਹ ਦੀਆਂ ਚਾਰੇ ਕੰਧਾਂ ਨਾਲ ਚਾਰੇ ਪਾਸੇ ਚਾਲੀ ਟੈਂਕ ਬੀੜ ਦਿੱਤੇ ਗਏ ਸਨ। ਫੌਜ ਨੂੰ ਇਹ ਖਦਸ਼ਾ ਹੈ ਕਿ ਮੁੰਡੇ ਅੱਜ ਦੀ ਰਾਤ ਜੇਲ੍ਹ ਤੋੜਨਗੇ। ਤੁਸੀਂ ਮੇਰੀ ਮਦਦ ਕਰੋ।'' ਸਵਰਨ ਸਿੰਘ ਸਰਪੰਚ ਕਹਿਣ ਲੱਗਦਾ, ''ਡਿਪਟੀ ਸਾਹਿਬ ਅਸੀਂ ਤੁਹਾਡਾ ਆਖਾ ਤਦ ਸਿਰੇ ਚੜ੍ਹਾ ਸਕਦੇ ਹਾ ਜੇ ਤੁਸੀਂ ਸਾਡਾ ਆਖਾ ਮੰਨੋ। ਮੁੰਡੇ ਜੋਸ਼ ਵਿਚ ਹਨ ਬਹੁਤ। ਤਾਂ ਵੀ ਉਹ ਜੇਲ੍ਹ ਨਹੀਂ ਤੋੜਨਗੇ। ਸਾਡੀ ਜ਼ਿੰਮੇਵਾਰੀ ਰਹੀ। ਪਰ ਜੋ ਉਹ ਖਾਣ ਪੀਣ ਲਈ ਬਾਹਰੋਂ ਮੰਗਵਾਉਣ ਤਾਂ ਹੁਣ ਡਿਊਢੀਦਾਰ ਨੂੰ ਕਹੋ, ਰੁਕਾਵਟ ਨਾ ਪਾਏ।'' ਇਹ ਗੱਲ ਤੈਅ ਹੋ ਗਈ ਕਿ ਜੇਲ੍ਹ ਦੇ ਅੰਦਰ ਅੰਦਰ ਜਿਵੇਂ ਮਰਜ਼ੀ ਰਹੋ - ਜੋ ਮਰਜ਼ੀ ਖਾਓ ਪੀਓ ਪਰ ਬਾਹਰਲੀਆਂ ਕੰਧਾਂ ਦੇ ਲਾਗੇ ਕਿਸੇ ਨੇ ਨਹੀਂ ਜਾਣਾ। ਇਹ ਫੈਸਲਾ ਹੋ ਗਿਆ। ਇਹ ਸਰਪੰਚ ਤਕੜਾ ਜ਼ਿਮੀਦਾਰ ਸੀ। ਇਸਨੇ ਬੰਦੀਆਂ ਪਾਸ ਜਾ ਕੇ ਐਲਾਨ ਕਰ

www.punjabilibrary.com

ਦਿੱਤਾ- ਸਾਥੀਓ ਜਿਸ ਕਿਸੇ ਨੇ ਜੋ ਪੀਣਾ ਖਾਣਾ ਹੈ, ਹੁਕਮ ਕਰੋ। ਅੱਜ ਰਾਤ ਦੀ ਸੇਵਾ ਮੈਂ ਆਪਣੇ ਜ਼ਿੰਮੇ ਲੁਆ ਲਈ ਹੈ।

ਇਖ਼ਲਾਕੀ ਕੈਦੀਆਂ ਦੇ ਜੰਦਰੇ ਖੁਲਵਾ ਦਿੱਤੇ ਗਏ ਤਾਂ ਕਿ ਉਹ ਵੀ ਦਾਅਵਤ ਵਿਚ ਸ਼ਾਮਲ ਹੋ ਸਕਣ। ਮਠਿਆਈ, ਪਨੀਰ, ਚਿਕਨ, ਫਿਸ਼ ਅਤੇ ਵਿਸਕੀ ਕਿੰਨੀ ਅੰਦਰ ਆਈ ... ਸਾਨੂੰ ਕਿਸੇ ਨੂੰ ਪਤਾ ਨਹੀਂ। ਕੋਈ ਬੰਦਸ਼ ਨਹੀਂ ਕਿਸੇ ਤੇ। ਜਿਸਦਾ ਜੋ ਜੀ ਕਰੇ ਖਾਵੇ। ਸਤੀਸ਼ ਜੈਕਬ ਅਤੇ ਮਾਰਕ ਟੱਲੀ ਨੇ ਕਿਹਾ - ਦੀਪਮਾਲਾ ਕਰਨੀ ਹੈ ਅੱਜ। ਦੀਵੇ ਕਿਥੋਂ ਆਉਣ, ਨਾ ਮੋਮਬੱਤੀਆਂ ਸਨ। ਉਹ ਕਹਿਣ ਲੱਗੇ - ਹੁਣੇ ਸਭ ਇੰਤਜ਼ਾਮ ਹੋ ਜਾਂਦਾ ਹੈ। ਇਕ ਰਜਾਈ ਪਾੜ ਦਿੱਤੀ ਗਈ ਤੇ ਕੈਦੀਆਂ ਨੂੰ ਕਿਹਾ- ਬੱਤੀਆਂ ਵੱਟੋ। ਇਕ ਬੋਰੀ ਆਟੇ ਦੀ ਉਲਟਾ ਕੇ ਲਾਂਗਰੀਆਂ ਨੂੰ ਕਿਹਾ, ਸਖਤ ਆਟਾ ਗੁੰਨ੍ਹੋ। ਦੀਵੇ ਬਣਾਉਣੇ ਹਨ। ਸਟੋਰ ਵਿਚੋਂ ਤੇਲ ਦੇ ਪੀਪੇ ਲਿਆਂਦੇ ਗਏ। ਕਿੰਨੇ ਹਜ਼ਾਰ ਦੀਵੇ ਜਗੇ। ਕੋਈ ਗਿਣਤੀ ਨਹੀਂ। ਇੰਦਰੀ ਗਾਂਧੀ ਵਿਰੁੱਧ ਸਿੱਖਾਂ ਦੇ ਦਿਲਾਂ ਵਿਚ ਅੰਦੋਰੋਂ ਅੰਦਰੀਂ ਗੁੱਸੇ ਦਾ ਪੂਰਾ ਦਰਿਆ ਵਗਿਆ।

ਅਗਲੇ ਦਿਨ ਇਕ ਕੈਦੀ ਮੇਰੇ ਪਾਸ ਆ ਕੇ ਪੁੱਛਣ ਲੱਗਾ, ''ਜੀ ਹੋਰ ਕੀ ਹੋਣਾ ਹੈ ਹੁਣ? ਹੁਣ ਕਿਹੜਾ ਮੋਰਚਾ ਲੱਗੇਗਾ?'' ਮੈਨੂੰ ਸਵਾਲ ਦੀ ਸਮਝ ਨਹੀਂ ਆਈ ਤਾਂ ਉਸ ਨੇ ਕਿਹਾ, ''ਜਦੋਂ ਜੇਲ੍ਹ ਵਾਸਤੇ ਕੁਇੰਟਲਾਂ ਦੇ ਹਿਸਾਬ ਝਾੜੂ ਖਰੀਦੇ ਜਾਣ ਤਾਂ ਅਸੀਂ ਸਮਝਦੇ ਹਾਂ ਅਕਾਲੀਆਂ ਦਾ ਮੋਰਚਾ ਲੱਗਣਾ ਹੈ। ਬੜੇ ਝਾੜੂ ਲਿਆਂਦੇ ਹਨ। ਮੈਨੂੰ ਕੋਈ ਪਤਾ ਨਹੀਂ ਸੀ ਕਿਸੇ ਗੱਲ ਦਾ। ਸ਼ਾਮੀ ਪਤਾ ਲੱਗਾ ਜਦੋਂ ਸੈਂਕੜਿਆਂ ਦੀ ਗਿਣਤੀ ਵਿਚ ਜੇਲ੍ਹਾਂ ਅੰਦਰ ਨਜ਼ਰਬੰਦਾਂ ਦੀਆਂ ਟੋਲੀਆਂ ਦਾਖਲ ਹੋਣ ਲੱਗੀਆਂ। ਇਹ ਕੌਣ ਹਨ ਸਭ? ਪਤਾ ਕੀਤਾ ਕਿ ਕੱਲ੍ਹ ਸ਼ਾਮ ਜਿਹੜੇ ਬੰਦੇ ਮਠਿਆਈਆਂ ਖਰੀਦ ਕੇ ਲਿਜਾਂਦੇ ਜਾਂ ਵਿਸਕੀ ਖਰੀਦਦੇ ਦਿਸਦੇ, ਪੁਲੀਸ ਫੜ ਲੈਂਦੀ। ਕਈ ਥਾਂ ਮਠਿਆਈਆਂ ਖਰੀਦ ਕੇ ਲਿਜਾਣ ਜਾਂ ਵਿਸਕੀ ਪੀਣ ਪਿਲਾਉਣ ਕਾਰਨ ਹਿੰਦੂਆਂ ਸਿੱਖਾਂ ਵਿਚ ਮਾਹੌਲ ਵਿਸਫੋਟਕ ਹੋਣ ਦੀ ਸਥਿਤੀ ਬਣ ਗਈ ਸੀ। ਅੰਦਰ ਆਉਣ ਵਾਲਿਆਂ ਵਿਚ ਵੱਡੀ ਗਿਣਤੀ ਵਿਦਿਆਰਥੀਆਂ ਦੀ ਸੀ। ਥਾਪਰ ਇੰਜੀਨੀਅਰਿੰਗ ਕਾਲਜ ਅਤੇ ਗੌ. ਮੈਡੀਕਲ ਕਾਲਜ ਦੇ ਵਿਦਿਆਰਥੀ ਵਧੀਕ ਸਨ ਤੇ ਇਨ੍ਹਾਂ ਵਿਚ ਹਿੰਦੂ ਵਿਦਿਆਰਥੀ ਵੀ ਸਨ। ਇਕ 50 ਕੁ ਸਾਲ ਦੀ ਉਮਰ ਦਾ ਸੀਨੀਅਰ ਡਾਕਟਰ ਸੀ। ਇਸ ਡਾਕਟਰ ਨੂੰ ਮੈਂ ਕਿਹਾ- ਕੋਈ ਗੱਲ ਨਹੀਂ। ਲਾਭ ਹੋਇਆ। ਤੁਹਾਨੂੰ ਪਤਾ ਲੱਗ ਜਾਵੇਗਾ ਜੇਲ੍ਹ ਦੇ ਅੰਦਰਲਾ ਜੀਵਨ ਕਿਹੋ ਜਿਹਾ ਹੈ। ਜਾਣਕਾਰੀ ਵਿਚ ਵਾਧਾ ਹੋਣਾ ਫਾਇਦੇਮੰਦ ਰਹੇਗਾ। ਉਹ ਬੋਲਿਆ, ''ਮੈਨੂੰ ਜੇਲ੍ਹ ਜੀਵਨ ਦੀ ਬਥੇਰੀ ਜਾਣਕਾਰੀ ਹੈ। ਮੈਂ ਫਿਰੋਜ਼ਪੁਰ ਜੇਲ੍ਹ ਵਿਚ ਮੈਡੀਕਲ ਅਫ਼ਸਰ ਹਾਂ। ਪਾਪਣ ਦੇ ਮਰਨ ਦੀ ਖ਼ਬਰ ਸੁਣਕੇ ਦਾਰੂ ਕੁਝ ਜ਼ਿਆਦਾ ਪੀ ਹੋ ਗਈ। ਬਸ ਇਹ ਫੜ ਲਿਆਏ। ਕੋਈ ਟੰਗ ਤਾ ਨਹੀਂ ਤੋੜੀ ਸੀ ਕਿਸੇ ਬੰਦੇ ਦੀ। ਆਪਣੀ ਜੇਬ ਵਿਚੋਂ ਖਰਚੇ ਸਨ ਪੈਸੇ।'' ਉਹ ਮੁੰਡਾ ਜਿਸਨੇ ਸਾਨੂੰ ਬੰਬੀ ਉਪਰ ਰੱਖਿਆ ਸੀ ਜੇਲ੍ਹ ਵਿਚ ਫਿਰਦਾ ਦਿੱਸਿਆ। ਮੈਂ ਉਸ ਕੋਲ ਜਾ ਕੇ ਕਿਹਾ - ''ਤੂੰ ਜੇਲ੍ਹ ਵਿਚ ਜਾਏਂਗਾ, ਅਸੀਂ ਭਵਿੱਖ ਬਾਣੀ ਕਰ ਦਿੱਤੀ ਸੀ। ਕਿਉਂ ਫੜਿਆ ਤੈਨੂੰ?'' ਉਸਨੇ ਦੱਸਿਆ ਕਿ ਮੈਂ ਹਲਵਾਈ ਨੂੰ ਕਹਿ ਦਿੱਤਾ ਸੀ ਕਿ ਬਾਕੀ ਬਚਦੀ ਸਾਰੀ ਮਠਿਆਈ ਮੇਰੀ ਹੈ। ਹੋਰ ਨਾ ਦੇਈਂ ਕਿਸੇ ਨੂੰ। ਪੁਲਿਸ ਵਾਲਿਆਂ ਨੇ ਖਿੱਚ ਕੇ ਗੱਡੀ ਵਿਚ ਬਿਠਾ ਲਿਆ। ਇਥੇ ਬੰਦ ਕਰ ਗਏ।''

ਸਾਡੇ ਪਾਸ ਕੋਈ ਪੱਕੇ ਤੱਥ ਤਾਂ ਹੁੰਦੇ ਨਹੀਂ ਸਨ, ਕਈ ਵਾਰ ਅੰਦਾਜ਼ਿਆਂ ਦੇ ਆਧਾਰ ਤੇ ਨਤੀਜੇ ਕੱਢਣ ਲੱਗ ਜਾਂਦੇ। ਇਕ ਦਿਨ ਅੱਠ ਦਸ ਜਣੇ ਇਕੋ ਬੈਰਕ ਵਿਚ ਬੈਠੇ ਸਾਂ। ਗੱਲਾਂ ਇਹ ਹੋਣ ਲੱਗਦੀਆਂ ਕਿ ਕੀ ਅਕਾਲੀਆਂ ਨੂੰ ਪਤਾ ਸੀ ਦਰਬਾਰ ਸਾਹਿਬ ਉਪਰ ਏਡਾ ਭਿਆਨਕ ਹਮਲਾ ਹੋਵੇਗਾ? ਇੰਦਰਜੀਤ ਸਿੰਘ ਸੇਖੋਂ ਨੇ ਕਿਹਾ, ''ਜਦੋਂ ਦਰਬਾਰ ਸਾਹਿਬ ਉਪਰ ਹਮਲੇ ਦੀ ਖ਼ਬਰ ਸੁਣੀ ਤਾਂ ਅਸੀਂ ਥੋੜ੍ਹੇ ਸਮੇਂ ਵਿਚ ਸੈਂਕੜੇ ਲੋਕ ਇਕੱਠੇ ਹੋ ਗਏ ਤੇ ਫੈਸਲਾ ਹੋਇਆ ਕਿ ਆਪਾਂ ਵੀ ਦਰਬਾਰ ਸਾਹਿਬ ਚਾਲੇ ਪਾ ਦੇਈਏ ਤੇ ਮਰੀਏ। ਅਜੇ ਇਹ ਖਬਰ ਨਹੀਂ ਮਿਲੀ ਸੀ ਕਿ ਸੰਤ ਜਰਨੈਲ ਸਿੰਘ ਮਾਰਿਆ ਗਿਆ ਹੈ। ਅਜੇ ਸ਼ੁਰੂਆਤ ਹੀ ਹੋਈ ਸੀ। ਗੋਲੀਬਾਰੀ ਦੁਪਾਸਿਓਂ ਚੱਲ ਰਹੀ ਸੀ। ਕਈ ਸਿਆਣੇ ਬੰਦੇ ਕਹਿਣ ਲੱਗੇ, ਕਰਫਿਊ ਲੱਗੇ ਹੋਏ ਹਨ, ਆਪਾਂ ਨੂੰ ਚਾਹੀਦਾ ਹੈ ਕਿ ਬਾਦਲ ਸਾਹਿਬ ਨੂੰ ਨਾਲ ਲੈ ਚੱਲੀਏ। ਲੀਡਰ ਦੀ ਹੋਰ ਗੱਲ ਹੁੰਦੀ ਹੈ। ਵਿੰਗੇ ਟੇਢੇ ਰਸਤਿਆਂ ਥਾਣੀ ਹੋ ਕੇ ਇਕ ਜਥਾ ਬਾਦਲ ਪਿੰਡ ਪੁੱਜ ਗਿਆ। ਕੋਠੀਓਂ ਪਤਾ ਲੱਗਾ ਕਿ ਬਾਦਲ ਸਾਹਿਬ ਖੇਤ ਗਏ ਹੋਏ ਹਨ। ਜੱਥਾ ਖੇਤ ਪੁੱਜਾ। ਬਾਦਲ ਸਾਹਿਬ ਖਰਬੂਜ਼ੇ ਖਾ ਰਹੇ ਸਨ। ਪੁੱਛਣ ਲੱਗੇ - ਦੱਸੋ ਕਿਵੇਂ ਆਏ ਹੋ। ਅਸੀਂ ਦੱਸਿਆ ਕਿ ਦਰਬਾਰ ਸਾਹਿਬ ਚੱਲੋ। ਉਥੇ

www.punjabilibrary.com

ਫੌਜ ਬਹੁਤ ਨੁਕਸਾਨ ਕਰ ਸਕਦੀ ਹੈ। ਬਾਦਲ ਸਾਹਿਬ ਹੱਸ ਪਏ। ਕਹਿਣ ਲੱਗੇ - ਆਪਣੇ ਆਪਣੇ ਘਰਾਂ ਨੂੰ ਤੁਰ ਜਾਓ ਵਾਪਸ। ਤੁਸੀਂ ਘੇਰਾ ਪੈਣ ਦੀ ਗੱਲ ਸੁਣੀ ਹੈ। ਅਜੇ ਬੜਾ ਕੁੱਝ ਹੋਰ ਹੋਣਾ ਹੈ। ਵਾਪਸ ਪਰਤ ਜਾਓ।''

ਇਹ ਗੱਲ ਸੁਣਾ ਕੇ ਸੇਖੋਂ ਨੇ ਕਿਹਾ - ਸਭ ਵਾਪਸ ਆ ਗਏ। ਪਿਛੋਂ ਖਬਰਾਂ ਸੁਣਦੇ ਰਹੇ ਕਿ ਸੰਤ ਸਮੇਤ ਹਜ਼ਾਰਾਂ ਬੰਦੇ ਮਾਰੇ ਗਏ ਹਨ। ਫੌਜ ਨੇ ਦਰਬਾਰ ਸਾਹਿਬ ਨੂੰ ਕਬਜ਼ੇ ਵਿਚ ਲੈ ਲਿਆ ਹੈ। ਬਾਦਲ ਸਾਹਿਬ ਨੇ ਚੰਡੀਗੜ੍ਹ ਪ੍ਰੈਸ ਕਾਨਫਰੰਸ ਸੰਬੋਧਨ ਕੀਤੀ - ਫੌਜੀਆਂ ਨੂੰ ਬਗਾਵਤ ਕਰਨ ਲਈ ਕਿਹਾ - ਖਾਲਿਸਤਾਨ ਬਣਨੋਂ ਹੁਣ ਕੋਈ ਨਹੀਂ ਰੋਕ ਸਕਦਾ ... ਆਦਿਕ ਗੱਲਾਂ ਕਰਕੇ ਫਿਰ ਅੰਡਰ ਗਰਾਊਂਡ ਹੋ ਗਏ। ਬਾਦ ਵਿਚ ਗ੍ਰਿਫਤਾਰੀ ਹੋਈ। ਇਥੋਂ ਜਾਪਦਾ ਹੈ ਬਾਦਲ ਸਾਹਿਬ ਦੀ ਸਰਕਾਰ ਨਾਲ ਸਾਂਝ ਸੀ, ਨਹੀਂ ਕਿਵੇਂ ਕਰਫਿਊ ਦੇ ਦੌਰਾਨ ਉਹ ਪਿੰਡੋਂ ਚੰਡੀਗੜ੍ਹ ਫਿਰ ਚੰਡੀਗੜ੍ਹੋਂ ਪਿੰਡ ਪੁੱਜ ਜਾਂਦੇ? ਲਗਦਾ ਇਹ ਹੈ ਕਿ ਟੌਹੜਾ ਸਾਹਿਬ ਤੇ ਲੌਂਗੋਵਾਲ ਸੰਤ ਨੂੰ ਨਾ ਪਤਾ ਹੋਵੇ ਕਿਉਂਕਿ ਜੇ ਇਨ੍ਹਾਂ ਨੂੰ ਪਤਾ ਹੁੰਦਾ ਫਿਰ ਇਹ ਹਮਲੇ ਤੋਂ ਪਹਿਲਾਂ ਪਹਿਲਾਂ ਦਰਬਾਰ ਸਾਹਿਬ ਵਿਚੋਂ ਬਾਹਰ ਆ ਜਾਂਦੇ ਤੇ ਇਸ ਦੋਸ਼ ਤੋਂ ਬਚ ਜਾਂਦੇ ਕਿ ਇਹ ਸਿੱਖਾਂ ਦੀਆਂ ਲਾਸ਼ਾਂ ਨੂੰ ਲਤਾੜਦੇ ਹੋਏ ਗ੍ਰਿਫਤਾਰ ਹੋਏ ਹਨ। ਬਾਦਲ ਸਾਹਿਬ ਇਸ ਬਦਨਾਮੀ ਤੋਂ ਬਚਣ ਵਿਚ ਸਫਲ ਹੋ ਗਏ।''

ਸ੍. ਦਰਸ਼ਨ ਸਿੰਘ ਈਸਾਪੁਰ (ਉਦੋਂ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸ਼੍ਰੋਮਣੀ ਗੁ. ਪ੍ਰ. ਕਮੇਟੀ) ਕਹਿਣ ਲੱਗੇ, ''ਮਈ ਦੇ ਮਹੀਨੇ ਦੀ ਗੱਲ ਹੈ। ਮੈਂ ਦਰਬਾਰ ਸਾਹਿਬ ਦੁਆਲੇ ਪਰਿਕਰਮਾ ਵਿਚ ਫਿਰ ਰਿਹਾ ਸਾਂ। ਮੈਂ ਦੇਖਿਆ, ਤੇਜ਼ ਤੇਜ਼ ਕਦਮੀ ਟੌਹੜਾ ਸਾਹਿਬ ਆ ਰਹੇ ਹਨ। ਪੰਜ ਚਾਰ ਜਣੇ ਹੋਰ ਸੱਜੇ ਖੱਬੇ ਸਨ। ਮੈਂ ਫਤਿਹ ਅਰਜ਼ ਕੀਤੀ। ਉਹ ਰੁਕੇ ਨਹੀਂ। ਸਿਰ ਝੁਕਾ ਕੇ ਫਤਿਹ ਸਵੀਕਾਰ ਕੀਤੀ। ਤੇਜ਼ੀ ਨਾਲ ਅਕਾਲ ਤਖਤ ਸਾਹਿਬ ਦੀਆਂ ਪਾਉੜੀਆਂ ਚੜ੍ਹ ਗਏ। ਡਰਾਇਵਰ ਨੂੰ ਮੈਂ ਪੁੱਛਿਆ– ਕਿਥੋਂ ਆ ਰਹੇ ਹੋ? ਉਸਨੇ ਦੱਸਿਆ - ਚੰਡੀਗੜ੍ਹ ਰਾਜਭਵਨ ਤੋਂ। ਮੈਂ ਕੁਝ ਦੇਰ ਲਈ ਫਿਰ ਉਥੇ ਹੀ ਪਰਿਕਰਮਾ ਵਿਚ ਘੁੰਮਣ ਲੱਗਾ। ਦਸ ਪੰਦਰਾਂ ਮਿੰਟ ਬਾਦ ਪ੍ਰਧਾਨ ਜੀ ਤਖਤ ਸਾਹਿਬ ਦੀ ਇਮਾਰਤ ਵਿਚੋਂ ਬਾਹਰ ਨਿਕਲੇ। ਹੌਲੀ ਹੌਲੀ ਥੱਕੇ ਥੱਕੇ ਕਦਮੀਂ ਉਹ ਵਾਪਸ ਜਾ ਰਹੇ ਸਨ। ਆਉਣ ਵੇਲੇ ਦੀ ਤੇਜ਼ੀ ਗਾਇਬ ਸੀ। ਮੈਂ ਨੇੜੇ ਗਿਆ। ਉਨ੍ਹਾਂ ਦੇ ਚਿਹਰੇ ਉਪਰ ਨਿਰਾਸਤਾ, ਉਦਾਸੀ ਦਾ ਪਰਛਾਵਾਂ ਸਾਫ ਦਿਸਦਾ ਸੀ। ਮੈਂ ਅੱਗਿਓਂ ਹੋ ਕੇ ਪੁੱਛਿਆ, ''ਪ੍ਰਧਾਨ ਜੀ ਖੈਰ ਸੁੱਖ ਤਾਂ ਹੈ?'' ਉਹ ਬੋਲੇ - ''ਏਸ ਸਾਧ ਨੂੰ ਸਮਝਾ ਲਓ ਜੇ ਸਮਝਦਾ ਹੈ। ਆਪ ਮਰੇਗਾ ਨਾਲ ਹੋਰਾਂ ਨੂੰ ਮਰਵਾਏਗਾ।'' ਹੋਰ ਕੋਈ ਗੱਲ ਨਹੀਂ ਕੀਤੀ ਪ੍ਰਧਾਨ ਜੀ ਨੇ। ਮੈਂ ਪਤਾ ਲਗਾਉਣ ਲਈ ਉਤਸੁਕ ਹੋਇਆ। ਪ੍ਰਧਾਨ ਜੀ ਫਿਰ ਚੰਡੀਗੜ੍ਹ ਪਰਤ ਗਏ। ਜਾਣਕਾਰੀ ਮਿਲੀ ਕਿ ਕੇਂਦਰ ਸਰਕਾਰ ਨੇ ਗਵਰਨਰ ਪੰਜਾਬ ਸ੍ਰੀ ਪਾਂਡੇ ਰਾਹੀਂ ਅਕਾਲੀਆਂ ਨੂੰ ਪੰਜਾਬ ਵਿਚ ਸਰਕਾਰ ਬਣਾਉਣ ਦੀ ਪੇਸ਼ਕਸ਼ ਕੀਤੀ ਸੀ ਤੇ ਕਾਂਗਰਸ ਨੇ ਸਮਰਥਨ ਦੇਣਾ ਸੀ। ਟੌਹੜਾ ਸਾਹਿਬ ਨੇ ਬਾਦਲ ਸਾਹਿਬ ਨੂੰ ਇਸ ਗੱਲ ਲਈ ਮਨਾ ਲਿਆ ਸੀ ਕਿ ਮੁੱਖ ਮੰਤਰੀ ਟੌਹੜਾ ਸਾਹਿਬ ਹੋਣਗੇ। ਟੌਹੜਾ ਸਾਹਿਬ ਦੀ ਇੱਛਾ ਦੀ ਪੂਰਤੀ ਨਹੀਂ ਹੋਈ ਜਿਸ ਕਰਕੇ ਉਹ ਨਿਰਾਸ਼ ਵਾਪਸ ਚੰਡੀਗੜ੍ਹ ਪਰਤੇ ਤੇ ਗਵਰਨਰ ਨੂੰ ਕਹਿ ਆਏ ਕਿ ਭਿੰਡਰਾਂਵਾਲਾ ਸਾਧ ਸਾਡੀ ਕੋਈ ਗੱਲ ਨਹੀਂ ਮੰਨਦਾ ਇਸ ਕਰਕੇ ਉਹ ਜਾਣੇ ਜਾਂ ਸਰਕਾਰ ਜਾਣੇ। ਜੋ ਮਰਜ਼ੀ ਕਰੋ।''

ਮੈਂ ਪੁੱਛਿਆ, ''ਈਸਾਪੁਰ ਜੀ ਇਹ ਕਿਵੇਂ ਸੰਭਵ ਹੋ ਗਿਆ ਕਿ ਟੌਹੜਾ ਸਾਹਿਬ ਨੂੰ ਮੁੱਖ ਮੰਤਰੀ ਬਣਾਉਣ ਲਈ ਬਾਦਲ ਸਾਹਿਬ ਰਜ਼ਾਮੰਦ ਹੋ ਜਾਣ?'' ਈਸਾਪੁਰ ਨੇ ਕਿਹਾ - ''ਬਾਦਲ ਸਾਹਿਬ ਮੰਨ ਗਏ ਸਨ ਕਿਉਂਕਿ ਇਹ ਆਰਜ਼ੀ ਪ੍ਰਬੰਧ ਸੀ। ਕੁਝ ਦੇਰ ਬਾਦ ਵਿਧਾਨ ਸਭਾ ਦੀ ਟਰਮ ਖਤਮ ਹੋ ਜਾਣੀ ਸੀ ਤੇ ਮੁੜ ਅਸੈਂਬਲੀ ਚੋਣਾਂ ਹੋਣੀਆਂ ਸਨ। ਕਾਂਗਰਸ ਦੀ ਹਮਾਇਤ ਲੈ ਕੇ ਟੌਹੜਾ ਸਾਹਿਬ ਮੁੱਖ ਮੰਤਰੀ ਬਣਦੇ ਤਾਂ ਟੌਹੜਾ ਸਾਹਿਬ ਦੀ ਸਿਆਸੀ ਸਾਖ਼ ਡਿੱਗਦੀ। ਟੌਹੜਾ ਸਾਹਿਬ ਉਪਰ ਲੋੜ ਪੈਣ ਤੇ ਕਾਂਗਰਸ ਦਾ ਏਜੰਟ ਹੋਣ ਦਾ ਇਲਜ਼ਾਮ ਲੱਗਦਾ। ਸੋ ਬਾਦਲ ਸਾਹਿਬ ਨੂੰ ਇਹ ਸੂਤ ਬੈਠਦਾ ਸੀ। ਜਦੋਂ ਇਹ ਸਕੀਮ ਸੰਤ ਨੇ ਫੇਲ੍ਹ ਕਰ ਦਿੱਤੀ ਤਾਂ ਪ੍ਰਧਾਨ ਜੀ ਆਖ ਆਏ ਜੋ ਕਰਨਾ ਹੈ ਕਰੋ। ਇਉਂ ਮੈਂ ਸਮਝਦਾ ਹਾਂ ਟੌਹੜਾ ਸਾਹਿਬ ਨੂੰ ਨਤੀਜਿਆਂ ਦਾ ਪਤਾ ਸੀ।''

ਹੁਣ ਰਹਿ ਗਏ ਸੰਤ ਹਰਚੰਦ ਸਿੰਘ ਲੌਂਗੋਵਾਲ। ਮੈਂ ਇਸ ਸੰਤ ਨੂੰ ਕਈ ਵਾਰ ਮਿਲਿਆ ਤੇ ਉਸਦੇ ਵਖਿਆਨ ਵੀ ਸੁਣੇ, ਕਥਾ ਕੀਰਤਨ ਵੀ। ਉਹ ਪੂਰੀ ਤਰ੍ਹਾਂ ਥੋਥਾ ਆਦਮੀ ਸੀ। ਉਸਨੂੰ ਸਿੱਖ ਸਿਧਾਂਤ ਦੀ ਨਾ ਸਮਝ ਸੀ ਨਾ ਉਹ ਸਿੱਖਾਂ ਦੇ ਖੁਸ਼ਹਾਲ ਭਵਿੱਖ ਲਈ ਈਮਾਨਦਾਰ ਸੀ। ਬਾਦਲ ਸਾਹਿਬ,

www.punjabilibrary.com

ਬਰਨਾਲਾ ਸਾਹਿਬ ਤੇ ਬਲਵੰਤ ਸਿੰਘ ਉਸਨੂੰ ਜਿਵੇਂ ਚਲਾਉਂਦੇ ਚੱਲੀ ਜਾਂਦਾ ਸੀ। ਉਥੇ ਅਕਾਲੀਆਂ ਵਿਚ ਇਹ ਆਮ ਮੁਹਾਵਰਾ ਸੀ ਕਿ ਸੰਤ ਲੌਂਗੋਵਾਲ ਤਿੰਨ ਬੱਬਿਆਂ ਵਾਲਾ ਥ੍ਰੀਵੀਲਰ ਹੈ (ਬਾਦਲ + ਬਰਨਾਲਾ + ਬਲਵੰਤ ਸਿੰਘ)। ਲੌਂਗੋਵਾਲ ਸਾਹਿਬ ਨੂੰ ਇਹ ਤਾਂ ਪਤਾ ਸੀ ਕਿ ਹਮਲਾ ਹੋਵੇਗਾ ਪਰ ਇਹ ਯਕੀਨ ਸੀ ਕਿ ਪਹਿਲੋਂ ਉਸਨੂੰ ਗ੍ਰਿਫਤਾਰ ਕਰਕੇ ਬਾਦ ਵਿਚ ਹਮਲਾ ਹੋਵੇਗਾ। ਸਰਕਾਰ ਨਾਲ ਤਾਲਮੇਲ ਹੋਣ ਕਰਕੇ ਇਹ ਲਗਦਾ ਸੀ ਕਿ ਇੰਦਰਾ ਗਾਂਧੀ ਲਿਹਾਜ਼ ਕਰੇਗੀ। ਪਰ ਉਹ ਵਧੀਕ ਬੇਲਿਹਾਜ਼ ਨਿਕਲੀ। ਜਥੇਦਾਰ ਵੀ ਬਦਨਾਮ ਕਰ ਦਿੱਤੇ। ਸਮਝੋ ਗਊਆਂ ਦੀ ਹੱਤਿਆ ਕੀਤੀ। ਇਹ ਵਿਚਾਰੇ ਕਿਸੇ ਦਾ ਕੀ ਵਿਗਾੜਦੇ ਸਨ।

ਮੈਂ ਜੇਲ੍ਹ ਵਿਚ ਹੀ ਸਾਂ ਕਿ ਪੰਜਾਬ ਵਿਚ ਹਿੰਸਕ ਵਾਰਦਾਤਾਂ ਸ਼ੁਰੂ ਹੋ ਗਈਆਂ ਤੇ ਪੁਲਿਸ ਵਲੋਂ ਵਾਰਦਾਤਾਂ ਵਿਚ ਸ਼ਾਮਿਲ ਨੌਜੁਆਨ ਫੜ ਫੜ ਕੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨੇ ਆਰੰਭ ਹੋਏ। ਮੇਰੇ ਲਈ ਇਹ ਸਭ ਦੁਖਦਾਈ ਸੀ। ਮੈਨੂੰ ਲੱਗਦਾ ਸੀ ਕਿ ਜੇ ਇਹ ਵਾਰਦਾਤਾਂ ਜਾਰੀ ਰਹੀਆਂ ਤਦ ਸਿੱਖ ਜੁਆਨੀ ਤਬਾਹ ਕਰ ਦਿੱਤੀ ਜਾਵੇਗੀ। ਮੈਂ ਇਕ ਦਿਨ ਸਾਰੇ ਬੰਦੀ ਜੁਆਨ ਬੁਲਾ ਲਏ। ਉਨ੍ਹਾਂ ਨੂੰ ਇਕ ਕਹਾਣੀ ਸੁਣਾਈ। ਕਹਾਣੀ ਇਹ ਸੀ।

ਇਕ ਰਾਜੇ ਨੇ ਐਲਾਨ ਕੀਤਾ ਕਿ ਆਪਣੀ ਇਕਲੌਤੀ ਬੇਟੀ ਦਾ ਹੱਥ ਅਤੇ ਰਾਜਭਾਗ ਉਸ ਜੁਆਨ ਨੂੰ ਦਿਆਂਗਾ ਜਿਹੜਾ ਦਰਖਤ ਉਪਰ ਉਚੇ ਟੰਗੇ ਕੜੇ ਵਿਚੋਂ ਦੀ ਤੀਰ ਲੰਘਾਏ। ਜਿਹੜਾ ਮੁਕਾਬਲੇ ਵਿਚ ਸ਼ਾਮਲ ਹੋ ਕੇ ਤੀਰ ਨਹੀਂ ਲੰਘਾ ਸਕੇਗਾ ਉਸਨੂੰ ਕਤਲ ਕਰ ਦਿੱਤਾ ਜਾਏਗਾ। ਗਰੀਬ ਵਿਧਵਾ ਬੁੱਢੀ ਦੇ ਜੁਆਨ ਪੁੱਤਰ ਨੇ ਮਾਂ ਨੂੰ ਮੁਕਾਬਲੇ ਵਿਚ ਜਾਣ ਦੀ ਇਤਲਾਹ ਦਿੱਤੀ। ਮਾਂ ਬੜਾ ਰੋਈ। ਬੜਾ ਰੋਕਿਆ ਕਿ ਤੂੰ ਕਿੱਧਰ ਦਾ ਤੀਰਅੰਦਾਜ਼ ਹੈਂ। ਖ਼ੁਦ ਮਰੇਂਗਾ ਤੇ ਮੈਨੂੰ ਪੂਰੀ ਤਰ੍ਹਾਂ ਬਰਬਾਦ ਕਰੇਂਗਾ। ਮੁੰਡੇ ਨੇ ਕਿਹਾ – ਇੰਜ ਜਿਉਣ ਨਾਲੋਂ ਮਰਨਾ ਚੰਗਾ। ਉਸਨੇ ਤੀਰ ਅਤੇ ਕਮਾਨ ਚੁੱਕਿਆ ਤੇ ਮਹਿਲਾਂ ਦਾ ਰਸਤਾ ਫੜਿਆ। ਰੱਬ ਦਾ ਨਾਂ ਲੈ ਕੇ ਤੀਰ ਛੱਡ ਦਿੱਤਾ। ਇਤਫਾਕ ਇਹ ਹੋਇਆ ਕਿ ਸ਼ੂਕਦਾ ਹੋਇਆ ਤੀਰ ਕੜੇ ਵਿਚਕਾਰੋਂ ਲੰਘ ਗਿਆ। ਜੈ ਜੈ ਕਾਰ ਹੋਈ। ਵਿਆਹ ਦੀਆਂ ਰਸਮਾਂ ਸ਼ੁਰੂ ਹੋ ਗਈਆਂ। ਤਾਜਪੋਸ਼ੀ ਦੀ ਤਿਆਰੀ ਵਕਤ ਨੌਜੁਆਨ ਨੇ ਕਿਹਾ, ''ਮੈਂ ਖਾਨਦਾਨ ਦੀ ਇਕ ਰਸਮ ਵੀ ਨਿਭਾਉਣੀ ਹੈ। ਉਹ ਇਹ ਕਿ ਮੈਂ ਆਪਣਾ ਤੀਰ ਕਮਾਨ ਅਗਨ ਭੇਟ ਕਰਨਾ ਹੈ।'' ਪੁੱਛਿਆ ਗਿਆ ਕਿ ਅਜਿਹਾ ਕਿਉਂ ਕਰਨਾ ਹੈ, ਤਦ ਉਸਨੇ ਕਿਹਾ, ''ਮੈਂ ਹੁਣ ਕਦੀ ਤੀਰਅੰਦਾਜ਼ੀ ਦੇ ਮੁਕਾਬਲੇ ਵਿਚ ਹਿੱਸਾ ਨਹੀਂ ਲਵਾਂਗਾ ਕਿਉਂਕਿ ਸਭ ਤੋਂ ਵੱਡਾ ਮੁਕਾਬਲਾ ਤਾਂ ਜਿੱਤ ਚੁੱਕਾ ਹਾਂ। ਹੁਣ ਛੋਟਿਆਂ ਨੂੰ ਮੌਕਾ ਮਿਲੇ।''

ਮੈਂ ਕਿਹਾ – ਮਿੱਤਰੋ, ਜੇ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਸੀ ਤਾਂ ਉਸਨੂੰ ਇਸ ਦੀ ਕੀਮਤ ਤਾਰਨੀ ਪਈ। ਇਹ ਬੇਅੰਤ ਸਿੰਘ ਜਾਂ ਸਤਵੰਤ ਸਿੰਘ ਦੀ ਗੋਲੀ ਨਾਲ ਹੋਇਆ ਕਤਲ ਨਹੀਂ – ਗੁਰੂ ਗੋਬਿੰਦ ਸਿੰਘ ਜੀ ਦਾ ਅਕਾਸ਼ ਵੱਲੋਂ ਧਰਤੀ ਵੱਲ ਸੇਧਿਆ ਗਿਆ ਤੀਰ ਸੀ, ਜਿਸ ਨਾਲ ਉਸ ਦਾ ਅੰਤ ਹੋਇਆ। ਕਦੀ ਪਹਿਲੋਂ ਪੰਜ ਸੌ ਸਾਲ ਦੇ ਇਤਿਹਾਸ ਵਿਚ ਅਜਿਹਾ ਹੋਇਆ ਸੀ ਕਿ ਦਿੱਲੀ ਦੇ ਬਾਦਸ਼ਾਹ ਨੂੰ ਸਿੱਖਾਂ ਹੱਥੋਂ ਇਹੋ ਜਿਹੀ ਸਜ਼ਾ ਮਿਲੀ ਹੋਵੇ? ਹੁਣ ਏਨੀ ਵੱਡੀ ਵਾਰਦਾਤ ਪਿਛੋਂ ਨਿਕੇ ਮੋਟੇ ਅਫਸਰ ਜਾਂ ਭਈਏ ਕਿਉਂ ਮਾਰਦੇ ਫਿਰਦੇ ਹੋ? ਇਸ ਨਾਲ ਤੁਹਾਡੀ ਕੀ ਸ਼ਾਨ ਬਣੇਗੀ? ਹੁਣ ਆਪਾਂ ਸਭ ਸ਼ਾਂਤ ਰਹੀਏ ਤੇ ਸੰਸਾਰ ਅੱਗੇ ਫਰਿਆਦ ਕਰੀਏ ਕਿ ਸਾਨੂੰ ਬਚਾਉ। ਹਿੰਦੁਸਤਾਨ ਸਾਡਾ ਨਾਮ ਨਿਸ਼ਾਨ ਮਿਟਾਉਣਾ ਚਾਹੁੰਦਾ ਹੈ। ਅਸੀਂ ਜਿਉਂਦੇ ਰਹਿਣ ਦੇ ਇਛੁੱਕ ਹਾਂ। ਹੇ ਵਿਸ਼ਵ ਭਰ ਦੇ ਰਾਸ਼ਟਰੋ, ਇਕ ਨਿੱਕੀ ਜਿਹੀ ਅਲਪ ਸੰਖਿਅਕ ਕੌਮ ਨੂੰ ਖਤਮ ਹੋਣ ਤੋਂ ਬਚਾਓ। ਹੁਣ ਇਕ ਵੀ ਗੋਲੀ ਨਹੀਂ ਚੱਲਣੀ ਚਾਹੀਦੀ।

ਕਿਸੇ ਨੇ ਮੇਰੀਆਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ। ਮੈਨੂੰ ਇਸ ਗੱਲ ਦਾ ਕੋਈ ਦੁੱਖ ਨਹੀਂ ਕਿ ਮੇਰੀਆਂ ਸਲਾਹਾਂ ਕਿਉਂ ਰੱਦ ਹੋਈਆਂ। ਮੈਂ ਕੋਈ ਵਲੀ ਥੋੜ੍ਹਾ ਹਾਂ ਕਿ ਮੈਨੂੰ ਮੰਨਿਆ ਜਾਵੇ। ਪਰ ਪੰਜਾਬ ਦੀ ਰੌਸ਼ਨ ਦਿਮਾਗ ਤੇ ਸਿਦਕਵਾਨ ਜੁਆਨੀ ਜਿਵੇਂ ਗੋਲੀਆਂ ਨਾਲ ਭੁੰਨ ਦਿੱਤੀ ਗਈ ਉਸ ਦਾ ਦੁੱਖ ਵਰਣਨ ਤੋਂ ਪਾਰ ਦਾ ਹੈ। ਜੋ ਕਦੀ ਵਾਪਸ ਨਹੀਂ ਪਰਤਣਗੇ ਉਹ ਬਹੁਤ ਕੀਮਤੀ ਸਨ। ਬਚਿਆਂ ਹੋਇਆਂ ਵਿਚ ਕੋਈ ਮੋਤੀ ਛੁਪਿਆ ਹੋਵੇਗਾ? ਸ਼ਾਇਦ।

ਜੇਲ੍ਹ ਵਿਚ ਬੈਠਿਆ ਅਖ਼ਬਾਰ ਵਿਚ ਖ਼ਬਰ ਪੜ੍ਹੀ ਕਿ ਅਕਾਲੀ ਨੇਤਾ ਰਿਹਾਅ ਕਰ ਦਿੱਤੇ ਗਏ ਹਨ। ਸੰਤ ਹਰਚੰਦ ਸਿੰਘ ਨੇ ਪਹਿਲੀ ਪ੍ਰੈਸ ਕਾਨਫਰੰਸ ਰਿਹਾਈ ਪਿਛੋਂ ਦਿੱਲੀ ਵਿਚ ਬੁਲਾਈ ਜਿਸ ਵਿਚ

www.punjabilibrary.com

ਸੰਤ ਜਰਨੈਲ ਸਿੰਘ ਨੂੰ ਸਿੱਖੀ ਪਰੰਪਰਾਵਾਂ ਦਾ ਪਹਿਰੇਦਾਰ ਅਮਰ ਸ਼ਹੀਦ ਕਿਹਾ। ਕਿਹਾ ਗਿਆ ਕਿ ਅਸੀਂ ਉਸਦੇ ਆਦਰਸ਼ਾਂ ਦੇ ਅਨੁਯਾਈਂ ਹਾਂ। ਮੈਂ ਇੰਦਰਜੀਤ ਸਿੰਘ ਸੇਖੋਂ ਨੂੰ ਕਿਹਾ, ''ਸੇਖੋਂ ਸਾਹਿਬ, ਇਹ ਤਾਂ ਅਜੀਬ ਡਿਵੈਲਪਮੈਂਟ ਹੈ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੰਤ ਜਰਨੈਲ ਸਿੰਘ ਦੀ ਉਪਮਾ ਕਰਨ ਲੱਗ ਪਿਆ ਹੈ।'' ਸੇਖੋਂ ਨੇ ਕਿਹਾ, ''ਖਬਰਾਂ ਪੜ੍ਹ ਲਿਆ ਕਰੋ ਤੇ ਅਖ਼ਬਾਰ ਸੁੱਟ ਦਿਆ ਕਰੋ। ਬੰਬਈ ਵਿਚ ਕੁਝ ਟੋਲੇ ਅਜਿਹੇ ਹਨ ਪ੍ਰੋਫੈਸਰ ਸਾਹਿਬ ਜਿਹੜੇ ਸੌ ਪੰਜਾਹ ਰੁਪਏ ਹਸਪਤਾਲ ਵਾਲਿਆਂ ਨੂੰ ਦੇ ਕੇ ਲਾਵਾਰਸ ਲਾਸ਼ ਖਰੀਦ ਲੈਂਦੇ ਹਨ। ਉਸ ਨੂੰ ਚੁਰਾਹੇ ਵਿਚ ਲਿਟਾ ਕੇ ਰੋਣ ਪਿੱਟਣ ਲੱਗਦੇ ਹਨ ਕਿ ਸਾਡਾ ਕਮਾਊ ਮੈਂਬਰ ਮਰ ਗਿਆ ਹੈ ਪਰ ਦਫਨਾਉਣ ਨੂੰ ਪੈਸੇ ਨਹੀਂ ਹਨ। ਦਰਿਆ ਦਿਲ ਦਾਨੀ ਲੋਕ ਬਥੇਰੇ ਫਿਰਦੇ ਹਨ ਦਾਨ ਦੇਣ ਨੂੰ। ਸ਼ਾਮ ਤੱਕ ਪੰਜ ਚਾਰ ਹਜ਼ਾਰ ਤੱਕ ਪੈਸੇ ਬਣ ਜਾਂਦੇ ਹਨ ਔਸਤਨ। ਫਿਰ ਇਹ ਲਾਸ਼ ਚੁੱਕਦੇ ਹਨ ਤੇ ਸ਼ਮਸ਼ਾਨਘਾਟ ਸੁੱਟ ਆਉਂਦੇ ਹਨ। ਘਾਟ ਵਾਲੇ ਸੰਸਕਾਰ ਕਰਨਗੇ ਹੀ ਕਰਨਗੇ। ਹੁਣ ਨਹੀਂ, ਅੱਗੇ ਨੂੰ ਵੀ ਇਸੇ ਤਰ੍ਹਾਂ ਹੋਇਆ ਕਰੇਗਾ। ਜਦੋਂ ਸਿੱਖਾਂ ਦੀਆ ਵੋਟਾਂ ਦੀ ਲੋੜ ਪਿਆ ਕਰੇਗੀ ਅਕਾਲੀ ਜਥੇਦਾਰ ਇਸ ਲਾਵਾਰਸ ਲਾਸ਼ ਨੂੰ ਚੁਰਾਹਿਆਂ ਵਿਚ ਰੱਖ ਕੇ ਭੀਖ ਮੰਗਿਆ ਕਰਨਗੇ। ਸਿੱਖ ਉਦਾਰਚਿੱਤ ਹਨ। ਢਾਡੀ ਸਾਹਿਬਜ਼ਾਦਿਆਂ ਦੀ ਵਾਰ ਗਾ ਕੇ ਜੇਬਾਂ ਨਹੀਂ ਭਰ ਲਿਜਾਂਦੇ ਪੈਸਿਆਂ ਨਾਲ? ਜਥੇਦਾਰ, ਸੰਤ ਜਰਨੈਲ ਸਿੰਘ ਦਾ ਨਾ ਲਿਆ ਕਰਨਗੇ ਜਦੋਂ ਕਦੋਂ ਵੋਟਾਂ ਦੀ ਲੋੜ ਪਿਆ ਕਰੇਗੀ। ਹੁਣ ਇਨ੍ਹਾਂ ਦੀ ਪੰਜਾਬ ਵਿਚ ਅਸੈਂਬਲੀ ਬਣ ਜਾਣੀ ਹੈ।''

ਮੈਂ ਪੁੱਛਿਆ, ''ਤੁਸੀਂ ਲਾਵਾਰਸ ਕਿਉਂ ਕਿਹਾ ਹੈ ਸੰਤਾਂ ਨੂੰ? ''ਬਾਬਾ ਜੋਗਿੰਦਰ ਸਿੰਘ ਪਿਤਾ, ਸਾਰੇ ਭਰਾ ਅਤੇ ਦਮਦਮੀ ਟਕਸਾਲ ਉਸਨੂੰ ਸ਼ਹੀਦ ਮੰਨਣ ਤੋਂ ਮੁਨਕਿਰ ਹੈ। ਤੁਹਾਨੂੰ ਪਤਾ ਹੈ ਜਿਹੜੇ ਸੰਤਾਂ ਨੂੰ ਸ਼ਹੀਦ ਆਖਦੇ ਹਨ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਆ ਜਾਇਆ ਕਰਦੀ ਹੈ? ਇਨ੍ਹਾਂ ਸਾਰਿਆਂ ਦੀ ਜ਼ਬਾਨ ਤੇ ਸ਼ਬਦ ਹਨ, ''ਸੰਤ ਚੜ੍ਹਦੀ ਕਲਾ ਵਿਚ ਹਨ।'' ਇਸ ਸਾਰੇ ਵਰਤਾਰੇ ਨੂੰ ਸਰੀਹੀ ਦੇਖਦਿਆਂ ਹੋਇਆਂ ਪੰਥ ਖਾਲਸਾ ਖਾਮੋਸ਼ ਹੈ। ਫਿਰ ਕੀ ਕਹਾਂ ਹੋਰ ਮੈਂ ਸੰਤ ਨੂੰ? ਰਿਹਾ ਹੋਣ ਸਾਰ ਮੈਂ ਬਾਪੂ ਜੋਗਿੰਦਰ ਸਿੰਘ ਪਾਸ ਜਾ ਕੇ ਉਨ੍ਹਾਂ ਨੂੰ ਸਮਝਾਵਾਂਗਾ।

ਲੋਕਾਂ ਨੇ ਸੰਤ ਜਰਨੈਲ ਸਿੰਘ ਦੇ ਪਿਤਾ ਅਤੇ ਭਰਾਵਾਂ ਨੂੰ ''ਸ਼ਹੀਦਾਂ ਦਾ ਪਰਿਵਾਰ ... ਸ਼ਹੀਦਾਂ ਦਾ ਪਰਿਵਾਰ'' ਆਖ ਕੇ ਸਿਰ ਤੇ ਬਿਠਾਣ ਦਾ ਯਤਨ ਕੀਤਾ। ਮੈਂ ਮੁੱਢੋਂ ''ਸ਼ਹੀਦਾਂ ਦਾ ਪਰਿਵਾਰ'' ਟਰਮ ਨੂੰ ਪ੍ਰਵਾਨ ਨਹੀਂ ਕਰਦਾ। ਸ਼ਹੀਦ ਉਸ ਬੰਦੇ ਨੂੰ ਆਖਿਆ ਜਾਂਦਾ ਹੈ ਜਿਹੜਾ ਆਪਣੇ ਨਿੱਜੀ ਪਰਿਵਾਰ ਦੀਆਂ ਬੰਦਸ਼ਾਂ, ਮੋਹ ਤੇ ਪਿਆਰ ਤੋਂ ਉੱਪਰ ਉਠ ਕੇ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਜਾਣਦਾ ਹੈ। ਧੀਰਮੱਲ ਅਤੇ ਰਾਮਰਾਇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਾਰਨ ਕੀ ਸ਼ਹੀਦਾਂ ਦਾ ਪਰਿਵਾਰ ਹੋ ਗਏ? ਮੈਂ ਸ਼ਹੀਦ ਨਹੀਂ ਹੋਇਆ ਸੀ, ਕੇਵਲ ਜੇਲ੍ਹ ਵਿਚ ਨਜ਼ਰਬੰਦ ਹੋਇਆ ਸਾਂ। ਇਸੇ ਸਥਿਤੀ ਦਾ ਲਾਭ ਉਠਾਕੇ ਮੇਰੇ ਚਾਚਾ ਜਾਨ ਨੇ ਮੇਰੀ ਜ਼ਮੀਨ ਉਪਰ ਹਲ ਫੇਰ ਲਿਆ ਸੀ। ਜੇ ਫੌਜ ਮੈਨੂੰ ਮਾਰ ਦਿੰਦੀ ਤਾਂ ਮੇਰਾ ਚਾਚਾ ਸ਼ਹੀਦਾਂ ਦਾ ਪਰਿਵਾਰ ਹੋਣ ਕਾਰਨ ਸਨਮਾਨਿਤ ਹੁੰਦਾ। ਵਾਸਤਵ ਵਿਚ ਅਕਾਲੀਆਂ ਨੇ ਵੋਟਬੈਂਕ ਪੱਕੇ ਕਰਨ ਹਿਤ ਕੁਝ ਕੁ ਸ਼ਹੀਦਾਂ ਦੇ *ਪਰਿਵਾਰਾਂ* ਨੂੰ ਟਿਕਟਾਂ ਦੇ ਕੇ ਨਿਵਾਜਣਾ ਸੀ। ਇਹ ਇਕ ਸਿਆਸੀ ਹੱਥਕੰਡੇ ਤੋਂ ਵੱਧ ਕੁੱਝ ਨਹੀਂ ਸੀ। ਸੇਖੋਂ ਨੂੰ ਮੈਂ ਟੈਗੋਰ ਦੀ ਕਵਿਤਾ ਦਾ ਇਕ ਬੰਦ ਭੇਜਦਿਆਂ ਲਿਖਿਆ ਸੀ ਕਿ ਸ਼ਹੀਦਾਂ ਦਾ ਪਰਿਵਾਰ ਕਿਹੋ ਜਿਹਾ ਹੁੰਦਾ ਹੈ ਸੁਣੋ :

ਸੁਆਹ ਧਰਤੀ ਉਪਰ ਡਿਗ ਕੇ
ਤੇ ਧੂਆਂ ਆਕਾਸ਼ ਵਿਚ ਉਚਾ ਚੜ੍ਹ ਕੇ
ਸ਼ੇਖੀ ਮਾਰਦੇ ਹਨ – ਅਸੀਂ ਵੀ ਅੱਗ ਦੇ ਭੈਣ ਭਰਾ ਹਾਂ।

ਰਿਹਾਈ ਉਪਰੰਤ ਨਾਗਸੈਨ ਨੇ ਦੱਸਿਆ ਕਿ ਲਾਲ ਸਿੰਘ ਦਰਬਾਰ ਸਾਹਿਬ ਜਾਣ ਤੋਂ ਇਨਕਾਰੀ ਹੋਇਆ ਬੈਠਾ ਹੈ। ਸੰਤ ਜਰਨੈਲ ਸਿੰਘ ਵੇਲੇ ਉਹ ਆਮ ਜਾਂਦਾ ਰਹਿੰਦਾ ਸੀ। ਉਸਨੂੰ ਕਾਰਨ ਪੁੱਛਿਆ ਤਾਂ ਟਾਲ ਮਟੋਲ ਕਰਦਾ ਰਿਹਾ। ਇਕ ਦਿਨ ਉਸਨੇ ਕਰਤਾਰ ਸਿੰਘ ਬਲੱਗਣ ਦੀ ਪੁਰਾਣੀ ਗਜ਼ਲ ਦਾ ਸ਼ਿਅਰ ਸੁਣਾਇਆ :

ਹੀਰ ਨਾਲ ਹੀ ਬਸ ਉਹਦਿਆਂ ਮਹਿਲਾਂ ਦੀ ਰੌਣਕ ਸੀ
ਭਲਾ ਚੂਚਕ ਦੇ ਹੁਣ ਖਾਲੀ ਚੁਬਾਰੇ ਕੌਣ ਵਿੰਹਦਾ ਏ।

www.punjabilibrary.com

ਉਹੋ। ਹੁਣ ਸਮਝ ਆਈ ਕਹਾਣੀ। ਤਦ ਉਸਨੂੰ ਸਮਝਾਇਆ ਕਿ ਇਸ ਚੂਚਕ ਦੀ ਹਵੇਲੀ ਵਿਚੋਂ ਹੀਰ ਕਿਧਰੇ ਨਹੀਂ ਜਾਇਆ ਕਰਦੀ। ਕੇਵਲ ਲਾਲ ਸਿੰਘ ਨਹੀਂ, ਇਸ ਹੱਲੇ ਮਗਰੋਂ ਕਈ ਸਿੱਖ ਗੁਰੂ ਮਹਾਰਾਜ ਨਾਲ ਰੁੱਸੇ ਦੇਖੇ ਗਏ ਸਨ। ਲਾਲ ਸਿੰਘ ਨੇ ਪੁੱਛਿਆ, ''ਜੇ ਰੱਬ ਨੂੰ ਭੁਲਾਉਣਾ ਹੋਵੇ ਤਾਂ ਕੀ ਤਰੀਕਾ ਹੈ? ਮੈਂ ਕਿਹਾ ''ਜਿਸ ਨੂੰ ਭੁਲਾਣਾ ਹੋਵੇ ਉਸ ਨੂੰ ਜਾ ਕੇ ਮਿਲ ਲੈਣਾ ਚਾਹੀਦਾ ਹੈ। ਤੂੰ ਦਰਬਾਰ ਸਾਹਿਬ ਜਾਹ।''

1982-83 ਦੇ ਦੋ ਸਾਲ ਸੰਤ ਜਿੱਥੇ ਜਾਂਦੇ ਭੀੜਾਂ ਜੁੜ ਜਾਂਦੀਆਂ ਸਨ। ਜੁਆਨਾਂ ਨੇ ਲੱਖਾਂ ਦੀ ਗਿਣਤੀ ਵਿਚ ਅੰਮ੍ਰਿਤਪਾਨ ਕਰ ਲਿਆ। ਸਾਬਤ ਸੂਰਤ ਰਹਿਣਾ ਤੇ ਸੁਹਣੀਆਂ ਦਸਤਾਰਾਂ ਸਜਾਉਣਾ ਇਕ ਫੈਸ਼ਨ ਬਣ ਗਿਆ। ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਦਾ ਸੰਤ ਲੰਮਾਂ ਸਮਾਂ ਜ਼ਿਕਰ ਕਰਦੇ। ਚੰਡੀਗੜ੍ਹ ਮੈਂ ਉਨ੍ਹਾਂ ਨੂੰ ਦੋ ਘੰਟੇ ਭਾਸ਼ਣ ਦਿੰਦੇ ਸੁਣਿਆ। ਆਪਣੇ ਭਾਸ਼ਣ ਵਿਚ ਉਹ ਇਕ ਪੰਕਤੀ ਅਕਸਰ ਗਾਇਆ ਕਰਦੇ ਸਨ। ਕਹਿ ਵੀ ਦਿੰਦੇ ਸਨ ਕਿ ਸਾਧ ਸੰਗਤ ਜੀ ਇਹ ਹੈ ਤਾ ਕੱਚੀ ਬਾਣੀ, ਇਸ ਲਈ ਮਾਫੀ ਮੰਗ ਲੈਂਦਾ ਹਾਂ, ਪਰ ਆਉ ਰਲ ਮਿਲ ਕੇ ਗਾਈਏ-

ਸਾਡਾ ਤਾਂ ਨਿਮਾਣਿਆਂ ਦਾ ਤੂੰ ਹੀ ਐਂ
ਹੋਰ ਕੋਈ ਆਸਰਾ ਨਹੀਂ।
ਹੋਰ ਕੋਈ ਆਸਰਾ ਨਹੀਂ। ਜੀ ਹੋਰ ਕੋਈ ਆਸਰਾ ਨਹੀਂ।

ਉਸਦੇ ਬੋਲਾਂ ਦੀ ਵੇਦਨਾ, ਉਸਦੇ ਸ਼ਬਦਾਂ ਵਿਚਲਾ ਸਿੱਖੀ ਵਾਸਤੇ ਡੂੰਘਾ ਅਤੇ ਪਿਆਰਾ ਦੁੱਖ ਦੇਖ ਕੇ ਇਕ ਅੱਧ ਵਾਰ ਮੈਂ ਆਪਣੇ ਸੰਗੀ ਸਾਥੀਆਂ ਨੂੰ ਕਿਹਾ, ''ਕਿਤੇ ਮਰ ਤਾਂ ਨਹੀਂ ਜਾਏਗਾ ਇਹ ਸਾਧ ਕਿਧਰੇ? ਮੇਰੇ ਸਾਥੀ ਆਖਦੇ ''ਪੁੱਠੀਆਂ ਗੱਲਾਂ ਨਾ ਕਰਿਆ ਕਰ। ਇਸ ਦੀ ਲੰਮੀ ਉਮਰ ਦੀ ਗੱਲ ਕਰ। ਇਹੋ ਜਿਹੇ ਯੋਧੇ ਬਜ਼ਾਰਾਂ ਵਿਚ ਨਹੀਂ ਵਿਕਦੇ।''

ਮੈਂ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਜੀਵਨ ਬ੍ਰਿਤਾਂਤ ਇਕ ਵਾਰ ਨਹੀਂ ਅਨੇਕ ਵਾਰ ਪੜ੍ਹਿਆ। ਜਿਨ੍ਹਾਂ ਨੇ ਬਾਬਾ ਜੀ ਦਾ ਇਤਿਹਾਸ ਪੜ੍ਹਿਆ ਹੈ ਅਤੇ ਸੰਤ ਜਰਨੈਲ ਸਿੰਘ ਦਾ ਵਿਹਾਰ ਦੇਖਿਆ ਹੈ ਉਨ੍ਹਾਂ ਨੂੰ ਦੋਹਾਂ ਵਿਚ ਅਨੇਕ ਸਮਾਨਤਾਈਆਂ ਲੱਭ ਜਾਣਗੀਆਂ। ਦੋਹਾਂ ਵਿਚ ਬਾਦਸ਼ਾਹਤ ਅਤੇ ਫਕੀਰੀ, ਦਰਿਆ ਦਿਲੀ ਅਤੇ ਸਿਦਕ, ਜੀਵਨ ਮੌਤ ਵੱਲ ਇਕੋ ਜਿਹੀ ਨਜ਼ਰ ਐਨ ਸਾਫ਼ ਦਿਸੇਗੀ। ਪਿਆਰਿਆਂ ਨੂੰ ਪਿਆਰ ਕਰਨ ਵਿਚ ਅਤੇ ਦੁਸ਼ਮਣ ਵਿਰੁੱਧ ਲੜਨ ਵਕਤ ਕਦੀ ਗਿਣਤੀਆਂ ਮਿਣਤੀਆ ਵਿਚ ਨਹੀਂ ਪਏ। ਦੁਸ਼ਮਣ ਲੱਖਾਂ ਦੀ ਗਿਣਤੀ ਵਿਚ ਹੁੰਦਾ ਭਾਵੇਂ, ਬੇਝਿਜਕ ਬੇਖੌਫ ਹੋ ਕੇ ਲੜਿਆ ਬਾਬਾ ਬੰਦਾ ਸਿੰਘ। ਤੱਤ ਖਾਲਸਾ ਦੇ ਸਿੰਘ ਕਹਿਣ ਲੱਗੇ ਕਿ ਅਸੀਂ ਮੁਗਲਾਂ ਵਿਰੁੱਧ ਹੋਰ ਨਹੀਂ ਲੜਨਾ ਹੁਣ। ਬਾਬੇ ਨੇ ਗੁੱਸਾ ਨਹੀਂ ਕੀਤਾ ਤੇ ਜਾਣ ਲਈ ਕਹਿ ਦਿੱਤਾ। ਜਦੋਂ ਫੌਜ ਨੇ ਗੋਲੀਬਾਰੀ ਤੋਂ ਪਹਿਲੋਂ ਐਲਾਨ ਕੀਤਾ ਕਿ ਜਿਨ੍ਹਾਂ ਨੇ ਆਤਮ ਸਮਰਪਣ ਕਰਨਾ ਹੈ ਹੱਥ ਖੜ੍ਹੇ ਕਰਕੇ ਬਾਹਰ ਆ ਜਾਣ ਤਦ ਸੰਤ ਜਰਨੈਲ ਸਿੰਘ ਨੇ ਸਭ ਮਾਈ ਭਾਈ ਇਕੱਠੇ ਕਰ ਲਏ ਤੇ ਕਿਹਾ, ''ਜਿਹੜੇ ਚਲੇ ਜਾਣਗੇ ਉਹ ਪੰਥ ਦੀ ਸੇਵਾ ਕਰਨਗੇ। ਕੋਈ ਰੋਸ ਨਹੀਂ ਕਿਸੇ ਪ੍ਰਤੀ, ਝਿਜਕਣਾ ਨਹੀਂ ਖਾਲਸਾ ਜੀ। ਜਿਨ੍ਹਾਂ ਨੇ ਜਾਣਾ ਹੈ ਉਹ ਚਲੇ ਜਾਣ। ਅਸੀਂ ਇਥੇ ਰਹਾਂਗੇ। ਤੁਸੀਂ ਜਾ ਕੇ ਸਾਡੇ ਵਾਸਤੇ ਅਰਦਾਸਾਂ ਗੁਰੂ ਮਹਾਰਾਜ ਅਗੇ ਜ਼ਰੂਰ ਕਰਦੇ ਰਹਿਣਾ। ਵਾਹਿਗੁਰੂ ਭਲੀ ਕਰੇਗਾ।'' ਕਾਫੀ ਸਾਰੇ ਸਿੱਖ ਆਤਮ ਸਮਰਪਣ ਕਰ ਗਏ। ਜਰਨੈਲ ਸ਼ੁਬੇਗ ਸਿੰਘ ਅਤੇ ਭਾਈ ਅਮਰੀਕ ਸਿੰਘ ਸਮੇਤ ਸੈਂਕੜੇ ਸਿੱਖ ਸ਼ਹਾਦਤ ਦੀ ਪ੍ਰਾਪਤੀ ਵਾਸਤੇ ਰੁਕ ਗਏ। ਜਦੋਂ ਬਾਬਾ ਬੰਦਾ ਸਿੰਘ ਨੇ ਸਰਹੰਦ ਫਤਿਹ ਕਰ ਲਿਆ ਅਤੇ ਸਿੱਖ ਸੈਨਾ ਸੋਨਾ ਚਾਂਦੀ ਹੀਰੇ ਲੁੱਟਣ ਲੱਗੀ ਤਦ ਬਾਬਾ ਜੀ ਨੇ ਭਾਈ ਆਲੀ ਸਿੰਘ ਨੂੰ ਕਿਹਾ, ''ਇਨ੍ਹਾਂ ਨੂੰ ਕਰਨ ਦਿਓ ਜੋ ਕਰਦੇ ਹਨ। ਭਾਈ ਸਾਹਿਬ ਤੁਸੀਂ ਮੈਨੂੰ ਉਨ੍ਹਾਂ ਇੱਟਾਂ ਦੇ ਦੀਦਾਰ ਕਰਵਾਉ ਜਿਨ੍ਹਾਂ ਨੂੰ ਸਾਹਿਬਜ਼ਾਦਿਆਂ ਦੇ ਅੰਗਾਂ ਦੀ ਛੁਹ ਨਸੀਬ ਹੋਈ ਸੀ।'' ਭਾਈ ਆਲੀ ਸਿੰਘ ਇੱਟਾਂ ਦੇ ਢੇਰ ਪਾਸ ਲੈ ਗਏ ਤੇ ਗੋਡਿਆਂ ਭਾਰ ਹੋ ਕੇ ਬਾਬਾ ਜੀ ਨੇ ਇੱਟਾਂ ਨੂੰ ਹੰਝੂਆਂ ਨਾਲ ਇਸ਼ਨਾਨ ਕਰਾਇਆ। ਸਿੱਖ ਪਰੰਪਰਾ ਨੂੰ ਸੰਤ ਜਰਨੈਲ ਸਿੰਘ ਇਵੇਂ ਪਿਆਰ ਕਰਦਾ ਸੀ।

ਤੱਤ ਖਾਲਸਾ ਜੇ ਬਾਬਾ ਬੰਦਾ ਸਿੰਘ ਦਾ ਸਾਥ ਦਿੰਦਾ ਰਹਿੰਦਾ ਤਦ ਉਸ ਨੂੰ ਕੋਈ ਨਹੀਂ ਸੀ ਗ੍ਰਿਫਤਾਰ ਕਰ ਸਕਦਾ। ਉਹ ਯੁੱਧ ਵਿਚ ਨਹੀਂ ਹਾਰਿਆ ਸੀ। ਫਰੁਖਸੀਅਰ ਨੇ ਸਿਆਸਤ ਰਾਹੀਂ ਉਸ ਨੂੰ ਹਰਾਇਆ ਸੀ। ਅਕਾਲੀਆਂ ਨੇ ਸਿਆਸਤ ਨੂੰ ਹਮੇਸ਼ ਪਹਿਲੀ ਦਿੱਤੀ। ਸਿਆਸਤ ਸੰਤ ਨੂੰ ਆਉਂਦੀ ਹੀ ਨਹੀਂ ਸੀ। ਉਹ ਆਪ ਕਿਹਾ ਕਰਦੇ ਸਨ ਕਿ ਮੈਨੂੰ ਧਰਮ ਦਾ ਥੋੜ੍ਹਾ ਜਿਹਾ ਪਤਾ ਲੱਗਿਆ ਹੈ ਸਿਆਸਤ

ਦਾ ਬਿਲਕੁਲ ਪਤਾ ਨਹੀਂ। ਕਿਸੇ ਸਰੋਤੇ ਨੇ ਪੁੱਛਿਆ, ''ਪਰ ਨਾਲੇ ਤੁਸੀਂ ਕਹਿੰਦੇ ਹੋ ਸਿਆਸਤ ਅਤੇ ਧਰਮ ਇਕੱਠੇ ਹਨ ਪੰਥ ਵਿਚ'', ਤਾਂ ਸੰਤ ਜੀ ਨੇ ਕਿਹਾ, ''ਹੁਣ ਕਿਹੜਾ ਇਹ ਕਹਿ ਰਿਹਾ ਹਾਂ ਕਿ ਵੱਖ ਵੱਖ ਹਨ। ਮੈਂ ਤਾਂ ਇਹ ਕਿਹਾ ਹੈ ਕਿ ਹਨ ਦੋਵੇਂ ਇਕੱਠੇ। ਪਰ ਮੈਨੂੰ ਸਿਆਸਤ ਨਹੀਂ ਆਉਂਦੀ। ਆਉਣੀ ਚਾਹੀਦੀ ਹੈ। ਕੀ ਕਰਾਂ ਨਹੀਂ ਆਈ। ਮੈਂ ਤਾਂ ਆਪਣੀ ਊਣਤਾਈ ਦਾ ਜ਼ਿਕਰ ਕੀਤਾ ਹੈ ਤੁਹਾਡੇ ਅੱਗੇ। ਸੱਚ ਬੋਲਣ ਵਿਚ ਕੋਈ ਪਾਪ ਤਾਂ ਨਹੀਂ ਨਾ।'' ਜੇ ਅਕਾਲੀਆਂ ਵਿਚ ਥੋੜਾ ਕੁ ਧਰਮ ਹੁੰਦਾ ਤਦ ਇਸ ਸਾਧ ਨੂੰ ਮਾਰਨ ਵਾਲਾ ਕੋਈ ਨਹੀਂ ਸੀ ਜੰਮਿਆ। ਜੇ ਸੰਤ ਜਰਨੈਲ ਸਿੰਘ ਵਿਚ ਕੁਝ ਸਿਆਸਤ ਹੁੰਦੀ ਤਾਂ ਵੀ ਉਸ ਨੇ ਬਚ ਜਾਣਾ ਸੀ। ਫਾਂਸੀ ਦਾ ਰੱਸਾ ਦੇਖਕੇ ਮਨਸੂਰ ਨੇ ਕਿਹਾ ''ਖੁਦਾਵੰਦ ਕਰੀਮ, ਮਿਹਰਬਾਨ ਹੋ ਕੇ ਜੋ ਕੁਝ ਤੂੰ ਮੈਨੂੰ ਦਿੱਤਾ ਜੇ ਇਨ੍ਹਾਂ ਲੋਕਾਂ ਨੂੰ ਵੀ ਦਿੱਤਾ ਹੁੰਦਾ ਤਾਂ ਮੇਰੇ ਨਾਲ ਜੋ ਹੋਣ ਲੱਗਾ ਹੈ ਉਹ ਨਾ ਹੁੰਦਾ ਅਤੇ ਜਿਸ ਵਸਤੂ ਤੋਂ ਤੂੰ ਇਨ੍ਹਾਂ ਨੂੰ ਵੰਚਿਤ ਰੱਖਿਆ ਹੈ ਜੇ ਸਾਨੂੰ ਵੀ ਵੰਚਿਤ ਰੱਖਦਾ ਤਦ ਵੀ ਇਹ ਕੁਝ ਨਹੀਂ ਹੋਣਾ ਸੀ। ਪਰ ਜੋ ਤੂੰ ਦੇਵੇਂ ਸੋ ਭਲਾ। ਜਿਥੇ ਤੂੰ ਰੱਖੇਂ ਸੋਈ ਭਲਾ। ਆਮੀਨ।''

ਜਦੋਂ ਮੈਨੂੰ ਕੋਈ ਪੁਛਦਾ ਕਿ ਕੀ ਸੰਤ ਬਚ ਕੇ ਨਿਕਲ ਗਿਆ ਹੈ ਜਿਵੇਂ ਸੁਣੀਂਦਾ ਹੈ, ਮੈਂ ਅਕਸਰ ਉੱਤਰ ਨਾ ਦਿੰਦਾ। ਫਜ਼ੂਲ ਸ਼ਬਦ ਭੇੜ ਤੋਂ ਬਚਣਾ ਚੰਗਾ। ਉਸ ਦਾ ਮਨ ਅਤੇ ਉਸਦਾ ਸਰੀਰ ਇਕਮਿਕ ਸਨ ਤੇ ਉਸਦੀ ਨਸਲ ਬਚਣ ਵਾਲਿਆਂ ਵਰਗੀ ਹੈ ਹੀ ਨਹੀਂ ਸੀ। ਭਾਈ ਨੰਦ ਲਾਲ ਜੀ ਦਾ ਸ਼ਿਅਰ ਹੈ :

''ਮਨਸੂਰ ਦਾ ਨਾਮ ਲੈਣਾ ਹੈ ਤਾਂ ਰੱਸਾ ਆਪਣੇ ਕੋਲ ਰੱਖੀਂ ਹਰ ਵਕਤ।
ਕਿਤੇ ਜਲਾਦ ਟਾਲ ਮਟੋਲ ਕਰਨ ਲੱਗੇ ਕਿ ਉਸ ਪਾਸ ਫਾਂਸੀ ਲਾਉਣ ਲਈ ਰੱਸਾ ਨਹੀਂ ਹੈ,
ਰੱਸਾ ਹਰ ਵਕਤ ਆਪਣੇ ਕੋਲ ਰੱਖੀਂ।''

ਇਕ ਦਿਨ ਮੈਂ ਨਾਗਸੈਨ ਨੂੰ ਪੁੱਛਿਆ, ''ਨਾਗਸੈਨ ਕੀ ਸਿੱਖ ਉਸ ਨੂੰ ਜਾਣ ਗਏ ਹਨ ਕਿ ਉਹ ਕੀ ਕਹਿ ਕੇ ਗਿਆ। ਨਾਗਸੈਨ ਨੇ ਕਿਹਾ, ''ਕੁਝ ਜਾਣਦੇ ਹਨ, ਵਧੀਕ ਨਹੀਂ ਜਾਣਦੇ। ਜਿਹੜੇ ਉਸਨੂੰ ਜਾਣਦੇ ਹਨ ਉਹ ਵੀ ਦਰਬਾਰ ਸਾਹਿਬ ਢਹਿ ਜਾਣ ਦੀ ਗੱਲ ਤਾਂ ਕਰ ਲਿਆ ਕਰਨਗੇ ਕਦੀ ਕਦਾਈਂ, ਇਸ ਸਾਧ ਦੀ ਗੱਲ ਨਹੀਂ ਕਰਨਗੇ ਕਿਉਂਕਿ ਉਹ ਡਰੇ ਹੋਏ ਹਨ। ਸਿੱਖ ਲਗਾਤਾਰ ਇਹ ਆਖਦੇ ਹਨ ਕਿ ਉਹ ਬਹਾਦਰ ਹਨ। ਜਿਹੜਾ ਬਾਰ ਬਾਰ ਬਹਾਦਰੀ ਦਾ ਦਾਅਵਾ ਕਰੇ ਉਹ ਕਿਸੇ ਤੋਂ ਡਰਿਆ ਹੋਇਆ ਹੁੰਦਾ ਹੈ। ਵਧੀਕ ਲੋਕ ਉਸਨੂੰ ਨਹੀਂ ਜਾਣਦੇ ਜਾਂ ਨਹੀਂ ਜਾਣਨਾ ਚਾਹੁੰਦੇ। ਪੁਰਾਤਨ ਯੂਨਾਨੀ ਫਿਲਾਸਫਰ ਹੇਰਾਕਲਾਈਟਸ ਨੇ ਕਿਹਾ ਸੀ, ''ਅੱਖ, ਜੇ ਸੂਰਜ ਵਰਗੀ ਨਾ ਹੁੰਦੀ, ਸੂਰਜ ਨੂੰ ਦੇਖ ਨਾ ਸਕਦੀ।''

ਸ਼ਾਇਰ ਸਤਨਾਮ ਸਿੰਘ ਖ਼ੁਮਾਰ ਨਾਲ ਘੰਟਿਆਂ ਬੱਧੀ ਗੱਲਾਂ ਹੁੰਦੀਆਂ। ਇਕ ਦਿਨ ਉਹ ਕਹਿਣ ਲੱਗੇ, ''ਜਿਸ ਕੌਮ ਨੇ ਬਹੁਤ ਦੁੱਖ ਦੇਖੇ ਹੋਣ, ਇਨਾਮ ਵਜੋਂ ਰੱਬ ਉਸ ਨੂੰ ਉਤਮ ਸਾਹਿਤ ਅਤੇ ਉਤਮ ਸੰਗੀਤ ਦੀ ਦਾਤ ਦਿੰਦਾ ਹੈ। ਸਿੱਖਾਂ ਨਾਲ ਇਸ ਪੱਖ ਤੋਂ ਰੱਬ ਨੇ ਨਿਆਂ ਨਹੀਂ ਕੀਤਾ। ਦੁੱਖ ਦਿੱਤੇ ਤੇ ਬਦਲੇ ਵਿਚ ਨਾ ਸਾਹਿਤ ਮਿਲਿਆ ਨਾ ਸੰਗੀਤ।'' ਮੈਂ ਪੁੱਛਿਆ, ''ਕੀ ਭਵਿੱਖ ਵਿਚ ਅਜਿਹਾ ਹੋਣ ਦੀ ਕੋਈ ਸੰਭਾਵਨਾ ਹੈ?'' ਉਸ ਨੇ ਕਿਹਾ, ''ਜਿੰਨੀ ਕਿਸੇ ਦੀ ਹੀਰ ਸੁਹਣੀ ਹੋਏਗੀ ਉਨੀ ਸੁਹਣੀ ਉਸਦੀ ਬੰਸਰੀ ਦੇ ਸੁਰ ਹੋਣਗੇ। ਕੀ ਕਦੀ ਕਿਸੇ ਨੇ ਇਸ ਗੱਲ ਦੀ ਬਹਿਸ ਕੀਤੀ ਹੈ ਕਿ ਰਾਂਝਾ ਸਾਧ ਸੀ ਕਿ ਦੁਨੀਆਂਦਾਰ ? ਉਹ ਦੋਵੇਂ ਸੀ ਇਕੋ ਵਕਤ, ਤੇ ਦੋਵੇਂ ਨਹੀਂ ਸੀ। ਹੀਰ ਅਤੇ ਰਾਂਝਾ ਧਰਤੀ ਤੋਂ ਬਹੁਤ ਦੂਰ ਦਾ ਸੂਖਮ ਅਤੇ ਸੁੰਦਰ ਸੁਫਨਾ ਹੈ। ਹੋ ਸਕਦਾ ਹੈ ਸਿੱਖ ਜੁਆਨੀ ਕਦੀ ਵੀਹਵੀਂ ਸਦੀ ਦੇ ਇਸ ਰਾਂਝੇ ਨੂੰ ਯਾਦ ਕਰੇ। ਰਹੀ ਗੱਲ ਭਵਿੱਖ ਦੀ। ਕੀ ਪਤਾ ਵੱਡੇ ਕਲਾਕਾਰ ਸਾਡੇ ਖਜ਼ਾਨੇ ਭਰਨ ਆ ਜਾਣ। ਮੋਮਿਨ ਦਾ ਸ਼ਿਅਰ ਸੁਣ :

ਫਿਰ ਬਹਾਰ ਆਏਗੀ ਵਹੀ ਦਸ਼ਤਨਵਰਦੀ ਹੋਗੀ
ਫਿਰ ਵਹੀ ਪਾਂਵ ਵਹੀ ਖਾਰਿ-ਮੁਗਿਲਾਂ ਹੋਂਗੇ ।।

(ਫੇਰ ਬਸੰਤ ਆਏਗੀ। ਫੇਰ ਜੰਗਲਾਂ ਵਿਚ ਆਵਾਰਗੀ ਲਈ ਕੋਈ ਨਿਕਲੇਗਾ। ਫੇਰ ਉਹੀ ਪੈਰ, ਫੇਰ ਉਹੀ ਕਿੱਕਰਾਂ ਦੀਆਂ ਸੂਲਾਂ ਹੋਣਗੀਆਂ।)

www.punjabilibrary.com

## ਸੰਤੋਖ ਸਿੰਘ ਧੀਰ

ਸਮਾਜਵਾਦ ਨੇ ਮੈਨੂੰ ਕਦੀ ਪ੍ਰਭਾਵਿਤ ਨਹੀਂ ਕੀਤਾ, ਉਦੋਂ ਵੀ ਨਹੀਂ ਜਦੋਂ ਇਹ ਪੰਜਾਬ ਵਿਚ ਆਪਣੇ ਭਰ ਜੋਬਨ ਉਪਰ ਸੀ ਯਾਨੀ ਕਿ ਸੱਠਵਿਆਂ ਵਿਚ, ਹਾਲਾਂ ਕਿ ਉਦੋਂ ਕੱਚੀ ਉਮਰ ਹੋਣ ਕਰਕੇ ਮੈਂ ਇਸ ਤੋਂ ਪ੍ਰੇਰਿਤ ਤਾਂ ਕੀ ਇਸ ਵਿਚ ਕੁੱਦ ਕੇ ਮਰ ਸਕਦਾ ਸਾਂ। ਮੇਰੇ ਕਈ ਹਾਣੀ ਨਕਸਲੀ ਲਹਿਰ ਵਿਚ ਸ਼ਾਮਲ ਹੋਣ ਪਿਛੋਂ ਘਰ ਨਹੀਂ ਪਰਤੇ। ਮੈਨੂੰ ਇਹ ਲਹਿਰ ਕਿਉਂ ਰੰਗੀਨ ਨਹੀਂ ਲੱਗੀ ਹਾਲਾਂ ਕਿ ਗਰੀਬਾਂ ਦੀ ਬਾਂਹ ਫੜਨ ਲਈ ਤੁਰੀ ਸੀ? ਹੁਣ ਮੈਨੂੰ ਇਸ ਦੇ ਕਾਰਨ ਥੋੜ੍ਹੇ ਬਹੁਤ ਪਤਾ ਲੱਗਣ ਲੱਗੇ ਹਨ ਜਿਨ੍ਹਾਂ ਦਾ ਜ਼ਿਕਰ ਪਿਛੋਂ ਜਾ ਕੇ ਕਰਾਂਗਾ।

ਵਚਿੱਤਰ ਗੱਲ ਇਹ ਹੈ ਕਿ ਕਾਮਰੇਡੀ ਦਾ ਸੁਆਦ ਨਿਰੰਤਰ ਬਕਬਕਾ ਲੱਗਾ ਪਰ ਕੁਝ ਕਾਮਰੇਡ ਜ਼ਰੂਰ ਚੰਗੇ ਲੱਗੇ। ਤਾਸਕੀ, ਗੋਰਕੀ ਅਤੇ ਸੰਤੋਖ ਸਿੰਘ ਧੀਰ ਦੀਆਂ ਲਿਖਤਾਂ ਅਤੇ ਇਨ੍ਹਾਂ ਕਾਮਰੇਡਾ ਦਾ ਸੁਭਾਅ ਮੇਰੇ ਲਈ ਪ੍ਰੇਰਨਾ ਸਰੋਤ ਬਣਿਆ। ਮੈਂ ਸੋਚਦਾ ਹੁੰਦਾ - ਜੇ ਕਮਿਊਨਿਜ਼ਮ ਇਨ੍ਹਾਂ ਦਾਨਸ਼ਵਰਾਂ ਵਰਗਾ ਹੈ ਫੇਰ ਸਫਲ ਵੀ ਹੋ ਸਕਦਾ ਹੈ। ਦੁਨੀਆਂ ਨੂੰ ਤਾਸਕੀ ਤੇ ਪੰਜਾਬੀਆਂ ਨੂੰ ਸੰਤੋਖ ਸਿੰਘ ਧੀਰ ਦਸਦੇ ਰਹੇ ਕਿ ਸਮਾਜਵਾਦ ਗਲਤ ਲੀਹ ਉਪਰ ਤੁਰ ਰਿਹਾ ਹੈ। ਰੂਸੀ ਸਟੇਟ ਟੁੱਟਣ ਪਿਛੋਂ ਤਾਂ ਸਾਰਿਆਂ ਨੇ ਕਿੰਤੂ ਪ੍ਰੰਤੂ ਕਰਨਾ ਸ਼ੁਰੂ ਕਰ ਦਿੱਤਾ ਪਰ ਤਾਸਕੀ 1920 ਤੋਂ 1940 ਤੱਕ ਸੂਚਿਤ ਕਰਦਾ ਰਿਹਾ ਕਿ ਸਮਾਜਵਾਦ ਦੇ ਭੇਖ ਵਿਚ ਇਕ ਨਵੀਂ ਅਫਸਰਸ਼ਾਹੀ ਸਟਾਲਿਨ ਦੀ ਕਮਾਂਡ ਹੇਠ ਕਾਇਮ ਹੋ ਗਈ ਹੈ ਜਿਹੜੀ ਮਜ਼ਦੂਰ, ਕਿਸਾਨ ਦੀ ਉਨੀ ਦੁਸ਼ਮਣ ਅਤੇ ਉਨੀ ਹੀ ਤਾਨਾਸ਼ਾਹ ਹੈ ਜਿੰਨੀ ਜ਼ਾਰਸ਼ਾਹੀ। ਪਿਛੋਂ ਤਾਂ ਇਹ ਵੀ ਸਾਬਤ ਹੋ ਗਿਆ ਸੀ, ਸਟਾਲਿਨ ਨੇ ਟਕਸਾਲੀ ਕਮਿਊਨਿਸਟ, ਬਿਨਾਂ ਅਦਾਲਤੀ ਪ੍ਰਕ੍ਰਿਆ ਤੋਂ ਇਨੀ ਵੱਡੀ ਗਿਣਤੀ ਵਿਚ ਕਤਲ ਅਤੇ ਜਲਾਵਤਨ ਕੀਤੇ ਕਿ ਜ਼ਾਰ ਦੀਆਂ ਵਧੀਕੀਆਂ ਮਾਂਦ ਪੈ ਗਈਆਂ। ਇਹ ਕੋਈ ਅਚੰਭੇਜਨਕ ਗੱਲ ਨਹੀਂ ਕਿ ਪੰਜਾਬ ਦੇ ਟਰੇਡ ਯੂਨੀਅਨ ਲੀਡਰ ਅਤੇ ਖੱਬੇ ਪੱਖੀ ਲੇਖਕ, ਸੰਤੋਖ ਸਿੰਘ ਧੀਰ ਦੇ ਖਿਲਾਫ ਰਹੇ ਹਨ। ਧੀਰ ਨੇ ਨਾ ਕਦੀ ਸਾਜ਼ਸ਼ ਕੀਤੀ ਤੇ ਨਾ ਪਿਠ ਪਿਛੇ ਨਿੰਦਿਆ ਚੁਗਲੀ। ਉਸਦੀ ਕਲਮ ਅਖਬਾਰਾਂ ਅਤੇ ਮੈਗਜ਼ੀਨਾਂ ਦੇ ਕਾਲਮਾਂ ਵਿਚੋਂ ਦੀ ਲਗਾਤਾਰ ਪ੍ਰਕਾਸ਼ਵਾਨ ਹੁੰਦੀ ਰਹੀ।

ਗੰਡਾ ਸਿੰਘ, ਸਾਹਿਬ ਸਿੰਘ, ਹਰਕੀਰਤ ਸਿੰਘ ਅਤੇ ਸੰਤੋਖ ਸਿੰਘ ਧੀਰ ਨੂੰ ਸਟੇਜ ਤੇ ਸੁਣਦਿਆਂ ਜਾਂ ਲਿਖਤਾਂ ਪੜ੍ਹਦਿਆਂ, ਇਨ੍ਹਾਂ ਦੀ ਬੋਲੀ ਵਿਚੋਂ ਤੁਹਾਨੂੰ ਸ਼ਿੰਗਾਰ ਦਾ ਸਾਜ਼ ਸਾਮਾਨ ਨਹੀਂ ਮਿਲੇਗਾ। ਚਾਰ ਹਜ਼ਾਰ ਦੇ ਜਥੇ ਵਿਚ ਸ਼ਾਮਲ ਹੋ ਕੇ ਜਦੋਂ ਮੈਂ ਹਸਨ ਅਬਦਾਲ ਪੁੱਜਾ ਤਾਂ ਦੋ ਪਠਾਣ ਮੇਰੇ ਨਾਲ ਗੱਲੀਂ ਲੱਗ ਗਏ। ਅਬਦੁੱਲੇ ਨੇ ਪੁੱਛਿਆ - ਤੁਹਾਡੇ ਓਧਰਲੇ ਪੰਜਾਬ ਦੀਆਂ ਔਰਤਾਂ ਕਿੰਨੀਆਂ ਕੁ ਸੁਹਣੀਆਂ ਨੇ? ਮੈਂ ਕਿਹਾ - ਅਹਿ ਨਾਲ ਤਾਂ ਜਾਹ ਰਹੀਆਂ ਨੇ, ਤੂੰ ਆਪੇ ਦੇਖ ਲੈ, ਮੈਨੂੰ ਕਿਉਂ ਪੁੱਛਦੈਂ ? ਉਹ ਬੋਲਿਆ - ਨਹੀਂ ਸਰਦਾਰ ਇਉਂ ਨਹੀਂ। ਇਹ ਤਾਂ ਕਈ ਕਈ ਘੰਟੇ ਸ਼ੀਸ਼ੇ ਅੱਗੇ ਬੈਠ ਬੈਠ ਆਈਆਂ ਨੇ। ਤੂੰ ਮੇਰੇ ਨਾਲ ਚੱਲ। ਪਟੜੀਆਂ ਤੇ ਪੱਥਰ ਤੋੜਦੀਆਂ ਤੇ ਖੇਤਾਂ ਵਿਚ ਕੰਮ ਕਰਦੀਆਂ ਔਰਤਾਂ ਦੇਖ। ਮਿੱਟੀ ਨਾਲ ਮਿੱਟੀ ਹੋਈਆਂ ਵੀ ਜੇ ਤੈਨੂੰ ਉਹ ਕੋਹ ਕਾਫ ਦੀਆਂ ਪਰੀਆਂ ਲੱਗਣ, ਫੇਰ ਆਖ ਦੇਈਂ ਸੁਹਣੀਆਂ ਨੇ। ਸ਼ਹਿਰਾਂ ਦੀ ਖੂਬਸੂਰਤੀ ਤਾਂ ਫਰੇਬ ਹੈ ਭਰਾ, ਪਲ ਦੋ ਪਲ ਦਾ ਭੁਲੇਖਾ। ਸਾਡੀਆਂ ਗਾਵਾਂ ਅਤੇ ਮੱਝਾਂ ਏਨੀਆਂ ਸੁਹਣੀਆਂ ਕਿ ਵੱਡੇ ਛੋਟੇ ਉਨ੍ਹਾਂ ਦੀਆਂ ਗਰਦਣਾਂ ਨੂੰ ਜੱਫੀ ਪਾ ਲੈਂਦੇ ਨੇ। ਉਹ ਕੋਈ ਸੁਰਖੀ ਬਿੰਦੀ ਲਾਉਂਦੀਆਂ ਨੇ? ਫਰੇਬ ਦਾ ਨਾਂ ਖੂਬਸੂਰਤੀ ਨਹੀਂ।

www.punjabilibrary.com

ਏਸ ਪੱਖੋਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਲਿਖਤ ਕਈ ਵਾਰ ਅਕਾ ਦਿੰਦੀ ਹੈ। ਉਸਦੀ ਵਾਰਤਕ ਸ਼ਹਿਰਨਾਂ ਵਾਂਗ ਕਾਸਮੈਟਿਕਸ ਉਪਰ ਨਿਰਭਰ ਹੈ। ਤਾਂ ਵੀ, ਪ੍ਰੀਤਲੜੀ ਆਪਣੇ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ, ਉਨ੍ਹਾਂ ਦੇ ਦਿਲਾਂ ਤੱਕ ਆਪਣੀ ਗੱਲ ਦਾ ਸੰਚਾਰ ਕਰਨ ਵਿਚ ਸਫਲ ਹੈ। ਸਾਡੇ ਵਧੀਕ ਸਮਕਾਲੀ ਆਲੋਚਕ, ਬਿਰਤਾਂਤਕਾਰ ਏਨੇ ਉਲਝੇ ਹੋਏ ਹਨ ਕਿ ਉਨ੍ਹਾਂ ਨੂੰ ਖੁਦ ਪਤਾ ਨਹੀਂ ਬਿਮਾਰੀ ਕੀ ਹੈ ਤੇ ਇਸ ਤੋਂ ਮੁਕਤ ਕਿਵੇਂ ਹੋਣਾ ਹੈ। ਲੇਖਕ ਗਰਦ ਗੁਬਾਰ ਦਾ ਕਿਡਾ ਵੱਡਾ ਪਰਬਤ ਖੜ੍ਹਾ ਕਰ ਸਕਦਾ ਹੈ, ਦੇਖਣਾ ਹੋਵੇ ਤਾਂ ਇਸ ਦੀ ਟਕਸਾਲੀ ਮਿਸਾਲ ਹਰਿੰਦਰ ਸਿੰਘ ਮਹਿਬੂਬ ਦਾ *ਸਹਿਜੇ ਰਚਿਓ ਖਾਲਸਾ* ਗ੍ਰੰਥ ਹੈ। ਅਮਰੀਕਣ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਮੈਨੂੰ ਅਰਵਿੰਦਰ ਪਾਲ ਸਿੰਘ ਮੰਡੇਰ, ਜੋ ਯੂਨੀਵਰਸਿਟੀ ਆਫ ਹਾਫਸਟਰਾ ਵਿਚ ਸਿੱਖ ਸਟੱਡੀਜ਼ ਦਾ ਅਧਿਆਪਕ ਹੈ ਦੇ ਘਰ ਨਿਊਯਾਰਕ ਲੈ ਗਏ। ਉਸ ਦੀਆਂ ਕਿਤਾਬਾਂ ਵਿਚ ਮਹਿਬੂਬ ਦੀ ਉਕਤ ਕਿਤਾਬ ਵੀ ਪਈ ਸੀ। ਮੈਂ ਪੁੱਛਿਆ – ਇਹ ਕਿਤਾਬ ਪੜ੍ਹੀ ਹੈ? ਮੰਡੇਰ ਨੇ ਕਿਹਾ – ਇਕ ਵਰਕਾ ਅਜਿਹਾ ਨਹੀਂ ਮਿਲੇਗਾ ਜਿਹੜਾ ਏਥੇ ਰੈਕ ਵਿਚ ਪਿਆ ਹੋਵੇ ਪਰ ਪੜ੍ਹਿਆ ਨਾ ਗਿਆ ਹੋਵੇ। ਮੈਂ ਕਿਹਾ ਇਸ ਕਿਤਾਬ ਬਾਬਤ ਰਾਇ? ਉਸਨੇ ਕਿਹਾ – ਇਟ ਇਜ਼ ਬੈਡ ਪਰੋਜ਼।

ਸੰਤੋਖ ਸਿੰਘ ਧੀਰ ਦੀ ਕਵਿਤਾ ਪੜ੍ਹੋ ਜਾਂ ਕਹਾਣੀ, ਸਮਕਾਲੀਆਂ ਦੇ ਵਿਹਾਰ ਉਪਰ ਟਿੱਪਣੀ ਪੜ੍ਹੋ ਜਾਂ ਉਸ ਦੀ ਸ੍ਵੈ-ਜੀਵਨੀ, ਤੁਹਾਨੂੰ ਆਪਣੇ ਨਾਲ ਨਾਲ ਤੋਰਦਾ ਹੈ। ਕਵੀਸ਼ਰੀ ਬਹੁਤ ਤਿਖੀ ਚਾਲ ਚਲਦੀ ਹੈ ਪਰ ਅਨਪੜ੍ਹ ਪੇਂਡੂਆਂ ਦੇ ਦਿਲਾਂ ਤੱਕ ਤੇਜੀ ਨਾਲ ਉਤਰਦੀ ਹੈ। ਧੀਰ ਨੂੰ ਚਾਹੇ ਗੈਰ ਸਾਹਿਤਕ ਬੈਠਕਾਂ ਵਿਚ ਸੁਣੋ ਚਾਹੇ ਯੂਨੀਵਰਸਿਟੀ ਦੇ ਪਲੇਟਫਾਰਮ ਤੇ, ਤੁਹਾਡੇ ਉਪਰ ਅਸਰ ਕਰੇਗਾ। ਮਿਰਜ਼ਾ ਗਾਲਿਬ ਨੇ ਖ਼ਤ ਵਿਚ ਲਿਖਿਆ ਸੀ – ਮੁਸ਼ਕਲ ਸ਼ਿਅਰ ਕਹਿਣਾ ਬੜਾ ਸੌਖਾ ਹੈ, ਔਖਾ ਕੰਮ ਹੈ ਆਸਾਨ ਸ਼ਿਅਰ ਕਹਿਣਾ।

ਉਮਰ ਵਿਚ ਮੇਰਾ ਅਤੇ ਧੀਰ ਦਾ ਏਨਾ ਫਰਕ ਹੈ ਕਿ ਉਸਦਾ ਬੇਟਾ ਮੇਰਾ ਹਮ-ਉਮਰ ਹੈ। ਕਈ ਸਾਲਾਂ ਤੋਂ ਸਾਡੀ ਸਾਂਝ ਸੈਮੀਨਾਰਾਂ, ਪੱਤਰਾਂ ਅਤੇ ਫੋਨ ਰਾਹੀਂ ਹੁੰਦੀ ਰਹੀ ਪਰ ਸਾਹਿਤਕ ਸਾਂਝ ਤੋਂ ਇਲਾਵਾ ਇਸ ਵਿਚ ਇਕ ਨਿੱਜੀ ਸਾਂਝ ਵੀ ਜੁੜ ਗਈ। ਉਸ ਦੀ ਧੀ ਮੇਰੇ ਪਿੰਡ ਦੇ ਬਲਜੀਤ ਸਿੰਘ ਪੰਨੂ ਨਾਲ ਵਿਆਹੀ ਗਈ ਸੀ ਜੋ ਨਵੇਂ ਜ਼ਮਾਨੇ ਦਾ ਸੰਪਾਦਕ ਹੋਇਆ ਕਰਦਾ ਸੀ। ਸਾਡੇ ਪੇਂਡੂ ਘਰਾਂ ਵਿਚ ਕਾਮਰੇਡੀ ਨੂੰ ਏਸ ਤਰ੍ਹਾਂ ਸ਼ਸ਼ਕੀਰ ਦਿੱਤਾ ਜਾਂਦਾ ਸੀ ਜਿਵੇਂ ਸੋਟੀ ਨਾਲ ਜਾਨਵਰ ਭਜਾਈਦਾ ਹੈ। ਧੀਰ ਦਾ ਕੁੜਮ ਜਗਮੇਲ ਸਿੰਘ ਜੇ ਕਦੀ ਜਲੰਧਰ ਕਿਸੇ ਖਾਸ ਜ਼ਰੂਰੀ ਕੰਮ ਬਲਜੀਤ ਨੂੰ ਮਿਲਣ ਜਾਂਦਾ ਤਾਂ ਉਸ ਕੋਲ ਰਾਤ ਨਹੀਂ ਕੱਟਦਾ ਸੀ ਕਿ ਕਿਤੇ ਕਾਮਰੇਡ ਦੇਰ ਤੱਕ ਗੱਲਾ ਕਰਦੇ ਹੋਏ ਅਸਰ ਨਾ ਕਰ ਦੇਣ। ਆਮ ਤੌਰ ਤੇ ਬਲਜੀਤ ਨੂੰ ਮਿਲਣ ਦਾ ਇਛੁਕ ਹੈ ਈ ਨਹੀਂ ਸੀ ਉਹ। ਪੰਨੂਆਂ ਨੇ ਇਸ ਵਿਆਹ ਨੂੰ ਕਬੂਲ ਨਹੀਂ ਕੀਤਾ ਸੀ। ਕਾਰ ਹਾਦਸੇ ਵਿਚ ਬਲਜੀਤ ਦੀ ਮੌਤ ਹੋਈ, ਹਾਦਸੇ ਪਿਛੋਂ ਮਜ਼ਬੂਰੀਵਸ ਧੀਰ ਦੇ ਦੋਹਤੇ ਪੰਨੂਆਂ ਨੇ ਪੋਤਿਆਂ ਦੇ ਰੂਪ ਵਿਚ ਪ੍ਰਵਾਨ ਕੀਤੇ। ਸਾਡਾ ਦੋਹਾਂ ਦਾ ਟਾਪਿਕ ਕਦੀ ਕਦਾਈਂ ਬਲਜੀਤ ਬਣ ਜਾਂਦਾ। ਬਲਜੀਤ ਵੀ ਪੰਨੂ ਸੀ ਪਰ ਉਹ ਸਰਦਾਰਾਂ ਦਾ ਮੁੰਡਾ ਸੀ ਮੈਂ ਜੱਟਾਂ ਦਾ। ਇਨ੍ਹਾਂ ਦੋਵਾਂ ਵਿਚ ਕੀ ਫਰਕ ਹੁੰਦਾ ਹੈ, ਫੇਰ ਦੱਸਾਂਗਾ, ਕਈ ਪਾਠਕਾਂ ਨੂੰ ਪਤਾ ਨਹੀਂ।

ਧੀਰ ਮੇਰੇ ਉਪਰ ਏਨਾ ਮਿਹਰਬਾਨ ਹੋਇਆ ਕਿ ਆਪਣੀ ਸ੍ਵੈਜੀਵਨੀ *ਬ੍ਰਿਹਸਪਤੀ* ਸਮੇਤ ਪੰਜ ਕਿਤਾਬਾਂ ਦਾ ਪੈਕਟ ਪਟਿਆਲੇ ਮੈਨੂੰ ਦੇ ਕੇ ਗਿਆ ਜਿਨ੍ਹਾ ਵਿਚ *ਮੇਰੀ ਕਲਮ, ਚਾਰ ਵਰ੍ਹੇ* ਤੇ *ਉਹ ਦਿਨ* ਉਸਦੀ ਜ਼ਿੰਦਗੀ ਦੇ ਬਿਰਤਾਂਤ ਹਨ ਤੇ *ਸੰਤੋਖ ਸਿੰਘ ਧੀਰ ਦੀਆਂ 51 ਕਹਾਣੀਆਂ* ਉਸ ਦੀਆਂ ਉਤਮ ਕਥਾਵਾਂ। ਪਹਿਲੋਂ ਮੈਂ ਖਿਲਰਿਆ ਹੋਇਆ ਧੀਰ ਦੇਖਿਆ ਸੀ, ਇਕ ਕਹਾਣੀ ਕਿਤੇ ਪੜ੍ਹੀ ਦੂਜੀ ਕਵਿਤਾ ਕਿਤੇ ਹੋਰ ਤੇ ਉਹ ਵੀ ਵਕਫੇ ਬਾਦ। ਇਹ ਪੰਜੇ ਕਿਤਾਬਾਂ ਮੈਂ ਬਿਨਾਂ ਵਕਫੇ ਦੇ ਪੜ੍ਹੀਆਂ। ਇਨ੍ਹਾਂ ਦੇ ਵਿਚਕਾਰ ਮੈਂ ਹੋਰ ਕੁਝ ਨਾ ਪੜ੍ਹਨ ਦਾ ਸੁਚੇਤ ਫੈਸਲਾ ਕੀਤਾ। ਪੜ੍ਹਦਿਆਂ ਨੋਟਸ ਲੈਂਦਾ ਰਿਹਾ। ਬੇਸ਼ਕ ਪੜ੍ਹਨ ਅਤੇ ਲਿਖਣ ਵਿਚ ਥੋੜਾ ਕੁ ਵਕਫਾ ਪੈ ਗਿਆ ਪਰ ਜਿਹੜੇ ਨੋਟਸ ਲੈ ਰੱਖੇ ਹਨ ਉਨ੍ਹਾਂ ਸਦਕਾ ਨਿਰੰਤਰਤਾ ਵਿਚ ਵਿਘਨ ਨਹੀਂ ਪਿਆ। ਦੁਬਾਰਾ ਭਾਰਤ ਆਈ ਜਰਮਨ ਕੁੜੀ ਏਂਜਲਾ ਡੀਤਰਿਸ਼ ਨੂੰ ਮੈਂ ਉਹ ਸਾਰੀਆਂ ਗੱਲਾਂ ਸੁਣਾ ਦਿੱਤੀਆਂ ਜਿਹੜੀਆਂ ਉਹ ਦਸ ਸਾਲ ਪਹਿਲਾਂ ਕਰਕੇ ਗਈ ਸੀ। ਉਸਨੇ ਮੱਥੇ ਤੇ ਹੱਥ ਮਾਰਿਆ, ਕਿਹਾ – ਟੈਲੀਵਿਯਨ ਅਤੇ ਕੰਪਿਊਟਰ ਨੇ ਸਾਡਾ ਤਾਂ ਬੇੜਾ ਗਰਕ ਕਰ ਦਿੱਤਾ। ਅਗੋਂ ਤੋਂ ਤੇਰੇ ਨਾਲ ਸੋਚ ਕੇ ਗੱਲ ਕਰਾਂਗੀ, ਉਹ ਵੀ ਤਾਂ ਜੇ ਜ਼ਰੂਰਤ ਹੋਈ। ਤੈਨੂੰ ਤਾਂ ਫਜ਼ੂਲ ਗੱਲਾਂ ਵੀ ਯਾਦ ਨੇ।

www.punjabilibrary.com

*ਉਹ ਦਿਨ* ਕਿਤਾਬ ਵਿਚ ਉਸ ਜ਼ਮਾਨੇ ਦਾ ਜ਼ਿਕਰ ਹੈ ਜਦੋਂ ਉਸਦੇ ਜੀਵਨ ਦਾ ਪਹਿਲਾ ਵਿਧੀਵਤ ਸਾਹਿਤਕ ਸਫਰ ਆਰੰਭ ਹੋਇਆ। ਪਹਿਲੇ ਅਧਿਆਇ ਵਿਚ ਦਰਜ ਹੈ ਕਿ ਡੇਰਾ ਬਾਬਾ ਜੱਸਾ ਸਿੰਘ ਲਾਗੇ ਸੂਲਰ ਰੋਡ ਉਪਰ ਪਟਿਆਲੇ ਪ੍ਰੀਤਮ ਸਿੰਘ ਦੀ ਕੋਠੀ ਸੀ। ਇਹ ਮਾਨਸਾ ਲਾਗੇ ਬਗਲਿਆਂ ਵਾਲੀ (ਨਰਿੰਦਰਪੁਰਾ) ਪਿੰਡ ਦਾ ਚਹਿਲ ਸਰਦਾਰ ਸੀ। ਵਚਿੱਤਰ ਗੱਲ ਇਹ ਕਿ ਇਹ ਸ੍ਰ. ਪ੍ਰੀਤਮ ਸਿੰਘ ਮੇਰੀ ਪਤਨੀ ਦੇ ਚਾਚਾ ਜੀ ਸਨ। ਧੀਰ ਦੇ ਜੀਵਨ ਦੀ ਇਕ ਹੋਰ ਧਾਰਾ ਨਾਲ ਮੇਰਾ ਵਾਸਤਾ ਜੁੜ ਗਿਆ। ਇਸ ਸਰਦਾਰ ਨੇ *ਜੀਵਨ-ਪ੍ਰੀਤੀ* ਨਾਮ ਦਾ ਇਕ ਮਾਸਿਕ ਪੱਤਰ ਕੱਢਿਆ ਹੋਇਆ ਸੀ ਜਿਥੇ ਧੀਰ ਨੂੰ ਸਹਾਇਕ ਸੰਪਾਦਕ ਰੱਖਿਆ ਗਿਆ। ਇਹ ਧੀਰ ਦੀ ਚੜ੍ਹਤ ਦੇ ਰੰਗੀਨ ਦਿਨ ਸਨ। ਆਮ ਤੌਰ ਤੇ ਤੁਸੀਂ ਦੇਖੋਗੇ ਕਿ ਕਾਮਰੇਡ ਜਗੀਰਦਾਰਾਂ ਨੂੰ ਬਹੁਤ ਭੰਡਦੇ ਹਨ ਕਿਉਂਕਿ ਉਹੀ ਤਾਂ ਹਨ ਇਨਕਲਾਬ ਦੇ ਰਾਹ ਵਿਚ ਰੋੜਾ। ਧੀਰ ਦਾ ਦਿਮਾਗ ਉਲਾਰ ਨਹੀਂ ਹੋਇਆ। ਜੀਵਨ ਦੇ ਅੰਤਲੇ ਦਿਨੀਂ ਪੁਰਾਣੀਆਂ ਯਾਦਾਂ ਦਾ ਵਰਣਨ ਕਰਦਿਆਂ ਉਹ ਸਰਦਾਰ ਦੀਆਂ ਸਿਫਤਾਂ ਕਰਦਾ ਹੈ, ਉਹ ਤੇ ਉਸਦਾ ਪਰਿਵਾਰ ਬਾਸਲੀਕਾ ਪੁਰ-ਵਕਾਰ, ਹਰ ਆਏ ਗਏ ਦੀ ਇੱਜ਼ਤ, ਸਰਦਾਰ ਸ਼ਰਾਬ ਸਮੇਤ ਹਰੇਕ ਮਨੁੱਖੀ ਕਮਜ਼ੋਰੀ ਤੋਂ ਮੁਕਤ। ਲੇਖਕ ਵਾਸਤੇ ਦਿਲ ਵਿਚ ਏਡੀ ਕਦਰ ਕਿ ਰੇਲਵੇ ਸਟੇਸ਼ਨ ਤੋਂ ਲਿਆਉਣ ਲਈ, ਛੱਡ ਕੇ ਆਣ ਲਈ, ਸਰਦਾਰ ਆਪਣੀ ਕਾਰ ਵਿਚ ਬਿਠਾ ਕੇ ਲਿਜਾਂਦਾ, ਧੀਰ ਦੀ ਹਰ ਲੋੜ ਦਾ ਖਿਆਲ ਰਖਦਾ।

ਉਥੇ ਰਹਿੰਦਿਆਂ ਜਲਦੀ ਹੀ ਧੀਰ ਦਾ ਇਸ਼ਕ ਇਕ ਹੋਰ ਮੁਲਾਜ਼ਮ ਦੀ ਖੂਬਸੂਰਤ ਔਰਤ ਲਾਲ ਹੋ ਗਿਆ ਭਾਵੇਂ ਕਿ ਉਹ ਅਤੇ ਧੀਰ ਦੋਵੇਂ ਬਾਲ-ਬੱਚੇਦਾਰ ਸਨ। ਕਾਮ ਉਤੇਜਨਾ ਆਦਮੀ ਨੂੰ ਕਿਸ ਰਸਾਤਲ ਤਕ ਲਿਜਾ ਸਕਦੀ ਹੈ, ਇਹ ਕਿਤਾਬ ਉਸੇ ਦਾ ਬਿਰਤਾਂਤ ਹੈ। ਖੁਦ ਨਾਲ ਨਾ ਲਿਹਾਜ ਕਰਦਾ ਹੈ ਨਾ ਮਾਫ ਕਰਦਾ ਹੈ। ਉਹ ਲਿਖਦਾ ਹੈ - ''ਮੈਂ ਸੁਰਮਾ ਪਾਉਂਦਾ। ਸੁਰਮੇ ਨਾਲ ਮੇਰੀ ਅੱਖ ਸਾਣ ਉਤੇ ਲੱਗ ਜਾਂਦੀ ਸੀ।'' ਹੌਲੀ ਹੌਲੀ ਸਰਦਾਰ ਦੀਆਂ ਨਜ਼ਰਾਂ ਵਿਚੋਂ ਹੇਠਾਂ ਲਹਿੰਦਾ ਗਿਆ ਤੇ ਆਖਰ ਇਕ ਦਿਨ ਨੌਕਰੀ ਤੋਂ ਜਵਾਬ ਮਿਲ ਗਿਆ। ਇਹ ਵੀ ਅਚਾਨਕ ਨਹੀਂ ਹੋਇਆ - ਲਗਭਗ ਸਾਲ ਦੇ ਦੌਰਾਨ। ਉਸ ਦਾ ਰਵੱਈਆਂ ਆਪਣੀ ਪਤਨੀ ਨਾਲ ਤੇ ਬੱਚਿਆਂ ਨਾਲ ਬਦਸਲੂਕੀ ਵਾਲਾ ਹੋ ਗਿਆ। ਇਵੇਂ ਹੀ ਹੋਣਾ ਸੀ। ਆਪਣੇ ਮਾੜੇ ਕੰਮਾਂ ਸਦਕਾ ਜਦੋਂ ਉਸਦਾ ਪਰਿਵਾਰ ਨਤੀਜੇ ਭੁਗਤਦਾ ਹੈ, ਉਨ੍ਹਾਂ ਪਲਾਂ ਨੂੰ ਲਿਖਦਿਆਂ ਧੀਰ ਆਪਣੇ ਵਿਰੁੱਧ ਕਲਮ ਵਾਹੁੰਦਾ ਹੈ ਤਾਂ ਤੁਹਾਨੂੰ ਉਸ ਦੀ ਲਿਖਤ ਵਿਚੋਂ ਰੂਸੋ ਦੇ *ਕਨਫੈਕਸ਼ਨਜ਼* ਦੇ ਝਲਕਾਰੇ ਦਿੱਸਣਗੇ। ਜਿਸ ਨੇ ਉਸਨੂੰ ਆਖਰ ਨੌਕਰੀ ਵਿਚੋਂ ਕੱਢ ਦਿੱਤਾ ਉਸ ਬਾਰੇ ਧੀਰ ਲਿਖਦਾ ਹੈ - ''ਇਸ ਸਰਦਾਰ ਵਰਗਾ ਸੁਭਾਅ ਮੈਂ ਕਿਸੇ ਮਾਲਕ ਦਾ ਨਹੀਂ ਦੇਖਿਆ। ਫਾਰਗ ਕਰਨ ਵੇਲੇ ਨਾ ਬੇਇਜ਼ਤੀ ਕੀਤੀ, ਨਾ ਅਹਿਸਾਸ ਹੋਣ ਦਿੱਤਾ ਕਿ ਉਸ ਨੂੰ ਕਰਤੂਤ ਦਾ ਪਤਾ ਹੈ।''

ਚਹਿਲ ਸਰਦਾਰ ਦੀ ਸ਼ਖਸੀਅਤ ਧੀਰ ਨੇ ਨਾ ਵਧਾਈ, ਨਾ ਘਟਾਈ, ਜਿਹੋ ਜਿਹਾ ਸੀ ਬਿਲਕੁਲ ਉਸੇ ਰੂਪ ਵਿਚ ਪੇਸ਼ ਕੀਤਾ। ਇਹ ਗੱਲ ਮੈਂ ਇਸ ਕਰਕੇ ਲਿਖੀ ਹੈ ਕਿਉਂਕਿ ਇਸ ਸਰਦਾਰ ਨੂੰ ਮੈਂ ਬਹੁਤ ਨੇੜਿਓਂ ਦੇਖਿਆ ਹੈ। ਬਿਤਾਏ ਦਿਨਾਂ ਬਾਰੇ ਉਹ ਲਿਖਦਾ ਹੈ - ਇਹ ਮੇਰੇ ਲਈ ਸੁਨਹਿਰੀ ਦਿਨ ਸਨ। ਜਿਵੇਂ ਚੰਦਰਗੁਪਤ ਦਾ ਸਮਾਂ ਹਿੰਦੂਆਂ ਲਈ ਸੁਨਹਿਰੀ ਕਾਲ ਸੀ।

ਸਰਦਾਰ ਦੀਆਂ ਦੋ ਧੀਆਂ ਸਨ, ਧੀਰ ਦੀ ਬੱਚੀ ਜਿੱਡੀਆਂ। ਧੀਰ ਲਿਖਦਾ ਹੈ - ਮੇਰੀ ਧੀ ਵੀ ਸੁਹਣੀ ਸੀ ਪਰ ਸਰਦਾਰ ਦੀਆਂ ਧੀਆਂ ਮੱਖਣ ਦੇ ਪੇੜੇ ਸਨ ਜੋ ਹਲਕੇ ਹਲਕੇ ਕੇਸਰ ਅਤੇ ਗੁਲਾਬ ਵਿਚ ਗੁੱਧੇ ਹੋਏ ਸਨ। ਉਨ੍ਹਾਂ ਬੱਚੀਆਂ ਵਰਗੀ ਮੇਰੀ ਧੀ ਨਹੀਂ ਸੀ।

ਆਪਣੀ ਪਤਨੀ ਬਾਬਤ ਲਿਖਦਾ ਹੈ - ਉਸਨੂੰ ਮੇਰੇ ਉਪਰ ਸ਼ੱਕ ਸੀ। ਉਸਨੇ ਮੈਨੂੰ ਕੁੱਝ ਨਾ ਕਿਹਾ। ਉਹ ਏਨੀ ਚੰਗੀ ਸੀ ਕਿ ਮੇਰੀਆਂ ਬੁਰੀਆਂ ਗੱਲਾਂ ਦਾ ਉਸ ਉਪਰ ਅਸਰ ਨਹੀਂ ਹੁੰਦਾ ਸੀ। ਉਹ ਸਮਝਦੀ ਸੀ ਕਿ ਇਸ ਵਿਚ ਵਿਚ ਮੇਰਾ ਆਪਣਾ ਹੀ ਨੁਕਸਾਨ ਹੈ, ਉਸਦਾ ਨਹੀਂ।

ਲਿਖਦਾ ਹੈ - ਭਰੇ ਬਜ਼ਾਰ ਵਿਚ ਇਕ ਓਡ ਨੇ ਆਪਣੀ ਓਡਣੀ ਦੇ ਸਿਰ ਉਪਰ ਜੁੱਤੀਆਂ ਮਾਰੀਆਂ। ਉਹ ਚੁਪ ਚਾਪ ਜੁੱਤੀਆਂ ਖਾਂਦੀ ਰਹੀ। ਨੀਵੀਂ ਪਾਈ ਖਲੋਤੀ ਰਹੀ। ਫਿਰ ਜਿਧਰ ਓਡ ਤੁਰਿਆ ਉਪਰ ਤੁਰ ਪਈ। ਮੈਂ ਉਸ ਓਡ ਤੋਂ ਵਧੀਕ ਖਤਰਨਾਕ ਸਾਂ। ਉਹ ਤਾਂ ਜਾਂਗਲੀ ਸੀ। ਸਭ ਕੁਝ ਸਾਹਮਣੇ। ਮੈਂ ਪੜ੍ਹਿਆ ਲਿਖਿਆ ਉਨਤ ਸ਼ਹਿਰ ਵਿਚ ਰਹਿੰਦਿਆਂ ਹੋਇਆਂ ਓਡ ਨਾਲੋਂ ਵਧੀਕ ਜਾਬਰ ਅਤੇ ਵਹਿਸ਼ੀ ਸਾਂ। ਸੋਨੇ ਦੀ ਹਸੀਨ ਛੁਰੀ।

www.punjabilibrary.com

ਸਕੂਲ ਦੀਆਂ ਕਿਤਾਬਾਂ ਵਿਚ ਬੱਚੇ ਪੜ੍ਹਦੇ ਹਨ ਕਿ ਹਿੰਦੂ ਸਿੱਖ ਤੇ ਮੁਸਲਮਾਨ ਤਾਂ ਬੜੇ ਪਿਆਰ ਨਾਲ ਰਹਿੰਦੇ ਸਨ, ਅੰਗਰੇਜ਼ ਉਨ੍ਹਾਂ ਨੂੰ ਲੜਾ ਗਿਆ ਤੇ 1947 ਦੇ ਫਸਾਦ ਹੋ ਗਏ। ਧੀਰ ਵਰਗੇ ਤਜਰਬੇਕਾਰ ਬੰਦੇ ਦਾ ਇਹ ਲਿਖਣਾ ਅਜੀਬ ਹੈ। ਅੰਗਰੇਜ਼ ਨੇ ਕਿਹਾ - ਲੜੋ, ਤਾਂ ਇਕ ਦੂਜੇ ਦੇ ਗਲ ਵੱਢ ਦਿੱਤੇ, ਕੀ ਇਹ ਇੰਨੀ ਸੌਖੀ ਜਿਹੀ ਥਿਊਰਮ ਹੈ? ਅੰਗਰੇਜ਼ ਦੇਸ ਵੰਡ ਦੇ ਖਿਲਾਫ ਸੀ। ਸੱਚ ਇਹ ਹੈ ਕਿ ਅੰਗਰੇਜ਼ ਨੂੰ ਕਤਲੋਗਾਰਤ ਦਾ ਪਤਾ ਸੀ ਤੇ ਉਹ ਟਾਲ ਰਿਹਾ ਸੀ। ਨਹਿਰੂ ਅਤੇ ਜਿਨਾਹ ਨੇ ਦੇਸ ਦੀ ਵੰਡ ਦਾ ਫੈਸਲਾ ਕੀਤਾ, ਦੋਹਾਂ ਨੇ ਕਿਹਾ ਸੀ ਕਿ ਬਹਾਨੇਬਾਜ਼ੀ ਕਰਕੇ ਅੰਗਰੇਜ਼ ਆਜ਼ਾਦੀ ਪਿਛੇ ਪਾ ਰਿਹਾ ਹੈ।

ਕੁੱਝ ਸਾਲ ਪਹਿਲਾਂ ਲਾਹੌਰ ਦੀ ਬਾਰ ਕੌਂਸਲ ਚੰਡੀਗੜ੍ਹ ਦੀ ਬਾਰ ਨੂੰ ਮਿਲਣ ਆਈ। ਸਟੇਜ ਤੇ ਬੋਲਣ ਲੱਗਿਆਂ ਭਾਰਤੀ ਪ੍ਰਧਾਨ ਜਜ਼ਬਾਤੀ ਹੋ ਕੇ ਕਹਿਣ ਲੱਗਾ - ਅਸੀਂ ਤਾਂ ਇਕ ਸਾਂ, ਪ੍ਰੇਮ ਨਾਲ ਰਿਹਾ ਕਰਦੇ ਸਾਂ। ਗੋਰਾ ਸਾਨੂੰ ਲੜਾ ਗਿਆ। ਗੋਰੇ ਨੇ ਫੁੱਟ ਪੁਆਈ। ਵਾਰੀ ਆਉਣ ਤੇ ਲਾਹੌਰ ਬਾਰ ਦਾ ਪ੍ਰਧਾਨ ਬੋਲਿਆ - ਦਰੁਸਤ ਕਿਹਾ ਭਰਾ। ਗੋਰੇ ਨੇ ਕਿਹਾ ਲੜੋ, ਆਪਾਂ ਗੰਡਾਸੇ ਚੁੱਕ ਕੇ ਵੱਢਣਾ ਸ਼ੁਰੂ ਕਰ ਦਿੱਤਾ ਇਕ ਦੂਜੇ ਨੂੰ। ਅੱਜ ਗੋਰੇ ਨੇ ਕਿਹਾ - ਖਬਰਦਾਰ ਜੇ ਲੜੇ। ਇਕੱਠੇ ਬੈਠੋ ਤੇ ਰੋਟੀ ਖਾਉ। ਅਸੀਂ ਇਕੱਠੇ ਰੋਟੀ ਖਾਣ ਆ ਗਏ ਆਂ ਅੱਜ। ਸਾਡੇ ਹਥ ਵਸ ਨਾ ਉਦੋਂ ਕੁਝ ਸੀ ਨਾ ਅੱਜ ਕੁਝ ਹੈ। ਕਦੀ ਖੁਦ ਵੀ ਕੋਈ ਫੈਸਲਾ ਕਰ ਸਕਿਆ ਕਰਾਂਗੇ ਕਿ ਨਹੀਂ?

ਪਿੰਡ, ਕਿਵੇਂ ਇਕ ਦੂਜੇ ਦੀ ਖੈਰ ਮੰਗਦਾ ਹੈ, ਧੀਰ ਦਸਦਾ ਹੈ ਕਿ ਜਦੋਂ ਚੇਚਕ ਨਿਕਲ ਆਈ ਤਾ ਪਰਸਿੰਨੀ ਮਾਈ, ਇਕ ਗਵਾਂਢਣ ਨੇ ਤਿੰਨ ਮਹੀਨੇ ਸੋਟੀ ਫੜ ਕੇ ਡਿਊਟੀ ਦਿੱਤੀ ਕਿ ਕਿਸੇ ਨੂੰ ਉੱਚਾ ਬੋਲ ਨਹੀਂ ਬੋਲਣ ਦੇਣਾ। ਉਹ ਦੂਰ ਮੋੜ ਉਪਰ ਜਾ ਕੇ ਮੰਗਤੇ ਨੂੰ ਮੋੜ ਦਿੰਦੀ ਕਿ ਇਧਰ ਇਕ ਬੱਚਾ ਬਖਤ ਬਿਮਾਰ ਪਿਆ ਹੈ, ਅੱਗੇ ਜਾ ਕੇ ਵਾਜ ਨਹੀਂ ਕੱਢਣੀ। ਮੰਗਤੇ ਉਥੋਂ ਹੀ ਮੁੜ ਜਾਂਦੇ। ਮੇਰੀ ਮਾਂ ਨੂੰ ਫਿਕਰ ਸੀ ਕਿਤੇ ਅੱਖਾਂ ਨਾ ਚਲੀਆਂ ਜਾਣ। ਇਕ ਦਿਨ ਦਿਲ ਕਰੜਾ ਕਰਕੇ ਬੋਲੀ - ਅੱਖਾਂ ਭਾਵੇਂ ਚਲੀਆਂ ਜਾਣ ਪਰ ਮੇਰੇ ਪੁੱਤ ਦੀ ਜਾਨ ਬਚ ਜਾਵੇ। ਚੁਗਾਠ ਬਚ ਰਹੇ ਵਾਣ ਬਥੇਰਾ। ਤਰਸ ਕਰੀਂ ਮਾਂ ਰਾਣੀ।

ਮੌਤ ਸਾਹਮਣੇ ਦੇਖ ਕੇ ਆਦਮੀ ਕੀ ਕੀ ਸੋਚਦਾ ਹੈ, ਜਾਣਨਾ ਹੋਵੇ ਤਾਂ ਪਾਠਕੋ ਇਕ ਤਾਂ ਵਿਕਟਰ ਹਿਊਗੋ ਦੀ ਕਿਤਾਬ *ਫਾਂਸੀ* ਪੜ੍ਹਿਉ। ਹੁਣੇ ਨਵੀਂ ਆਈ ਦੂਜੀ ਕਿਤਾਬ ਹੈ ਮਿੱਚ ਐਲਬਮ ਰਚਿਤ *ਟਿਊਜ਼ਡੇਜ਼ ਵਿਧ ਮੋਰੀ*। ਪ੍ਰੋਫੈਸਰ ਮੋਰੀ ਸ਼ਵਾਰਜ਼ ਦੀਆਂ ਆਪਣੇ ਪੁਰਾਣੇ ਵਿਦਿਆਰਥੀ ਨਾਲ ਕੀਤੀਆਂ ਗੱਲਾਂ ਬੇਅੰਤ ਦੁਖਦਾਈ ਹੁੰਦੀਆਂ ਹੋਈਆਂ ਵੀ ਧਰਵਾਸ ਦਿੰਦੀਆਂ ਹਨ। ਖੁਦ ਮੌਤ ਨੂੰ ਮਿਲਣ ਲਈ ਤਿਆਰ ਹੈ, ਪਰ ਨਾਲ ਨਾਲ ਹੋਰਾਂ ਨੂੰ ਵੀ ਤਿਆਰ ਕਰ ਰਿਹਾ ਹੈ ਕਿ ਇਸ ਕਰਮ ਖੇਤਰ ਵਿਚ ਸੰਗਰਾਮ ਕਿਵੇਂ ਕਰਨਾ ਹੈ।

ਦਿੱਲੀ ਜਾ ਕੇ ਧੀਰ ਆਪਣੇ ਮਾਮਿਆਂ ਪਾਸੋਂ ਸਿਲਾਈ ਦਾ ਕੰਮ ਸਿੱਖਣ ਜਾਂਦਾ ਤਾਂ ਏਸ ਆਸ ਨਾਲ ਹੈ ਕਿ ਉਥੇ ਦੇ ਸਿਖੇ ਕਾਰੀਗਰ ਪੈਸਿਆਂ ਵਿਚ ਖੇਡਦੇ ਹਨ ਪਰ ਉਥੇ ਜਾ ਕੇ ਜਿਵੇਂ ਪਲ ਪਲ ਜ਼ਲੀਲ ਹੁੰਦਾ ਹੈ, ਉਸਦਾ ਵਿਸਥਾਰ ਕਈ ਅਧਿਆਇਆਂ ਵਿਚ ਹੈ। ਗਾਹਲਾਂ, ਚਪੇੜਾਂ, ਘਸੁੰਨ ਤੇ ਘਟੀਆ ਖਾਣਾ। ਲਿਖਦਾ ਹੈ - ਮਾਮਿਆਂ ਕੋਲ ਰਹਿਣਾ, ਬਿੰਗ ਕਸਾਈਆਂ ਦਾ ਸਹਿਣਾ ਸੀ। ਮਾਂ ਧਰਵਾਸ ਦਿੰਦੀ। ਜਦੋਂ ਮੈਂ ਢਹਿੰਦੀਆਂ ਵਿਚ ਹੁੰਦਾ, ਉਹ ਗੀਤਾ ਵਾਗ ਉਪਦੇਸ਼ ਦਿੰਦੀ ਤਾਂ ਚਾਰੇ ਪਾਸੇ ਚਾਨਣ ਹੋ ਜਾਂਦਾ।

ਮੈਨੂੰ ਇਕ ਜਪਾਨੀ ਹਾਈਕੂ ਯਾਦ ਆ ਗਿਆ ਹੈ - ਬਿਜਲੀ ਲਿਸ਼ਕ ਰਹੀ ਹੈ। ਬੱਦਲ ਗਰਜ ਰਿਹਾ ਹੈ। ਦੋ ਨਿਕੇ ਬੋਟ ਡਰ ਨਾਲ ਰਾਤ ਨੂੰ ਆਹਲਣੇ ਵਿਚ ਚਿੜੀ ਦੀ ਛਾਤੀ ਹੇਠ ਡਰੇ ਬੈਠੇ ਹਨ। ਇਕ ਨੇ ਕਿਹਾ - ਅੱਜ ਬਚ ਜਾਵਾਂਗੇ ਮਾਂ? ਚਿੜੀ ਬੋਲੀ - ਮੈਂ ਹਾ ਤਾਂ ਏਥੇ। ਕੌਣ ਵਿਗਾੜ ਸਕਦੈ ਤੁਹਾਡਾ ਕੁਝ? ਇਹ ਸੁਣ ਕੇ ਦੋਵੇਂ ਬੋਟ ਡੂੰਘੀ ਨੀਂਦ ਸੌਂ ਗਏ।

ਧੀਰ ਕਵਿਤਾ ਲਿਖਣ ਲੱਗਾ ਤਾਂ ਜਾਣਿਆ ਕਿ ਜਿਹੜਾ ਇਹ ਕੰਮਾ ਬੜਾ ਸੌਖਾ ਜਿਹਾ ਲਗਦਾ ਸੀ, ਉਹ ਬਹੁਤ ਗੜਬੜ ਵਾਲਾ ਹੈ। ''ਮੈਂ ਐਂਵੇ ਅੱਲ ਪਟੱਲ ਤੁਕਾਂ ਜੋੜਦਾ। ਟੈਗੋਰ ਅਤੇ ਇਕਬਾਲ ਜਿਸ ਮਰਾਤਬੇ ਤੇ ਪੁੱਜੇ ਉਸ ਪਿਛੇ ਬਹੁਤ ਵਡੀ ਕਮਾਈ ਤੇ ਸਾਧਨਾ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੀ *ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ* ਦੇਖੋ ਕਿੰਨੀ ਸਰਲ ਹੈ, ਸਿਰਫ ਗੁਰੂ ਦੀ ਕਲਮ ਇਹ

www.punjabilibrary.com

ਲਿਖ ਸਕਦੀ ਸੀ। ਦਿਲ ਦੇ ਲਹੂ ਵਿਚ ਡੁੱਬੀ ਕਲਮ। ਜੂਝਦੀ ਅਤੇ ਜੇਤੂ ਕਲਮ, ਜਿਸ ਪਿਛੇ ਭਾਰੀ ਸ਼ਕਤੀ ਅਤੇ ਸੰਤੁਸ਼ਟਤਾ ਹੋਵੇ।''

ਹੁਣ ਦਸਦਾ ਹਾਂ ਪਾਠਕ ਕਿ ਮੈਨੂੰ ਕਾਮਰੇਡਾਂ ਦਾ ਫਲਸਫਾ ਕਿਉਂ ਚੰਗਾ ਨਹੀਂ ਲੱਗਾ। ਜਿਨ੍ਹਾਂ ਸੰਸਕਾਰਾਂ ਵਿਚ ਮੈਂ ਪਲਿਆ, ਉਥੇ ਗੁਰੂ ਸਾਹਿਬਾਨ ਦੇ ਦਰਬਾਰ ਦੀ ਪੂਰੀ ਸ਼ਾਨ ਸੀ। ਬੇਸ਼ਕ ਮਾਪੇ ਗਰੀਬ ਸਨ, ਕਿਹਾ ਕਰਦੇ ਸਨ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਹਾ ਇਸ ਕਰਕੇ ਸਾਡੇ ਤੋਂ ਧਨੀ ਇਸ ਜਹਾਨ ਵਿਚ ਹੋਰ ਕੋਈ ਨਹੀਂ ਹੋ ਸਕਦਾ। ਕਾਮਰੇਡ ਆਪਣੇ ਜਲਸਿਆਂ ਵਿਚ ਰੱਬ ਦਾ ਮਜ਼ਾਕ ਉਡਾਉਂਦੇ, ਧਰਮ ਦੀ ਹੇਠੀ ਕਰਦੇ। ਬੇਸ਼ਕ ਸਟੇਜ ਉਪਰ ਗੁਰੂਆਂ ਦੀ ਹੇਠੀ ਵਾਲੇ ਸ਼ਬਦ ਵਰਤਣ ਦੀ ਉਨ੍ਹਾਂ ਦੀ ਜੁਰਅਤ ਕਦੀ ਨਹੀਂ ਪਈ ਪਰ ਰੱਬ ਅਤੇ ਧਰਮ ਦੀ ਹੇਠੀ ਹੋ ਗਈ ਤਾਂ ਸਿੱਖ ਇਤਿਹਾਸ ਕਿਥੇ ਬਚਿਆ? ਇਨ੍ਹਾਂ ਗੱਲਾਂ ਦੇ ਕਾਰਨਾਂ ਦਾ ਹੁਣ ਪਤਾ ਲਗਦਾ ਹੈ, ਉਦੋਂ ਕੇਵਲ ਮਨ ਉਪਰ ਪ੍ਰਭਾਵ ਪੈਂਦੇ ਸਨ, ਕੁਝ ਚੰਗੇ ਲਗਦੇ, ਕੁਝ ਮਾੜੇ। ਮੇਰੇ ਪਿੰਡ ਦੇ ਸਰਪੰਚ ਕਾਮਰੇਡ ਹਰਪਾਲ ਸਿੰਘ ਘੱਗਾ ਨੇ ਮੈਨੂੰ ਪਟਿਆਲੇ ਦਸਵੀਂ ਪਾਸ ਕਰਨ ਮਗਰੋਂ ਇਕ ਕਮਰਾ, ਰਸੋਈ, ਗੁਸਲਖਾਨਾ ਅਤੇ ਮੁਫਤ ਖਾਣ ਪੀਣ ਨਾਲ ਕਾਲਜ ਦੀ ਫੀਸ ਭਰਨ ਜੋਗੇ ਪੈਸਿਆਂ ਦੀ ਪੇਸ਼ਕਸ਼ ਕੀਤੀ ਤਾਂ ਮੈਂ ਖੁਸ਼ ਹੋ ਗਿਆ। ਪਟਿਆਲੇ ਕਮਰਾ ਦੇਖਿਆ ਤਾਂ ਸੀ.ਪੀ.ਆਈ. ਦਾ ਦਫਤਰ ਸੀ ਤੇ ਚੁਬਾਰੇ ਉਪਰ ਲਾਲ ਫਰੇਰਾ ਲਹਿਰਾ ਰਿਹਾ ਸੀ। ਉਥੋਂ ਮੈਂ ਇਉਂ ਦੌੜਿਆ ਜਿਵੇਂ ਕੋਈ ਉਮਰ ਕੈਦੀ ਜੇਲ੍ਹ ਤੋੜ ਕੇ ਨੱਸ ਜਾਵੇ ਤੇ ਫਿਰ ਉਧਰ ਮੁੜ ਕੇ ਦੇਖੇ ਵੀ ਨਾ। ਉਥੇ ਚਾਹ ਤੱਕ ਨਹੀਂ ਪੀਤੀ। ਇਹ ਤਾਂ ਹੁਣ ਪਤਾ ਲਗਦਾ ਹੈ ਕਿ ਏਨੀ ਡਰਨ ਵਾਲੀ ਕੀ ਗੱਲ ਸੀ, ਆਖਰ ਇਹ ਮੇਰੇ ਹਮਦਰਦ ਸਨ। ਪਰ ਮੈਂ ਯਕੀਨਨ ਡਰ ਗਿਆ ਸਾਂ। ਮੈਂ ਆਪਣੇ ਇਤਿਹਾਸਕ ਨਾਇਕਾਂ ਤੋਂ ਵਿਛੜਨਾ ਨਹੀਂ ਚਾਹੁੰਦਾ ਸਾਂ। ਕਾਮਰੇਡਾਂ ਅਨੁਸਾਰ ਮੈਂ ਇਸ ਹਿਸਾਬ ਪਿਛਾਂਹ ਖਿਚੂ ਸਾਂ। ਹੁਣ ਵੀ ਹਾਂ। ਉਨ੍ਹਾਂ ਨੇ ਆਪਣੇ ਵਾਸਤੇ ਖੁਦ ਬਖੁਦ ਇਕ ਸ਼ਬਦ *ਅਗਾਂਹ-ਵਧੂ* ਘੜ ਲਿਆ ਹੈ। ਬੋਲੀ ਕਿੰਨੀ ਖੂਬਸੂਰਤ ਦਗੇਬਾਜ਼ ਕਲਾ ਹੈ ਤੇ ਇਸ ਧੋਖੇ ਤੋਂ ਲੱਖਾਂ ਲੋਕ ਬੇਖਬਰ ਹੋ ਕੇ ਕਿਵੇਂ ਠਗੇ ਜਾਂਦੇ ਹਨ - ਇਹ ਦ੍ਰਿਸ਼ ਦੇਖਣਯੋਗ ਹੈ। ਖੈਰ, ਧੀਰ ਮੈਨੂੰ ਚੰਗਾ ਲੱਗਾ, ਇਸ ਦਾ ਇਕ ਕਾਰਨ ਇਹ ਵੀ ਹੈ - ਮੇਰੇ ਵਾਂਗ ਉਸਦੇ ਪ੍ਰੇਰਨਾ ਸਰੋਤ ਨਾਇਕ ਪੰਜਾਬ ਦੇ ਕਲਚਰ ਵਿਚ, ਸਿੱਖ ਇਤਿਹਾਸ ਵਿਚ, ਮੌਜੂਦ ਹਨ।

ਗਾਇਕ ਬਣਨ ਦੀ ਪਹਿਲੀ ਸ਼ਰਤ ਇਹ ਹੈ ਕਿ ਸੁਰੀਲਾ ਗਲਾ ਬਾਦ ਵਿਚ ਦੇਖਿਆ ਜਾਏਗਾ ਪਹਿਲਾਂ ਕੰਨ ਠੀਕ ਹੋਵੇ ਜੋ ਸੁਰ ਨੂੰ ਪਛਾਣੇ। ਇਹੋ ਹਾਲ ਸ਼ਾਇਰ ਦਾ ਹੈ। ਵੱਡਾ ਸ਼ਾਇਰ ਵੱਡੇ ਕਵੀਆਂ ਨੂੰ ਮਾਣਨ ਪਿਛੋਂ ਕੁਝ ਰਚਦਾ ਹੈ। ਆਪਣੀਆਂ ਭੈਣਾਂ ਦੇ ਵਿਆਹ ਵੇਲੇ ਧੀਰ ਨੂੰ ਇਹ ਸਤਰਾਂ ਲਗਾਤਾਰ ਟੁੰਬਦੀਆਂ ਹਨ-

> ਧੀਆਂ ਗਊਆਂ ਕਾਮਿਆਂ ਦਾ ਜੋਰ ਕੀ ਏ ਸਦਾਰਾਮਾ
> ਜਦੋਂ ਚਿਤ ਚਾਹੇ ਘਰੋਂ ਦੀਜੀਏ ਨਿਕਾਲ ਜੀ।

ਉਹ ਇਕ ਸਾਥੀ ਦਰਜੀ ਦਾ ਜ਼ਿਕਰ ਕਰਦਾ ਹੈ ਜਿਸ ਦੀ ਗਰਦਣ ਟੇਢੀ ਅਤੇ ਅੱਖ ਵਿਚ ਨੁਕਸ ਹੋਣ ਕਰਕੇ ਲੋਕਾਂ ਨੇ ਉਸਦਾ ਨਾਮ ਟੇਢਾ ਰੱਖ ਦਿੱਤਾ ਸੀ। ਉਸ ਵਿਚ ਏਨੇ ਗੁਣ ਸਨ ਕਿ ਉਸਦੀ ਸ਼ਕਲ ਵਲ ਧਿਆਨ ਹੀ ਨਹੀਂ ਜਾਂਦਾ ਸੀ ਕਿਸੇ ਦਾ। ਧੀਰ ਦੀ ਇਹ ਗੱਲ ਪੜ੍ਹੀ ਤਾਂ ਮੈਨੂੰ ਮਹਾਰਾਜਾ ਰਣਜੀਤ ਸਿੰਘ ਬਾਰੇ ਆਸਬਰਨ ਦੀ ਟਿੱਪਣੀ ਯਾਦ ਆਈ। ਉਹ ਮਹਾਰਾਜੇ ਨੂੰ ਮਿਲਣ ਗਿਆ ਤਾਂ ਪਹਿਲੀ ਮੁਲਾਕਾਤ ਬਾਬਤ ਲਿਖਦਾ ਹੈ - ਮੇਰੇ ਦਿਲ ਉਪਰ ਸੱਟ ਲੱਗੀ। ਕਾਣਾ, ਕਾਲਾ ਰੰਗ, ਮਾਤਾ ਦੇ ਦਾਗ, ਦਰਮਿਆਨਾ ਕੱਦ। ਇਹ ਹੈ ਸਿੱਖਾਂ ਦਾ ਰਾਜਾ? ਮੁਲਾਕਾਤ ਵਕਤ ਮਹਾਰਾਜੇ ਨੇ ਪੁੱਛਿਆ - ਮੇਰਾ ਪੰਜਾਬ ਦੇਖਿਆ? ਆਸਬਰਨ ਨੇ ਨਾਂਹ ਵਿਚ ਸਿਰ ਹਿਲਾਇਆ। ਮਹਾਰਾਜੇ ਨੇ ਕਿਹਾ - ਪਹਿਲਾਂ ਮੇਰਾ ਪੰਜਾਬ ਦੇਖ। ਚਲਾ ਗਿਆ। ਲਿਖਦਾ ਹੈ - ਲੋਕ ਬੇਅੰਤ ਇੱਜ਼ਤ ਕਰਦੇ ਹਨ ਆਪਣੇ ਮਹਾਰਾਜੇ ਦੀ। ਜਦੋਂ ਪੁਛੀਦੈ - ਕੋਈ ਦੁਖ ਤਕਲੀਫ? ਉਤਰ ਦਿੰਦੇ ਹਨ - ਦੋਹਾਂ ਜਹਾਨਾਂ ਵਿਚ ਦੁਖ ਨਹੀਂ। ਇਸ ਜਹਾਨ ਵਿਚ ਸਾਡਾ ਰਾਜਾ ਚੰਗਾ, ਅਗਲੇ ਜਹਾਨਾਂ ਵਿਚ ਸਾਡੇ ਗੁਰੂ ਚੰਗੇ। ਸਾਡੇ ਵਰਗਾ ਕੌਣ ਸੁਖੀ ਹੈ ਹੋਰ?

ਆਸਬਰਨ ਫਿਰ ਲਿਖਦਾ ਹੈ - ਅੰਮ੍ਰਿਤਸਰ, ਲਾਹੌਰ ਅਤੇ ਦਿੱਲੀ, ਜਿਸ ਨੂੰ ਬੁਰਸ਼ ਚਲਾਣਾ ਆ ਗਿਆ, ਲੱਕੜ ਜਾਂ ਪੱਥਰ ਤਰਾਸ਼ਣਾ ਆ ਗਿਆ, ਉਹ ਸਮਝੋ ਮਾਲਾਮਾਲ ਹੋ ਗਿਆ। ਧੜਾਧੜ ਮਹਾਰਾਜੇ ਦੀਆਂ ਤਸਵੀਰਾਂ ਅਤੇ ਬੁੱਤ ਵਿਕ ਰਹੇ ਹਨ। ਮਹਾਰਾਜਾ ਜਿਹੜਾ ਸੁਹਣਾ ਨਹੀਂ, ਮਹਿਲਾਂ ਤੋਂ ਲੈ ਕੇ ਝੌਂਪੜੀਆਂ ਤੱਕ ਪਹੁੰਚ ਚੁੱਕਾ ਹੈ। ਹਰੇਕ ਉਸਦੀ ਤਸਵੀਰ ਲਈ ਜਾਂਦਾ ਹੈ।

www.punjabilibrary.com

ਦੂਜੀ ਵਾਰ ਮਹਾਰਾਜੇ ਨੂੰ ਮਿਲਿਆ ਤਾਂ ਪੁਛਿਆ ਕਿਵੇਂ ਲੱਗਾ ਪੰਜਾਬ? ਆਸਬਰਨ ਨੇ ਕਿਹਾ - ਲੋਕ ਮਿਹਨਤੀ ਹਨ, ਤੁਹਾਡੀ ਬੜੀ ਇੱਜ਼ਤ ਹੈ, ਧਰਤੀ ਉਪਜਾਊ ਹੈ। ਮਹਾਰਾਜੇ ਨੇ ਕਿਹਾ - ਬੋਦੀਆਂ, ਫਟੀਆਂ ਪੁਰਾਣੀਆਂ ਲੀਰਾਂ ਮਿਲੀਆਂ ਸਨ ਮੈਨੂੰ। ਗੰਢ ਤੁਪ ਕਰਕੇ ਬੜੀ ਮੁਸ਼ਕਲ ਨਾਲ ਇਹ ਕਾਲੀਨ ਤਿਆਰ ਕੀਤਾ। ਕਹਿੰਦੇ ਨੇ ਦੇਖਣ ਵਾਲੀਆਂ ਅੱਖਾਂ ਨੂੰ ਸੁਹਣਾ ਲਗਦੈ, ਤੁਰਨ ਵਾਲੇ ਦੇ ਪੈਰਾਂ ਨੂੰ ਸੁਖਦਾਈ ਲਗਦੈ। ਤੂੰ ਵੀ ਆਪਣੇ ਰੱਬ ਅੱਗੇ ਪ੍ਰਾਰਥਨਾ ਕਰੀਂ, ਇਸ ਦੀਆਂ ਮੁੜ ਕੇ ਲੀਰਾਂ ਨਾ ਹੋਣ।

ਆਪਣੇ ਜੀਵਨ ਵਿਚ ਧੀਰ ਨੇ ਏਨੀਆਂ ਮੂਰਖਤਾਈਆਂ ਕਰਕੇ ਨੁਕਸਾਨ ਉਠਾਇਆ ਕਿ ਕੁਲੌਂਦੀ ਦਾ ਇਟਾਲੀਅਨ ਨਾਵਲ *ਪਿਨਾਕੀਓ* ਯਾਦ ਆ ਜਾਂਦਾ ਹੈ। ਪਿਨਾਕੀਓ ਗਲਤੀ ਕਰਦਾ ਹੈ, ਬੇਪਨਾਹ ਪਛਤਾਉਂਦਾ ਹੈ, ਆਪਣੇ ਆਪ ਨਾਲ ਵਾਅਦੇ ਕਰਦਾ ਹੈ ਕਿ ਹੁਣ ਖਿਆਲ ਰੱਖਾਂਗਾ, ਹੁਣ ਗਲਤੀ ਕਦੀ ਨਹੀਂ ਕਰਾਂਗਾ, ਫਿਰ ਸਭ ਗਲਤ ਮਲਤ। ਧੀਰ ਦੇ ਦਿਮਾਗ ਵਿਚ ਇਹ ਗੱਲ ਕਿਵੇਂ ਬੈਠ ਗਈ ਕਿ ਨੌਕਰੀ ਕਰ ਲਈ ਤਾਂ ਲੇਖਕ ਨਹੀਂ ਬਣ ਸਕਦਾ? ਉਹ ਸਕੂਲ ਵਿਚ ਗਿਆਨੀ ਮਾਸਟਰ ਲੱਗਣ ਦੀ ਪੇਸ਼ਕਸ਼ ਵੀ ਸਵੀਕਾਰ ਨਹੀਂ ਕਰਦਾ। ਭੁਖਮਰੀ ਦੇ ਖਤਰਨਾਕ ਨਤੀਜੇ ਪਰਿਵਾਰ ਭੁਗਤਦਾ ਹੈ।

ਉਸਨੂੰ ਨਵਤੇਜ ਦੇ ਦੱਸਣ ਉਪਰ ਪੂਰਾ ਯਕੀਨ ਹੋ ਗਿਆ ਕਿ ਇਨਕਲਾਬ ਆਇਆ ਕਿ ਆਇਆ। ਫਿਰ ਲੇਖਕਾਂ ਨੂੰ ਬਹੁਤ ਪੈਸੇ ਕੇਵਲ ਲਿਖਤਾਂ ਲਈ ਮਿਲਿਆ ਕਰਨਗੇ। ਇਸੇ ਆਸ ਵਿਚ ਉਸਨੇ ਸਾਰੀ ਉਮਰ ਬਿਤਾ ਦਿੱਤੀ। ਪੰਜਾਬੀ ਵਿਚ ਕੁੱਲਵਕਤੀ ਲੇਖਕਾਂ ਦਾ ਜੋ ਹਸ਼ਰ ਹੁੰਦਾ ਹੈ, ਧੀਰ ਉਸਦੀ ਟਕਸਾਲੀ ਮਿਸਾਲ ਹੈ। ਇਨ੍ਹਾਂ ਹਾਲਾਤ ਵਿਚ ਇਹੋ ਜਿਹੇ ਸ਼ਿਅਰ ਰਚ ਰਿਹੈ:

ਟੁੱਟਣਾ ਆਸ਼ਕ ਦੇ ਦਿਲ ਦਾ  
ਹੈ ਮਹਾਂ ਪਰਲੋਂ ਦਾ ਚਿੰਨ੍ਹ  
ਆ ਕਿ ਮਿਟ ਜਾਣੋ ਬਚਾਈਏ  
ਇਸ ਵਿਚਾਰੇ ਜੱਗ ਨੂੰ।

ਕਿਸਮਤ ਧੀਰ ਉਪਰ ਲਗਾਤਾਰ ਹਮਲੇ ਕਰ ਰਹੀ ਹੈ, ਇਹ ਦੇਖ ਕੇ ਹੈਰਾਨੀ ਨਹੀਂ ਹੁੰਦੀ, ਸਗੋਂ ਲਗਦਾ ਹੈ ਅਜਿਹਾ ਹੋਣਾ ਹੀ ਸੀ, ਹੈਰਾਨੀ ਤਾਂ ਇਸ ਗੱਲੋਂ ਹੁੰਦੀ ਹੈ ਕਿ ਸਰੀਰਕ ਅਤੇ ਮਾਨਸਿਕ ਸੱਟਾਂ ਵਿਚੋਂ ਬਚ ਕਿਵੇਂ ਜਾਂਦਾ ਰਿਹਾ। ਬਚਪਨ ਵਿਚ ਮਾਪਿਆਂ ਨਾਲ ਪੈਦਲ ਤੁਰਿਆ ਜਾ ਰਿਹਾ ਸੀ। ਇਕ ਘੋੜੀ ਦਾ ਸਵਾਰ ਵੀ ਨਾਲ ਨਾਲ ਤੁਰਿਆ ਜਾਂਦਾ ਸੀ। ਪਿਤਾ ਨੇ ਸਵਾਰ ਨੂੰ ਕਿਹਾ - ਇਸ ਬੱਚੇ ਨੂੰ ਬਿਠਾ ਲੈ। ਉਸਨੇ ਆਪਣੀ ਬਾਂਹ ਬੱਚੇ ਨੂੰ ਫੜਨ ਲਈ ਵਧਾਈ। ਪਿਤਾ ਨੇ ਬੱਚਾ ਫੜਾ ਦਿੱਤਾ ਪਰ ਸਵਾਰ ਤੋਂ ਪੂਰੀ ਤਰ੍ਹਾਂ ਪਕੜ ਕਸੀ ਨਾ ਗਈ ਤੇ ਘੋੜੀ ਦੇ ਪੈਰਾਂ ਅੱਗੇ ਡਿਗ ਪਿਆ। ਤੁਰੀ ਜਾਂਦੀ ਘੋੜੀ ਦਾ ਪੈਰ ਤਾਂ ਬੱਚੇ ਉਪਰ ਟਿਕਿਆ ਪਰ ਬਿਨਾਂ ਭਾਰ ਦਿਤੇ ਅੱਗੇ ਲੰਘ ਗਈ ਤੇ ਉਹ ਬਚ ਗਿਆ। ਇਹੋ ਕੁੱਝ ਜੀਵਨ ਭਰ ਹੁੰਦਾ ਰਿਹਾ। ਸੋਲਜੇਨਿਤਸਿਨ ਲਿਖਦਾ ਹੈ - ਸਟਾਲਿਨ ਵਲੋਂ ਏਨੀਆਂ ਸਜ਼ਾਵਾਂ ਦੇਣ ਬਾਦ ਬਚ ਗਿਆ ਤਾਂ ਮੈਂ ਸਮਝ ਗਿਆ, ਹੋਣੀ ਹੁਣ ਮੇਰਾ ਕੁਝ ਨਹੀਂ ਵਿਗਾੜ ਸਕੇਗੀ।

ਪੁਰਾਣੇ ਪਾਤਰ ਉਸ ਨਾਲ ਤੁਰ ਰਹੇ ਹਨ। ਮਾਮਦੀਨ ਲਲਾਰੀ ਦੀ ਇਲਾਕੇ ਵਿਚ ਏਨੀ ਧੁੰਮ ਕਿ ਮਿੱਥ ਬਣ ਗਿਆ ਸੀ। ਲੋਕ ਕਿਹਾ ਕਰਦੇ ਸਨ - ਮਾਮਦੀਨ ਪੱਗ ਦੇ ਇਕ ਪਾਸੇ ਹੋਰ ਦੂਜੇ ਪਾਸੇ ਹੋਰ ਰੰਗ ਕਰ ਦਿੰਦਾ ਹੈ। ਧੀਰ ਉਸ ਨੂੰ ਯਾਦ ਕਰਦਿਆਂ ਲਿਖਦਾ ਹੈ, ਮੈਂ ਕਿਹਾ - ਮੇਰੀ ਪੱਗ ਰੰਗੇਂਗਾ ਮਾਮਦੀਨ?

- ਹਾਂ ਹੋਰ ਬੈਠਾ ਕਿਸ ਵਾਸਤੇ ਹਾਂ?
- ਕਿੰਨੇ ਪੈਸੇ?
- ਜਿੰਨੇ ਪੈਸੇ ਮਾਮਦੀਨ ਲਿਆ ਕਰਦੈ। ਨਾ ਘੱਟ ਨਾ ਵੱਧ।
- ਰੰਗ ਦੇਹ ਫੇਰ?
- ਉਏ ਸਿਰ ਉਤੋਂ ਲਾਹ ਤਾਂ ਇਕ ਵਾਰ ਕਿ ਬੰਨ੍ਹੀ ਬਨ੍ਹਾਈ ਰੰਗ ਦਿਆਂ?

ਉਸਦੀ ਕਵਿਤਾ ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲੱਗਣ ਅਤੇ ਬਾਵਾ ਬਲਵੰਤ ਵਾਂਗ ਸਾਦ ਮੁਰਾਦੀ ਪਰ ਰਹੱਸਮਈ ਹੈ ਜਿਹੜੀ ਵਜ਼ਨ ਅਤੇ ਖਿਆਲ ਦੋਹਾਂ ਤੋਂ ਮੁਕਤ ਨਹੀਂ ਹੁੰਦੀ -

ਕੰਨ, ਕੰਧਾਂ ਦੇ ਨੇ ਹੁੰਦੇ ਕੀ ਕਹਾਂ,  
ਸੈਨਤਾਂ ਨੇ ਜਾਣਕਾਰਾਂ ਵਾਸਤੇ।।

ਇਕ ਗੱਲ ਹੁੰਦੀ ਕਿਸੇ ਇਕੋ ਲਈ
ਇਕ ਗੱਲ ਹੁੰਦੀ ਹਜ਼ਾਰਾਂ ਵਾਸਤੇ।

ਉਸਦੀ ਸ਼ਾਇਰੀ ਵਿਚ ਲੋਕ ਗੀਤਾਂ ਦੀਆਂ ਧੁਨਾ ਦੇਖੋ -
ਇਕ ਤੇਰੇ ਦਮ ਨਾਲ ਕਿ ਸਾਜਨ,
ਮੈਂ ਦਰਿਆ ਮੈਂ ਸਾਗਰ ਸਾਂ।
ਅੱਜ ਥਾਲੀ ਦੇ ਪਾਣੀ ਵਾਗੂੰ
ਇਕ ਤੇਰੇ ਬਿਨ ਡੋਲਾਂ ਮੈਂ।

ਬਹੁਤ ਵੱਡੇ ਦਿਲ ਜਿਗਰ ਦਾ ਮਾਲਕ ਹੁੰਦਾ ਹੋਇਆ ਸਾਡਾ ਇਹ ਕਲਾਕਾਰ ਕਈ ਵਾਰ ਅਖੌਤੀ ਨੀਵੀਂ ਜਾਤ ਦੇ ਅਹਿਸਾਸ ਦਾ ਸ਼ਿਕਾਰ ਹੁੰਦਾ ਹੈ, ਉਹ ਇਸ ਦੀਆਂ ਮਿਸਾਲਾਂ ਘਟਨਾਵਾਂ ਸੁਣਾ ਸੁਣਾ ਕੇ ਦਿੰਦਾ ਹੈ ਕਿ ਕਿਥੇ ਕਿਥੇ ਉਸਨੂੰ ''ਕਮੀਣ'' ਆਦਿਕ ਸ਼ਬਦ ਸੁਣਨੇ ਪਏ। ਊਚ ਨੀਚ ਜਾਤਪਾਤ ਦਾ ਇਹ ਅਹਿਸਾਸ ਸਭਿਅਕ ਬਸਤੀਆਂ ਵਿਚ ਹੈ, ਜਾਂਗਲੀ ਕਬੀਲਿਆਂ ਵਿਚ ਇਹ ਗੈਰਹਾਜ਼ਰ ਹੈ। ਪਾਠਕਾਂ ਅੱਗੇ ਮੇਰੀ ਸਿਫਾਰਿਸ਼ ਹੈ ਕਿ ਗੋਪੀ ਨਾਥ ਮਹੰਤੀ ਦਾ ਨਾਵਲ *'ਅੰਮ੍ਰਿਤ ਸੰਤਾਨ'* ਜ਼ਰੂਰ ਪੜ੍ਹਨ। ਬੇਅੰਤ ਗਰੀਬ ਜਾਂਗਲੀ ਲੋਕਾਂ ਦੀ ਕਥਾ 600 ਪੰਨਿਆਂ ਵਿਚ ਇਉਂ ਸੁਣਾਈ ਹੈ ਜਿਵੇਂ ਮਹਾਨ ਗਾਇਕ ਘੰਟਿਆਂ ਬੱਧੀ ਪੱਕਾ ਰਾਗ ਗਾਏ ਤੇ ਸਰੋਤੇ ਥਕਣ ਨਾ। ਕੰਧ ਕਬੀਲੇ ਦਾ ਸਰਦਾਰ ਮਾੜਚੂ ਜਿਹਾ ਹੈ, ਕੇਵਲ ਲੰਗੋਟੀ ਪਹਿਨੀ, ਹੱਥ ਵਿਚ ਸੋਟੀ ਤੇ ਇਕ ਕੁੱਤਾ, ਇਹ ਹੈ ਉਸ ਦੀ ਜਾਇਦਾਦ - ਜਿਹੋ ਜਿਹੇ ਬਾਕੀ, ਉਹੋ ਜਿਹਾ ਸਰਦਾਰ। ਲੇਖਕ ਪੁਛਦਾ ਹੈ - ਨਾ ਇਸ ਕੋਲ ਹਵੇਲੀ, ਨਾ ਘੋੜੀ, ਨਾ ਦੌਲਤ, ਫਿਰ ਇਹ ਤੁਹਾਡਾ ਸਰਦਾਰ ਕਿਵੇਂ ਹੋਇਆ? ਸਰਦਾਰ ਇਹੋ ਜਿਹੇ ਮਲੰਗ ਥੋੜ੍ਹਾ ਹੁੰਦੇ ਹਨ? ਕੰਧ ਲੋਕ ਦੱਸਦੇ ਹਨ - ਇਸ ਦਾ ਹੁਕਮ ਚਲਦਾ ਹੈ। ਦੌਲਤ ਕੀ ਚੀਜ਼ ਹੋਈ? ਹੁਕਮ ਸਭ ਕੁਝ ਹੈ। ਬਸੰਤ ਰੁੱਤ ਦੇ ਤਿਉਹਾਰ ਵਾਲੇ ਦਿਨ ਕਿਸੇ ਬੰਦੇ ਦੇ ਕਿਸ ਜਾਨਵਰ ਦੀ ਬਲੀ ਦੇਣੀ ਹੈ, ਕਿਸੇ ਨੂੰ ਪਤਾ ਨਹੀਂ, ਜਿਸ ਪਸ਼ੂ ਵੱਲ ਇਹ ਉਂਗਲ ਕਰ ਦਏਗਾ, ਮਾਲਕ ਚੁਪ ਚਾਪ ਪਸ਼ੂ ਇਸ ਦੇ ਹਵਾਲੇ ਕਰ ਦਏਗਾ। ਜੇ ਸਰਦਾਰ ਕਿਸੇ ਜੁਆਨ ਮੁੰਡੇ ਵਲ ਉਂਗਲ ਕਰ ਦਏ ਤਾਂ ਉਸ ਦੀ ਬਲੀ ਲੈ ਲਈ ਜਾਏਗੀ। ਕੁਸਕੇਗਾ ਨਹੀਂ ਕੋਈ। ਸਭ ਨੂੰ ਪਤਾ ਹੈ, ਸਰਦਾਰ ਕਿਸੇ ਬੰਦੇ ਵਲ ਉਂਗਲ ਨਹੀਂ ਕਰੇਗਾ। ਇਹੋ ਜਿਹਾ ਹੈ ਈ ਨਹੀਂ ਉਹ। ਪਰ ਸਭ ਨੂੰ ਪਤਾ ਹੈ ਕਿ ਇਉਂ ਕਰਨ ਦਾ ਉਹ ਹੱਕਦਾਰ ਹੈ। ਕਬਾਇਲੀਆਂ ਦੀ ਵਧੀਕ ਗਰੀਬੀ ਦੇਖ ਕੇ ਕਈ ਵਾਰ ਤਾਂ ਸਰਦਾਰ ਕਹਿ ਦਿੰਦਾ ਹੈ - ਬਲੀ ਹੀ ਦੇਣੀ ਹੈ। ਚੂਹੇ ਦੀ ਦੇ ਦਿਉ ਐਤਕਾਂ। ਹੋਰ ਕੀ। ਦੇਵਤੀ ਸਭ ਜਾਣੀ ਜਾਣ ਨੇ।

ਜਾਤਪਾਤ ਦੇ ਇਹ ਕਸ਼ਟ ਨਾ ਉਪਰਲੀਆਂ ਸ਼੍ਰੇਣੀਆਂ ਵਿਚ ਏਨੇ ਘਾਤਕ ਹਨ ਨਾ ਸਿਰੇ ਦੀਆਂ ਹੇਠਲੀਆਂ ਵਿਚ। ਮਧਵਰਗ ਅਨੇਕਾਂ ਬਿਮਾਰੀਆਂ ਅਤੇ ਵਿਰੋਧਾਭਾਸਾਂ ਦਾ ਸ਼ਿਕਾਰ ਹੋ ਹੋ ਲਗਾਤਾਰ ਖੁਰਦਾ ਹੈ। ਮਧਵਰਗ ਵਿਚ ਜੋ ਜੋ ਬੁਰਾ ਸੋਚਿਆ ਜਾ ਸਕਦਾ ਹੈ, ਧੀਰ ਨਾਲ ਉਹ ਸਭ ਬੀਤਿਆ। ਉਸਦੀ ਥਾਂ ਥਾਂ ਹੱਤਕ ਹੋਈ ਜਿਸ ਦੇ ਬਿਰਤਾਂਤ ਪੜ੍ਹਦਿਆਂ ਦੁਖ ਹੁੰਦਾ ਹੈ ਪਰ ਇਹ ਸੋਚ ਕੇ ਧਰਵਾਸ ਮਿਲਦਾ ਹੈ ਕਿ ਜੋ ਉਸ ਨਾਲ ਹੋਇਆ ਉਸ ਵਾਂਗ ਲੱਖਾਂ ਹੋਰਾਂ ਨਾਲ ਵੀ ਹੋਇਆ ਤੇ ਹੋ ਰਿਹਾ ਹੈ, ਇਹ ਕੇਵਲ ਧੀਰ ਹੈ ਜੋ ਇਸ ਦਾ ਵਰਣਨ ਵਾਰਸ ਸ਼ਾਹ ਵਾਂਗ ਪੂਰਨ ਸਹਿਜ ਵਿਚ ਰਹਿ ਕੇ ਕਰ ਸਕਦਾ ਸੀ, ਇਸ ਕਰਕੇ ਰੱਬ ਨੇ ਉਸਨੂੰ ਬੜੀਆਂ ਭਿਆਨਕ ਭੱਠੀਆਂ ਵਿਚੋਂ ਦੀ ਲੰਘਾਇਆ।

ਉਸ ਦੀਆਂ ਲਿਖਤਾਂ ਵਿਚ ਕਿਤੇ ਕਿਤੇ ਤੱਥਾਂ ਦੀਆਂ ਉਕਾਈਆਂ ਮਿਲ ਜਾਂਦੀਆਂ ਹਨ। ਥੋੜ੍ਹੀਆਂ ਕੁ ਦਾ ਇਸ਼ਾਰੇ ਮਾਤਰ ਜ਼ਿਕਰ ਕਰਾਂਗਾ ਜੋ ਮੈਨੂੰ ਦਿੱਸੀਆਂ; ਜਿਵੇਂ, ਲਿਖਿਆ ਹੈ - ਇਬਰਾਹੀਮ ਇਸਲਾਮ ਲਈ ਜੂਝਣ ਵਾਲਾ ਬੰਦਾ ਸੀ (ਹਜ਼ਰਤ ਇਬਰਾਹੀਮ ਵਾਸਤਵ ਵਿਚ ਯਹੂਦੀਆਂ ਦਾ ਪੈਗੰਬਰ ਸੀ ਜਦੋਂ ਅਜੇ ਇਸਲਾਮ ਦਾ ਜਨਮ ਨਹੀਂ ਹੋਇਆ ਸੀ), ਉਸਦਾ ਖਿਆਲ ਹੈ ਕਿ ਐਡਵਿਨ ਆਰਨਲਡ ਨੇ ਮਹਾਤਮਾ ਬੁੱਧ ਉਪਰ *ਲਾਈਟ ਆਫ ਏਸ਼ੀਆ* ਕਿਤਾਬ ਲਿਖਣ ਲਈ ਸੰਸਕ੍ਰਿਤ ਦਾ ਅਧਿਐਨ ਕੀਤਾ (ਜਦੋਂ ਕਿ ਬੋਧ *ਤ੍ਰਿਪਿਟਕ,* ਬੋਧ ਸਾਹਿਤ ਪਾਲੀ ਭਾਸ਼ਾ ਵਿਚ ਹੈ), ਲਿਖਿਆ ਹੈ - ਲੋਕਾਂ ਨੂੰ ਕਿਹਾ ਜਾਂਦਾ ਹੈ ਕਮਿਊਨਿਸਟ ਨਾਸਤਕ ਹਨ, ਮੰਦਰ ਮਸੀਤਾਂ ਬਰਦਾਸ਼ਤ ਨਹੀਂ ਕਰਨਗੇ, ਕਿਸਾਨਾਂ ਤੋਂ ਜ਼ਮੀਨਾਂ ਖੋਹ ਲੈਣਗੇ। ਕਿਸਾਨ ਝਟ ਬਹਿਕਾਵੇ ਵਿਚ ਆ ਜਾਂਦੇ ਹਨ (ਪਰ ਰੂਸ ਵਿਚ ਅਜਿਹਾ ਹੋ ਚੁੱਕਾ ਹੈ, ਪਾਦਰੀ ਕਤਲ ਕੀਤੇ ਗਏ ਤੇ

www.punjabilibrary.com

ਜਦੋਂ ਜ਼ਮੀਨ ਦੀ ਮਾਲਕੀ ਖੋਹ ਲਈ, ਲੱਖਾਂ ਦੀ ਗਿਣਤੀ ਵਿਚ ਕਿਸਾਨ ਮਰੇ, ਮਰਨ ਵਾਲੇ ਕਿਸਾਨ ਦੁਸ਼ਮਣ ਨਹੀਂ ਸਨ, ਬੋਲਸ਼ਵਿਕ ਇਨਕਲਾਬੀਆਂ ਦਾ ਸਾਥ ਦੇਣ ਵਾਲੇ ਹਮਦਰਦ ਸਨ)।

ਲਿਖਿਆ - ਜਪੁਜੀ ਵਿਚ ਰਾਜਿਆਂ ਨੂੰ ਸ਼ੀਂਹ ਅਤੇ ਮੁਕੱਦਮਾ ਨੂੰ ਗੁਰੂ ਨਾਨਕ ਦੇਵ ਜੀ ਨੇ ਕੁੱਤੇ ਕਿਹਾ ਹੈ। ਇਹ ਪੰਕਤੀਆਂ ਜਪੁਜੀ ਦੀਆਂ ਨਹੀਂ ਮਲ੍ਹਾਰ ਦੀ ਵਾਰ ਦੀਆਂ ਹਨ। ਚੋਰ, ਧੀਰ ਦੇ ਬਣ ਰਹੇ ਮਕਾਨ ਦੀਆਂ ਚੁਗਾਠਾਂ ਲਾਹ ਕੇ ਲੈ ਗਏ ਤਾਂ ਲਿਖਦਾ ਹੈ - ਗਰੀਬ ਦੇ ਘਰ ਚੋਰੀ ਕੀਤੀ। ਅਮੀਰ ਥੋੜ੍ਹੇ ਪਏ ਹਨ, ਉਨ੍ਹਾਂ ਦੇ ਘਰੋਂ ਚੋਰੀ ਕਰ ਲੈਂਦੇ? ਇਨ੍ਹਾਂ ਚੋਰਾਂ ਨੂੰ ਜਮਾਤੀ ਚੇਤਨਾ ਨਹੀਂ ਹੈ। ਗਧੇ ਹਨ।

ਪਿਆਰੇ ਧੀਰ, ਜਿਨ੍ਹਾਂ ਕੋਲ ਜਮਾਤੀ ਚੇਤਨਾ ਹੁੰਦੀ ਹੈ ਉਹ ਤਾਂ ਅਮੀਰਾਂ ਦੇ ਘਰੋਂ ਵੀ ਚੋਰੀ ਨਹੀਂ ਕਰਦੇ। ਸੰਘਰਸ਼ ਕਰਨਾ ਹੋਰ ਚੀਜ਼ ਹੈ ਚੋਰੀ ਕਰਨਾ ਹੋਰ। ਸ਼ੇਖ ਸਾਅਦੀ ਗੁਲਿਸਤਾਂ ਵਿਚ ਲਿਖਦਾ ਹੈ - ਚੋਰੀ ਦੇ ਇਰਾਦੇ ਨਾਲ ਘਰ ਵਿਚ ਘੁਸਿਆ ਚੋਰ ਜੇ ਭੁੱਖ ਨਾਲ ਵਿਆਕੁਲ ਹੈ ਤਾਂ ਕੀ ਇਸ ਕਰਕੇ ਰਸੋਈ ਵਿਚ ਪਈਆਂ ਚੀਜ਼ਾਂ ਨਹੀਂ ਖਾਏਗਾ ਕਿ ਰੋਜ਼ਿਆਂ ਦੇ ਦਿਨ ਹਨ?

ਧੀਰ ਦਾ ਐਲਾਨ ਹੈ ਕਿ ਕਮਿਊਨਿਸਟ ਵਿਚਾਰਧਾਰਾ ਤੋਂ ਬਿਨਾਂ ਬਾਕੀ ਸਭ ਵਿਚਾਰਧਾਰਾਵਾਂ ਵਿਅਰਥ ਹਨ - *ਉਹ ਇਉਂ ਹਨ ਜਿਵੇਂ ਸੂਰਜ ਚੜ੍ਹਨ ਨਾਲ ਤਾਰੇ ਛੁਪ ਜਾਂਦੇ ਹਨ, ਮਾਰਕਸੀ ਵਿਚਾਰਧਾਰਾ ਅੱਜ ਦਾ ਚੜ੍ਹਿਆ ਸੂਰਜ ਹੈ।*

ਧੀਰ ਨੂੰ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਕਈ ਵਿਦਵਾਨ, ਹਿੰਦੂ ਜਾਂ ਸਿਖ ਹੋਣ ਵਿਚ ਫਖਰ ਮਹਿਸੂਸ ਕਰਦੇ ਹਨ। ਉਹ ਭੁੱਲ ਜਾਂਦਾ ਹੈ ਕਿ ਉਸ ਨੂੰ ਖੁਦ ਉਪਰ ਜੇ ਕਮਿਊਨਿਸਟ ਹੋਣ ਦਾ ਮਾਣ ਹੈ ਤਾਂ ਇਕ ਸਿਖ ਨੂੰ ਸਿੱਖ ਜਾਂ ਹਿੰਦੂ ਨੂੰ ਹਿੰਦੂ ਹੋਣ ਦਾ ਮਾਣ ਕਿਉਂ ਨਾ ਹੋਵੇ? ਉਸ ਨੂੰ ਮਾਰਕਸੀ ਵਿਚਾਰਧਾਰਾ ਤੋਂ ਬਿਨਾਂ ਹੋਰ ਹਰੇਕ ਦਰਸ਼ਨ ਫਜ਼ੂਲ ਲਗਦਾ ਹੈ। ਕਾਮਰੇਡਾਂ ਤੋਂ ਬਿਨਾਂ ਬਾਕੀ ਸਭ ਪਿਛੇ ਖਿਚੂ ਹਨ ਤੇ ਬੁਰਜੁਆ ਹਨ। ਉਸ ਦੀ ਰੇਲ ਗੱਡੀ ਇਕੋ ਦਿਸ਼ਾ ਵਿਚ ਅੰਧਾਧੁੰਦ ਏਨੀ ਤੇਜ਼ ਦੌੜ ਰਹੀ ਹੈ ਕਿ ਜਦੋਂ ਉਹ ਦੇਖਦਾ ਹੈ ਜੋਤੀ ਬਾਸੂ ਦੇ ਮਾਮਲੇ ਵਿਚ ਕਾਮਰੇਡ, ਕਾਮਰੇਡਾਂ ਦੀ ਪਿਠ ਵਿਚ ਛੁਰਾ ਮਾਰ ਰਹੇ ਹਨ ਤਾਂ ਲਿਖਦਾ ਹੈ - ਕੀ ਇਹ ਕਮਿਊਨਿਸਟ ਚਲਨ ਹੈ? ਇਹ ਜਗੀਰਦਾਰੀ ਸੋਚ ਹੈ। ਧੀਰ ਸਾਹਿਬ, ਜਾਗੀਰਦਾਰ ਤਾਂ ਜਾਗੀਰਦਾਰਾਂ ਦੀ ਡਟ ਕੇ ਹਮਾਇਤ ਕਰਦੇ ਸਨ, ਕਮਿਊਨਿਸਟਾਂ ਨੂੰ ਉਨ੍ਹਾਂ ਤੋਂ ਇਹ ਗੁਣ ਸਿਖਣਾ ਚਾਹੀਦਾ ਸੀ।

ਧੀਰ ਨੇ ਇੰਦਰਾ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਉਪਰ ਕਵਿਤਾਵਾਂ ਲਿਖੀਆਂ। ਪਤਾ ਨਹੀਂ ਲਗਦਾ ਉਸਨੂੰ ਇਨ੍ਹਾਂ ਦੋਵਾਂ ਵਿਚ ਅਜਿਹੀ ਕੀ ਵਸਤੂ ਮਿਲੀ ਜਿਸ ਤੋਂ ਉਹ ਕਾਇਲ ਹੋ ਗਿਆ? ਭਾਰਤੀ ਰਾਜਨੀਤੀ ਵਿਚ ਭਰਿਸ਼ਟਾਚਾਰ ਅਤੇ ਗੁੰਡਾਗਰਦੀ ਨੇ ਇੰਦਰਾਕਾਲ ਵਿਚ ਪ੍ਰਵੇਸ਼ ਕੀਤਾ ਤੇ ਪੂਰੇ ਵਧੇ ਫੁਲੇ। ਇੰਦਰਾਗਾਂਧੀ ਖੁਦਪ੍ਰਸਤੀ ਅਤੇ ਸੁਆਰਥ ਸਿੱਧੀ ਵਾਸਤੇ ਹਰ ਕੰਮ ਕਰਨ ਵਿਚ ਸਮਰੱਥ ਸੀ। ਦਰਬਾਰ ਸਾਹਿਬ ਉਪਰ ਉਸਦਾ ਹਮਲਾ ਇਸ ਦੀ ਮਿਸਾਲ ਹੈ ਜਿਹੜਾ ਉਸ ਲਈ ਆਤਮਘਾਤੀ ਹੋਇਆ ਪਰ ਉਹ ਇਸ ਦੇ ਖਤਰਿਆਂ ਤੋਂ ਅਨਜਾਣ ਸੀ। ਸੰਤ ਲੌਂਗੋਵਾਲ ਔਸਤਨ ਬੁੱਧੀ ਦਾ ਅਜਿਹਾ ਨੇਤਾ ਸੀ ਜਿਸ ਵਿਚ ਲੀਡ ਕਰਨ ਦੀ ਭੋਰਾ ਸਮਰਥਾ ਨਹੀਂ ਸੀ, ਖੁਦ ਨੂੰ ਅਡਜਸਟ ਕਰ ਲੈਂਦਾ ਸੀ। ਅਕਾਲੀ-ਦਲ ਦਾ ਪ੍ਰਧਾਨ ਇਸ ਕਰਕੇ ਕਾਫੀ ਦੇਰ ਰਿਹਾ ਕਿਉਂਕਿ ਇਹ ਗਊ ਗਰੀਬ ਵਿਚਾਰਾ ਕਿਸੇ ਦਾ ਕੀ ਵਿਗਾੜਦਾ ਹੈ, ਦੀ ਭਾਵਨਾ ਵਿਆਪਕ ਸੀ। ਇਹ ਦੋਵੇਂ ਧੀਰ ਦੀ ਕਵਿਤਾ ਦਾ ਸਰੋਤ ਬਸ ਇਸ ਕਰਕੇ ਬਣ ਗਏ ਕਿਉਂਕਿ ਇਨ੍ਹਾਂ ਨੂੰ ਖਾੜਕੂਆਂ ਨੇ ਮਾਰਿਆ ਸੀ। ਕਦੀ ਇਉਂ ਵੀ ਹੁੰਦਾ ਹੈ ਕਿ ਫੜੇ ਜਾਣ ਦੀ ਸੂਰਤ ਵਿਚ ਜੇਬ-ਕਤਰਾ ਏਨਾ ਕੁੱਟਿਆ ਜਾਵੇ ਕਿ ਤਰਸ ਖਾਕੇ ਠੱਗਿਆ ਗਿਆ ਬੰਦਾ ਵੀ ਕਹਿਣ ਲੱਗੇ - ਛਡੋ ਪਰੇ ਹੁਣ ਵਿਚਾਰੇ ਨੂੰ। ਵਧੀਕ ਕੁੱਟੇ ਜਾਣ ਦੀ ਸੂਰਤ ਵਿਚ ਤਰਸ ਦੀ ਭਾਵਨਾ ਤਾਂ ਸਮਝ ਆਉਂਦੀ ਹੈ, ਜੇਬ-ਕਤਰਿਆਂ ਉਪਰ ਕਵਿਤਾਵਾਂ ਲਿਖਣ ਦੀ ਗੱਲ ਫਿਰ ਵੀ ਸਮਝ ਵਿਚ ਨਹੀਂ ਆਉਂਦੀ।

ਸੰਤ ਜੀ ਪੰਜਾਬ-ਸਮਝੌਤੇ ਉਪਰ ਦਸਖ਼ਤ ਕਿਉਂ ਕਰ ਆਏ? ਧੀਰ ਜਾਂ ਕੋਈ ਹੋਰ ਦੱਸੇ ਕਿ ਇਸ ਦਸਤਾਵੇਜ਼ ਨਾਲ ਪੰਜਾਬ ਨੂੰ ਜਾਂ ਹਿੰਦੁਸਤਾਨ ਨੂੰ ਕੀ ਮਿਲਿਆ? ਹੋਰ ਕੁਝ ਵੀ ਨਾ ਹੁੰਦਾ, ਜੇ ਇਸ ਸਮਝੌਤੇ ਨਾਲ ਪੰਜਾਬ ਵਿਚ ਸ਼ਾਂਤੀ ਪਰਤ ਆਉਂਦੀ ਫੇਰ ਵੀ ਕੁਝ ਅਸਰ ਅੰਦਾਜ਼ ਮੰਨਦੇ, ਪਰ ਪੰਜਾਬ ਵਿਚ ਗੋਲੀ-ਬੰਦੀ ਵੀ ਬੇਅੰਤ ਸਿੰਘ ਦੀ ਸਰਕਾਰ ਵੇਲੇ ਹੋਈ। ਇੰਦਰਾ ਅਤੇ ਲੌਂਗੋਵਾਲ ਉਪਰ ਲਿਖੀਆਂ ਕਵਿਤਾਵਾਂ ਸਿਆਸਤ ਹਨ, ਕਲਾ ਨਹੀਂ। ਕਦੀ ਕਦੀ ਸਿਆਸਤ ਕਲਾ ਵੀ ਬਣ ਜਾਂਦੀ ਹੈ, ਇਥੇ ਨਹੀਂ ਬਣੀ। ਸੀ.ਪੀ.ਆਈ ਪੰਜਾਬ ਦੇ ਜਨਰਲ ਸਕੱਤਰ ਨੂੰ ਐਮਰਜੈਂਸੀ ਦੇ ਦਿਨਾਂ ਵਿਚ ਮੈਂ ਵੀਹ ਨੁਕਾਤੀ ਪ੍ਰੋਗਰਾਮ ਇਉਂ

www.punjabilibrary.com

ਪ੍ਰਚਾਰਦਿਆਂ ਦੇਖਿਆ ਹੈ ਜਿਵੇਂ ਪਹਾੜੀਏ ਮਜਮਾ ਲਾ ਕੇ ਸਲਾਜੀਤ ਅਤੇ ਹਰ ਤਾਕਤ ਵਧਾਉਣ ਵਾਲੀਆਂ ਦਵਾਈਆਂ ਵੇਚਦੇ ਹਨ। ਕਮਿਊਨਸਟ ਪਾਰਟੀ ਆਫ ਇੰਡੀਆ, ਇੰਦਰਾ ਗਾਂਧੀ ਦਾ ਲੋਕ ਸੰਪਰਕ ਵਿਭਾਗ ਬਣਿਆ ਰਿਹਾ। ਇਸ ਵਹਿਣ ਵਿਚ ਧੀਰ ਦਾ ਵਹਿ ਜਾਣਾ ਅਚੰਭੇਜਨਕ ਗੱਲ ਨਹੀਂ।

ਧੀਰ ਲਿਖਦਾ ਹੈ- ''ਮੇਰੀ ਇੱਛਾ ਹੈ ਮੈਂ ਧਰਤੀ ਉਤੇ ਭੁੰਜੇ ਬੈਠਾ ਹੋਵਾਂ ਤੇ ਮੇਰੀ ਰਚਨਾ ਆਕਾਸ਼ ਛੂਹੇ।'' ਉਸ ਦੀ ਇਹ ਇਛਾ ਉਸ ਦੀਆਂ ਰਚਨਾਵਾਂ ਵਿਚ ਬਹੁਤ ਥਾਂ ਪੂਰੀ ਹੋਈ ਸਾਫ ਦਿਸਦੀ ਹੈ ਪਰ ਉਕਤ ਰਾਜਸੀ ਕਵਿਤਾਵਾਂ ਧਰਤੀ ਦੀ ਪੱਧਰ ਦੇ ਮੇਚ ਦੀਆਂ ਵੀ ਨਹੀਂ। ਉਂਜ ਇਹ ਜ਼ਰੂਰੀ ਨਹੀਂ ਕਿ ਲੇਖਕ ਦੀ ਹਰੇਕ ਸਤਰ ਬੇਮਿਸਾਲ ਹੋਵੇ। ਇਨ੍ਹਾਂ ਦੋ ਵਿਅਕਤੀਆਂ ਦਾ ਜ਼ਿਕਰ ਇਸ ਲਈ ਆਇਆ ਹੈ ਕਿਉਂਕਿ ਧੀਰ ਇਨ੍ਹਾਂ ਕਵਿਤਾਵਾਂ ਦੇ ਹੱਕ ਵਿਚ ਤਕੜੀ ਵਕਾਲਤ ਕਰਦਾ ਹੈ। ਜਿਹੜੇ ਬੰਦੇ ਅਕਾਲ ਤਖਤ ਢਾਹੇ ਜਾਣ ਉਪਰ ਦੁੱਖ ਪ੍ਰਗਟਾਉਂਦੇ ਹਨ ਧੀਰ ਉਨ੍ਹਾਂ ਨੂੰ ਸਿਰੇ ਦੇ ਮੂਰਖ ਸਮਝਦਾ ਹੈ। ਇਹੋ ਜਿਹੇ ਮੂਰਖਾਂ ਵਿਚੋਂ ਇਕ ਇਨ੍ਹਾਂ ਸਤਰਾਂ ਦਾ ਲੇਖਕ ਵੀ ਹੈ ਜਿਹੜਾ ਦਰਬਾਰ ਸਾਹਿਬ ਉਪਰ ਹਮਲੇ ਨੂੰ ਅਹਿਮਕਾਨਾ, ਵਹਿਸ਼ੀਆਨਾ ਅਤੇ ਅਨੈਤਕ ਕਾਰਵਾਈ ਦੀ ਉਪਜ ਸਮਝਦਾ ਹੈ ਪਰ ਸੰਤੋਖ ਸਿੰਘ ਧੀਰ ਦਾ ਕਦਰਦਾਨ ਹੈ।

ਜਿਸ ਬੰਦੇ ਦੀ ਗੱਲ ਕਾਮਰੇਡਾਂ ਨੂੰ ਫਜ਼ੂਲ ਲਗਦੀ, ਮੈਂ ਦੇਖਦਾ ਉਹ ਉਸ ਲਈ *ਦਕੀਆਨੂਸੀ* ਸ਼ਬਦ ਵਰਤਿਆ ਕਰਦੇ। ਮੈਨੂੰ ਤੇ ਮੇਰੇ ਸਾਥੀਆਂ ਨੂੰ ਇਸ ਸ਼ਬਦ ਦੇ ਅਰਥਾਂ ਦਾ ਕੋਈ ਪਤਾ ਨਹੀਂ ਸੀ, ਜੇ ਕਦੀ ਪੱਗ ਠੀਕ ਨਾ ਬੰਨ੍ਹੀਂ ਜਾਂਦੀ, ਅਸੀਂ ਆਖਦੇ - ਕੀ ਦਕੀਆਨੂਸੀ ਪੱਗ ਹੈ, ਬੇਸੁਆਦੀ ਸਬਜ਼ੀ ਤੋਂ ਲੈ ਕੇ ਘਟੀਆ ਬੰਦੇ ਤੱਕ, ਸਾਡੇ ਲਈ ਸਭ ਦਕੀਆਨੂਸੀ ਸਨ, ਇਥੋਂ ਤੱਕ ਕਿ ਧਾਰਾਂ ਚੋਣ ਵੇਲੇ ਲੱਤ ਮਾਰਕੇ ਦੁੱਧ ਡੁਲ੍ਹਾ ਦਿੰਦੀ ਤਾਂ ਅਸੀਂ ਮੱਝ ਨੂੰ ਦਕੀਆਨੂਸੀ ਮੈਡਲ ਨਾਲ ਨਵਾਜਦੇ। ਅਸੀਂ ਬਚਪਨ ਵਿਚ ਜੋ ਕਰਦੇ ਸਾਂ, ਧੀਰ ਹੁਣ ਤਕ ਕਰੀ ਜਾ ਰਿਹਾ ਹੈ।

ਤੱਥਮੂਲਕ ਗਲਤੀਆਂ ਤਾਂ ਅਗਲੀਆਂ ਐਡੀਸ਼ਨਜ਼ ਵਿਚ ਸੋਧ ਲਈਆਂ ਜਾਣਗੀਆਂ ਪਰ ਧੀਰ ਦਾ ਕੇਵਲ ਇਕ ਵਿਚਾਰਧਾਰਾ ਨੂੰ ਸਰਬੋਤਮ ਮੰਨਣਾ ਤੇ ਬਾਕੀ ਸਭਨਾ ਨੂੰ ਹੇਚ ਜਾਣਨਾ ਸੰਤੁਲਿਤ ਸੋਚ ਨਹੀਂ। ਮੈਂ ਮਾਰਕਸੀ ਵਿਚਾਰਧਾਰਾ ਦਾ ਕਾਇਲ ਨਹੀਂ ਹਾਂ ਪਰ ਜਾਣਦਾ ਹਾਂ ਕਿ ਇਸ ਨੇ ਸਮਾਜ ਦੇ ਵੱਡੇ ਵਰਗ ਨੂੰ ਪ੍ਰਭਾਵਿਤ ਕੀਤਾ ਅਤੇ ਕਰੇਗੀ। ਪਰ ਮਾਰਕਸਵਾਦ ਸੰਸਾਰੀ ਦੁੱਖਾਂ ਦੇ ਇਲਾਜ ਲਈ ਪਹਿਲੀ ਤੇ ਆਖਰੀ ਦਵਾਈ ਨਹੀਂ ਹੈ। ਹਜ਼ਾਰਾਂ ਫਲਸਫਿਆਂ ਵਿਚ ਇਕ ਇਹ ਵੀ ਹੈ ਤੇ ਇਹ ਵੀ ਸ੍ਵੈ-ਵਿਰੋਧਤਾਈਆਂ ਤੋਂ ਮੁਕਤ ਨਹੀਂ ਹੈ। ਸਟਾਲਿਨ ਬਾਰੇ ਭਾਰਤੀ ਕਮਿਊਨਿਸਟਾਂ ਨੇ ਪੂਰਨ ਮੋਨ ਧਾਰਿਆ ਹੋਇਆ ਹੈ।

ਉਂਝ ਧੀਰ ਨੂੰ ਕਮਿਊਨਿਜ਼ਮ ਬਾਰੇ ਆਪਣੀ ਕਮਜ਼ੋਰੀ ਦਾ ਪਤਾ ਹੈ।ਉਹ ਲਿਖਦਾ ਹੈ - ਮੈਨੂੰ ਆਪਣੀਆਂ ਅੱਖਾਂ ਉਪਰੋਂ ਅੰਧ ਵਿਸ਼ਵਾਸ ਦੇ ਪਰਦੇ ਦੂਰ ਰੱਖਣੇ ਚਾਹੀਦੇ ਸਨ। ਸ਼ਰਧਾ ਚੰਗੀ ਚੀਜ਼ ਹੈ ਪਰ ਅੰਨ੍ਹੀ ਸ਼ਰਧਾ ਚੰਗੀ ਨਹੀਂ।ਮੈਂ ਮਾੜਾ ਬੰਦਾ ਨਹੀਂ, ਪਰ ਹਾਂ, ਅਕਲਮੰਦ ਨਹੀਂ।

ਬਹੁਤ ਗੁਣ ਔਗੁਣ ਆਪਸ ਵਿਚ ਮਿਲਕੇ ਸਾਡੇ ਇਸ ਪਿਆਰੇ ਲੇਖਕ ਨੂੰ ਸੰਤੋਖ ਸਿੰਘ ਧੀਰ ਬਣਾਉਂਦੇ ਹਨ। ਮੇਰਾ ਆਰਥਿਕ ਪਿਛੋਕੜ ਧੀਰ ਨਾਲੋਂ ਕਿਸੇ ਪ੍ਰਕਾਰ ਵੀ ਵਧੀਆ ਨਹੀਂ ਪਰ ਸਾਡੇ ਦੋਹਾਂ ਵਿਚ ਦੁਨੀਆਂਦਾਰੀ ਪੱਖੋਂ ਇਹ ਫਰਕ ਹੈ ਕਿ ਤੰਗੀ ਦੇ ਦਿਨਾਂ ਵਿਚ ਜੋ ਵੀ ਕੰਮ, ਨੌਕਰੀ, ਮਾੜੀ ਚੰਗੀ ਮਿਲੀ ਮੈਂ ਉਥੇ ਹੀ ਡਟ ਗਿਆ ਜਦੋਂ ਕਿ ਧੀਰ ਨੂੰ ਚੰਗੀਆਂ ਭਲੀਆਂ ਨੌਕਰੀਆਂ ਦੀ ਪੇਸ਼ਕਸ਼ ਹੁੰਦੀ ਰਹੀ, ਉਹ ਇਨਕਾਰ ਕਰਦਾ ਰਿਹਾ, ਇਹ ਸੋਚ ਕੇ ਕਿ ਉਸਨੇ ਲੇਖਕ ਬਣਨਾ ਹੈ। ਉਸ ਨੂੰ ਉਮਰ ਭਰ ਪਤਾ ਨਾ ਲੱਗਾ ਕਿ ਦੋਵੇਂ ਚੀਜ਼ਾਂ ਇਕ ਦੂਜੀ ਦੀਆਂ ਵਿਰੋਧੀ ਨਹੀਂ, ਪੂਰਕ ਹਨ। ਜਦੋਂ ਇਸ ਭੁਲ ਦਾ ਅਹਿਸਾਸ ਹੋਇਆ, ਉਮਰ ਬੀਤ ਗਈ।

ਧੀਰ ਨੂੰ ਪੁਨਰਜਨਮ ਵਿਚ ਵਿਸ਼ਵਾਸ ਨਹੀਂ। ਮੰਨ ਲਵੋ ਉਸ ਨੂੰ ਇਕ ਜਨਮ ਹੋਰ ਮਿਲ ਜਾਵੇ ਕੀ ਫਿਰ ਉਹ ਇਸ ਜੀਵਨ ਵਾਲੀਆਂ ਗਲਤੀਆਂ ਤੋਂ ਮੁਕਤ ਰਹੇਗਾ? ਇਹ ਗੱਲ ਮੁੱਲਾ ਜੀ ਨਸੀਰੁੱਦੀਨ ਨੂੰ ਪੁੱਛੀ ਗਈ। ਮੁੱਲਾ ਨੇ ਜਵਾਬ ਦਿੱਤਾ - ਏਨੇ ਗੁਨਾਹ ਕੀਤੇ ਹਨ, ਦੁਬਾਰਾ ਇਨਸਾਨੀ ਜਾਮਾ ਨਸੀਬ ਨਹੀਂ ਹੋਵੇਗਾ। ਜਗਿਆਸੂ ਨੇ ਕਿਹਾ - ਫਰਜ਼ ਕਰ ਲਵੋ ਮਿਲ ਜਾਏ? ਫਰਜ਼ ਹੀ ਕਰਨਾ ਹੈ।

ਨਸੀਰੁੱਦੀਨ ਨੇ ਕਿਹਾ - ਜੇ ਮਨੁੱਖਾ ਜੀਵਨ ਦੁਬਾਰਾ ਹਾਸਲ ਹੋ ਜਾਵੇ ਤਾਂ ਮੈਂ ਬਹੁਤ ਛੇਤੀ ਗੁਨਾਹ ਕਰਨੇ ਸ਼ੁਰੂ ਕਰਾਂਗਾ। ਇਸ ਜਨਮ ਵਿਚ ਮੈਂ ਬਹੁਤ ਡਰਦਾ ਰਿਹਾ, ਸੋ ਦੇਰ ਤੱਕ ਨਿਰਮਲ ਰਿਹਾ। ਇਹ ਗਲਤੀ ਅਗਲੇ ਜਨਮ ਵਿਚ ਨਹੀਂ ਦੁਹਰਾਵਾਂਗਾ।

www.punjabilibrary.com

ਸਾਡੇ ਪਿਆਰੇ ਮਰਹੂਮ ਸ਼ਾਇਰ ਸਤਨਾਮ ਸਿੰਘ ਖੁਮਾਰ ਨੂੰ ਇਕ ਪ੍ਰੋਫੈਸਰ ਨੇ ਕਿਹਾ - ਤੂੰ ਉਲਝਿਆ ਹੋਇਆ ਆਦਮੀ ਹੈਂ। ਖੁਮਾਰ ਨੇ ਕਿਹਾ - ਸਹੀ ਹੈ ਦੋਸਤ। ਪਰ ਮੈਨੂੰ ਪਤਾ ਹੈ ਮੈਂ ਕਿਥੇ ਉਲਝਿਆ, ਕਿਵੇਂ ਉਲਝਿਆ। ਮੇਰਾ ਇਲਾਜ ਸੰਭਵ ਹੈ। ਤੇਰਾ ਇਲਾਜ ਕੌਣ ਕਰੇਗਾ? ਤੂੰ ਜੋ ਖੁਦ ਨੂੰ ਪੂਰਾ ਸੁਲਝਿਆ ਬੰਦਾ ਸਮਝਦੈਂ, ਤੇਰੀ ਹਾਲਤ ਵਧੀਕ ਜਟਿਲ, ਵਧੀਕ ਚਿੰਤਾਜਨਕ ਹੈ ਭਰਾ।

ਧੀਰ ਵਰਗਾ ਸਰਲ ਆਦਮੀ ਕਿਥੇ ਮਿਲੇਗਾ? ਉਸ ਦੀ ਫਿਕਸ਼ਨ ਵਿਚਲੀ ਸਰਲਤਾ ਭਾਰੀ ਸਾਧਨਾ ਪਿਛੋਂ ਮਿਲਦੀ ਹੈ। ਜਿਵੇਂ ਸ਼ਾਸਤਰੀ ਸੰਗੀਤ ਦਾ ਪਰਪੱਕ ਗਾਇਕ ਸਾਨੂੰ ਰਾਗ ਵਲੋਂ ਬੇਸਮਝ ਜਾਣ ਕੇ ਸਾਡੇ ਪਸੰਦੀਦਾ ਲੋਕ-ਗੀਤਾਂ ਦੇ ਬੋਲ, ਲੋਕ-ਧੁਨਾਂ ਵਿਚ ਸੁਣਾ ਦਏ।

ਪੰਜ ਸਾਲ ਪਹਿਲਾਂ ਧੀਰ ਵਾਸਤੇ ਲਿਖਿਆ ਇਹ ਲੇਖ ਉਸ ਨੂੰ ਭੇਜ ਦਿੱਤਾ। ਪਸੰਦ ਨਹੀਂ ਆਇਆ। ਨਰਾਜ਼ ਹੋਇਆ। ਇਸ ਗੱਲ ਦਾ ਵਧੀਕ ਬੁਰਾ ਮਨਾਇਆ ਕਿ ਜਿਥੇ ਉਸ ਦਾ ਜ਼ਿਕਰ ਕੀਤਾ ਉਥੇ ਤਾਸਕੀ ਦਾ ਨਾਮ ਕਿਉਂ ਲਿਖਿਆ। ਧੀਰ ਅਨੁਸਾਰ ਤਾਸਕੀ ਜਗੀਰੂ, ਸੱਜ ਪਿਛਾਖੜ, ਬੁਰਜੂਆ, ਦਕੀਆਨੂਸੀ ਵਗੈਰਾ ਵਗੈਰਾ ... ਸੀ। ਕੀਤੀ ਗਈ ਮਿਹਨਤ ਅਤੇ ਸਮਾਂ ਵਿਅਰਥ ਗਿਆ। ਪਰ ਕੀ ਪਤਾ ਪਾਠਕਾਂ ਨੂੰ ਠੀਕ ਲੱਗੇ। ਹਾਂ ਜਿਸ ਨੱਕ ਵਾਸਤੇ ਨੱਥ ਘੜਾਈ ਉਸਨੂੰ ਇਹ ਠੀਕ ਨਹੀਂ ਲੱਗੀ।

## ਪ੍ਰੋਫੈਸਰ ਗੁਲਵੰਤ ਸਿੰਘ

ਵੀਹ ਨਵੰਬਰ 2000 ਦੀ ਸ਼ਾਮ ਨੂੰ ਮੈਂ ਘਰੋਂ ਬਾਹਰ ਨੇੜੇ ਕਿਧਰੇ ਗਿਆ ਹੋਇਆ ਸਾਂ ਕਿ ਫ਼ੋਨ ਉਪਰ ਸੁਨੇਹਾ ਮਿਲਿਆ - ਪ੍ਰੋਫੈਸਰ ਗੁਲਵੰਤ ਸਿੰਘ ਜੀ ਆਏ ਹੋਏ ਹਨ। ਜਲਦੀ ਵਾਪਸ ਘਰ ਪੁੱਜੋ। ਉਸੇ ਵਕਤ, ਸ਼ਾਮ ਦੇ ਸਾਢੇ ਕੁ ਅੱਠ ਵੱਜੇ ਹੋਣਗੇ, ਮੈਂ ਘਰ ਦਾ ਰੁਖ਼ ਕੀਤਾ। ਰੋਜ਼ ਵਾਂਗ, ਮੇਲ ਅਕਸਰ ਹੁੰਦਾ ਹੀ ਰਹਿੰਦਾ ਸੀ ਪਰ ਕਦੀ ਘਰ ਨਹੀਂ ਸਨ ਆਏ। ... ਆਵਾਂਗਾ ਕਦੀ। ... ਲਾਵਾਂਗਾ ਕਿਸੇ ਦਿਨ ਚੱਕਰ ... ਬਸ ਇਹ ਸੁਣ ਕੇ ਅਸੀਂ ਚੁਪ ਕਰ ਰਹਿੰਦੇ। ਉਨ੍ਹਾਂ ਨਾਲ ਬਹਿਸ ਕਰਨ ਦੀ ਕਿਸੇ ਵਿਚ

www.punjabilibrary.com

ਹਿੰਮਤ ਨਹੀਂ ਸੀ ਹੁੰਦੀ। ਖੁਸ਼ੀ ਹੋਈ ਕਿ ਘਰ ਆਏ ਹਨ। ਮੇਰੇ ਆਉਣ ਵੇਲੇ ਬੱਚਿਆਂ ਨਾਲ ਗੱਲਾਂ ਕਰ ਰਹੇ ਸਨ। ਮੈਂ ਆਇਆ ਤਾਂ ਕਹਿਣ ਲੱਗੇ, "ਪੀਣ ਖਾਣ ਦੀ ਸੁਲਾਹ ਮਾਰਨ ਵਿਚ ਵਕਤ ਜ਼ਾਇਆ ਨਹੀਂ ਕਰਨਾ। ਜਰੂਰੀ ਕੰਮ ਆਇਆ ਹਾਂ। ਤੁਹਾਡੇ ਕਰਨ ਜੋਗ ਹੈ। ਕਰਨਾ ਪਵੇਗਾ ਤੁਹਾਨੂੰ ਜਿਵੇਂ ਵੀ ਹੋਵੇ।"

ਮੈਂ ਸੁਣਦਾ ਰਿਹਾ, ਉਹਨਾ ਕਿਹਾ - ਕਿੰਨਾ ਕੁ ਸਮਾਂ ਚਲਦੇ ਰਹਿਣਗੇ ਸਾਹ, ਕੋਈ ਪਤਾ ਨਹੀਂ। ਪਰ ਸੰਸਾਰ ਤਿਆਗਣ ਤੋਂ ਪਹਿਲਾਂ ਇਕ ਜ਼ਰੂਰੀ ਕੰਮ ਕਰਨ ਦੀ ਤਮੰਨਾ ਹੈ। ਪੂਰਾ ਕਰ ਪਾਵਾਂਗਾ ਕਿ ਨਹੀਂ, ਪਤਾ ਨਹੀਂ .... ਚੰਗੀ ਤਰ੍ਹਾਂ ਕਰ ਪਾਵਾਂਗਾ ਕਿ ਨਹੀਂ, ਪਤਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਰਜਮਾ ਫ਼ਾਰਸੀ ਜ਼ਬਾਨ ਵਿਚ ਕਰਨ ਦਾ ਖ਼ਯਾਲ ਬਾਰ ਬਾਰ ਦਿਲ ਵਿਚ ਘੁੰਮ ਰਿਹਾ ਹੈ। ਵਾਈਸ-ਚਾਂਸਲਰ ਸਾਹਿਬ ਨੂੰ ਮਿਲ ਕੇ ਇਹ ਪ੍ਰਾਜੈਕਟ ਮੈਨੂੰ ਦਿਵਾਉ। ਜਪੁ ਜੀ ਸਾਹਿਬ ਅਤੇ ਸੁਖਮਨੀ ਸਾਹਿਬ ਜੀ ਦਾ ਤਰਜਮਾ ਕਰ ਚੁੱਕਾ ਹਾਂ ਤੇ ਇਹ ਯੂਨੀਵਰਸਿਟੀ ਨੇ ਛਾਪਿਆ ਹੈ। ਅਰਬੀ ਅਤੇ ਫ਼ਾਰਸੀ ਦੇ ਦਾਨਸ਼ਵਰਾਂ ਦੀਆਂ ਅੱਛੀਆਂ ਰਾਵਾਂ ਆਈਆਂ ਹਨ। ਇਨ੍ਹਾਂ ਬਾਣੀਆਂ ਦੀ ਇਕ ਇਕ ਪੰਕਤੀ ਦਾ ਅਨੁਵਾਦ ਕਰਨ ਉਪਰੰਤ ਮੈਂ ਅਨੁਵਾਦਿਤ ਪੰਕਤੀ ਨੂੰ ਬਾਰ ਬਾਰ ਇਸ ਪ੍ਰਕਾਰ ਪੜ੍ਹਦਾ ਸੀ ਜਿਵੇਂ ਜੁਆਨ ਸਿੱਖ ਲੜਕਾ ਦਸਤਾਰ ਬੰਨ੍ਹਣ ਪਿਛੋਂ ਬਾਰ ਬਾਰ ਸ਼ੀਸ਼ਾ ਦੇਖਦਾ ਹੈ ਕਿ ਠੀਕ ਹੈ ਵੀ ਕਿ ਨਹੀਂ।

ਮੈਂ ਕਿਹਾ, "ਜਲਦੀ ਵਾਈਸ-ਚਾਂਸਲਰ ਸਾਹਿਬ ਨੂੰ ਮਿਲਾਂਗਾ ਪ੍ਰੋਫੈਸਰ ਸਾਹਿਬ ਤੇ ਹਰ ਕੋਸ਼ਿਸ਼ ਕਰਾਂਗਾ ਇਹ ਪ੍ਰਾਜੈਕਟ ਤੁਹਾਨੂੰ ਮਿਲੇ ਪਰ ਜੇ ਸਫਲਤਾ ਨਾ ਮਿਲੀ ਤਾਂ ਬੁਰਾ ਨਾ ਮਨਾਉਣਾ। ਵਾਈਸ ਚਾਂਸਲਰਾਂ ਨੂੰ ਮਨਾਉਣਾ ਬਹੁਤ ਆਸਾਨ ਨਹੀਂ ਹੁੰਦਾ, ਪਰ ਉਹਨਾ ਗੱਲ ਜਾਰੀ ਰੱਖੀ, "ਮੈਂ ਬਹੁਤ ਕਮਾਲ ਦਾ ਕੰਮ ਕਰ ਪਾਵਾਂਗਾ, ਕੋਈ ਦਾਅਵਾ ਨਹੀਂ ਹੈ। ਸ੍ਰੀ ਗੁਰੂ ਮਹਾਰਾਜ ਜੀ ਦੀਆਂ ਜਿੰਨੀਆਂ ਕੁ ਮਿਹਰਬਾਨੀਆਂ ਪ੍ਰਾਪਤ ਹੋਣਗੀਆਂ ਦਿੱਸ ਜਾਣਗੀਆਂ। ਪੁਰਾਣ ਕਥਾ ਹੈ। ਸ੍ਰੀ ਰਾਮਚੰਦਰ ਜੀ ਲੰਕਾ ਤੱਕ ਅੱਪੜਨ ਲਈ ਪੁਲ ਬਨਾਉਣ ਲੱਗੇ ਤਾਂ ਇਕ ਗਲਹਿਰੀ ਸਮੁੰਦਰ ਵਿਚ ਛਲਾਂਗ ਮਾਰਦੀ, ਫਿਰ ਰੇਤ ਉਪਰ ਲੇਟਣ ਲਗਦੀ। ਫਿਰ ਸਮੁੰਦਰ ਵਿਚ, ਫਿਰ ਰੇਤ ਉਪਰ। ਕਿਸੇ ਨੇ ਪੁੱਛਿਆ, "ਇਹ ਕੀ ਖੇਡ ਹੋਈ?" ਗਿਲਹਿਰੀ ਨੇ ਕਿਹਾ, "ਖੇਡ ਨਹੀਂ, ਸਾਗਰ ਨੂੰ ਸੁਕਾ ਰਹੀਂ ਹਾਂ ਤਾਂ ਕਿ ਪੁਲ ਬਣਨ ਵਿਚ ਘੱਟ ਵਕਤ ਲੱਗੇ।" ਦਰਸ਼ਕ ਹੱਸ ਕੇ ਪੁੱਛਣ ਲੱਗਾ- "ਪਰ ਕੀ ਸੁਕਾ ਪਾਏਂਗੀ ਇਸ ਪ੍ਰਕਾਰ ਸਮੁੰਦਰ ਨੂੰ ਤੂੰ? " ਗਲਹਿਰੀ ਨੇ ਕਿਹਾ, "ਸਮੁੰਦਰ ਨੂੰ ਅਵੱਸ਼ ਸੁਕਾ ਦਿਆਂਗੀ, ਇਹ ਦਾਅਵਾ ਤਾਂ ਨਹੀਂ ਕੀਤਾ। ਪੁਲ ਬਣਨ ਤੱਕ ਕੋਸ਼ਿਸ਼ ਕਰਾਂਗੀ। ਜਿੰਨੀ ਤਾਕਤ ਮਿਲੀ ਹੈ ਰੱਬ ਵੱਲੋਂ, ਲਾ ਦਿਆਂਗੀ। "

ਸਹਿਜੇ ਸਹਿਜੇ ਉਠੇ ਖੂੰਡੀ ਸੰਭਾਲੀ ਤੇ ਵਾਪਸ ਜਾਣ ਲੱਗਿਆਂ ਕਿਹਾ, "ਅਰਬੀ, ਫਾਰਸੀ, ਸੰਸਕ੍ਰਿਤ ਤੇ ਅੰਗਰੇਜ਼ੀ ਜਾਣਨ ਵਾਲੇ ਬੜੇ ਮਿਲਣਗੇ। ਇਹ ਸਿੱਖ, ਗੁਲਵੰਤ ਸਿੰਘ ਨਹੀਂ ਮਿਲੇਗਾ ਫਿਰ ਤੁਹਾਨੂੰ"।

ਕਹਿਣ ਨੂੰ ਤਾਂ ਮੈਂ ਸੌਂ ਗਿਆ ਪਰ ਦੇਰ ਰਾਤ ਤੱਕ ਨੀਂਦ ਨਾ ਆਈ। ਕਈ ਵਾਰ ਅੱਖ ਖੁੱਲ੍ਹੀ ਤੇ ਪ੍ਰੋਫੈਸਰ ਗੁਲਵੰਤ ਸਿੰਘ ਦੇ ਇਹੋ ਕਥਨ ਬਾਰ ਬਾਰ ਗੂੰਜਦੇ .... ਕਦੀ ਖਤਰਨਾਕ ਬੀਆਬਾਨ ਵਿਚੋਂ ਆਈਆਂ ਆਵਾਜ਼ਾਂ ਲਗਦੀਆਂ, ਕਦੀ ਇਉਂ ਲਗਦਾ ਜਿਵੇਂ ਸੁਹਣੇ ਬਾਗਾਂ ਵਿਚ ਚਹਿਕਦੇ ਪੰਛੀਆਂ ਦੇ ਗੀਤ ਹੋਣ। ਸਵਖਤੇ ਜਲਦੀ ਉਠਕੇ ਇਸ਼ਨਾਨ ਕੀਤਾ, ਰੱਬ ਦਾ ਨਾਮ ਲੈਕੇ ਵਾਈਸ ਚਾਂਸਲਰ ਨੂੰ ਇਸ ਕਾਰਜ ਦੀ ਮਹੱਤਤਾ ਦਰਸਾਉਂਦਿਆਂ, ਪ੍ਰੋਫੈਸਰ ਸਾਹਿਬ ਨੂੰ ਪ੍ਰਾਜੈਕਟ ਦੇ ਦੇਣ ਲਈ ਬੇਨਤੀ ਪੱਤਰ ਲਿਖਿਆ ਤੇ 21 ਨਵੰਬਰ ਨੂੰ ਸਵੇਰੇ 6 ਵਜੇ ਕੋਠੀ ਦੇ ਦਰਬਾਨ ਨੂੰ ਫੜਾ ਕੇ ਘਰ ਵਾਪਸ ਪਰਤਿਆ। ਇਸ ਬਾਰੇ ਕਿਸੇ ਨਾਲ ਕੋਈ ਗੱਲ ਨਹੀਂ ਕੀਤੀ।

ਅਗਲੇ ਦਿਨ ਯਾਨੀ ਕਿ 22 ਨਵੰਬਰ ਨੂੰ ਸਵੇਰ ਸਾਰ ਸੇਵਾਦਾਰ 7 ਵਜੇ ਇਹ ਪੱਤਰ ਵਾਪਸ ਮੈਨੂੰ ਫੜਾ ਗਿਆ ਜਿਸ ਉਪਰ ਵਾਈਸ ਚਾਂਸਲਰ ਨੇ ਲਿਖਿਆ ਸੀ - ਬਹੁਤ ਬਹੁਤ ਧੰਨਵਾਦ। ਪ੍ਰਾਜੈਕਟ ਪ੍ਰਵਾਨ ਹੈ। ਜਿਥੇ ਜਿਥੇ, ਜਿਵੇਂ ਜਿਵੇਂ ਪ੍ਰੋਫੈਸਰ ਸਾਹਿਬ ਚਾਹੁਣ, ਉਹਨਾ ਦੀ ਸਹਾਇਤਾ ਤੁਸੀਂ ਕਰਨੀ ਹੈ-ਸਹੀ। ਜਸਬੀਰ ਸਿੰਘ ਆਹਲੂਵਾਲੀਆ ਵਾਈਸ ਚਾਂਸਲਰ 21.11.2000.

ਖੁਸ਼ ਖੁਸ਼ ਇਹ ਖਬਰ ਪ੍ਰੋਫੈਸਰ ਸਾਹਿਬ ਨੂੰ ਦੇਣ ਗਿਆ ਤਾਂ ਉਨ੍ਹਾਂ ਦੇ ਗੋਡੀਂ ਹੱਥ ਲਾਉਣੇ ਚਾਹੇ। ਮਨ੍ਹਾਂ ਕਰਕੇ ਜੱਫੀ ਪਾਈ ਤੇ ਕਹਿਣ ਲਗੇ, "ਸਿੱਖੀ ਵਿਚ ਵੱਡਾ ਛੋਟਾ ਨਹੀਂ ਹੈ ਕੋਈ ਹੈ। ਸਭ ਬਰਾਬਰ ਹਨ।" ਮੈਂ ਕਿਹਾ, "ਪ੍ਰੋਫੈਸਰ ਸਾਹਿਬ ਮੈਨੂੰ ਊਚ ਨੀਚ ਵਿਚ ਪੂਰਾ ਵਿਸ਼ਵਾਸ ਹੈ ਤੇ ਸਿੱਖੀ ਵਿਚ ਊਚ ਨੀਚ ਦੀ ਬਕਾਇਦਾ ਪ੍ਰਥਾ ਹੈ। ਹਾਂ ਜਨਮ ਤੋਂ ਕੋਈ ਊਚ ਨੀਚ ਨਹੀਂ ਹੈ। ਗੁਰਮਤਿ ਵਿਚ ਚੰਗੇ ਮੰਦੇ

ਕਰਮਾਂ ਸਦਕਾ ਤਾਂ ਇਹ ਹੈ। ਕੀ ਇਸ ਵਿਚ ਕੋਈ ਸ਼ੱਕ ਹੈ ਕਿ ਤੁਸੀਂ ਲਾਸਾਨੀ ਵਿਦਵਾਨ ਹੋ ਤੇ ਮੈਂ ਤੁਹਾਡਾ ਪਾਠਕ, ਸਰੋਤਾ ਅਤੇ ਵਿਦਿਆਰਥੀ ਹਾਂ। ਤੁਸੀਂ ਮੈਨੂੰ ਮੇਰੇ ਸਤਿਕਾਰ ਕਰਨ ਦੇ ਹੱਕ ਤੋਂ ਕਿਵੇਂ ਵੰਚਿਤ ਕਰ ਸਕਦੇ ਹੋ?"

ਦੋ ਤਿੰਨ ਦਿਨ ਬਾਦ ਡਾ. ਸ਼ਮਸ਼ੇਰ ਸਿੰਘ ਮਿਲੇ ਤੇ ਮੈਨੂੰ ਦੱਸਿਆ, "ਇਹ ਤਰਜਮੇ ਦਾ ਪ੍ਰਾਜੈਕਟ ਲੈਕੇ ਪ੍ਰੋਫੈਸਰ ਸਾਹਿਬ ਬਹੁਤ ਖੁਸ਼ ਹਨ ਕਿ ਉਨ੍ਹਾਂ ਨੂੰ ਦਿਲ ਚਾਹਿਆ ਕੰਮ ਮਿਲ ਗਿਆ ਹੈ। ਅੱਜ ਸਵੇਰੇ ਮੈਨੂੰ ਜਾਂਦੇ ਨੂੰ ਵਾਜ ਮਾਰ ਕੇ ਬੁਲਾਇਆ ਤੇ ਕਿਹਾ- "ਤਰਜਮੇਂ ਦਾ ਇਹ ਕੰਮ ਇੰਨੀ ਮਿਹਨਤ ਨਾਲ ਕਰਾਂਗਾ ਕਿ ਸਿੱਖ ਮੈਨੂੰ ਸ਼ਾਇਦ 'ਭਾਈ' ਦਾ ਖਿਤਾਬ ਦੇ ਦੇਣ। ਹਰ ਸ਼ੁਹਰਤ, ਵਡਿੱਤਣ, ਹਰ ਸਨਮਾਨ ਮਿਲ ਚੁੱਕਾ ਹੈ ਪਰ ਗੁਰੂ ਖ਼ਾਲਸਾ ਪੰਥ ਵਲੋਂ ਪ੍ਰਦਾਨ ਕੀਤਾ 'ਭਾਈ' ਦਾ ਖ਼ਿਤਾਬ ਸਰਬੋਤਮ ਹੈ। "

2009 ਵਿਚ ਚੰਡੀਗੜ੍ਹ ਵਿਖੇ ਫਾਰਸੀ ਅਧਿਆਪਕਾਂ ਦੇ ਅੰਤਰਰਾਸ਼ਟਰੀ ਸੰਗਠਨ ਨੇ ਉਨ੍ਹਾਂ ਨੂੰ ਬਾਬਾ-ਇ- ਫਾਰਸੀ ਦਾ ਖ਼ਿਤਾਬ ਦੇ ਕੇ ਸਨਮਾਨਿਆਂ ਸੀ। ਸੱਤ ਦਸੰਬਰ 2000 ਸ਼ਾਮੀ 6 ਵਜੇ ਫ਼ਾਨੀ ਸੰਸਾਰ ਤੋਂ ਵਿਦਾ ਹੋ ਗਏ। ਉਹਨਾਂ ਦਾ ਵਿਦਾਇਗੀ ਦਾ ਇਹ ਦਿਨ ਆਮ ਦਿਨਾਂ ਜਿਹਾ ਹੀ ਸੀ। ਸਵੇਰੇ ਉਠੇ। ਚਾਹ ਬਣਾਈ। ਵਸਤਰ ਧੋਏ। ਫਿਰ ਫਰਸ਼ ਧੋਇਆ। ਇਕੱਲੇ ਰਹੇ ਸਨ ਸਾਰੀ ਉਮਰ। ਬਗੀਚੇ ਵਿਚ ਕੰਮ ਕਰਦੇ ਮਾਲੀ ਨੂੰ ਬੁਲਾਇਆ ਤੇ ਕਿਹਾ- "ਕੁਰਸੀ ਉਥੇ ਧੁੱਪੇ ਰੱਖ ਦਿਉ।" ਧੁੱਪ ਦਾ ਨਿਘ ਮਾਣਨ ਲੱਗੇ। ਦੁਪਹਿਰੇ ਅੰਦਰ ਜਾ ਕੇ ਆਰਾਮ ਕੀਤਾ ਤੇ ਦੋ ਕੁ ਵਜੇ ਫਿਰ ਸੇਵਾਦਾਰ ਨੂੰ ਕਿਹਾ - ਉਧਰ ਬੈਂਚ ਤੇ ਬੈਠਣਾ ਹੈ ਸੜਕ ਉਪੱਰ। ਰੌਣਕ ਦੇਖਣੀ ਹੈ। ਬੈਂਚ ਉਪਰ ਬੈਠੇ ਮੁੰਡਿਆਂ ਕੁੜੀਆਂ ਨੂੰ ਸੇਵਾਦਾਰ ਨੇ ਉਠ ਜਾਣ ਲਈ ਕਿਹਾ ਤਾਂ ਪ੍ਰੋਫੈਸਰ ਸਾਹਿਬ ਘੰਟਾ ਕੁ ਆਵਾਜਾਈ ਦੇਖਦੇ ਰਹੇ। ਫਿਰ ਸਾਢੇ ਕੁ ਤਿੰਨ ਵਜੇ ਪ੍ਰੋ ਰਾਜਿੰਦਰ ਸਿੰਘ ਲਾਂਬਾ ਨੂੰ ਬੁਲਾਇਆ ਤੇ ਕਿਹਾ- "ਮੈਂ ਤਿਆਰ ਹੁੰਦਾ ਹਾਂ। ਤੁਸੀਂ ਐਂਬੂਲੈਂਸ ਲੈ ਆਉ। ਤਬੀਅਤ ਕੁੱਝ ਠੀਕ ਨਹੀਂ ਹੈ।"

ਲਾਂਬਾ ਸਾਹਿਬ ਦੇ ਐਂਬੂਲੈਂਸ ਲਿਆਉਣ ਤੋਂ ਪਹਿਲੋਂ ਬੈਗ ਵਿਚ ਤੌਲੀਆ, ਕੁਰਤਾ, ਪਜਾਮਾ, ਕੌਲੀ, ਗਲਾਸ ਪਾਈ ਤਿਆਰ ਖਲੋਤੇ ਸਨ। ਐਂਬੂਲੈਂਸ ਵਿਚ ਬੈਠਣ ਵੇਲੇ ਕਿਹਾ- "ਡਾਕਟਰ ਨੂੰ ਦਿਖਾਕੇ, ਹਸਪਤਾਲ ਤੋਂ ਬਾਦ ਆਜ਼ਾਦ ਨਗਰ ਮੇਰੀ ਭਤੀਜੀ ਰਹਿੰਦੀ ਹੈ, ਉਸ ਪਾਸ ਲੈ ਚਲਣਾ।" ਇਵੇਂ ਹੋਇਆ। ਹਸਪਤਾਲ ਡਾਕਟਰ ਨੇ ਕਿਹਾ, ਕਿਸੇ ਦਿਨ ਫਿਰ ਚੈਕਅੱਪ ਕਰਵਾ ਜਾਣਾ, ਹੁਣ ਠੀਕ ਹਨ। ਆਜ਼ਾਦ ਨਗਰ ਜਾਕੇ ਦੁੱਧ ਪੀਆ। ਮੰਜੇ ਉਪਰ ਲੇਟ ਗਏ ਤੇ ਲੇਟ ਕੇ ਆਰਾਮ ਨਾਲ ਸ਼ਾਮ ਦੇ 6 ਵਜੇ ਅਨੰਤ ਸ਼ਾਂਤੀ ਵਿਚ ਸਮਾ ਗਏ। ਹਾਇ ਤਕ ਨਹੀਂ ਕੀਤੀ। ਰੰਚਕ ਮਾਤਰ ਕੋਈ ਤਕਲੀਫ ਨਹੀ ਹੋਈ। ਮੈਂ ਕਿਸੇ ਬ੍ਰਹਮ-ਗਿਆਨੀ ਦੇ ਦਰਸ਼ਨ ਨਹੀਂ ਕੀਤੇ। ਪ੍ਰੋਫੈਸਰ ਗੁਲਵੰਤ ਸਿੰਘ ਤੋਂ ਕਿਵੇਂ ਭਿੰਨ ਹੋਵੇਗਾ ਕੋਈ ਬ੍ਰਹਮਗਿਆਨੀ?

ਉਨ੍ਹਾਂ ਬਾਰੇ ਬੜਾ ਕੁੱਝ ਲਿਖਿਆ ਜਾ ਸਕਦਾ ਹੈ ਪਰ ਅੱਜ ਯਾਦਾਂ ਦੇ ਚਿਤਰਪਟ ਉਪਰ ਥੋੜ੍ਹੇ ਕੁ ਸੀਨ ਆਏ ਹਨ। ਉਨ੍ਹਾਂ ਨਾਲ ਹੀ ਸ਼ਰਧਾਂਜਲੀ ਸਹੀ। ਗਰੀਬ ਕਿਰਤੀ ਰਾਮਗੜ੍ਹੀਆ ਪਰਿਵਾਰ ਵਿਚ 13 ਜੁਲਾਈ 1920 ਈਸਵੀ ਵਿਚ ਦੌਲਤਪੁਰਾ ਪਿੰਡ, ਤਹਿਸੀਲ ਜ਼ੀਰਾ ਵਿਖੇ ਜਨਮ ਲਿਆ। ਜ਼ੀਰੇ ਤੋਂ ਦਸਵੀਂ ਪਾਸ ਕੀਤੀ ਸੀ। ਤੀਜੀ ਕਲਾਸ ਵਿਚ ਪੜ੍ਹਦੇ ਸਨ ਜਦੋਂ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਹੁਕਮਨਾਮਾਂ ਲਿਆ ਗਿਆ ਤਾਂ ਗੱਗਾ ਅੱਖਰ ਨਿਕਲਿਆ। ਗ੍ਰੰਥੀ ਸਿੰਘ ਕਹਿਣ ਲੱਗਾ- ਜੇ ਕੱਕਾ ਅੱਖਰ ਨਿਕਲਦਾ ਤਾਂ ਕੁਲਵੰਤ ਸਿੰਘ ਨਾਮ ਰੱਖ ਦਿੰਦੇ। ਹੁਣ ਕੀ ਨਾ ਰੱਖੀਏ? ਨਿਕੇ ਬਾਲਕ ਨੇ ਕਿਹਾ- ਜੀ ਗੁਲਵੰਤ ਸਿੰਘ ਰੱਖ ਦਿਉ। ਗੁਲਵੰਤ ਸਿੰਘ ਨਾਮ ਰੱਖਿਆ ਗਿਆ। ਦੱਸਿਆ ਕਰਦੇ ਸਨ ਕਿ ਜਾਪ ਸਾਹਿਬ, ਅਕਾਲ ਉਸਤਤ ਅਤੇ ਹੋਰ ਕਈ ਬਾਣੀਆਂ ਵਿਚ ਦਸਮ ਪਾਤਸ਼ਾਹ ਨੇ ਭਾਸ਼ਾ ਵਿਗਿਆਨ ਅਤੇ ਵਿਆਕਰਣ ਨਾਲ ਦਿਲਚਸਪ ਤਜਰਬੇ ਕੀਤੇ ਹਨ। ਉਨ੍ਹਾਂ ਨੇ ਅਗੇਤਰ ਫਾਰਸੀ ਤੇ ਅਰਬੀ ਦੇ ਸ਼ਬਦਾ ਨਾਲ ਪਛੇਤਰ ਸੰਸਕ੍ਰਿਤ ਦੇ ਅਤੇ ਕਈ ਅਗੇਤਰ ਸੰਸਕ੍ਰਿਤ ਨਾਲ ਪਛੇਤਰ ਅਰਬੀ ਫਾਰਸੀ ਦੇ ਸ਼ਬਦਾ ਦੀ ਵਰਤੋਂ ਕਰਕੇ ਜਿਹੜੇ ਸਮਾਸ ਬਣਾਏ ਉਹ ਪਹਿਲੀ ਵਾਰ ਕੀਤਾ ਗਿਆ ਪ੍ਰਯੋਗ ਸੀ। ਉਨ੍ਹਾਂ ਤੋਂ ਪਹਿਲਾਂ ਭਾਸ਼ਾਵਾਂ ਦੀ ਇਹ ਖੇਡ ਕਿਸੇ ਨਹੀਂ ਖੇਡੀ ਸੀ। ਇਵੇਂ ਹੀ ਗੁਲਵੰਤ ਸਿੰਘ ਨਾਮ ਹੈ। ਗੁਲ ਅਗੇਤਰ ਫਾਰਸੀ ਦਾ ਸ਼ਬਦ ਹੈ, ਵੰਤ ਪਛੇਤਰ ਸੰਸਕ੍ਰਿਤ ਦਾ।

ਐਮ.ਏ. ਫਾਰਸੀ ਗੌਰਮੈਂਟ ਕਾਲਜ ਲਾਹੌਰ ਤੋਂ ਕੀਤੀ ਪਰ ਸਕੂਲ ਦੀ ਇਕ ਘਟਨਾ ਉਨ੍ਹਾਂ ਦੀ ਯਾਦ ਵਿਚ ਸਦਾ ਕਾਇਮ ਰਹੀ। ਨੌਵੀਂ ਵਿਚ ਪੜਦੇ ਸਨ ਕਿ ਸਕੂਲ ਦਾ ਮੁਆਇਨਾ ਕਰਨ ਇੰਸਪੈਕਟਰ

www.punjabilibrary.com

ਆ ਗਿਆ। ਗੁਲਵੰਤ ਸਿੰਘ ਦੇ ਸਿਰ ਉਤੇ ਖੱਦਰ ਦਾ ਪਰਨਾ, ਖੱਦਰ ਦਾ ਕਮੀਜ਼, ਖੱਦਰ ਦਾ ਕਛਹਿਰਾ ਤੇ ਮਿੱਟੀ ਨਾਲ ਭਰੀਆਂ ਹੋਈਆਂ ਨੰਗੀਆਂ ਲੱਤਾਂ। ਪੈਦਲ ਸਫਰ ਕਰਨਾ ਪੈਂਦਾ ਸੀ ਘਰੋਂ ਸਕੂਲ ਤੱਕ। ਦੇਖ ਕੇ ਇੰਸਪੈਕਟਰ ਨੇ ਕਿਹਾ- ਮਾਸਟਰ ਜੀ, ਇਹੋ ਜਿਹਿਆਂ ਨੂੰ ਕਿਉਂ ਦਾਖਲਾ ਦੇ ਦਿੰਦੇ ਹੋ ਸਕੂਲ ਵਿਚ? ਮਾਸਟਰ ਨੇ ਕਿਹਾ - ਜੀ ਜਿਹੋ ਜਿਹੇ ਮਿਲਣ, ਉਹੋ ਦਾਖਲ ਕਰਨੇ ਹੋਏ। ਪਰ ਕੁੱਝ ਪੁੱਛ ਕੇ ਤਾਂ ਦੇਖੋ ਇਸ ਨੂੰ। ਇੰਸਪੈਕਟਰ ਨੇ ਫਾਰਸੀ, ਅੰਗਰੇਜ਼ੀ, ਗਣਿਤ ਅਲਜਬਰਾ, ਜੋ ਵੀ ਸਵਾਲ ਪਾਇਆ, ਉਸਦਾ ਗੁਲਵੰਤ ਸਿੰਘ ਨੇ ਸਹੀ ਉਤਰ ਦਿੱਤਾ। ਇਕ ਵੀ ਉੱਤਰ ਗਲਤ ਨਹੀਂ ਹੋਇਆ। ਤਦ ਇੰਸਪੈਕਟਰ ਨੇ ਕਿਹਾ- "ਵਿਦਿਆਰਥੀ ਨਹੀਂ, ਇਸ ਵਰਗੇ ਤਾਂ ਅਧਿਆਪਕ ਹੋਣੇ ਚਾਹੀਦੇ ਹਨ।"

ਫਾਰਸੀ ਵਿਚੋਂ 67% ਨੰਬਰ ਲੈਕੇ ਗੋਲਡਮੈਡਲ ਤਾਂ ਜਿੱਤਿਆ ਹੀ, ਆਪਣੇ ਤੋਂ ਪਹਿਲੋਂ ਦੇ ਇਸ ਐਮ.ਏ. ਦੇ ਰਿਕਾਰਡ ਤੋੜੇ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਫਾਰਸੀ ਲੈਕਚਰਾਰ ਦੀ ਆਸਾਮੀ ਖਾਲੀ ਹੋਈ ਤਾਂ ਇੰਟਰਵਿਊ ਉਤੇ ਗਏ। ਪ੍ਰਿੰਸੀਪਲ ਡਾ. ਭਾਈ ਜੋਧ ਸਿੰਘ ਸਨ। ਗੁਲਵੰਤ ਸਿੰਘ ਨੇ ਐਮ.ਏ. ਫਾਰਸੀ ਦੀ ਆਪਣੀ ਸ਼ਾਨਦਾਰ ਪ੍ਰਾਪਤੀ ਦਾ ਜ਼ਿਕਰ ਕੀਤਾ ਤਾਂ ਪ੍ਰਿੰਸੀਪਲ ਸਾਹਿਬ ਬੋਲੇ - ਬਥੇਰੇ ਮਿਲ ਜਾਣਗੇ ਭਾਸ਼ਾਵਾਂ ਦੇ ਗੋਲਡ-ਮੈਡਲਿਸਟ। ਸਾਨੂੰ ਤਾਂ ਸਿੱਖ ਚਾਹੀਦਾ ਹੈ। ਸਿਖੀ ਬਾਰੇ ਦੱਸ। ਜੋ ਸਵਾਲ ਪੁੱਛੇ - ਉੱਤਰ ਦਿੱਤੇ। ਫਿਰ ਉਹਨਾ ਬਾਣੀਆਂ ਦੇ ਨਾਮ ਪੁੱਛੇ ਜਿਹੜੀਆਂ ਜ਼ਬਾਨੀ ਯਾਦ ਹਨ। ਸੁਣਾਈਆਂ ਤਾਂ ਪ੍ਰਿੰਸੀਪਲ ਨੇ ਪੁੱਛਿਆ- ਬਾਣੀਆਂ ਕਦੋਂ ਯਾਦ ਕੀਤੀਆਂ ਸਨ? ਉਤਰ ਦਿੱਤਾ- "ਪਤਾ ਨਹੀਂ। ਮਾਤਾ ਪਿਤਾ ਪਾਠ ਕਰਦੇ ਸਨ। ਬਾਬਾ ਜੀ ਪਾਠ ਕਰਿਆ ਕਰਦੇ ਸਨ। ਪੜਦਾਦਾ ਜੀ ਪਾਠ ਕਰਕੇ ਹੁੰਦੇ ਸਨ। ਪਤਾ ਨਹੀਂ ਕਦੋਂ ਯਾਦ ਹੋ ਗਈਆਂ।" ਫਾਰਸੀ ਭਾਸ਼ਾ ਵਿਚੋਂ ਇਕ ਪ੍ਰਸ਼ਨ ਵੀ ਨਹੀਂ ਪੁੱਛਿਆ ਗਿਆ ਤੇ ਲੈਕਚਰਾਰ ਇਨ ਪਰਸ਼ੀਅਨ ਦੀ ਨਿਯੁਕਤੀ ਹੋ ਗਈ।

ਪ੍ਰੋਫੈਸਰ ਸਾਹਿਬ ਮੇਰੇ ਤੋਂ ਪਹਿਲੀ ਉਸ ਪੀੜ੍ਹੀ ਦੇ ਵਿਦਵਾਨ ਸਨ ਜਿਹੜੀ ਪੀੜ੍ਹੀ ਵਿੱਦਿਆ ਨੂੰ ਪ੍ਰਣਾਈ ਹੋਈ ਸੀ। ਮੇਰੀ ਪੀੜ੍ਹੀ ਕ੍ਰੋਧਵਾਨ ਵੀ ਹੈ ਹੰਕਾਰੀ ਹੋਈ ਵੀ। ਕ੍ਰੋਧ ਗੁਲਵੰਤ ਸਿੰਘ ਜੀ ਵੀ ਕਰਦੇ ਸਨ, ਪਰ ਉਨ੍ਹਾਂ ਨੂੰ ਤਾਂ ਗੁੱਸੇ ਹੋਣ ਦਾ ਹੱਕ ਸੀ? ਉਨ੍ਹਾਂ ਨੂੰ ਦੇਖ ਕੇ ਅਕਸਰ ਮੈਂ ਆਪਣੇ ਕ੍ਰੋਧ ਅਤੇ ਹੰਕਾਰ ਉਪਰ ਇਹ ਸੋਚ ਕੇ ਕਾਬੂ ਪਾਉਂਦਾ ਕਿ ਅਜੇ ਮੈਂ ਉਹ ਕਮਾਈ ਕਰਨੀ ਹੈ ਜਿਸ ਪਿਛੋਂ ਕਿਸੇ ਨੂੰ ਗੁੱਸੇ ਹੋਣ ਦਾ ਹੱਕ ਪ੍ਰਾਪਤ ਹੁੰਦਾ ਹੈ। ਮੈਂ ਅਜੇ ਹੰਕਾਰ ਕਰਨ ਦਾ ਅਧਿਕਾਰੀ ਨਹੀਂ ਹਾਂ।

ਉਨ੍ਹਾਂ ਨਾਲ ਤੁਰਦਿਆਂ ਫਿਰਦਿਆਂ ਆਪਣੇ ਆਪ ਉਪਰ ਵਿਸ਼ਵਾਸ ਬਣਿਆਂ ਰਹਿੰਦਾ ਸੀ। ਇਸ ਗੱਲ ਦਾ ਅਹਿਸਾਸ ਹੁੰਦਾ ਸੀ ਕਿ ਅਰਬੀ, ਫਾਰਸੀ, ਸੰਸਕ੍ਰਿਤ, ਅੰਗਰੇਜ਼ੀ ਸਾਹਿਤ, ਜਾਂ ਇਸਲਾਮ ਨਾਲ ਸਬੰਧਤ ਕੋਈ ਵੀ ਅਕਾਦਮਿਕ ਉਲਝਣ ਪੈਦਾ ਹੋਈ ਤਾਂ ਪ੍ਰੋਫੈਸਰ ਗੁਲਵੰਤ ਸਿੰਘ ਇਥੇ ਹੀ ਹਨ। ਪੁੱਛ ਲਵਾਂਗੇ। ਭਾਵੇਂ ਮਹੀਨਾ ਮਹੀਨਾ ਕੋਈ ਗੱਲ ਨਾਂ ਹੁੰਦੀ, ਤਦ ਵੀ, ਪ੍ਰੋ. ਗੁਲਵੰਤ ਸਿੰਘ ਹਨ ਤਾਂ ਇਥੇ, ਕੋਈ ਫਿਕਰ ਨਹੀਂ ਸੀ। ਖਰੇ ਸਨ ਇਸ ਕਰਕੇ ਬੇਲਿਹਾਜ਼ ਸਨ ਪੂਰੇ। ਇਕ ਦਿਨ ਡਾ. ਕੇਹਰ ਸਿੰਘ ਆਪਣੇ ਕੁੱਝ ਦੋਸਤਾਂ ਨਾਲ ਖਲੋਤੇ ਸਨ ਕਿ ਪ੍ਰੋਫੈਸਰ ਸਾਹਿਬ ਆ ਗਏ। ਖੁਸ਼ੀ ਨਾਲ ਕੇਹਰ ਸਿੰਘ (ਸਾਬਕ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ) ਜਾਣਪਛਾਣ ਕਰਵਾਉਂਦਿਆਂ ਕਹਿਣ ਲਗੇ- "ਦੋਸਤੋ ਮਿਲੋ ਪ੍ਰੋਫੈਸਰ ਗੁਲਵੰਤ ਸਿੰਘ ਨੂੰ। ਇਹ ਵੀ ਮੇਰੇ ਪਿੰਡ ਦੌਲਤਪੁਰੇ ਦੇ ਹਨ।" ਪ੍ਰੋਫੈਸਰ ਸਾਹਿਬ ਬੋਲੇ- "ਕੇਹਰ ਸਿੰਘ ਦੇ ਪਿੰਡ ਦਾ ਹਾਂ ਮੈਂ? ਇਸ ਪਨਾਹਗੀਰ ਕੇਹਰ ਸਿੰਘ ਦੇ ਪਿੰਡ ਦਾ ਹੈ ਇਹ ਗੁਲਵੰਤ ਸਿੰਘ?" ਵਾਸਤਵ ਵਿਚ ਗੁਲਵੰਤ ਸਿੰਘ ਦਾ ਇਹ ਜੱਦੀ ਪਿੰਡ ਸੀ ਜਦੋਂ ਕਿ ਕੇਹਰ ਸਿੰਘ ਦੇਸ-ਵੰਡ ਵੇਲੇ ਆ ਕੇ ਇਥੇ ਸ਼ਰਨਾਰਥੀ ਵਜੋਂ ਵੱਸੇ ਸਨ। ਕੇਹਰ ਸਿੰਘ ਨੇ ਖਿਮਾ ਮੰਗਦਿਆਂ ਕਿਹਾ- "ਸਹੀ ਹੈ ਭਾਈਓ, ਮੈਂ ਪ੍ਰੋ.ਗੁਲਵੰਤ ਸਿੰਘ ਦੇ ਪਿੰਡ ਦਾ ਹਾਂ।"

ਇਕ ਦਿਨ ਮੈਂ ਤੁਰਿਆ ਜਾਂਦਾ ਸਾਂ ਤਾਂ ਇਸ਼ਾਰਾ ਕਰਕੇ ਬੁਲਾਇਆ ਤੇ ਕਿਹਾ- "ਦਿੱਲੀ ਤੋਂ ਇਹ ਖ਼ਤ ਆਇਆ ਹੈ ਕਿਸੇ ਸੱਜਨ ਦਾ। ਪੜ੍ਹੋ। ਜਵਾਬ ਲਿਖ ਦਿੱਤਾ ਹੈ, ਉਹ ਵੀ ਪੜ੍ਹੋ।" ਦਿਲੀ ਨਿਵਾਸੀ ਕਿਸੇ ਸਿੱਖ ਨੇ ਪੁੱਛਿਆ ਸੀ ਕਿ ਕੀ ਦਸਮਗ੍ਰੰਥ ਵਿਚਲੀ ਸਾਰੀ ਬਾਣੀ ਦਸਮ ਪਾਤਸ਼ਾਹ ਦੀ ਹੈ? ਕੁਝ ਬਾਣੀਆਂ ਪੜ੍ਹ ਕੇ ਇਉਂ ਲਗਦਾ ਹੈ ਜਿਵੇਂ ਇਹ ਗੁਰੂਕ੍ਰਿਤ ਨਾਂ ਹੋਣ। ਪ੍ਰੋਫੈਸਰ ਸਾਹਿਬ ਨੇ ਜਵਾਬ ਵਿਚ ਲਿਖਿਆ ਸੀ - ਸਦੀਆਂ ਤੋਂ ਇਹ ਹੁੰਦਾ ਆਇਆ ਹੈ ਕਿ ਗੁਰੂ ਜੀ ਦੀ ਬਾਣੀ ਦਾ ਪਾਠ ਕਰਨ ਸਦਕਾ ਸਿੱਖ ਇਸ ਤੋਂ ਲਾਭ ਪ੍ਰਾਪਤ ਕਰਦੇ। ਤੁਹਾਡੇ ਖ਼ਤ ਤੋਂ ਪਤਾ ਲੱਗਾ ਹੈ ਕਿ ਗੁਰੂ ਜੀ ਨੇ ਸਿਖਾਂ ਦੀ ਪਸੰਦ

www.punjabilibrary.com

ਅਨੁਸਾਰ ਬਾਣੀ ਦੀ ਰਚਨਾ ਨਹੀਂ ਕੀਤੀ। ਗੁਰੂ ਮਹਾਰਾਜ ਨੂੰ ਸਿੱਖਾਂ ਦੀ ਪਸੰਦ ਨਾ ਪਸੰਦ ਦਾ ਕੁੱਝ ਤਾਂ ਖਿਆਲ ਰੱਖਣਾ ਚਾਹੀਦਾ ਹੀ ਸੀ। ਉਹ ਮਨ ਮਰਜ਼ੀ ਕਰਦੇ ਗਏ ਹਨ ਭਰਾ ਜੀ।

ਜਦੋਂ ਬੋਲਦੇ, ਜਿਸ ਭਾਸ਼ਾ ਵਿਚ ਬੋਲਦੇ, ਫੌਲਾਦ ਜਿਹੇ ਸ਼ਬਦਾਂ ਦੀ ਬਾਰਸ਼ ਹੁੰਦੀ। ਇਕ ਭਾਸ਼ਾ ਦਾ ਸ਼ਬਦ ਦੂਸਰੀ ਵਿਚ ਦਖਲ ਨਹੀਂ ਦੇ ਸਕਦਾ ਸੀ। ਫਾਰਸੀ, ਸੰਸਕ੍ਰਿਤ ਤੇ ਅੰਗਰੇਜ਼ੀ- ਤਿੰਨੇ ਜ਼ਬਾਨਾ ਤੀਬਰ-ਗਤੀ ਨਦੀ ਵਾਂਗ ਰਵਾਨਾ ਹੁੰਦੀਆਂ ਸਨ। ਕੋਈ ਕੋਈ ਕਾਮਲ ਉਸਤਾਦ ਅਜਿਹਾ ਹੁੰਦਾ ਹੈ ਜਿਹੜਾ ਗਾਇਨ ਦੌਰਾਨ ਰਾਗ ਦੀ ਸ਼ੁੱਧਤਾ ਕਾਇਮ ਰਖਦਾ ਹੋਇਆ ਕਿਸੇ ਹੋਰ ਵਾਧੂ ਸੁਰ ਦੀ ਮਿਲਾਵਟ ਨਾ ਕਰੇ। ਇਹੋ ਜਿਹੇ ਲਾਸਾਨੀ ਉਸਤਾਦ ਦੀ ਛਾਂ ਮਾਣੀ ਅਸਾਂ ਲੰਮਾ ਸਮਾਂ।

ਕਦੀ ਕਦੀ ਅਜਿਹੇ ਪ੍ਰਸ਼ਨ ਅਚਾਨਕ ਕਰਦੇ- ਲੰਡਨ ਵਿਚਲਾ ਬਰਮਿੰਘਮ ਪੈਲੇਸ ਦੇਖਿਆ ਹੈ ਕਦੀ? ਤਸਵੀਰ ਤਾਂ ਦੇਖੀ ਹੋਇਗੀ? ਇਹ ਮਹਿਲ ਪਤਾ ਹੈ ਤੁਹਾਨੂੰ ਇੱਕ ਸਰਦਾਰ ਨੇ ਡਿਜ਼ਾਈਨ ਕੀਤਾ ਸੀ? ਜਦੋਂ ਬਰਤਾਨੀਆਂ ਦਾ ਰਾਜ ਸਾਰੀ ਦੁਨੀਆਂ ਵਿਚ ਸੀ, ਉਦੋਂ ਇੱਕ ਸਿੱਖ ਦਾ ਆਰਕੀਟੈਕਚਰ ਪਸੰਦ ਕੀਤਾ ਗਿਆ ਸੀ। ਕੌਣ ਸੀ ਉਹ ਸਿੱਖ ਅਤੇ ਕਿਥੋਂ ਦਾ ਸੀ? ਅੱਜ ਕੇਵਲ ਇੰਨਾ ਦੱਸਾਂਗਾ ਕਿ ਫਗਵਾੜੇ ਦਾ ਸੀ।

ਇਕ ਵਿਦਵਾਨ ਦੀ ਲਿਖਤ ਵਿਚੋਂ ਆਪਣੀ ਰਚਨਾ ਦੇ ਕੁੱਝ ਅੰਸ਼ ਦੇਖ ਲਏ। ਜਦੋਂ ਉਹ ਵਿਦਵਾਨ ਸੱਜਣ ਟੱਕਰੇ ਤਾਂ ਪ੍ਰੋ. ਸਾਹਿਬ ਕਹਿਣ ਲੱਗੇ - ਜੋ ਤੁਸੀਂ ਲਿਖਦੇ ਹੋ ਤੇ ਮੈਂ ਜੋ ਲਿਖਦਾ ਹਾਂ, ਉਹ ਵਾਕ ਹਨ ਤੇ ਵਾਕਾਂ ਵਿਚਲੇ ਸਾਰੇ ਸ਼ਬਦ ਡਿਕਸ਼ਨਰੀ ਵਿਚ ਮੌਜੂਦ ਹਨ, ਤੁਹਾਡੇ ਵਾਲੇ ਵੀ ਮੇਰੇ ਵਾਲੇ ਵੀ, ਸਭ ਦੇ ਸਭ। ਜੋ ਡਿਕਸ਼ਨਰੀ ਵਿਚ ਮੌਜੂਦ ਨਹੀਂ ਹੈ ਉਹ ਹੈ ਸ਼ਬਦਾਂ ਦੀ ਤਰਤੀਬ। ਸ਼ਬਦਾਂ ਦੀ ਵਾਕਾਂ ਵਿਚਲੀ ਤਰਤੀਬ ਮੇਰੀ ਵੱਖਰੀ ਹੈ ਤੁਹਾਡੀ ਵੱਖਰੀ। ਪਰ ਤੁਹਾਡੀ ਰਚਨਾ ਵਿਚਲੇ ਕੁੱਝ ਵਾਕਾਂ ਦੇ ਸ਼ਬਦਾਂ ਦੀ ਤਰਤੀਬ ਹੂਬਹੂ ਉਹੀ ਕਿਵੇਂ ਹੈ ਅਤੇ ਕਿਉਂ ਹੈ ਜਿਹੜੀ ਮੇਰੇ ਵਾਕਾਂ ਵਿਚ ਹੈ?

ਜਿਸ ਫਲੈਟ ਵਿਚ ਗਰਾਊਂਡ ਫਲੋਰ ਤੇ ਰਹਿੰਦੇ ਸਨ ਉਸਦੇ ਉਪਰਲੀ ਮੰਜ਼ਲ ਉਤੇ ਰਹਿਣ ਵਾਲੇ ਅਧਿਆਪਕ ਨੇ ਬਨੇਰਿਆਂ ਉਪਰ ਗਮਲਿਆਂ ਦੀ ਕਤਾਰ ਸਜਾ ਰੱਖੀ ਸੀ। ਇੱਕ ਬੱਚਾ ਪੱਤਾ ਤੋੜਨ ਲੱਗਾ ਤਾਂ ਗਮਲਾ ਹੇਠਾਂ ਉਸ ਥਾਂ ਦੇ ਬਿਲਕੁਲ ਨਜ਼ਦੀਕ ਉਪਰ ਤੋਂ ਆਣ ਡਿੱਗਾ ਜਿਥੇ ਕੁਰਸੀ ਤੇ ਬੈਠੇ ਪੜ੍ਹ ਰਹੇ ਸਨ। ਉਚੀ ਆਵਾਜ਼ ਵਿਚ ਉਪਰ ਮੂੰਹ ਕਰਕੇ ਗਰਜੇ, "ਸ਼ੋਕ-ਸਭਾ ਕਰਨ ਦੀ ਕੀ ਬਹੁਤ ਜਲਦੀ ਹੈ ਤੁਹਾਨੂੰ?"

ਇਵੇਂ ਹੀ ਇਕ ਦਿਨ ਉਪਰਲੀ ਮੰਜ਼ਲ ਦੇ ਅਧਿਆਪਕ ਦੇ ਰੂਮ-ਕੂਲਰ ਵਿਚੋਂ ਪਾਣੀ ਓਵਰ-ਫਲੋਅ ਕਰਕੇ ਹੇਠਾਂ ਡਿੱਗਣ ਲੱਗਾ ਤਾਂ ਪ੍ਰੋਫੈਸਰ ਸਾਹਿਬ ਨੇ ਫੁਰਮਾਇਆ "ਆਪਣੇ ਘਰ ਦੇ ਅੰਦਰ ਵੀ ਛਤਰੀ ਤਾਣ ਕੇ ਫਿਰਨਾ ਪਿਆ ਕਰੇਗਾ ਕੀ ?"

ਸ਼ਬਦਾਂ ਦੇ ਉਚਾਰਣ ਪ੍ਰਤੀ ਅਸਾਧਾਰਣ ਹੱਦ ਤੱਕ ਚੇਤੰਨ ਸਨ। ਦਿੱਲੀ ਜਾਣ ਵਾਲੀ ਜਿਹੜੀ ਬਸ ਦੀ ਉਡੀਕ ਵਿਚ ਸਵੇਰੇ ਜਲਦੀ ਪਟਿਆਲਾ ਬਸ ਸਟੈਂਡ ਉਪਰ ਜਾ ਖਲੋਤੇ ਉਹ ਬੱਸ ਅੱਧਾ ਘੰਟਾ ... ਫਿਰ ਇਕ ਘੰਟਾ ਲੇਟ। ਨਾ ਆਈ ਤਾਂ ਪ੍ਰੋਫੈਸਰ ਸਾਹਿਬ ਕਹਿਣ ਲੱਗੇ- "ਵਾਪਸ ਚੱਲਣਾ ਚਾਹੀਦਾ ਹੈ ਹੁਣ ਤਾਂ। ਕੀ ਪਤਾ ਬਸ ਆਏ ਕਿ ਨਾ ਆਏ।" ਇਕ ਨੌਜੁਆਨ ਕਹਿਣ ਲੱਗਾ- "ਪ੍ਰੋਫੈਸਰ ਸਾਹਿਬ, ਵੈਟਰ ਇਹ ਹੋਇਗਾ ਜੇ ਥੋੜ੍ਹਾ ਹੋਰ ਬੇਟ ਕਰ ਲਈਏ।" ਸੁਣਕੇ ਇੱਕਦਮ ਗੁਸੇ ਵਿਚ ਆ ਗਏ ਤੇ ਕਿਹਾ - ਕੁੱਝ ਇਲਾਕਿਆ ਦੇ ਲੋਕ ਹਨ ਅਜਿਹੇ, ਜਿਹੜੇ ਵਾਵਾ ਜਾਂ ਬੱਬਾ ਧੁਨੀਆਂ ਦਾ ਉਚਾਰਣ ਨਹੀਂ ਕਰ ਸਕਦੇ। ਇਸ ਦਾ ਕਾਰਨ ਪਰਿਵਾਰਕ ਪਰੰਪਰਾ ਵੀ ਹੋ ਸਕਦਾ ਹੈ ਤੇ ਸਥਾਨ ਦਾ ਵੀ ਅਸਰ ਹੁੰਦਾ ਹੈ। ਪਰ ਜੁਆਨ ਤੇਰੇ ਵਾਕ ਵਿਚੋਂ ਮੈਂ ਦੇਖ ਲਿਆ ਹੈ ਕਿ ਤੈਨੂੰ ਅਜਿਹੀ ਕੋਈ ਸਮੱਸਿਆ ਨਹੀਂ। ਤੂੰ ਵਾਵੇ ਦੀ ਅਤੇ ਬਬੇ ਦੀ - ਦੋਵੇਂ ਧੁਨੀਆਂ ਦੀ ਠੀਕ ਵਰਤੋਂ, ਠੀਕ ਉਚਾਰਣ ਕਰ ਸਕਦਾ ਹੈਂ ਪਰ ਗਲਤ ਵਰਤੋਂ ਕਰ ਰਿਹਾ ਹੈਂ। ਉਹ ਵੀ ਮੇਰੇ ਸਾਹਮਣੇ। ਮੈਂ ਹੋਰਾਂ ਨੂੰ ਮੁਆਫ ਕਰ ਦਿਆਂਗਾ ਤੈਨੂੰ ਨਹੀਂ ਕਰਾਂਗਾ। ਤੇਰਾ ਗੁਨਾਹ ਨਾ-ਕਾਬਲਿਮੁਆਫੀ ਹੈ। ਇਕ ਮਜ਼ਾਕ ਪ੍ਰਚੱਲਤ ਹੋਇਆ।ਗੱਗੇ ਪੈਰ ਬਿੰਦੀ ਦਾ ਬੜਾ ਸ਼ੁੱਧ ਉਚਾਰਣ ਕਰਦੇ ਸਨ। ਪਨਸਾਰੀ ਦੀ ਦੁਕਾਨ ਤੇ ਗਏ ਤਾਂ ਗੱਗੇ ਪੈਰ ਬਿੰਦੀ ਨੂੰ ਘੋਟ ਕੇ ਬੋਲਦਿਆਂ ਕਿਹਾ- ਗ਼ੁਲਾਕੰਦ ਹੋਇਗੀ ਕੀ? ਪਨਸਾਰੀ ਵੀ ਉਸਤਾਦ ਸੀ, ਉਤੱਰ ਦਿੱਤਾ- "ਜੀ ਹੈ ਤਾਂ ਜਰੂਰ ਪਰ ਏਨੀ ਗਾਹੜੀ ਨਹੀਂ ਜਿੰਨੀ ਤੁਸੀ ਮੰਗੀ ਹੈ।"

www.punjabilibrary.com

ਮੈਂ ਉਨ੍ਹਾਂ ਨੂੰ ਬੇਨਤੀ ਪੱਤਰ ਭੇਜਦਿਆਂ ਅਰਜ ਕੀਤੀ ਕਿ ਐਮ.ਏ. ਦੇ ਵਿਦਿਆਰਥੀਆਂ ਲਈ ਇਸਲਾਮ, ਕੁਰਾਨ ਤੇ ਸੂਫੀਮੱਤ ਉਪਰ ਤਿੰਨ ਲੇਖ ਲਿਖ ਦਿਉ। ਮੰਨ ਗਏ। ਦੋ ਮਹੀਨੇ, ਚਾਰ ਮਹੀਨੇ, ਛੇ ਮਹੀਨੇ, ਯਾਦ ਕਰਵਾਉਂਦਾ ਰਿਹਾ ਪਰ ਉਤਰ ਮਿਲਦਾ "ਲਿਖ ਰਿਹਾ ਹਾਂ। ਦਿਆਂਗਾ।"
ਸਾਰਾ ਸੈਸ਼ਨ ਲੰਘ ਗਿਆ। ਮਈ ਦਾ ਮਹੀਨਾ ਸੀ 1990 ਦਾ। ਮੈਂ ਫਿਰ ਕਿਹਾ- ਜੀ ਪਾਠ ਲਿਖਣੇ ਸਨ ਤੁਸਾਂ? ਬੋਲੇ- ਨਹੀਂ ਲਿਖਾਂਗਾ। ਯਾਦ ਕਰਵਾਉਣ ਦੀ ਕੋਈ ਲੋੜ ਨਹੀਂ। ਨਹੀਂ ਲਿਖਾਂਗਾ।" ਮੈਂ ਕਿਹਾ, "ਜੀ ਗੁਸਤਾਖੀ ਹੋ ਗਈ ਹੈ ਸਾਡੇ ਤੋਂ ਕੋਈ?" ਕਹਿਣ ਲੱਗੇ, "ਨਹੀਂ। ਹੋਰ ਗੱਲ ਹੈ। ਖ਼ਤ ਆਇਆ ਹੈ ਯੂਨੀਵਰਸਿਟੀ ਦਾ ਮੇਰੇ ਪਾਸ ਕਿ ਫਲੈਟ ਖ਼ਾਲੀ ਕਰੋ ਜਿਸ ਵਿਚ ਰਹਿ ਰਹੇ ਹੋ। ਨਿਯਮਾਂ ਅਨੁਸਾਰ ਨਹੀਂ ਰਹਿ ਸਕਦੇ ਇਸ ਵਿਚ। ਪੰਨੂ ਸਾਹਿਬ ਵਡੇਰੀ ਉਮਰ ਦਾ ਹੋ ਗਿਆ ਹਾਂ ਮੈਂ। ਇਕੱਲਾ ਹਾਂ। ਮੇਰਾ ਕੋਈ ਟਿਕਾਣਾ ਨਹੀਂ ਹੈ। ਜਦੋਂ ਦਾ ਇਹ ਖ਼ਤ ਮਿਲਿਆ ਹੈ ਲਕੀਰਾਂ ਵਾਹ ਰਿਹਾ ਹਾਂ। ਨਕਸ਼ੇ ਬਣਾਉਂਦਾ ਹਾਂ .... ਕਿ ਕਿਥੇ ਰਹਾਂਗਾ, ਕਿਵੇਂ ਰਹਾਂਗਾ, ਕਿਸ ਪਾਸ ਰਹਾਂਗਾ, ਕਿੰਨੀ ਦੇਰ ਰਹਾਂਗਾ ....। ਇਹ ਨਕਸ਼ੇ ਮਿਟਾ ਕੇ ਫਿਰ ਨਵੇਂ ਹੋਰ ਬਣਾਉਂਦਾ ਹਾਂ ਤੇ ਮਿਟਾ ਦਿੰਦਾ ਹਾਂ। ਤੁਹਾਡੇ ਨਾਲ ਗੱਲ ਕਰਨ ਦਾ ਮੇਰਾ ਮਤਲਬ ਇਹ ਹਰਗਿਜ਼ ਨਹੀਂ ਹੈ ਕਿ ਮੇਰੀਆਂ ਮੁਸ਼ਕਲਾਂ ਦਾ ਤੁਸੀਂ ਕੋਈ ਹੱਲ ਕਰੋ। ਜੇ ਅੱਜ ਗਰਮੀ ਹੈ ਤਾਂ ਏਨਾ ਕੁ ਤਾਂ ਮੇਰਾ ਹੱਕ ਹੈ ਨਾ ਕਿ ਕਹਿ ਸਕਾਂ, ਮੈਨੂੰ ਗਰਮੀ ਲੱਗ ਰਹੀਂ ਹੈ। ਤੁਹਾਡੇ ਤੋਂ ਗਰਮੀ ਦੂਰ ਕਰਨ ਦਾ ਉਪਾਅ ਤਾਂ ਨਹੀਂ ਮੰਗਿਆ? ਪਿਛਲੇ ਸਮਿਆਂ ਵਿਚ ਵੀ ਦੇਖਿਆ ਜਾਵੇ ਤਾਂ ਮਈ ਜੂਨ ਦੇ ਮਹੀਨਿਆਂ ਵਿਚ ਬਰਫ ਕਦੋਂ ਪਈ ਹੈ?"

ਮੈਂ ਉਸੇ ਦਿਨ ਵਾਈਸ-ਚਾਂਸਲਰ ਨੂੰ ਖ਼ਤ ਲਿਖ ਕੇ ਬੇਨਤੀ ਕੀਤੀ ਕਿ ਪ੍ਰੋਫੈਸਰ ਸਾਹਿਬ ਨੂੰ ਤਾਂ ਉਮਰ ਰਿਹਾਇਸ਼ ਦਿਤੀ ਜਾਵੇ। ਆਪਣੇ ਇਸ ਨੋਟ ਦੇ ਅਖੀਰ ਵਿਚ ਇਹ ਸਤਰਾਂ ਲਿਖੀਆਂ- "ਵਾਈਸ ਚਾਂਸਲਰ ਸਾਹਿਬ ਪ੍ਰੋ.ਗੁਲਵੰਤ ਸਿੰਘ ਜੀ ਨੂੰ ਉਮਰ ਭਰ ਲਈ ਮਕਾਨ ਦੇਣ ਦੀ ਸਿਫਾਰਸ਼ ਤੋਂ ਮੇਰਾ ਇਹ ਭਾਵ ਬਿਲਕੁਲ ਨਹੀਂ ਹੈ ਕਿ ਇਹ ਯੂਨੀਵਰਸਿਟੀ ਅਪਾਹਜਾਂ, ਬੇਸਹਾਰਿਆਂ, ਬਿਮਾਰਾਂ, ਲਾਚਾਰਾਂ ਅਤੇ ਬੁੱਢਿਆਂ ਠੇਰਿਆਂ ਨੂੰ ਸ਼ਰਣ ਦੇਣ ਲਈ ਕੋਈ ਯਤੀਮਖਾਨਾ ਹੈ। ਮੇਰਾ ਕਹਿਣ ਦਾ ਮਨੋਰਥ ਇਹ ਹੈ ਕਿ ਪ੍ਰੋਫੈਸਰ ਗੁਲਵੰਤ ਸਿੰਘ ਜਿਹੇ ਅਧਿਆਪਕ ਦੀ ਗ਼ੈਰਹਾਜ਼ਰੀ ਵਿਚ ਇਹ ਯੂਨੀਵਰਸਿਟੀ ਯਤੀਮਖ਼ਾਨਾ ਹੋਵੇਗੀ।" ਉਹਨਾ ਨੂੰ ਸਦਾ ਲਈ ਫਲੈਟ ਮਿਲ ਗਿਆ।

ਉਕਤ ਗੱਲਾਂ ਲਿਖਣ ਦਾ ਇਹ ਅਰਥ ਨਹੀਂ ਲੈਣਾ ਚਾਹੀਦਾ ਕਿ ਮੈਂ ਕਿਸੇ ਨੂੰ ਕੋਠੀ ਜਾਂ ਪ੍ਰਾਜੈਕਟ ਦਿਵਾ ਸਕਦਾ ਹਾਂ। ਇਹ ਤਾਂ ਪ੍ਰੋਫੈਸਰ ਗੁਲਵੰਤ ਸਿੰਘ ਸਾਹਬ ਅਜਿਹੇ ਸਨ ਕਿ ਉਹਨਾ ਦੇ ਵਿਦਿਆਰਥੀ ਤੋਂ ਲੈ ਕੇ ਵਾਈਸ ਚਾਂਸਲਰ ਤੱਕ ਆਪਣੇ ਆਪ ਨੂੰ ਉਹਨਾ ਦੇ ਕੰਮ ਆਉਣ ਲਈ ਤਿਆਰ ਕਰੀ ਬੈਠੇ ਸਨ ਹਮੇਸ਼।

ਮੈਨੂੰ ਪੰਜਾਬੀ ਯੂਨੀਵਰਸਿਟੀ ਉਪਰ ਫ਼ਖ਼ਰ ਹੈ ਕਿ ਇਥੇ ਪ੍ਰੋ. ਗੁਲਵੰਤ ਸਿੰਘ ਨੂੰ ਪੂਰਾ ਸਤਿਕਾਰ ਮਿਲਿਆ। ਇਸ ਯੂਨੀਵਰਸਿਟੀ ਦੇ ਚੁਗਿਰਦੇ ਵਿਚ ਘੁੰਮਦੇ, ਟਹਿਲਦੇ, ਛੇੜਛਾੜ ਕਰਦੇ ਤੇ ਕਰਾਉਂਦੇ, ਇਥੋਂ ਦੇ ਮਾਹੌਲ ਨੂੰ ਸੁਗੰਧਿਤ ਕਰਦੇ ਉਹ ਅਖੀਰ ਤੱਕ ਇਥੇ ਰਹੇ। ਉਹਨਾ ਦੀ ਅੰਤਿਮ ਇਛਾ ਕਿ ਸ੍ਰੀ ਗੁਰੂ ਮਹਾਰਾਜ ਦਾ ਤਰਜਮਾ ਫਾਰਸੀ ਵਿਚ ਕਰਨ ਦਾ ਪ੍ਰਾਜੈਕਟ ਮਿਲੇ, ਪੂਰੀ ਹੋਈ। ਪ੍ਰਾਜੈਕਟ ਨਹੀਂ ਪੂਰਾ ਹੋਇਆ ਤਾਂ ਕੀ? ਇਹ ਸਭ ਨੂੰ ਪਤਾ ਸੀ ਕਿ ਪ੍ਰਫੈਸਰ ਸਾਹਿਬ ਲੰਮਾ ਸਮਾਂ ਨਹੀਂ ਰਹਿਣਗੇ ਸਾਡੇ ਨਾਲ। ਸਤਿਕਾਰਯੋਗ ਰਾਗੀ ਬਜ਼ੁਰਗ ਭਾਈ ਬਲਬੀਰ ਸਿੰਘ ਬੜੇ ਉਚੇ ਪਰ ਮਧੁਰ ਸੁਰਾਂ ਵਿਚ ਦਸਮਪਾਤਸ਼ਾਹ ਜੀ ਦੀ ਬਾਣੀ ਦਾ ਕੀਰਤਨ ਕਰਦੇ ਹਨ। ਡਾਕਟਰ ਨੇ ਉਨ੍ਹਾਂ ਨੂੰ ਕਿਹਾ ਕਿ ਤੁਹਾਡੀ ਸਿਹਤ ਅਤੇ ਉਮਰ ਇਸ ਗੱਲ ਦੀ ਆਗਿਆ ਨਹੀ ਦਿੰਦੀ ਕਿ ਉਚੇ ਸੁਰਾਂ ਦੇ ਅਲਾਪ ਲਵੋ।

ਭਾਈ ਬਲਬੀਰ ਸਿੰਘ ਨੇ ਕਿਹਾ - ਇਸ ਆਦਤ ਤੋਂ ਨਹੀਂ ਹਟ ਸਕਦਾ ਮੈਂ। ਇਸ ਸਲਾਹ ਦੀ ਨਹੀਂ ਲੋੜ ਮੈਨੂੰ। ਕੀ ਇਹ ਚੰਗਾ ਨਾ ਹੋਵੇ ਕਿ ਇਉਂ ਗਾਉਂਦਿਆਂ ਗਾਉਂਦਿਆਂ ਹੀ ਮੈਂ ਦਸਮੇਸ਼ ਪਿਤਾ ਦੇ ਦਰਬਾਰ ਵਿਚ ਅੱਪੜ ਜਾਵਾਂ? ਕਿ ਉਤਲਾ ਸੁਰ ਉਪਰ ਹੀ ਰਹਿ ਜਾਵੇ?" ਇਹ ਗੱਲ ਸੰਗਤ ਨੂੰ ਸੁਣਾਕੇ ਕਿਹਾ- "ਜੀ ਜੈਕਾਰਾ ਛੱਡੋ।" ਸੰਗਤ ਨੇ ਜੈਕਾਰਾ ਨਾਂ ਛੱਡਿਆ।

www.punjabilibrary.com

ਇਸੇ ਰਸਤੇ ਉਪਰ ਪ੍ਰੋਫੈਸਰ ਗੁਲਵੰਤ ਸਿੰਘ ਤੁਰਦੇ ਰਹੇ। ਦਲੀਪ ਕੌਰ ਟਿਵਾਣਾ ਨੇ ਠੀਕ ਕਿਹਾ – ਉਨ੍ਹਾਂ ਨੇ ਵੱਜਾਂ ਨਹੀਂ ਮਰਵਾਈਆਂ। ਰੱਬ ਦੇ ਪਹਿਲੇ ਸੱਦੇ ਉਪਰ ਖੁਸ਼ੀ ਖੁਸ਼ੀ, ਆਰਾਮ ਨਾਲ ਤੁਰ ਪਏ।

ਜਦੋਂ ਉਨ੍ਹਾਂ ਨੇ ਵਿਆਹ ਕਰਵਾਇਆ ਸੀ, ਪਹਿਲੀ ਹੀ ਸ਼ਾਮ ਅਨੁਭਵ ਕੀਤਾ ਕਿ ਇਹ ਕੁੜੀ ਇਥੇ ਮੇਰੇ ਘਰ ਆਕੇ ਖੁਸ਼ ਨਹੀਂ ਹੈ ਸ਼ਾਇਦ। ਗੱਲ ਪੁੱਛੀ ਤਾਂ ਕੁੜੀ ਨੇ ਕਿਹਾ ਕਿ ਮੇਰਾ ਇਥੇ ਆਉਣ ਦਾ ਮਨ ਨਹੀਂ ਸੀ। ਫਲਾਣੇ ਮੁੰਡੇ ਨਾਲ ਵਿਆਹ ਕਰਵਾਉਣ ਦੀ ਇਛਾ ਸੀ। ਪ੍ਰੋਫੈਸਰ ਸਾਹਿਬ ਇਸ ਨਵ-ਵਿਆਹੀ ਕੁੜੀ ਨੂੰ, ਸਮੇਤ ਦਹੇਜ ਵਾਲੇ ਸਾਮਾਨ ਦੇ, ਉਥੇ ਛੱਡ ਕੇ ਆਏ ਜਿਥੇ ਉਹ ਜਾਣਾ ਚਾਹੁੰਦੀ ਸੀ। ਫਿਰ ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ ਤੇ ਔਰਤਾਂ ਨਾਲ ਲੰਮਾਂ ਲੰਮਾਂ ਸਮਾਂ ਗੱਲਾਂ ਨਹੀਂ ਸਨ ਕੀਤੀਆਂ। ਇਕ ਛੜੇ ਛੜਾਂਗ ਬੰਦੇ ਬਾਰੇ ਅਫਵਾਹਾਂ ਫੈਲਾਉਣੀਆਂ ਬਹੁਤ ਸੌਖਾ ਕੰਮ ਹੈ ਪਰ ਇਹ ਸੌਖਾ ਜਿਹਾ ਕੰਮ ਕੋਈ ਨਹੀ ਕਰ ਸਕਿਆ, ਕੋਈ ਸਫਲ ਨਹੀਂ ਹੋ ਸਕਿਆ।

ਉਨ੍ਹਾਂ ਦੀ ਅੰਤਿਮ ਅਰਦਾਸ ਵਕਤ 17 ਦਸੰਬਰ 2000 ਨੂੰ ਗ੍ਰੰਥੀ ਸਿੰਘ ਨੇ ਜਦੋਂ ਲਾਵਾਂ ਦਾ ਪਾਠ ਕੀਤਾ ਤਾਂ ਕੋਈ ਅੱਖ ਅਜਿਹੀ ਨਹੀਂ ਸੀ ਜੋ ਸੇਜਲ ਨਾ ਹੋਈ ਹੋਵੇ। ਅੰਤਿਮ ਅਰਦਾਸ ਵਕਤ ਲਾਵਾਂ ਦਾ ਪਾਠ ਮੈਂ ਸੁਣਿਆਂ ਨਹੀਂ ਸੀ ਪਹਿਲੋਂ ਕਦੀ ਪਰ ਇਹੋ ਜਿਹੇ ਸਨਿਆਸੀ ਦੇ ਆਨੰਦ ਕਾਰਜ ਇਹੋ ਜਿਹੇ ਹੀ ਹੁੰਦੇ ਹਨ ਆਖ਼ਰ।

ਪਿਆਰੇ ਪ੍ਰੋਫੈਸਰ ਗੁਲਵੰਤ ਸਿੰਘ, ਤੁਸੀਂ ਕਿਹਾ ਸੀ ਮਈ ਜੂਨ ਦੇ ਮਹੀਨੇ ਕਦੀ ਬਰਫ ਨਹੀਂ ਪਈ। ਅਸੀ ਉਦੋਂ ਦਸੰਬਰ ਦੇ ਮਹੀਨੇ ਲੂਆਂ ਵਗੀਆਂ ਦੇਖੀਆਂ, ਜਦੋਂ ਸ਼ਮਸ਼ਾਨਘਾਟ ਵਿਚ ਤੁਹਾਡੀ ਚਿਤਾ ਦੀ ਉਸਾਰੀ ਕਰਨ ਵਿਚ ਲੱਗੇ। ਮੰਨੋ ਕਿ ਜੇਠ ਹਾੜ੍ਹ ਵਿਚ ਬਰਫ ਪੈ ਸਕਦੀ ਹੈ ਤੇ ਪੋਹ ਮਾਘ ਮਹੀਨੇ ਲੂਆਂ ਝੁਲਸ ਸਕਦੀਆਂ ਹਨ। ਗੁਰਬਾਣੀ ਵਿਚ ਅਜਿਹੇ ਹਵਾਲੇ ਹਨ ਕਿ ਕੁਦਰਤ ਦੀਆਂ ਸ਼ਕਤੀਆਂ ਆਪਣਾ ਸੁਭਾਅ ਬਦਲ ਲਿਆ ਕਰਦੀਆਂ ਹਨ। ਅਜਿਹੀ ਤਬਦੀਲੀ ਦੇਖ ਕੇ ਹੈਰਾਨੀ ਨਹੀਂ ਹੁੰਦੀ।

## ਮੇਰਾ ਦੋਸਤ ਈਰਾਨ

ਅਜੋਕੇ ਭਾਰਤੀਆਂ ਨੂੰ ਈਰਾਨ ਬਾਬਤ ਵਧੀਕ ਜਾਣਕਾਰੀ ਨਹੀਂ। ਇਸਦੇ ਕੁਝ ਇੱਕ ਕਾਰਨ ਮੈਨੂੰ ਉਦੋਂ ਪਤਾ ਲੱਗੇ ਜਦੋਂ ਮਾਰਚ, ਅਪ੍ਰੈਲ ਤੇ ਮਈ 2008, ਤਿੰਨ ਮਹੀਨਿਆਂ ਵਾਸਤੇ ਮੈਂ ਬਤੌਰ ਵਿਜ਼ਿਟਿੰਗ ਪ੍ਰੋਫੈਸਰ ਈਰਾਨ ਗਿਆ। ਪਹਿਲੀ ਦਿੱਕਤ ਤਾਂ ਇਹੀ ਸਾਹਮਣੇ ਆਉਂਦੀ ਹੈ ਕਿ ਉਥੋਂ ਦੀ ਸਰਕਾਰ ਈਰਾਨ ਨੂੰ ਸੈਰਗਾਹ ਬਣਾਉਣ ਵਾਸਤੇ ਤਿਆਰ ਨਹੀਂ। ਵਿਦੇਸ਼ੀ ਲੋਕ ਈਰਾਨੀਆਂ ਨਾਲ ਘੁਲਣ ਮਿਲਣ, ਇਹ ਪਸੰਦ ਨਹੀਂ ਕੀਤਾ ਜਾਂਦਾ। ਨਾਚ ਅਤੇ ਗਾਣਿਆਂ ਉਪਰ ਪਾਬੰਦੀ ਹੈ। ਔਰਤਾਂ ਲਈ ਸੌ ਫੀਸਦੀ ਬੁਰਕਾ ਪਹਿਨਣ ਦਾ ਸਰਕਾਰੀ ਹੁਕਮ ਹੈ ਤੇ ਇਸ ਹੁਕਮ ਦੀ ਤਾਮੀਲ ਹੁੰਦੀ ਹੈ। ਈਰਾਨਣਾ ਮੂੰਹ ਨਹੀਂ ਕਜਦੀਆਂ, ਇਹ ਸ਼ੁਕਰ ਹੈ, ਯਾਨੀ ਕਿ ਏਨੀ ਕੁ ਆਜ਼ਾਦੀ ਹੈ। ਅਮਰੀਕਾ ਨੂੰ ਨਫ਼ਰਤ ਕਰਦੇ ਕਰਦੇ ਉਨ੍ਹਾਂ ਨੇ ਅੰਗਰੇਜ਼ੀ ਨੂੰ ਏਨੀ ਨਫ਼ਰਤ ਕੀਤੀ ਕਿ ਤੁਹਾਨੂੰ ਅੰਗਰੇਜ਼ੀ ਜਾਣਨ ਵਾਲੇ ਨਹੀਂ ਲਭਦੇ। ਟਾਵਾਂ ਟਾਵਾਂ ਸਾਈਨ ਬੋਰਡ ਅੰਗਰੇਜ਼ੀ ਵਿਚ ਹੈ, ਨਹੀਂ ਤਾਂ ਸਾਰੇ ਕਿਤੇ ਕੇਵਲ ਫਾਰਸੀ। ਜੇ ਤੁਸੀਂ ਵਰਕ ਪਰਮਿਟ ਲੈਕੇ ਚਲੇ ਵੀ ਗਏ ਤਾਂ ਸਾਰੀ ਉਮਰ ਤੁਹਾਨੂੰ ਈਰਾਨ ਦੀ ਨਾਗਰਿਕਤਾ ਨਹੀਂ ਮਿਲੇਗੀ। ਕੇਵਲ ਉਸ ਬੱਚੇ ਨੂੰ ਨਾਗਰਿਕਤਾ ਮਿਲੇਗੀ ਜਿਹੜਾ ਈਰਾਨ ਵਿਚ ਪੈਦਾ ਹੋਇਆ ਹੋਵੇ ਤੇ 18 ਸਾਲ ਤੱਕ ਦੇਸ਼ ਤੋਂ ਬਾਹਰ ਨਾ ਗਿਆ ਹੋਵੇ। ਜੇ ਮਾਪਿਆਂ ਨਾਲ ਇਕ ਵਾਰ ਵੀ ਦੇਸ਼ ਤੋਂ ਬਾਹਰ ਗਿਆ ਤਾਂ ਮਾਮਲਾ ਖ਼ਤਮ। ਉਕਤ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਉਮੀਦਵਾਰ ਦੀ ਵੀ ਬਹੁਤ ਗਹਿਰੀ ਖੁਫ਼ੀਆ ਪੜਤਾਲ ਹੁੰਦੀ ਹੈ।

ਹਿੰਦੁਸਤਾਨੀ ਮਾਪਿਆਂ ਦਾ ਈਰਾਨ ਵਿਚ ਜੰਮਿਆ ਇਕ ਬੱਚਾ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਸੀ, ਹੈ ਵੀ ਸ਼ੀਆ ਮੁਸਲਮਾਨ, ਉਸਨੇ ਈਰਾਨੀ ਨਾਗਰਿਕ ਕੁੜੀ ਨਾਲ ਵਿਆਹ ਕਰਵਾਇਆ ਪਰ

ਸਰਕਾਰ ਵਲੋਂ ਵਿਆਹ ਦਾ ਕੇਸ ਕਲੀਅਰ ਕਰਨ ਵਾਸਤੇ ਇਕ ਸਾਲ ਦਾ ਸਮਾਂ ਲੱਗਿਆ। ਉੱਨਾ ਚਿਰ ਉਹ ਇਕੱਠੇ ਨਹੀਂ ਰਹਿ ਸਕਦੇ ਸਨ। ਅਜੇ ਵੀ ਵਿਆਹ ਦੀ ਆਗਿਆ ਮਿਲੀ ਹੈ, ਨਾਗਰਿਕਤਾ ਦਾ ਕੇਸ ਵਿਚਾਰ ਅਧੀਨ ਹੈ। ਇਹੋ ਜਿਹੇ ਹਾਲਾਤ ਵਿਚ ਈਰਾਨ ਬਾਕੀ ਦੁਨੀਆਂ ਨਾਲੋਂ ਕੱਟਿਆ ਹੋਇਆ ਹੈ। ਸਾਰੇ ਦੇਸ ਵਿਚ ਦੋ ਗੁਰਦੁਆਰੇ ਹਨ, ਇਕ ਤਹਿਰਾਨ ਵਿਚ ਦੂਜਾ ਜ਼ਾਹਿਦਾਨ ਵਿਚ। ਤਹਿਰਾਨ ਵਿਚ ਸਿਖਾਂ ਦੀ ਗਿਣਤੀ ਲਗਭਗ 500 ਹੈ ਤੇ ਜ਼ਾਹਿਦਾਨ ਵਿਚ ਦੋ ਕੁ ਸੌ। ਹਿੰਦੂਆਂ ਦੀ ਗਿਣਤੀ ਏਨੀ ਵੀ ਨਹੀਂ। ਹਾਂ ਹਿੰਦੁਸਤਾਨੀ ਮੁਸਲਮਾਨਾ ਦੇ ਮੁੰਡੇ ਕੁੜੀਆਂ ਉਥੇ ਉਚ ਵਿਦਿਆ ਹਾਸਲ ਕਰਨ ਜਾਂਦੇ ਹਨ ਜਿਨ੍ਹਾਂ ਵਿਚੋਂ ਸਖਤ ਹਾਲਾਤ ਦੇ ਬਾਵਜੂਦ, ਵਧੀਕ ਉਥੇ ਹੀ ਵਸ ਜਾਂਦੇ ਹਨ। ਇਨ੍ਹਾਂ ਵਿਦਿਆਰਥੀਆਂ ਦਾ ਖੇਤਰ ਕੇਵਲ ਇਸਲਾਮਿਕ ਸਟੱਡੀਜ਼ ਅਤੇ ਫਾਰਸੀ ਸਿਖਣਾ ਹੁੰਦਾ ਹੈ। ਈਰਾਨ ਦੇ ਲੋਕ ਹਿੰਦੁਸਤਾਨੀਆਂ ਨੂੰ ਪਾਕਿਸਤਾਨੀਆਂ ਤੋਂ ਵਧੀਕ ਪਸੰਦ ਕਰਦੇ ਹਨ।

ਇੰਨੇ ਕੁ ਥੋੜੇ ਸਮੇਂ ਆਪਣੀ ਰਿਹਾਇਸ਼ ਦੌਰਾਨ ਮੈਂ ਬਹੁਤ ਕੁਝ ਜਾਣ ਗਿਆ ਹਾਂ, ਇਹ ਦਾਅਵਾ ਸਹੀਂ ਨਹੀਂ। ਜੇ ਮੈਂ ਇਕੱਲਾ ਜਾਂਦਾ ਤਾਂ ਮੇਰੀ ਜਾਣਕਾਰੀ ਹੋਰ ਵੀ ਸੁੰਗੜ ਜਾਣੀ ਸੀ। ਮੇਰੀ ਸਰਦਾਰਨੀ ਮੇਰੀ ਨਾਲ ਹੋਣ ਕਰਕੇ ਔਰਤਾਂ, ਕੁੜੀਆਂ ਨੇੜੇ ਨੇੜੇ ਆ ਜਾਂਦੀਆਂ ਸਨ। ਜਿਸਨੇ ਈਰਾਨੀ ਔਰਤਾਂ ਨਹੀਂ ਦੇਖੀਆਂ ਉਸਨੂੰ ਪਤਾ ਨਹੀਂ ਸੁਹੱਪਣ ਕੀ ਹੁੰਦਾ ਹੈ। ਤਿੱਖੇ ਨੈਣ ਨਕਸ਼, ਪਤਲੀਆਂ, ਲੰਮੀਆਂ, ਗੋਰੀਆਂ ਨਹੀਂ, ਉਹ ਗੁਲਾਬੀ ਹਨ। ਯੋਰਪੀਅਨਾ ਦਾ ਗੋਰਾ ਰੰਗ ਸੁਹਣਾ ਨਹੀਂ ਲਗਦਾ। ਜਿਹੜਾ ਯੋਰਪੀ ਗੋਰਾ ਗੋਰੀ ਤੁਸੀਂ ਤਿਖੇ ਨੈਣ ਨਕਸ਼ਾਂ ਵਾਲਾ ਤੇ ਗੁਲਾਬੀ ਰੰਗ ਦਾ ਦੇਖੋ, ਉਸਦਾ ਪਿਛੋਕੜ ਈਰਾਨੀ ਖੂਨ ਦਾ ਹੈ। ਮੈਂ ਪੁੱਛਿਆ, ਸਾਡੀਆਂ ਪੰਜਾਬੀ ਲੋਕ ਕਹਾਣੀਆਂ ਵਿਚ ਕੋਹਕਾਫ ਦੀਆਂ ਪਰੀਆਂ ਦਾ ਜ਼ਿਕਰ ਬਹੁਤ ਵਾਰ ਆਉਂਦਾ ਹੈ। ਇਹ ਕੌਣ ਹੁੰਦੀਆਂ ਹਨ? ਅਨਸਾਰੀ ਨੇ ਮੁਸਕਾਂਦਿਆਂ ਕਿਹਾ - ਕਾਕੇਸ਼ੀਆ ਦੀਆਂ ਪਹਾੜਨਾ, ਹੋਰ ਕੀ? ਕੋਹ ਮਾਇਨੇ ਪੱਥਰ, ਪਹਾੜੀ, ਤੇ ਕਾਫ, ਕਾਕੇਸ਼ੀਆ ਲਈ। ਪੁਰਾਣਾ ਪੈਮਾਨਾ ਮੀਲ ਦੀ ਥਾਂ ਕੋਹ ਹੋਇਆ ਕਰਦਾ ਸੀ ਜੋ ਤਕਰੀਬਨ ਡੇਢ ਮੀਲ ਦਾ ਹੁੰਦਾ। ਜਿਵੇਂ ਅਸੀਂ ਮੀਲ-ਪੱਥਰ ਗੱਡੇ ਹੋਏ ਹਨ, ਪਹਿਲਾਂ ਕੋਹ(ਪੱਥਰ) ਹੋਇਆ ਕਰਦੇ ਸਨ। ਗੁਲਾਬ ਦੇ ਸ਼ੌਕੀਨ ਜਾਂ ਜਾਪਾਨੀ ਹਨ ਤੇ ਜਾਂ ਈਰਾਨੀ। ਗੁਲਾਬ ਨੂੰ ਰੋਜ਼ ਕਹਿੰਦੇ ਹਨ, ਗੁਲਾਬ ਨਹੀਂ। ਮੈਂ ਕਾਰਨ ਪੁੱਛਿਆ ਤਾਂ ਦੱਸਿਆ - ਰੋਜ਼ ਫਾਰਸੀ ਦਾ ਲਫਜ਼ ਹੈ ਜੋ ਅੰਗਰੇਜ਼ੀ ਵਿਚ ਚਲਾ ਗਿਆ, ਗੁਲਾਬ ਤਾਂ ਫੁੱਲ ਦਾ ਆਬ ਹੋਇਆ, ਕਿਸੇ ਵੀ ਫੁੱਲ ਦਾ ਰਸ।

ਜਿਸ ਸ਼ਹਿਰ ਵਿੱਚ ਸਾਡਾ ਟਿਕਾਣਾ ਸੀ ਉਸ ਦਾ ਨਾਮ ਹੈ ਕੁੰਮ। ਸਾਡੀ ਮੇਜ਼ਬਾਨ ਸੰਸਥਾ ਸੀ ਸੈਂਟਰ ਫਾਰ ਰਿਲੀਜਸ ਸਟੱਡੀਜ਼। ਇਸ ਸ਼ਹਿਰ ਵਿਚ ਅੱਠਵੇਂ ਈਮਾਮ ਅਲੀ ਰਜ਼ਾ ਦੀ ਭੈਣ ਹਜ਼ਰਤ ਫਾਤਿਮਾ ਮਾਸੂਮਾ ਨੇ ਅਪਣੇ ਪਵਿੱਤਰ ਕਦਮ ਰੱਖੇ ਸਨ। ਪੈਗੰਬਰ ਮੁਹੰਮਦ ਤੋਂ ਬਾਦ ਸ਼ੀਆ ਮੁਸਲਮਾਨਾ ਵਾਸਤੇ ਈਮਾਮਾਂ ਦਾ ਸਤਿਕਾਰ ਹੈ। ਸੁੰਨੀਆਂ ਅਤੇ ਸ਼ੀਆ ਫਿਰਕਿਆਂ ਦੇ ਦੰਗੇ ਅਕਸਰ ਹੋ ਜਾਂਦੇ ਹਨ, ਤਾਜੀਆਂ ਦੇ ਦਿਨਾਂ ਵਿਚ ਖਾਸ ਕਰਕੇ। ਈਮਾਮਾਂ ਦੀ ਗਿਣਤੀ 12 ਹੈ, ਉਹ ਬਾਰਾਂ ਦੇ ਬਾਰਾਂ ਕਤਲ ਹੋਏ। ਬੀਬੀ ਫਾਤਿਮਾ ਮਾਸੂਮਾ ਆਪਣੇ ਕਾਫਲੇ ਨਾਲ ਬਚਦੀ ਬਚਾਂਦੀ ਮੱਕੇ ਤੋਂ ਤੁਰਦੀ ਹੋਈ ਜਦੋਂ ਕੁੰਮ ਤੱਕ ਪੁੱਜੀ ਤਦ ਤਕ ਉਸਦੇ ਸਾਰੇ ਸਾਥੀ ਕਤਲ ਕਰ ਦਿਤੇ ਗਏ ਸਨ। ਇਹ ਨਿਕਾ ਜਿਹਾ ਪਿੰਡ ਹੁੰਦਾ ਸੀ, ਗਰੀਬਾਂ ਦੀ ਬਸਤੀ। ਫਾਤਿਮਾ ਮਾਸੂਮਾ ਸਫਰ ਵਿਚ ਏਨੀ ਥੱਕ ਗਈ ਸੀ ਕਿ ਇਕ ਮਹੀਨੇ ਬਾਦ ਕਮਜ਼ੋਰੀ ਕਾਰਨ ਦੇਹਾਂਤ ਹੋ ਗਿਆ। ਜਿਸ ਥਾਂ ਉਨ੍ਹਾਂ ਨੂੰ ਦਫਨ ਕੀਤਾ ਗਿਆ, ਉਸ ਦਾ ਨਾਮ ਹਰਮ ਹੈ ਤੇ ਉਹ ਦੁਨੀਆਂ ਦੀਆਂ ਸ਼ਾਨਦਾਰ ਇਮਾਰਤਾਂ ਵਿਚੋਂ ਇਕ ਹੈ। ਮੱਕੇ ਤੋਂ ਬਾਦ ਈਰਾਨੀਆਂ ਵਾਸਤੇ ਮਸ਼ਹਦ ਅਤੇ ਕੁੰਮ ਪਵਿੱਤਰ ਸ਼ਹਿਰ ਹਨ। ਮਸ਼ਹਦ ਵਿਚ ਅੱਠਵੇਂ ਈਮਾਮ ਦੀ ਸ਼ਹਾਦਤ ਹੋਈ, ਸ਼ਹਾਦਤ ਵਾਸਤੇ ਹੀ ਫਾਰਸੀ ਲਫਜ਼ ਮਸ਼ਹਦ ਹੈ। ਇਹ ਅੱਠਵਾਂ ਈਮਾਮ, ਸੱਤਵੇਂ ਈਮਾਮ ਅਲੀ ਰਜ਼ਾ ਦਾ ਪੁੱਤਰ ਸੀ ਤੇ ਅਲੀ ਰਜ਼ਾ ਦੇ ਪਰਿਵਾਰ ਦਾ ਟਿਕਾਣਾ ਪਟਿਆਲੇ ਜ਼ਿਲੇ ਦੇ ਸ਼ਹਿਰ ਸਮਾਣੇ ਵਿਚ ਸੀ। ਉਸ ਦਾ ਈਮਾਮਬਾੜਾ ਸਮਾਣੇ ਮੌਜੂਦ ਹੈ। ਕੁਮ, ਤਹਿਰਾਨ ਤੋਂ 150 ਕਿਲੋਮੀਟਰ ਦੂਰੀ ਤੇ ਹੈ। ਈਰਾਨ ਦੀ ਪਾਰਲੀਮੈਂਟ ਤਹਿਰਾਨ ਵਿਚ ਹੈ ਪਰ ਸਰਕਾਰ ਕੁੰਮ ਵਿਚੋਂ ਚਲਦੀ ਹੈ ਕਿਉਂਕਿ ਸ਼ੀਆ ਈਰਾਨ ਦਾ ਹਰੇਕ ਧਾਰਮਿਕ ਨੇਤਾ ਜਿਸਨੂੰ ਆਇਤੁੱਲਾ ਦਾ ਖਿਤਾਬ ਦਿੱਤਾ ਜਾਂਦਾ ਹੈ, ਕੁੰਮ ਵਿਚ ਰਹਿੰਦਾ ਹੈ ਤੇ ਹਰਮ ਵਿਚ ਬੈਠ ਕੇ ਫੈਸਲੇ ਕਰਦਾ ਹੈ। ਈਰਾਨ ਦੇ ਬਾਦਸ਼ਾਹ ਵਿਰੁੱਧ ਬਗਾਵਤ ਆਇਤੁੱਲਾ ਖੁਮੀਨੀ ਨੇ ਹਰਮ ਵਿਚੋਂ ਹੀ ਸ਼ੁਰੂ ਕੀਤੀ ਸੀ।

www.punjabilibrary.com

ਤਹਿਰਾਨ ਵਿਚ ਤਿੰਨ ਮੰਜ਼ਲਾ ਸ਼ਾਨਦਾਰ ਗੁਰਦੁਆਰਾ ਹੈ।ਮੈਂ ਮੁਹੰਮਦ ਰੂਹਾਨੀ ਨੂੰ ਪੁੱਛਿਆ ਕਿ ਈਰਾਨ ਵਿਚ ਕਿੰਨੇ ਕੁ ਗੁਰਦੁਆਰੇ ਹਨ? ਉਸਨੇ ਦੱਸਿਆ ਕਿ ਤਿੰਨ ਸਨ, ਦੂਜਾ ਪਰਸ਼ੀਅਨ ਗਲਫ ਲਾਗੇ ਅਬਾਦਾਨ ਵਿਚ ਤੇ ਤੀਜਾ ਜ਼ਾਹਿਦਾਨ ਵਿਚ। ਅੰਗਰੇਜ਼ਾਂ ਵੇਲੇ ਅਬਾਦਾਨ ਵਿਚ ਸਿਖਾਂ ਦੀ ਗਿਣਤੀ ਕਾਫੀ ਸੀ, ਇਕ ਸੜਕ ਦਾ ਨਾਮ ਹੀ ਸਿੱਖ ਐਲੀ ਸੀ। ਅਬਾਦਾਨ ਵਿਚੋਂ ਸਿੱਖ ਤਹਿਰਾਨ ਆ ਗਏ ਹਨ ਜਿਸ ਕਰਕੇ ਗੁਰਦੁਆਰੇ ਦੀ ਇਮਾਰਤ ਅਜਾਇਬਘਰ ਹੋ ਗਈ। ਜ਼ਾਹਿਦਾਨ ਦੇ ਗੁਰਦੁਆਰੇ ਦਾ ਇਤਿਹਾਸ ਇਕ ਦਿਲਚਸਪ ਘਟਨਾ ਦਾ ਨਤੀਜਾ ਹੈ।

ਪਹਿਲਵੀ ਖਾਨਦਾਨ ਵਿਚ ਕੇਵਲ ਦੋ ਬਾਦਸ਼ਾਹ ਹੋਏ। ਪਹਿਲਾ ਰਜ਼ਾ ਸ਼ਾਹ ਪਹਿਲਵੀ, ਦੂਜਾ ਮੁਹੰਮਦ ਸ਼ਾਹ, ਉਸਦਾ ਬੇਟਾ। ਪਹਿਲਾ ਬਾਦਸ਼ਾਹ ਭਲਾ ਮਾਣਸ ਸੀ। ਉਸਨੇ ਈਰਾਨ ਨੂੰ ਆਧੁਨਿਕ ਤਰਜ਼ ਦੀ ਤਰੱਕੀ ਦੇਣ ਵਾਸਤੇ ਪੂਰੀ ਤਾਕਤ ਲਾ ਦਿਤੀ ਸੀ। ਸਾਲ 1940 ਵਿਚ ਉਸਦਾ ਜ਼ਾਹਿਦਾਨ ਵੱਲ ਦੌਰਾ ਸੀ। ਇਹ ਪਿੰਡ ਪਾਕਿਸਤਾਨ ਵਾਲੇ ਪਾਸੇ ਹੈ। ਇਸ ਪਿੰਡ ਦਾ ਪਹਿਲਾ ਨਾਮ ਸੀ ਦੁਜ਼ਤਿਆਬ, ਜਿਸਦਾ ਅਰਥ ਹੈ ਪਾਣੀ-ਚੋਰ। ਜਦੋਂ ਸ਼ਾਹ ਪਿੰਡ ਲਾਗਿਓਂ ਗੁਜ਼ਰ ਰਿਹਾ ਸੀ, ਉਸਨੇ 6-7 ਸਿਖ ਕਿਸਾਨ ਖੇਤਾਂ ਵਿਚੋਂ ਕੰਮ ਕਰਕੇ ਵਾਪਸ ਆਉਂਦੇ ਦੇਖੇ ਜਿਨ੍ਹਾਂ ਦੇ ਸਿਰਾਂ ਉਪਰ ਦਸਤਾਰਾਂ ਅਤੇ ਦਾਹੜੇ ਖੁਲ੍ਹੇ ਸਨ। ਸ਼ਾਹ ਆਪਣੇ ਘੋੜੇ ਤੋਂ ਹੇਠਾਂ ਉਤਰ ਗਿਆ ਤੇ ਪੂਰਨ ਸਤਿਕਾਰ ਨਾਲ ਝੁਕ ਕੇ ਸਲਾਮ ਅਰਜ਼ ਕਰਦਿਆਂ ਕਿਹਾ - ਇਹੋ ਜਿਹੇ ਰੂਹਾਨੀ ਫਕੀਰ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਦੇਖੇ। ਕਿਸਾਨ ਚਲੇ ਗਏ ਤਾਂ ਦਰਬਾਰੀਆਂ ਨੇ ਦੱਸਿਆ - ਹਜ਼ੂਰ ਇਹ ਫਕੀਰ ਫਕੂਰ ਕੋਈ ਨਹੀਂ। ਇਹ ਤਾਂ ਜਾਹਲ ਕਿਸਾਨ ਹਨ, ਹਿੰਦੁਸਤਾਨ ਤੋਂ ਆਏ ਹੋਏ ਨੇ ਤੇ ਇਨ੍ਹਾਂ ਦਾ ਵੱਖਰਾ ਮਜਹਬ ਹੈ, ਇਹ ਸਿੱਖ ਹਨ। ਬਾਦਸ਼ਾਹ ਲੋਕਾਂ ਦੀਆਂ ਤਕਲੀਫਾਂ ਸੁਣਦਾ ਰਿਹਾ ਤੇ ਜਦੋਂ ਜਾਣ ਦਾ ਵਕਤ ਹੋਇਆ ਤਾਂ ਕਿਹਾ - ਮੈਂ ਇਨ੍ਹਾਂ ਫਕੀਰਾਂ ਦੇ ਦੀਦਾਰ ਇਕ ਵਾਰ ਫੇਰ, ਜਾਣ ਤੋ ਪਹਿਲਾਂ ਕਰਨ ਦਾ ਖਾਹਸ਼ਮੰਦ ਹਾਂ। ਉਨ੍ਹਾਂ ਨੂੰ ਬੁਲਾਇਆ ਗਿਆ, ਸ਼ਾਹ ਨੇ ਸਤਿਕਾਰ ਕਰਦਿਆਂ ਫਿਰ ਦੁਹਰਾਇਆ - ਮੈਂ ਤੁਹਾਡੇ ਚਿਹਰਿਆਂ ਤੋਂ ਪਛਾਣਦਾ ਹਾਂ ਕਿ ਤੁਸੀਂ ਬੰਦਗੀ ਕਰਨ ਵਾਲੇ ਨੇਕਬਖਤ ਇਨਸਾਨ ਹੋ। ਸਿਖਾਂ ਨੇ ਕਿਹਾ - ਹਜ਼ੂਰ ਸੁੱਚੀ ਕਿਰਤ ਕਰਦੇ ਹਾਂ ਤੇ ਅੱਲਾਹ ਦਾ ਨਾਮ ਲੈਂਦੇ ਹਾਂ। ਇਹ ਤੁਹਾਡੀ ਕੀ ਸਰਕਾਰ ਹੋਈ ਕਿ ਸਾਨੂੰ ਆਪਣੀ ਮਸਜਿਦ ਤਾਮੀਰ ਕਰਨ ਦੀ ਇਜਾਜ਼ਤ ਨਹੀਂ? ਕੀ ਮੁਲਕ ਹੋਇਆ ਜਿਥੇ ਬੰਦਗੀ ਕਰਨ ਲਈ ਇਕੱਠੇ ਨਹੀਂ ਹੋ ਸਕਦੇ ਇਕ ਥਾਂ?

ਬਾਦਸ਼ਾਹ ਨੇ ਪੁੱਛਿਆ - ਕਿੰਨੀ ਜ਼ਮੀਨ ਚਾਹੀਦੀ ਹੈ? ਕਿਸਾਨਾ ਨੇ ਕਿਹਾ - ਜੀ ਇਕ ਏਕੜ। ਸ਼ਾਹ ਨੇ ਕਿਹਾ - ਮੈਂ ਇਕ ਏਕੜ ਜ਼ਮੀਨ ਦਾਨ ਵਜੋਂ ਦਿੰਦਾ ਹਾਂ। ਸਿਖਾਂ ਨੇ ਕਿਹਾ - ਜੀ ਅਸੀਂ ਸ਼ਾਹਾਂ ਦੇ ਸ਼ਹਿਨਸ਼ਾਹ ਹਜ਼ਰਤ ਬਾਬਾ ਨਾਨਕ ਦੇ ਮੁਰੀਦ ਹਾਂ, ਨਾ ਅਸੀਂ ਗਰੀਬ ਹਾਂ, ਨਾ ਸਾਨੂੰ ਦਾਨ ਲੈਣ ਦੀ ਆਦਤ। ਅਸੀਂ ਅਪਣੇ ਪੈਸਿਆਂ ਨਾਲ ਜ਼ਮੀਨ ਖਰੀਦਾਂਗੇ, ਤੁਸੀਂ ਇਜਾਜ਼ਤ ਤਾਂ ਦਿਉ। ਸ਼ਾਹ ਨੇ ਇਕ ਏਕੜ ਜ਼ਮੀਨ ਦੀ ਕੀਮਤ ਪੁੱਛੀ ਤਾਂ ਦੱਸਿਆ ਗਿਆ - ਵੀਹ ਹਜ਼ਾਰ ਤੁਮਾਨ। ਬਾਦਸ਼ਾਹ ਨੇ ਕਿਹਾ, ਠੀਕ ਹੈ, ਤੁਸੀਂ ਵੀਹ ਹਜ਼ਾਰ ਤੁਮਾਨ ਖਜ਼ਾਨੇ ਵਿਚ ਜਮ੍ਹਾਂ ਕਰਵਾਉ, ਮੈਂ ਰਜਿਸਟਰੀ ਕਰਨ ਦਾ ਹੁਕਮ ਦਿੰਦਾ ਹਾਂ। ਪਰ ਮੈਨੂੰ ਵੀ ਹੱਕ ਹੈ ਮੈਂ ਇਸ ਇਬਾਦਤਗਾਹ ਵਾਸਤੇ ਵੀਹ ਹਜ਼ਾਰ ਰੁਪਿਆ ਤੁਹਾਡੇ ਪੈਗੰਬਰ ਦੀ ਨਜ਼ਰ ਕਰਾਂ। ਬਾਦਸ਼ਾਹ ਨੇ ਵੀਹ ਹਜ਼ਾਰ ਦਾ ਚੈਕ ਭੇਟ ਕੀਤਾ ਤੇ ਕਿਹਾ - ਪਿੰਡਾ ਦਾ ਨਾਮ ਦੁਜ਼ਤਿ ਆਬ ਸਹੀ ਨਹੀਂ ਹੈ। ਅੱਜ ਤੋਂ ਬਾਦ ਇਸ ਪਿੰਡ ਦਾ ਨਾਮ ਹੋਏਗਾ ਜ਼ਾਹਿਦਾਨ(ਰੱਬ ਦੇ ਮੁਰੀਦ) ।

ਤਹਿਰਾਨ ਦੇ ਗੁਰਦੁਆਰੇ ਲਾਗਿਓਂ ਦੀ ਮੈਟਰੋ ਰੇਲ ਲੰਘਦੀ ਹੈ ਤੇ ਜਿਹੜਾ ਸਟੇਸ਼ਨ ਗੁਰਦੁਆਰੇ ਨੂੰ ਲਗਦਾ ਹੈ ਉਸਦਾ ਨਾਮ ਰੱਖਿਆ ਹੈ - ਦਰਵਾਜ਼ਾ-ਇ-ਦੌਲਤ। ਇਥੋਂ ਜਿਹੜੀ ਚੌੜੀ ਸੜਕ ਗੁਰਦੁਆਰੇ ਤੱਕ ਜਾਂਦੀ ਹੈ ਉਸਦਾ ਨਾਮ ਹੈ ਸਰਦਾਰ ਕਬੀਰ ਐਲੀ। ਐਲੀ ਮਾਇਨੇ ਰਾਹ। ਮੈਂ ਪੁਛਿਆ - ਦਰਵਾਜ਼ਾ-ਇ-ਦੌਲਤ ਤਾਂ ਠੀਕ ਹੋਇਆ ਕਿਉਂਕਿ ਗੁਰੂ ਨਾਨਕ ਸਾਹਿਬ ਤੋਂ ਵਧੀਕ ਧਨਵਾਨ ਕੋਈ ਨਹੀਂ, ਪਰ ਭਗਤ ਕਬੀਰ ਦੀ ਥਾਂ ਸਰਦਾਰ ਕਬੀਰ ਕੁਝ ਅਜੀਬ ਜਿਹਾ ਨਾਮ ਲਗਦਾ ਹੈ। ਮੈਨੂੰ ਦੱਸਿਆ ਗਿਆ ਕਿ ਨਾਮ ਅਜਿਹੇ ਰੱਖੇ ਜਾਣੇ ਜ਼ਰੂਰੀ ਸਨ ਜਿਹੜੇ ਈਰਾਨੀਆਂ ਅਤੇ ਸਿਖਾਂ ਦੋਵਾਂ ਲਈ ਓਪਰੇ ਨਾ ਲੱਗਣ। ਦਸੇ ਗੁਰੂ ਸਾਹਿਬਾਨ ਦੇ ਨਾਮ ਈਰਾਨੀਆਂ ਦੀ ਜ਼ਬਾਨ ਤੇ ਨਹੀਂ ਚੜ੍ਹਨੇ ਸਨ। ਬਾਬਾ ਫਰੀਦ ਦੇ ਨਾਮ ਤੇ ਪਹਿਲੋਂ ਹੀ ਇਕ ਸੜਕ ਹੈ। ਬਾਣੀਕਾਰ ਭਗਤਾਂ ਦੇ ਨਾਮ ਲਏ ਗਏ ਤਾਂ ਕਬੀਰ ਨਾਮ ਚੁਣਿਆਂ ਗਿਆ ਕਿਉਂਕਿ ਕਬੀਰ ਰੱਬ ਦੇ 99 ਨਾਵਾਂ ਵਿਚੋਂ ਇਕ ਨਾਮ ਹੈ। ਸੰਤ ਤੇ ਭਗਤ ਸ਼ਬਦ ਇਸ ਨਾਮ ਨਾਲ ਫਿਰ ਨਹੀਂ ਲਿਖਣੇ ਸਨ ਕਿਉਂਕਿ ਇਹ ਲਫਜ਼ ਫਾਰਸੀ ਦੇ ਨਹੀਂ। ਸਰਦਾਰ ਲਫਜ਼ ਬਹੁਤ ਸਤਿਕਾਰਯੋਗ ਹੈ।

www.punjabilibrary.com

ਉਥੇ ਐਸ.ਐਸ.ਪੀ. ਵਾਸਤੇ ਵੀ ਸਰਦਾਰ ਲਫਜ਼ ਹੈ ਡਿਪਟੀ ਕਮਿਸ਼ਨਰ ਵਾਸਤੇ ਵੀ। ਮੈਨੂੰ ਪੁੱਛਿਆ ਜਾਂਦਾ - ਤੁਹਾਡੀ ਦਾਨਿਸ਼ਗਾਹ (ਯੂਨੀਵਰਸਿਟੀ) ਦਾ ਸਰਦਾਰ ਕੌਣ ਹੈ? ਸਰਦਾਰ ਮਾਇਨੇ ਚੀਫ। ਗੁਰਦੁਆਰੇ ਵਿਚ ਇਕ ਸਿੱਖ ਔਰਤ ਮੇਰੇ ਕੋਲ ਆਈ ਤੇ ਕਿਹਾ - ਦੇਖ ਭਰਾ, ਮੇਰਾ ਇਹ ਵੀਹ ਸਾਲ ਦਾ ਪੁੱਤਰ ਸਾਬਤ ਸੂਰਤ ਐ। ਇਥੇ ਬਾਹਰਵੀਂ ਪਾਸ ਕਰਨ ਤੋਂ ਬਾਦ ਦੋ ਸਾਲ ਫੌਜ ਦੀ ਨੌਕਰੀ ਕਰਨੀ ਲਾਜ਼ਮੀ ਹੈ। ਫੌਜੀ ਅਫਸਰ ਆਖਦੇ ਨੇ ਕੇਸ ਕਟਾ ਤੇ ਟੋਪੀ ਪਹਿਨ। ਇਹ ਏਥੇ ਜੰਮਿਆਂ ਪਲਿਆ, ਤਾਂ ਵੀ ਕੇਸਾਂ ਨੂੰ ਪਿਆਰ ਕਰਦੈ। ਮੈਂ ਫੌਜ ਦੇ ਸਰਦਾਰ ਨੂੰ ਮਿਲੀ ਹਾਂ, ਉਹ ਮੰਨਦਾ ਈ ਨੀਂ। ਤੁਸੀਂ ਮੇਰੀ ਮਦਦ ਕਰੋ।

ਮੈਂ ਕਿਹਾ - ਤੁਸੀਂ ਈਰਾਨੀ ਹੋ, ਤੁਹਾਡੀ ਨਹੀਂ ਮੰਨਦਾ ਤਾਂ ਸਰਦਾਰ ਮੇਰੀ ਕਿਉਂ ਮੰਨੇਗਾ? ਉਹ ਬੋਲੀ - ਤੁਸੀਂ ਦਾਨਸ਼ਵਰ ਓ ਨਾ। ਤੁਹਾਡੀ ਗੱਲ ਮੋੜ ਈ ਨੀ ਸਕਦਾ ਉਹ। ਬਗੈਰ ਕਿਸੇ ਉਮੀਦ ਦੇ ਪੰਜ ਸਤ ਸਿਖਾਂ ਸਣੇ ਮੈਂ ਜਰਨੈਲ ਨੂੰ ਮਿਲਿਆ, ਦੱਸਿਆ ਕਿ ਮੈਂ ਦਾਨਿਸ਼ਵਰਿ ਹਿੰਦੁਸਤਾਂ ਹਾਂ ਤੇ ਇਕ ਅਰਜ਼ ਗੁਜ਼ਾਰਨੀ ਹੈ। ਉਹ ਜੱਫੀ ਪਾਕੇ ਮਿਲਿਆ। ਗੱਲ ਸੁਣਕੇ ਹੁਕਮ ਕੀਤਾ - ਇਹ ਜੁਆਨ ਆਪਣੇ ਮਜਹਬ ਵਿਚ ਕਾਮਲ ਰਹਿੰਦਾ ਹੋਇਆ ਫੌਜ ਦੀ ਸਰਵਿਸ ਕਰੇਗਾ। ਦਸਖ਼ਤ।

ਗੁਰਦੁਆਰੇ ਵਿਚ ਭਾਰਤ ਦੀ ਸੁਪਰੀਮ ਕੋਰਟ ਦੇ ਰਿਟਾਇਰਡ ਚੀਫ ਜਸਟਿਸ ਕੁਲਦੀਪ ਸਿੰਘ ਦਾ ਭਰਾ ਮਿਲਿਆ, ਕੰਵਲਜੀਤ ਸਿੰਘ ਜੋ ਡਾਕਟਰ ਹੈ। ਉਸਦੀ ਸਰਦਾਰਨੀ ਪਟਿਆਲੇ ਦੇ ਨਾਮਵਰ ਵਕੀਲ ਕੁਲਦੀਪ ਸਿੰਘ ਸਾਹਨੀ ਦੀ ਭੈਣ ਹੈ। ਮੈਂ ਕਿਹਾ - ਬੀਬੀ ਮੈਂ ਵੀ ਪਟਿਆਲੇ ਦਾ ਹਾਂ, ਸੋ ਤੂੰ ਮੇਰੀ ਭੈਣ ਹੋਈ। ਉਹ ਬੋਲੀ - ਅੱਜ ਆਪਣੇ ਭਰਾ ਨੂੰ ਤਾਂ ਮਿਲਣ ਆਈ ਆਂ। ਮੈਨੂੰ ਪਤਾ ਲੱਗ ਗਿਆ ਸੀ ਤੁਹਾਡਾ ਇਥੇ ਆਉਣ ਦਾ। ਉਸਨੇ ਕਿਹਾ - ਕੋਈ ਤਕਲੀਫ ਤਾਂ ਨਹੀਂ? ਕਿਸੇ ਚੀਜ਼ ਦੀ ਲੋੜ ਹੋਵੇ? ਮੇਰੀ ਪਤਨੀ ਨੇ ਕਿਹਾ - ਈਰਾਨ ਵਿਚ ਕਿਤੋਂ ਤਵਾ ਨਹੀਂ ਮਿਲਿਆ। ਸਾਨੂੰ ਈਰਾਨੀ ਖਾਣੇ ਸੁਆਦ ਨੀਂ ਲਗਦੇ। ਅੱਧੇ ਘੰਟੇ ਵਿਚ ਉਸਦੇ ਘਰੋਂ ਤਵਾ ਪੁੱਜ ਗਿਆ। ਈਰਾਨਵਾਸੀ ਘਰ ਵਿਚ ਰੋਟੀ ਨਹੀਂ ਪਕਾਉਂਦੇ। ਹਰੇਕ ਗਲੀ ਵਿਚ ਨਾਨਬਾਈ ਦੀ ਦੁਕਾਨ ਮਿਲੇਗੀ। ਗਜ਼ ਗਜ਼ ਦੇ ਘੇਰੇ ਵਾਲੀਆਂ ਰੋਟੀਆਂ, ਤਵੇ ਦੀਆਂ ਵੀ ਤੰਦੂਰੀ ਵੀ। ਕੋਈ ਈਰਾਨੀ ਗਰਮਾ ਗਰਮ ਰੋਟੀ ਖਾਣ ਦਾ ਸ਼ੁਕੀਨ ਨਹੀਂ। ਤਿੰਨ ਚਾਰ ਦਿਨਾ ਦੀਆਂ ਰੋਟੀਆਂ ਖਰੀਦ ਕੇ ਘਰ ਲੈ ਆਏ ਤੇ ਦਾਲ, ਸ਼ਬਜੀ, ਮੀਟ ਆਦਿਕ ਨਾਲ ਖਾ ਲਈਆਂ। ਤਰ੍ਹਾਂ ਤਰ੍ਹਾਂ ਦੇ ਸਲਾਦ, ਚਾਵਲ ਅਤੇ ਫਲ ਉਨ੍ਹਾਂ ਦੀ ਖੁਰਾਕ ਦਾ ਹਿੱਸਾ ਹਨ। ਦੁੱਧ, ਦਹੀਂ ਤੇ ਮੱਖਣ ਦੀ ਵਰਤੋਂ ਰੱਜਵੀਂ, ਪਰ ਨਾ ਨਮਕ ਪਾਉਣ ਨਾ ਮਿਰਚ। ਜਿਸਨੂੰ ਨਮਕ ਦੀ ਲੋੜ ਹੈ ਆਪੇ ਆਪਣਾ ਪਾ ਲਵੇ ਪਰ ਮਿਰਚ ਫੇਰ ਵੀ ਨਹੀਂ। ਕੋਈ ਖਰੀਦਦਾ ਨਹੀਂ। ਸਾਰੇ ਕੁੰਮ ਸ਼ਹਿਰ ਵਿਚੋਂ ਅਸੀਂ ਮਿਰਚਾਂ ਖਰੀਦਣ ਵਾਸਤੇ ਇਕ ਦੁਕਾਨ ਲੱਭੀ ਜਿਥੋਂ ਹਫਤੇ ਵਾਸਤੇ ਖਰੀਦ ਲਿਆਉਂਦੇ।

ਤਹਿਰਾਨ ਦੇ ਬਜ਼ਾਰ ਵਿਚੋਂ ਦੀ ਲੰਘ ਰਹੇ ਸਾਂ ਤਾਂ ਪੇਂਟਰ ਦਾ ਇਕ ਵੱਡਾ ਸ਼ੋ ਰੂਮ ਦਿਸਿਆ। ਮੈਨੂੰ ਦੇਖਣ ਸਾਰ ਫੋਟੋ ਖਿਚਣ ਲਈ ਆਰਟਿਸਟ ਆਇਆ ਤੇ ਫੋਟੋ ਖਿਚਣ ਦੀ ਆਗਿਆ ਮੰਗੀ। ਮੈਂ ਕਿਹਾ - ਕਿਸ ਮਕਸਦ ਲਈ? ਉਸਨੇ ਕਿਹਾ - ਤੁਸੀਂ ਬਤੌਰ ਮਾਡਲ ਇਥੇ ਬੈਠੋਗੇ ਨਹੀਂ। ਮੈਂ ਤੁਹਾਡੀ ਫੋਟੋ ਨੂੰ ਮਾਡਲ ਮੰਨਦਿਆਂ ਇਕ ਪੇਂਟਿਗ ਤਿਆਰ ਕਰਾਂਗਾ। ਅਗਲੀ ਵਾਰ ਜਦੋਂ ਤੁਸੀਂ ਆਏ ਤਾਂ ਤੁਹਾਡਾ ਦਿਲ ਕਰੇਗਾ ਕਿ ਅਪਣੀ ਪੇਂਟਿੰਗ ਤੁਸੀਂ ਪੰਜਾਹ ਹਜ਼ਾਰ ਵਿਚ ਖਰੀਦੋ ਪਰ ਮੈਂ ਮੁਫਤ ਸੁਗਾਤ ਦਿਆਂਗਾ ਕਿਉਂਕਿ ਉਦੋਂ ਤਕ ਤਾਂ ਕਈ ਵਿਕ ਚੁਕੀਆਂ ਹੋਣਗੀਆਂ। ਮੇਰਾ ਬੜਾ ਚੰਗਾ ਹੱਥ ਚਲਦਾ ਹੈ ਜੀ।

ਪੱਛਮੀ ਆਲੋਚਕਾਂ ਨੇ ਈਰਾਨੀ ਕਲਾਕਾਰਾਂ ਤੇ ਦੋਸ਼ ਲਾਇਆ ਕਿ ਉਹ ਨਕਲਚੀ ਹਨ, ਪੁਰਾਣੇ ਬੁਤਾਂ ਨੂੰ ਦੇਖਕੇ ਨਵੇਂ, ਪੁਰਾਣਿਆਂ ਵਰਗੇ ਬਣਾ ਬਣਾ ਵੇਚ ਰਹੇ ਹਨ, ਇਸੇ ਤਰ੍ਹਾਂ ਪੁਰਾਣੀਆਂ ਪੇਂਟਿੰਗਜ਼ ਦੀਆਂ ਨਕਲਾਂ ਵੇਚ ਰਹੇ ਹਨ। ਇਹ ਦੋਸ਼ ਫਜ਼ੂਲ ਹਨ ਕਿਉਂਕਿ ਉਹ ਤੁਹਾਨੂੰ ਇਹ ਦੱਸ ਕੇ ਕਲਾਕ੍ਰਿਤ ਵੇਚਦੇ ਹਨ ਕਿ ਇਹ ਫਲਾਣੀ ਕ੍ਰਿਤ ਜਿਹੜੀ ਫਲਾਣੇ ਅਜਾਇਬ ਘਰ ਵਿਚ ਪਈ ਹੈ, ਉਸਦੀ ਨਕਲ ਹੈ। ਪੁਰਾਣੀਆਂ ਤਸਵੀਰਾਂ ਜਾਨਵਰਾਂ ਦੀਆਂ ਖੱਲਾਂ ਉਪਰ ਉਕਰੀਆਂ ਹੋਈਆਂ ਹਨ, ਵਧੀਕ ਬੱਕਰਿਆਂ ਦੀਆਂ ਖੱਲਾਂ ਉਪੱਰ। ਖੱਲ ਦਾ ਰੰਗ ਹਲਕਾ ਪੀਲਾ ਹੁੰਦਾ ਹੈ। ਉਹ ਕਣਕ ਦਾ ਨਾੜ ਚੌੜਾ ਕਰਦੇ ਹਨ, ਜਿਵੇਂ ਪੰਜਾਬਣਾ ਬੋਹਟੀਆਂ ਬਣਾਇਆ ਕਰਦੀਆਂ ਸਨ। ਇਸ ਪੱਧਰ ਨਾੜ ਨੂੰ ਜੋੜ ਜੋੜ ਉਹ ਪਲਾਈ ਤਿਆਰ ਕਰਦੇ ਹਨ। ਪੇਂਟਿੰਗ ਦਾ ਗਰਾਉਂਡ ਬਿਲਕੁਲ ਖੱਲ ਦੀ ਸ਼ਕਲ ਦਾ ਬਣ ਜਾਂਦਾ ਹੈ ਜਿਸ ਉਪਰ ਪੁਰਾਣੀ ਤਸਵੀਰ ਨੂੰ ਰਿਕੰਸਟਰਕਟ ਕਰਦੇ ਹਨ। ਬੱਕਰੇ ਦੀ ਖੱਲ ਉਪਰ ਉਕੱਰੀ, 3500 ਸਾਲ ਪਹਿਲਾਂ ਹੋਈ ਮਿਸਰ ਦੀ ਬਹਾਦਰ ਮਹਾਰਾਣੀ ਅਹਿਮੋਸ ਦੀ ਇਕ ਪੇਂਟਿੰਗ ਬਗਦਾਦ ਦੇ ਅਜਾਇਬ ਘਰ ਵਿਚ ਪਈ ਹੈ

www.punjabilibrary.com

ਜੋ 2500 ਸਾਲ ਪੁਰਾਣੀ ਮਿਥੀ ਗਈ ਹੈ। ਇਸ ਦਾ ਉਤਾਰਾ ਪੰਜ ਸੌ ਰੁਪਏ ਵਿਚ ਦੇ ਦਿੰਦੇ ਹਨ। ਤੁਸੀਂ ਦੇਖੋਗੇ ਕਿ ਨਕਲ ਨੂੰ ਨਕਲ ਕੋਈ ਕਹਿ ਹੀ ਨਹੀਂ ਸਕਦਾ। ਈਰਾਨੀ ਕਹਿੰਦੇ ਹਨ, ਜੋ ਕਲਾਕ੍ਰਿਤਾਂ ਅਜਾਇਬ ਘਰਾਂ ਵਿਚ ਪਈਆਂ ਹਨ, ਕੋਈ ਵੀ ਕੀਮਤ ਤਾਰ ਕੇ ਉਨ੍ਹਾਂ ਨੂੰ ਤੁਸੀਂ ਅਪਣੇ ਘਰ ਨਹੀਂ ਲਿਜਾ ਸਕਦੇ। ਅਸੀਂ ਆਪਣੇ ਹੁਨਰ ਰਾਹੀਂ ਬਹੁਤ ਸਸਤੀਆਂ ਤੁਹਾਡੇ ਘਰਾਂ ਵਿਚ ਪੁਚਾ ਰਹੇ ਹਾਂ ਤਾਂ ਕੀ ਗੁਨਾਹ ਹੋਇਆ?

ਈਰਾਨ ਨੂੰ ਜਦੋਂ ਸਿਕੰਦਰ ਨੇ ਫਤਿਹ ਕੀਤਾ ਉਦੋਂ ਰਾਜਧਾਨੀ ਸ਼ੀਰਾਜ਼ ਹੁੰਦੀ ਸੀ। ਪਰ ਸਿਕੰਦਰ ਨੇ ਸ਼ੀਰਾਜ਼ ਦੀ ਥਾਂ ਉਸਦੇ ਨਜ਼ਦੀਕ ਨਵੀਂ ਰਾਜਧਾਨੀ ਉਸਾਰੀ ਜਿਸਦਾ ਨਾਮ ਰੱਖਿਆ - ਪਰਸਪੋਲਿਸ। ਇਥੇ ਉਸਨੇ ਸਾਨਦਾਰ ਮਹਿਲ ਉਸਾਰੇ ਜੋ ਹੁਣ ਖੰਡਰ ਹੋ ਗਏ ਹਨ। ਕਲਾਕਾਰਾਂ ਅਤੇ ਕੰਪਿਊਟਰ ਮਾਹਿਰਾਂ ਦੀ ਮਦਦ ਨਾਲ ਈਰਾਨੀਆਂ ਨੇ ਸੀ.ਡੀ. ਤਿਆਰ ਕੀਤੀ ਹੈ - ਪਰਸਪੋਲਿਸ ਰਿਕੰਸਟਰੱਕਟਿਡ(ਨਵਾਂ ਉਸਾਰਿਆ ਮਹਾਂਨਗਰ); ਸੀ.ਡੀ. ਚਲਾਉ ਤਾਂ ਖੰਡਰ ਦਿਖਾਈ ਦੇਣਗੇ, ਉਦਾਸ ਸੰਗੀਤ ਚਲਦਾ ਰਹੇਗਾ - ਫਿਰ ਸਹਿਜੇ ਸਹਿਜੇ, ਪੱਥਰਾਂ ਦੇ ਕਣ ਜਿਹੜੇ ਹਵਾ ਨੇ ਸਦੀਆਂ ਤੋਂ ਰਗੜ ਰਗੜ ਕੇ ਜ਼ਮੀਨ ਉਪਰ ਖਿਲਾਰ ਦਿਤੇ ਸਨ, ਉਡ ਉਡ ਕੇ ਥਮ੍ਹਲਿਆਂ ਨੂੰ ਚੰਬੜਣ ਲਗਦੇ ਹਨ, ਹੌਲੀ ਹੌਲੀ ਥਮ੍ਹਲੇ ਅਤੇ ਕੰਧਾਂ ਉਪਰ ਨੂੰ ਉੱਠਣ ਲਗਦੇ ਹਨ, ਫਿਰ ਛੱਤਾਂ ਬਣਦੀਆਂ ਹਨ ਤੇ ਅਖੀਰ ਵਿਚ ਕੰਧਾਂ ਅਤੇ ਛੱਤਾਂ ਉਪਰ ਪੁਰਾਣਾ ਮਹਾਂਨਗਰ ਉਘੜਨ ਲਗਦਾ ਹੈ। ਅਖੀਰ ਵਿਚ ਵਸਦੀ ਰਸਦੀ ਈਰਾਨ ਦੀ ਧਰਤੀ ਉਪਰ ਯੂਨਾਨੀਆਂ ਦੀ ਬਸਤੀ ਦਿਸਦੀ ਹੈ। ਸੈਨਾਵਾਂ ਆ ਰਹੀਆਂ ਹਨ, ਜਾ ਰਹੀਆਂ ਹਨ, ਜੱਜ ਫੈਸਲੇ ਸੁਣਾ ਰਹੇ ਹਨ, ਜੋਬਨਵੰਤੀਆਂ ਨੱਚ ਰਹੀਆਂ ਹਨ, ਗਾ ਰਹੀਆਂ ਹਨ, ਪੁਰਾਣੀਆਂ ਸੁਰਾਂ, ਪੁਰਾਣਾ ਸੰਗੀਤ।

ਈਰਾਨੀਆਂ ਵਰਗਾ ਹੁਨਰ ਜਹਾਨ ਵਿਚ ਕਿਤੇ ਨਹੀਂ। ਏਨੇ ਸ਼ੈਦਾਈ ਕਿ ਪੇਪਰ ਕਲਿੱਪ ਵੀ ਬਗੈਰ ਪੇਂਟਿੰਗ ਤੋਂ ਨਹੀਂ ਮਿਲਦੇ। ਹਰੇਕ ਘਰ ਵਿਚ ਪੂਰੇ ਫਰਸ਼ ਕਾਲੀਨਾ ਨਾਲ ਢਕੇ ਹੋਏ। ਪਹਿਲਵੀ ਬਾਦਸ਼ਾਹ ਦਾ ਮਹਲ ਦੰਗ ਕਰ ਦੇਣ ਵਾਲਾ ਹੈ। ਇਕ ਦਿਨ ਵਿਚ ਦੇਖਣ ਵਾਲਾ ਨਹੀਂ ਇਹ। ਜੇ ਹਰ ਚੀਜ਼ ਧਿਆਨ ਨਾਲ ਦੇਖਣੀ ਹੋਵੇ ਤਾਂ ਘੱਟੋ ਘੱਟ ਇਕ ਹਫ਼ਤਾ ਚਾਹੀਦਾ ਹੈ। ਸੰਸਾਰ ਦੇ ਹਰੇਕ ਦੇਸ ਵਿਚੋਂ ਆਈਆਂ ਸੁਗਾਤਾਂ ਸਜੀਆਂ ਪਈਆਂ ਹਨ। ਕਿਸ ਕਿਸ ਦਿਨ, ਕਿਸ ਕਿਸ ਦੇਸ ਬਾਬਤ, ਕੀ ਕੀ ਫੈਸਲੇ ਲਏ ਗਏ ਤੇ ਕਿਸ ਕਿਸ ਕਮਰੇ ਵਿਚ; ਤੁਹਾਨੂੰ ਦੱਸਿਆ ਜਾਂਦਾ ਹੈ। ਲੈਨਿਨ, ਸਟਾਲਿਨ, ਚਰਚਿਲ, ਰੂਜ਼ਵਾਲਟ, ਮਸੋਲਿਨੀ ਨਾਲ ਵਿਚਾਰ ਵਟਾਂਦਰੇ ਕਰਨ ਦੀਆਂ ਬਾਦਸ਼ਾਹ ਦੀਆਂ ਫੋਟੋਆਂ ਮੈਨੂੰ ਜਬਾਨੀ ਯਾਦ ਰਹਿ ਗਈਆਂ ਕਿਉਂਕਿ ਇਹ ਸਾਰੇ ਹੁਕਮਰਾਨ ਸਾਡੀਆਂ ਯਾਦਾਂ ਵਿਚ ਵਸੇ ਹੋਏ ਹਨ। ਰਥ, ਘੋੜਿਆਂ ਦੇ ਸਾਜ਼, ਜ਼ੇਵਰ, ਸ਼ਰਾਬ ਦੀਆਂ ਸੁਰਾਹੀਆਂ ਤੇ ਪੈਮਾਨੇ, ਸੰਗੀਤ ਦੇ ਸਾਜ਼, ਤੁਹਾਨੂੰ ਥਾਂ ਤੋਂ ਹਿੱਲਣ ਨਹੀਂ ਦਿੰਦੇ। ਈਰਾਨੀਆਂ ਦੇ ਗਲੀਚੇ ਦੇਖ ਕੇ ਮੈਨੂੰ ਆਪਣੇ ਡਰਾਇੰਗ ਰੂਮ ਵਿਚਲਾ ਕਾਲੀਨ ਪੁਰਾਣਾ ਰੁਮਾਲ ਲੱਗਿਆ। ਤਿੰਨ ਈਰਾਨੀ ਪ੍ਰੋਫੈਸਰਾਂ ਦੇ ਪਰਿਵਾਰ ਜੂਨ 2009 ਦੇ ਅਖੀਰਲੇ ਹਫ਼ਤੇ ਮੇਰੇ ਘਰ ਆਉਣਗੇ ਤਾਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਇਹ ਕਾਲੀਨ ਮੈਂ ਵਲ੍ਹੇਟ ਕੇ ਕਿਸੇ ਪਾਸੇ ਰੱਖ ਦਿਆਂਗਾ। ਮੇਰਾ ਕਾਲੀਨ ਸੁਹਣਾ ਹੈ, ਮਹਿੰਗਾ ਹੈ, ਈਰਾਨੀਆਂ ਨੂੰ ਦਿਖਾਉਣ ਦੇ ਕਾਬਲ ਨਹੀਂ।

ਕਾਲੀਨਾ ਦੇ ਵਡੇ ਸ਼ੋ ਰੂਮਜ਼ ਵਿਚ ਜਾਉ। ਤੁਹਾਡੇ ਸਾਹਮਣੇ 15X8 ਇੰਚ ਦੇ ਨਮੂਨਿਆਂ ਵਾਲੀ ਐਲਬਮ ਰੱਖਣਗੇ। ਐਲਬਮ ਵਿਚ ਫੋਟੋਆਂ ਨਹੀਂ, ਅਸਲੀ ਕਾਲੀਨ ਹਨ ਨਿਕੇ ਨਿਕੇ। ਤੁਸੀਂ ਨਮੂਨੇ ਦੀ ਚੋਣ ਕਰੋ ਤੇ ਸਾਈਜ਼ ਦੱਸੋ। ਹਫ਼ਤੇ ਬਾਦ ਤੁਹਾਡੀ ਪਸੰਦ ਦਾ ਕਾਲੀਨ ਮਿਲ ਜਾਏਗਾ ਜਾਂ ਤੁਹਾਡੇ ਦੇਸ ਭੇਜ ਦੇਣਗੇ। ਕਾਲੀਨਾ ਦੇ ਇਹ ਨਿਕੇ ਨਿਕੇ ਨਮੂਨੇ ਵੀ ਵਿਕਦੇ ਹਨ, ਦੋ ਦੋ ਸੌ ਦਾ ਇਕ ਇਕ। ਮੈਂ ਦਸ ਨਮੂਨੇ ਖਰੀਦ ਲਿਆਇਆ, ਸੁਹਣੇ ਫਰੇਮਾਂ ਵਿਚ ਜੜਾ ਕੇ ਦੋਸਤਾਂ ਨੂੰ ਦੇ ਦਿੱਤੇ।

ਪ੍ਰੋਫੈਸਰ ਖਲੀਲ ਗੰਬਰੀ ਨੇ ਕਿਹਾ - ਦੇਸ ਜਾਣ ਤੋਂ ਪਹਿਲਾਂ ਮਾਸੂਮਾ ਦੇ ਹਰਮ ਵਿਚੋਂ ਪ੍ਰਸ਼ਾਦ ਲੈਕੇ ਜਾਇਉ। ਪਰ ਫਿਰ ਉਹ ਖਾਮੋਸ਼ ਹੋ ਗਿਆ। ਮੈਨੂੰ ਕਹਿਣ ਲੱਗਾ - ਤੁਹਾਡੇ ਭਾਰਤੀ ਸਾਥੀ ਮੁਹੰਮਦ ਹਬੀਬ ਨੂੰ ਤਾਂ ਅੰਦਰ ਜਾਣ ਦੀ ਆਗਿਆ ਮਿਲ ਜਾਏਗੀ ਪਰ ਤੁਹਾਨੂੰ ਨਹੀਂ, ਗੈਰ ਮੁਸਲਮਾਨ ਦੇ ਦਾਖਲੇ ਉਪਰ ਪਾਬੰਦੀ ਹੈ। ਹਾਂ ਤੁਹਾਡੀ ਬੀਵੀ ਚਲੀ ਜਾਏ। ਇਹਨਾ ਦਾ ਕਿਹੜਾ ਪਤਾ ਲੱਗਣੈ। ਤੁਸੀਂ ਨਾਂ ਹੀ ਜਾਇਓ, ਕਿਉਂਕਿ ਜਦੋਂ ਤੁਹਾਨੂੰ ਰੋਕ ਦਿਤਾ ਗਿਆ, ਤੁਸੀਂ ਬੁਰਾ ਮਨਾਓਗੇ, ਇਹ ਬੇਅਦਬੀ ਹੋਇਗੀ ਇਕ ਸ਼ਾਨਦਾਰ ਮਹਿਮਾਨ ਦੀ। ਮੈਂ ਕਿਹਾ - ਮੈਂ ਹਰ ਹਾਲਤ ਵਿਚ ਅੰਦਰ ਜਾਣ ਦਾ ਯਤਨ ਕਰਾਂਗਾ। ਜੇ ਵਾਪਸ ਪਰਤਾ ਦਿਤਾ ਗਿਆ ਤਾਂ ਬੁਰਾ ਨਹੀਂ ਮਨਾਵਾਂਗਾ ਕਿਉਂਕਿ ਤੁਹਾਡੀਆਂ ਰਵਾਇਤਾਂ ਦਾ ਅਦਬ ਕਰਨਾ

www.punjabilibrary.com

ਮੇਰਾ ਫਰਜ਼ ਹੈ। ਖਲੀਲ ਦੀ ਇਛਾ ਦੇ ਵਿਰੁੱਧ ਉਸਦੇ ਵਰਜਣ ਦੇ ਬਾਵਜੂਦ ਮੈਂ ਅਪਣੇ ਸਾਥੀ ਅਤੇ ਬੀਵੀ ਸਮੇਤ ਅੰਦਰਲਾ ਦਰਵਾਜ਼ਾ ਪਾਰ ਕਰਨ ਲੱਗਾ ਤਾਂ ਛੇ ਫੁੱਟ ਲੰਮੇ ਇਕ ਬਜ਼ੁਰਗ ਨੇ ਮੇਰੀ ਬਾਂਹ ਨੂੰ ਫੁੱਲਾਂ ਦੀ ਟਾਹਣੀ ਛੁਹਾਈ, ਪੂਰੇ ਸਤਿਕਾਰ ਨਾਲ ਅਪਣੀ ਛਾਤੀ ਤੇ ਹੱਥ ਰੱਖ ਕੇ ਝੁਕਿਆ, ਫਿਰ ਫੁਲਾਂ ਲੱਦੀ ਟਾਹਣੀ ਨਾਲ ਦਰਵਾਜ਼ੇ ਵੱਲ ਇਸ਼ਾਰਾ ਕੀਤਾ, ਅਰਥ ਸੀ, ਬਾਹਰ ਵੱਲ ਵਾਪਸ ਜਾਉ। ਏਨੇ ਸਲੀਕੇ ਨਾਲ ਵੀ ਕੋਈ ਵਾਪਸ ਜਾਣ ਲਈ ਕਹਿ ਸਕਦੈ.... ਮੈਂ ਸੋਚਿਆ, ਚੰਗਾ ਕੀਤਾ ਕਿ ਇਥੇ ਆਉਣ ਦਾ ਫੈਸਲਾ ਕੀਤਾ। ਈਰਾਨੀਆਂ ਦੀ ਇਕ ਦਿਲਕਸ਼ ਅਦਾ ਹੋਰ ਦੇਖ ਸਕਿਆ। ਮੈਂ ਤਕਰੀਬਨ ਹਰ ਰੋਜ਼ ਹੀ ਬੀਬੀ ਮਾਸੂਮਾ ਦੇ ਦਰਬਾਰ ਕੋਲੋਂ ਦੀ ਲੰਘਦਾ ਕਿਉਂਕਿ ਮੈਨੂੰ ਮਾਂ ਗੁਜਰੀ ਯਾਦ ਆਉਂਦੀ ਰਹਿੰਦੀ। ਜਿਹੋ ਜਿਹੇ ਹਸਨ ਹੁਸੈਨ, ਉਹੋ ਜਿਹੇ ਸਾਹਿਬਜ਼ਾਦੇ। ਨਾਂ ਤੇ ਥਾਂ ਬਦਲ ਬਦਲ ਕੇ ਹੀਰੇ ਸਾਨੂੰ ਦਿਖਾਈ ਦੇ ਜਾਂਦੇ ਹਨ।

ਸੁਨਹਿਰੀ ਮਿਸ਼ਰੀ ਦਾ ਪ੍ਰਸ਼ਾਦ ! ਮੈਂ ਹੀਰਿਆਂ ਵਰਗੀ ਦੇਸੀ ਮਿਸ਼ਰੀ ਤਾਂ ਦੇਖੀ ਸੀ ਪਰ ਇਥੇ ਸੁਨਹਿਰੀ ਮਿਸ਼ਰੀ ਕਿਵੇਂ? ਅਨਸਾਰੀ ਨੇ ਦੱਸਿਆ - ਜੀ ਇਸ ਵਿਚ ਕੇਸਰ ਮਿਲਾਇਆ ਹੋਇਆ ਹੈ। ਕੇਸਰੀ ਮਿਸ਼ਰੀ ਕੇਵਲ ਈਰਾਨ ਵਿਚ ਮਿਲੇਗੀ। ਸਾਰੀ ਦੁਨੀਆਂ ਜਿੰਨਾ ਕੇਸਰ ਪੈਦਾ ਕਰਦੀ ਹੈ, ਉਸ ਤੋਂ ਦੁੱਗਣਾ ਕੇਵਲ ਈਰਾਨ ਵਿਚ ਹੁੰਦਾ ਹੈ। ਹਰੇਕ ਰੇਸਤਰਾਂ ਵਿਚ ਕੇਸਰੀ ਮਿਸ਼ਰੀ ਦੇ ਮਰਤਬਾਨ ਹਨ, ਹੁਕਮ ਕਰੋ ਕਿ ਚੀਨੀ ਦੀ ਥਾਂ ਮਿਸ਼ਰੀ ਦੀ ਚਾਹ ਦਿਉ, ਹਾਜ਼ਰ ਹੈ। ਵਧੀਕ ਸਫਰ ਬੱਸਾਂ ਵਿਚ ਕੀਤਾ, ਲੋਕਲ ਵੀ ਦੂਰ ਵੀ, ਹਰੇਕ ਬਸ ਏ.ਸੀ. ਹੈ। ਪਿਛਲਾ ਅੱਧਾ ਹਿੱਸਾ ਔਰਤਾਂ ਲਈ ਅਗਲਾ ਅੱਧ ਮਰਦਾਂ ਲਈ। ਆਟੋਮੈਟਿਕ ਤਾਕੀਆਂ ਵੀ ਵਖ ਵਖ। ਇਕ ਅਜਨਬੀ ਮੁਸਲਮਾਨ ਮੁਸਾਫਰ ਮੇਰੇ ਤੋਂ ਅਗਲੀ ਸੀਟ ਉਪਰ ਬੈਠਾ ਸੀ। ਉਹ ਉਠਿਆ, ਅਰਜ਼ ਕੀਤੀ - ਜੀ ਤੁਸੀਂ ਇਸ ਸੀਟ ਤੇ ਆ ਜਾਓ ਮੇਰੇ ਵਾਲੀ ਤੇ, ਮੈਂ ਤੁਹਾਡੀ ਸੀਟ ਤੇ ਬੈਠ ਜਾਵਾਂਗਾ। ਇਸ ਨਾਲ ਕੀ ਫਰਕ ਪੈਂਦੈ? ਮੈਂ ਪੁੱਛਿਆ। ਉਸਨੇ ਕਿਹਾ - ਜੀ ਮੈਂ ਤੁਹਾਡੇ ਵਲ ਪਿੱਠ ਕਰਕੇ ਨਹੀਂ ਬੈਠ ਸਕਦਾ। ਮੈਨੂੰ ਇਹ ਬਦਸਲੂਕੀ ਲਗਦੀ ਹੈ।

ਇਹੋ ਜਿਹੇ ਵਾਕ ਆਮ ਸੁਣਨ ਨੂੰ ਮਿਲਦੇ - ਕੁਦਮ ਕਿਸ਼ਵਰ ਸ਼ੁਮਾ, ਵਤਨ ਸ਼ੁਮਾ ਕੁਜਸ? (ਤੁਸੀਂ ਕਿਥੋਂ ਆਏ ? ਵਤਨ ਕਿਹੜਾ ਹੋਇਆ ?) ਆਯਾ ਸ਼ੁਮਾ ਅਜ਼ ਹਿੰਦੁਸਤਾਂ ਆਮਾਦਿ (ਕੀ ਤੁਸੀਂ ਹਿੰਦੁਸਤਾਨ ਤੋਂ ਆਏ ਹੋ?) ਆਯਾ ਸ਼ੁਮਾ ਰੂਹਾਨੀ ਇ ਹਿੰਦੁਸਤਾਂ ਹਸਤੀਤ? (ਕੀ ਤੁਸੀਂ ਹਿੰਦੁਸਤਾਂ ਦੇ ਮੌਲਵੀ ਹੋ?), ਬੇਸ਼ੁਮਾ ਵ ਕਿਸ਼ਵਰੇਤਾਨ ਦੁਰੂਤ ਮੀ ਫਰਿਸਤਮ (ਤੁਹਾਨੂੰ ਤੇ ਤੁਹਾਡੇ ਦੇਸ ਨੂੰ ਸਲਾਮ), ਖ਼ੁਦਾ ਸ਼ੁਮਾ ਰਾ ਖੁਸ਼ਨੀ ਗਹਿਦਾਰਤ (ਖ਼ੁਦਾ ਤੁਹਾਨੂੰ ਤੇ ਤੁਹਾਡੇ ਦੇਸ ਨੂੰ ਸੁਖੀ ਰੱਖੇ)। ਕੁੜੀਆਂ ਦੀਆਂ ਟੋਲੀਆਂ ਨੀਵੀਂ ਪਾਈ ਤੁਰਦੀਆਂ ਦਿਸਦੀਆਂ, ਹੌਲੀ ਹੌਲੀ ਗੱਲਾਂ ਕਰਦੀਆਂ, ਚੋਰੀ ਜਿਹੇ ਤੁਹਾਡੇ ਵਲ ਦੇਖਕੇ ਫਿਰ ਨੀਵੀਂ ਪਾ ਲੈਣਗੀਆਂ, ਜਿਵੇਂ ਕਿਸੇ ਵਡੇ ਰਸੂਖ ਵਾਲੇ ਸਰਦਾਰ ਦੀ ਹਵੇਲੀ ਵਿਚੋਂ ਔਰਤਾਂ, ਕੁੜੀਆਂ ਅੰਦਰ ਬਾਹਰ ਜਾਂਦੀਆਂ ਹੋਣ। ਅੱਖਾਂ ਵਿਚ, ਤੋਰ ਵਿਚ, ਬੋਲਾਂ ਵਿਚ ਟਿਕਾਉ, ਸੰਕੋਚ, ਸ਼ਰਮ ਤੇ ਲਿਆਕਤ। ਮੇਰੀ ਪਤਨੀ ਕਦੀ ਕਹਿ ਦਿੰਦੀ - ਮੇਰੇ ਘਰ ਧੀ ਨਹੀਂ। ਇਕ ਹੋਣੀ ਚਾਹੀਦੀ ਸੀ, ਪਰ ਇਹਨਾਂ ਕੁੜੀਆਂ ਵਰਗੀ। ਸਹਿਜੇ, ਕੋਈ ਕੋਈ ਲਾਗਿਓਂ ਲੰਘਦਾ ਆਖ ਜਾਂਦਾ - ਖੁਸ਼ ਆਮਦੀਦ ਈਮਾਮਿ ਹਿੰਦੁਸਤਾਂ, ਖੁਸ਼ ਆਮਦੀਦ। ਇਕ ਬੰਦਾ ਸਲਾਮ ਅਰਜ਼ ਕਰਨ ਤੋਂ ਬਾਦ ਮੇਰੇ ਲਾਗੇ ਖਲੋਤਾ ਰਿਹਾ - ਦੋ ਕੁ ਮਿੰਟ ਕੁੱਝ ਵਾਕ ਬੋਲਦਾ ਰਿਹਾ ਫਿਰ ਮੇਰੀ ਦਾਹੜੀ ਚੁੰਮ ਕੇ ਚਲਾ ਗਿਆ। ਮੈਂ ਰੂਹਾਨੀ ਨੂੰ ਪੁੱਛਿਆ - ਕੀ ਕਹਿੰਦਾ ਸੀ ਇਹ ਭਾਈ? ਉਸਨੇ ਦੱਸਿਆ - ਤੁਹਾਡਾ ਸੁਆਗਤ ਕੀਤਾ, ਫਿਰ ਤੁਹਾਡੇ ਦੇਸ ਦੀ ਖੈਰ ਮੰਗੀ, ਤੁਹਾਡੇ ਪਰਿਵਾਰ ਲਈ ਦੁਆਵਾਂ ਦਿਤੀਆਂ, ਫਿਰ ਕਿਹਾ - ਮੈਨੂੰ ਪੱਕਾ ਯਕੀਨ ਹੈ, ਜਿਵੇਂ ਸਾਡੇ ਈਮਾਮਾਂ ਨੇ ਸਾਡੀ ਸ਼ਾਨ ਬਰਕਰਾਰ ਰੱਖੀ, ਤੂੰ ਅਪਣੀ ਕੌਮ ਦੀ ਸ਼ਾਨ ਹਰ ਸੂਰਤ ਵਿਚ ਬਰਕਰਾਰ ਰੱਖੇਂਗਾ, ਤੇਰੀ ਸ਼ਕਲ ਸੂਰਤ ਬਿਲਕੁਲ ਸਾਡੇ ਈਮਾਮਾਂ ਵਰਗੀ ਹੈ। ਤੂੰ ਵੱਡੀਆਂ ਨੇਕੀਆਂ ਦਾ ਮਾਲਕ ਹੈਂ।

ਇਹ ਧੱਕੇ ਨਾਲ ਮੈਨੂੰ ਮਹਾਨ ਬਣਾਉਣ ਲਗੇ ਹੋਏ ਹਨ। ਪਛਤਾਉਣਗੇ ਆਖਰ ਜਦੋਂ ਦੇਖਣਗੇ ਦੁਆਵਾਂ ਪੁਰ ਅਸਰ ਨਹੀਂ ਹੋਈਆਂ। ਮਿਰਜ਼ਾ ਗਾਲਿਬ ਨੇ ਕਿਹਾ ਨਹੀਂ ਸੀ - ਇਕ ਮੁੱਦਤ ਚਾਹੀਦੀ ਹੈ ਹਾਉਕੇ ਦਾ ਅਸਰ ਹੋਣ ਵਾਸਤੇ। ਉਦੋਂ ਤੱਕ ਕੌਣ ਜਿਉਂਦਾ ਰਹੇਗਾ?

ਤਹਿਰਾਨ ਦਿਖਾਉਣ ਲਈ ਡ੍ਰਾਇਵਰ ਟੈਕਸੀ ਲੈਕੇ ਪੁੱਜ ਗਿਆ। ਮੈਂ ਰਸਤੇ ਵਿਚ ਉਸਨੂੰ ਨਾਮ ਪੁੱਛਿਆ, ਪੱਚੀ ਸਾਲਾ ਗੁਲਾਬੀ ਮੂੰਹ ਵਾਲਾ ਡ੍ਰਾਇਵਰ ਬੋਲਿਆ - ਜੀ ਹੁਸੈਨ। ਮੈਂ ਕਿਹਾ, ਇਹ ਕੀ ਹੋਇਐ ਤੁਹਾਨੂੰ? ਜਿਸ ਮੁੰਡੇ ਨੂੰ ਵੀ ਮੈਂ ਨਾਮ ਪੁੱਛਿਆ - ਉਤਰ ਮਿਲਿਆ - ਹੁਸੈਨ। ਉਹ ਹੱਸ ਪਿਆ। ਕਹਿਣ

www.punjabilibrary.com

ਲੱਗਾ - ਠੀਕ ਆਖਿਆ ਤੁਸਾਂ। ਬਹੁਤ ਮੁੰਡਿਆਂ ਦੇ ਨਾਮ ਹੁਸੈਨ ਨੇ ਤੇ ਕੁੜੀਆਂ ਦੇ ਨਾਮ ਫਾਤਿਮਾ। ਅਸੀਂ ਹੁਸੈਨ ਅਤੇ ਫਾਤਿਮਾ (ਹਜ਼ਰਤ ਅਲੀ ਦੀ ਬੀਵੀ, ਪੈਗੰਬਰ ਮੁਹੰਮਦ ਦੀ ਥੀ ਤੇ ਕਰਬਲਾ ਦੇ ਸ਼ਹੀਦ ਹਸਨ ਤੇ ਹੁਸੈਨ ਦੀ ਮਾਂ) ਦੇ ਤਾਂ ਸ਼ੈਦਾਈ ਹੋਏ ਪਏ ਹਾਂ।

ਗੱਲਾਂ ਕਰਦਿਆਂ ਚੜ੍ਹਦੇ ਵੱਲ ਮੈਂ ਕਾਰ ਦੀ ਤਾਕੀ ਵਿਚੋ ਵੱਡੀ ਝੀਲ ਦੇਖੀ ਤਾਂ ਹੁਸੈਨ ਨੂੰ ਕਾਰ ਰੋਕਣ ਲਈ ਕਿਹਾ ਕਿ ਫੋਟੋਆਂ ਖਿਚੀਏ। ਉਹ ਬੋਲਿਆ - ਕਾਹਨੂੰ ਜੀ ਝੀਲ ਨਹੀਂ ਇਹ, ਦੋਜਖ ਹੈ ਇਹ ਤਾਂ। ਇਹ ਲੂਣ ਦੀ ਉਪਰਲੀ ਤਹਿ ਹੈ ਜਿਹੜੀ ਪਾਣੀ ਵਾਂਗ ਲਿਸ਼ਕ ਰਹੀ ਹੈ। ਦਲਦਲ ਹੈ ਇਹ। ਭੁਲੇਖੇ ਨਾਲ ਕੋਈ ਬੰਦਾ ਜਾਂ ਜਾਨਵਰ ਉਧਰ ਚਲਾ ਜਾਵੇ ਬਸ ਗਿਆ ਸਦਾ ਲਈ। ਬਾਦਸ਼ਾਹ ਪਹਿਲਵੀ ਦੂਜਾ ਆਪਣੇ ਦੁਸ਼ਮਣਾ ਨੂੰ ਹੈਲੀਕਾਪਟਰ ਵਿਚੋਂ ਇਸੇ ਦੋਜਖ਼ ਵਿਚ ਸੁਟਵਾ ਦਿਆ ਕਰਦਾ ਸੀ। ਹੁਣ ਪੂਰੀ ਅਹਿਤਿਆਤ ਵਰਤਦਿਆਂ ਜਦੋਂ ਅਸੀਂ ਲੂਣ ਪੁਟਦੇ ਹਾਂ ਤਾਂ ਕੋਈ ਕੋਈ ਲਾਸ਼ ਏਨੀ ਤਾਜ਼ੀ ਨਿਕਲਦੀ ਹੈ ਜਿਵੇਂ ਇਹ ਹੁਣੇ ਸੁੱਤਾ ਹੋਵੇ, ਬਸ ਹੁਣ ਜਾਗ ਪਏਗਾ। ਮੈਂ ਟੋਕਿਆ - ਹੁਸੈਨ ਇਹ ਤੇਰੀ ਗੱਲ ਠੀਕ ਨੀਂ। ਲੂਣ ਵਿਚ ਤਾਂ ਲਾਸ਼ ਗਲ ਜਾਂਦੀ ਐ। ਉਹ ਬੋਲਿਆ - ਨਹੀਂ ਜੀ, ਲੂਣ ਲਾਸ਼ ਨੂੰ ਖਰਾਬ ਹੋਣ ਤੋਂ ਸੰਭਾਲਦਾ ਹੈ। ਆਪਣੇ ਜਿਸਮ ਦਾ ਸਭ ਤੋਂ ਨਾਜ਼ਕ ਅੰਗ ਅੱਖਾਂ ਨੇ। ਲੂਣੇ ਹੰਝੂ ਇਹਨਾ ਦੀ ਹਿਫਾਜ਼ਤ ਕਰਦੇ ਨੇ, ਗਾਲਦੇ ਨਹੀਂ।

ਮੈਂ ਰੂਹਾਨੀ ਨੂੰ ਕਿਹਾ - ਥੋੜੀ ਜਿਹੀ ਫਾਰਸੀ ਤਾਂ ਸਿਖਾ ਭਰਾ ਮੈਨੂੰ। ਫਰਜ਼ ਕਰੋ ਮੈਂ ਕੁੰਮ ਜਾਣਾ ਹੋਵੇ, ਫਾਰਸੀ ਵਿਚ ਕਿਵੇਂ ਪੁੱਛਾਂਗੇ - ਕਿ ਕੁੰਮ ਨੂੰ ਕਿਹੜੀ ਬੱਸ ਜਾਂਦੀ ਹੈ? ਉਹ ਕਹਿਣ ਲੱਗਾ - ਦੁਨੀਆਂ ਦੇ ਸਾਰੇ ਮੌਲਵੀ ਕੁੰਮ ਵਿਚ ਪੈਦਾ ਹੁੰਦੇ ਨੇ। ਕੁੰਮ ਵਿਚ ਜਾਂਦੇ ਨੇ ਤੇ ਕੁੰਮ ਤੋਂ ਆਉਂਦੇ ਨੇ। ਜਿਸ ਬਸ ਵਲ ਪੰਜ ਸਤ ਮੌਲਵੀ ਤੁਰੇ ਜਾਂਦੇ ਹੋਣ ਸਮਝੋ ਉਹ ਬਸ ਕੁੰਮ ਜਾ ਰਹੀ ਹੈ। ਸਾਡੇ ਨੇੜੇ ਕੁੰਮ ਜਾਣ ਵਾਲੀ ਬਸ ਰੁਕੀ ਤਾਂ ਮੈਂ ਦੇਖਿਆ, 40 ਸਵਾਰੀਆਂ ਵਿਚੋਂ 34 ਮੌਲਵੀ ਸਨ।

ਰੂਹਾਨੀ ਬੜਾ ਹਸਮੁਖ ਜੁਆਨ ਹੈ। ਤਿੰਨ ਸਾਲ ਪਹਿਲਾਂ ਇਹ ਮੇਰੀ ਯੂਨੀਵਰਸਿਟੀ ਵਿਚ ਆਇਆ ਸੀ, ਚਿਤਰਕਾਰ ਵੀ ਹੈ, ਇਸਦਾ ਜ਼ਿਕਰ ਮੈਂ ਭਾਈ ਲਕਸ਼ਵੀਰ ਸਿੰਘ ਵਾਲੇ ਲੇਖ ਵਿਚ ਕਰ ਚੁਕਿਆ ਹਾਂ। ਉਸਨੇ ਮੈਨੂੰ ਇਕ ਈਰਾਨੀ ਲਤੀਫਾ ਸੁਣਾਇਆ। ਇਕ ਮੌਲਵੀ ਕੋਲ ਹਰ ਰੋਜ਼ ਇਕ ਬੰਦਾ ਜਾਇਆ ਕਰੇ ਕਿ ਮੇਰੇ ਘਰ ਜਿੰਨ ਆਉਂਦਾ ਹੈ, ਤਵੀਤ ਦਿਉ। ਮੌਲਵੀ ਨੇ ਬਥੇਰਾ ਸਮਝਾਇਆ ਕਿ ਇਹ ਤੇਰਾ ਵਹਿਮ ਹੈ, ਜਿੰਨ ਭੂਤ ਦਾ ਖਿਆਲ ਦਿਮਾਗੋਂ ਕੱਢ ਦੇਹ। ਪਰ ਉਹ ਨਾਂ ਹੀ ਹਟਿਆ ਤਾਂ ਇਕ ਦਿਨ ਮੌਲਵੀ ਨੇ ਚਾਰ ਤਵੀਤ ਦੇਕੇ ਕਿਹਾ - ਅਪਣੇ ਘਰ ਦੇ ਚਾਰੇ ਕੋਨਿਆਂ ਵਿਚ ਇਹ ਤਵੀਤ ਦੱਬ ਦੇਈਂ। ਬਸ ਜਿੰਨ ਆਉਣੋ ਹਟ ਜਾਏਗਾ। ਉਸ ਬੰਦੇ ਨੇ ਇਵੇਂ ਕੀਤਾ। ਜਿੰਨ ਆਉਣ ਤੋ ਹਟ ਗਿਆ। ਇਹ ਦੱਸਣ ਲਈ ਕਿ ਜਿੰਨ ਆਉਣੋ ਹਟ ਗਿਆ ਹੈ, ਸ਼ੁਕਰਾਨਾ ਕਰਨ ਲਈ ਉਹ ਫਿਰ ਮੌਲਵੀ ਦੇ ਘਰ ਚਲਾ ਗਿਆ। ਮੌਲਵੀ ਨੂੰ ਦੱਸਿਆ ਕਿ ਜਿੰਨ ਆਉਣ ਤੋਂ ਹਟ ਗਿਆ ਹੈ ਜੀ। ਮੌਲਵੀ ਬੋਲਿਆ - ਇਸਦਾ ਮਤਲਬ ਇਹ ਹੋਇਆ ਕਿ ਤੂੰ ਜਿੰਨ ਤੋਂ ਵਧੀਕ ਖਤਰਨਾਕ ਹੈਂ। ਉਹੀ ਚਾਰ ਤਵੀਤ ਜਿਹੜੇ ਤੈਨੂੰ ਦਿਤੇ, ਮੈਂ ਆਪਣੇ ਘਰ ਦੇ ਦੁਆਲੇ ਚਾਰ ਕੋਨਿਆਂ ਵਿਚ ਦੱਬੇ ਤਾਂ ਕਿ ਤੂੰ ਆਉਣੋਂ ਹਟ ਜਾਏਂ। ਤੇਰੇ ਘਰ ਜਿੰਨ ਆਉਣੋਂ ਹਟ ਗਿਆ ਪਰ ਮੇਰੇ ਘਰ ਆਉਣੋਂ ਤੂੰ ਨਹੀਂ ਹਟਦਾ।

ਕੁਝ ਮੌਲਵੀ ਏਨੀ ਵਾਰ ਦੇਰ ਤਕ ਜ਼ਮੀਨ ਉਪਰ ਸਜਦਾ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਮੱਥੇ ਉਪਰ ਅੱਟਣ ਅਤੇ ਦਾਗ ਪੈ ਜਾਂਦਾ ਹੈ। ਇਨ੍ਹਾਂ ਮੌਲਵੀਆਂ ਦਾ ਸਤਿਕਾਰ ਵਧੀਕ ਹੋਣ ਕਰਕੇ ਕੋਈ ਕੋਈ ਮੌਲਵੀ ਚਮਚਾ ਗਰਮ ਕਰਕੇ ਅਪਣੇ ਮੱਥੇ ਉਪਰ ਦਾਗ ਦੇ ਲੈਂਦਾ ਹੈ ਤਾਂ ਉਸਦੀ ਵੀ ਬੱਲੇ ਬੱਲੇ।

ਹਬੀਬ ਨੇ ਗੰਬਰੀ ਨੂੰ ਪੁੱਛਿਆ - ਪ੍ਰੋਫੈਸਰ ਸਾਹਿਬ, ਤੁਸੀਂ ਬਾਦਸ਼ਾਹ ਦੀ ਹਕੂਮਤ ਨੂੰ ਠੀਕ ਸਮਝਦੇ ਹੋ ਕਿ ਹੁਣ ਵਾਲੀ ਇਸਲਾਮੀ ਹਕੂਮਤ? ਗੰਬਰੀ ਨੇ ਕਿਹਾ - ਤੁਹਾਡਾ ਸਵਾਲ ਕਿਉਂਕਿ ਸਿਆਸੀ ਹੈ, ਸਿਆਸੀ ਉੱਤਰ ਦਿਆਂਗਾ। ਈਰਾਨ ਦਾ ਇਕ ਧੜਾ ਆਖਦਾ ਹੈ ਪੂਰੀ ਆਜ਼ਾਦੀ ਚਾਹੀਦੀ ਹੈ, ਦੂਜਾ ਆਖਦਾ ਹੈ ਪੂਰੀ ਇਸਲਾਮੀ ਹਕੂਮਤ, ਤੀਜਾ ਧੜਾ ਆਖਦਾ ਹੈ - ਨਹੀਂ ਰਲਵਾਂ ਮਿਲਮਾਂ ਇੰਤਜ਼ਾਮ ਚਾਹੀਦਾ ਹੈ। ਮੈਂ ਤਿੰਨਾ ਨਾਲ ਸਹਿਮਤ ਨਹੀਂ। ਹਾਲੇ, ਜਦੋਂ ਕਿ ਮੈਂ ਖੁਦ ਨਾਲ ਵੀ ਸਹਿਮਤ ਨਹੀਂ ਤਾਂ ਹੋਰਨਾ ਤਿੰਨਾਂ ਤੇਰਾਂ ਨਾਲ ਕਿਉਂ ਸਹਿਮਤ ਹੋਵਾਂ?

ਗੰਬਰੀ ਨੂੰ ਮੈਂ ਪੁੱਛਿਆ - ਹਿੰਦੁਸਤਾਨੀ ਧਰਮਾ ਬਾਰੇ ਤੁਹਾਡਾ ਕੀ ਪ੍ਰਭਾਵ ਹੈ? ਉਸ ਕਿਹਾ - ਸਾਰੇ ਸਾਮੀ ਧਰਮ ਨਕਾਬਪੋਸ਼ ਹਨ। ਹਿੰਦੁਸਤਾਨੀ ਮਜਹਬ ਇਨ੍ਹਾਂ ਦੇ ਮੁਕਾਬਲੇ ਕਿਤੇ ਖੁਲ੍ਹਦਿਲੇ ਹਨ। ਇਕ ਤਾਂ

www.punjabilibrary.com

ਉਹ ਘੜੀਆਂ ਹੁੰਦੀਆਂ ਹਨ ਜਿਨ੍ਹਾਂ ਦੀਆਂ ਕੇਵਲ ਸੂਈਆਂ ਅਤੇ ਡਾਇਲ ਦਿਸਦਾ ਹੈ, ਇਕ ਉਹ ਘੜੀਆਂ ਹਨ ਜਿਹੜੀਆਂ ਪਾਰਦਰਸ਼ੀ ਹਨ, ਸਾਰੀ ਮਸ਼ੀਨਰੀ ਚਲਦੀ ਦਿਸਦੀ ਹੈ। ਹਿੰਦੁਸਤਾਨੀ ਵਧੀਕ ਪਾਰਦਰਸ਼ੀ ਹਨ।

ਉਹ ਬੁੱਧ ਮੱਤ ਪੜ੍ਹਾਉਂਦਾ ਹੈ। ਮੈਂ ਪੁੱਛਿਆ - ਤੁਹਾਨੂੰ ਕੀ ਲਗਦੈ ਕਿ ਬੁੱਧ ਮੱਤ ਬਾਕੀ ਸਭਨਾ ਤੋਂ ਵਧੀਕ ਪਾਰਦਰਸ਼ੀ ਹੈ? ਉਸ ਕਿਹਾ - ਨਹੀਂ, ਹਿੰਦੂ ਮੱਤ ਵਧੀਕ ਪਾਰਦਰਸ਼ੀ ਹੈ। ਇਸ ਵਿਚ ਸਰਬੋਤਮ ਰੂਹਾਨੀ ਉਡਾਣ ਤੋਂ ਲੈ ਕੇ ਆਦਮਜ਼ਾਤ ਦੀ ਨੀਵੀਂ ਤੋਂ ਨੀਵੀਂ ਰਸਾਤਲ ਅਤੇ ਬਦੀ ਮੌਜੂਦ ਹੈ ਤੇ ਇਹ ਸਾਰੇ ਦਾ ਸਾਰਾ ਧਰਮ ਦਾ ਹਿੱਸਾ ਹੈ। ਧਨ-ਦੇਵੀ(ਲੱਛਮੀ) ਦੀ ਪੂਜਾ ਵੀ ਹੁੰਦੀ ਹੈ ਕਾਮ-ਅੰਗਾਂ ਦੀ ਵੀ।

ਗੰਬਰੀ ਕਹਿਣ ਲੱਗਾ, ਛੱਡੋ ਇਹ ਗੱਲਾਂ ਭਾਈ। ਥੱਕ ਜਾਵਾਂਗੇ। ਤੁਹਾਨੂੰ ਈਰਾਨ ਦਾ ਲੋਕ ਗੀਤ ਸੁਣਾਉਂਦਾ ਹਾਂ। ਉਸਨੇ ਗਾਕੇ ਜੋ ਟੱਪੇ ਸੁਣਾਏ ਉਨ੍ਹਾਂ ਦੇ ਇਹ ਅਰਥ ਹਨ:

*ਗੋਰੀ : ਪਰਦੇਸ ਚੱਲਿਆ ਮਾਹੀਆ ਮੇਰੇ ਲਈ ਕੀ ਲਿਆਏਂਗਾ?*
*ਜੁਆਨ : ਇਤਰ ਅਤੇ ਵੰਗਾਂ, ਗੋਰੀਏ ਇਤਰ ਤੇ ਸੁਹਣੀਆਂ ਵੰਗਾਂ।*
*ਗੋਰੀ : ਪਰ ਤੂੰ ਤਾਂ ਦਾਰੇ (ਡੇਰੀਅਸ) ਦਾ ਸਿਪਾਹੀ ਸੁਣੀਂਦਾ ਹੈਂ,*
*ਤੇਰੇ ਨਾਲ ਮੇਰਾ ਕੀ ਸਬੰਧ ਸਿਪਾਹੀਆ ?*
*ਜੁਆਨ : ਨਾਂ ਗੋਰੀਏ ਨਾਂ। ਕਿਸੇ ਨੇ ਚੁਗਲੀ ਕੀਤੀ ਹੈ ਮੇਰੀ। ਮੈਂ ਤਾਂ*
*ਰੂਮੀ ਅਤੇ ਸ਼ੀਰਾਜ਼ੀ ਦੇ ਦੇਸ ਦਾ ਬਾਸ਼ਿੰਦਾ ਹਾਂ, ਮੇਰਾ ਦਾਰੇ*
*ਨਾਲ ਕੀ ਵਾਸਤਾ ?*

ਦਾਰਾ ਵਡਪਰਤਾਪੀ ਬਾਦਸ਼ਾਹ ਸੀ ਬੇਸ਼ਕ, ਈਰਾਨੀ ਗੋਰੀਆਂ ਨੂੰ ਰੂਮੀ ਅਤੇ ਸ਼ੀਰਾਜ਼ੀ ਪਸੰਦ ਨੇ। ਸ਼ੀਰਾਜ਼ੀ ਨੂੰ ਲੋਕ ਗੀਤਾਂ ਵਿਚ ਰੂਹਾਨੀਅਤ ਦਾ ਘੁੰਡ ਚੁੱਕਣ ਵਾਲਾ ਜੁਆਨ ਕਹਿ ਕੇ ਯਾਦ ਕੀਤਾ ਹੈ, ਜ਼ੁਬਾਨਿ ਗਾਇਬ। ਗੰਬਰੀ ਹਸਮੁਖ ਆਦਮੀ ਹੈ, ਉਸਨੇ ਹਾਫਿਜ਼ ਦਾ ਸ਼ਿਅਰ ਸੁਣਾਇਆ - ਜਿਸ ਗਲੀ ਵਿਚ ਮੇਰੀ ਮਹਿਬੂਬਾ ਵਸਦੀ ਹੈ, ਉਧਰ ਨਾ ਜਾਈਂ। ਜੇ ਕਿਤੇ ਦਿਸ ਪਈ ਫਿਰ ਉਸ ਵੱਲ ਦੇਖਦਾ ਤੁਰਿਆ ਜਾਏਂਗਾ ਤੇ ਕੰਧਾਂ ਨਾਲ ਟਕਰਾਂਦਾ ਫਿਰੇਂਗਾ। ਇਹ ਸੁਣਾ ਕੇ ਕਹਿਣ ਲੱਗਾ - ਪੱਗਾਂ ਬੰਨ੍ਹੀਆਂ ਹੋਈਆਂ ਹੋਣ ਕਰਕੇ ਸਿੱਖ ਬਚ ਰਹਿਣਗੇ, ਬਾਕੀ ਜਹਾਨ ਮਾਰਿਆ ਜਾਏਗਾ ਸਿਰ ਭਨਾ ਕੇ।

ਮਿਫਤਾਹ ਨੇ ਦੱਸਿਆ - ਅੰਗਰੇਜ਼ ਗੋਰੇ ਗੋਰੀਆਂ ਇਥੇ ਆਕੇ ਈਰਾਨ ਈਰਾਨੀਆਂ ਬਾਬਤ ਅੰਗਰੇਜ਼ੀ ਵਿਚ ਲਿਖੀਆਂ ਕਿਤਾਬਾਂ ਮੰਗਦੇ ਹਨ। ਜਿਹੜੀਆਂ ਕਿਤਾਬਾਂ ਅਸੀਂ ਉਨ੍ਹਾਂ ਨੂੰ ਦਿੰਦੇ ਹਾਂ, ਲੈਕੇ ਹੱਸ ਪੈਂਦੇ ਨੇ ਤੇ ਕਹਿੰਦੇ ਨੇ - ਇਹ ਤਾਂ ਅਸੀਂ ਲਿਖੀਆਂ ਹਨ। ਜੋ ਤੁਸੀਂ ਲਿਖਿਆ, ਉਹ ਦਿਉ। ਅਸੀਂ ਅੰਗਰੇਜ਼ੀ ਵਿਚ ਜਦੋਂ ਕੁਝ ਲਿਖਿਆ ਹੀ ਨਹੀਂ ਫਿਰ ਕੀ ਦੇਈਏ?

ਖੁਰਸ਼ੀਦ ਨੇ ਦੱਸਿਆ ਕਿ ਸਾਅਦੀ ਅਤੇ ਹਾਫਿਜ਼ ਨੂੰ ਇਸ ਗਲ ਦਾ ਕੋਈ ਅਫ਼ਸੋਸ ਨਹੀਂ ਕਿ ਫਾਰਸੀ ਵਿਚ ਅਰਬੀ ਦੇ ਲਫਜ਼ ਰਲ ਰਹੇ ਹਨ। ਉਨ੍ਹਾਂ ਵਾਸਤੇ ਖਿਆਲ ਸਰਬੋਤਮ ਹੈ ਬੋਲੀ ਨਹੀਂ। ਪਰ ਫਿਰਦੌਸੀ ਨੂੰ ਅਰਬੀ ਨਾਲ ਨਫ਼ਰਤ ਹੈ। ਅਪਣੇ ਸ਼ਾਹਨਾਮੇ ਵਿਚ ਉਸਨੇ ਅਰਬਾਂ ਨੂੰ ਮੋਟੀਆਂ ਮੋਟੀਆਂ ਗਾਲਾਂ ਕੱਢੀਆਂ ਹਨ। ਸ਼ਾਹਨਾਮਾ-ਇ-ਫਿਰਦੌਸੀ ਦੇ ਦੋ ਸ਼ਿਅਰ ਸੁਣੋ :

*ਬਸੇ ਰੰਜ ਬੁਰਦਮ ਦਰ ਈਂ ਸਾਲਿਸੀ।*
*ਅਜ਼ਮ ਜ਼ਿੰਦਾ ਕਰਦਮ ਬਦੀਂ ਪਾਰਸੀ।*
*ਨਮੀਰਮ ਅਜ਼ੀਂ ਪਸ ਕਿ ਮਨ ਜ਼ਿੰਦਾ ਅਮ।*
*ਕਿ ਤੁਖ਼ਮਿ ਸੁਖ਼ਨ ਰਾ ਪਰਾ ਕੰਦਾ ਅਮ।*

(ਇਨ੍ਹਾਂ ਤੀਹ ਸਾਲਾਂ ਵਿਚ ਬੜੇ ਕਸ਼ਟ ਝੱਲੇ। ਮੈਂ ਅਪਣੀ ਫਾਰਸੀ ਜ਼ਬਾਨ ਅਤੇ ਆਪਣਾ ਮੁਲਕ ਜਿਉਂਦੇ ਕਰ ਦਿਤੇ। ਮਰਾਂਗਾ ਨਹੀਂ ਹੁਣ, ਕਿਉਂਕਿ ਫਾਰਸੀ ਜ਼ਬਾਨ ਦੇ ਬੀਜ ਮੈਂ ਖੂਰੇ ਈਰਾਨ ਵਿਚ ਖਲਾਰ ਦਿਤੇ ਹਨ।)

ਫਿਰਦੌਸ ਸ਼ਹਿਰ ਦਾ ਨਾਮ ਹੁਣ ਤੂਸ ਹੈ। ਫਿਰਦੌਸ ਮਾਇਨੇ ਸੁਰਗ, ਪਹਿਲਾਂ ਵਿਗੜ ਕੇ ਫਿਰਤੂਸ ਬਣ ਗਿਆ ਤੇ ਆਖਰ ਅੱਜ ਤੂਸ ਰਹਿ ਗਿਆ। ਇਕ ਵੱਡੀ ਸੜਕ ਉਤੇ ਗੱਡੇ ਹੋਏ ਸਾਈਨ ਬੋਰਡ ਉਪਰ ਤੀਰ ਦੱਸ ਰਿਹਾ ਸੀ ਕਿ ਇਹ ਰਸਤਾ ਅੱਰਾਕ ਨੂੰ ਜਾਂਦਾ ਹੈ। ਅੰਗਰੇਜ਼ੀ ਵਿਚ Arrack ਲਿਖਿਆ ਪੜ੍ਹਕੇ ਮੈਂ ਪੁਛਿਆ - ਈਰਾਕ ਦੇ ਸਪੈਲਿੰਗ ਗਲਤ ਕਿਉਂ ਲਿਖੇ ਹੋਏ ਹਨ? ਮੈਨੂੰ ਦੱਸਿਆ ਗਿਆ ਕਿ

www.punjabilibrary.com

ਇਹ ਰਸਤਾ ਈਰਾਕ ਨੂੰ ਨਹੀਂ, ਅੱਰਾਕ ਨੂੰ ਜਾਂਦਾ ਹੈ। ਅੱਰਾਕ ਈਰਾਨ ਦਾ ਉਹ ਸੂਬਾ ਹੈ ਜਿਥੋਂ ਦੇ ਘੋੜੇ ਸਾਰੇ ਜਹਾਨ ਵਿਚ ਮਸ਼ਹੂਰ ਹਨ। ਲਉ ਜੀ, ਕਮਾਲ ਹੋਈ। ਸਾਰੇ ਪੁਰਾਣੇ ਪੰਜਾਬੀ ਗ੍ਰੰਥਾਂ ਵਿਚ ਅੱਰਾਕੀ ਘੋੜਿਆ ਦਾ ਜ਼ਿਕਰ ਹੈ, ਕਿਤੇ ਕਿਤੇ ਰੱਾਕੀ ਵੀ ਲਿਖਿਆ ਮਿਲਦਾ ਹੈ, ਪਰ ਈਰਾਕੀ ਨਹੀਂ। ਮੈਂ ਸਮਝਦਾ ਹੁੰਦਾ ਸਾਂ ਕਿ ਪੰਜਾਬੀ ਬਾਬਿਆਂ ਨੇ ਈਰਾਕੀ ਲਫਜ਼ ਵਿਗਾੜ ਕੇ ਅੱਰਾਕੀ ਲਿਖ ਦਿੱਤਾ ਹੈ। ਮੇਰੇ ਪਿੰਡ ਕੋਈ ਘੋੜਾ ਖਰੀਦ ਕੇ ਲਿਆਉਂਦਾ ਤਾਂ ਪੁਛਿਆ ਜਾਂਦਾ - ਅੱਰਾਕੀ ਕਿੰਨੇ ਦਾ ਲਿਆਇਐਂ ਬਈ? ਘੋੜੇ ਦਾ ਮਾਲਕ ਖੁਸ਼ ਹੋ ਜਾਂਦਾ ਕਿ ਪੁਛਣ ਵਾਲਾ ਢੀਚਕ ਟੈਰ ਨੂੰ ਅੱਰਾਕੀ ਦੱਸ ਰਿਹੈ।

ਕੁੰਮ ਦੀ ਉਚੀ ਪਹਾੜੀ ਉਪਰ ਪੈਗੰਬਰ ਖਿਜ਼ਰ ਦੀ ਦਰਗਾਹ ਹੈ। ਹੇਠਾਂ ਤੋਂ ਉਪਰ ਤੱਕ ਆਉਣ ਜਾਣ ਦਾ ਘੰਟਾ ਕੁ ਲਗਦਾ ਹੈ। ਤਕਰੀਬਨ ਹਰ ਸ਼ਾਮ ਅਸੀਂ ਦਰਗਾਹ ਚਲੇ ਜਾਂਦੇ। ਚਾਅ ਨਾਲ ਲੋਕ ਮਿਲਦੇ। ਇਕ ਦਿਨ ਮੈਂ ਆਪਣੀ ਬੀਵੀ ਨੂੰ ਕਿਹਾ ਕਿ ਮੈਂ ਇਥੇ ਬੈਠਦਾ ਹਾਂ, ਤੂੰ ਜਾਣੈ ਤਾਂ ਜਾ ਆ। ਉਹ ਚਲੀ ਗਈ। ਮੈਂ ਬੈਂਚ ਉਪਰ ਬੈਠਾ ਸਾਂ ਤਾਂ ਇਕ ਔਰਤ ਮੇਰੇ ਕੋਲ ਆਕੇ ਪੁੱਛਣ ਲੱਗੀ - ਤੁਰਾ ਖਾਨਮ ਕੁਜਾਂ ਅਸਤ? (ਤੇਰੀ ਔਰਤ ਕਿਥੇ ਚਲੀ ਗਈ?), ਮੈਂ ਖਿਜ਼ਰ ਦੇ ਦਰਬਾਰ ਵਲ ਉਂਗਲ ਉਚੀ ਕਰਕੇ ਕਿਹਾ - ਊਂਜਾ, ਜ਼ਿਆਰਤਿ ਦਰਬਾਰਿ ਖਿਜ਼ਰ। ਫਾਰਸੀ ਦਾ ਮੇਰਾ ਇਹ ਵਾਕ ਵਿਆਕਰਣ ਮੁਤਾਬਕ ਗਲਤ ਹੈ ਪਰ ਇਸਦਾ ਅਰਥ- ਉਥੇ, ਖਿਜ਼ਰ ਦੇ ਦਰਬਾਰ ਦੀ ਪਰਿਕਰਮਾ ਕਰਨ, ਉਹ ਸਮਝ ਗਈ। ਜਦੋਂ ਅਗੋਂ ਹੋਰ ਗੱਲਾਂ ਕਰਨ ਲੱਗੀ ਤਾਂ ਮੈਂ ਕਿਹਾ - ਫਾਰਸੀ ਨ ਮੀ ਦਾਨਮ(ਫਾਰਸੀ ਮੈਨੂੰ ਆਉਂਦੀ ਨਹੀਂ - ਇਹ ਇਕ ਪੁਰਾਣੇ ਫਿਲਮੀ ਗੀਤ ਦਾ ਬੋਲ ਮੈਨੂੰ ਯਾਦ ਸੀ, ਜਿਸਦੀ ਵਰਤੋਂ ਕੀਤੀ), ਸੁਣਕੇ ਉਹ ਔਰਤ ਹੱਸੀ ਤੇ ਕੁਝ ਕਹਿਕੇ ਚਲੀ ਗਈ। ਮੈਂ ਈਵੇਜ਼ੀ ਨੂੰ ਪੁੱਛਿਆ - ਕੀ ਕਹਿ ਕੇ ਗਈ ਹੈ? ਉਸਨੇ ਦੱਸਿਆ - ਆਖਦੀ ਸੀ ਚੰਗੀ ਭਲੀ ਫਾਰਸੀ ਜ਼ਬਾਨ ਬੋਲੀਂ ਤਾਂ ਜਾਨੈਂ, ਸਿਧੀ ਤਰ੍ਹਾਂ ਆਖ ਕਿ ਗੱਲ ਨੀਂ ਕਰਨੀ।

ਉਥੇ ਹੀ ਇਕ ਪੰਜਾਹ ਕੁ ਸਾਲ ਦਾ ਅਧੇੜ ਉਮਰ ਬੰਦਾ ਮੈਨੂੰ ਕਹਿਣ ਲੱਗਾ, ਜੇ ਆਗਿਆ ਮਿਲੇ ਤਾਂ ਹਸਨ ਹੁਸੈਨ ਦੀ ਨਾਅਤ ਸੁਣਾ ਦਿਆਂ? ਇਹ ਨਾਅਤ (ਸਿਫਤਾਂ ਭਰਪੂਰ ਗੀਤ, ਕਸੀਦਾ) ਮੁਹੰਮਦ ਇਕਬਾਲ ਦੀ ਹੈ ਜੀ। ਉਸਨੇ ਏਨਾ ਸੁਰ ਵਿਚ ਗਾਇਆ, ਕਿ ਕੱਖ ਸਮਝ ਨਾ ਆਉਣ ਦੇ ਬਾਵਜੂਦ ਮੈਂ ਉਸ ਦੀਆਂ ਧੁਨਾ ਤੋਂ ਦੰਗ ਰਹਿ ਗਿਆ। ਮੈਂ ਉਸਨੂੰ ਦਸਿਆ ਕਿ ਉਰਦੂ ਵਿਚ ਲਿਖੇ ਉਸਦੇ ਤਿੰਨੇ ਦੀਵਾਨ ਤਾਂ ਮੈਂ ਪੜ੍ਹ ਲਏ ਹਨ ਪਰ ਫਾਰਸੀ ਮੈਨੂੰ ਆਉਂਦੀ ਨੀਂ। ਇਕਬਾਲ ਨੇ ਚੰਗਾ ਲਿਖਿਐ ਫਾਰਸੀ ਵਿਚ? ਉਹ ਬੋਲਿਆ - ਹੱਛਾ? ਉਰਦੂ ਵਿਚ ਏਨਾ ਵਕਤ ਜ਼ਾਇਆ ਕੀਤਾ ਉਸ ਪਾਗਲ ਨੇ? ਕੀ ਲੋੜ ਸੀ? ਜਦੋਂ ਏਨੀ ਗਜ਼ਬ ਦੀ ਫਾਰਸੀ ਨਜ਼ਮ ਲਿਖ ਸਕਦਾ ਸੀ, ਫਿਰ ਧੱਕੇ ਕਿਉਂ ਖਾਧੇ ਉਸਨੇ ? ਮੈਂ ਕਿਹਾ - ਭਾਈ ਮੇਰੇ ਵਰਗੇ ਜਾਹਲ ਵਾਸਤੇ ਲਿਖਕੇ ਕੀ ਚੰਗਾ ਨਹੀਂ ਕੀਤਾ ਉਸਨੇ ? ਫਿਰ ਮੈਂ ਪੁਛਿਆ ਕਿ ਕਾਰੋਬਾਰ ਕੀ ਕਰਦੇ ਹੋ। ਉਸ ਦੱਸਿਆ ਕਿ ਸਬਜ਼ੀ ਵੇਚਣ ਦਾ ਕੰਮ ਹੈ। ਮੈਂ ਕਿਹਾ - ਕਮਾਲ ਹੋਈ ਇਹ ਤਾਂ। ਸਬਜ਼ੀਆਂ ਵੇਚਣ ਵਾਲਾ ਬੰਦਾ ਏਨਾ ਸੁਹਣਾ ਗਾ ਸਕਦੈ ! ਉਸਨੇ ਕਿਹਾ - ਜਿੰਨਾ ਆਵਾਜ ਦਾ ਰਿਆਜ਼ ਸਬਜ਼ੀ ਵੇਚਣ ਵਾਲੇ ਕਰਦੇ ਨੇ, ਜੇ ਗਾਉਣ ਵੱਲ ਧਿਆਨ ਦੇਣ ਤਾਂ ਅਜੋਕੇ ਗਾਇਕ ਛੋਕਰੇ ਸਬਜ਼ੀਆਂ ਵੇਚਣ ਲੱਗ ਜਾਣ। ਸਮਝੇ? ਖੂਬ ਹੱਸੇ।

ਇਕ ਦਿਨ ਸਬਜ਼ੀ ਖਰੀਦਿਆਂ ਮੈਂ ਦੁਕਾਨਦਾਰ ਨੂੰ ਕਿਹਾ - ਪੰਜ ਸੱਤ ਕੁ ਕਿਲੋ ਦਾ ਤਰਬੂਜ਼ ਦਿਉ। ਉਸ ਕਿਹਾ - ਤਰਬੂਜ਼ ਤਾਂ ਜੀ ਹੈ ਨੀ ਮੇਰੇ ਕੋਲ। ਮੈਂ ਵੱਡੇ ਢੇਰ ਵੱਲ ਇਸ਼ਾਰਾ ਕਰਕੇ ਕਿਹਾ - ਆਹ ਕਿੰਨੇ ਪਏ ਤਾਂ ਹਨ। ਉਹ ਬੋਲਿਆ - ਤੁਸੀਂ ਤਰਬੂਜ਼ ਕਹਿੰਨੇ ਓ ਇਸਨੂੰ ? ਮੈਂ ਕਿਹਾ - ਹੋਰ ਕੀ ? ਤੁਸੀਂ ਕੀ ਆਖਦੇ ਓ? ਉਸ ਕਿਹਾ - ਤਰਬੂਜ਼ ਦਾ ਸਾਨੂੰ ਈਰਾਨੀਆਂ ਨੂੰ ਕੋਈ ਪਤਾ ਨੀਂ ਕੀ ਹੁੰਦੈ। ਅਸੀਂ ਇਹਨੂੰ ਹਿੰਦਵਾਣਾ ਆਖਦੇ ਆਂ ਕਿਉਂਕਿ ਤੁਹਾਡੇ ਦੇਸ ਹਿੰਦੁਸਤਾਨ ਤੋਂ ਤਾਂ ਇਹ ਆਇਐ ਇਥੇ ਸਾਡੇ ਕੋਲ। ਲਉ ਜੀ, ਹਦਵਾਣੇ ਸ਼ਬਦ ਦਾ ਇਤਿਹਾਸ ਵੀ ਸਬਜ਼ੀ ਵੇਚਣ ਵਾਲੇ ਨੇ ਸੁਣਾਇਆ।

ਸਾਨੂੰ ਕੁੰਮ ਗਿਆਂ ਪੰਦਰਾਂ ਕੁ ਦਿਨ ਹੋਏ ਸਨ ਕਿ ਖੁਸ਼ੀ ਦਾ ਮਾਹੌਲ ਬਣ ਗਿਆ। ਸਰਕੁਲਰ ਆ ਗਿਆ ਕਿ ਧਰਮ ਅਧਿਐਨ ਦਾ ਇਹ ਸੈਂਟਰ ਹੁਣ ਯੂਨੀਵਰਸਿਟੀ ਬਣ ਗਿਆ ਹੈ। ਅਗਲੇ ਹੀ ਦਿਨ ਕਾਨਫਰੰਸ ਹਾਲ ਵਿਚ ਵੱਡਾ ਇਕੱਠ ਹੋਇਆ। ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਤਹਿਰਾਨ ਪਾਰਲੀਮੈਂਟ ਦਾ ਡਿਪਟੀ ਸਪੀਕਰ ਵੀ ਹੈ। ਉਸਦਾ ਨਾਮ ਹੈ ਨਵਾਬ ਅਬੁਲ ਹਸਨ। ਮੈਨੂੰ, ਹਬੀਬ ਨੂੰ ਤੇ ਮੇਰੀ ਬੀਵੀ ਨੂੰ ਸਟੇਜ ਦੇ ਉਪਰ ਬਿਠਾ ਕੇ ਸਨਮਾਨਾ ਦੀਆਂ ਲਹਿਰਾਂ ਚਲਾ ਦਿਤੀਆਂ। ਸਾਰੇ ਇਹੋ ਆਖੀ ਜਾਣ -

www.punjabilibrary.com

ਸਾਡੇ ਹਿੰਦੁਸਤਾਨੀ ਭਰਾਵਾਂ ਦੇ ਪਵਿੱਤਰ ਕਦਮ ਪਏ ਤਾਂ ਸੈਂਟਰ, ਯੂਨੀਵਰਸਿਟੀ ਬਣ ਗਿਆ। ਮੈਂ ਵਾਈਸ-ਚਾਂਸਲਰ ਨੂੰ ਕਿਹਾ - ਇਹ ਜ਼ਿਆਦਤੀ ਕਿਉਂ ਕਰਦੇ ਹੋ? ਅਸੀਂ ਕੀ ਕੀਤਾ ਹੈ ਇਸ ਵਾਸਤੇ? ਨਵਾਬ ਸਾਹਿਬ ਬੋਲੇ - ਹੋਰ ਕੀ ਕਰਨਾ ਸੀ ਤੁਸਾਂ? ਅਸੀਂ ਤਾਂ ਪਿਛਲੇ ਦਸਾਂ ਸਾਲਾਂ ਤੋਂ ਜ਼ੋਰ ਲਾਈ ਜਾਂਦੇ ਸਾਂ ਪਰ ਸਰਕਾਰ ਸੀ ਕਿ ਮੰਨਦੀ ਨਹੀਂ ਸੀ। ਤੁਸੀਂ ਨਾਂ ਆਉਂਦੇ ਤਾਂ ਇਹ ਸਰਕੂਲਰ ਆਣਾ ਈ ਨੀ ਸੀ। ਅਸੀਂ ਤੁਹਾਡਾ ਅਹਿਸਾਨ ਕਦੀ ਨਾ ਭੁੱਲਾਂਗੇ। ਨੇਕਬਖਤਾਂ ਨੇ ਕਰਨਾ ਨਹੀਂ ਹੁੰਦਾ ਕੁਝ, ਬਸ ਕਦਮ ਰੱਖਿਆ ਤੇ ਅੱਲਾਹ ਨੇ ਵਿਗੜੇ ਕੰਮ ਸੁਆਰ ਦਿੱਤੇ।

ਮੈਨੂੰ ਵੀ ਦੋ ਲਫਜ਼ ਬੋਲਣ ਲਈ ਕਿਹਾ। ਤਰਜਮਾਕਾਰ ਨਾਲ ਮੌਜੂਦ ਹੁੰਦਾ ਸੀ, ਮੁਹੰਮਦ ਰੂਹਾਨੀ। ਮੈਂ ਬਿਸਮਿੱਲੇ ਨੂੰ ਰੱਟਾ ਲਾਇਆ ਹੋਇਆ ਸੀ, ਸਹੀ ਬਿਸਮਿੱਲਾਹ ਉਚਾਰਿਆ। ਇਕ ਵਿਦਿਆਰਥੀ ਖਲੋ ਕੇ ਕਹਿਣ ਲੱਗਾ - ਦਾਨਿਸ਼ਵਰਿ ਹਿੰਦੁਸਤਾਂ, ਇਹ ਤਾਂ ਸਾਡਾ ਬਿਸਮਿਲਾਹ ਪੜ੍ਹਿਆ ਤੁਸੀਂ। ਅਸੀਂ ਤੁਹਾਡਾ ਬਿਸਮਿਲਾਹ ਅਤੇ ਉਸਦੇ ਅਰਥ ਜਾਣਨੇ ਚਾਹੁੰਦੇ ਹਾਂ। ਮੈਂ ਸੋਚਿਆ - ਪਹਿਲਾਂ ਮੈਂ ਫਤਿਹ ਬੁਲਾਵਾਂਗਾ, ਫੇਰ ਫਤਿਹ ਦੇ ਅਰਥ ਕਰਕੇ ਦਸਾਂਗਾ, ਕਿਉਂ ਨਾ ਜ਼ਫਰਨਾਮੇ ਦਾ ਸ਼ਿਅਰ ਸੁਣਾ ਦਿਆਂ? ਮੈਂ ਸੁਣਾਇਆ।

ਕਮਾਲਿ ਕਰਾਮਾਤ ਕਾਯਮ ਕਰੀਮ।  
ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੁਨ ਰਹੀਮ।।

ਸਾਰੀ ਦੀ ਸਾਰੀ ਮਜਲਿਸ ਖੜੀ ਹੋ ਗਈ ਤੇ ਕਿਹਾ ਵਾਹ, ਏਨਾ ਖ਼ੂਬਸੂਰਤ ਬਿਸਮਿਲਾਹ ਹੋਇਆ ਨਵੀਂ ਦਾਨਿਸ਼ਗਾਹ ਦਾ !! ਪੰਜ ਵਾਰੀ ਗਾ ਕੇ ਬਿਸਮਿਲਾ ਪੜ੍ਹਿਆ ਗਿਆ। ਦਸਮ ਪਾਤਸ਼ਾਹ ਦੇ ਇਸ ਫਾਰਸ਼ੀ ਸ਼ਿਅਰ ਦੇ ਤਾਂ ਉਥੇ ਅਰਥ ਕਰਨ ਦੀ ਲੋੜ ਨਹੀਂ ਸੀ। ਮੈਨੂੰ ਅਹਿਸਾਸ ਹੋਇਆ ਕਿ ਵੱਡਿਆਂ ਵੱਲੋਂ ਸੌਂਪੀਆਂ ਗਈਆਂ ਦੌਲਤਾਂ ਵਿਚੋਂ ਇਕ ਮਾਸਾ ਜਿੰਨੀ ਵੀ ਜੇ ਕੋਲ ਹੋਵੇ ਤਾਂ ਕਿੰਨੀ ਇੱਜ਼ਤ ਬਣਾ ਦਿੰਦੀ ਹੈ।

14 ਅਪ੍ਰੈਲ 2008 ਨੂੰ ਪ੍ਰਬੰਧਕਾਂ ਦੇ ਸੱਦੇ ਉਪਰ ਤਹਿਰਾਨ ਦੇ ਗੁਰਦੁਆਰੇ ਵਿਸਾਖੀ ਦੇ ਤਿਉਹਾਰ ਮੌਕੇ ਭਾਸ਼ਣ ਕਰਨ ਗਿਆ। ਮੇਰੀ ਗੱਲ ਪਸੰਦ ਆਉਣੀ ਹੀ ਸੀ, ਮੈਨੂੰ ਪਤਾ ਸੀ। ਇਸ ਕਰਕੇ ਨਹੀਂ ਕਿ ਮੈਂ ਇਤਿਹਾਸ ਜਾਂ ਫਲਸਫੇ ਦਾ ਕੋਈ ਵੱਡਾ ਮਾਹਿਰ ਹਾਂ। ਮੇਰੇ ਪਰਿਵਾਰ ਦੇ ਵਡੇਰਿਆਂ ਦੀ ਬਦੌਲਤ ਮੈਨੂੰ ਗੁਰੂ ਸਾਹਿਬਾਨ ਦਾ ਨਾਮ ਸਹੀ ਅਦਬ ਨਾਲ ਲੈਣ ਦੀ ਜਾਂਚ ਆ ਗਈ ਹੋਈ ਹੈ। ਕੇਵਲ ਏਨੇ ਕੁ ਨਾਲ ਬੱਲੇ ਬੱਲੇ ਹੋ ਜਾਂਦੀ ਹੈ। ਲੰਗਰ ਛਕਣ ਉਪਰੰਤ ਕੁਝ ਪਰਿਵਾਰ ਮੇਰੇ ਇਰਦ ਗਿਰਦ ਆਕੇ ਬੈਠ ਗਏ। ਇਕ 30-35 ਕੁ ਸਾਲ ਦੀ ਸਿੱਖ ਬੀਬੀ ਮਿਲਾਈ ਗਈ, ਮਹਿੰਦਰ ਕੌਰ। ਉਸ ਵਰਗੀ ਫਾਰਸੀ, ਈਰਾਨੀਆਂ ਨੂੰ ਵੀ ਬੋਲਣੀ ਨਹੀਂ ਆਉਂਦੀ। ਈਰਾਨ ਵਿਚ ਬੁਰਕਾ ਪਹਿਨਣ ਦਾ ਰਿਵਾਜ ਹੈ। ਫਰਕ ਏਨਾ ਹੈ ਕਿ ਮੁਸਲਮਾਨ ਕੁੜੀਆਂ ਕਾਲਾ ਬੁਰਕਾ ਪਹਿਨਦੀਆਂ ਹਨ, ਸਾਡੀਆਂ ਕੁੜੀਆਂ ਜਿਸ ਮਰਜ਼ੀ ਰੰਗ ਦੀ ਚਾਦਰ ਓੜ੍ਹ ਲੈਣ। ਜਦੋਂ ਕਿਸੇ ਥਾਂ ਤਹਿਰਾਨ ਵਿਚ ਬਹੁਤ ਵੱਡਾ ਵੱਕਾਰੀ ਫੰਕਸ਼ਨ ਹੁੰਦਾ ਹੈ, ਉਦੋਂ ਮਹਿੰਦਰ ਨੂੰ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਨਾਲ ਨਾਲ ਉਹ ਵਡੇ ਸ਼ਾਇਰਾਂ ਦੇ ਹਵਾਲੇ ਦਿੰਦੀ ਹੈ, ਉਸਨੂੰ ਈਰਾਨੀ ਕਲਚਰ, ਇਤਿਹਾਸ ਦੀ ਬੇਅੰਤ ਵਾਕਫੀ ਹੈ। ਜਦੋਂ ਵਾਪਸ ਰਵਾਨਾ ਹੋਣ ਲਗੇ ਤਾਂ ਉਹ ਮੇਰੇ ਕੋਲ ਆ ਗਈ, ਕਹਿਣ ਲੱਗੀ - ਕੁਝ ਗੱਲਾਂ ਕੇਵਲ ਤੁਹਾਡੇ ਨਾਲ ਕਰਨੀਆਂ ਨੇ। ਮੈਂ ਤੇ ਮੇਰੀ ਬੀਵੀ ਪਰੇ ਦੂਰ ਹਟਕੇ ਜਾ ਬੈਠੇ। ਕੋਸੀ ਕੋਸੀ ਧੁੱਪ ਸੀ। ਚਾਹ ਮੰਗਵਾ ਲਈ। ਆਪਣੇ ਪਰਿਵਾਰ ਬਾਬਤ ਦੱਸਣ ਲੱਗੀ ਕਿ ਜਦੋਂ ਪਿਤਾ ਜੀ ਦੀ ਮੌਤ ਹੋ ਗਈ ਤਾਂ ਮੇਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਜਿਵੇਂ ਮੈਨੂੰ ਫਾਲਤੂ ਦੀ ਚੀਜ਼ ਹੀ ਸਮਝ ਲਿਆ। ਹੋਰ ਕੀ ਕਰ ਸਕਦੀ ਸੀ ? ਜਾਂ ਪੜ੍ਹਦੀ ਰਹਿੰਦੀ ਜਾਂ ਅੱਬੂ ਨੂੰ ਯਾਦ ਕਰਕੇ ਰੋਂਦੀ ਰਹਿੰਦੀ। ਹੰਝੂ ਤਕਲੀਫਦੇਹ ਤਾਂ ਹੁੰਦੇ ਨੇ ਪਰ ਇਹ ਤੁਹਾਡੀ ਲਿਆਕਤ ਨੂੰ ਸੰਵਾਰਦੇ ਬਹੁਤ ਨੇ। ਤੁਹਾਡੀ ਰੂਹ ਨੂੰ ਬਾਰ ਬਾਰ ਧੋਈ ਜਾਂਦੇ ਨੇ। ਆਖ਼ਰ ਕਹਿਣ ਲੱਗੀ - ਮੈਂ ਏਸ ਕਰਕੇ ਤੁਸਾਂ ਨਾਲ ਆਪਣੀਆਂ ਨਿਜੀ ਦੁਖਦਾਇਕ ਗੱਲਾਂ ਕੀਤੀਆਂ ਨੇ ਤਾਂ ਕਿ ਤੁਸੀਂ ਮੇਰੇ ਲਈ ਅਰਦਾਸ ਕਰੋ ਕਿ ਮੈਂ ਇਨ੍ਹਾਂ ਉਪਰ ਨਾਰਾਜ਼ ਨਾ ਹੋਵਾਂ, ਬਦਦੁਆ ਨਾ ਦੇਵਾਂ। ਤੁਹਾਡਾ ਭਾਸ਼ਣ ਸੁਣਦਿਆਂ ਹੋਇਆਂ ਮੈਨੂੰ ਲਗਦਾ ਰਿਹਾ ਤੁਹਾਡੀ ਅਰਦਾਸ ਮਨਜ਼ੂਰ ਹੋਏਗੀ। ਵੱਡੀ ਸਰਕਾਰ ਤੁਹਾਡੇ ਬੋਲ ਸੁਣਦੀ ਹੈ, ਮੈਨੂੰ ਇਤਬਾਰ ਐ। ਇਹ ਜਿਹੜੇ ਘਰ ਪਰਿਵਾਰ ਦੇ ਜੀਅ ਹੋਂਦੇ ਨੇ ਨਾ, ਇਹ ਟਾਕੀਆਂ ਨੇ ਜਿਨ੍ਹਾਂ ਨਾਲ ਅਸੀਂ ਆਪਣਾ ਜਿਸਮ ਢਕਨੇ ਆਂ, ਸਾਡਾ ਓੜ੍ਹਨ ਨੇ ਇਹ। ਜਿਹੋ ਜਿਹੇ ਮਰਜ਼ੀ ਦੇ ਹੋਣ, ਓੜ੍ਹਨੇ ਤਾਂ ਪੈਣਗੇ ਈ ਨਾ। ਏਹਨਾ ਨੂੰ ਉਤਾਰ ਕੇ ਸੁੱਟ ਦਈਏ ਫੇਰ ਤਾਂ ਨੰਗ ਦਿਸੇਗਾ ਨਾ ਆਪਣਾ ਈ। ਏਸ ਕਰਕੇ ਆਪਣੀ

www.punjabilibrary.com

ਲੰਮੀ ਦਾਸਤਾਂ ਸੁਣਾਈ ਤਾਂ ਕਿ ਤੁਹਾਡੀ ਦੁਆ ਨਾਲ ਮੈਂ ਇਨ੍ਹਾਂ ਤੋਂ ਪਰੇ ਨਾ ਹੋਵਾਂ। ਜਿਹੋ ਜੇ ਹਨ, ਪਿਆਰ ਕਰਨੋ ਨਾ ਹਟਾਂ ਇਨ੍ਹਾਂ ਨੂੰ।

ਇਸ ਕੁੜੀ ਦਾ ਅੱਬੂ, ਇਸਫਾਹਾਨ ਸ਼ਹਿਰ ਵਿਚ ਤਕੜਾ ਵਪਾਰੀ ਸੀ। ਮੱਧਕਾਲ ਵਿਚ ਈਰਾਨ ਦੀ ਰਾਜਧਾਨੀ ਇਸਫਾਹਾਨ ਸੀ। ਫਾਰਸੀ ਅਤੇ ਅੰਗਰੇਜ਼ੀ ਵਿਚ ਥਾਂ ਥਾਂ ਕਹਾਵਤ ਲਿਖੀ ਹੋਈ ਮਿਲਦੀ ਹੈ – ਹਾਫ ਦ ਵਰਲਡ ਇਜ਼ ਇਸਫਾਹਾਨ। ਮੈਂ ਇਹ ਕਲਾਸਿਕ ਸ਼ਹਿਰ ਦੇਖ ਕੇ ਆਇਆ ਹਾਂ। ਮਹਿੰਦਰ ਨੂੰ ਦੱਸਿਆ। ਉਸ ਦੀਆਂ ਅੱਖਾਂ ਡੁਬਡੁਬਾ ਗਈਆਂ – ਕਹਿਣ ਲੱਗੀ, ਮੇਰਾ ਬਚਪਨ ਇਸਫਾਹਾਨ ਹੈ, ਮੇਰੀ ਜੁਆਨੀ ਦਾ ਨਾਮ ਤਹਿਰਾਨ। ਇਸਫਾਹਾਨ ਵਰਗਾ ਟੋਟਾ ਧਰਤੀ ਉਪਰ ਹੋਰ ਨਹੀਂ ਬਣਿਆ ਕੋਈ। ਮੈਂ ਉਥੇ ਜ਼ਾਯੰਦੇ ਰੂਦ ਦਰਿਆ ਉਪਰ 99 ਡਾਟਾਂ ਵਾਲਾ ਪੁਲ ਦੇਖਿਆ। ਇਸ ਦਰਿਆ ਦੇ ਕਿਨਾਰੇ ਫਿਰਦੌਸੀ ਨੇ ਸ਼ਿਅਰ ਉਚਾਰਿਆ ਸੀ :

ਬਰ ਲਬਿ ਜੂਈ ਨਸ਼ੀਨੋ, ਗੁਜ਼ਰੇ ਉਮਰ ਬੇਬੀਂ।।
(ਦਰਿਆ ਕਿਨਾਰੇ ਬੈਠੋ। ਵਗਦੇ ਪਾਣੀ ਵਰਗੀ ਉਮਰ ਦੇਖੋ।)

ਸ਼ਾਹ ਅੱਬਾਸ ਦਾ ਮਹੱਲ ਦੇਖਿਆ ਜਿਥੇ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾਕੇ ਹੁਮਾਯੂੰ ਨੇ ਸ਼ਰਣ ਲਈ ਸੀ। ਈਰਾਨ ਦੇ ਬਾਦਸ਼ਾਹ ਤਹਿਮਾਸ ਅਤੇ ਹੁਮਾਯੂੰ ਦੀ ਆਹਮੋ ਸਾਹਮਣੇ ਬੈਠਿਆਂ ਦੀ ਬਹੁਤ ਵੱਡੀ ਇਤਿਹਾਸਕ ਪੇਂਟਿੰਗ ਮਹੱਲ ਦੀ ਕੰਧ ਉਪਰ ਬਣੀ ਹੋਈ ਹੈ। ਦੋਵਾਂ ਦੇ ਹੱਥਾਂ ਵਿਚ ਜਾਮ ਹਨ, ਬਾਂਦੀਆਂ ਖਾਣ ਪੀਣ ਦੀਆਂ ਵਸਤਾਂ ਲੈਕੇ ਖਲੋਤੀਆਂ ਇਸ਼ਾਰੇ ਦੀ ਉਡੀਕ ਕਰ ਰਹੀਆਂ ਹਨ। ਮੈਂ ਮਹਿੰਦਰ ਨੂੰ ਪੁੱਛਿਆ, ਤੇਰੀ ਬੋਲੀ ਏਨੀ ਨਿਮਰ ਅਤੇ ਸਾਦੀ ਕਿਵੇਂ ਬਣੀ? ਉਸਨੇ ਝੱਟ ਹਾਫਿਜ਼ ਦੀ ਰੁਬਾਈ ਸੁਣਾ ਦਿਤੀ –

ਫਕੀਰ ਨਿਮਰ ਕਿਉਂ ਹੁੰਦੇ ਹਨ ਪਤੈ ਤੁਹਾਨੂੰ?
ਮਸਜਿਦ ਵਿਚ ਦਾਖਲ ਹੋਣ ਤੋਂ ਪਹਿਲੋਂ ਜੁੱਤੀਆਂ ਬਾਹਰ ਉਤਾਰੀਦੀਆਂ ਹਨ।
ਜਿਸਮ ਅਤੇ ਜਿਸਮ ਦੀਆਂ ਲੋੜਾਂ, ਹੰਕਾਰ ਅਤੇ ਈਰਖਾ,
ਰੂਹ ਦੀਆਂ ਜੁੱਤੀਆਂ ਹੁੰਦੀਆਂ ਨੇ।
ਵੱਡੇ ਦਰਬਾਰ ਵਿਚ ਤਦ ਦਾਖਲ ਹੋ ਪਾਓਗੇ ਜਦੋਂ ਇਹ ਜੁੱਤੀਆਂ ਉਤਾਰ ਦਿਉਗੇ।

ਜਿਵੇਂ ਮੈਂ ਦੱਸ ਆਇਆ ਹਾਂ, ਈਰਾਨੀ ਉਚੀ ਗੱਲ ਨਹੀਂ ਕਰਦੇ, ਉਚੀ ਉਚੀ ਹਸਦੇ ਨਹੀਂ। ਮੈਨੂੰ ਜਬਰਨ ਉਨ੍ਹਾਂ ਵਰਗਾ ਬਣਨਾ ਪਿਆ। ਮੈਂ ਉਨ੍ਹਾਂ ਦਾ ਇਤਿਹਾਸ ਉਨ੍ਹਾਂ ਵਿਚਕਾਰ ਬੈਠ ਕੇ ਪੜ੍ਹਿਆ ਤਾਂ ਕਈ ਭੇਦ ਜ਼ਾਹਰ ਹੋਏ। ਉਹ ਬਹੁਤ ਨਿਮਰ ਹਨ, ਬਰਦਾਸ਼ਤ ਕਰਨ ਦਾ ਮਾਦਾ ਏਨਾ ਕਿ ਸਦੀਆਂ ਤਕ ਚੁਪਚਾਪ ਜ਼ੁਲਮ ਬਰਦਾਸਤ ਕਰੀ ਜਾਣ। ਜਦੋਂ ਲੜਨ ਲੱਗ ਜਾਣ, ਫਿਰ ਪੂਰੇ ਦੇ ਪੂਰੇ ਪਰਿਵਾਰ ਯੁੱਧ ਵਿਚ ਲੜਨ ਮਰਨ ਲਈ ਨਿਕਲ ਪੈਂਦੇ ਹਨ। ਪ੍ਰੋਫੈਸਰ ਅਨਸਾਰੀ ਨੇ ਦੱਸਿਆ ਕਿ ਬਾਦਸ਼ਾਹ ਪਹਿਲਵੀ ਦੂਜਾ, ਮੂਰਖ ਜਿਹਾ ਤਾਂ ਸੀ ਪਰ ਉਹ ਪੂਰਾ ਦਰਿੰਦਾ ਨਹੀਂ ਸੀ। ਖੁਮੀਨੀ ਨੇ ਉਸ ਵਿਰੁੱਧ ਬਗਾਵਤ ਛੇੜੀ ਤਾਂ ਸ਼ਾਹ ਰਾਹੀਂ ਕੁੱਲ ਦਸ ਕੁ ਹਜ਼ਾਰ ਜੁਆਨ ਇਸ ਯੁੱਧ ਵਿਚ ਮਾਰੇ ਗਏ। ਜਦੋਂ ਖੁਮੀਨੀ ਨੇ ਪੈਰਿਸ ਵਿਚੋਂ ਤਹਿਰਾਨ ਆਕੇ ਨਵੀਂ ਸਰਕਾਰ ਬਣਾਈ ਤਾਂ ਅਮਰੀਕਾ ਦੇ ਇਸ਼ਾਰੇ ਤੇ ਸੱਦਾਮ ਹੁਸੈਨ ਨੇ ਈਰਾਕ ਦੀਆਂ ਫੌਜਾਂ ਚਾੜ੍ਹ ਦਿੱਤੀਆਂ। ਇਸ ਯੁੱਧ ਵਿਚ ਦੋ ਲੱਖ ਬੰਦੇ ਮਰੇ ਸਨ। ਮੈਂ ਦਸਵੀਂ ਵਿਚ ਪੜ੍ਹਦਾ ਸੀ। ਬੰਦੂਕ ਚਲਾਉਣ ਦੀ ਟਰੇਨਿੰਗ ਬਸ ਪੰਦਰਾਂ ਦਿਨ ਲਈ ਸੀ। ਮੈਂ ਜੰਗ ਵਿੱਚ ਗਿਆ ਸਾਂ। ਮੇਰੇ ਸਕੂਲ ਵਿਚ ਇਕ ਬਾਰਾਂ ਸਾਲ ਦਾ ਮੁੰਡਾ ਬਜ਼ਿਦ ਸੀ ਕਿ ਉਹ ਲੜਨ ਜਾਏਗਾ, ਉਮਰ ਛੋਟੀ ਹੋਣ ਕਰਕੇ ਉਸਨੂੰ ਆਗਿਆ ਨਾ ਮਿਲੀ। ਉਹ ਰੋਣ ਲੱਗਾ ਪਹਿਲਾਂ, ਫੇਰ ਦੌੜ ਗਿਆ। ਆਪਣੇ ਬਾਪੂ ਦੀ ਪੁਰਾਣੀ ਜਿਹੀ ਬੰਦੂਕ ਚੁਕ ਲਿਆਇਆ ਤੇ ਯੁੱਧ ਵਿਚ ਮਾਰਿਆ ਗਿਆ। ਸਕੂਲ ਵਿਚ ਉਸਦੀ ਯਾਦਗਾਰ ਹੈ। ਇਸ ਜੰਗ ਨੇ ਬੇਅੰਤ ਨੁਕਸਾਨ ਕੀਤਾ ਸੀ। ਤਾਂ ਕੀ ਹੋਇਆ? ਅਸੀਂ ਮਰ ਗਏ ਪਰ ਹਾਰੇ ਤਾ ਨੀਂ। ਦੇਖ ਲਉ ਹੁਣ ਮੇਰਾ ਈਰਾਨ। ਤੁਸੀਂ ਤਾਂ ਅਮਰੀਕਾ ਦੇਖਿਆ ਹੋਇਐ। ਇਥੇ ਅਮਰੀਕਾ ਤੋਂ ਕੀ ਘੱਟ ਹੈ ?

ਈਰਾਨ ਵਿਚ ਅਨਪੜ੍ਹ (unskilled) ਮਜ਼ਦੂਰ ਦੀ ਦਿਨ ਦੀ ਦਿਹਾੜੀ ਭਾਰਤੀ ਕਰੰਸੀ ਦੇ ਮੁਤਾਬਕ 750 ਰੁਪਏ ਹੈ। ਸਭ ਕੋਲ ਕਾਰਾਂ। ਮੋਟਰ ਸਾਈਕਲ ਕਿਸੇ ਕਿਸੇ ਵਿਦਿਆਰਥੀ ਕੋਲ ਹੈ ਬਸ। ਮੋਟਰ ਸਾਈਕਲ ਵਾਲਾ ਪੈਟਰੋਲ ਪੰਪ ਤੇ ਜਾਏ, ਆਪੇ ਪਾਈਪ ਚੁਕ ਕੇ ਟੈਂਕੀ ਫੁੱਲ ਕਰੇ ਤੇ ਜਾਵੇ। ਮੋਟਰ

www.punjabilibrary.com

ਸਾਈਕਲ ਵਾਲੇ ਤੋਂ ਕੋਈ ਪੰਪ ਮਾਲਕ ਪੈਸੇ ਨਹੀਂ ਲੈਂਦਾ। ਫੁੱਲ ਅਤੇ ਫਰੂਟ ਏਡੇ ਏਡੇ ਵਡੇ, ਲਗਦੈ ਨਕਲੀ ਨੇ।

ਅਨਸਾਰੀ ਨੂੰ ਕਿਹਾ - ਦਸ ਕੁ ਕਿਲੋ ਕਣਕ ਦੇ ਆਟੇ ਦਾ ਇੰਤਜ਼ਾਮ ਕਰੋ। ਉਸਨੇ ਕਾਰ ਵਿਚ ਬਿਠਾ ਲਏ ਤੇ ਬੇਕਰੀ ਦੀ ਦੁਕਾਨ ਤੇ ਜਾਕੇ ਆਟੇ ਦੀ ਲੋੜ ਦੱਸੀ। ਨਾਨਬਾਈ ਕਹਿਣ ਲੱਗਾ - ਤੁਹਾਨੂੰ ਪਤਾ ਤਾਂ ਹੈ ਆਟਾ ਵੇਚਣਾ ਗ਼ੈਰਕਾਨੂੰਨੀ ਹੈ। ਪ੍ਰੋਫੈਸਰ ਨੇ ਦੱਸਿਆ ਕਿ ਇਹ ਹਿੰਦੁਸਤਾਨੀ ਮਹਿਮਾਨ ਹਨ, ਮਿਹਰਬਾਨੀ ਕਰਕੇ ਦੇਹ। ਫਾਰਸੀ ਵਿਚ ਉਹ ਇਕ ਦੂਜੇ ਨੂੰ ਕੀ ਆਖ ਰਹੇ ਸਨ, ਸਾਨੂੰ ਪਤਾ ਨਹੀਂ ਸੀ। 'ਮੈਂ ਆਇਆ', ਆਖਕੇ ਅਨਸਾਰੀ ਕਿਧਰੇ ਗਿਆ, ਪੰਦਰਾਂ ਕੁ ਮਿੰਟ ਬਾਦ ਆ ਗਿਆ। ਇਕ ਕਿਤਾਬ ਦੋਹਾਂ ਨੇ ਖੋਲ੍ਹੀ। ਉਸ ਪਿਛੋਂ ਸਾਨੂੰ ਨਾਨਬਾਈ ਨੇ ਕਿਹਾ - ਅਹੁ ਪਿਐ ਆਟਾ। ਜਿੰਨਾ ਮਰਜ਼ੀ ਲੈ ਜਾਓ। ਕੋਈ ਪੈਸਾ ਨਹੀਂ ਲਿਆ, ਬਾਰ ਬਾਰ ਕਹਿਣ ਤੇ ਵੀ। ਮੈਨੂੰ ਅਨਸਾਰੀ ਨੇ ਕਿਹਾ - ਆਖਰ ਵਿਚ ਨਾਨਬਾਈ ਨੇ ਆਟਾ ਦੇਣ ਲਈ ਇਹ ਸ਼ਰਤ ਰੱਖੀ ਕਿ ਹਾਫਿਜ਼ ਦੇ ਦੀਵਾਨ ਵਿਚੋਂ ਹੁਕਮਨਾਮਾ ਲਉ। ਮੈਂ ਦੀਵਾਨ ਲੈਕੇ ਆਇਆ ਸੀ। ਵਾਕ ਨਿਕਲਿਆ - ਨੇਕ ਦਿਲ ਨਾਲ ਜੋ ਕੰਮ ਕਰੇਂਗਾ, ਖੁਦਾ ਮਿਹਰਬਾਨ ਹੋਵੇਗਾ। ਨਾਨਬਾਈ ਆਟਾ ਵੇਚਦਾ ਫੜਿਆ ਜਾਵੇ ਤਾਂ ਲਸੰਸ ਰੱਦ ਹੋ ਜਾਂਦੈ ਬੇਕਰੀ ਦਾ।

ਈਰਾਨ ਦਾ ਪੁਰਾਤਨ ਨਾਮ ਆਰੀਆਂਨ ਹੈ, ਆਰੀਆਂ ਦਾ ਦੇਸ। ਜਦੋਂ ਲਗਭਗ ਪੰਜ ਹਜ਼ਾਰ ਸਾਲ ਪਹਿਲਾਂ ਆਰੀਆਂ ਦਾ ਇਕ ਕਾਫਲਾ ਮੱਧ ਏਸ਼ੀਆਂ ਤੋਂ ਚੱਲਕੇ ਯੋਰਪ ਵਲ ਚਲਾ ਗਿਆ ਤੇ ਦੂਜਾ ਕਾਫਲਾ ਸਿੰਧ ਪਾਰ ਕਰਕੇ ਭਾਰਤ ਵਿਚ ਦਾਖ਼ਲ ਹੋਇਆ, ਉਦੋਂ ਇਸ ਕਾਫਲੇ ਨੇ ਸਿੰਧ ਵਾਦੀ ਦਾ ਨਾਮ ਵੀ ਆਰੀਆਵਰਤ ਰੱਖਿਆ। ਪੰਜਾਬੀ ਲੋਕਵੇਦ ਵਿਚ ਦੋ ਬੜੇ ਪਿਆਰੇ ਸ਼ਬਦ ਪੁਰਾਤਨ ਕਾਲ ਤੋਂ ਵਰਤੀਂਦੇ ਆ ਰਹੇ ਹਨ। ਇਕ ਹੈ ਅੜਿਆ, ਦੂਜਾ ਅੜੀਏ। ਪੁਰਾਣੇ ਸਮੇਂ ਵਿਚ ਜਦੋਂ ਸਤਿਕਾਰ ਨਾਲ ਕਿਸੇ ਮਰਦ ਨੂੰ ਸੰਬੋਧਨ ਕੀਤਾ ਜਾਂਦਾ ਸੀ, ਉਸ ਨੂੰ ਆਰੀਯੈ ਕਿਹਾ ਜਾਂਦਾ ਸੀ ਜਿਸ ਤੋਂ ਅੜਿਆ ਤਦਭਵ ਰੂਪ ਹੋਇਆ ਤੇ ਔਰਤ ਨੂੰ ਆਰੀਯੀ ਕਿਹਾ ਜਾਂਦਾ ਸੀ ਜਿਸਤੋਂ ਅੜੀਏ ਸ਼ਬਦ ਪ੍ਰਚੱਲਤ ਹੋਇਆ। ਜਦੋਂ ਭਾਰਤੀ ਵਿਦਵਾਨਾ ਨੇ ਖੋਜ ਕਿਤਾਬਾਂ ਵਿਚ ਸਾਬਤ ਕਰਨ ਦਾ ਯਤਨ ਕੀਤਾ ਕਿ ਸੰਸਕ੍ਰਿਤ ਸੰਸਾਰ ਬੋਲੀਆਂ ਦੀ ਮਾਂ ਹੈ ਤਾਂ ਇਸ ਦਾ ਵਿਰੋਧ ਈਰਾਨੀਆਂ ਅਤੇ ਭਾਰਤ ਵਿਚ ਵਸਦੇ ਪਾਰਸੀਆਂ ਨੇ ਕੀਤਾ ਜੋ ਅਰਬਾਂ ਦੇ ਹਮਲਿਆਂ ਵਕਤ ਇਥੇ ਆ ਵਸੇ ਸਨ। ਈਰਾਨੀਆਂ ਨੇ ਕਿਹਾ ਕਿ ਪੁਰਾਤਨ ਆਰੀਆਂ ਦੀ ਬੋਲੀ ਪਹਿਲਵੀ ਸੀ। ਪਹਿਲਵੀ ਵਿੱਚ ਪਾਰਸੀਆਂ ਦੇ ਧਰਮ ਗ੍ਰੰਥ ਜੰਦ ਅਤੇ ਅਵੇਸਤਾ ਹਨ। ਜਿਹੜੇ ਦੋ ਕਾਫਲੇ ਪਹਿਲਵੀ ਬੋਲਦੇ ਬੋਲਦੇ ਕੂਚ ਕਰ ਗਏ, ਨਵੇਂ ਥਾਵਾਂ ਤੇ ਨਵੇਂ ਲੋਕਾਂ ਵਿਚ ਜਾਕੇ ਉਨ੍ਹਾਂ ਦੀ ਬੋਲੀ, ਲਿਖਤ ਅਤੇ ਉਚਾਰਣ ਬਦਲ ਗਏ। ਉਦਾਹਰਣ ਦਿੰਦਿਆਂ ਉਹ ਮਿਸਾਲਾਂ ਦਿੰਦੇ ਹਨ ਕਿ ਨਾ ਪਹਿਲਵੀ ਵਿਚ ਟਵਰਗ(ਟ, ਠ, ਡ, ਢ, ਣ) ਸੀ ਨਾ ਉਸਦੇ ਅਜੋਕੇ ਰੂਪ ਫਾਰਸੀ ਬੋਲੀ ਵਿਚ ਟਵਰਗ ਹੈ। ਇਹ ਦ੍ਰਾਵੜ ਧੁਨਾ ਸੰਸਕ੍ਰਿਤ ਵਿਚ ਸ਼ਾਮਲ ਹੋ ਗਈਆਂ ਕਿਉਂਕਿ ਗਵਾਂਢੀ ਦ੍ਰਾਵੜਾਂ ਨੇ ਅਸਰ ਕਰਨਾ ਹੀ ਸੀ। ਇਹ ਅਤੇ ਹੋਰ ਬਹੁਤ ਸਾਰੇ ਕਾਰਨ ਸਿੱਧ ਕਰਦੇ ਹਨ ਕਿ ਪੁਰਾਣੀ ਫਾਰਸੀ, ਜਿਸਨੂੰ ਪਹਿਲਵੀ ਕਹਿੰਦੇ ਸਨ, ਸੰਸਕ੍ਰਿਤ ਤੋਂ ਪੁਰਾਣੀ ਹੈ। ਫਿਰ ਸੰਸਕ੍ਰਿਤ ਭਾਰੋਪੀ ਬੋਲੀਆਂ ਦੀ ਮਾਂ ਕਿਵੇਂ ਹੋਈ ?

ਮੇਰੇ ਮਨ ਉਤੇ ਪਤਾ ਨਹੀਂ ਇਹ ਪ੍ਰਭਾਵ ਕਿਉਂ ਪੈ ਗਿਆ ਸੀ ਕਿ ਈਰਾਨੀ ਮੁਸਲਮਾਨ ਪੁਰਾਤਨ ਪਾਰਸੀ ਧਰਮ (ਜ਼ੋਰਾਸਟਰੀ ਮੱਤ) ਨੂੰ ਨਫਰਤ ਕਰਦੇ ਹੋਣਗੇ। ਇਸ ਪ੍ਰਭਾਵ ਦੇ ਦੋ ਕਾਰਨ ਹਨ, ਇਕ ਤਾਂ ਮੈਂ ਧਰਮਾਂ ਦਾ ਇਤਿਹਾਸ ਪੜ੍ਹਦਿਆਂ ਜਾਣਿਆਂ ਕਿ ਅਰਬਾਂ ਨੇ ਪਾਰਸੀਆਂ ਨੂੰ ਬੇਦਰੇਗ ਹੋਕੇ ਵੱਢਿਆ ਟੁੱਕਿਆ, ਕੇਵਲ ਉਹ ਬਚ ਸਕੇ ਜਿਹੜੇ ਉਜੜ ਕੇ ਭਾਰਤ ਆ ਗਏ। ਜਿਹੜਾ ਮੁਸਲਮਾਨ ਹੋ ਗਿਆ ਸੋ ਛੱਡ ਦਿਤਾ ਬਾਕੀ ਕਤਲ ਕੀਤੇ। ਦੂਜਾ ਕਾਰਨ ਇਹ ਹੈ ਕਿ ਆਮ ਸਿਖ ਇਹ ਮੰਨਣ ਨੂੰ ਤਿਆਰ ਨਹੀਂ ਕਿ ਵੈਦਿਕ ਮੱਤ ਨਾਲ ਉਸਦੀ ਕੋਈ ਵਿਚਾਰਧਾਰਕ ਸਾਂਝ ਹੈ। ਇਸਦੇ ਕਾਰਨ ਬੇਸ਼ਕ ਰੂਹਾਨੀ ਸਾਂਝ ਦੀ ਥਾਂ ਸਿਆਸੀ ਹਨ, ਪਰ ਅਜਿਹੀ ਮਾਨਸਿਕਤਾ, ਵਧ ਘਟ, ਕਿਤੇ ਨਾ ਕਿਤੇ ਮੌਜੂਦ ਹੈ। ਮੈਨੂੰ ਲਗਦਾ ਹੁੰਦਾ ਸੀ ਕਿ ਇਹੋ ਵਖਰੇਵਾਂ ਪਾਰਸੀਆਂ ਅਤੇ ਮੁਸਲਮਾਨਾ ਵਿਚਕਾਰ ਹੋਵੇਗਾ। ਮੇਰਾ ਖਿਆਲ ਗਲਤ ਸਾਬਤ ਹੋਇਆ। ਸ਼ੀਆ ਈਰਾਨੀ, ਪਾਰਸੀਆਂ ਨੂੰ ਆਪਣੇ ਆਦਰਸ਼ਕ ਬਜ਼ੁਰਗ ਸਮਝਦੇ ਹਨ ਤੇ ਪਾਰਸੀ ਹਕੂਮਤਾਂ ਦੀ ਸ਼ਾਨ ਦਾ ਜ਼ਿਕਰ ਕਰਦੇ ਥਕਦੇ ਨਹੀਂ। ਦਾਰਾ, ਰੁਸਤਮ, ਸੁਹਰਾਬ, ਇਸਫੰਦਯਾਰ, ਨੌਸ਼ੇਰਵਾਂ ਆਦਿਕ ਸੁਲਤਾਨਾ ਉਪਰ ਕਿੱਸੇ, ਕਸੀਦੇ ਤੇ ਮਹਾਂਕਾਵਿ ਰਚੇ ਗਏ ਤੇ ਹੁਣ ਤਕ ਕੋਰਸਾਂ ਵਿਚ ਪੜ੍ਹਾਏ ਜਾਂਦੇ ਹਨ। ਆਖਰੀ ਦੋ ਬਾਦਸ਼ਾਹਾਂ ਨੇ ਆਪਣੇ ਨਾਮ ਦੇ ਪਿਛੇ ਪਹਿਲਵੀ ਪਛੇਤਰ ਲਾਇਆ ਤੇ ਪਹਿਲਵੀ ਅਖਵਾਉਣ

www.punjabilibrary.com

ਵਿਚ ਫਖ਼ਰ ਜ਼ਾਹਰ ਕੀਤਾ। ਇਛੁੱਕ ਵਿਦਿਆਰਥੀਆਂ ਨੂੰ ਅੱਜ ਵੀ ਪਹਿਲਵੀ ਭਾਸ਼ਾ ਪੜ੍ਹਾਈ ਜਾਂਦੀ ਹੈ। ਪਾਰਸੀਆਂ ਦੇ ਪੁਰਾਤਨ ਧਰਮ ਮੰਦਰ ਆਤਿਸ਼ਿ ਦੇਦਗਾਹ(ਅਗਨੀ ਮੰਦਰ) ਪੂਰੀ ਅਹਿਤਿਆਤ ਨਾਲ ਸੰਭਾਲੇ ਹੋਏ ਹਨ ਜਿਨ੍ਹਾਂ ਵਿਚ ਪੁਰਾਤਨ ਜੋਤ ਲਗਾਤਾਰ ਬਲ ਰਹੀ ਹੈ। ਈਰਾਨ ਵਿਚ ਹੁਣ ਤਕ ਹਿਜਰੀ ਕੈਲੰਡਰ ਲਾਗੂ ਨਹੀਂ ਕੀਤਾ ਗਿਆ। ਪਾਰਸੀਆਂ ਦਾ ਕੈਲੰਡਰ ਲਾਗੂ ਹੈ ਕਿਉਂਕਿ ਇਹ ਸੂਰਜੀ ਕੈਲੰਡਰ ਹੈ ਜੋ ਚੰਦਰਮਾ ਦੀਆਂ ਤਿਥਾਂ ਉਪਰ ਆਧਾਰਿਤ ਹਿਜਰੀ ਕੈਲੰਡਰ ਦੇ ਮੁਕਾਬਲੇ ਵਧੀਕ ਵਿਗਿਆਨਕ ਹੈ।

ਪੁਰਾਤਨ ਤਿਉਹਾਰ ਨੌਰੋਜ਼ ਹਰ ਸਾਲ ਦੋ ਹਫਤਿਆਂ ਵਿਚ ਮਨਾਇਆ ਜਾਂਦਾ ਹੈ। ਨੌਰੋਜ ਦਾ ਅਰਥ ਹੈ ਨਵਾਂ ਦਿਨ, ਜਿਵੇਂ ਹਿੰਦੁਸਤਾਨੀ ਨਵਾਂ ਸੰਮਤ ਮਨਾਉਂਦੇ ਹਨ, ਜਾਂ ਕੁਝ ਥਾਵਾਂ ਤੇ ਬਸੰਤ ਦਾ ਤਿਉਹਾਰ ਮਨਾਇਆ ਜਾਂਦਾ ਹੈ, ਇਉਂ ਈਰਾਨ ਵਿੱਚ ਦੋ ਹਫਤਿਆਂ ਦੀਆਂ ਸਰਕਾਰੀ ਛੁੱਟੀਆਂ ਦੌਰਾਨ ਜਸ਼ਨ ਮਨਾਏ ਜਾਂਦੇ ਹਨ। ਮੇਰੀ ਮੇਜਬਾਨ ਸੰਸਥਾ ਮਰਕਜ਼ਿ ਆਦੀਆਨ (ਸੈਂਟਰ ਆਫ ਰਿਲੀਜਸ ਸਟੱਡੀਜ਼) ਦੀ ਲਾਇਬ੍ਰੇਰੀ ਦਾ ਦਰਵਾਜ਼ਾ ਪਾਰ ਕਰਦਿਆਂ ਦੇਖੋਗੇ ਕਿ ਮੁੱਖ ਦਰਵਾਜ਼ੇ ਉਪਰ ਪਾਰਸੀ ਧਰਮ ਗ੍ਰੰਥਾਂ ਦੀ ਡਾਟ ਚਿਣੀ ਹੋਈ ਹੈ। ਵਿਚਕਾਰ ਸਭ ਤੋਂ ਵੱਡੇ ਗ੍ਰੰਥ, ਫਿਰ ਦੋਵੇਂ ਪਾਸੇ ਆਕਾਰ ਘਟ ਰਿਹਾ ਹੈ ਤੇ ਗੁੰਬਦ ਬਣ ਗਿਆ। ਜਦੋਂ ਕਿਤਾਬ ਖੋਲ੍ਹਕੇ ਦੇਖਦੇ ਹੋ ਤਾਂ ਛਪਾਈ ਦੇ ਡਿਜ਼ਾਈਨ ਦੇਖਕੇ ਅਕਲ ਦੰਗ ਰਹਿ ਜਾਂਦੀ ਹੈ।

ਇਕ ਦਿਨ ਮੈਂ ਦੱਸਿਆ ਕਿ ਸਿਖਾਂ ਉਪਰ ਮੁਗਲਾਂ ਨੇ ਬਹੁਤ ਸਖਤੀਆਂ ਕੀਤੀਆਂ ਸਨ, ਔਰਤਾਂ ਅਤੇ ਬੱਚਿਆਂ ਤਕ ਨੂੰ ਨਹੀਂ ਛੱਡਿਆ ਗਿਆ। ਉਨ੍ਹਾਂ ਨੇ ਪੁੱਛਿਆ, ਇਹ ਜ਼ਾਲਮਾਨਾ ਦੌਰ ਕਿੰਨੀ ਕੁ ਦੇਰ ਚੱਲਿਆ? ਮੈਂ ਦੱਸਿਆ ਕਿ ਲਗਭਗ ਦੋ ਸਦੀਆਂ। ਇਕ ਪ੍ਰੋਫੈਸਰ ਨੇ ਕਿਹਾ - ਬੱਸ? ਸਿਰਫ ਦੋ ਸਦੀਆਂ? ਅਸੀਂ ਸ਼ੀਆ ਹਾਂ। ਡੇਢ ਹਜ਼ਾਰ ਸਾਲ ਤੋਂ ਸੁੰਨੀਆਂ ਵਲੋਂ ਸਾਡੇ ਉੱਪਰ ਨਿਰੰਤਰ ਕਹਿਰ ਢਾਹਿਆ ਜਾਂਦਾ ਰਿਹਾ ਹੈ ਤੇ ਇਹ ਬੰਦ ਨਹੀਂ ਹੋਇਆ। ਤੁਹਾਡੇ ਉਪਰੋਂ ਇਹ ਬਲਾ ਟਲ ਤਾਂ ਗਈ ਨਾ ਆਖ਼ਰ। ਸਾਡੇ ਉਪਰੋਂ ਨਹੀਂ ਟਲਦੀ। ਇਥੇ ਕੇਵਲ ਈਰਾਨ ਵਿਚ ਬਹੁਗਿਣਤੀ ਹੋਣ ਕਰਕੇ ਸ਼ੀਆ ਬਚੇ ਹੋਏ ਹਨ ਪਰ ਬਾਕੀ ਸਾਰੀ ਦੁਨੀਆਂ ਵਿਚ ਘਟ ਗਿਣਤੀ ਵਜੋਂ ਦੁਖ ਉਠਾਉਂਦੇ ਹਨ।

ਈਰਾਨ ਦੇ ਪੁਰਾਣੇ ਬਾਦਸ਼ਾਹ ਤੁਰਕ ਸਨ। ਤੁਰਕ ਬਹੁਤ ਹਿੰਮਤੀ ਅਤੇ ਲੜਾਕੂ ਹਨ ਜਦੋਂ ਕਿ ਈਰਾਨੀ ਸ਼ਾਂਤ ਸੁਭਾ ਦੇ ਹਨ। ਬੜੀ ਵਾਰ ਈਰਾਨੀਆਂ ਨੇ ਚਾਹਿਆ ਕਿ ਤੁਰਕਾਂ ਨਾਲ ਦੋਸਤੀ ਹੋ ਜਾਵੇ ਪਰ ਅਸਫ਼ਲ, ਕਿਉਂਕਿ ਤੁਰਕ ਸੁੰਨੀ ਹਨ, ਈਰਾਨੀ ਸ਼ੀਆ। ਰੂਸੀ ਆਜ਼ਰਬਾਈਜਾਨ ਕਦੀ ਈਰਾਨ ਦਾ ਹਿੱਸਾ ਸੀ। ਇਨਕਲਾਬ ਆਉਣ ਤੋਂ ਬਾਦ ਵੀ ਉਹ ਕਮਿਊਨਿਸਟ ਨਹੀਂ ਹੋਏ ਕਿਉਂਕਿ ਉਨ੍ਹਾਂ ਨੂੰ ਆਪਣਾ ਕਲਚਰ ਪਿਆਰਾ ਸੀ। ਨਾ ਉਹ ਆਪ ਕਿਸੇ ਵਿਚ ਘੁਸਪੈਠ ਕਰਨ, ਨਾ ਆਪਣੇ ਵਿਚ ਕਿਸੇ ਨੂੰ ਵੜਨ ਦੇਣ। ਜਿਵੇਂ ਜਰਮਨਾ ਦੇ ਮੁਕਾਬਲੇ ਫਰਾਂਸੀਸੀ ਜੰਗਬਾਜ਼ ਨਹੀਂ, ਇਵੇਂ ਤੁਰਕਾਂ ਅਤੇ ਲਾਲ ਫੌਜਾਂ ਦੇ ਮੁਕਾਬਲੇ ਈਰਾਨੀ, ਲੜਾਕੂ ਨਹੀਂ। ਪਰ ਨੀਵੀਂ ਪਾਈ, ਬਰਦਾਸ਼ਤ ਕਰਦੇ ਹੋਏ ਉਹ ਬਚਦੇ ਬਚਾਂਦੇ ਜਿਉਂਦੇ ਰਹੇ, ਨਾ ਆਪਣੇ ਸੰਸਕਾਰ ਛਡੇ ਨਾ ਆਪਣਾ ਧਰਮ। ਲੈਨਿਨ ਦੇ ਸਿਧਾਂਤ *End justifies means* ਦਾ ਉਨ੍ਹਾਂ ਨੂੰ ਹਜ਼ਾਰਾਂ ਸਾਲਾਂ ਤੋਂ ਪਤਾ ਹੈ। ਫਰਾਂਸ ਦਾ ਅਸਰ ਜਿਵੇਂ ਯੋਰਪ ਉਪਰ ਦੇਖਿਆ ਜਾ ਸਕਦਾ ਹੈ, ਉਵੇਂ ਦੁਨੀਆਂ ਉਪਰ ਈਰਾਨ ਦਾ ਅਸਰ ਤੁਹਾਨੂੰ ਹਰ ਖੇਤਰ ਵਿਚ ਦਿਸੇਗਾ। ਕਿਹਾ ਗਿਆ ਕਿ ਫਰਾਂਸੀਸੀਆਂ ਵਾਂਗੂੰ ਹੀ ਈਰਾਨੀ ਅੱਯਾਸ਼ ਹਨ, ਸੁਸਤ ਹਨ, ਕਲਾਕਾਰ ਹਨ, ਨਿਰਾਸ਼ਾਵਾਦੀ ਹਨ। ਫਿਰ ਵੀ ਇਹ ਸੱਚ ਹੈ ਕਿ ਹੇਰੋਡੋਟਸ ਤੋਂ ਲੈਕੇ ਅੱਜ ਤਕ, ਸਾਬਤ ਹੋਇਆ ਹੈ ਕਿ ਪ੍ਰਭਾਵ ਕਬੂਲਣ ਦੀ ਥਾਂ ਈਰਾਨੀ ਪ੍ਰਭਾਵ ਪਾਉਂਦੇ ਹਨ।

ਈਰਾਨੀਆਂ ਦਾ ਸਰਬੋਤਮ ਨਸ਼ਾ ਸ਼ਾਇਰੀ ਹੈ। ਵਪਾਰੀ, ਕਿਸਾਨ, ਮਜ਼ਦੂਰ ਤੁਹਾਨੂੰ ਗਾਉਂਦੇ ਜਾਂਦੇ ਦਿਖਾਈ ਦੇਣਗੇ। ਬੱਸ ਜਾਂ ਰੇਲ ਦੇ ਡਬੇ ਵਿਚ ਕੋਈ ਇਕ ਜਣਾ ਕਿਸੇ ਗੀਤ ਜਾਂ ਨਾਅਤ ਦੀ ਸੁਰ ਛੇੜ ਦਏਗਾ, ਸਾਰੇ ਨਾਲ ਗਾਉਣ ਲੱਗ ਪੈਣਗੇ। ਇਕ ਈਰਾਨੀ ਨੇ ਖੁਦ ਬਾਬਤ ਟਿੱਪਣੀ ਦਿਤੀ, ''ਮੇਰਾ ਦੇਸ ਸਭ ਤੋਂ ਉੱਤਮ ਹੈ। ਅੰਗਰੇਜ਼ਾਂ ਨੇ ਦੁਨੀਆਂ ਨੂੰ ਕਾਨੂੰਨ ਦਿੱਤਾ, ਜਰਮਨਾ ਨੇ ਵਿਗਿਆਨਕ ਬੌਧਿਕ ਚਿੰਤਨ ਦੀ ਜੀਵਨ ਜਾਂਚ ਸਿਖਾਈ ਤੇ ਈਰਾਨ ਨੇ ਦੁਨੀਆਂ ਨੂੰ ਸੁਹਣੇ ਸੁਹਣੇ ਝੂਠ ਬੋਲਣੇ ਸਿਖਾਏ। ਈਰਾਨੀਆਂ ਵਰਗੇ ਗੱਪੀ ਕਿਥੇ ਮਿਲਣਗੇ?'' ਇਹ ਟਿੱਪਣੀ ਉਨ੍ਹਾਂ ਦੇ ਆਰਟ ਵਲ ਇਸ਼ਾਰਾ ਕਰਦੀ ਹੈ। ਪਲੈਟੋ ਨੇ ਕਲਾਕਾਰਾਂ ਨੂੰ ਨਕਲਚੀ ਤੇ ਗੱਪੀ ਕਹਿ ਕੇ ਨਿੰਦਿਆ ਸੀ। ਮਨਸੂਰ ਨੂੰ ਜਦੋਂ ਉਸਦੇ ਮੁਰੀਦਾਂ ਨੇ ਦੱਸਿਆ ਕਿ ਤੁਹਾਡੇ ਖਿਲਾਫ ਬਗਦਾਦ ਵਿਚ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ, ਹਸਦਿਆਂ ਉਸਨੇ ਕਿਹਾ ਸੀ - ਫਿਰ ਤਾਂ ਆਪਾਂ ਕਮਾਲ ਹਾਂ। ਇਸਦਾ ਮਤਲਬ ਇਹ ਹੋਇਆ ਕਿ ਦੇਸ ਦੇ ਜਾਹਲ ਲੋਕਾਂ ਨੂੰ ਆਪਾਂ

ਕਹਾਣੀਕਾਰ ਬਣਾ ਦਿੱਤਾ। ਹੋਰ ਕੀ ਚਾਹੀਦੈ ਇਸ ਤੋਂ ਵੱਧ? ਸ਼ੇਖ ਸਾਅਦੀ ਸ਼ਰੇਆਮ ਆਖਦਾ ਹੈ ਕਿ ਅਜਿਹਾ ਸਚ ਬੋਲਣ ਦੀ ਕੀ ਲੋੜ ਜਿਹੜਾ ਨੁਕਸਾਨ ਕਰੇ? ਉਹ ਝੂਠ ਚੰਗਾ ਜਿਸ ਨਾਲ ਸਦਭਾਵਨਾ ਬਣੇ, ਪਿਆਰ ਰਹੇ। ਜਿਹੜੇ ਲੋਕ ਗੱਪ ਛੁਪਾਂਦੇ ਹਨ, ਉਨ੍ਹਾਂ ਨਾਲੋਂ ਈਰਾਨੀ ਚੰਗੇ ਹਨ ਜਿਹੜੇ ਦਸਦੇ ਹਨ ਅਸੀਂ ਗੱਪੀ ਹਾਂ। ਜਿਹੜਾ ਤੁਹਾਨੂੰ ਦੱਸੀ ਜਾਵੇ ਕਿ ਮੈਂ ਗੱਪੀ ਹਾਂ, ਉਹ ਗੱਪੀ ਕਿਵੇਂ ਹੋਇਆ ?

ਮੈਸੋਪੋਟਾਮੀਆਂ ਸਭਿਅਤਾ ਦੀ ਖੁਦਾਈ ਵਿਚੋਂ ਜਿਹੜੇ ਬੁੱਤ ਪ੍ਰਾਪਤ ਹੋਏ ਹਨ, ਜਾਂ ਸਲੇਟਾਂ ਉਪਰ ਜਿਹੜੇ ਚਿਹਰੇ ਉਕਰੇ ਹੋਏ ਹਨ ਉਨ੍ਹਾਂ ਉਪਰ ਵਿਆਪਕ ਦੁਖ ਝਲਕਦਾ ਹੈ। ਦਰਦ ਹੈ, ਪਰ ਚਿਹਰਾ ਸ਼ਾਂਤ ਹੈ, ਜਿਵੇਂ ਬਹੁਤ ਰੋਣ ਤੋਂ ਬਾਦ ਦੇ ਨਕਸ਼, ਜਿਵੇਂ ਮੋਨਾਲਿਜ਼ਾ। ਹਤਰ ਸ਼ਹਿਰ ਤੋਂ ਲੈ ਕੇ ਅਫਗਾਨਿਸਤਾਨ ਤਕ ਦੀ ਖੁਦਾਈ ਵਿਚੋਂ ਦੁਖ ਦੀ ਦਾਸਤਾਨ ਨਿਕਲੀ। ਦੁਖ ਦੇ ਕਾਰਨਾ ਦਾ ਪਤਾ ਨਹੀਂ, ਕਹਾਣੀ ਦਾ ਥਹੁ ਪਤਾ ਨਹੀਂ, ਦੁਖ ਦਾ ਰਹੱਸ ਵਿਆਪਕ ਹੈ। ਮੈਂ ਇਕ ਪ੍ਰੋਫੈਸਰ ਨੂੰ ਕਿਹਾ - ਧਿਆਨ ਨਾਲ ਮਿਫਤਾਹ ਅਤੇ ਰਜ਼ਾ ਅੱਤਾਰ ਵੱਲ ਨਜ਼ਰ ਮਾਰੀਂ ਕਦੀ। ਹੱਸ ਕੇ ਮਿਲਦੇ ਹਨ, ਹਰ ਕਮੀ ਪੇਸ਼ੀ ਪੂਰੀ ਕਰਨ ਲਈ ਤਤਪਰ ਰਹਿੰਦੇ ਹਨ, ਮਿਲਣ ਸਾਰ ਹਨ, ਪਰ ਤੈਨੂੰ ਲਗਦਾ ਨਹੀਂ ਕਿ ਇਹਨਾ ਦੇ ਚਿਹਰਿਆਂ ਦੇ ਅੰਦਰਲੇ ਪਾਸੇ ਦੁਖ ਮੌਜੂਦ ਹੈ? ਪ੍ਰੋਫੈਸਰ ਹੱਸ ਪਿਆ, ਕਹਿਣ ਲੱਗਾ - ਇਨ੍ਹਾਂ ਦੋਵਾਂ ਦੇ ਚਿਹਰਿਆਂ ਉਪਰ ਕਿਉਂ, ਹਰੇਕ ਈਰਾਨੀ ਦੇ ਚਿਹਰੇ ਉਪਰ ਸੋਗ ਦੀਆਂ ਨਿਸ਼ਾਨੀਆਂ ਨੇ। ਦੇਖੋ, ਸਾਡੇ ਈਮਾਮਾਂ ਦੇ ਜਨਮ ਦੀਆਂ ਤਰੀਕਾਂ ਦਾ ਵੀ ਤਾਂ ਸਾਨੂੰ ਪਤੈ, ਹਸਨ, ਹੁਸੈਨ ਤੇ ਬਾਰਾਂ ਈਮਾਮਾਂ ਦੇ ਜਨਮ ਦਿਨ ਈਰਾਨੀ ਨਹੀਂ ਮਨਾਉਂਦੇ, ਸ਼ਹਾਦਤਾਂ ਦੇ ਦਿਨ ਮਨਾਉਂਦੇ ਹਨ ਤੇ ਰੋਂਦੇ ਹਨ। ਈਰਾਨੀਆਂ ਨੂੰ ਇਉਂ ਲਗਦੈ ਜਿਵੇਂ ਖੁਸ਼ ਰਹਿਣ, ਹੱਸਣ ਖੇਡਣ ਨਾਲ ਅੱਲਾਹ ਨਾਰਾਜ਼ ਹੋ ਜਾਂਦੈ, ਜਿਵੇਂ ਬੰਦਿਆਂ ਨੂੰ ਦੁਖ ਵਿਚ ਦੇਖਕੇ ਉਹ ਖੁਸ਼ ਹੁੰਦਾ ਹੋਵੇ। ਮੈਂ ਦੇਖਿਆ, ਮਸਜਿਦ ਵਿਚ ਮਾਈਕ ਉਪਰ ਇਕ ਬੰਦਾ ਗਾ ਰਿਹਾ ਹੁੰਦਾ, ਵਿਚ ਵਿਚ ਹਿਚਕੀਆਂ ਹਟਕੋਰੇ ਲੈਂਦਾ, ਸਭ ਸਰੋਤੇ ਅੱਖਾਂ ਪੂੰਝੀ ਜਾਂਦੇ। ਕਿਸੇ ਸ਼ਹੀਦ ਦਾ ਦੁਖ। ਗਾਉਣ ਵਾਲਾ ਖੁਦ ਨਹੀਂ ਰੋਂਦਾ, ਰੋਣ ਵਰਗੀਆਂ ਸੁਰਾਂ ਬਣਾਉਂਦਾ ਹੈ ਕਿਉਂਕਿ ਉਹ ਤਾਂ ਅਨੇਕ ਵਾਰ ਇਹੋ ਗੀਤ ਗਾ ਚੁਕੈ ਤੇ ਗਾਏਗਾ।

ਮੈਂ ਕਿਹਾ - ਪਰ ਔਰਤਾਂ ਖੁਸ਼ ਲਗਦੀਆਂ ਨੇ ਮਰਦਾਂ ਦੇ ਮੁਕਾਬਲੇ। ਉਸਨੇ ਕਿਹਾ - ਲਗਦੀਆਂ ਈ ਨੇ, ਹਨ ਨਹੀਂ। ਔਰਤਾਂ ਆਦਮੀਆਂ ਦੇ ਮੁਕਾਬਲੇ ਹਾਲਾਤ ਨਾਲ ਸਮਝੌਤਾ ਛੇਤੀ ਕਰਨਾ ਜਾਣਦੀਆਂ ਹੁੰਦੀਆਂ ਨੇ। ਉਨ੍ਹਾਂ ਨੂੰ ਜਬਰਨ ਬੁਰਕਾ ਪਹਿਨਣਾ ਪਸੰਦ ਨਹੀਂ ਹੈ। ਮਰਦ ਨੇ ਇਹ ਵਰਦੀ ਉਨ੍ਹਾਂ ਉਪਰ ਠੋਸੀ ਹੈ। ਹੋਣਾ ਤਾਂ ਇਹ ਚਾਹੀਦੈ ਕਿ ਮਰਦਾਂ ਦੇ ਲਿਬਾਸ ਔਰਤ ਡਿਜ਼ਾਈਨ ਕਰੇ ਕਿਉਂਕਿ ਇਸ ਵਾਸਤੇ ਉਹੀ ਮਾਹਿਰ ਹੁਨਰਵੰਦ ਹੈ ਪਰ ਹੋ ਉਲਟ ਗਿਆ। ਕੁੜੀਆਂ ਫੌਜ ਵਿਚ ਹਨ, ਪੁਲਸ ਵਿਚ ਹਨ, ਨਰਸਾਂ ਤੇ ਡਾਕਟਰ ਹਨ, ਉਨ੍ਹਾਂ ਨੂੰ ਇਹ ਵਰਦੀਆਂ ਚੰਗੀਆਂ ਨੀ ਲਗਦੀਆਂ। ਕਈ ਤਾਂ ਅਪਣੀ ਵਰਦੀ ਆਪਣੇ ਦਫਤਰ ਵਿਚ ਰਖੀ ਰਖਦੀਆਂ ਹਨ। ਡਿਉਟੀ ਤੇ ਗਈਆਂ ਤਾਂ ਪਹਿਨ ਲਈ ਤੇ ਵਾਪਸੀ ਵਕਤ ਅਪਣਾ ਸਿਵਲ ਪਹਿਰਾਵਾ ਪਾ ਲਿਆ। ਮਰਦ ਖੁਦ ਇਸਲਾਮੀ ਵਰਦੀ ਤੋਂ ਆਜ਼ਾਦ ਹੈ ਪਰ ਔਰਤ ਉਪਰ ਇਸ ਦੀ ਪਾਬੰਦੀ ਹੈ। ਇਹ ਤਾਂ ਇਕ ਗੱਲ ਹੋਈ, ਹੋਰ ਵੀ ਬਥੇਰਾ ਕੁਝ ਐ। ਕਈ ਅੰਦੋਲਨ ਵੀ ਛਿੜੇ ਔਰਤਾਂ ਵੱਲੋਂ ਸਮੇਂ ਸਮੇਂ। ਬਹੁਤੀਆਂ ਔਰਤਾਂ ਪਹਲਵੀ ਰਾਜ ਨੂੰ ਹੁਣ ਦੇ ਮੌਲਵੀ ਰਾਜ ਨਾਲੋਂ ਠੀਕ ਮੰਨਦੀਆਂ ਨੇ।

ਮੇਰੀ ਪਤਨੀ ਨੇ ਮੈਨੂੰ ਕਈਆਂ ਥਾਵਾਂ ਤੇ ਦਿਖਾਇਆ ਜਿਥੇ ਕੋਈ ਕੁੜੀ, ਕੋਈ ਔਰਤ ਮੋਬਾਈਲ ਕੰਨ ਨੂੰ ਲਾਈ ਸ਼ਹੀਦ ਦੀ ਗਾਥਾ ਸੁਣ ਰਹੀ ਹੁੰਦੀ ਤੇ ਰੋਈ ਜਾਂਦੀ। ਬੇਅੰਤ ਸੁਹਣਾ ਈਰਾਨ ਬੇਅੰਤ ਉਦਾਸੀ ਦੇ ਦੌਰ ਵਿੱਚੋਂ ਲੰਘ ਰਿਹਾ ਮੈਂ ਅੱਖੀ ਦੇਖਿਆ।

ਲੌਟ ਕਰ ਆਇਆ ਹੂੰ ਮੈਂ ਫਿਰ ਐ ਅਮੀਰਿ ਕਾਰਵਾਂ  
ਛੋੜ ਆਇਆ ਥਾਂ ਜਹਾਂ ਤੂ ਵੁਹ ਮਿਰੀ ਮੰਜ਼ਿਲ ਨ ਥੀ।।

ਪ੍ਰੈਸੱ ਉਪਰ ਤੇ ਸਿਨੇਮਾ ਉਪਰ ਸੈਂਸਰ ਹੈ। ਹਰੇਕ ਘਟਨਾ ਦਾ ਤੁਹਾਨੂੰ ਪਤਾ ਨਹੀਂ ਲੱਗ ਸਕਦਾ। ਸਾਲ 2003 ਵਿਚ ਅੰਗਰੇਜ਼ੀ ਦੀ ਪ੍ਰੋਫੈਸਰ ਬੀਬੀ ਅਜ਼ਰਾ ਨਫੀਸੀ ਦੀ ਕਿਤਾਬ *Reading Lolita in Tehran* ਫੋਰਥ ਐਸਟੇਟ ਨੇ ਪਹਿਲਾਂ ਲੰਦਨ, ਫਿਰ ਨਿਊਯਾਰਕ ਤੋਂ ਛਾਪੀ। ਇਸ ਕਿਤਾਬ ਦੀ ਦਾਸਤਾਂ ਅੱਗੇ ਬਿਆਨ ਕਰਾਂਗੇ।

www.punjabilibrary.com

ਪੰਜ ਮਈ ਨੂੰ ਦੁਨੀਆਂ ਭਰ ਵਿਚ ਪ੍ਰਸਿੱਧ ਲਾਇਬਰੇਰੀ ਦੇਖਣ ਗਏ ਜਿਸ ਦਾ ਨਾਮ ਹੈ ਕਿਤਾਬਖਾਨਾਇ ਮਰਅਸ਼ੀ ਨਜਫੀ। ਸੱਤ ਮੰਜਲਾਂ ਦੀ ਇਮਾਰਤ ਹੈ ਜਿਸਦੀਆਂ ਦੋ ਮੰਜ਼ਲਾਂ ਜ਼ਮੀਨ ਵਿਚ ਹਨ। ਨਜਫੀ ਗਰੀਬ ਘਰ ਵਿਚ ਜੰਮਿਆਂ, ਮਜ਼ਦੂਰੀ ਕਰਨ ਲੱਗਾ। ਪੱਚੀ ਸਾਲ ਦੀ ਉਮਰ ਦਾ ਸੀ ਜਦੋਂ ਦੇਖਿਆ ਕਿ ਇਕ ਗੋਰਾ ਕੁਰਾਨ ਦੀ ਸੁਹਣੀ ਸੈਂਚੀ ਖਰੀਦ ਕੇ ਲੈ ਗਿਆ। ਮਰਅਸ਼ੀ ਨਜਫੀ ਨੇ ਪੁੱਛਿਆ - ਅਰਬੀ ਇਨ੍ਹਾਂ ਨੂੰ ਆਉਂਦੀ ਤਾਂ ਹੈ ਨੀ, ਨਾ ਇਨ੍ਹਾਂ ਦਾ ਈਮਾਨ ਹੈ ਇਸ ਵਿਚ, ਫਿਰ ਇਹ ਕਿਉਂ ਖਰੀਦਦੇ ਨੇ? ਉਸਨੂੰ ਦੱਸਿਆ ਗਿਆ ਕਿ ਇਹ ਪੁਰਾਣੀਆਂ ਲਿਖਤਾਂ ਬਹੁਤ ਕੀਮਤੀ ਖਜ਼ਾਨਾ ਹੈ। ਅਸੀਂ ਗਰੀਬ ਲੋਕ ਡਾਲਰਾਂ ਬਦਲੇ ਇਨ੍ਹਾਂ ਨੂੰ ਦੇ ਦਿੰਦੇ ਹਾਂ। ਮਰਅਸ਼ੀ ਨੇ ਦਿਲ ਵਿਚ ਠਾਣ ਲਈ - ਮੈਂ ਇਹ ਖਜ਼ਾਨਾ ਲੁਟੇ ਜਾਣ ਤੋਂ ਬਚਾਵਾਂਗਾ।

ਉਹ ਅੱਠ ਪਹਿਰਾਂ ਵਿਚੋਂ ਇਕ ਵਕਤ ਰੋਟੀ ਖਾਂਦਾ, ਜਿਹੜੇ ਧਨਵਾਨ ਖੁਦ ਹੱਜ ਕਰਨ ਦੇ ਸਮਰੱਥ ਨਾ ਹੁੰਦੇ, ਉਨ੍ਹਾਂ ਤੋਂ ਪੈਸੇ ਲੈਕੇ ਹੱਜ ਕਰ ਆਉਂਦਾ ਤੇ ਬਚਤ ਨਾਲ ਕੋਈ ਪੁਰਾਣੀ ਪੇਂਟਿੰਗ, ਕੋਈ ਕਿਤਾਬ ਖਰੀਦ ਕੇ ਸੰਭਾਲ ਲੈਂਦਾ। ਅੰਗਰੇਜ਼ ਨੂੰ ਕਿਤਾਬ ਖਰੀਦਦੇ ਦੇਖਿਆ ਤਾਂ ਉਸ ਨਾਲ ਲੜ ਪਿਆ, ਗੋਰਾ ਜਿੰਨੇ ਪੈਸੇ ਦਿੰਦਾ ਸੀ ਮਰਅਸ਼ੀ ਕੋਲ ਨਹੀਂ ਸਨ, ਪਰ ਉਸਨੇ ਗੋਰੇ ਨੂੰ ਕੁੱਟ ਦਿਤਾ। ਪੁਲਸ ਕੋਲ ਸ਼ਿਕਾਇਤ ਹੋਈ। ਜੇਲ੍ਹ ਦੀ ਹਵਾ ਖਾਧੀ। ਹੌਲੀ ਹੌਲੀ ਲੋਕਾਂ ਨੂੰ ਉਸ ਦੇ ਜਨੂਨ ਅਤੇ ਈਮਾਨਦਾਰੀ ਦਾ ਪਤਾ ਲੱਗਾ। ਸਹਾਇਤਾ ਮਿਲਣੀ ਸ਼ੁਰੂ ਹੋ ਗਈ। ਅਖ਼ੀਰ ਵਿਚ ਉਸ ਦੀ ਸ਼ੁਹਰਤ ਨੂੰ ਸਰਕਾਰ ਨੇ ਕਬੂਲ ਕਰਦਿਆਂ ਉਸਨੂੰ ਆਇਤੁੱਲਾ ਦਾ ਖਿਤਾਬ ਦਿਤਾ ਤੇ ਲਾਇਬਰੇਰੀ ਉਸਾਰਨ ਵਾਸਤੇ ਧਨ ਮਿਲਿਆ। ਲਾਇਬ੍ਰੇਰੀ ਦੇ ਮੇਨਗੇਟ ਉਪਰ ਲਿਖਿਆ ਹੈ- ਇਹ ਇਮਾਰਤ ਕਿਤਾਬਾਂ ਦੀ ਜੇਲ੍ਹ ਨਹੀਂ ਹੈ। ਇਨ੍ਹਾਂ ਕਿਤਾਬਾਂ ਨੂੰ ਇਥੋਂ ਆਜ਼ਾਦ ਕਰਕੇ ਆਪਣੇ ਘਰ ਲਿਜਾਕੇ ਪੜ੍ਹੋ।

ਲਾਇਬ੍ਰੇਰੀ ਵਿਚ ਖੱਲ ਉਪਰ ਉਕਰਿਆ 1300 ਸਾਲ ਪੁਰਾਣਾ ਕੁਰਾਨ ਪਿਆ ਹੈ ਜਿਸ ਦੇ ਅਰਬੀ ਅੱਖਰਾਂ ਉਪਰ ਜ਼ੇਰ ਜ਼ਬਰ ਨਹੀਂ ਹਨ। ਲੰਡਿਆਂ ਵਾਂਗ ਉਸ ਜ਼ਮਾਨੇ, ਲਗਾਂ ਮਾਤਰਾਂ ਤੋਂ ਬਗੈਰ ਕੰਮ ਚਲਾਇਆ ਜਾਂਦਾ ਸੀ। ਅਬੁਲ ਅਸਬਦ, ਜੋ ਅਰਬੀ ਦਾ ਮਾਹਿਰ ਸੀ ਤੇ ਕੁਰਾਨ ਦਾ ਹਾਫਿਜ਼, ਨੇ ਇਸਦੀ ਦੂਜੀ ਇਸ ਨਾਲ ਮਿਲਦੀ ਨਕਲ ਤਿਆਰ ਕਰਵਾਈ। ਅਸਬਦ ਦੇ ਉਚਾਰਣ ਅਨੁਸਾਰ ਇਸ ਦੇ ਜ਼ੇਰ ਜਬਰ ਲਾਏ ਗਏ। ਮਰਅਸ਼ੀ ਨੇ ਉਰਮਚੀ ਸ਼ਹਿਰ ਵਿਚੋਂ ਚੀਨੀਆਂ ਦੀ ਹਥ ਲਿਖਤ ਕੁਰਾਨ ਹਾਸਲ ਕੀਤੀ ਜਿਸ ਲਿਖਤ ਨੂੰ ਖ਼ਤਿ ਬਹਾਰੀ ਕਿਹਾ ਜਾਂਦਾ ਹੈ। ਪੁਰਾਣੀਆਂ ਅਰਬੀ ਫਾਰਸੀ ਲਿਖਤਾਂ ਵਖ ਵਖ ਸ਼ੈਲੀਆਂ ਵਿਚ ਹਨ - ਤੈਮੂਰੀ, ਤਹਿਰਾਨੀ, ਸਫਵੀ, ਔਜ਼ਾਰੀ, ਸ਼ੀਰਾਜ਼ੀ, ਇਸਫਾਹਾਨੀ, ਕਸ਼ਮੀਰੀ, ਲਿਪੀ-ਸ਼ੈਲੀਆਂ ਦੇ ਡਿਜ਼ਾਈਨ ਮੋਹਿਤ ਕਰਨ ਵਾਲੇ ਹਨ। ਘੋੜੇ ਦੇ ਇਕ ਵਾਲ ਨੂੰ ਬਤੌਰ ਨਿੱਬ ਵਰਤਦਿਆਂ ਬੇਅੰਤ ਬਰੀਕ ਲਿਖਤਾਂ ਹਨ ਜੋ ਕੇਵਲ ਲੈਂਜ਼ ਨਾਲ ਪੜ੍ਹੀਆਂ ਜਾ ਸਕਦੀਆਂ ਹਨ। ਬੱਕਰੇ ਦੀ ਖੱਲ ਉਪਰ ਦਾਊਦ ਦੀ ਪੁਰਾਣੀ ਲਾਤੀਨੀ ਅੰਜੀਲ ਪਈ ਹੈ ਜਿਸਦੇ 200 ਪੰਨੇ ਹਨ ਤੇ 16 ਕਿਲੋ ਭਾਰੀ ਹੈ। ਇਥੋਪੀਅਨ, ਇਬਰਾਨੀ ਤੇ ਆਰਮੀਨੀ ਲਿਪੀ ਵਿਚ ਅੰਜੀਲਾਂ ਹਨ। ਪਾਲੀ, ਤਿਬਤੀ, ਬਰਮੀ ਤੇ ਗੁਰਮੁਖੀ ਦੀਆਂ ਪੁਰਾਣੀਆਂ ਲਿਖਤਾਂ ਪਈਆਂ ਹਨ।

ਮਰਅਸ਼ੀ ਨੇ ਦੋਸਤਾਂ ਨੂੰ ਖ਼ਤ ਲਿਖਿਆ - ਜੇ ਮੰਗਣ ਤੇ ਕਿਤਾਬ ਨਾ ਦਿਆਂ ਤਾਂ ਬੁਰਾ ਨਾ ਮਨਾਣਾ, ਅਪਣੀ ਮਹਿਬੂਬ ਕੌਣ ਕਿਸੇ ਦੂਜੇ ਨੂੰ ਦਿੰਦਾ ਹੈ?

ਇਕ ਹੋਰ ਖ਼ਤ ਵਿਚ ਲਿਖਿਆ - ਇਸ ਵੇਲੇ ਮੇਰੀ ਜੇਬ ਵਿਚ 35 ਤੋਮਾਨ ਰਕਮ ਹੈ ਕੇਵਲ। ਕਰਜ਼ਾ ਬਹੁਤ ਦੇਣਾ ਹੈ। ਮੇਰੇ ਕੋਲ 30 ਹਜ਼ਾਰ ਕਿਤਾਬਾਂ ਹਨ ਪਰ ਰੱਖਣ ਲਈ ਚੰਗੀ ਥਾਂ ਨਹੀਂ। ਮੈਨੂੰ ਇਸ ਵਕਤ ਭੁੱਖ ਲੱਗੀ ਹੋਈ ਹੈ, ਘਰ ਵਿਚ ਇਕ ਦਾਣਾ ਖਾਣ ਵਾਸਤੇ ਨਹੀਂ। ਯਾ ਖੁਦਾ, ਫਿਰ ਵੀ ਤੇਰੇ ਇਲਾਵਾ ਮੈਨੂੰ ਕਿਸੇ ਤੇ ਇਤਬਾਰ ਨਹੀਂ — ਮਰਅਸ਼ੀ ਨਜਫੀ।

ਉਸਦੇ ਜਿਉਂਦੇ ਜੀਅ ਇਮਾਰਤ ਪੂਰੀ ਹੋ ਗਈ। ਉਸਨੇ ਸਰਕਾਰ ਪਾਸ ਹਿੰਦੁਸਤਾਨ ਜਾਣ ਦੀ ਖਾਹਸ਼ ਜ਼ਾਹਰ ਕੀਤੀ। ਉਸਨੂੰ ਡਿਪਲੋਮੈਟ ਪਾਸਪੋਰਟ ਦਿਤਾ ਗਿਆ। ਤੁਰਨ ਤੋਂ ਪਹਿਲਾਂ ਉਸਨੇ ਕਿਹਾ - ਭਾਰਤ ਵਿਚਲੇ ਸਫਾਰਤਖਾਨੇ ਨਾਲ ਗੱਲ ਕਰਵਾਉ। ਸਫੀਰ ਨਾਲ ਫੋਨ ਮਿਲਾਇਆ ਗਿਆ। ਸਫੀਰ ਨੇ ਕਿਹਾ - ਹਜ਼ੂਰ ਮੈਂ ਆਪ ਨੂੰ ਲੈਣ ਹਵਾਈ ਅਡੇ ਤੇ ਆਵਾਂਗਾ। ਜੋ ਜੋ ਥਾਵਾਂ ਦੇਖਣੀਆਂ ਹਨ ਦੱਸ ਦਿਉ, ਉਥੇ ਲਿਜਾਣ ਦਾ ਪ੍ਰਬੰਧ ਕਰਾਂਗੇ। ਮਰਅਸ਼ੀ ਨੇ ਕਿਹਾ - ਮੈਂ ਕੋਈ ਲਾਲ ਕਿਲਾ ਜਾਂ ਤਾਜ ਮਹੱਲ ਦੇਖਣ ਲਈ ਨੀ ਆਉਣਾ। ਅੱਜ ਤੱਕ ਸਾਰੀ ਦੁਨੀਆਂ ਤੋਂ ਵਧੀਕ ਫਾਰਸੀ ਦੀਆਂ ਕਿਤਾਬਾਂ ਹਿੰਦੁਸਤਾਨ ਵਿਚ

www.punjabilibrary.com

ਛਾਪੀਆਂ ਗਈਆਂ, ਪਹਿਲਾਂ ਹੱਥਾਂ ਨਾਲ ਫੇਰ ਮਸ਼ੀਨਾ ਨਾਲ। ਇਸ ਕਰਕੇ ਇਸ ਪਾਕਿ ਜ਼ਮੀਨ ਨੂੰ ਸਜਦਾ ਕਰਨਾ ਹੈ। ਦੂਜਾ ਨਵਲ ਕਿਸ਼ੋਰ ਤੇ ਮੋਤੀ ਲਾਲ ਬਨਾਰਸੀ ਦਾਸ ਦੇ ਖਾਨਦਾਨਾ ਨੂੰ ਇਤਲਾਹ ਕਰੋ। ਜਦੋਂ ਇਨ੍ਹਾਂ ਨੂੰ ਪਤਾ ਲੱਗੇਗਾ ਕਿ ਮਰਅਸ਼ੀ ਨਜਫੀ ਆ ਰਿਹਾ ਹੈ ਤਾਂ ਮੈਨੂੰ ਲੈਣ ਵਾਸਤੇ ਇਹ ਤੁਹਾਡੇ ਤੋਂ ਪਹਿਲਾਂ ਜਹਾਜ਼ਘਰ ਪੁੱਜੇ ਹੋਣਗੇ। ਇਨ੍ਹਾਂ ਦੇ ਘਰਾਂ ਦੀ ਜ਼ਿਆਰਤ ਪਹਿਲੋਂ ਕਰਾਂਗਾ, ਫੇਰ ਤੁਹਾਡੇ ਸਫਾਰਤਖਾਨੇ ਜਾਵਾਂਗਾ। ਫਾਰਸੀ ਸਾਹਿਤ ਛਾਪ ਕੇ ਇਨ੍ਹਾਂ ਖਾਨਦਾਨਾ ਨੇ ਈਰਾਨ ਨੂੰ ਅਮੀਰ ਕੀਤਾ। ਮੈਂ ਮੰਗਦਾ ਤਾਂ ਇਨ੍ਹਾਂ ਦੇ ਬਜ਼ੁਰਗ ਮੈਨੂੰ ਨਾਯਾਬ ਲਿਖਤਾਂ ਭੇਜਦੇ ਰਹੇ। ਮਰਨ ਤੋਂ ਪਹਿਲਾਂ ਸ਼ੁਕਰਾਨਾ ਨਾ ਕੀਤਾ ਤਾਂ ਅੱਲਾਹ ਨਾਰਾਜ਼ ਹੋਵੇਗਾ।

ਉਸਦੀ ਦੂਜੀ ਖਾਹਿਸ਼ ਇਹ ਸੀ ਕਿ ਲਾਸ਼ ਹਰਮ ਵਿਚ ਨਹੀਂ ਉਸਦੀ ਲਾਇਬ੍ਰੇਰੀ ਦੇ ਬੂਹੇ ਦੀਆਂ ਪਉੜੀਆਂ ਹੇਠ ਦਫਨ ਕੀਤੀ ਜਾਵੇ, ''ਕਿਤਾਬਾਂ ਦੇ ਆਸ਼ਕ ਮੇਰੇ ਬੱਚੇ ਜਦੋਂ ਮੇਰੇ ਉਪਰ ਦੀ ਲੰਘਣਗੇ, ਉਹਨਾ ਦੇ ਕਦਮਾਂ ਦੀ ਛੁਹ ਨਾਲ ਮੈਨੂੰ ਸਕੂਨ ਮਿਲੇਗਾ।''

ਵਸੀਅਤ ਉਪਰ ਅਮਲ ਕੀਤਾ ਗਿਆ। ਕਬਰ ਉੱਪਰ ਇਹ ਅੱਖਰ ਉਕਰੇ ਹੋਏ ਹਨ ਜੋ ਨਜਫੀ ਨੇ ਮੌਤ ਤੋਂ ਦਸ ਦਿਨ ਪਹਿਲਾਂ ਖੁਦ ਕਾਗਜ਼ ਤੇ ਲਿਖੇ ਸਨ - *ਕਿਤਾਬ ਚੋਂ ਜੰਮਿਆਂ, ਕਿਤਾਬ ਕਰਕੇ ਜ਼ਿੰਦਾ ਰਿਹਾ, ਹੁਣ ਕਿਤਾਬ ਵਿਚ ਆਰਾਮ ਕਰਾਂਗਾ - ਆਇਤੁੱਲਾ ਮਰਅਸ਼ੀ ਨਜਫੀ।*

ਅੱਜ ਇਸ ਲਾਇਬ੍ਰੇਰੀ ਵਿਚ 31 ਹਜ਼ਾਰ ਦੁਰਲਭ ਹਥ-ਲਿਖਤਾਂ ਹਨ। ਪੁਰਾਣੇ ਫਟੇ ਤੇ ਅੱਧੇ ਅਧੂਰੇ ਵਰਕੇ ਪੂਰੇ ਕਰਨ ਲਈ ਉਸੇ ਰੰਗ ਦਾ ਕਾਗਜ਼ ਤਿਆਰ ਕਰਕੇ ਇਉਂ ਪੇਸਟ ਕਰ ਦਿੰਦੇ ਹਨ ਕਿ ਤੁਸੀਂ ਪਛਾਣ ਨਹੀਂ ਸਕੋਗੇ ਕਿਤੇ ਜੋੜ ਲੱਗਾ ਹੋਵੇ ਜਾਂ ਸ਼ੇਡ ਦਾ ਫਰਕ ਪਿਆ ਹੋਵੇ। ਹੁਣ ਉਸਦਾ ਬੇਟਾ ਸੱਯਦ ਮਹਿਮੂਦ ਮਰਅਸ਼ੀ ਇਸ ਲਾਇਬ੍ਰੇਰੀ ਦਾ ਚੀਫ ਹੈ ਤੇ ਉਸਨੂੰ ਹੁੱਜਤੁਲ ਇਸਲਾਮ(ਇਸਲਾਮ ਦਾ ਦਾਰਸ਼ਨਿਕ) ਦੀ ਉਪਾਧੀ ਮਿਲੀ ਹੈ। ਉਸਨੇ ਸਾਨੂੰ ਦੱਸਿਆ, ਮੈਂ ਤਿੰਨ ਵਾਰ ਹਿੰਦੁਸਤਾਨ ਦਾ ਦੌਰਾ ਕੀਤਾ। ਹਿੰਦੁਸਤਾਨ ਵਿਚ ਮੀਰ ਹਾਮਿਦ ਹੁਸੈਨ ਵਡੇ ਵਿਦਵਾਨ ਸਨ। ਉਨ੍ਹਾਂ ਦੀ ਕਬਰ ਆਗਰੇ ਵਿਚ ਹੈ। ਦੂਜੇ ਦਾਨਸ਼ਵਰ ਦਿਲਦਾਰ ਅਲੀ ਨਸੀਰਾਬਾਦੀ। ਇਨ੍ਹਾਂ ਦੋ ਹਿੰਦੁਸਤਾਨੀਆਂ ਤੇ ਸਾਨੂੰ ਫਖ਼ਰ ਹੈ। ਅਲੀਗੜ੍ਹ ਯੂਨੀਵਰਸਿਟੀ ਦੀ ਲਾਇਬ੍ਰੇਰੀ ਚੰਗੀ ਹੈ। ਹੈਦਰਾਬਾਦ ਗਿਆ ਤਾਂ ਦੁਖ ਹੋਇਆ ਕਿ ਲੁਕ ਛੁਪਕੇ ਸਲਾਰਜੰਗ ਵਿਚਲੀਆਂ ਨਾਯਾਬ ਕਿਤਾਬਾਂ ਯੋਰਪ ਨੂੰ ਵੇਚੀਆਂ ਜਾ ਰਹੀਆਂ ਨੇ। ਸਾਡੇ ਕੋਲ ਇਕੱਲੇ ਨਵਲ ਕਿਸ਼ੋਰ ਦੀਆਂ ਭੇਜੀਆਂ 500 ਫਾਰਸੀ ਕਿਤਾਬਾਂ ਨੇ। ਕਲਕੱਤੇ ਦੀਆਂ 220 ਸਾਲ ਪਹਿਲਾਂ ਦੀਆਂ ਪੁਰਾਣੀਆਂ ਛਾਪਾਂ ਸਾਡੇ ਕੋਲ ਨੇ। ਆਗਰੇ ਕਾਜ਼ੀ ਨੂਰੁੱਲਾ ਦੀ ਕਬਰ ਉਪਰ ਚਾਦਰ ਚੜ੍ਹਾਉਣ ਗਏ ਤਾਂ ਉਥੇ ਕੱਵਾਲ ਖ਼ੂਬਸੂਰਤ ਧੁਨਾ ਵਿਚ ਕਸੀਦਾ ਗਾ ਰਹੇ ਸਨ। ਮੈਂ ਗਾਉਣ ਨੂੰ ਕੁਫਰ ਮੰਨਦਾਂ। ਮੈਥੋਂ ਰਿਹਾ ਨੀਂ ਗਿਆ। ਮੈਂ ਵੀ ਨਾਲ ਗਾਉਣ ਲੱਗ ਪਿਆ। ਸਾਡੇ ਤੇ ਬੜੇ ਮਿਹਰਬਾਨ ਨੇ ਹਿੰਦੁਸਤਾਨੀ।

ਵਾਪਸੀ ਕਾਰ ਵਿਚ ਬੈਠਿਆਂ ਅਨਸਾਰੀ ਨੇ ਦੱਸਿਆ - ਵੇਖਿਆ ਸਾਰਾ ਦਿਨ ਕਿਵੇਂ ਚਾਅ ਨਾਲ ਮਹਿਮੂਦ ਆਪਣੇ ਅੱਬਾ ਦੀਆਂ ਗੱਲਾਂ ਵੀ ਕਰਦਾ ਰਿਹਾ ਤੇ ਲਾਇਬ੍ਰੇਰੀ ਵੀ ਦਿਖਾਉਂਦਾ ਰਿਹਾ। ਵਿਦੇਸ਼ੀ ਮਹਿਮਾਨਾ ਨੂੰ ਇਹ ਖੁਦ ਅਟੈਂਡ ਕਰਦੈ। ਇਸ ਦੀ ਅੰਮਾ ਨੇ ਸਾਨੂੰ ਦੱਸਿਆ ਸੀ ਕਿ ਬਚਪਨ ਤੋਂ ਇਹ ਬੱਚਾ ਸੂਖ਼ਮ ਸੁਭਾਅ ਵਾਲਾ ਸੀ। ਪੰਜ ਛੇ ਸਾਲ ਦੇ ਨੂੰ ਜਦੋਂ ਮੈਂ ਆਖਦੀ - ਜਾਹ ਅੱਬੂ ਨੂੰ ਜਗਾ ਕੇ ਦੁੱਧ ਪਿਲਾ ਤਾਂ ਇਹ ਨਜ਼ਦੀਕ ਜਾਕੇ ਵਾਜ ਨੀ ਮਾਰਦਾ ਸੀ, ਨਾ ਹੱਥ ਲਾਕੇ ਉਠਣ ਵਾਸਤੇ ਕਹਿੰਦਾ। ਅੱਬੂ ਦੇ ਪੈਰ ਨਾਲ ਆਪਣੀ ਗੱਲ੍ਹ ਛੁਹਾਇਆ ਕਰਦਾ।

ਬਿਨਾਂ ਦੱਸਿਆਂ ਇਕ ਦਿਨ ਮੈਂ ਖਲੀਲ ਗੰਬਰੀ ਦੇ ਘਰ ਚਲਾ ਗਿਆ। ਘੰਟੀ ਖੜਕਾਈ। ਅੰਦਰੋਂ ਆਵਾਜ਼ ਆਈ - ਕੌਣ ? ਮੈਂ ਆਪਣਾ ਨਾਮ ਦੱਸਿਆ। ਪੰਜ ਮਿੰਟ, ਦਸ ਮਿੰਟ, ਵੀਹ ਮਿੰਟ ਲੰਘ ਗਏ, ਦਰਵਾਜ਼ਾ ਨਾ ਖੁੱਲ੍ਹਿਆ। ਮੈਨੂੰ ਗੁੱਸਾ ਆ ਗਿਆ, ਕੀ ਮੁੜ ਜਾਵਾਂ ? ਆਖਰ ਦਰਵਾਜ਼ਾ ਖੁੱਲ੍ਹਿਆ ਤਾਂ ਮੈਂ ਗੁੱਸੇ ਨਾਲ ਕਿਹਾ- ਤੁਹਾਨੂੰ ਚੰਗਾ ਨੀਂ ਲੱਗਾ ਮੇਰਾ ਆਉਣਾ ? ਇਹ ਗੱਲ ਐ ਤਾਂ ਇਜਾਜ਼ਤ ਦੇਹ। ਚਲਾ ਜਾਨਾ। ਉਸਨੇ ਕਿਹਾ - ਤੁਸੀਂ ਕਿਹੜਾ ਦੱਸਿਆ ਸੀ ਆਪਣੇ ਆਉਣ ਬਾਬਤ। ਮੈਂ ਐਵੇਂ ਬੈਠਾ ਸੀ ਮਲੰਗਾਂ ਵਾਂਗ। ਤੁਹਾਡਾ ਨਾਮ ਸੁਣਿਆ, ਤਾਂ ਕੀ ਮੈਂ ਇਸੇ ਤਰ੍ਹਾਂ ਆ ਜਾਂਦਾ? ਏਡਾ ਵਡਾ ਸਿਆਣਾ ਵਾਲਾ ਸਰਦਾਰ ਮੇਰੇ ਘਰ ਆਏ, ਫਿਰ ਮੈਂ ਉਹਨੂੰ ਅੰਦਰ ਲਿਜਾਣ ਲਈ ਤਿਆਰੀ ਨਹੀਂ ਕਰਨੀ ਸੀ? ਮੈਂ ਫਟਾਫਟ ਘਰ ਠੀਕ ਕੀਤਾ, ਫਿਰ ਲਿਬਾਸ ਪਹਿਨਿਆ, ਦੇਰ ਤਾਂ ਮੈਂ ਲਾਈ ਨਹੀਂ ਕੋਈ। ਫੇਰ ਉਹ ਰੋਣ ਲੱਗ ਪਿਆ।

www.punjabilibrary.com

ਇਹ ਗਲ ਰੂਹਾਨੀ ਨੂੰ ਦੱਸੀ ਤਾਂ ਉਸਨੇ ਕਿਹਾ - ਕਿਸੇ ਈਰਾਨੀ ਨੂੰ ਝਿੜਕਣਾ ਨਹੀਂ। ਉਚੀ ਉਚੀ ਗੱਲ ਨੀਂ ਕਰਨੀ। ਇਹ ਫੱਟ ਰੋਣ ਲੱਗ ਜਾਂਦੇ ਨੇ ਨਿਆਣਿਆਂ ਵਾਂਗ।

ਅਹਿਮਦ ਨਫੀਸੀ ਦੀ ਧੀ ਅਜ਼ਰਾ ਨਫੀਸੀ, ਯੂਨੀਵਰਸਿਟੀ ਆਫ ਤਹਿਰਾਨ ਵਿੱਚ ਅੰਗਰੇਜ਼ੀ ਦੀ ਪ੍ਰੋਫੈਸਰ ਵਜੋਂ ਪੜ੍ਹਾਉਦੀ ਰਹੀ ਪਰ ਜਿਸ ਤਰ੍ਹਾਂ ਦਾ ਉਸਦਾ ਵਿਦਰੋਹੀ ਸੁਭਾ ਸੀ ਪਹਿਲੋਂ ਉਸਨੂੰ ਨੌਕਰੀ ਤੋਂ ਅਸਤੀਫਾ ਦੇਣਾ ਪਿਆ ਅਤੇ ਫੇਰ ਸਰਕਾਰ ਨੇ ਦੇਸ ਨਿਕਾਲਾ ਦਿੱਤਾ ਤਾਂ ਉਹ 1997 ਵਿੱਚ ਅਮਰੀਕਾ ਚਲੀ ਗਈ ਜਿਥੇ ਜਾਨ ਹਾਪਕਿਨਜ਼ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਨਿਯੁਕਤ ਹੋਈ। ਉਸਨੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਅਖਬਾਰਾਂ/ਰਿਸਾਲਿਆਂ ਵਾਸਤੇ ਤਾਂ ਲਿਖਿਆ ਹੀ, ਦੋ ਕਿਤਾਬਾਂ ਵੀ ਛਪਵਾਈਆਂ। ਪਹਿਲੀ ਕਿਤਾਬ ਨੋਬੋਕੋਵ ਦੇ ਨਾਵਲਾਂ ਦਾ ਆਲੋਚਨਾਤਮਕ ਅਧਿਐਨ ਸੀ ਤੇ ਦੂਜੀ ਕਿਤਾਬ ਜਿਸਨੇ ਉਸਨੂੰ ਵਡੇਰਾ ਮਾਣ ਦਿੱਤਾ ਉਹ ਹੈ, *ਰੀਡਿੰਗ ਲੌਲਿਤਾ ਇਨ ਤਹਿਰਾਨ* । ਇਸ ਕਿਤਾਬ ਉਪਰ ਅੰਗਰੇਜ਼ੀ ਵਿੱਚ ਫਿਲਮ ਬਣ ਚੁਕੀ ਹੈ। ਦੋ ਬੱਚਿਆਂ ਅਤੇ ਪਤੀ ਸਣੇ ਹੁਣ ਉਹ ਵਾਸ਼ਿੰਗਟਨ ਡੀਸੀ ਦੀ ਵਸਨੀਕ ਹੈ।

ਪਿਤਾ ਅਹਿਮਦ ਨਫੀਸੀ ਦ੍ਰਿੜ੍ਹ ਆਤਮ ਵਿਸ਼ਵਾਸ ਵਾਲਾ ਈਮਾਨਦਾਰ ਖੁੱਦਦਾਰ ਇਨਸਾਨ ਸੀ। ਸਿਆਸਤ ਵਿੱਚ ਉਸ ਦੀ ਲਗਾਤਾਰ ਚੜ੍ਹਤ ਰਹੀ ਜਿਸ ਸਦਕਾ ਉਸਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਦੀ ਕਾਰਪੋਰੇਸ਼ਨ ਦਾ ਮੇਅਰ ਸਰਬਸੰਮਤੀ ਨਾਲ ਚੁਣ ਲਿਆ ਗਿਆ। ਤਹਿਰਾਨ ਦੇ ਇਤਿਹਾਸ ਵਿੱਚ ਉਹ ਸਭ ਤੋਂ ਛੋਟੀ ਉਮਰ ਵਿੱਚ ਮੇਅਰ ਚੁਣਿਆ ਗਿਆ ਸੀ। ਮੇਅਰ ਦਾ ਆਫਿਸ ਸੰਭਾਲਣ ਪਿਛੋਂ ਉਸ ਉਪਰ ਮੁਸੀਬਤਾਂ ਦਾ ਦੌਰ ਚੱਲਿਆ। ਬਾਦਸ਼ਾਹ ਮੁਹੰਮਦ ਸ਼ਾਹ ਪਹਿਲਵੀ ਦੀ ਜੁੰਡਲੀ ਨਾ ਸਿਆਣੀ ਸੀ ਨਾ ਈਮਾਨਦਾਰ। ਧੌਂਸ ਨਾਲ ਉਹ ਮੇਅਰ ਤੋਂ ਮਨਮਰਜ਼ੀ ਦੇ ਨਾਜਾਇਜ਼ ਕੰਮ ਕਰਵਾਉਣ ਦੇ ਇੱਛੁਕ ਸਨ। ਅਹਿਮਦ ਕਿਸੇ ਹੋਰ ਮਿੱਟੀ ਦਾ ਬਣਿਆ ਹੋਇਆ ਸੀ। ਜੋ ਇਸ ਤਰ੍ਹਾਂ ਦੇ ਹਾਲਾਤ ਵਿੱਚ ਹੋਇਆ ਕਰਦਾ ਹੈ ਉਹੀ ਹੋਇਆ, ਉਸ ਉਪਰ ਭਰਿਸ਼ਟਾਚਾਰ ਦੇ ਦੋਸ਼ ਲਾਕੇ ਗ੍ਰਿਫਤਾਰ ਕੀਤਾ ਗਿਆ। ਮੁਕੱਦਮੇ ਦੌਰਾਨ ਫਰਜ਼ੀ ਗਵਾਹੀਆਂ ਦੇ ਆਧਾਰ ਤੇ ਪੰਜ ਸਾਲ ਦੀ ਕੈਦ ਹੋਈ। ਟ੍ਰਾਇਲ ਚਲਦਿਆਂ ਉਸਨੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਨ ਲਈ ਭੇਜ ਦਿੱਤਾ ਕਿਉਂਕਿ ਆਪਣੀਆਂ ਸਿਆਸੀ ਸਰਗਰਮੀਆਂ ਕਾਰਨ ਉਹ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਨਹੀਂ ਪਾਉਣਾ ਚਾਹੁੰਦਾ ਸੀ। ਧੀ ਅਜ਼ਰਾ ਨੇ ਅਮਰੀਕਾ ਵਿੱਚ ਅੰਗਰੇਜ਼ੀ ਦੀ ਡਾਕਟਰੇਟ ਕੀਤੀ। ਬਾਦਸ਼ਾਹ ਦੇਸ ਛੱਡ ਗਿਆ ਤੇ ਜੁੰਡਲੀ ਖਤਮ ਹੋ ਗਈ ਤਾਂ ਅਜ਼ਰਾ ਨੇ ਤਹਿਰਾਨ ਵਿੱਚ ਆਕੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਅਗਲਾ ਦੌਰ ਵੱਖਰੀ ਪ੍ਰਕਾਰ ਦੀਆਂ ਮੁਸ਼ਕਲਾਂ ਲੈ ਕੇ ਆਵੇਗਾ, ਇਸ ਦਾ ਉਸਨੂੰ ਖਿਆਲ ਨਹੀਂ ਸੀ।

ਅਜ਼ਰਾ ਲਿਖਦੀ ਹੈ, "ਮੇਅਰ ਚੁਣੇ ਜਾਣ ਪਿਛੋਂ ਪਿਤਾ ਦੀ, ਪਰਿਵਾਰ ਦੀ ਚੰਗੀ ਸਾਖ ਬਣੀ, ਇਹ ਸੁਭਾਵਕ ਹੀ ਸੀ ਪਰ ਜਦੋਂ ਬਾਦਸ਼ਾਹ ਨੇ ਜੇਲ੍ਹ ਵਿੱਚ ਸੁੱਟ ਦਿਤੇ, ਇਸ ਪਿਛੋਂ ਤਾਂ ਸ਼ੁਹਰਤ ਕੁੱਲ ਈਰਾਨ ਵਿੱਚ ਫੈਲ ਗਈ। ਲੋਕਾਂ ਨੂੰ ਯਕੀਨ ਨਹੀਂ ਸੀ ਆਉਂਦਾ ਕੋਈ ਅਜਿਹਾ ਬੰਦਾ ਹੈ ਜੋ ਬਾਦਸ਼ਾਹ ਖਿਲਾਫ ਫੈਸਲਾ ਲੈਕੇ ਜੇਲ੍ਹ ਜਾਣ ਨੂੰ ਤਿਆਰ ਹੈ। ਅੱਬੂ ਨਾਲ ਜੇਲ੍ਹ ਵਿੱਚ ਮੁਲਾਕਾਤਾਂ ਕਰਨ ਵਾਲਿਆਂ ਦੇ ਮੇਲੇ ਲੱਗੇ ਰਹਿੰਦੇ ਸਨ।"

ਸਟੇਟ ਦਾ ਸੁਭਾਅ ਹਰ ਸਮੇਂ ਇਕੋ ਜਿਹਾ ਹੁੰਦਾ ਹੈ। ਜਦੋਂ ਸ੍ਰ. ਸੇਵਾ ਸਿੰਘ ਠੀਕਰੀਵਾਲਾ ਨੂੰ ਮਹਾਰਾਜਾ ਭੁਪਿੰਦਰ ਸਿੰਘ ਨੇ ਕੈਬਨਿਟ ਵਿਚ ਮੰਤਰੀ ਲਿਆ ਤਦ ਸੇਵਾ ਸਿੰਘ ਨੇ ਆਪਣੇ ਪਿੰਡ ਠੀਕਰੀ ਵਾਲਾ ਵਿਚ ਮਹਾਰਾਜੇ ਨੂੰ ਜੋ ਡਿਨਰ ਦਿੱਤਾ ਉਸ ਵਾਸਤੇ ਕਰਾਕਰੀ ਇੰਗਲੈਂਡ ਤੋਂ ਖਰੀਦੀ ਗਈ ਤੇ ਉਸ ਉਪਰ ਪੇਂਟਿੰਗ ਪੈਰਿਸ ਤੋਂ ਕਰਵਾਈ ਗਈ ਸੀ। ਜਦੋਂ ਸੇਵਾ ਸਿੰਘ ਸਰਦਾਰ ਨੇ ਮਹਾਰਾਜੇ ਦੀ ਹਰੇਕ ਗੱਲ ਦੀ ਹਾਂ ਵਿਚ ਹਾਂ ਮਿਲਾਉਣ ਤੋਂ ਇਨਕਾਰ ਕੀਤਾ ਤਾਂ ਪੁਲਿਸ ਨੇ ਠੀਕਰੀਵਾਲਾ ਪਿੰਡ ਦੇ ਸਾਂਝੇ ਖੂਹ ਉਪਰ ਪਾਣੀ ਖਿਚਣ ਵਾਲਾ ਗੜਵਾ-ਰੱਸਾ ਚੋਰੀ ਕਰਨ ਦਾ ਮੁਕੱਦਮਾ ਦਰਜ ਕਰਕੇ ਪਟਿਆਲਾ ਜੇਲ੍ਹ ਵਿਚ ਸੁੱਟਿਆ, ਜਿੱਥੇ ਉਸਦੀ ਮੌਤ ਹੋਈ।

ਪ੍ਰੋਫੈਸਰ ਨਫੀਸੀ ਦਾ ਬਾਕੀ ਲੋਕਾਂ ਵਾਂਗ ਖਿਆਲ ਸੀ ਕਿ ਇਨਕਲਾਬ ਲਈ ਜੱਦੋ ਜਹਿਦ ਖ਼ਤਮ ਹੋਈ, ਹੁਣ ਅਮਨ ਦੇ, ਸੁਖ ਦੇ ਦਿਨ ਆਉਣਗੇ। ਯੂਨੀਵਰਸਿਟੀਆਂ ਵਿਚ ਪੜ੍ਹਾਈ ਸ਼ੁਰੂ ਹੋ ਗਈ ਪਰ ਹੁਣ ਅਜੀਬ ਕਿਸਮ ਦੀ ਹਲਚਲ ਦੇਖੀ ਗਈ। ਲਿਖਤੀ ਅਤੇ ਜ਼ਬਾਨੀ ਹੁਕਮਨਾਮੇ/ਰਹਿਤਨਾਮੇ ਜਾਰੀ ਹੋਣ ਲੱਗੇ। ਕੁੜੀਆਂ ਮੁੰਡਿਆਂ ਨਾਲ ਗੱਲਾਂ ਕਰਨ, ਇਹ ਮਨ੍ਹਾ ਹੋ ਗਿਆ। ਕੋਈ ਕੁੜੀ ਉੱਚੀ ਹੱਸੇਗੀ ਨਹੀਂ, ਉਚੀ ਬੋਲੇਗੀ ਨਹੀਂ ਤੇ ਜੇ ਲੇਟ ਹੋ ਗਈ ਤਾਂ ਦੌੜ ਕੇ ਕਲਾਸ ਰੂਮ ਵਿਚ ਨਹੀਂ ਜਾਏਗੀ। ਰੋਂਦਿਆਂ ਇਕ ਕੁੜੀ ਨੇ ਨਫੀਸੀ ਨੂੰ ਦੱਸਿਆ, ਮੈਂ ਇਸ ਕਰਕੇ ਲੇਟ ਹੋ ਗਈ ਮੈਡਮ, ਮੇਨ ਗੇਟ ਉਪਰ ਤੈਨਾਤ ਸੁਰੱਖਿਆ ਸਟਾਫ ਦੀਆਂ ਔਰਤਾਂ ਨੇ ਪਰਸ

www.punjabilibrary.com

ਚੈੱਕ ਕੀਤਾ ਤਾਂ ਵਿਚੋਂ ਸੁਰਖੀ ਨਿਕਲ ਆਈ। ਉਹ ਬਜ਼ਿਦ ਸਨ ਕਿ ਤੇਰੇ ਮਾਪਿਆਂ ਨੂੰ ਬੁਲਾਕੇ ਇਹ ਤੇਰੀ ਕਰਤੂਤ ਦੱਸਣੀ ਹੈ, ਮੈਂ ਮਾਫੀਆਂ ਮੂਫੀਆਂ ਮੰਗ ਕੇ ਖਹਿੜਾ ਛੁਡਾ ਕੇ ਆਈ ਹਾਂ।

ਨਫੀਸੀ ਨੇ ਯੂਨੀਵਰਸਿਟੀ ਅਤੇ ਆਪਣੇ ਘਰ ਵਿਚ ਕੁੜੀਆਂ ਨੂੰ ਸੰਗਠਿਤ ਹੋਕੇ ਸੰਘਰਸ਼ ਕਰਨ ਵਾਸਤੇ ਪ੍ਰੇਰਿਤ ਕਰਨਾ ਸ਼ੁਰੂ ਕਰ ਦਿੱਤਾ। ਇਕ ਵਾਰ ਤਾਂ ਥੱਕ ਗਈ ਤੇ ਅਸਤੀਫਾ ਦੇਣ ਦੀ ਸਲਾਹ ਬਣਾਈ, ਇਕ ਕੁਲੀਗ ਨੇ ਕਿਹਾ– ਤੂੰ ਕਿਵੇਂ ਪੜ੍ਹਾਉਣਾ ਹੈ, ਕਿੰਨਾ ਚਿਰ ਪੜ੍ਹਾਉਣਾ ਹੈ, ਤੈਨੂੰ ਨੌਕਰੀ 'ਚੋਂ ਕੱਢਣਾ ਹੈ ਕਿ ਰੱਖਣਾ ਹੈ, ਜੇ ਕੱਢਣਾ ਹੈ ਤਾ ਕਿਵੇਂ, ਇਸ ਦਾ ਫੈਸਲਾ ਹੁਣ ਤੇਰੇ ਹੱਥ ਨਹੀਂ, ਮੁੰਡਿਆਂ ਦੇ ਹੱਥ ਵਿਚ ਹੈ।

ਨੌਬੋਕੋਵ ਦਾ ਨਾਵਲ 'ਲੌਲਿਤਾ' ਦੁਨੀਆਂ ਭਰ ਵਿਚ ਚਰਚਿਤ ਰਿਹਾ ਹੈ। ਸਾਲ 1970 ਬੀਏ ਵਿਚ ਮੈਂ ਇਹ ਨਾਵਲ ਇਸ ਕਰਕੇ ਪੜ੍ਹਿਆ ਕਿਉਂਕਿ ਚਟਕਾਰੇਦਾਰ ਚੀਜ਼ ਸੀ। ਦੇਰ ਬਾਅਦ ਸਮਝ ਆਈ ਕਿ ਇਸ ਵਿਚਲੀ ਲਚਰਤਾ ਪਿਛੇ ਲੌਲਿਤਾ ਦੀ ਬੇਬਸੀ ਅਤੇ ਸ਼ੋਸ਼ਣ ਬਾਬਤ ਸੋਚਣ ਦੀ ਉਦੋਂ ਅਕਲ ਨਹੀਂ ਸੀ। ਪ੍ਰੋਫੈਸਰ ਨਫੀਸੀ ਆਪਣੀਆਂ ਵਿਦਿਆਰਥਣਾਂ ਨੂੰ ਇਸ ਪੱਖ ਤੋਂ ਜਾਣੂ ਕਰਵਾਉਣ ਵਾਸਤੇ ਇਸ ਕਿਤਾਬ ਨੂੰ ਕੇਂਦਰ ਬਣਾਉਂਦੀ ਹੈ। ਦੂਜੀ ਕਿਤਾਬ ਜਿਸ ਦਾ ਨਫੀਸੀ ਦੇ ਘਰ ਪਾਠ ਕੀਤਾ ਜਾਂਦਾ, ਉਹ ਹੈ, ਬੁਲਬੁਲ ਹਜ਼ਾਰ ਦਾਤਸਾਨ। ਪਰ ਇਹ ਸਾਰੀ ਚਰਚਾ ਚੋਣਵੀਆਂ ਵਿਦਿਆਰਥਣਾ ਨਾਲ ਉਹ ਆਪਣੇ ਘਰ ਵਿਚ ਕਰਦੀ, ਯੂਨੀਵਰਸਿਟੀ ਵਿਚ ਨਹੀਂ। ਕਹਾਣੀ ਵਿਚਲੀ ਆਪਣੀ ਮਲਕਾ ਦੀ ਬੇਵਫਾਈ ਸਾਬਤ ਹੋਣ ਪਿਛੋਂ ਬਾਦਸ਼ਾਹ ਉਸਨੂੰ ਤਾਂ ਮੌਤ ਦੀ ਸਜ਼ਾ ਦਿੰਦਾ ਹੀ ਹੈ, ਬਾਂਦੀਆਂ ਨੂੰ ਵੀ ਇੱਕ ਇੱਕ ਕਰਕੇ ਕਤਲ ਕੀਤਾ ਜਾਂਦਾ ਹੈ, ਇਸ ਸ਼ੱਕ ਨਾਲ ਕਿ ਉਹ ਇਸ ਪਾਪ ਵਿਚ ਹਿੱਸੇਦਾਰ ਹਨ। ਕਹਾਣੀਆਂ ਸੁਣਾ ਸੁਣਾ ਕੇ ਕੇਵਲ ਇਕ ਕੁੜੀ ਸ਼ਹਿਰਜ਼ਾਦ ਬਚਦੀ ਹੈ। ਲੋਕਾਂ ਨੂੰ ਯਾਦ ਰਹਿ ਜਾਂਦੀ ਹੈ ਬੇਵਫਾ ਮਕਤੂਲ ਮਲਕਾ ਜਾਂ ਬਚ ਗਈ ਸ਼ਹਿਰਜਾਦ। ਵਿਚ ਵਿਚਕਾਰ ਕਤਲ ਹੋਈਆਂ ਬਾਂਦੀਆਂ, ਜਿਨ੍ਹਾਂ ਦਾ ਕੋਈ ਕਸੂਰ ਨਹੀਂ, ਵਲ ਪਾਠਕਾਂ ਦਾ ਧਿਆਨ ਨਹੀਂ ਜਾਂਦਾ। ਇਹੀ ਉਹ ਆਪਣੀਆਂ ਵਿਦਿਆਰਥਣਾਂ ਨੂੰ ਦੱਸਣਾ ਚਾਹੁੰਦੀ ਕਿ ਅਣਗਿਣਤ ਈਰਾਨੀ ਕੁੜੀਆਂ ਦੇ ਦੁਖਾਂ ਦੀ ਦਾਸਤਾਨ ਵਲ ਤਵੱਜੋ ਦੇਣੀ ਪਵੇਗੀ। ਨੌਬੋਕੋਵ ਦੇ ਨਾਵਲ ਲੌਲਿਤਾ, ਨਫੀਸੀ ਦੀਆਂ ਕਿਤਾਬਾਂ, ਅਤੇ ਹਜ਼ਾਰ ਦਾਸਤਾਨ ਕਿਤਾਬਾਂ ਪੜ੍ਹਨ ਉਪਰ ਉਥੇ ਪਾਬੰਦੀ ਲੱਗੀ ਹੋਈ ਹੈ।

ਨਫੀਸੀ ਸੋਚਦੀ, "ਨੌਕਰੀਓਂ ਮੁਕਤ ਹੋਣ ਬਾਦ ਜਿਹੜੀ ਸੁੰਨ ਵਰਤੀ ਜਾਂ ਤਾਂ ਮੈਂ ਉਸ ਕਾਰਨ ਖੁਦਕੁਸ਼ੀ ਕਰਦੀ ਜਾਂ ਫਿਰ ਆਪਣੀ ਵਾਇਲਨ ਲੈਕੇ ਦਿਨ ਰਾਤ ਸੁਰ ਲਹਿਰਾਂ ਵਿਚ ਮਸਤ ਹੋ ਜਾਂਦੀ। ਮੈਂ ਦੂਜਾ ਰਸਤਾ ਚੁਣਿਆ। ਸਾਹਿਤ ਮੇਰੀ ਵਾਇਲਨ, ਮੇਰੀਆਂ ਵਿਦਿਆਰਥਣਾਂ ਉਸਦੀਆਂ ਸੁਰਾਂ।"

ਰਾਜ ਪਲਟੇ ਤੋਂ ਬਾਦ ਕੁੜੀਆਂ ਲਈ ਵਿਆਹ ਦੀ ਉਮਰ 18 ਸਾਲ ਤੋਂ ਘਟਾ ਕੇ ਜਦੋਂ 9 ਸਾਲ ਕਰ ਦਿਤੀ ਗਈ ਤੇ ਨਾਜਾਇਜ਼ ਕਾਮ ਸਬੰਧਾਂ ਦੀ ਸਜ਼ਾ ਪੱਥਰ ਮਾਰ ਕੇ ਜਾਨੋ ਮਾਰਨਾ ਕੀਤਾ ਗਿਆ ਤਾਂ ਇਸ ਵਿਰੁੱਧ ਤੂਫਾਨ ਖੜ੍ਹਾ ਹੋ ਗਿਆ, ਕਾਨੂੰਨ ਵਾਪਸ ਲੈਣਾ ਪਿਆ।

ਕੁੜੀਆਂ ਦੀ ਕਲਾਸ ਵਿਚ ਇਕ ਮੈਡਮ ਨੇ ਬਲੈਕਬੋਰਡ ਵਿਚਕਾਰ ਉਪਰੋਂ ਹੇਠਾਂ ਲਕੀਰ ਵਾਹ ਦਿੱਤੀ। ਖੱਬੇ ਪਾਸੇ ਲਿਖ ਦਿੱਤਾ ਈਸਾਈ ਕੁੜੀ, ਸੱਜੇ ਮੁਸਲਮਾਨ ਕੁੜੀ, ਦੱਸਣਾ ਸ਼ੁਰੂ ਕੀਤਾ – ਈਸਾਈ ਕੁੜੀ ਵਿਆਹ ਤੋਂ ਪਹਿਲਾਂ ਕੁਆਰੀ ਨਹੀਂ ਰਹਿੰਦੀ। ਮੁਸਲਮਾਨ ਕੁੜੀ ਕੁਆਰੀ ਰਹਿੰਦੀ ਹੈ। ਦੂਜਾ ਵਾਕ – ਵਿਆਹ ਤੋਂ ਬਾਦ ਵੀ ਈਸਾਈ ਕੁੜੀ ਸੱਜੇ ਖੱਬੇ ਮੂੰਹ ਮਾਰਨੋਂ ਨਹੀਂ ਹਟਦੀ, ਮੁਸਲਮਾਨ ਕੁੜੀ ਸਾਰੀ ਉਮਰ ਆਪਣੇ ਖਾਵੰਦ ਨਾਲ ਰਹਿੰਦੀ ਹੈ। ਇਵੇਂ ਹੀ ਕੱਪੜੇ ਪਹਿਨਣੇ, ਸੈਰ ਸਪਾਟਾ, ਸੁਰਖੀ ਬਿੰਦੀ ਆਦਿਕ ਫੈਸ਼ਨ ਦੀ ਤੁਲਨਾ ਕੀਤੀ। ਕੁੜੀਆਂ ਉਚੀ ਉਚੀ ਹੱਸਣ ਲੱਗ ਪਈਆਂ। ਮੈਡਮ ਨੇ ਕਾਰਨ ਪੁਛਿਆਂ ਤਾਂ ਇੱਕ ਹੌਂਸਲਾ ਕਰਕੇ ਬੋਲੀ – ਮੈਡਮ ਤੁਸੀਂ ਆਪਣੇ ਵੱਲੋਂ ਤਾਂ ਇਸਲਾਮ ਦੀਆਂ ਖੂਬੀਆਂ ਦਾ ਜ਼ਿਕਰ ਕਰ ਰਹੇ ਹੋ, ਕੁੜੀਆਂ ਇਸ ਕਰਕੇ ਹੱਸੀ ਜਾਂਦੀਆਂ ਨੇ ਕਿ ਤੁਹਾਡੀ ਵਿਆਖਿਆ ਨਾਲ ਉਨ੍ਹਾਂ ਦਾ ਈਸਾਈ ਬਣਨ ਨੂੰ ਜੀ ਕਰਨ ਲੱਗ ਪਿਐ। ਬੰਦ ਕਰੋ ਭਾਸ਼ਣ।

ਸਵਿਟਜ਼ਰਲੈਂਡ ਦੇ ਸਕੂਲ ਵਿਚ ਪੜ੍ਹਦੀ ਨਫੀਸੀ ਨੂੰ ਅਧਿਆਪਕ ਨੇ ਕਲਾਸ ਤੋਂ ਬਾਹਰ ਬੁਲਾ ਕੇ ਦੱਸਿਆ, ਤੇਰੇ ਪਿਤਾ ਨੂੰ ਸਰਕਾਰ ਨੇ ਗ੍ਰਿਫਤਾਰ ਕਰ ਲਿਆ ਹੈ। "ਮੈਂ ਆਪਣੇ ਪਿਤਾ ਨੂੰ ਮਿਲਣ ਤਹਿਰਾਨ ਗਈ। ਏਅਰਪੋਰਟ ਉਪਰ ਅਹਿਸਾਸ ਹੋਇਆ ਕਿ ਪਾਪਾ ਜੇਲ੍ਹ ਵਿਚ ਹਨ ਕਿਉਂਕਿ ਪਹਿਲੀ ਵਾਰ ਮੈਨੂੰ ਲੈਣ ਉਹ ਹਵਾਈ ਅੱਡੇ ਉਪਰ ਨਹੀਂ ਆਏ।" ਕਦੀ ਖਬਰ ਮਿਲਦੀ ਉਨ੍ਹਾਂ ਨੂੰ ਜਲਦੀ ਗੋਲੀ ਮਾਰ ਦਿੱਤੀ ਜਾਵੇਗੀ, ਕਦੀ ਕੋਈ ਆਖਦਾ, ਬਸ ਰਿਹਾਅ ਹੋਣ ਵਾਲੇ ਹਨ। ਅਜੇ ਤਿੰਨ ਹਫਤੇ ਪਹਿਲਾਂ ਪੈਰਿਸ ਮੈਚ ਅਖਬਾਰ ਵਿਚ ਛਪੀ ਉਨ੍ਹਾਂ ਦੀ ਵੱਡੀ ਰੰਗੀਨ ਫੋਟੋ ਦੇਖੀ ਸੀ। ਉਨ੍ਹਾਂ ਨਾਲ ਜਰਨੈਲ ਡੀ ਗਾਲ ਖਲੋਤੇ ਸਨ। ਡੀ ਗਾਲ ਜਦੋਂ ਤਹਿਰਾਨ ਆਇਆ ਸੀ ਤਾਂ ਅੱਬਾ ਨੇ ਫਰਾਂਸੀਸੀ ਜ਼ਬਾਨ ਵਿਚ ਸਵਾਗਤੀ ਭਾਸ਼ਣ ਦਿੱਤਾ ਸੀ ਜਿਸ ਵਿਚ

ਵਿਕਟਰ ਹਿਉਗੋ ਸਮੇਤ ਅਨੇਕ ਫਰੈਂਚ ਚਿੰਤਕਾਂ ਦੇ ਹਵਾਲੇ ਦਿੱਤੇ ਸਨ। ਡੀ ਗਾਲ ਨੇ ਉਨ੍ਹਾਂ ਨੂੰ ਫਰਾਂਸ ਦਾ ਸਰਬੋਤਮ ਸਨਮਾਨ *ਲੀਅਨ ਆਫ ਆਨਰ* ਦੇਣ ਦਾ ਫੈਸਲਾ ਕੀਤਾ। ਪਿਛੋਂ ਜਾ ਕੇ ਜਦੋਂ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ, ਬਾਕੀ ਇਲਜ਼ਾਮ ਸਾਬਤ ਨਹੀਂ ਹੋਏ, ਅਦਾਲਤ ਨੇ ਕੇਵਲ ਇੱਕ ਦੋਸ਼ ਸਹੀ ਮੰਨਿਆ, ਉਹ ਸੀ- ਵੱਡਿਆਂ ਦਾ ਆਖਾ ਨਹੀਂ ਮੰਨਦਾ। ਧੀ ਲਿਖਦੀ ਹੈ, ਇਹ ਦੋਸ਼ ਸਹੀ ਸੀ। ਇਸ ਦੋਸ਼ ਦੀ ਸਜ਼ਾ ਦਾ ਨਾ ਪਾਪਾ ਨੂੰ ਨਾ ਸਾਡੇ ਵਿਚੋਂ ਕਿਸੇ ਹੋਰ ਪਰਿਵਾਰਕ ਮੈਂਬਰ ਨੂੰ ਅਫਸੋਸ ਹੋਇਆ।

ਨਫੀਸੀ ਦੇ ਗੁਆਂਢ ਵਿਚ ਇਕ ਮੁੰਡਾ ਰਹਿੰਦਾ ਸੀ, ਪੂਰਾ ਅੱਯਾਸ਼। ਏਨੀ ਦੌਲਤ ਉਸ ਕੋਲ ਕਿਥੋਂ ਆਈ ਪਤਾ ਨਹੀਂ। ਕਦੀ ਕਦਾਈਂ ਸੁਣਦੇ ਸਮੱਗਲਰ ਹੈ। ਉਸਦੇ ਘਰ ਵਿਚ ਇਕ ਦਿਨ ਹਥਿਆਰਬੰਦ ਮੁੰਡੇ (ਚੇਤੇ ਰਹੇ ਕਿ ਇਹ ਹਥਿਆਰਬੰਦ ਮੁੰਡੇ ਪੁਲੀਸ ਪਾਰਟੀ ਦੇ ਨਹੀਂ ਹੁੰਦੇ ਸਨ, ਆਪੇ ਬਣੇ ਇਸਲਾਮੀ ਸਕੁਐਡ ਸਨ) ਉਸਨੂੰ ਗ੍ਰਿਫਤਾਰ ਕਰਨ ਆ ਕੁੱਦੇ ਤਾਂ ਉਹ ਕੰਧ ਟੱਪ ਕੇ ਨਫੀਸੀ ਦੇ ਲਾਅਨ ਵਿਚ ਜਾ ਲੁਕਿਆ। ਇਹ ਮੁੰਡੇ ਨਫੀਸੀ ਦੇ ਘਰ ਆ ਗਏ ਤਾਂ ਉਹ ਡਰ ਗਈ, ਇਸ ਕਰਕੇ ਨਹੀਂ ਕਿ ਕਿਸੇ ਗ੍ਰਿਫਤਾਰੀ, ਸਜ਼ਾ ਆਦਿਕ ਦਾ ਡਰ ਸੀ, ਛੁਪੇ ਦੁਸ਼ਮਣ ਨੂੰ ਗ੍ਰਿਫਤਾਰ ਕਰਨ ਜਾਂ ਮਾਰਨ ਵਾਸਤੇ ਜਦੋਂ ਉਹ ਛੱਤ ਉਪਰ ਚੜ੍ਹੇ, ਡਰ ਇਸ ਗੱਲ ਦਾ ਸੀ ਕਿ ਉਹ ਡਿਸ਼ ਐਂਟਿਨਾ ਦੇਖ ਲੈਣਗੇ ਕਿਉਂਕਿ ਡਿਸ਼ ਲਾਉਣੀ ਅਪਰਾਧ ਸੀ। ਪਰ ਉਹ ਆਪਣੇ ਸ਼ਿਕਾਰ ਦਾ ਪਿੱਛਾ ਏਨੇ ਇਕਾਗਰ ਚਿਤ ਹੋਕੇ ਕਰ ਰਹੇ ਹਨ ਕਿ ਇੱਕ ਮੁੰਡੇ ਨੇ ਡਿਸ਼ ਪਿਛੇ ਆਪਣੇ ਬਚਾਉ ਲਈ ਪੁਜ਼ੀਸ਼ਨ ਤਾਂ ਲੈ ਲਈ ਪਰ ਉਹ ਭੁੱਲ ਗਿਆ ਕਿ ਇਕ ਗੈਰਕਾਨੂੰਨੀ ਵਸਤੂ ਵੀ ਦੇਖੀ ਹੈ। ਕੁਝ ਫਾਇਰਾਂ ਪਿਛੋਂ ਛੁਪਿਆ ਮੁੰਡਾ ਫੜ ਲਿਆ ਗਿਆ। ਲਿਜਾਂਦਿਆਂ ਹੋਇਆਂ ਮੁੰਡਿਆਂ ਨੇ ਦੱਸਿਆ- ਇਹ ਵੱਡਾ ਸਮੱਗਲਰ ਹੈ। ਕਈ ਕਤਲ ਤਾਂ ਪੈਰਿਸ ਸ਼ਹਿਰ ਵਿਚ ਕਰ ਚੁੱਕਿਆ ਹੈ। ਕੁਝ ਦਿਨਾਂ ਬਾਦ ਮੁੰਡਾ ਸਹੀ ਸਲਾਮਤ ਘਰ ਵਾਪਸ ਆ ਗਿਆ, ਇਕ ਦਿਨ ਨਫੀਸੀ ਦੇ ਘਰ ਆ ਕੇ ਰਹਿਣ ਲੱਗਾ - ਬੀਬੀ ਤੁਸੀਂ ਸਰਕਾਰ ਕੋਲ ਸ਼ਿਕਾਇਤ ਕਰੋ ਕਿ ਮੁਸ਼ਟੰਡੇ ਜਬਰਨ ਤੁਹਾਡੇ ਘਰ ਦਾਖਲ ਹੋਏ ਸਨ ਤੇ ਫਾਇਰਿੰਗ ਕੀਤੀ ਸੀ। ਨਫੀਸੀ ਨੇ ਸ਼ਿਕਾਇਤ ਕਰਨੀ ਹੀ ਨਹੀਂ ਸੀ। ਸਾਫ ਹੈ, ਸੌਦਾ ਹੋ ਗਿਆ। ਮੁੰਡਾ ਫੇਰ ਉਸੇ ਠਾਠ ਬਾਠ ਨਾਲ ਰਹਿਣ ਲੱਗਾ।

ਸਨਾਜ਼ ਤੇ ਉਹਦੀਆਂ ਸਹੇਲੀਆਂ ਕੈਸਪੀਅਨ ਸਾਗਰ ਕੰਢੇ ਛੁੱਟੀ ਮਨਾਉਣ ਗਈਆਂ। ਸਾਰੀਆਂ ਸਹੀ ਇਸਲਾਮਿਕ ਲਿਬਾਸ ਵਿਚ, ਜ਼ਾਬਤੇ ਵਿਚ। ਇਕ ਸਹੇਲੀ ਦਾ ਮੰਗੇਤਰ ਬੀਚ ਕਿਨਾਰੇ ਰਹਿੰਦਾ ਸੀ, ਫੈਸਲਾ ਹੋਇਆ ਚਾਹ ਉਸਦੇ ਘਰ ਪੀਣੀ ਹੈ। ਸਭ ਪਰਿਵਾਰਕ ਮੈਂਬਰ ਬੈਠੇ ਸਨ ਤਾਂ ਵਿਹੜੇ ਦੀ ਕੰਧ ਉਪਰੋਂ ਕੁੱਦ ਕੇ ਇਸਲਾਮਿਕ ਸਕੁਐਡ ਦੇ ਹਥਿਆਰਬੰਦ ਮੁੰਡੇ ਅੰਦਰ ਆਏ। ਤਲਾਸ਼ੀਆਂ ਲਈਆਂ ਗਈਆਂ। ਨਾ ਨਸ਼ਾ ਮਿਲਿਆ, ਨਾ ਇਤਰਾਜ਼ਯੋਗ ਕੋਈ ਸੀਡੀ, ਨਾ ਕੁੱਝ ਹੋਰ। ਪਰ ਕਿਉਂਕਿ ਮੁੰਡਿਆਂ ਕੋਲ ਤਲਾਸ਼ੀ ਵਰੰਟ ਸੀ, ਉਨ੍ਹਾਂ ਆਪਣਾ ਰੇਡ ਵਿਅਰਥ ਨਹੀਂ ਗੁਆਉਣਾ ਸੀ। ਜੇਲ੍ਹ ਵਿਚ ਲੈ ਗਏ। ਉਥੇ 48 ਘੰਟੇ ਉਸ ਕਮਰੇ ਵਿਚ ਰੱਖੀਆਂ ਜਿਥੇ ਨਸ਼ੇੜੀ ਜਨਾਨੀਆਂ ਤੇ ਵੇਸਵਾਵਾਂ ਬੰਦ ਸਨ। ਫਿਰ ਮੈਡੀਕਲ ਅਫਸਰ ਕੋਲ ਭੇਜੀਆਂ ਗਈਆਂ ਕਿ ਕੁਆਰ-ਟੈਸਟ ਕਰੋ, ਲੇਡੀ ਡਾਕਟਰ ਨਾਲ ਮੈਡੀਕਲ ਕਾਲਜ ਦੀਆਂ ਵਿਦਿਆਰਥਣਾਂ ਵੀ ਸਨ ਜਿਨ੍ਹਾਂ ਇਹ ਕੰਮ ਸਿੱਖਣਾ ਸੀ। ਡਾਕਟਰ ਨੇ ਕਿਹਾ ਕੁੜੀਆਂ ਠੀਕ ਨੇ। ਮੁੰਡੇ ਕਿਥੇ ਮੰਨਣ ਵਾਲੇ ਸਨ? ਇਹ ਸੋਚ ਕੇ ਕਿ ਰਿਆਇਤ ਕੀਤੀ ਗਈ ਹੈ, ਪ੍ਰਾਈਵੇਟ ਕਲਿਨਿਕ ਲੈ ਗਏ। ਉਥੇ ਵੀ ਰਿਪੋਰਟ ਸਹੀ ਮਿਲੀ। ਫਿਰ ਕਿਹਾ, ਬਿਨਾਂ ਦੱਸੇ ਘਰੋਂ ਕਿਉਂ ਆਈਆਂ? ਕੁੜੀਆਂ ਨੇ ਕਿਹਾ - ਦੱਸ ਕੇ ਆਈਆਂ ਹਾਂ, ਸਾਡੇ ਮਾਪਿਆਂ ਨੂੰ ਬੁਲਾਉ ਤਾਂ ਸਹੀ। ਪੱਚੀ ਪੱਚੀ ਕੋੜਿਆਂ ਦੀ ਸਜ਼ਾ ਦਿੱਤੀ ਗਈ। ਲੱਭਦੇ ਲਭਦੇ ਜਦੋਂ ਮਾਪੇ ਕੁੜੀਆਂ ਤੱਕ ਪੁੱਜੇ, ਉਹ ਅਧਮਰੀਆਂ ਹੋਈਆਂ ਪਈਆਂ ਸਨ।

ਈਰਾਨੀ ਮੁੰਡਿਆਂ ਦੀਆਂ ਇਹ ਕਾਰਵਾਈਆਂ ਪੜ੍ਹ ਕੇ ਮੈਨੂੰ ਗੁੱਸਾ ਆਉਣ ਲੱਗਾ ਪਰ ਜਲਦੀ ਮੇਰਾ ਦਿਮਾਗ ਠੀਕ ਵੀ ਹੋ ਗਿਆ ਜਦੋਂ ਯਾਦ ਆਇਆ ਕਿ ਈਰਾਨ ਵਿਚ ਇਨਕਲਾਬ ਆਉਣ ਬਾਦ ਅਜਿਹੇ ਹੁਕਮ ਜਾਰੀ ਹੋਏ, ਪੰਜਾਬ ਵਿਚ ਤਾਂ ਖਾਲਿਸਤਾਨ ਬਣਨ ਤੋਂ ਪਹਿਲਾਂ ਹੀ ਖਾਲਸਈ ਕੋਡ ਆਫ ਕੰਡਕਟ ਲਾਗੂ ਹੋ ਗਏ ਸਨ।

ਦਿਨ ਰਾਤ ਪਰਚਾਰ ਹੋਣ ਲੱਗਾ, ਵਿਸਕੀ ਬੰਦ, ਆਪਣੇ ਬੰਦ ਘਰਾਂ ਅੰਦਰ ਵੀ। ਨਾ ਨੱਚਣਾ ਹੈ, ਨਾ ਕੁੜੀਆਂ ਨੇ ਖੇਡਣਾ ਹੈ, ਪੱਛਮ ਦਾ ਬਾਸੀ ਲਚਰ ਸੰਗੀਤ ਮਨ੍ਹਾ ਹੈ, ਕੇਵਲ ਲੋਕ ਸੰਗੀਤ ਜਾਂ ਇਨਕਲਾਬੀ ਗੀਤ। ਗੁੱਤਾਂ ਕਰਕੇ ਰੱਖੋ ਤੇ ਜਿੰਨਾ ਕੁ ਸੰਭਵ ਹੋਵੇ ਕੁੜੀਆਂ ਪੜ੍ਹਨ ਲਿਖਣ ਦੀ ਬੁਰਜੁਆ ਰੁਚੀ ਤਿਆਗ ਦੇਣ। ਇਕ ਦਿਨ ਨਫੀਸੀ ਆਪਣੇ ਖਾਵੰਦ ਨਾਲ ਯੂਨੀਵਰਸਿਟੀ ਜਾ ਰਹੀ ਸੀ। ਗੇਟ ਅੱਗੇ ਭੀੜ ਸੀ ਤੇ ਜਮ ਕੇ ਲੜਾਈ ਹੋ ਰਹੀ ਸੀ। ਪਤਾ ਲੱਗਾ ਕਿ ਨੇਤਾ ਤਿਲਗਾਨੀ ਮਰ ਗਿਆ ਹੈ। ਉਸ ਦੀ ਲਾਸ਼ ਲਿਜਾਣ ਪਿਛੇ ਇੱਕ

ਪਾਸੇ ਹਿਜਬੁੱਲਾ ਪਾਰਟੀ ਦੇ ਮੈਂਬਰ ਆਪਣਾ ਹੱਕ ਜਤਾ ਰਹੇ ਸਨ, ਦੂਜੇ ਪਾਸੇ ਮੁਜਾਹਿਦੀਨ। ਮੁਜਾਹਿਦੀਨਾ ਦਾ ਦਾਅਵਾ ਸੀ ਕਿ ਉਹ ਧਰਮੀ ਨੇਤਾ ਦੇ ਵਾਰਸ ਹਨ ਪਰ ਹਿਜ਼ਬੁੱਲਾ ਪਾਰਟੀ ਜੋ ਰੱਬ ਦਾ ਕਾਨੂੰਨ ਧਰਤੀ ਉਪਰ ਇੰਨ ਬਿੰਨ ਲਾਗੂ ਕਰਨ ਵਾਸਤੇ ਵਚਨਬੱਧ ਹੈ, ਉਹ ਖਿਚਧੂਹ ਕਰ ਰਹੇ ਸਨ। ਆਮ ਲੋਕ ਆਪਣੇ ਸਿਰ ਅਤੇ ਛਾਤੀਆਂ ਪਿੱਟ ਰਹੇ ਚੀਕ ਰਹੇ ਸਨ – ਅੱਜ ਦੁਖਦਾਈ ਦਿਨ ਹੈ, ਅੱਜ ਤਿਲਗਾਨੀ ਬਹਿਸ਼ਤ ਵਿਚ ਚਲਾ ਗਿਆ ਹੈ।"

ਇਸਲਾਮਿਕ ਸਟੇਟ ਨੇ ਕਿੰਨੇ ਲੱਖ ਬੰਦੇ ਸ਼ਾਹ ਦੇ ਮੁਰੀਦ ਆਖ ਕੇ ਮਾਰੇ, ਕੋਈ ਗਿਣਤੀ ਨਹੀਂ ਕਿਉਂਕਿ ਪ੍ਰੈਸ ਉਪਰ ਸਖਤ ਸੈਂਸਰ ਸੀ। ਆਇਤੁੱਲਾ ਖੁਮੀਨੀ ਦਾ ਬਿਆਨ ਆਇਆ – ਅਸੀਂ ਰੂਲਿੰਗ ਪਾਰਟੀ ਨੂੰ ਛੱਡ ਕੇ ਬਾਕੀ ਸਭ ਸਿਆਸੀ ਪਾਰਟੀਆਂ ਉਪਰ ਪਾਬੰਦੀ ਲਾ ਦਿੱਤੀ ਹੈ... ਗਲਤੀਆਂ ਕਿਸ ਤੋਂ ਨੀ ਹੁੰਦੀਆਂ? ਅਸੀਂ ਸਮਝਦੇ ਰਹੇ ਸਾਡਾ ਵਾਹ ਬੰਦਿਆਂ ਨਾਲ ਪਵੇਗਾ। ਪਰ ਇਹ ਸਾਡੀ ਗਲਤੀ ਸੀ। ਸਾਨੂੰ ਤਾਂ ਜੰਗਲੀ ਜਾਨਵਰਾਂ ਨਾਲ ਸਿੱਝਣਾ ਪੈ ਰਿਹਾ ਹੈ। ਅਸੀਂ ਕਿਸੇ ਸੂਰਤ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕਰਾਂਗੇ।

ਨਫੀਸੀ ਨੇ ਆਪਣੀ ਕਲਾਸ ਵਿਚ ਜਰਮਨ ਚਿੰਤਕ ਥਿਓਡੋਰ ਅਡੋਰਨੋ ਦਾ ਇਹ ਵਾਕ ਵਿਦਿਆਰਥੀਆਂ ਨੂੰ ਨੋਟ ਕਰਵਾਇਆ – ਸਰਬੋਤਮ ਸਦਾਚਾਰ ਉਹ ਹੁੰਦਾ ਹੈ ਜਿਹੜਾ ਤੁਹਾਨੂੰ ਆਪਣੇ ਘਰ ਵਿਚ ਵੀ ਬੇਚੈਨ ਰੱਖੇ।

ਐਮਨੈਸਟੀ ਇੰਟਰਨੈਸ਼ਨਲ ਦੇ ਜੁਲਾਈ 1982, ਜਿਲਦ ਧਜ਼ਜ਼ ਨੰ. 7 ਤੋਂ ਇਹ ਸੂਚਨਾ ਪ੍ਰਾਪਤ ਹੋਈ : ਨਾਮ– ਉਮੀਦ ਗਰੀਬ; ਗ੍ਰਿਫਤਾਰੀ 9.6.1980; ਗ੍ਰਿਫਤਾਰੀ ਦਾ ਥਾਂ–ਤਹਿਰਾਨ; ਕੈਦ–ਕਜ਼ਰ ਜੇਲ੍ਹ ਤਹਿਰਾਨ; ਦੋਸ਼– ਪੱਛਮੀ ਆਦਤਾਂ, ਪੱਛਮੀ ਕਲਚਰ ਵਿਚ ਜੰਮਿਆਂ ਪਲਿਆ, ਪੜ੍ਹਨ ਲਈ ਦੇਰ ਤੱਕ ਪੱਛਮ ਵਿਚ ਰਿਹਾ, ਸਿਗਰਟ ਪੱਛਮੀ ਪੀਂਦਾ ਹੈ, ਖੱਬੀਆਂ ਰੁਚੀਆਂ ਵੀ ਦੇਖੀਆਂ ਗਈਆਂ; ਕੈਦ– ਪਹਿਲੋਂ ਤਿੰਨ ਸਾਲ ਫੇਰ ਮੌਤ, ਮੁਕੱਦਮੇ ਦਾ ਵੇਰਵਾ– ਦੋਸ਼ੀ ਤੇ ਬੰਦ ਕਮਰਾ ਜੇਲ੍ਹ ਵਿਚ ਮੁੱਕਦਮੇ ਦੀ ਸੁਣਵਾਈ ਹੋਈ। ਉਸਨੇ ਇਕ ਦੋਸਤ ਨੂੰ ਫਰਾਂਸ ਦੇ ਸਿਰਨਾਵੇਂ ਤੇ ਖ਼ਤ ਲਿਖਿਆ ਜਿਸ ਤੋਂ ਅਧਿਕਾਰੀਆਂ ਨੂੰ ਉਸ ਬਾਰੇ ਸੂਚਨਾ ਮਿਲੀ; ਸਾਲ 1980 ਵਿਚ ਤਿੰਨ ਸਾਲ ਦੀ ਸਜ਼ਾ ਸੁਣਾਈ। ਉਮੀਦ ਗਰੀਬ ਜਦੋਂ ਆਪਣੀ ਸਜ਼ਾ ਭੁਗਤ ਰਿਹਾ ਸੀ 2 ਫਰਵਰੀ 82, ਮਾਪਿਆਂ ਨੂੰ ਖਬਰ ਮਿਲੀ ਕਿ ਉਸਨੂੰ ਫਾਹੇ ਲਾ ਦਿੱਤਾ। ਫਾਂਸੀ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ।

ਜਦੋਂ ਅੰਤਰਾਸ਼ਟਰੀ ਮਨੁਖ ਅਧਿਕਾਰ ਸੰਗਠਨਾਂ ਨੇ ਇਨ੍ਹਾਂ ਜ਼ੁਲਮਾਂ ਵਿਰੁੱਧ ਆਵਾਜ਼ ਉਠਾਈ ਤਾ ਖੁਮੀਨੀ ਦਾ ਬਿਆਨ ਆਇਆ – ਅਪਰਾਧੀਆਂ ਉਪਰ ਮੁਕੱਦਮਾ ਚਲਾਉਣ ਦੀ ਲੋੜ ਨਹੀਂ। ਗੁਨਾਹਗਾਰ ਉਪਰ ਮੁਕੱਦਮਾ ਚਲਾਇਆ ਜਾਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲੋੜ ਹੈ ਕਿ ਅਪਰਾਧੀ ਨੂੰ ਫੜਨ ਸਾਰ ਮਾਰ ਦਿੱਤਾ ਜਾਵੇ। ਲੋਕ ਸਾਨੂੰ ਨਿੰਦ ਰਹੇ ਹਨ ਕਿਉਂਕਿ ਅਸੀਂ ਦਰਿੰਦਿਆਂ ਨੂੰ ਮਾਰ ਰਹੇ ਹਾਂ।

ਮੌਲਵੀਆਂ ਨੇ ਔਰਤਾਂ ਦੇ ਅਧਿਕਾਰ ਨੂੰ ਇਕ ਤੋਂ ਬਾਦ ਇਕ ਝਟਕਾ ਦਿੱਤਾ। ਬੁਰਕੇ ਵਕਤ ਬੜੀ ਦਿੱਕਤ ਆਈ। ਜਬਰਨ ਬੁਰਕਾ ਪਹਿਨਣ ਵਿਰੁੱਧ ਔਰਤਾਂ ਨੇ ਕਈ ਵਾਰ ਤਾਂ ਹਥਿਆਰ ਬੰਦ ਵਿਰੋਧ ਕੀਤੇ। ਰਜ਼ਾ ਸ਼ਾਹ ਪਹਿਲਵੀ ਨੇ 1936 ਵਿਚ ਕਾਨੂੰਨ ਬਣਾਇਆ ਸੀ ਕਿ ਬੁਰਕਾ ਪਹਿਨਣਾਂ ਜਾਂ ਨਾ ਪਹਿਨਣਾ ਔਰਤ ਦਾ ਨਿੱਜੀ ਮਸਲਾ ਹੈ, ਇਸ ਵਿਚ ਦਖਲਅੰਦਾਜ਼ੀ ਉਪਰ ਪਾਬੰਦੀ ਹੈ। ਪਰ ਮੌਲਵੀ ਬੇਚੈਨ ਸਨ। ਜਦੋਂ ਤੱਕ ਬੁਰਕਾ ਲਾਜ਼ਮੀ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕਿਵੇਂ ਮੰਨਿਆ ਜਾਇਗਾ ਕਿ ਸ਼ਾਹ ਨਹੀਂ ਰਿਹਾ, ਕਿ ਇਹ ਇਸਲਮਿਕ ਗਣਰਾਜ ਹੈ? ਨਫੀਸੀ ਨੇ ਥਾਂ ਥਾਂ ਭਾਸ਼ਣ ਦਿੱਤੇ ਕਿ ਮੇਰੀ ਦਾਦੀ ਤੇ ਨਾਨੀ ਮਰਨ ਤੱਕ ਬੁਰਕਾ ਪਹਿਨਦੀਆਂ ਰਹੀਆਂ ਹਾਲਾਂ ਕਿ ਮੇਰੀ ਮਾਂ ਨੇ ਛੱਡ ਦਿੱਤਾ ਸੀ। ਹੁਣ ਤਕ ਬਥੇਰੀਆਂ ਔਰਤਾਂ ਖੁਸ਼ੀ ਖੁਸ਼ੀ ਬੁਰਕਾ ਪਹਿਨਦੀਆਂ ਹਨ ਪਰ ਜਬਰਨ ਬੁਰਕੇ ਵਾਲੇ ਕਾਨੂੰਨ ਖਿਲਾਫ ਅੰਦੋਲਨ ਕਰਾਂਗੇ।

ਕਾਫੀ ਹਾਊਸ ਵਿਚ ਨਫੀਸੀ ਨੇ ਦੇਖਿਆ, ਉਸਦਾ ਇਕ ਕਮਿਊਨਿਸਟ ਵਿਦਿਆਰਥੀ ਜੋਸ਼ ਨਾਲ ਇੱਕ ਮੇਜ਼ ਨੇੜੇ ਖਲੋਤਾ ਕੋਕ ਪੀਂਦਾ ਆਖ ਰਿਹਾ ਸੀ– ਦੁਸ਼ਮਣ ਦੋ ਤਰ੍ਹਾਂ ਦਾ ਹੁੰਦੈ। ਇਕ ਉਹ ਜੋ ਸਾਹਮਣੇ ਐਲਾਨੀਆਂ ਦਿਸਦਾ ਹੈ। ਇਕ ਉਹ ਜੋ ਤੁਹਾਡੇ ਵਿਚ ਬੈਠਾ ਹੈ, ਲਗਦਾ ਦੋਸਤ ਹੈ ਪਰ ਹੈ ਦੁਸ਼ਮਣ। ਦੋਵੇਂ ਇਕੋ ਤਰੀਕੇ ਮਾਰਨੇ ਚਾਹੀਦੇ ਨੇ। ਕੀ ਸਟਾਲਿਨ ਨੇ ਤਾਸਕੀ ਦੇ ਚੇਲੇ, ਵਾਈਟ ਗਾਰਡ, ਸਿਉਂਕ ਤੇ ਚੂਹੇ ਮਾਰੇ ਨਹੀਂ ਸਨ?

ਖੁਮੀਨੀ ਨੂੰ ਜਦੋਂ ਦੱਸਿਆ ਗਿਆ ਕਿ ਫਲਾਣੀ ਯੂਨੀਵਰਸਿਟੀ ਵਿਚ ਕਾਮਰੇਡਾਂ ਦਾ ਬੜਾ ਦਬਦਬਾ ਹੈ, ਉਸਨੇ ਮੁਸਲਮਾਨ ਵਿਦਿਆਰਥੀਆਂ ਨੂੰ ਕਿਹਾ– ਮੁੱਠੀ ਭਰ ਕਾਮਰੇਡ ਦਾਨਿਸ਼ਗਾਹ ਤੇ ਕਾਬਜ਼, ਤੁਸੀਂ ਹੱਥ ਤੇ ਹੱਥ ਧਰੀ ਬੈਠੇ ਓ? ਉਨ੍ਹਾਂ ਖਿਲਾਫ ਦਲੀਲਾਂ ਤਿਆਰ ਕਰੋ, ਉਨ੍ਹਾਂ ਨੂੰ ਵੰਗਾਰੋ, ਖੜ੍ਹੇ ਹੋ ਜਾਓ ਤੇ ਦੱਸੋ ਤੁਸੀਂ ਤਕੜੇ ਹੋ। ਫਰਜ਼ ਕਰੋ ਇਕ ਬੰਦੇ ਕੋਲ ਦੋ ਕੁੱਤੇ ਨੇ, ਇਕ ਦਾ ਨਾਮ ਉਸਨੇ ਸੱਯਦ ਰੱਖ ਦਿੱਤਾ ਹੈ ਤੇ ਦੂਜੇ ਦਾ

www.punjabilibrary.com

ਨਾਮ ਸ਼ੇਖ, ਤਾਂ ਫੇਰ ਤੁਸੀਂ ਉਸਤੇ ਮੁਕੱਦਮਾ ਚਲਾਉਗੇ? ਗੋਲੀ ਮਾਰ ਕੇ ਕੰਮ ਤਮਾਮ ਕਰੋ। ਹਮਲਾ ਕਰੋ ਤਾਂ ਕਿ ਦੁਸ਼ਮਣ ਸ਼ਿਕਾਇਤ ਕਰਦਾ ਫਿਰੇ। ਸ਼ਿਕਾਰ ਨਾ ਹੋਵੋ ਸ਼ਿਕਾਰੀ ਬਣੋ।

ਜਦੋਂ ਦੇਖਿਆ ਕਿ ਔਰਤਾਂ ਬੁਰਕਾ ਪਹਿਨਣ ਤੋਂ ਇਨਕਾਰੀ ਨੇ ਤਾਂ ਸਖਤੀ ਵਰਤਣ ਦਾ ਫੈਸਲਾ ਹੋਇਆ। ਪਹਿਲਾਂ ਕੰਮਕਾਜੀ ਔਰਤਾਂ ਨੂੰ ਕਿਹਾ ਗਿਆ, ਜੇ ਬੁਰਕਾ ਨਹੀਂ ਪਹਿਨਣਾ ਤਾਂ ਨੌਕਰੀ ਤੋਂ ਛੁੱਟੀ। ਫੇਰ ਬਜ਼ਾਰਾਂ, ਦੁਕਾਨਾਂ ਵਿਚ ਕਿਹਾ ਗਿਆ ਕਿ ਦੁਕਾਨਦਾਰ ਉਨ੍ਹਾਂ ਔਰਤਾਂ ਨੂੰ ਸੌਦਾ ਨਹੀਂ ਦੇਣਗੇ ਜਿਨ੍ਹਾਂ ਨੇ ਬੁਰਕਾ ਨਾ ਪਾਇਆ ਹੋਵੇ, ਇਨਕਾਰ ਕਰਨ ਤਾਂ ਸਰਕਾਰ ਨੂੰ ਦੱਸੋ। ਸਦਾਚਾਰਕ-ਸਕੁਐਡ ਬਣਾਏ ਗਏ, ਚਿੱਟੀਆਂ ਵਰਦੀਆਂ, ਚਿੱਟੀ ਟੋਯੋਟਾ ਕਾਰ ਵਿਚ ਚਾਰ ਜੁਆਨ ਇਕ ਔਰਤ। ਜਿਥੇ ਕਿਸੇ ਨੂੰ ਬਗੈਰ ਬੁਰਕਾ ਦੇਖਣ, ਜਾਂ ਦੁਕਾਨਦਾਰ ਬਾਗੀ ਔਰਤ ਨੂੰ ਸੌਦਾ ਦਿੰਦਾ ਦਿੱਸੇ, ਭਾਰੀ ਜੁਰਮਾਨੇ ਕਰੋ, ਛਿਅੱਤਰ ਕੋੜਿਆਂ ਤੱਕ ਦੀ ਸਜਾ ਦਿਉ।

ਅਰਬਾਂ ਨੇ ਜਦੋਂ ਛੇਵੀਂ ਸਦੀ ਵਿਚ ਈਰਾਨ ਤੇ ਹੱਲਾ ਬੋਲਿਆ, ਈਰਾਨੀ ਸ਼ਾਇਦ ਆਪਣੇ ਬਾਦਸ਼ਾਹਾਂ ਦੇ ਜੁਲਮ ਤੋਂ ਅੱਕੇ ਹੋਣਗੇ, ਦੁਸ਼ਮਣ ਲਈ ਦਰਵਾਜ਼ੇ ਖੋਲ੍ਹ ਦਿੱਤੇ। ਅਰਬਾਂ ਨੇ ਪਹਿਲਾਂ ਮਹਿਲ ਲੁਟੇ ਫੇਰ ਈਰਾਨੀਆਂ ਦੇ ਘਰ ਤੇ ਮੰਦਰ ਲੁੱਟੇ, ਧਰਮ ਗ੍ਰੰਥਾਂ ਨੂੰ ਅੱਗਾਂ ਲਾਈਆਂ। ਜਦੋਂ ਈਰਾਨੀਆਂ ਨੂੰ ਸਮਝ ਆਈ ਉਦੋਂ ਤੱਕ ਉਨ੍ਹਾਂ ਦਾ ਵਿਰਸਾ, ਇਤਿਹਾਸ, ਧਰਮ, ਸਾਹਿਤ, ਬੋਲੀ ਸਭ ਕੁਝ ਥੇਹ ਹੋ ਚੁੱਕਾ ਸੀ। ਨਫੀਸੀ ਲਿਖਦੀ ਹੈ - ਅੱਬਾ ਸਾਨੂੰ ਫਿਰਦੌਸੀ ਤੇ ਰੂਮੀ ਪੜ੍ਹਾਉਂਦੇ ਕਿਹਾ ਕਰਦੇ, ਜਿਹੜਾ ਖੂਬਸੂਰਤ ਇਤਿਹਾਸ ਫਿਰਦੌਸੀ ਨੇ ਲਿਖਿਆ, ਉਹ ਉਸਦੀ ਆਪਣੀ ਘਾੜਤ ਹੈ, ਉਹ ਸਾਰਾ ਮਿੱਥ ਹੈ, ਪਰ ਫੇਰ ਵੀ ਆਪਣਾ ਅਸਲੀ ਘਰ ਉਹੀ ਹੈ, ਆਪਣਾ ਦੇਸ ਉਹੀ ਹੈ ਜਿਹੜਾ ਰੂਮੀ ਨੇ ਤੇ ਹਾਫਿਜ਼ ਨੇ ਘੜਿਆ। ਦੁਸ਼ਮਣ ਵਾਸਤੇ ਹੁਣ ਆਪਾਂ ਫੇਰ ਦਰਵਾਜ਼ੇ ਖੋਲ੍ਹ ਦਿੱਤੇ। ਐਤਕੀ ਦੁਸ਼ਮਣ ਨੂੰ ਦੂਰੋਂ ਚੱਲ ਕੇ ਨੀਂ ਆਉਣਾ ਪਿਆ। ਮੈਨੂੰ ਕਿਸੇ ਹੋਰ ਚੀਜ਼ ਦਾ ਵਧੀਕ ਫਿਕਰ ਨਹੀਂ, ਫਿਕਰ ਇਹ ਹੈ ਕਿ ਉਹ ਰੂਮੀ ਅਤੇ ਹਾਫਿਜ਼ ਨੂੰ ਸੈਂਸਰ ਕਰ ਰਹੇ ਨੇ। ਸਾਡਾ ਉਹ ਸੁਹਣਾ ਦੇਸ ਜਿਹੜਾ ਵਿਦੇਸ਼ੀ ਧਾੜਵੀਆਂ ਨੇ ਉਜਾੜਿਆ, ਫਿਰਦੌਸੀ ਰੂਮੀ ਤੇ ਹਾਫਿਜ ਨੇ ਫੇਰ ਬਣਾ ਦਿੱਤਾ ਸੀ, ਹੁਣ ਉਹ ਫੇਰ ਉਜੜਨ ਲੱਗ ਪਿਐ। ਨੀਤਸ਼ੇ ਨੇ ਲਿਖਿਆ- ਦਰਿੰਦੇ ਨੂੰ ਮਾਰੋ ਪਰ ਧਿਆਨ ਰੱਖਿਓ ਖੁਦ ਦਰਿੰਦੇ ਨਹੀਂ ਬਣਨਾ। ਅੰਨ੍ਹੇ ਖੂਹ ਵਿੱਚ ਝਾਤ ਮਾਰੋਗੇ ਚੇਤੇ ਰੱਖਣਾ, ਅੰਨ੍ਹਾ ਖੂਹ ਤੁਹਾਡੇ ਵੱਲ ਵੀ ਝਾਤ ਮਾਰੇਗਾ।

ਨਫੀਸੀ ਆਖਦੀ ਹੈ- ਮੈਂ ਪੜ੍ਹਾਉਣਾ ਛੱਡ ਦਿੱਤਾ। ਮੈਂ ਗੱਲ ਕਰਨੀ ਛੱਡ ਦਿੱਤੀ। ਮੈਂ ਘਰ ਦੇ ਅੰਦਰ ਅੰਦਰ ਰਹਿਣ ਲੱਗੀ। ਇਹ ਨਾ ਜਾਣਿਓਂ ਕਿ ਮੈਂ ਹਾਰ ਗਈ ਸੀ। ਮੈਂ ਲਾਚਾਰ, ਮਜਬੂਰ ਸਾਂ, ਹਾਰੀ ਨਹੀਂ। ਜੇ ਮੈਂ ਦੁਸ਼ਮਣ ਦੀ ਹਾਂ ਵਿਚ ਹਾਂ ਮਿਲਾਉਂਦੀ ਫੇਰ ਤੁਸੀਂ ਆਖ ਦਿੰਦੇ ਨਫੀਸੀ ਹਾਰ ਗਈ। ਚੁਪ ਹੋਣਾ ਪਿਆ। ਮੈਂ ਚੁੱਪ ਦੀ ਮਾਡਲ ਨਹੀਂ ਬਣੀ। ਠੀਕ ਹੈ ਮੈਂ ਜਿੱਤੀ ਨਹੀਂ, ਪਰ ਸਾਬਤ ਕਰੋ ਕਿ ਮੈਂ ਹਾਰੀ ਹਾਂ। ਖਾਮੋਸ਼ ਬੰਦਾ ਬੁਜ਼ਦਿਲ ਨੀਂ ਹੋਇਆ ਕਰਦਾ। ਮੈਂ ਇਸਲਾਮਿਕ ਰਿਪਬਲਿਕ ਆਫ ਈਰਾਨ ਤੋਂ ਬਾਹਰ ਹੋ ਗਈ ਹਾਂ, ਦੁਨੀਆਂ ਦੇ ਅੰਦਰ ਤਾਂ ਹਾਂ ਅਜੇ। ਜਿਵੇਂ ਮੈਨੂੰ ਆਪਣੇ ਅੱਬੂ ਤੇ ਮਾਣ ਹੈ, ਉਵੇਂ ਮੇਰਾ ਸ਼ਾਇਰ ਅੱਬਾ ਮੇਰੇ ਤੇ ਫ਼ਖ਼ਰ ਕਰਦਾ ਹੈ।

ਨਫੀਸੀ ਅਮਰੀਕਾ ਤੋਂ ਵਾਪਸ ਆਈ, ਪੁਰਾਣੇ ਮਿਤਰ ਪਿਆਰੇ ਮਿਲੇ, ਕਈ ਵਿਦਿਆਰਥੀ ਮਿਲੇ ਜਿਨ੍ਹਾਂ ਵਿਚੋਂ ਇੱਕ, ਨਸਰੀਨ ਸੱਤ ਸਾਲ ਬਾਦ ਮਿਲੀ। ਉਸਨੂੰ ਪੁਛਿਆ- ਕਿਵੇਂ ਲੰਘਿਆ ਪਿਛਲਾ ਸਮਾਂ, ਨਸਰੀਨ ਨੇ ਦੱਸਿਆ, ਆਪਣੀਆਂ ਸਾਥਣਾ ਸਣੇ ਗਲੀਆਂ ਵਿਚ ਪੈਂਫਲਿਟ ਵੰਡਦੀ ਫੜੀ ਗਈ। ਤੁਹਾਨੂੰ ਪਤਾ ਈ ਐ ਸਰਕਾਰ ਮੁਜਾਹਿਦੀਨਾ ਦੇ ਖੂਨ ਦੀ ਪਿਆਸੀ ਸੀ। ਮੇਰੀਆਂ ਕਈ ਸਹੇਲੀਆਂ ਨੂੰ ਫਾਂਸੀ ਦਿੱਤੀ ਗਈ ਪਰ ਮੇਰੀ ਕਿਸਮਤ ਚੰਗੀ, ਦਸ ਸਾਲ ਦੀ ਕੈਦ ਹੋਈ। ਜੇਲ੍ਹ ਵਿਚ ਇਕ ਔਰਤ ਲਿਆਂਦੀ ਤਾਂ ਉਸਦੀ 12 ਸਾਲ ਦੀ ਧੀ ਮਾਂ ਨੂੰ ਮਿਲਣ ਲਈ ਕਦੀ ਜੇਲ੍ਹ ਦਰਵਾਜੇ ਦੇ ਸੱਜੇ ਕਦੀ ਖੱਬੇ ਚੀਕਾਂ ਮਾਰਦੀ ਦੌੜਦੀ ਫਿਰਦੀ ਨੂੰ ਇਕ ਗਾਰਡ ਨੇ ਗੋਲੀ ਮਾਰਕੇ ਮਾਰ ਦਿੱਤਾ। ਮਾਂ ਤਾਂ ਮੈਨੂੰ ਵੀ ਯਾਦ ਆਈ, ਰੋਣ ਨੂੰ ਦਿਲ ਵੀ ਕੀਤਾ, ਇਸ ਕੁੜੀ ਦਾ ਹਸ਼ਰ ਦੇਖ ਕੇ ਚੁਪ ਕਰ ਗਈ। ਮੇਰਾ ਪਿਤਾ ਇਕ ਤਾਂ ਪੱਕਾ ਧਰਮੀ ਬੰਦਾ ਸੀ, ਦੂਜਾ ਸਰਕਾਰ ਵਿਚ ਅਸਰ ਰਸੂਖ ਵਾਲੀਆਂ ਥਾਵਾਂ ਤੇ ਉਸਦੇ ਕੁੱਝ ਵਿਦਿਆਰਥੀ ਵੀ ਸਨ, ਇਹ ਸਭ ਕੰਮ ਆਇਆ। ਪਹਿਲਾਂ ਤਾਂ ਜੇਲ੍ਹ ਵਿਚ ਮੇਰੇ ਨਾਲ ਵਰਤਾਅ ਠੀਕ ਹੋਇਆ ਫੇਰ ਮੇਰੀ ਕੈਦ ਘਟਦੀ ਘਟਦੀ ਤਿੰਨ ਸਾਲ ਹੋ ਗਈ। ਬਾਹਰ ਤਾਂ ਮੈਂ ਆ ਗਈ ਪਰ ਇਕ ਤਾਂ ਮੈਨੂੰ ਯੂਨੀਵਰਸਿਟੀ ਵਿਚ ਪੜ੍ਹਨ ਦਾ ਹੁਕਮ ਨੀ, ਦੂਜਾ ਮੈਂ ਪਰੋਬੇਸ਼ਨ ਤੇ ਆਂ, ਮੇਰੀ ਨਿਗਰਾਨੀ ਹੋ ਰਹੀ ਐ। ਜਦੋਂ ਮੈਂ ਆਖਰੀ ਵਾਰ ਤੁਹਾਡੀ ਕਲਾਸ ਅਟੈਂਡ ਕੀਤੀ ਸੀ, ਹੋਮਵਰਕ ਨਾ ਕਰਨ ਕਰਕੇ ਤੁਸੀਂ ਮੈਨੂੰ ਝਿੜਕਿਆ ਸੀ। ਮਾਫੀ ਮੰਗੀ, ਤੁਸੀਂ ਚੁਪ ਕਰ ਗਏ। ਹੁਣ ਫੇਰ ਮਾਫੀ ਮੰਗਦੀ ਹਾਂ ਮੈਡਮ।

ਈਰਾਕ ਨਾਲ ਯੁੱਧ ਲੰਮਾ ਹੋ ਗਿਆ ਤਾਂ ਅਕਸਰ ਯੂਨੀਵਰਸਿਟੀ ਵਿਚ ਛੁੱਟੀ ਹੋ ਜਾਂਦੀ, ਕਦੀ ਇਸ ਲਈ ਕਿ ਇਸ ਦਾ ਪੁਰਾਣਾ ਵਿਦਿਆਰਥੀ ਜੰਗ ਵਿਚ ਸ਼ਹੀਦ ਹੋ ਗਿਆ, ਕਦੀ ਇਸ ਲਈ ਕਿ ਈਰਾਨੀ ਫੌਜ ਨੇ ਈਰਾਕੀ ਕਾਫਰਾਂ ਨੂੰ ਹਰਾ ਦਿੱਤਾ ਹੈ। ਕਿਸੇ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਸੀ ਕਿ ਇਰਾਕੀ ਕਾਫਰ ਵੀ ਮੁਸਲਮਾਨ ਹਨ। ਇਕ ਦਿਨ ਕਲਾਸਾਂ ਬੰਦ ਹੋਈਆਂ, ਇਕ ਵਿਦਿਆਰਥੀ "ਸ਼ਹੀਦ" ਹੋ ਗਿਆ, ਸ਼ਰਧਾਂਜਲੀ ਵਿਚ ਕਿਹਾ ਗਿਆ – "ਮੌਤ ਨਹੀਂ; ਉਹਦਾ ਵਿਆਹ ਹੈ। ਹਰੇਕ ਸ਼ਹੀਦ ਦੀ ਮਹਿਬੂਬਾ ਰੱਬ ਹੁੰਦਾ ਹੈ।" ਕੁੜੀਆਂ ਮੂੰਹਾਂ ਦੁਆਲੇ ਚੁੰਨੀਆਂ ਲਪੇਟ ਕੇ ਹੱਸਣ ਲੱਗੀਆਂ, ਇਕ ਨੇ ਕਿਹਾ– ਐਨੇ ਸ਼ਹੀਦਾਂ, ਯਾਨੀ ਕਿ ਐਨੇ ਖਸਮਾਂ ਨਾਲ ਰੱਬ ਦਾ ਕੀ ਬਣੇਗਾ? ਠੀਕ ਹੈ; ਅੱਲਾਹ ਆਪਣੇ ਹੁਕਮਾਂ ਨਾਲ ਜੋ ਔਰਤਾਂ ਵਿਰੁੱਧ ਕਰਦਾ ਰਿਹੈ, ਭੁਗਤੇ ਹੁਣ ਮਹਿਬੂਬਾ ਦੇ ਰੂਪ ਵਿਚ। ਹਰੇਕ ਜਨਾਨੀ ਵਿਰੁੱਧ ਬਦਚਲਣੀ ਦੇ ਫਤਵੇ ਸੁਣਦਾ ਰਿਹੈ ਰੱਬ। ਹੁਣ ਸ਼ਹੀਦ ਉਹਦਾ ਚਾਲ ਚੱਲਣ ਠੀਕ ਕਰਨਗੇ।

ਜਿਸ ਜੇਲ੍ਹ ਵਿਚ ਨਸਰੀਨ ਰਹੀ, ਉਥੇ ਹੀ ਮਾਹਤਾਬ ਨੂੰ ਪੰਜ ਸਾਲ ਦੀ ਕੈਦ ਹੋਈ। ਮਾਹਤਾਬ ਨੇ ਦੱਸਿਆ– ਨੇਕ ਚਲਣੀ ਕਰਕੇ ਮੈਨੂੰ ਢਾਈ ਸਾਲ ਦੀ ਮਾਫੀ ਮਿਲੀ। ਜਿਸ ਜੇਲ੍ਹ ਦੇ ਪ੍ਰਬੰਧਕ ਮਰਦ ਹੋਣ, ਤੁਹਾਨੂੰ ਪਤਾ ਈ ਐ ਮੈਡਮ ਕਿ ਉਥੇ ਨੇਕ ਚਲਣੀ ਦੀ ਮਾਫੀ ਕਿਨ੍ਹਾਂ ਔਰਤਾਂ ਨੂੰ ਮਿਲਿਆ ਕਰਦੀ ਹੈ।

ਇਸ ਸਾਰੇ ਕਾਸੇ ਨੂੰ ਭੁੱਲਣ ਲਈ ਨਫੀਸੀ ਲਾਇਬ੍ਰੇਰੀ ਚਲੀ ਗਈ। ਕਿਤਾਬਾਂ ਦੀਆਂ ਕਤਾਰਾਂ ਵਲ ਦੇਖਦੀ ਅੱਗੇ ਤੁਰਦੀ ਗਈ। ਦੇਖਿਆ ਈਲੀਆ ਦੀ ਕਿਤਾਬ *ਰਚਗ੍ਹ ਚ਼ਗਵਕਵਤ* ਪਈ ਹੈ, ਚੁੱਕ ਲਈ, ਅੱਖਾਂ ਬੰਦ ਕਰਕੇ ਇਉਂ ਖੋਲ੍ਹੀ ਜਿਵੇਂ ਵਾਕ ਲੈਣ ਲਈ ਹਾਫਿਜ਼ ਦਾ ਦੀਵਾਨ ਖੋਲ੍ਹੀਦਾ ਹੈ, ਬੰਦ ਅੱਖਾਂ ਨਾਲ ਜਿਸ ਥਾਂ ਤੇ ਉਂਗਲ ਟਿਕੀ, ਉਥੇ ਇਹ ਪੰਕਤੀਆਂ ਸਨ:

*ਂਵ ਵੀਕ ਤਵਜ;; ਬਰਜਅਵ ਗ਼ ਵੀਕ ਵਚਗਅਜਅਪ ਮਰਗ;ਦ*
*ਟਕਜਵੀਕਗ ਫ;ਕਤੀ ਅਰਗ ਫ;ਕਤੀਅਕਤਤ*
*ਟਕਜਵੀਕਗ ਗਿਰਠ ਅਰਗ ਰਅਮ਼ਗਦਤ*
*ਂਵ ਵੀਕ ਤਵਜ;; ਬਰਜਅਵ, ਵੀਕਗਕ ਵੀਕ ਦ਼ਅਫਕ ਜਤ। (ਨਚਗਅਵ ਟਰਗਵਰਅ)*

ਇਨਕਲਾਬ ਤੋਂ ਬਾਦ ਬਹਾਈਆਂ ਦਾ ਕਬਰਸਤਾਨ ਬੁਲਡੋਜ਼ਰਾਂ ਨਾਲ ਪੱਧਰ ਕੀਤਾ ਗਿਆ, ਕਬਰਾਂ ਦਾ ਨਾ ਨਿਸ਼ਾਨ ਨਹੀਂ ਰਿਹਾ। ਫਿਰ ਇਸ ਦੀ ਥਾਂ ਤੇ ਪਾਰਕ ਬਣਾ ਦਿੱਤਾ ਗਿਆ ਜਿਸਦਾ ਨਾਮ ਰੱਖਿਆ ਬਖ਼ਤਰਾਨ। ਬਹਾਈਆਂ ਨੂੰ ਜਿਉਣ ਵਿਚ ਕੀ ਕੀ ਮੁਸ਼ਕਲਾਂ ਆਈਆਂ, ਇਹ ਗੱਲ ਛੱਡੋ, ਮੁਰਦਿਆਂ ਦਾ ਦਫਨ ਮੁਸੀਬਤ ਬਣ ਗਈ। ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਦੀ ਕਬਰ ਪੁੱਟ ਦਿੱਤੀ ਗਈ, ਉਸ ਥਾਂ ਉਪਰ ਪਬਲਿਕ ਟਾਇਲਟ ਉਸਾਰੀ ਗਈ ਜਿਸ ਦਾ ਉਦਘਾਟਨ ਇਨਕਲਾਬ ਦੇ ਰੂਹੇ ਰਵਾਂ ਨੇ ਸਭ ਤੋਂ ਪਹਿਲਾਂ ਪੇਸ਼ਾਬ ਕਰ ਕੇ ਕੀਤਾ। ਯੁੱਧ ਇਸ ਦੇ ਬੇਟੇ ਮੁਹੰਮਦ ਸ਼ਾਹ ਵਿਰੁੱਧ ਸੀ, ਪਰ ਉਹ ਵਿਦੇਸ਼ ਦੌੜ ਗਿਆ ਤੇ ਬਾਹਰ ਹੀ ਮਰਿਆ, ਇਸ ਦੀ ਕਬਰ ਨਾ ਸਹੀ, ਬਾਪੂ ਦੀ ਸਹੀ।

ਈਰਾਕ ਨਾਲ ਛਿੜੀ ਜੰਗ ਨੇ ਈਰਾਨ ਤਬਾਹ ਕਰ ਦਿੱਤਾ ਜਿਸ ਵਿਚ ਦੋ ਲੱਖ ਈਰਾਨੀ ਮਰੇ। ਇਲਕਲਾਬੀ ਇਸ ਗੱਲੋਂ ਹੱਤਾਸ਼ ਸਨ ਕਿ ਸਿੱਝਣਾ ਤਾਂ ਦੇਸ਼ ਅੰਦਰਲੇ ਦੁਸ਼ਮਣ ਵਿਰੁੱਧ ਸੀ, ਲੜਨਾ ਪੈ ਗਿਆ ਈਰਾਕ ਵਿਰੁੱਧ, ਜੋ ਤਕੜਾ ਸੀ। ਥਾਂ ਥਾਂ ਹਾਰ ਦਾ ਮੂੰਹ, ਬਰਬਾਦੀ ਦਾ ਮੂੰਹ ਦੇਖਣਾ ਪਿਆ। ਆਖਰ ਜੰਗਬੰਦੀ ਹੋਈ ਤਾਂ ਖੁਮੀਨੀ ਦਾ ਬਿਆਨ ਆਇਆ, "ਅਮਨ ਮੇਰੇ ਲਈ ਜ਼ਹਿਰ ਦਾ ਪਿਆਲਾ ਪੀਣ ਵਾਂਗ ਹੈ"। ਜੁਝਾਰੂ ਇਸ ਪ੍ਰਕਾਰ ਮਹਿਸੂਸ ਕਰ ਰਹੇ ਸਨ ਜਿਵੇਂ ਹਾਰ ਦਾ ਹੀ ਦੂਸਰਾ ਨਾਮ ਜੰਗਬੰਦੀ ਹੋਵੇ।

ਖੁਮੀਨੀ ਦੀ ਮੌਤ ਉਪਰੰਤ ਦੇਸ਼ ਵਿਚ 40 ਦਿਨ ਲਈ ਵਿਆਪਕ ਸਰਕਾਰੀ ਸੋਗ ਮਨਾਇਆ ਗਿਆ। ਔਰਤਾਂ ਮਰਦ ਵਿਰਲਾਪ ਕਰਦੇ ਕਾਫਲਿਆਂ ਦੀ ਸ਼ਕਲ ਵਿਚ ਗਲੀਆਂ ਬਜਾਰਾਂ ਵਿਚੋਂ ਦੀ ਲੰਘ ਰਹੇ ਸਨ। ਪੰਜ ਸਾਲ ਦੀ ਕੁੜੀ ਨੇ ਚੁਬਾਰੇ ਦੀ ਖਿੜਕੀ ਵਿਚੋਂ ਹੇਠ ਦੇਖ ਕੇ ਪੁੱਛਿਆ, ਕੀ ਹੋਇਐ? ਮਾਂ ਨੇ ਜਦੋਂ ਦੱਸਿਆ, ਕੁੜੀ ਬੋਲੀ– ਗਲਤ ਖਬਰ ਹੈ, ਜੇ ਉਹ ਮਰਿਆ ਹੁੰਦਾ ਫਿਰ ਜਨਾਨੀਆਂ ਬੁਰਕਾ ਪਹਿਨ ਕੇ ਥੋੜਾ ਬਾਹਰ ਨਿਕਲਦੀਆਂ।

ਮੁਸਲਮਾਨਾਂ ਵਿਚ ਵਿਸ਼ਵਾਸ ਹੈ ਕਿ ਮਹਾਂਪੁਰਖ ਦੀ ਲਾਸ਼ ਦੁਆਲੇ ਵਲ੍ਹੇਟੀ ਚਾਦਰ ਦਾ ਨਿੱਕਾ ਜਿਹਾ ਟੁਕੜਾ ਮਿਲ ਜਾਵੇ ਤਾਂ ਘਰ ਵਿਚ ਸੁਖ ਸ਼ਾਂਤੀ ਰਹਿੰਦੀ ਹੈ। ਇਸੇ ਤਰ੍ਹਾਂ ਦਾ ਅਜੀਬ ਵਿਸ਼ਵਾਸ਼ ਮੈਂ ਸਿੱਖਾਂ ਵਿਚ ਵੀ ਦੇਖਿਆ। ਆਪ੍ਰੇਸ਼ਨ ਬਲੂਸਟਾਰ ਬਾਦ ਮੈਨੂੰ ਫਾਂਸੀ ਚੱਕੀਆਂ ਵਿਚ ਬੰਦ ਰੱਖਿਆ ਗਿਆ। ਇਹ ਨਿੱਕੇ ਨਿੱਕੇ ਸੈੱਲ (ਕਾਲ ਕੋਠੜੀਆਂ) ਉਨ੍ਹਾਂ ਵਾਸਤੇ ਹਨ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲ ਚੁੱਕੀ ਹੋਵੇ। ਮੁਲਾਕਾਤ ਕਰਨ ਆਏ ਜਿਸ ਬੰਦੇ ਨੂੰ ਪਤਾ ਲਗਦਾ ਕਿ ਮੈਂ ਕਾਲਕੋਠੜੀ ਵਿਚ ਹਾਂ, ਉਹ ਅਰਜ਼ ਕਰਦਾ ਕਿ ਅਗਲੀ ਮੁਲਾਕਾਤ

www.punjabilibrary.com

ਕਰਨ ਆਵਾਂਗਾ ਤਾਂ ਮਿਹਰਬਾਨੀ ਕਰਕੇ ਫਾਂਸੀ ਵਾਲੀ ਖੂਹੀ ਦੀਆਂ ਲੱਕੜਾਂ ਵਿਚੋਂ ਇਕ ਨਿਕਾ ਜਿਹਾ ਟੁਕੜਾ ਲਿਆ ਦੇਣਾ। ਲੱਕੜੀ ਕੱਟਣ ਲਈ ਕੋਈ ਜਣਾ ਤਾਂ ਨਿੱਕਾ ਜਿਹਾ ਚਾਕੂ ਵੀ ਮੇਰੀ ਜੇਬ ਵਿਚ ਪਾਉਣ ਦਾ ਯਤਨ ਕਰਦਾ ਜਿਸਨੂੰ ਮੈਂ ਮਨ੍ਹਾ ਕਰ ਦਿੰਦਾ। ਖੈਰ, ਜਦੋਂ ਖੁਮੀਨੀ ਦੀ ਲਾਸ਼ ਕਬਰਸਤਾਨ ਵਿਚ ਦਫਨ ਕਰਨ ਵਾਸਤੇ ਲਿਆਂਦੀ ਤਾਂ ਕੱਪੜੇ ਦਾ ਇਕ ਟੁਕੜਾ ਲੈਣ ਲਈ ਭੀੜ ਉਸ ਉਪਰ ਟੁੱਟ ਪਈ। ਪਲਾਂ ਵਿਚ ਚਾਦਰ ਉਤਰ ਗਈ ਤੇ ਤਾਬੂਤ ਦੇ ਬਾਹਰ ਖੁਮੀਨੀ ਦੀ ਇਕ ਨੰਗੀ ਲੱਤ ਲਮਕਦੀ ਦੇਖੀ ਗਈ। ਤੁਰੰਤ ਗਾਰਦ ਨੇ ਕੰਮ ਸੰਭਾਲਿਆ, ਲਾਸ਼ ਹੈਲੀਕਾਪਟਰ ਰਾਹੀਂ ਵਾਪਸ ਤਹਿਰਾਨ ਲਿਜਾਂਦੀ ਗਈ ਤੇ ਕਫ਼ਨ ਪਹਿਨਾ ਕੇ ਜਦੋਂ ਦੁਬਾਰਾ ਕਬਰਿਸਤਾਨ ਵਿਚ ਆਏ ਤਾਂ ਖੁਮੀਨੀ ਦੇ ਦੋਸਤ ਨਤਗ ਨੂਰੀ ਹੁੱਜਤੁਲ ਇਸਲਾਮ ਦੇ ਹੱਥ ਵਿਚ ਕੋੜਾ ਫੜਿਆ ਹੋਇਆ ਸੀ ਜਿਹੜਾ ਉਹ ਕਫਨ ਲਾਗੇ ਆਉਂਦੇ ਬੰਦੇ ਉਪਰ ਬਖ਼ਸ਼ਦਾ। ਆਖਰ ਇਉਂ ਰੁਹੇਲਾ ਖੁਮੀਨੀ ਦਾ ਸਸਕਾਰ ਹੋਇਆ। ਰੁਹੇਲਾ ਖੁਮੀਨੀ ਮਾਇਨੇ ਰੱਬ ਦੀ ਰੂਹ। ਖੁਮੀਨੀ ਤੋਂ ਬਾਦ ਜਦੋਂ ਰਾਸ਼ਟਰਪਤੀ ਦੀ ਚੋਣ ਹੋਈ ਤਾਂ ਆਇਤੁੱਲਾ ਖਾਤਮੀ ਨੇ ਇਸ ਛਾਂਟਾ ਮਾਸਟਰ ਨੂੰ ਹਰਾ ਦਿੱਤਾ।

ਖੁਮੀਨੀ ਦਾ ਜਨਾਜ਼ਾ ਦੇਖ ਦੇ ਵਾਪਸ ਆਏ ਟੈਕਸੀ ਡਰਾਇਵਰ ਨੇ ਕਿਹਾ- ਧਰਮ ਦੇ ਨਾਮ ਨਾਲ ਕਿਡੇ ਕਿਡੇ ਫਰਾਡ ਹੋ ਜਾਂਦੇ ਹਨ ਮੈਂ ਤਾਂ ਹੈਰਾਨ ਹੋ ਗਿਆ, ਮੈਨੂ ਡਰ ਲੱਗਾ ਕਿ ਸਾਡੇ ਪੈਗੰਬਰ ਅਤੇ ਈਮਾਮ ਵੀ ਇਵੇਂ ਦੇ ਹੀ ਨਾ ਹੋਣ ਕਿਤੇ। ਅਸਮਾਨ ਤੱਕ ਪੁਜਦੇ ਨਾਅਰੇ- ਈਮਾਮ ਖੁਮੀਨੀ ਜ਼ਿੰਦਾਬਾਦ। ਇਹ ਅਫ਼ਵਾਹ ਸੁਣਨ ਨੂੰ ਮਿਲੀ ਕਿ ਚੰਦ ਵਿਚ ਉਸ ਦੀ ਤਸਵੀਰ ਦਿਖਾਈ ਦਿੰਦੀ ਹੈ। ਸਿਆਣੇ ਬਿਆਣੇ ਲੋਕ ਚੰਦ ਵਿਚੋਂ ਉਸਦੀ ਦਾਹੜੀ ਤੇ ਮੁੱਛਾਂ ਲੱਭ ਲੈਂਦੇ। ਇਕ ਪ੍ਰੋਫੈਸਰ ਨੂੰ ਨਫੀਸੀ ਨੇ ਗੁੱਸੇ ਨਾਲ ਪੁੱਛਿਆ - ਪਤਾ ਲਗੈ ਤੂੰ ਵੀ ਜਨਾਜ਼ੇ ਵਿਚ ਸ਼ਾਮਲ ਹੋਇਆ ਸੀ ਤਹਿਰਾਨ? ਉਹ ਹੱਸ ਕੇ ਬੋਲਿਆ - ਜ਼ਿੰਦਗੀ ਵਿਚ ਇਕ ਵਾਰ ਤਾਂ ਮੌਕਾ ਮਿਲਿਆ ਸੀ ਬੀਬੀ। ਨਰਾਜ਼ ਨਾ ਹੋ। ਰੋਜ਼ ਰੋਜ਼ ਥੋੜਾ ਦਿਸਣਾ ਹੈ ਉਸ ਜਨਾਜ਼ੇ ਦਾ ਨਜ਼ਾਰਾ।

ਹੈਨਰੀ ਜੇਮਜ਼ ਨੇ ਲਿਖਿਆ- ਅਸੀਂ ਨੇਰ੍ਹੇ ਵਿਚ ਕੰਮ ਕਰਦੇ ਹਾਂ, ਜੋ ਕਰ ਸਕਦੇ ਹਾਂ ਕਰਦੇ ਆਂ, ਜੋ ਮਿਲਦਾ ਹੈ, ਦੇ ਦਿੰਦੇ ਹਾਂ, ਹਰ ਸ਼ੱਕੀ ਚੀਜ਼ ਵਾਸਤੇ ਭਾਵਕ ਹਾਂ, ਸਾਡੇ ਲਈ ਭਾਵਨਾ ਸ਼੍ਰੋਮਣੀ ਹੈ। ਇਸ ਤੋਂ ਇਲਾਵਾ ਜੋ ਬਾਕੀ ਬਚਦਾ ਹੈ ਉਹ ਪਾਗਲ ਹੁਨਰ ਹੈ।

ਖੁਮੀਨੀ ਤੋਂ ਬਾਦ ਉਸ ਦੇ ਦੌਰ ਦੀਆਂ ਯਾਦਾਂ ਬਚੀਆਂ। ਕੁਝ ਵਿਦਿਆਰਥੀ ਉਸਦੇ ਮੁਰੀਦਾਂ ਹੱਥੋਂ ਹੋਈਆਂ ਜ਼ਿਆਦਤੀਆਂ ਨੂੰ ਨਹੀਂ ਭੁੱਲੇ। ਮੁਸਲਿਮ ਸਟੂਡੈਂਟਸ ਐਸੋਸਿਏਸ਼ਨ ਦੇ ਇਕ ਨੇਤਾ ਨੇ ਆਪਣੀ ਜਮਾਤਣ ਦੀ ਸ਼ਿਕਾਇਤ ਲਾਈ ਸੀ ਕਿ ਉਸ ਦੇ ਸਕਾਰਫ ਹੇਠਾਂ ਇਕ ਮਾਸ ਦਾ ਟੁਕੜਾ ਢਕਿਆ ਹੋਇਆ ਨਹੀਂ ਜਿਸ ਕਾਰਨ ਸ਼ਿਕਾਇਤ ਕਰਤਾ ਦੇ ਦਿਲ ਵਿਚ ਕਾਮੁਕ ਭਾਵਨਾ ਪੈਦਾ ਹੁੰਦੀ ਹੈ। ਕੁੜੀ ਨੂੰ ਸਜਾ ਦਿੱਤੀ ਗਈ ਕਿਉਂਕਿ ਸ਼ਿਕਾਇਤ ਕਰਤਾ ਲੀਡਰ ਸੀ। ਉਹ ਮੁੰਡਾ ਈਰਾਕ ਦੀ ਜੰਗ ਵਿਚ ਸ਼ਹੀਦ ਹੋ ਗਿਆ। ਸ਼ਹਾਦਤ ਵਿੱਚ ਵੀ ਤਾਕਤ ਨਹੀਂ ਕਿ ਕੁੜੀ ਦੇ ਜਿਸਮ ਦੀ ਟਾਕੀ ਵਾਲੀ ਗਲ ਭੁਲਣ ਦੇਵੇ। ਨਫੀਸੀ ਦੇ ਕੁੱਝ ਪ੍ਰਸ਼ਨ- ਕੀ ਇਸ ਮੁੰਡੇ ਨੇ ਕਦੀ ਇਸ਼ਕ ਕੀਤਾ ਹੋਏਗਾ? ਉਹ ਨੇਤਾ ਬਣ ਗਿਆ, ਇਨਕਲਾਬੀ ਹੋ ਗਿਆ, ਇੱਜ਼ਤਦਾਰ ਕਮਾਂਡਰ ਦਾ ਖ਼ਿਤਾਬ ਪਾਇਆ, ਸ਼ਹੀਦ ਹੋ ਗਿਆ, ਕੀ ਕਦੀ ਉਸਦਾ ਦਿਲ ਨਹੀਂ ਕੀਤਾ ਕਿ ਜਿਸ ਕੁੜੀ ਦੇ ਗਲ ਦੀ ਟਾਕੀ ਉਸ ਦੀਆਂ ਅੱਖਾਂ ਚੁੰਧਿਆ ਦਿੰਦੀ ਸੀ ਉਸਦਾ ਹੱਥ ਫੜ ਕੇ ਬਗੀਚੇ ਦੀ ਸੈਰ ਕਰੇ, ਗੀਤ ਗਾਏ ਜਾਂ ਗੀਤ ਸੁਣੇ? ਸ਼ਹੀਦ ਹੋਣ ਨਾਲੋਂ ਜੇ ਉਹ ਆਮ ਜਿਹਾ ਕੋਈ ਮੁੰਡਾ ਹੁੰਦਾ ਤਾਂ ਜ਼ਿਆਦਾ ਠੀਕ ਨਹੀਂ ਸੀ ਭਲਾ?

ਇਕ ਦਿਨ ਦੁਖਦਾਈ ਘਟਨਾ ਘਟੀ। ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੇ ਆਪਣੇ ਉਪਰ ਪੈਟਰੋਲ ਡੋਲ੍ਹ ਕੇ ਅੱਗ ਲਾਈ ਤੇ ਮਰ ਗਿਆ। ਇਹ ਜੰਗ ਵਿਚ ਲੜਨ ਗਿਆ ਸੀ। ਬੁੱਢੀ ਮਾਂ ਦਾ ਇਕਲੌਤਾ ਮੁੰਡਾ। ਮਾਂ ਨੂੰ ਪੈਸੇ ਭੇਜਦਾ। ਜੰਗ ਖਤਮ ਹੋਣ ਬਾਦ ਫਿਰ ਯੂਨੀਵਰਸਿਟੀ ਵਿਚ ਪੜ੍ਹਨ ਲੱਗਾ, ਪਰ ਪ੍ਰਸੰਗਹੀਣ ਹੋ ਗਿਆ। ਕਿਸੇ ਨੂੰ ਉਸਦੀ ਬਹਾਦਰੀ ਵਿਚ ਜਾਂ ਜੰਗ ਦੀਆਂ ਗੱਲਾਂ ਵਿਚ ਦਿਲਚਸਪੀ ਨਹੀਂ ਸੀ। ਉਹ ਫਾਲਤੂ ਚੀਜ਼ ਹੋ ਗਿਆ। ਦੋ ਪੀਪੀਆਂ ਪੈਟਰੋਲ ਦੀਆਂ ਲੈਕੇ ਗੇਟ ਦੇ ਅੰਦਰੋਂ ਲੰਘਿਆ ਤਾਂ ਗੇਟਕੀਪਰਾਂ ਨੇ ਰੋਕਿਆ ਨਹੀਂ ਕਿਉਂਕਿ ਯੁੱਧਵੀਰ ਨੂੰ ਸਭ ਜਾਣਦੇ ਸਨ। ਇਕ ਖਾਲੀ ਕਮਰੇ ਵਿਚ ਗਿਆ। ਲਾਟਾਂ ਵਿਚ ਵਰੋਲਾ ਬਣਿਆ ਦੌੜਦਾ ਬਾਹਰ ਨਿਕਲਿਆ, ਚੀਕਾਂ ਮਾਰਦਾ ਕਹੀ ਜਾ ਰਿਹਾ ਸੀ- ਸਾਡੇ ਨਾਲ ਧੋਖਾ ਹੋਇਆ, ਝੂਠ ਸੁਣੀ ਗਏ ਅਸੀਂ, ਦੇਖੋ ਸਾਡੇ ਨਾਲ ਕੀ ਹੋਇਆ।

ਹਸਪਤਾਲ ਵਿਚ ਉਸਦੀ ਮੌਤ ਹੋ ਗਈ। ਨਾ ਮਾਤਮੀ ਜਲੂਸ, ਨਾ ਤਕਰੀਰਾਂ, ਨਾ ਸ਼ਰਧਾਂਜਲੀ, ਨਾ ਗੁਲਦਸਤੇ, ਜਿਵੇਂ ਕੋਈ ਗੱਲ ਨਹੀਂ ਹੋਈ। ਨਾ ਉਸਦੇ ਸਾਥੀ ਇਨਕਲਾਬੀਆਂ ਨੇ ਕੁਝ ਕਿਹਾ ਨਾ ਵਿਰੋਧੀਆਂ ਨੇ। ਲਾਊਡ ਸਪੀਕਰ ਤੇ ਐਲਾਨ ਹੋਇਆ- ਕਲਾਸਾਂ ਆਮ ਵਾਂਗ ਲੱਗਣਗੀਆਂ। ਕਲਾਸਾਂ ਲੱਗੀਆਂ ਪਰ ਆਮ ਵਾਂਗ ਬਿਲਕੁਲ ਨਹੀਂ।

www.punjabilibrary.com

ਕਲਾਸ ਵਿਚ ਔਰਤ ਜਾਤ ਦੇ ਹੱਕਾਂ ਬਾਬਤ ਅਕਸਰ ਵਿਚਾਰਾਂ ਹੁੰਦੀਆਂ। ਜੱਸੀ ਕਹਿਣ ਲੱਗੀ, ਮੁਸਲਮਾਨ ਵਾਸਤੇ ਨੌ ਸਾਲ ਦੀ ਕੁਆਰੀ ਕੰਨਿਆ ਚਾਹੀਦੀ ਹੁੰਦੀ ਹੈ। ਮੰਨਾ ਬੋਲੀ, ਕਿਉਂ, ਇਕ ਕਿਉਂ? ਚਾਹੇ ਭੁੱਖਾ ਮਰਦਾ ਹੋਵੇ ਚਾਰ ਦਾ ਹੱਕਦਾਰ ਹੈ। ਇਸਲਾਮ ਉਸ ਦਾ ਸਮਰਥੱਕ ਹੈ। ਨਸਰੀਨ ਬੋਲੀ- ਚਾਰ ਕਿਉਂ? ਨਿੱਕੇ ਨਿੱਕੇ ਨਕਾਹ ਜਿੰਨੇ ਮਰਜ਼ੀ ਕਰਾ ਲਏ। ਦਸ ਮਿੰਟ ਤੋਂ ਲੈ ਕੇ 99 ਸਾਲ ਦੀ ਅਉਧ ਤਕ ਨੂੰ ਨਿਕਾ ਨਕਾਹ ਕਿਹਾ ਜਾਂਦਾ ਹੈ। ਰਾਸ਼ਟਰਪਤੀ ਰਫਸਨਜਾਨੀ ਨੇ ਸੁਧਾਰ ਕਰਦਿਆਂ ਐਲਾਨ ਕੀਤਾ ਸੀ ਕਿ ਈਰਾਨ ਵਿਚ ਟੈਂਪਰੇਰੀ ਨਿਕਾਹ ਕਰਵਾਉਣੇ ਵਾਜਬ ਹਨ ਤਾਂ ਈਰਾਨ ਦੀ ਹਰੇਕ ਪਾਰਟੀ ਨੇ ਇਸਦਾ ਵਿਰੋਧ ਕੀਤਾ ਸੀ। ਔਰਤਾਂ ਨਾਲੋਂ ਮਰਦਾਂ ਨੇ ਵਧੀਕ। ਭਾਵੇਂ ਸ਼ਰਾ ਵਿਚ ਇਸਦੀ ਵਿਵਸਥਾ ਹੈ, ਲੋਕਾਂ ਨੇ ਰਾਸ਼ਟਰਪਤੀ ਨੂੰ ਕਿਹਾ- ਤੇਰੇ ਇਹ ਸ਼ਰਈ ਸੁਧਾਰ ਵੇਸਵਾਗਮਨੀ ਨਹੀਂ ਤਾਂ ਹੋਰ ਕੀ ਨੇ?

ਮਰਦ ਆਪਣੀ ਮਰਜ਼ੀ ਦੀ ਕੁੜੀ ਵੱਲ ਉਂਗਲ ਕਰਕੇ ਕਹਿ ਸਕਦਾ ਹੈ- ਮੈਂ ਇਸ ਨਾਲ ਵਿਆਹ ਕਰਾਵਾਂਗਾ। ਕੁੜੀ ਨੂੰ ਇਹ ਹੱਕ ਨਹੀਂ। ਵੀਹਵੀਂ ਸਦੀ ਦੇ ਸ਼ੁਰੂ ਵਿਚ ਕੁੜੀ ਦੇ ਵਿਆਹ ਲਈ ਉਸਦੀ ਉਮਰ 9 ਸਾਲ ਸੀ, ਬਾਦ ਵਿਚ 13 ਸਾਲ ਕੀਤੀ ਗਈ, ਫਿਰ ਪਿਛੋਂ 18 ਸਾਲ। ਨਫੀਸੀ ਦੀ ਮਾਂ ਨੇ ਆਪਣੀ ਪਸੰਦ ਦੇ ਜੁਆਨ ਨਾਲ ਵਿਆਹ ਕਰਾਉਣ ਦੀ ਜੁਰਅਤ ਕੀਤੀ ਸੀ। ਜਦੋਂ ਦੇਸ਼ ਵਿਚ ਪਹਿਲੀ ਪਾਰਲੀਮੈਂਟ ਬਣੀ, ਉਸ ਵਿਚ 6 ਔਰਤਾਂ ਮੈਂਬਰ ਚੁਣੀਆਂ ਗਈਆਂ, ਇਨ੍ਹਾਂ ਛੇਆਂ ਵਿਚੋਂ ਇਕ ਨਫੀਸੀ ਦੀ ਮਾਂ ਸੀ। ਮਾਂ ਅਤੇ ਅੱਬਾ ਅਕਸਰ ਕਿਹਾ ਕਰਦੇ- ਅਸੀਂ ਬਾਦਸ਼ਾਹ ਦੇ ਖਿਲਾਫ ਇਸ ਕਰਕੇ ਯੁੱਧ ਵਿਚ ਸ਼ਾਮਲ ਹੋਏ ਸਾਂ ਤਾਂ ਕਿ ਵਧੀਕ ਅਧਿਕਾਰ, ਵਧੀਕ ਆਜ਼ਾਦੀ ਮਿਲੇ। ਸਾਨੂੰ ਕੀ ਪਤਾ ਸੀ ਕਿ ਪਹਿਲੇ ਹੱਕ ਵੀ ਖੁੱਸ ਜਾਣਗੇ।

ਈਰਾਨ ਦੇ ਪਾਰਲੀਮਾਨੀ ਇਤਿਹਾਸ ਵਿਚ ਕੇਵਲ ਦੋ ਔਰਤਾਂ ਕੇਂਦਰੀ ਕੈਬਨਿਟ ਵਿਚ ਵਜ਼ੀਰ ਬਣੀਆਂ। ਇਨਕਲਾਬ ਤੋਂ ਬਾਦ ਦੋਵਾਂ ਨੂੰ ਮੌਤ ਦੀ ਸਜਾ ਦਿੱਤੀ ਗਈ। ਇਕ, ਔਰਤਾਂ ਦੀ ਖੁਸ਼ਹਾਲੀ ਦੇ ਮੰਤਰਾਲੇ ਦੀ ਵਜ਼ੀਰ ਸੀ ਜਿਹੜੀ ਸ਼ਾਹ ਵੇਲੇ ਜਲਾਵਤਨ ਹੋਕੇ ਪੱਛਮ ਵਿਚ ਈਰਾਨੀ ਔਰਤਾਂ ਦੇ ਹੱਕਾਂ ਦੀ ਵਕਾਲਤ ਕਰਦੀ ਰਹੀ ਸੀ, ਦੂਜੀ ਨਫੀਸੀ ਦੇ ਸਕੂਲ ਦੀ ਪ੍ਰਿੰਸੀਪਲ ਸੀ। ਦੋਵਾਂ ਉਪਰ ਕਾਫਰ ਅਤੇ ਬਦਅਖਲਾਕ ਹੋਣ ਦਾ ਇਲਜਾਮ ਲੱਗਿਆ। ਪ੍ਰਿੰਸੀਪਲ ਨੂੰ ਪੱਥਰ ਮਾਰ ਮਾਰ ਕੇ ਮਾਰਿਆ। ਨਫੀਸੀ ਲਿਖਦੀ ਹੈ - ਸ਼ੁਕਰ ਹੈ ਅੱਲਾਹ ਦਾ, ਜਿਸ ਤਰ੍ਹਾਂ ਦੀਆਂ ਇਹ ਦੋਵੇਂ ਔਰਤਾਂ ਸਨ, ਸਾਡੀਆਂ ਧੀਆਂ ਵਿਚ ਅਜੇ ਉਹੋ ਜਿਹੀ ਤਾਕਤ ਤੇ ਖੁੱਦਦਾਰੀ ਕਾਇਮ ਹੈ। ਇਕ ਦਿਨ ਇਹ ਔਰਤਾਂ ਸਾਡੀਆਂ ਨਾਇਕਾਵਾਂ ਹੋਣਗੀਆਂ।

ਇਸ ਵਕਤ ਦੇਸ਼ ਵਿੱਚ 48 ਬੱਚੇ ਜੇਲ੍ਹਾਂ ਵਿਚ ਬੰਦ ਹਨ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਕਾਨੂੰਨਨ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਫਾਹੇ ਨਹੀਂ ਲਾਇਆ ਜਾ ਸਕਦਾ। ਬੰਦੀ, ਜਦੋਂ 18 ਸਾਲ ਦੇ ਹੁੰਦੇ ਜਾਣਗੇ, ਫਾਂਸੀ ਦਿੱਤੀ ਜਾਏਗੀ। ਇਨ੍ਹਾਂ ਉਪਰ ਰਾਜ ਪਲਟੇ ਦਾ ਇਲਜ਼ਾਮ ਲੱਗਾ ਹੋਇਆ ਹੈ।

ਉਕਤ ਸਾਰਾ ਕੁਝ ਜਾਣਨ ਤੋਂ ਬਾਦ ਈਰਾਨ ਫਿਰ ਸੁਹਣੇ ਦਾ ਸੁਹਣਾ ਹੈ। ਜੋ ਬਿਆਨ ਕੀਤਾ ਸੋ ਈਰਾਨ ਥੋੜ੍ਹਾ ਹੈ, ਇਹ ਤਾਂ ਸਟੇਟ ਹੈ। ਸਟੇਟ ਦਾ ਸੁਭਾਅ ਹੋਰ ਕਿਸੇ ਨੂੰ ਪਤਾ ਹੋਵੇ ਨਾ ਹੋਵੇ, ਸਿੱਖਾਂ ਨੂੰ ਪਤਾ ਹੈ। ਸਟਾਲਿਨ ਦੀਆਂ ਵਾਰਦਾਤਾਂ ਜਾਣਨ ਤੋਂ ਬਾਦ ਰੂਸ ਬੁਰਾ ਕਦੋਂ ਲੱਗਾ? ਇਹ ਉਹੀ ਰੂਸ ਹੈ ਜਿਸਨੇ ਮੈਨੂੰ ਪੰਜਵੀਂ ਜਮਾਤ ਵਿਚ ਰੂਸੀ ਲੋਕ ਕਥਾਏਂ (ਹਿੰਦੀ), ਬਿਹਤਰੀਨ ਕਿਤਾਬ ਪੜ੍ਹਨ ਨੂੰ ਦਿੱਤੀ। ਗਜ਼ਬ ਦੀ ਛਪਾਈ, ਗਜ਼ਬ ਕਾਗਜ, ਸਚਿੱਤਰ ਤੇ ਸਖਤ ਜਿਲਦ ਵਿਚ ਮੜ੍ਹੀਆਂ ਹੋਈਆਂ ਫੇਰ ਪੰਜਾਬੀ ਜ਼ਬਾਨ ਵਿਚ ਰੂਸੀ ਲੋਕ ਕਹਾਣੀਆਂ ਆਈਆਂ। ਰੂਸੀ ਸਾਹਿਤ ਤੋਂ ਮੈਂ ਇਸ ਕਰਕੇ ਜਾਣੂ ਹੋ ਸਕਿਆ ਸੀ ਕਿਉਂਕਿ ਬਹੁਤ ਥੋੜ੍ਹੇ ਪੈਸਿਆਂ ਵਿਚ ਉਤਮ ਕਿਤਾਬਾਂ ਮਿਲ ਜਾਇਆ ਕਰਦੀਆਂ ਸਨ। ਰੂਸੀ ਕਿਸਾਨਾਂ ਤੇ ਮਜ਼ਦੂਰਾਂ ਦਾ ਸੁਭਾ ਮੈਨੂੰ ਪੰਜਾਬੀਆਂ ਵਰਗਾ ਲਗਦਾ ਹੁੰਦਾ ਸੀ। ਜਿਸ ਈਰਾਨ ਵਿਚ ਤਾਕਤਵਰ ਤੇ ਧਰਮੀ ਬਾਦਸ਼ਾਹ ਹੋਏ, ਫਕੀਰ ਅਤੇ ਸ਼ਾਇਰ ਹੋਏ, ਜਿਥੋਂ ਦੇ ਬਰੀਕ ਹੁਨਰ ਦੀ ਸੰਸਾਰ ਵਿਚ ਮੰਗ ਰਹੀ ਤੇ ਅੱਜ ਤੱਕ ਹੈ, ਉਹ ਮਾੜਾ ਕਿਵੇਂ ਹੋ ਸਕਦੈ? ਜਿਸ ਥਾਂ ਸਖਤੀ ਦਾ ਵਧੀਕ ਦੌਰ ਚੱਲਿਆ, ਉਥੇ ਥਾਂ-ਥਾਂ ਰੱਬ ਨੇ ਸੂਖਮ ਫੁੱਲਾਂ ਦੇ ਹੜ੍ਹ ਲਿਆਂਦੇ।

ਈਰਾਨ ਨਾਲ ਭਾਰਤ ਦਾ ਮਿਲਾਪ ਵਧਣਾ ਚਾਹੀਦਾ ਹੈ। ਦਿਲੀ ਸਥਿਤ ਈਰਾਨ ਕਲਚਰ ਹਾਊਸ ਬੇਜਾਨ ਅਤੇ ਨਿਕੰਮਾ ਪਿਆ ਹੈ, ਜ਼ਰੂਰੀ ਹੈ ਸਰਗਰਮ ਹੋਵੇ। ਈਰਾਨ ਕਲਚਰ ਹਾਊਸ ਤੋਂ ਸੂਚਨਾ ਮੰਗੋ, ਖਾਮੋਸ਼, ਕਿਤਾਬਾਂ ਮੰਗਵਾਉ ਉਤਰ ਨਹੀਂ।

ਰਿਚਰਡ ਫਰੀ ਅਪਣੀ ਕਿਤਾਬ ***ਪਰਸ਼ੀਆ*** ਵਿਚ ਲਿਖਦਾ ਹੈ - ''ਪੁਰਾਣਾ ਫਾਰਸੀ ਸਾਹਿਤ ਲਿਖਤੀ ਰੂਪ ਵਿਚ ਦਾਰਾ ਅਤੇ ਉਸਦੇ ਪੁੱਤਰ ਗਿਰਗਿਸ ਦੇ ਸ਼ਿਲਾਲੇਖਾਂ ਉਪਰ ਮਿਲਦਾ ਹੈ। ਆਕਾਮਨੀ ਹਕੂਮਤ ਦੀ ਸ਼ਾਨ ਦਿਖਾਈ ਦਿੰਦੀ ਹੈ। ਆਪਣੀਆਂ ਲਿਖਤਾਂ ਵਿਚ ਦਾਰਾ ਬਾਰ ਬਾਰ ਇਹ ਲਫਜ਼ ਖੁਦਵਾਉਂਦਾ ਹੈ - ''ਜੋ ਲਿਖਵਾਇਆ, ਸੱਚ ਲਿਖਵਾਇਆ। ਇਸ ਨੂੰ ਸੱਚ ਮੰਨਣਾ।'' ਜਿਵੇਂ ਦੱਸ ਰਿਹਾ ਹੋਵੇਂ - ਮੇਰੇ

www.punjabilibrary.com

ਦੁਸ਼ਮਣ ਗੱਪੀ ਹਨ ਜੋ ਮੈਨੂੰ ਗੱਪੀ ਕਹਿਣਗੇ ਜਦੋਂ ਕਿ ਮੈਂ ਸੱਚਾ ਹਾਂ। ਲਿਖਤ ਤੋਂ ਲਗਦੈ ਕਿ ਪੂਰਾ ਗੱਪੀ ਹੈ। ਫੇਰ ਬੰਦਾ ਸੋਚਣ ਲਗਦੈ, ਗੱਪ ਲਿਖਵਾਉਣ ਲਈ ਪੱਥਰਾਂ ਉਪਰ ਏਨੀ ਮਿਹਨਤ ਕੌਣ ਕਰਦੈ? ਬਾਦ ਦੇ, ਖਾਸ ਕਰਕੇ ਕਜਰ ਹਕੂਮਤ ਦੇ ਸ਼ਿਲਾਲੇਖਾਂ ਦੇ ਬੋਲ ਸੁਹਣੇ ਹਨ, ਸ਼ਬਦ ਚੋਣ ਸੁਹਣੀ ਹੈ, ਮਾਹਿਰਾਂ ਦਾ ਗੰਭੀਰ ਕੰਮ ਹੈ ਕਿਉਂਕਿ ਲਿਖਤ ਦੀ ਸਮੱਗਰੀ ਗੱਪ ਹੈ। ਅਵੇਸਤਾ ਧਰਮ ਗ੍ਰੰਥ ਦੇ ਮੰਤਰਾਂ ਦੇ ਅਰਥ ਵੀ ਜੋ ਮਰਜ਼ੀ ਕੱਢ ਲਉ, ਉਲਟ ਅਰਥ ਵੀ ਨਿਕਲ ਆਉਂਦੇ ਹਨ। ਇਹੀ ਹਾਲ ਸ਼ਾਇਰਾਂ ਦਾ ਹੈ। ਕੁੜੀ ਦੀ ਗੱਲ ਕਰਦੇ ਹੋਏ ਕਹਿਣਗੇ ਰੱਬ ਦੀ ਗੱਲ ਕੀਤੀ ਹੈ। ਸ਼ਿਅਰ, ਸ਼ਰਾਬ ਅਤੇ ਜਾਮ ਦੇ ਹਨ, ਕਹਿਣਗੇ ਨਾਮ ਸਿਮਰਨ ਦੀ ਗੱਲ ਹੋ ਰਹੀ ਹੈ। ਪੁਰਾਣੇ ਸ਼ਾਇਰ ਕਸੀਦਾਕਾਰ ਸਨ, ਬਾਦਸ਼ਾਹਾਂ ਦੇ ਝੋਲੀ ਚੁੱਕ, ਫੇਰ ਸੂਫੀ ਆਏ, ਕੰਮਚੋਰ, ਸੁਸਤ, ਨਸ਼ੇੜੀ, ਫੇਰ ਆਧੁਨਿਕ ਸ਼ਾਇਰ ਆਏ, ਰੋਮਾਂਟਿਕ, ਲੁੱਚੇ ਲਫੰਗੇ। ਤਿੰਨੇ ਸ਼੍ਰੇਣੀਆਂ ਨੇ ਕਲਚਰ ਖਰਾਬ ਕੀਤਾ, ਪਰ ਤਿੰਨੇ ਕਿਸਮ ਦਾ ਸਾਹਿਤ ਦੁਨੀਆਂ ਵਿਚ ਲਗਾਤਾਰ ਪੜ੍ਹਿਆ ਜਾ ਰਿਹਾ ਹੈ। ਚਾਹੇ ਪੰਜ ਚਾਰ ਪੀੜ੍ਹੀਆਂ ਤੋਂ ਬਾਹਰਲੇ ਦੇਸ ਵਿਚ ਰਹਿੰਦੇ ਹੋਣ - ਕਹਿਣਗੇ ਅਸੀਂ ਈਰਾਨੀ ਹਾਂ। ਚਾਹੇ ਭਰਿਸ਼ਟ ਹੋਣ, ਗਰੀਬ ਹੋਣ, ਬਾਦਸ਼ਾਹਾਂ ਦੇ ਗੁਲਾਮ ਰਹੇ ਹੋਣ, ਆਖਣਗੇ ਇਹੀ - ਅਸੀਂ ਅਮੀਰ ਈਰਾਨੀ ਹਾਂ। ਈਰਾਨ ਦਾ ਸਾਹਿਤ ਅਮੀਰ, ਕਲਾ, ਭਵਨ ਨਿਰਮਾਣ ਤੇ ਇਤਿਹਾਸ, ਹਰੇਕ ਚੀਜ਼ ਅਮੀਰ ਹੈ।''

ਈਰਾਨ ਨੂੰ ਮੇਰਾ ਸਲਾਮ।

## ਸ੍ਰ. ਕਪੂਰ ਸਿੰਘ

ਕਪੂਰ ਸਿੰਘ ਆਈ.ਸੀ.ਐਸ., ਜਿਸਨੇ ਪੱਚੀ ਸਾਲ ਅਕਾਲੀ ਦਲ ਨੂੰ ਪ੍ਰਭਾਵਿਤ ਕੀਤਾ, ਆਪਣੀ ਮਿਸਾਲ ਆਪ ਸੀ। ਇਕ ਦੋ ਹੋਰ ਵਿਦਵਾਨਾਂ ਨੇ ਉਨ੍ਹਾਂ ਦੇ ਰਸਤੇ ਉਪਰ ਤੁਰਨ ਦਾ ਯਤਨ ਕੀਤਾ ਸੀ ਪਰ ਛੇਤੀ ਛਾਵੇਂ ਬੈਠ ਗਏ ਸਨ। ਮੈਂ ਲਿਖਿਆ ਹੈ, ਉਸ ਨੇ ਅਕਾਲੀ ਦਲ ਨੂੰ ਪ੍ਰਭਾਵਿਤ ਕੀਤਾ, ਅਕਾਲੀ ਦਲ ਨੂੰ ਚਲਾਇਆ ਨਹੀਂ। ਇਹ ਵੀ ਉਸ ਨੇ ਨਹੀਂ ਕੀਤਾ ਕਿ ਜੇ ਪਾਰਟੀ ਪ੍ਰਧਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਜਾਂ ਅਕਾਲੀ ਮੁੱਖ ਮੰਤਰੀ ਨਾਲ ਸੁਰ ਨਹੀਂ ਰਲੀ, ਜਿਹੜੀ ਕਿ ਕਦੀ ਵੀ ਨਹੀਂ ਸੀ ਰਲੀ, ਤਾਂ ਕੋਈ ਵੱਖਰਾ ਅਕਾਲੀ ਦਲ ਬਣਾ ਲਿਆ ਹੋਵੇ। ਅਕਾਲੀ ਦਲ ਨੇ ਉਸ ਨੂੰ ਅਸੈਂਬਲੀ ਦੀ ਟਿਕਟ ਦਿੱਤੀ ਤੇ ਅਕਾਲੀ ਦਲ ਨੇ ਪਾਰਲੀਮੈਂਟ ਵਿਚ ਵੀ ਭੇਜਿਆ। ਪ੍ਰੰਤੂ ਅਜਿਹੇ ਸਭ ਕੁਝ ਦੇ ਹੁੰਦਿਆਂ ਹੋਇਆਂ ਜਿਵੇਂ ਉਹ ਵੱਡੇ ਤੋਂ ਵੱਡੇ ਅਕਾਲੀ ਨੇਤਾ ਨੂੰ, ਗਵਰਨਰ ਹੋਵੇ ਭਾਵੇਂ ਮੁੱਖ ਮੰਤਰੀ, ਝਿੜਕ ਦਿੰਦਾ ਸੀ ਤੇ ਉਨ੍ਹਾਂ ਸਾਹਮਣੇ ਨੇਤਾ ਫਿਰ ਵੀ ਉੱਚਾ ਸੁਰ ਨਹੀਂ ਕਢਦੇ ਸਨ - ਅਜਿਹਾ ਇਸ ਕਰਕੇ ਸੀ ਕਿ ਉਹ ਵਿਦਵਾਨ ਹੋਣ ਦੇ ਨਾਲ ਨਾਲ ਈਮਾਨਦਾਰ ਭੀ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ੍ਰ. ਪ੍ਰਕਾਸ਼ ਸਿੰਘ ਬਾਦਲ, ਸ੍ਰ. ਸੁਰਜੀਤ ਸਿੰਘ ਬਰਨਾਲਾ ਜਿਹੇ ਵੱਡੇ ਆਕਾਰ ਦੇ ਲੀਡਰ ਉਨ੍ਹਾਂ ਦੇ ਖਰ੍ਹਵੇ ਬੋਲ ਸ਼ਾਂਤੀ ਨਾਲ ਸੁਣਦੇ ਸਨ। ਅਨੇਕਾਂ ਵਾਰ ਮੈਂ ਆਪਣੇ ਅੱਖੀਂ ਉਨ੍ਹਾਂ ਨੂੰ ਗੱਜਦਿਆ ਸੁਣਿਆ ਪਰ ਸਾਹਮਣੇ ਬੈਠੇ ਖਲੋਤੇ ਬੰਦੇ ਇਹੋ

www.punjabilibrary.com

ਸਮਝਦੇ ਕਿ ਇਨ੍ਹਾਂ ਗਰਜਾਂ ਵਿਚ ਠੰਢੇ ਪਾਣੀ ਦੀਆਂ ਬੂੰਦਾਂ ਭੀ ਹਨ ਜਿਨ੍ਹਾਂ ਨਾਲ ਤ੍ਰਿਪਤੀ ਮਿਲੇਗੀ। ਕੁਝ ਦੇਰ ਬਾਦ ਅਜਿਹਾ ਹੀ ਹੁੰਦਾ।

ਸੈਮੀਨਾਰਾਂ ਜਾਂ ਕਾਨਫਰੰਸਾਂ ਵਿਚ ਤਾਂ ਉਸ ਨਾਲ ਮੇਲ ਮਿਲਾਪ ਹੁੰਦਾ ਹੀ ਰਹਿੰਦਾ। 1977 ਤੋਂ 78 ਦੋ ਸਾਲ ਲਗਾਤਾਰ ਚੰਡੀਗੜ੍ਹ ਉਸ ਦੀ ਕੋਠੀ ਮੈਂ ਬਿਨਾਂ ਨਾਗਾ ਆਮ ਚਲਾ ਜਾਂਦਾ। ਸ਼ਾਮ ਦੇ ਛੇ ਵਜੇ ਤੋਂ ਅੱਠ ਕੁ ਵਜੇ ਤੱਕ ਚਾਹ ਪੀਂਦੇ ਤੇ ਸੈਰ ਕਰਦੇ। ਕਦੀ ਕੋਈ ਉਸ ਨੂੰ ਕੋਠੀ ਮਿਲਣ ਆ ਰਿਹਾ ਹੈ, ਕਦੀ ਉਹ ਕਿਸੇ ਨੂੰ ਮਿਲਣ ਜਾ ਰਿਹਾ ਹੁੰਦਾ ਤਾਂ ਕਮਜ਼ੋਰ ਜਿਹੇ, ਮੱਧਮ ਜਿਹੇ ਪਰਛਾਵੇਂ ਵਾਂਗ ਮੈਂ ਉਸ ਦੇ ਨਾਲ ਨਾਲ ਹੁੰਦਾ। ਕਦੀ ਧੋਬੀ ਨਾ ਆਉਂਦਾ ਤਾਂ ਕੁਰਤਾ ਪਜਾਮਾ ਪ੍ਰੈਸ ਕਰ ਦਿੰਦਾ। ਆਏ ਮਹਿਮਾਨਾਂ ਨੂੰ ਚਾਹ ਪਾਣੀ ਪਿਲਾਉਂਦਾ, ਹਟ ਕੇ, ਕੁਝ ਪਿਛੇ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ। ਕਾਮਰੇਡ ਆਉਂਦੇ, ਕਾਂਗਰਸੀਏ ਆਉਂਦੇ, ਦੂਰੋਂ ਨੇੜਿਓਂ ਦੇਸੋਂ ਵਿਦੇਸੋਂ ਵਿਦਵਾਨ ਆਉਂਦੇ ਤਾਂ ਉਹ ਜਾਂਦੇ ਹੋਏ ਸ੍ਰ. ਕਪੂਰ ਤੋਂ ਕੁਝ ਲੈ ਕੇ ਜਾਂਦੇ ਜਾਂ ਨਹੀਂ, ਪਤਾ ਨਹੀਂ, ਪਰ ਮੈਨੂੰ ਕਈ ਕੁਝ ਮਿਲਦਾ।

ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਹੋਸਟਲ ਵਿਚ ਰਹਿੰਦਾ ਪੀਐਚ.ਡੀ. ਕਰ ਰਿਹਾ ਸਾਂ। ਇਕ ਦਿਨ ਬੈਠਿਆਂ-ਬੈਠਿਆਂ ਖਾਹਮਖਾਹ ਇਹ ਵਹਿਮ ਹੋ ਗਿਆ ਕਿ ਕਦੀ ਸ੍ਰ. ਕਪੂਰ ਸਿੰਘ ਮੈਨੂੰ ਆਪਣੇ ਘਰ ਆਉਣ ਦੇਣ ਤੋਂ ਮਨ੍ਹਾਂ ਤਾਂ ਨਹੀਂ ਕਰ ਦੇਣਗੇ? ਤਦ ਮੈਂ ਉਸ ਨੂੰ ਇਕ ਚਿੱਠੀ ਲਿਖੀ, ਭਾਵੇਂ ਘਰ ਅੰਦਰ ਹੀ ਸੀ, ਬੰਦ ਲਿਫਾਫਾ ਕੋਠੀ ਵਿਚ ਸੁੱਟ ਆਇਆ। ਉਸ ਚਿੱਠੀ ਵਿਚ ਅਜਿਹਾ ਕੁਝ ਲਿਖਿਆ ਸੀ, ''ਸਰਦਾਰ ਸਾਹਿਬ ਤੁਹਾਡੇ ਪਾਸ ਬੜੇ ਵੱਡੇ ਲੋਕ ਆਉਂਦੇ ਹਨ, ਕੰਮ ਲੈਣ ਆਉਂਦੇ ਹਨ, ਨੌਕਰੀਆਂ ਲੈਣ ਆਉਂਦੇ ਹਨ, ਤੁਸੀਂ ਮਦਦ ਕਰਦੇ ਹੋ। ਮੈਂ ਵਾਅਦਾ ਕਰਦਾ ਹਾਂ ਕਿ ਨੌਕਰੀ ਲੈਣ ਦਾ ਸਵਾਲ ਤੁਹਾਡੇ ਪਾਸ ਨਹੀਂ ਪਾਵਾਂਗਾ। ਮੇਰੀ ਮਨਸ਼ਾ ਕੇਵਲ ਸਿੱਖੀ ਬਾਰੇ ਜਾਣਨ ਦੀ ਹੈ - ਹੋਰ ਕੋਈ ਲਾਲਸਾ ਨਹੀਂ। ਮੈਂ ਗੋਰਕੀ ਦੀਆਂ ਸਾਰੀਆਂ ਰਚਨਾਵਾਂ ਪੜ੍ਹੀਆਂ ਹਨ। ਟਾਲਸਟਾਏ ਦੇ ਘਰ ਵਿਚ ਉਹ ਨੌਕਰ ਚਾਕਰ ਵਾਂਗ ਅੱਗੇ ਪਿਛੇ ਸੇਵਾ ਕਰਦਾ ਫਿਰਦਾ ਰਹਿੰਦਾ ਤੇ ਆਪਣੀ ਸ੍ਵੈ ਜੀਵਨੀ ਵਿਚ ਇਨ੍ਹਾਂ ਦਿਨਾਂ ਦੀ ਬਾਦਸ਼ਾਹਤ ਬਾਰੇ ਫਖਰ ਨਾਲ ਲਿਖਦਾ ਹੈ ਕਿ ਮੈਂ ਉਸ ਮਹਾਤਮਾ ਨਾਲ ਗੱਲਾਂ ਕੀਤੀਆਂ, ਝਿੜਕਾਂ ਖਾਧੀਆਂ ਹਨ। ਪਰ ਮੈਂ ਗੋਰਕੀ ਨਹੀਂ ਹਾਂ। ਮੈਨੂੰ ਅਦਨ ਦੇ ਬਾਗ ਵਿਚੋਂ ਕੱਢੋਗੇ ਤਾਂ ਨਹੀਂ ਕਦੀ? ਗਿਆਨ ਦੇ ਰੁੱਖ (Tree of Knowledge) ਤੋਂ ਜੇ ਸੇਬ ਤੋੜ ਕੇ ਖਾ ਲਵਾਂ, ਭਜਾ ਤਾਂ ਨਹੀਂ ਦਿਓਗੇ ਰੱਬ ਵਾਂਗ?''

ਅਗਲੇ ਦਿਨ ਸਵੇਰੇ ਅੱਠ ਕੁ ਵਜੇ ਕਮਰੇ ਦਾ ਦਰਵਾਜ਼ਾ ਖੜਕਿਆ ਤਾਂ ਮੈਂ ਸਟੱਡੀ ਟੇਬਲ ਤੋਂ ਉਠ ਕੇ ਦਰਵਾਜ਼ਾ ਖੋਲ੍ਹਿਆ। ਕਪੂਰ ਸਿੰਘ ਖਲੋਤਾ ਸੀ। ਨੀਲੀ ਜੀਨਜ਼ ਪੈਂਟ, ਨੀਲੀ ਜੀਨਜ਼ ਜੈਕਟ ਤੇ ਨੀਲੀ ਹੀ ਪੱਗ ਜਿਸ ਉਪਰ ਨਿੱਕੀ ਜਿਹੀ ਲਹਿਰਾਉਂਦੀ ਹੋਈ ਤੁਰਲੀ। ਮੈਂ ਗੋਡੀਂ ਹੱਥ ਲਾਏ। ਉਹ ਅੰਦਰ ਆਇਆ, ਖੂੰਡੀ ਇਕ ਪਾਸੇ ਰੱਖੀ ਤੇ ਮੰਜੇ ਉਪਰ ਬੈਠ ਕੇ ਕਹਿਣ ਲੱਗਾ, ''ਇਹ ਚਿੱਠੀ ਕਿਉਂ ਲਿਖੀ ਹੈ ਤੂੰ?''

ਮੈਂ ਕਿਹਾ, ''ਜੀ ਤੁਸੀਂ ਵੱਡੇ-ਵੱਡੇ ਖੱਬੀਖਾਨਾ ਮਰਾਤਬੇਦਾਨਾ ਨੂੰ ਭਜਾ ਦਿੰਦੇ ਹੋ। ਮੇਰੀ ਤਾਂ ਕੁਝ ਵੀ ਤਾਕਤ ਨਹੀਂ। ਮੈਂ ਤਾਂ ਵਿਦਿਆਰਥੀ ਹਾਂ ਕੇਵਲ। ਮੇਰੇ ਨਾਲ ਕਦੋਂ ਕੀ ਵਾਪਰ ਜਾਵੇ ਕੀ ਪਤਾ।''

ਕਹਿਣ ਲੱਗਾ, ''ਮੈਂ ਤੇਰੀ ਉਮਰ ਵਿਚੋਂ ਲੰਘ ਚੁੱਕਿਆ ਹਾਂ। ਇਹ ਉਮਰ ਚੜ੍ਹਦੀ ਜੁਆਨੀ ਦੀ ਉਮਰ ਕਿੰਨੀ ਨਿਰਛਲ, ਕਿੰਨੀ ਈਮਾਨਦਾਰ ਹੁੰਦੀ ਹੈ ਤੇ ਕਿੰਨੀ ਆਤਮ ਵਿਸ਼ਵਾਸੀ, ਮੈਨੂੰ ਪਤਾ ਹੈ। ਪਰ ਤੂੰ ਮੇਰੀ ਉਮਰ ਵਿਚੋਂ ਨਹੀਂ ਗੁਜ਼ਰਿਆ ਅਜੇ। ਜਦੋਂ ਮੇਰੇ ਜਿੱਡੀ ਉਮਰ ਦਾ ਹੋਏਂਗਾ ਤੈਨੂੰ ਵੀ ਪਤਾ ਲੱਗ ਜਾਵੇਗਾ ਕਿ ਬੁੱਢੇ ਕਿੱਡੇ ਬੇਈਮਾਨ ਤੇ ਵਿਦਵਾਨ ਕਿਹੋ ਜਿਹੇ ਜੱਲਾਦ ਹੁੰਦੇ ਹਨ। ਤੂੰ ਕਦੀ ਅਜਿਹਾ ਦੇਖਿਆ ਹੈ ਕਿ ਮੈਂ ਜੁਆਨਾਂ ਦਾ ਨਿਰਾਦਰ ਕੀਤਾ ਹੋਵੇ? ਕਦੀ ਕਦਾਈਂ ਕਿਸੇ ਗੱਲ ਤੇ ਤੈਨੂੰ ਜਾਂ ਤੇਰੇ ਕਿਸੇ ਸੰਗੀ ਸਾਥੀ ਨੂੰ ਝਿੜਕਦਾ ਹਾਂ ਤਾਂ ਉਹ ਪਿਤਾ ਦੀ ਆਪਣੇ ਬੱਚੇ ਨੂੰ ਸਮਝਾਉਣ ਵਾਲੀ ਝਿੜਕ ਹੁੰਦੀ ਹੈ। ਤੂੰ ਤੁਰੰਤ ਸਮਝ ਜਾਂਦਾ ਹੈਂ। ਬੁੱਢੇ ਅਤੇ ਵਿਦਵਾਨ ਝਿੜਕਾਂ ਖਾ ਲੈਂਦੇ ਹਨ ਪਰ ਗੱਲ ਸਮਝਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਬੇਈਮਾਨ ਹਨ। ਸਿੱਖ ਨੌਜੁਆਨ ਮੇਰੇ ਬਿਹਤਰੀਨ ਸੁਫਨੇ ਹਨ। ਤੂੰ ਨਿਰੰਤਰ ਪੜ੍ਹ। ਗੋਰਕੀ ਨੂੰ ਤਾਂ ਪੜ੍ਹਨ ਲਈ ਸਾਧਨ ਨਹੀਂ ਸਨ ਮਿਲੇ। ਮਿਹਨਤ ਕਰੇਂ ਤੇ ਆਪਣੇ ਆਪ ਉਪਰ ਵਿਸ਼ਵਾਸ ਕਾਇਮ ਰੱਖੇਂ ਤਾਂ ਉਸ ਤੋਂ ਅੱਗੇ ਲੰਘੇਂ। ਹੁਣ ਕਦੀਂ ਕਦੀਂ ਮੈਂ ਤੇਰੇ ਕੋਲ ਆਇਆ ਕਰਾਂਗਾ।''

ਕਦੀ ਹਫਤੇ ਬਾਦ ਕਦੀ ਦੋ ਹਫਤੇ ਬਾਦ, ਕਦੀ ਹੋਸਟਲ, ਕਦੀ ਡਿਪਾਰਟਮੈਂਟ ਫਿਰ ਉਹ ਆਪ ਵੀ ਆ ਜਾਂਦਾ। ਮੈਂ ਤਾਂ ਲਗਾਤਾਰ ਜਾਣਾ ਹੀ ਹੁੰਦਾ ਸੀ ਉਸ ਕੋਲ। ਇਕ ਦਿਨ ਡਾ. ਹਰਨਾਮ ਸਿੰਘ

ਸ਼ਾਨ ਕੋਲ ਬੈਠਾ ਸੀ। ਮੈਨੂੰ ਅਤੇ ਮੇਰੇ ਜਮਾਤੀ ਭਗਵਾਨ ਸਿੰਘ ਨੂੰ ਵੀ ਉਥੇ ਸੱਦ ਲਿਆ ਤੇ ਕਾਫੀ ਆ ਗਈ। ਸਿੱਖਾਂ ਨਾਲ ਕੀ ਕੀ ਵਧੀਕੀਆਂ ਹੋਈਆਂ, ਇਸ ਬਾਰੇ ਦੋਵੇਂ ਗੱਲਾਂ ਕਰਨ ਵਿਚ ਮਗਨ ਸਨ ਤੇ ਅਸੀਂ ਦੋ ਸਰੋਤੇ ਸੁਣਨ ਵਿਚ ਮਗਨ ਸਾਂ। ਸ਼ਾਨ ਕਹਿਣ ਲੱਗਾ, ''ਸਰਦਾਰ ਜੀ, ਦੇਖੋ ਅਨਿਆਂ। ਪੰਜਾਬੀ ਯੂਨੀਵਰਸਿਟੀ ਪਟਿਆਲੇ ਮੈਂ ਬਣਵਾਈ ਪਰ ਜਦੋਂ ਵਾਈਸ ਚਾਂਸਲਰ ਲੱਗਿਆ ਕੋਈ ਹੋਰ, ਜੇ ਰਜਿਸਟਰਾਰ ਲਾਇਆ ਤਾਂ ਕੋਈ ਹੋਰ। ਮੇਰਾ ਨਾਂ ਨਾ ਥਾਂ। ਫਿਰ ਮੈਂ ਅੰਮ੍ਰਿਤਸਰ ਦੀ ਯੂਨੀਵਰਸਿਟੀ ਬਣਵਾਈ। ਉਹੀ ਉਥੇ ਹੋਇਆ। ਵਾਈਸ ਚਾਂਸਲਰ ਕੋਈ ਹੋਰ, ਰਜਿਸਟਰਾਰ ਕੋਈ ਹੋਰ। ਮੇਰਾ ਕਿਧਰੇ ਜ਼ਿਕਰ ਨਹੀਂ ਹੈ। ਹੈ ਨਾ ਅਨਰਥ ਸਰਦਾਰ ਸਾਹਿਬ।

ਕਪੂਰ ਸਿੰਘ ਬੋਲਿਆ ''ਜੀ ਹਿੰਦੋਸਤਾਨ ਤੁਸੀਂ ਅਜ਼ਾਦ ਕਰਾਇਆ ਸ਼ਾਨ ਸਾਹਿਬ। ਰਾਸ਼ਟਰਪਤੀ ਕੋਈ ਹੋਰ ਲੱਗ ਗਿਆ, ਪ੍ਰਧਾਨ ਮੰਤਰੀ ਕੋਈ ਹੋਰ। ਫਿਰ ਪੰਜਾਬੀ ਸੂਬਾ ਤੁਸੀਂ ਬਣਾਇਆ। ਇਥੇ ਵੀ ਗਵਰਨਰ ਕੋਈ ਹੋਰ ਤੇ ਮੁੱਖ ਮੰਤਰੀ ਕੋਈ ਹੋਰ। ਤੁਹਾਡੇ ਨਾਲ ਹੋਈਆਂ ਬੇਇਨਸਾਫੀਆਂ ਦਾ ਕਿਸਨੂੰ ਪਤਾ ਨਹੀਂ? ਇਹ ਕਹਿਕੇ ਉਹ ਜ਼ੋਰ ਦੀ ਠਹਾਕਾ ਮਾਰ ਕੇ ਹੱਸਿਆ ਤਾਂ ਹੱਥ ਵਿਚ ਫੜੇ ਕੱਪ ਵਿਚੋਂ ਅਧੀ ਕਾਫੀ ਸ਼ਾਨ ਦੇ ਮੇਜ਼ ਉਪਰ ਡੁੱਲ੍ਹ ਗਈ। ਸ਼ਾਨ ਦੀ ਕਾਫੀ ਡੁੱਲ੍ਹੀ ਤਾਂ ਨਹੀਂ ਪਰ ਉਸ ਤੋਂ ਪੀਤੀ ਨਾ ਗਈ। ਬਸ ਅਸੀਂ ਦੋ ਤਾਲਿਬੇ ਇਲਮ ਖੁਸ਼ ਹੋ ਕੇ ਕਾਫ਼ੀ ਦਾ ਆਨੰਦ ਲੈਂਦੇ ਰਹੇ। ਭਗਵਾਨ ਸਿੰਘ ਨੇ ਮੇਰੇ ਕੰਨ ਵਿਚ ਹੌਲੀ ਦੇ ਕੇ ਬਾਹਰ ਆਉਂਦਿਆਂ ਕਿਹਾ, ''ਜਦੋਂ ਦੋ ਜੋਗੀ ਮੰਤਰ ਸੁੱਟ ਸੁੱਟ ਕੇ ਸਰਾਪ ਦੇ ਦੇ ਆਕਾਸ਼ ਵਿਚ ਇਕ ਦੂਜੇ ਨਾਲ ਲੜਦੇ ਦੇਖੋ ਤਾਂ ਘਬਰਾਉਣ ਦੀ ਲੋੜ ਨਹੀਂ। ਬਸ ਥੋੜ੍ਹੀ ਕੁ ਸੁਆਹ ਧਰਤੀ ਉਪਰ ਡਿਗੇਗੀ, ਹੋਰ ਕੁਝ ਨਹੀਂ ਹੁੰਦਾ।''

ਸ੍ਰ. ਕਪੂਰ ਸਿੰਘ ਦੀ ਅਤੇ ਸਮਕਾਲੀ ਅਕਾਲੀ ਜਥੇਦਾਰਾਂ ਦੀ ਰਾਜਨੀਤੀ ਵਿਚ ਇਹ ਅੰਤਰ ਸਦਾ ਰਿਹਾ ਕਿ ਜਥੇਦਾਰਾਂ ਦਾ ਨਿਸ਼ਾਨਾ ਰਾਜਸੱਤਾ ਦੀ ਪ੍ਰਾਪਤੀ ਹੁੰਦਾ ਤੇ ਕਪੂਰ ਸਿੰਘ ਦਾ ਨਿਸ਼ਾਨਾ ਸਿੱਖੀ ਦਾ। ਉਹ ਕਿਹਾ ਕਰਦਾ, ''ਰਾਜਨੀਤੀ ਕਰਨੀ ਅਤੇ ਸੱਤਾ ਹਾਸਲ ਕਰਨੀ ਕੋਈ ਪਾਪ ਨਹੀਂ। ਚੰਗੀਆਂ ਵੱਡੀਆਂ ਕੁਰਸੀਆਂ ਇਸੇ ਲਈ ਬਣੀਆਂ ਹਨ ਕਿ ਕੋਈ ਇਨ੍ਹਾਂ ਤੇ ਸੁਸ਼ੋਭਤ ਹੋਵੇ। ਸਿੱਖ ਵੱਡੀਆਂ ਤੋਂ ਵੱਡੀਆਂ ਪਦਵੀਆਂ ਲੈਣ ਪਰ ਇਸ ਉਦੇਸ਼ ਨਾਲ ਕਿ ਸਿੱਖੀ ਦੀ ਅਤੇ ਸਿੱਖਾਂ ਦੀ ਚੜ੍ਹਤ ਰਹੇ। ਕੁਰਸੀ ਪ੍ਰਾਪਤ ਕਰਨ ਸਾਰ ਉਹ ਸਭ ਕੁਝ ਭੁੱਲ ਭਲਾ ਦਿੰਦੇ ਹਨ।''

ਜਿਨ੍ਹਾਂ ਨੇ ਪਾਰਲੀਮੈਂਟ ਵਿਚ ਸ੍ਰ. ਕਪੂਰ ਸਿੰਘ ਦੀਆਂ ਤਕਰੀਰਾਂ ਨਹੀਂ ਪੜ੍ਹੀਆਂ, ਉਹ 'ਸਾਚੀ ਸਾਖੀ' ਕਿਤਾਬ ਪੜ੍ਹਨ। ਸੰਸਕ੍ਰਿਤ ਅਤੇ ਫਾਰਸੀ ਦੇ ਉਹ ਕਿੱਡੇ ਵਿਦਵਾਨ ਸਨ, ਇਸ ਦਾ ਡਾ. ਰਾਧਾਕ੍ਰਿਸ਼ਨਨ ਤੱਕ ਲੋਹਾ ਮੰਨਦੇ ਸਨ।ਉੱਚ ਅੰਗਰੇਜ਼ੀ ਵਿਦਿਆ ਤਾਂ ਉਨ੍ਹਾਂ ਸਿੱਖੀ ਹੀ ਇੰਗਲੈਂਡ ਰਹਿੰਦਿਆਂ। ਫਲਸਫੇ ਦੀ ਐਮ.ਏ. ਕਰਕੇ ਇੰਗਲੈਂਡ ਹੀ ਆਈ.ਸੀ.ਐਸ. ਦੀ ਤਿਆਰੀ ਕੀਤੀ ਤੇ ਅਖੀਰ ਸਫਲ ਹੋਏ। ਇਕ ਦਿਨ ਮੈਂ ਪੁੱਛਿਆ, ''ਜੀ ਬੜੀ ਲਗਨ ਨਾਲ ਜੁਆਨ ਉਮਰੇ ਤੁਸੀਂ ਪੜ੍ਹੇ। ਤੁਹਾਡਾ ਵੱਡਾ ਉਦੇਸ਼ ਕੀ ਸੀ? ਕਹਿਣ ਲੱਗੇ, ''ਉਦੇਸ਼ ਤਾਂ ਚਾਚੇ ਨੂੰ ਕੁੱਟਣ ਦਾ ਸੀ। ਉਹ ਤੰਗ ਕਰਦਾ ਰਹਿੰਦਾ ਸੀ ਬਾਪੂ ਨੂੰ ਖਾਹ ਮਖਾਹ। ਉਸਨੂੰ ਸਬਕ ਸਿਖਾਣਾ ਜ਼ਰੂਰੀ ਸੀ ਤੇ ਸਬਕ ਡੀ.ਸੀ. ਲੱਗ ਕੇ ਹੀ ਸਿਖਾ ਸਕੀਦਾ ਹੈ ਹੋਰ ਕੀ?''

ਇਕ ਦਿਨ ਸ਼ਾਮ ਦੇ ਘੁਸਮੁਸੇ ਵਿਚ ਸੈਰ ਕਰਦਿਆਂ ਡੰਡੀ ਡੰਡੀ ਅਸੀਂ ਦੋਵੇਂ ਤੁਰੇ ਜਾ ਰਹੇ ਸਾਂ। ਕਿਸੇ ਪਾਰਕ ਵਿਚ ਦੀ ਲੰਘਦੀ ਹੋਈ ਡੰਡੀ ਸੀ ਇਹ। ਸਾਹਮਣਿਓਂ ਇਸੇ ਡੰਡੀ ਤੇ ਇਕ ਸਾਈਕਲ ਸਵਾਰ ਆ ਗਿਆ ਤਾਂ ਉਹ ਸਰਦਾਰ ਵਿਚ ਟਕਰਾਣੋਂ ਇਸ ਲਈ ਬਚ ਗਿਆ ਕਿਉਂਕਿ ਮੈਂ ਉਸਦਾ ਹੈਂਡਲ ਫੜ ਲਿਆ। ਉਹ ਮਾਫੀ ਮੰਗ ਕੇ ਜਾਣ ਲੱਗਾ ਤਾ ਸਰਦਾਰ ਬੋਲਿਆ, ''ਭਾਈ ਜਿਸ ਡੰਡੀ ਡੰਡੀ ਤੂੰ ਆ ਰਿਹਾ ਸੈਂ ਇਸ ਨੂੰ ਪਗ-ਡੰਡੀ ਕਹਿੰਦੇ ਹਨ। ਪਗ-ਡੰਡੀ ਪਤੈ ਕਿਉਂ ਕਹਿੰਦੇ ਹਨ ਇਸ ਨੂੰ? ਪਗ ਮਾਇਨੇ ਪੈਰ। ਉਹ ਰਸਤਾ ਜਿਹੜਾ ਪੈਰਾਂ ਨੇ ਬਣਾਇਆ ਹੋਵੇ। ਘਾਹ ਫੂਸ, ਰੋੜ ਤੇ ਭੱਖੜਾ ਮਸਲ ਮਸਲ ਕੇ ਪੈਰ ਡੰਡੀ ਬਣਾਉਂਦੇ ਹਨ। ਪੈਰ ਹੀ ਬਣਾ ਸਕਦੇ ਹਨ ਪਗਡੰਡੀਆਂ। ਕਦੀ ਦੇਖਿਆ ਹੈ ਕਿਸੇ ਸਾਇਕਲ ਨੇ ਕੋਈ ਡੰਡੀ ਬਣਾਈ ਹੋਵੇ? ਸਾਈਕਲ ਏਨਾ ਅਪਾਹਜ ਹੈ ਕਿ ਆਪ ਡੰਡੀ ਨਹੀਂ ਬਣਾ ਸਕਦਾ। ਇਸ ਲਈ ਸਰਕਾਰ ਨੇ ਇਸ ਵਾਸਤੇ ਸੜਕਾਂ ਬਣਾਈਆ ਹਨ। ਤੂੰ ਸੜਕ ਉਪਰ ਚੱਲਿਆ ਕਰ। ਪਗਡੰਗੀ ਪੈਦਲ ਜਾਂਦੇ ਰਾਹੀਆਂ ਲਈ ਹੈ ਕਿਉਂਕਿ ਇਹ ਉਨ੍ਹਾਂ ਦੇ ਪੈਰਾਂ ਨੇ ਬਣਾਈ ਹੈ।'' ਸਾਈਕਲ ਸਵਾਰ ਤੁਰ ਗਿਆ, ਸਰਦਾਰ ਕਹਿਣ ਲੱਗਾ, ''ਪੰਜਾਬ ਸਿੱਖਾਂ ਦੀਆਂ ਪਗਡੰਡੀਆਂ ਦੀ ਧਰਤੀ ਹੈ। ਅਠਾਹਰਵੀਂ ਸਦੀ

www.punjabilibrary.com

ਤੋਂ ਲੈ ਕੇ ਹੁਣ ਤੱਕ ਇਨ੍ਹਾਂ ਨੇ ਇਥੇ ਦੁੱਖ ਝੱਲੇ ਹਨ। ਨੰਗੇ ਪੈਰੀਂ ਕੰਡੇ ਤੋੜੇ ਹਨ। ਪੰਜਾਬ ਦੀ ਧਰਤੀ ਸਿੱਖ ਪਗਡੰਡੀਆਂ ਦੀਆਂ ਖੁਸ਼ਬੂਆਂ ਨਾਲ ਭਰਪੂਰ ਹੈ। ਭਰਪੂਰ ਰਹੇਗੀ।''

1973 ਦੇ ਆਨੰਦਪੁਰ ਮਤੇ ਦੀ ਚਰਚਾ ਹੁਣ ਤੱਕ ਹੋ ਰਹੀ ਹੈ। ਇਸ ਦਾ ਡਰਾਫਟ ਕਪੂਰ ਸਿੰਘ ਨੇ ਤਿਆਰ ਕੀਤਾ ਸੀ। ਇਸ ਮਤੇ ਉਪਰ ਅਕਾਲੀ ਹਾਈਕਮਾਂਡ ਵਿਚ ਭਰਪੂਰ ਵਿਚਾਰਾਂ ਹੋਈਆਂ ਸਨ ਪਰ ਅੰਤਿਮ ਰੂਪ ਇਸ ਨੂੰ ਸਰਦਾਰ ਨੇ ਹੀ ਦਿੱਤਾ। ਜਿਹੜੇ ਵਿਦਵਾਨ ਇਸ ਗੱਲ ਉੱਪਰ ਕਿੰਤੂ ਕਰਦੇ ਹਨ ਉਹ ਸਰਦਾਰ ਦੀ ਲਿਖਣ ਸ਼ੈਲੀ ਦੇਖਣ। ਨਿਰੰਕਾਰੀਆਂ ਨੂੰ ਪੰਥ ਵਿਚੋਂ ਬੇਦਖਲ ਕਰਨ ਦੇ ਮਤੇ ਵਿਚ ਤੇ ਆਨੰਦਪੁਰ ਰੈਜ਼ੋਲਿਊਸ਼ਨ ਵਿਚ ਕਪੂਰ ਸਿੰਘ ਦੀ ਸ਼ੈਲੀ ਸਪਸ਼ਟ ਦਿਸ ਰਹੀ ਹੈ।

ਐਮਰਜੈਂਸੀ ਦੇ ਦਿਨ ਸਨ। ਉਸਨੇ ਕਿਤੇ ਭਾਸ਼ਣ ਵਿਚ ਜਥੇਦਾਰ ਟੌਹੜਾ ਦੀ ਨੁਕਤਾਚੀਨੀ ਕੀਤੀ। ਪਰ ਅਖਬਾਰਾਂ ਨੇ ਵਧਾ ਕੇ ਗੱਲਾਂ ਲਿਖੀਆਂ ਤੇ ਜਥੇਦਾਰ ਟੌਹੜਾ ਵਿਰੁੱਧ ਅਸੱਭਿਅ ਸ਼ਬਦ ਸਰਦਾਰ ਦੇ ਮੂੰਹ ਵਿਚ ਪਾ ਦਿੱਤੇ। ਸਰਦਾਰ ਨੇ ਮੈਨੂੰ ਬੁਲਾਇਆ ਤੇ ਕਿਹਾ - ''ਟੌਹੜਾ ਸਾਹਿਬ ਸੰਗਰੂਰ ਜੇਲ੍ਹ ਵਿਚ ਨਜ਼ਰਬੰਦ ਹਨ। ਉਨ੍ਹਾਂ ਨਾਲ ਮੁਲਾਕਾਤ ਕਰਕੇ ਆ ਤੇ ਕਹਿ, ਮੈਨੂੰ ਇਹ ਦੱਸਣ ਲਈ ਭੇਜਿਆ ਹੈ ਤੁਹਾਡੇ ਪਾਸ, ਕਿ ਮੈਂ ਟੌਹੜਾ ਸਾਹਿਬ ਦੀਆਂ ਗਲਤ ਨੀਤੀਆਂ ਦਾ ਤਾਂ ਵਿਰੋਧ ਕਰਦਾ ਰਹਾਂਗਾ ਪਰ ਮੇਰੀ ਸ਼ਬਦਾਵਲੀ ਇਹ ਨਹੀਂ ਜਿਹੜੀ ਛਾਪੀ ਗਈ ਹੈ। ਮੇਰੇ ਲਈ ਪੰਥ ਵੱਡਾ ਹੈ, ਟੌਹੜਾ ਸਾਹਿਬ ਉਸ ਦੇ ਪਿੱਛੇ ਹਨ ਤੇ ਮੇਰੇ ਵਾਂਗ ਪੰਥ ਦੇ ਸੇਵਕ ਹਨ। ਉਹ ਜੇਲ੍ਹ ਵਿਚ ਬੰਦ ਹਨ। ਬਾਹਰ ਇੰਨੇ ਫਿਕਰ ਦੀ ਕੋਈ ਗੱਲ ਨਹੀਂ ਹੁੰਦੀ। ਜੇਲ੍ਹ ਵਿਚਲੇ ਬੰਦੇ ਨੂੰ ਬਾਹਰਲੇ ਆਜ਼ਾਦ ਬੰਦਿਆਂ ਵਲੋਂ ਬੇਚੈਨ ਨਹੀਂ ਕਰਨਾ ਚਾਹੀਦਾ। ਹੁਣੇ ਮਿਲ ਕੇ ਆ।''

ਜਿਵੇਂ ਸਮਝਾਈ ਗਈ ਸੀ ਮੈਂ ਟੌਹੜਾ ਸਾਹਿਬ ਨੂੰ ਸਾਰੀ ਗੱਲ ਤਿਵੇਂ ਦੱਸੀ। ਖੁਸ਼ ਹੋ ਕੇ ਕਿਹਾ, ''ਕਿਹਾ ਹੈ ਉਨ੍ਹਾਂ ਨੇ ਮੇਰੇ ਲਈ ਮਾੜੇ ਸ਼ਬਦ ਨਹੀਂ ਵਰਤੇ। ਧੰਨਭਾਗ। ਪਰ ਜੇ ਬੁਰਾ ਵੀ ਆਖਣਗੇ, ਮਾੜੇ ਲਫਜ਼ ਵੀ ਮੇਰੇ ਵਿਰੁੱਧ ਬੋਲਣਗੇ ਮੈਂ ਤਾਂ ਤਦ ਵੀ ਉਨ੍ਹਾਂ ਦਾ ਸਤਿਕਾਰ ਕਰਾਂਗਾ। ਉਹ ਸਾਡੇ ਵਿਚ ਸਭ ਤੋਂ ਸਿਆਣੇ ਹਨ। ਉਨ੍ਹਾਂ ਬਿਨਾਂ ਅਸੀਂ ਕੀ ਕਰਾਂਗੇ? ਤੂੰ ਪੁੱਛੀਂ ਉਨ੍ਹਾਂ ਤੋਂ, ਕਦੀ ਮੈਂ ਉਨ੍ਹਾਂ ਬਾਰੇ ਬੋਲਿਆ ਤਾਂ ਕੀ ਬੁਰਾ ਸੋਚਿਆ ਵੀ ਹੋਵੇ। ਮੇਰੇ ਵਲੋਂ ਫਤਿਹ ਬੁਲਾਈਂ। ਤੂੰ ਵੀ ਉਨ੍ਹਾਂ ਦਾ ਹਮੇਸ਼ ਸਤਿਕਾਰ ਕਰੀਂ।''

ਜਦੋਂ ਰਿਹਾਈਆਂ ਹੋ ਗਈਆਂ, ਇਲੈਕਸ਼ਨਾਂ ਹੋਈਆਂ, ਕੇਂਦਰ ਵਿਚ ਜਨਤਾ ਸਰਕਾਰ ਤੇ ਪੰਜਾਬ ਵਿਚ ਅਕਾਲੀ ਸਰਕਾਰ ਬਣੀ ਤਾਂ ਟੌਹੜਾ ਸਾਹਿਬ ਸਰਦਾਰ ਕਪੂਰ ਸਿੰਘ ਨੂੰ ਉਨ੍ਹਾਂ ਦੀ ਕੋਠੀ ਜਾ ਕੇ ਮਿਲੇ। ਕਹਿਣ ਲੱਗੇ, ''ਜੀ ਤੁਸੀਂ ਅਮਰੀਕਾ ਵਿਚ ਸਿੱਖੀ ਦਾ ਪ੍ਰਚਾਰ ਕਰੋ। ਇਥੇ ਤਾਂ ਮਾੜਾ ਮੋਟਾ ਅਸੀਂ ਵੀ ਕਰੀ ਜਾਂਦੇ ਹਾਂ। ਉਥੇ ਕੇਵਲ ਤੁਸੀਂ ਹੀ ਕਰ ਸਕਦੇ ਹੋ। ਖਰਚੇ ਦੀ ਪ੍ਰਵਾਹ ਨਹੀਂ। ਜਿੰਨਾ ਮਰਜ਼ੀ ਖਰਚਾ ਆਵੇ, ਉਸਦਾ ਪ੍ਰਬੰਧ ਮੈਂ ਕਰਾਂਗਾ।''

ਸਰਦਾਰ ਬੋਲਿਆ, ''ਮੈਨੂੰ ਇਥੋਂ ਦਫਾ ਕਰਕੇ ਸਿੱਖਾਂ ਨੂੰ ਕਿਸ ਕੋਲ ਅਤੇ ਕਿੰਨੇ ਦਾ ਵੇਚਣਾ ਹੈ? ਜਿੰਨਾ ਚਿਰ ਜਿਊਂਦਾ ਰਹਾਂਗਾ ਪੰਥ ਦਾ ਚੌਕੀਦਾਰ ਹੋ ਕੇ ਪਹਿਰਾ ਦਿੰਦਾ ਰਹਾਂਗਾ। ਤੁਹਾਡੇ ਅਤੇ ਤੁਹਾਡੇ ਬਾਕੀ ਜਥੇਦਾਰਾਂ ਦੇ ਲਾਗੇ ਚਾਗੇ ਰਹਾਂਗਾ। ਕੀ ਪਤਾ ਵੇਚ ਦਿਉਂ, ਕੀ ਪਤਾ ਗਹਿਣੇ ਰੱਖ ਦਿਉਂ ਕਿਸੇ ਪਾਸ?'' ਟੌਹੜਾ ਸਾਹਿਬ ਹੱਸ ਪਏ ਤੇ ਕਿਹਾ, ''ਤੁਸੀਂ ਮਾਲਕ ਹੋ ਸਰਦਾਰ ਸਾਹਿਬ। ਸਾਡੀ ਹਰ ਗੱਲ ਚੁਟਕੀਆਂ ਵਿਚ ਉਡਾਉਣ ਦਾ ਤੁਹਾਨੂੰ ਹੱਕ ਹੈ ...ਕੇਵਲ ਤੁਹਾਨੂੰ।''

ਟੌਹੜਾ ਸਾਹਿਬ ਨੇ ਖੁਦ ਇਹ ਗੱਲ ਸੁਣਾਈ - ''ਮੈਂ ਮਿਲਣ ਗਿਆ ਤਾਂ ਗੱਲਾਂ ਕਰਦਿਆਂ ਕਰਦਿਆਂ ਪਤਾ ਨਹੀਂ ਉਨ੍ਹਾਂ ਦੇ ਮਨ ਵਿਚ ਕੀ ਫੁਰਨਾ ਆਇਆ। ਮੈਨੂੰ ਕਹਿਣ ਲੱਗੇ - ਤੂੰ ਕਾਮਰੇਡ ਐਂ। ਮੈਂ ਪੁੱਛਿਆ - ਜੀ ਤੁਹਾਨੂੰ ਇਹ ਸ਼ੱਕ ਕਿਉਂ ਪਿਆ? ਬੋਲੇ - ਤੂੰ ਸ਼੍ਰੋਮਣੀ ਕਮੇਟੀ ਵਿਚ ਕਾਮਰੇਡਾਂ ਦੀ ਭਰਤੀ ਕੀਤੀ ਹੈ। ਦੂਜਾ, ਤੇਰੀ ਯਾਰੀ ਹਰਕਿਸ਼ਨ ਸੁਰਜੀਤ ਨਾਲ ਐ। ਫਿਰ ਕਿਵੇਂ ਨਾ ਮੰਨੀਏ ਤੂੰ ਕਾਮਰੇਡ ਐਂ? ਮੈਂ ਕਿਹਾ - ਆਪਣੇ ਪਿੰਡਾਂ ਦਾ ਕੋਈ ਲੋੜਵੰਦ ਗਰੀਬ ਮੁੰਡਾ ਜੇ ਮੁਲਾਜ਼ਮ ਰੱਖ ਲਿਆ ਤਾਂ ਇਸ ਆਸ ਨਾਲ ਕਿ ਸਿੱਖੀ ਦੀ ਸਮਝ ਆ ਜਾਊ ਤਾਂ ਠੀਕ ਹੋ ਜਾਊ। ਰਹੀ ਗੱਲ ਹਰਕਿਸ਼ਨ ਸੁਰਜੀਤ ਦੀ। ਕੋਈ ਸਿਧਾਂਤਕ ਸਾਂਝ ਨਹੀਂ ਹੈ। ਉਸਦਾ ਤੇ ਮੇਰਾ ਬਾਪੂ ਦੋਸਤ ਸਨ, ਸਿੰਘ ਸਭੀਏ ਸਨ। ਇਹ ਪਰਿਵਾਰਿਕ ਸਾਂਝ ਹੈ ਤੇ ਪੁਰਾਣੀ ਹੈ। ਸਰਦਾਰ ਸਾਹਿਬ ਮੈਂ ਨਿੱਤਨੇਮੀ ਹਾਂ ਤੇ ਬਾਣੇ ਦਾ ਧਾਰਨੀ। ਕਾਮਰੇਡ ਨਿਤਨੇਮੀ ਨਹੀਂ ਹੁੰਦਾ, ਬਾਣੇ ਦਾ ਧਾਰਨੀ ਨਹੀਂ ਹੁੰਦਾ। ਸਰਦਾਰ ਸਾਹਿਬ ਬੋਲੇ - ਹੰਢਿਆ ਹੋਇਆ ਖਚਰਾ ਕਾਮਰੇਡ ਇਹ ਸਭ ਕੁਝ ਕਰ ਸਕਦਾ ਹੈ।

www.punjabilibrary.com

ਪ੍ਰੋਫੈਸਰ ਹਰਬੰਸ ਸਿੰਘ ਕੋਲ ਮੈਂ ਅਕਸਰ ਜਾਂਦਾ ਰਹਿੰਦਾ ਤੇ ਸਰਦਾਰ ਦੀਆਂ ਟਿੱਪਣੀਆਂ ਸੁਣਾਉਂਦਾ। ਇਕ ਦਿਨ ਉਨ੍ਹਾਂ ਕਿਹਾ - ਤੁਸੀਂ ਸਰਦਾਰ ਸਾਹਿਬ ਨੂੰ ਯਾਦ ਕਰਾਉਣਾ, ਅਸੀਂ ਕਈ ਵਾਰ ਬੇਨਤੀ ਕੀਤੀ ਹੈ ਕਿ ਇਨਸਾਈਕਲੋਪੀਡੀਏ ਵਾਸਤੇ ਇੰਦਰਾਜ ਲਿਖੋ। ਜਵਾਬ ਨਹੀਂ ਦਿੰਦੇ। ਤੁਸੀਂ ਮਿਲੋਗੇ ਤਾਂ ਮੇਰੇ ਵਲੋਂ ਫਿਰ ਬੇਨਤੀ ਕਰਨੀ। ਮੈਂ ਸਰਦਾਰ ਕੋਲ ਗੱਲ ਕੀਤੀ। ਉਸਨੇ ਕਿਹਾ - ਇੰਦਰਾਜ ਤਾਂ ਜਿੰਨੇ ਕਹਿਣ ਲਿਖ ਦਿਆਂਗਾ ਪਰ ਪਟਿਆਲੇ ਜਾਓ ਤਾਂ ਉਨ੍ਹਾਂ ਨੂੰ ਪੁੱਛਣਾ ਕਿ ਮੇਰੀ ਲਿਖਤ ਦੀ ਵੈਟਿੰਗ ਤਾਂ ਨਹੀਂ ਕਰਨਗੇ? ਅਗਲੀ ਮੁਲਾਕਾਤ ਤੇ ਮੈਂ ਪ੍ਰੋਫੈਸਰ ਸਾਹਿਬ ਨਾਲ ਗੱਲ ਕੀਤੀ, ਉਨ੍ਹਾਂ ਕਿਹਾ - ਵੈਟਿੰਗ ਤਾਂ ਕਰਾਂਗਾ, ਵੈਟਿੰਗ ਤਾਂ ਲਾਜ਼ਮੀ ਹੈ। ਮੈਂ ਸਰਦਾਰ ਨੂੰ ਦੱਸਿਆ - ਜੀ ਉਹ ਕਹਿੰਦੇ ਨੇ ਵੈਟਿੰਗ ਕਰਾਂਗਾ। ਸਰਦਾਰ ਬੋਲਿਆ - ਨਾ, ਜੇ ਮੈਂ ਉਸਦੇ ਬਣਾਏ ਇਨਸਾਈਕਲੋਪੀਡੀਏ ਦੀ ਵੈਟਿੰਗ ਕਰਨ ਲੱਗ ਗਿਆ ਫੇਰ? ਜਦੋਂ ਗੁਰੂ ਗੋਬਿੰਦ ਸਿੰਘ ਭਵਨ ਜਾਏਂ ਤਾ ਵੈਦਿਕ ਸੈਕਸ਼ਨ ਉਪਰ ਲਿਖਿਆ ਵਾਕ ਪੜ੍ਹੀਂ, ਲਿਖਿਆ ਹੈ - ਟਰੂਥ ਇਜ਼ ਵਨ, ਸੇਜਜ਼ ਕਾਲ ਇਟ ਵਿਧ ਮੈਨੀ ਨੇਮਜ਼ (ਸੱਚ ਇਕ ਹੈ, ਸਾਧੂਆਂ ਨੇ ਇਸ ਨੂੰ ਕਈ ਨਾਮ ਦੇ ਦਿੱਤੇ ਹਨ) ਤੈਨੂੰ ਪਤੈ *ਟੂ ਕਾਲ ਨੇਮਜ਼* ਦਾ ਮਾਇਨਾ ਗਾਲਾਂ ਦੇਣੀਆਂ ਹੁੰਦਾ ਹੈ। ਇਹ ਐ ਹਰਬੰਸ ਸਿੰਘ ਦੀ ਅੰਗਰੇਜ਼ੀ। ਮੇਰੀ ਅੰਗਰੇਜ਼ੀ ਦੀ ਵੈਟਿੰਗ ਕਰੇਗਾ।

ਬੀ.ਏ. ਆਨਰਜ਼ (1970-72) ਵਿਚ ਸਾਨੂੰ ਜਿਹੜੀਆਂ ਕਿਤਾਬਾਂ ਪਾਠ ਪੁਸਤਕਾਂ ਵਜੋਂ ਲੱਗੀਆਂ ਹੋਈਆਂ ਸਨ, ਉਨ੍ਹਾਂ ਵਿਚੋਂ ਸਰਦਾਰ ਦੀ *ਸਪਤ ਸ਼੍ਰਿੰਗ* ਅਤੇ ਪ੍ਰੇਮਪ੍ਰਕਾਸ਼ ਸਿੰਘ ਦੀ *ਭਾਰਤੀ ਕਾਵਿ ਸ਼ਾਸਤਰ* ਆਊਟ ਆਫ ਪ੍ਰਿੰਟ ਸਨ, ਪਟਿਆਲੇ ਕਿਸੇ ਲਾਇਬ੍ਰੇਰੀ ਵਿਚੋਂ ਨਾ ਮਿਲੀਆਂ ਤਾਂ ਇਕ ਵਿਦਿਆਰਥੀ ਤੋਂ ਲੈ ਕੇ ਹੱਥ ਨਾਲ ਉਤਾਰਾ ਕੀਤਾ। ਉਦੋਂ ਫੋਟੋਸਟੈਟ ਨਹੀਂ ਸੀ। ਮੇਰੇ ਅਧਿਆਪਕ ਕਰਤਾਰ ਸਿੰਘ ਨੇ ਕਿਹਾ - ਦੋ ਨਕਲਾਂ ਕਰੀਂ। ਇਕ ਮੈਨੂੰ ਵੀ ਚਾਹੀਦੀ ਐ। ਦੋ ਕਾਗਜ਼ਾਂ ਵਿਚਕਾਰ ਕਾਰਬਨ ਰੱਖ ਕੇ ਨਕਲ ਕੀਤੀ। *ਬਹੁ ਵਿਸਥਾਰ, ਪੁੰਦ੍ਰੀਕ* ਅਤੇ *ਪ੍ਰਾਸ਼ਰ-ਪ੍ਰਸ਼ਨ* ਪੜ੍ਹੀਆਂ। ਉਨ੍ਹਾਂ ਦੀਆਂ ਲਿਖੀਆਂ ਜੀਵਨੀਆਂ ਚੰਗੀਆਂ ਲਗਦੀਆਂ ਪਰ ਜਿਸ ਗੱਲ ਤੇ ਗੁੱਸਾ ਆਉਂਦਾ ਉਹ ਇਹ ਕਿ ਸਰਦਾਰ ਨੇ ਸੰਤ ਫਰਾਂਸਿਸੀ ਅਸਿੱਸੀ ਉਪਰ ਲੇਖ ਲਿਖ ਦਿੱਤਾ ਹੈ ਤੇ ਹਿੱਪੋ ਗੈਂਡੇ ਉਪਰ ਵੀ। ਮੈਂ ਸੋਚਿਆ ਕਰਦਾ - ਜੇ ਮੈਨੂੰ ਲਿਖਣਾ ਆ ਗਿਆ ਤਾਂ ਮੈਂ ਹਿੱਪੋ ਗੈਂਡੇ ਉਪਰ ਬਿਲਕੁਲ ਨਹੀਂ ਲਿਖਾਂਗਾ।

ਇਕ ਦਿਨ ਇਕ ਜਥੇਦਾਰ ਨੇਤਾ ਆ ਗਿਆ। ਚਾਹ ਪਾਣੀ ਪੀਂਦਿਆਂ ਕਹਿਣ ਲੱਗਾ, ''ਮੇਰੀ ਕਦਰ ਨਹੀਂ ਕਰਦੀ ਹਾਈਕਮਾਂਡ। ਮੈਂ ਕੁਰਬਾਨੀ ਕੀਤੀ ਹੈ, ਕਿੰਨੇ ਸਾਲ ਜੇਲ੍ਹ ਕੱਟੀ ਹੈ ਪੰਥ ਲਈ। ਕਿਸੇ ਨੂੰ ਪਰਵਾਹ ਨਹੀਂ।''

ਸਰਦਾਰ ਨੇ ਕਿਹਾ, ''ਜਥੇਦਾਰਾ ਕੈਦ ਤਾਂ ਤੂੰ ਕੱਟਣੀ ਹੀ ਸੀ। ਇਸ ਗੱਲ ਦਾ ਸ਼ੁਕਰ ਕਰ ਕਿ ਪੰਥ ਦੇ ਨਾਮ ਲੱਗ ਗਈ। ਤੂੰ ਤਾਂ ਮੱਝਾਂ ਚੋਰੀ ਕਰਨ ਦੇ ਕੇਸ ਵਿਚ ਜੇਲ੍ਹ ਜਾਂਦਾ ਜੇ ਅਕਾਲੀ ਦਲ ਵਿਚ ਨਾ ਹੁੰਦਾ। ਮੈਂ ਜਦੋਂ ਡੀ.ਸੀ. ਹੁੰਦਾ ਸੀ, ਜਿਸ ਇਲਾਕੇ ਵਿਚ ਜਾਂਦਾ ਉਥੋਂ ਦੇ ਥਾਣੇ ਵਿਚਲੇ ਐਸ.ਐਚ.ਓ. ਨੂੰ ਆਖਦਾ ਬਸਤਾ-ਬੇ ਦੇ ਬੰਦਿਆਂ ਨੂੰ ਬੁਲਾ। ਬਸਤਾ-ਬੇ ਉਹ ਲਿਸਟ ਹੁੰਦੀ ਹੈ ਜਿਸ ਵਿਚ ਸੁਭਾਅ ਵਜੋਂ ਹੀ ਜੁਰਮ ਕਰਨ ਵਾਲੇ ਲੋਕ ਹੁੰਦੇ ਹਨ, ਜਿਹੜੇ ਵਾਰਦਾਤਾਂ ਆਮ ਕਰਨ ਵਾਲੇ ਲੋਕ ਹੋਣ, ਬਦਮਾਸ਼ਾਂ ਦੀ ਲਿਸਟ। ਇਲਾਕੇ ਵਿਚਲੇ ਬੰਦਿਆਂ ਨੂੰ ਸੱਦ ਕੇ ਐਸ.ਐਚ.ਓ. ਨੂੰ ਆਖ ਦਿੰਦਾ ਕਿ ਪੰਜ-ਪੰਜ, ਸੱਤ-ਸੱਤ ਛਿੱਤਰ ਲਾਕੇ ਭਜਾ ਦੇਹ। ਭਲਾ ਚੰਗੀ ਗੱਲ ਨਾ ਹੋਈ ਕਿ ਤੇਰਾ ਨਾਮ ਥਾਣੇ ਉਸ ਲਿਸਟ ਵਿਚ ਨਹੀਂ ਪਿਆ, ਅਕਾਲੀ ਦਲ ਵਿਚ ਪੈ ਗਿਆ? ਮੌਜਾਂ ਕਰੀ ਚੱਲ।''

ਸਰਦਾਰ ਨੇ ਦੱਸਿਆ, ''ਬਹੁਤ ਸਾਲ ਪਹਿਲਾਂ ਘਰ ਬ.ਸ. ਬਲ (ਜੋ ਪਿਛੋਂ ਅੰਮ੍ਰਿਤਸਰ ਯੂਨੀਵਰਸਿਟੀ ਵਿਚ ਵਾਈਸਚਾਂਸਲਰ ਲੱਗਾ) ਆਇਆ। ਉਦੋਂ ਉਸ ਨੇ ਸਿਰ ਮੁਨਾਇਆ ਹੋਇਆ ਸੀ। ਕਹਿਣ ਲੱਗਾ, ''ਜੀ ਦੇਰ ਦਾ ਤੁਹਾਡੇ ਪਾਸ ਆਉਣ ਦਾ ਇਛੁਕ ਸੀ ਪਰ ਆਉਣ ਤੋਂ ਡਰਦਾ ਸੀ।'' ਸਰਦਾਰ ਨੇ ਪੁੱਛਿਆ, ''ਕਿਸ ਗੱਲ ਦਾ ਡਰ ਸੀ ਤੈਨੂੰ?'' ਬੋਲਿਆ, ''ਮੈਂ ਮੋਨਾ ਹਾਂ ਨਾ ਜੀ ਤੁਸੀਂ ਬੁਰਾ ਮਨਾਉਂਦੇ ਹੋ, ਇਸ ਲਈ।'' ਸਰਦਾਰ ਨੇ ਕਿਹਾ, ''ਜਿਹੜਾ ਕੰਮ ਕਰਦੇ ਹੋ ਜੇ ਮਾੜਾ ਹੈ, ਅਨੁਚਿਤ ਲਗਦਾ ਹੈ, ਤਾਂ ਨਾ ਕਰੋ ਫੇਰ। ਜੇ ਫ਼ੈਸਲਾ ਕਰ ਰੱਖਿਆ ਹੈ ਕਿ ਕਰਨਾ ਹੈ- ਫਿਰ ਡਰਦਾ ਕਿਉਂ ਹੈਂ? ਦੋਵੇਂ ਕੰਮ ਕਿਉਂ ਕਰਦਾ ਹੈਂ? ਵਾਲ ਮੁਨਾਉਣੇ ਵੀ ਹਨ ਤੇ ਡਰਨਾ ਵੀ ਹੈ ਕਿ ਬੁਰਾ ਨਾ ਲੱਗਾਂ। ਮੈਂ ਵੀ ਕਈ ਮਾੜੇ ਕੰਮ ਕਰਦਾ ਹਾਂ ਪਰ ਡਰਦਾ ਨਹੀਂ। ਦੱਸ ਕਿਵੇਂ ਆਇਆ?''

www.punjabilibrary.com

ਉਸਨੇ ਆਪਣਾ ਪੀਐਚ.ਡੀ. ਦਾ ਥੀਸਿਸ ਫੜਾਉਂਦਿਆਂ ਕਿਹਾ, ''ਜੇ ਇਸ ਉਪਰ ਨਜ਼ਰ ਮਾਰ ਲਵੋ। ਮੈਂ ਮਿਹਨਤ ਕੀਤੀ ਹੈ। ਦੇਖ ਲਵੋ।'' ਸਰਦਾਰ ਨੇ ਕਿਤਾਬ ਰੱਖ ਲਈ ਤੇ ਮਹੀਨੇ ਬਾਅਦ ਆਉਣ ਲਈ ਕਿਹਾ। ਮਹੀਨੇ ਬਾਅਦ ਆਇਆ ਤਾਂ ਬਿਠਾ ਕੇ ਕਹਿਣ ਲੱਗਾ, ''ਮੇਰੀ ਲਿਖਤ ਜਦੋਂ ਛਪੀ ਹੋਈ ਕੋਈ ਪੜ੍ਹਦਾ ਹੈ ਤਾਂ ਸਹਿਮਤ ਹੋਵੇ ਭਾਵੇਂ ਅਸਹਿਮਤ ਪਰ ਜੇ ਮੈਨੂੰ ਜਾਣਦਾ ਵੀ ਨਾ ਹੋਵੇ ਤਾਂ ਪਾਠਕ ਇਸ ਨਤੀਜੇ ਉਪਰ ਪੁੱਜਦਾ ਹੈ ਕਿ ਇਹ ਕਿਸੇ ਸਿੱਖ ਦੀ ਲਿਖੀ ਹੋਈ ਚੀਜ਼ ਹੈ ...ਇਹ ਸਿੱਖ ਦ੍ਰਿਸ਼ਟੀਕੋਣ ਤੋਂ ਲਿਖੀ ਰਚਨਾ ਹੈ। ਪਰ ਤੇਰੀ ਲਿਖਤ ਪੜ੍ਹਦਿਆਂ ਪੜ੍ਹਦਿਆਂ ਮੈਨੂੰ ਕਦੀ ਤੂੰ ਸਿੱਖ ਲਗਦਾ ਕਦੀ ਹਿੰਦੂ, ਕਦੀ ਕਾਂਗਰਸੀਆ ਲਗਦਾ, ਕਦੀ ਮੋਕਾਸ਼ਨਾਖ, ਕਦੀ ਕਮਿਊਨਿਸਟ। ਤੇਰਾ ਕੋਈ ਦ੍ਰਿਸ਼ਟੀਕੋਣ ਨਹੀਂ। ਤੂੰ ਹੈਂ ਕੀ ਪਤਾ ਨਹੀਂ ਲਗਦਾ। ਆਪਣੇ ਆਪ ਵਿਚ ਸਪਸ਼ਟ ਹੋਹ। ਈਮਾਨਦਾਰ ਹੋਹ।''

ਇਕ ਦਿਨ ਅਜੀਬ ਘਟਨਾ ਘਟੀ। ਸਵਰਗਵਾਸੀ ਡਾ. ਭਗਤ ਸਿੰਘ ਭਲੇ ਅਕਾਲੀ ਨੇਤਾ ਹੋਇਆ ਕਰਦੇ ਸਨ ਤੇ ਸਿਹਤ ਮੰਤਰੀ ਬਣੇ। ਸਰਦਾਰ ਸਾਹਿਬ ਦੇ ਬੜੇ ਕਦਰਦਾਨ ਸਨ ... ਜਦੋਂ ਵਕਤ ਲਗਦਾ ਆ ਜਾਂਦੇ। ਆ ਕੇ ਬੈਠੇ ਹੀ ਸਨ ਕਿ ਸਰਦਾਰ ਅਕਾਲੀਆਂ ਨੂੰ ਗਾਲ੍ਹਾਂ ਦੇਣ ਲੱਗ ਪਿਆ। ਕੋਈ ਕਸਰ ਨਹੀਂ ਛੱਡੀ। ਅਕਾਲੀਆਂ ਦਾ ਵਜ਼ੀਰ ਸਾਹਮਣੇ ਬੈਠਾ ਹੋਵੇ ਤੇ ਚੁਪ-ਚਾਪ ਪਾਰਟੀ ਨੂੰ ਗਾਲ੍ਹਾਂ ਪੈਂਦੀਆਂ ਸੁਣਦਾ ਰਹੇ ... ਇਹ ਗੱਲ ਭਗਤ ਸਿੰਘ ਨੂੰ ਬੇਚੈਨ ਕਰ ਰਹੀ ਸੀ, ਇਸ ਦੀ ਥਾਂ ਕੋਈ ਹੋਰ ਗੱਲ ਚੱਲੇ, ਮੌਕਾ ਤਕਾ ਰਿਹਾ ਸੀ। ਆਖ਼ਰ ਭਗਤ ਸਿੰਘ ਬੋਲਿਆ, ''ਜੀ ਸਾਰੇ ਤਾਂ ਮਾੜੇ ਨਹੀਂ ਹਨ। ਮੈਂ ਵੀ ਅਕਾਲੀ ਹਾਂ। ਕੋਈ ਬੇਈਮਾਨੀ ਨਹੀਂ ਕੀਤੀ, ਤੁਹਾਡਾ ਆਖਾ ਮੰਨਦਾ ਸੁਣਦਾ ਹਾਂ।'' ਸੁਣਦਿਆਂ ਹੀ ਸਰਦਾਰ ਹੋਰ ਭੜਕਿਆ, ''ਅੱਛਾ ਤੂੰ ਵੀ ਅਕਾਲੀ ਹੈਂ? ਜੇ ਤੂੰ ਵੀ ਅਕਾਲੀ ਹੈਂ ਤਾਂ ...।'' ਬਸ ਜੀ ਕੋਈ ਗਾਹਲ ਨਹੀਂ ਛੱਡੀ ਦੇਣ ਤੋਂ। ਭਗਤ ਸਿੰਘ ਖਾਮੋਸ਼ ਬੈਠਾ ਸੁਣਦਾ ਰਿਹਾ। ਇਕ ਅੱਖਰ ਨਹੀਂ ਬੋਲਿਆ। ਇੰਨੇ ਨੂੰ ਚਾਹ ਆ ਗਈ। ਸਰਦਾਰ ਪੁੱਛਣ ਲੱਗਾ, ''ਭਗਤ ਸਿਆਂ ਚੀਨੀ ਪਾਏਂਗਾ ਕਿ ਨਹੀਂ? ਭਗਤ ਸਿੰਘ ਨੇ ਕਿਹਾ– ''ਥੋੜ੍ਹੀ ਕੁ ਪਾ ਦਿਉ। ਘੱਟ ਪੀਂਦਾ ਹਾਂ।'' ਭਗਤ ਸਿੰਘ ਚਾਹ ਦਾ ਕੱਪ ਚੁੱਕ ਕੇ ਪੀਣ ਲੱਗਾ। ਕਪੂਰ ਸਿੰਘ ਬੋਲਿਆ– ਭਗਤ ਸਿਆਂ ਮੈਂ ਗਾਲ੍ਹਾਂ ਕੁਝ ਜ਼ਿਆਦਾ ਹੀ ਦੇ ਦਿਤੀਆਂ ਨੇ। ਤੂੰ ਫਿਰ ਵੀ ਆਰਾਮ ਨਾਲ ਬੈਠਾ ਚਾਹ ਪੀ ਰਿਹਾ ਹੈਂ। ਬੁਰਾ ਨਹੀਂ ਮਨਾਇਆ ਮੇਰਾ?''

ਭਗਤ ਸਿੰਘ ਨੇ ਕਿਹਾ– ''ਨਹੀਂ ਜੀ, ਬੁਰਾ ਕਿਸ ਗੱਲ ਦਾ ਮਨੌਣਾ?'' ਕਪੂਰ ਸਿੰਘ ਬੋਲਿਆ, ''ਕਿਉਂ ਨਹੀਂ ਗੁੱਸਾ ਕੀਤਾ ਤੂੰ ਮੇਰੀਆਂ ਗਾਲ੍ਹਾਂ ਦਾ ਬਈ?'' ਭਗਤ ਸਿੰਘ ਬੋਲਿਆ, ''ਮੈਂ ਡਾਕਟਰ ਹਾਂ। ਗਾਲ੍ਹਾਂ ਦਾ ਤਾਂ ਗੁੱਸਾ ਕੀ ਕਰਨਾ, ਪਾਗਲ ਬੰਦਾ ਥੱਪੜ ਮਾਰ ਦੇਵੇ ਤਾਂ ਵੀ ਬੁਰਾ ਨਹੀਂ ਮਨਾਉਂਦਾ। ਮੇਰਾ ਕੰਮ ਗੁੱਸੇ ਹੋਣਾ ਥੋੜ੍ਹਾ ਹੈ, ਪਾਗਲਾਂ ਦਾ ਇਲਾਜ ਕਰਨਾ ਹੈ। ਮੈਂ ਤੁਹਾਡਾ ਇਲਾਜ ਕਰ ਸਕਦਾ ਹਾਂ। ਅਜੇ ਮਰਜ਼ ਲਾਇਲਾਜ ਨਹੀਂ ਹੋਈ।''

ਕਪੂਰ ਸਿੰਘ ਜ਼ੋਰ ਦੀ ਹੱਸਿਆ ਤੇ ਭਗਤ ਸਿੰਘ ਨੂੰ ਜੱਫੀ ਵਿਚ ਲੈ ਲਿਆ। ਕਹਿਣ ਲੱਗਾ ''ਮੈਂ ਤਾਂ ਕੀ ਈਮਾਨਦਾਰ ਬੰਦੇ ਨੂੰ ਕੋਈ ਵੀ ਡਰਾ ਨਹੀਂ ਸਕਦਾ।''

ਗੁਰਮਤਿ ਕਾਲਜ ਦਾ ਪ੍ਰੋ. ਲਾਭ ਸਿੰਘ ਉਸ ਨੂੰ ਪਟਿਆਲੇ ਲੈਕਚਰ ਕਰਨ ਵਾਸਤੇ ਸੱਦਾ ਪੱਤਰ ਦੇਣ ਆਇਆ। ਉਸ ਨੇ ਖਿਮਾ ਮੰਗੀ ਤੇ ਕਿਹਾ – ਹੁਣ ਮੈਂ ਚੰਡੀਗੜ੍ਹੋਂ ਬਾਹਰ ਘੱਟ ਨਿਕਲਦਾ ਹਾਂ। ਲਾਭ ਸਿੰਘ ਬੇਨਤੀਆਂ ਕਰਨ ਤੋਂ ਹਟੇ ਨਾਂਹ। ਦਰਅਸਲ ਕਾਲਜ ਵਾਲਿਆਂ ਨੇ ਇਕ ਵਾਰ ਪਹਿਲੋਂ ਸੱਦਿਆ ਪਰ ਟੈਕਸੀ ਦਾ ਕਿਰਾਇਆ ਨਹੀਂ ਦਿੱਤਾ ਸੀ ਇਸ ਕਰਕੇ ਜਾਣ ਤੋਂ ਇਨਕਾਰੀ ਸੀ। ਲਾਭ ਸਿੰਘ ਨਾ ਹਟਿਆ ਤਾਂ ਕਿਹਾ – ਨਿਕੇ ਹੁੰਦੇ ਅਸੀਂ ਬੱਚੇ ਦੇਰ ਤੱਕ ਕਤੂਰਿਆਂ ਨਾਲ ਖੇਡਦੇ ਰਹਿੰਦੇ। ਜਦੋਂ ਕਤੂਰਾ ਅੱਕ ਜਾਂਦਾ, ਹੋਰ ਨਾ ਖੇਡਣਾ ਚਾਹੁੰਦਾ ਤਾਂ ਚੂੰ ਚੂੰ ਕਰਨ ਲੱਗ ਜਾਂਦਾ। ਅਸੀਂ ਬੱਚੇ ਸਮਝ ਜਾਂਦੇ ਤੇ ਉਸਨੂੰ ਛੱਡ ਦਿੰਦੇ। ਸਰਦਾਰ ਸਾਹਿਬ ਮੈਂ ਬੜੀ ਦੇਰ ਦਾ ਚੂੰ ਚੂੰ ਕਰੀ ਜਾਨਾ, ਹੁਣ ਮੇਰਾ ਖਹਿੜਾ ਛੱਡੋ।

ਮੈਨੂੰ ਕਿਹਾ – ਐਤਕੀ ਵਸਾਖੀ ਤੇ ਅਨੰਦਪੁਰ ਸਾਹਿਬ ਲੈਕਚਰ ਕਰਨ ਦਾ ਸੱਦਾ ਆਇਐ। ਜਾਊਂਗਾ। ਤੂੰ ਵੀ ਚੱਲੀਂ। ਸਫਰ ਚੰਗਾ ਲੰਘੂਗਾ। ਨਾਲੇ ਤੈਨੂੰ ਇਕ ਤਮਾਸ਼ਾ ਦਿਖਾਊਂਗਾ। ਸੱਦਾ ਪੱਤਰ ਮਿਲ ਗਿਐ, ਹੁਣ ਲੈਕਚਰ ਦੀ ਵਿਉਂਤ, ਰੂਪ ਰੇਖਾ ਦਿਲ ਵਿਚ ਬਣਾਉਣ ਲੱਗ ਜਾਊਂਗਾ। ਕੱਪੜੇ ਪ੍ਰੈਸ, ਬੂਟਾਂ ਨੂੰ ਪਾਲਿਸ਼ ਕਰਾਊਂਗਾ। ਰਿਕਸ਼ੇ ਤੇ ਬੱਸ ਸਟੈਂਡ, ਬਸ ਫੜਕੇ ਅਨੰਦਪੁਰ ਸਾਹਿਬ। ਚੜ੍ਹਾਈ ਚੜ੍ਹ ਨਹੀਂ ਹੁੰਦੀ, ਰਿਕਸ਼ੇ ਵਾਲੇ ਨੂੰ ਕਹੂੰਗਾ ਉਪਰ ਤੱਕ ਛੱਡ ਕੇ ਆ। ਕੱਛਾਂ ਵਿਚ ਹੱਥ ਦੇਈ ਜਥੇਦਾਰ ਇਕ ਦੂਜੇ ਨਾਲ ਯੱਕੜ ਮਾਰਦੇ ਮੈਨੂੰ ਆਉਂਦਿਆਂ ਦੇਖਣਗੇ ਪਰ ਇਉਂ ਦਿਖਾਵਾ ਕਰਨਗੇ ਜਿਵੇਂ ਮੇਰੇ ਆਉਣ

www.punjabilibrary.com

ਦਾ ਉਨ੍ਹਾਂ ਨੂੰ ਕੋਈ ਪਤਾ ਨਹੀਂ। ਰਿਕਸ਼ੇ ਵਾਲੇ ਨੂੰ ਕਿਰਾਏ ਦਾ ਭੁਗਤਾਨ ਕਰਕੇ ਤੋਰ ਦਿਆਂਗਾ ਤਾਂ ਤੇਜ਼ੀ ਨਾਲ ਮੇਰੇ ਵੱਲ ਆਉਣਗੇ, ਬੁਲੰਦ ਆਵਾਜ਼ ਵਿਚ ਫਤਿਹ ਬੁਲਾਉਣਗੇ, ਜੱਫੀਆਂ ਪਾ ਪਾ ਮਿਲਣਗੇ। ਪੈਸਿਆਂ ਦਾ ਭੁਗਤਾਨ ਹੋਣ ਤੋਂ ਬਾਦ।

ਸਰਦਾਰ ਨੇ ਭਾਸ਼ਣ ਦਿੱਤਾ। ਕਿਸੇ ਨੇ ਸਵਾਲ ਪੁੱਛ ਲਿਆ, ''ਜੀ ਤੰਬੂ 'ਚ ਲਿਜਾ ਕੇ ਗੁਰੂ ਜੀ ਨੇ ਪੰਜ ਪਿਆਰਿਆਂ ਦੇ ਸੀਸ ਸੱਚ ਮੁੱਚ ਕੱਟੇ ਸਨ?''

ਦੱਸਿਆ - ''ਗੁਰੂ ਕਲਗੀਧਰ ਪਿਤਾ ਨੇ ਸਾਡੇ ਤੋਂ ਜੀਵਨ ਭਰ ਕੁਝ ਨਾ ਲੁਕਾਇਆ ਨਾ ਛੁਪਾਇਆ। ਇਸ ਇਕ ਮੌਕੇ ਪਰਦਾ ਤਾਣ ਕੇ ਇਕ ਅਗੰਮੀ ਕਾਰਜ ਕੀਤਾ। ਖਾਲਸੇ ਨੂੰ ਜਨਮ ਦੇਣ ਵਕਤ ਉਸ ਨੇ ਤੁਹਾਡੇ ਤੋਂ ਪਰਦਾ ਕੀਤਾ ਸੀ। ਤੁਹਾਨੂੰ ਕੀ ਹੱਕ ਹੈ ਕਿ ਪਰਦਾ ਹਟਾਓ। ਖ਼ਬਰਦਾਰ ਕਿਸੇ ਨੇ ਅਜਿਹਾ ਸਵਾਲ ਕਦੀ ਕੀਤਾ। ਖ਼ਬਰਦਾਰ ਜੇ ਕਿਸੇ ਨੇ ਅੰਦਾਜ਼ੇ ਲਾ-ਲਾ ਕੇ ਉਤਰ ਦੇਣ ਦੀ ਮੂਰਖਤਾ ਕੀਤੀ। ਕਈ ਸਾਲ ਦਸਮੇਸ਼ ਪਿਤਾ ਅਤੇ ਪੰਜ ਪਿਆਰੇ ਸਾਡੇ ਵਿਚਕਾਰ ਰਹੇ। ਉਨ੍ਹਾਂ ਨੇ ਕਦੀ ਕੋਈ ਗੱਲ ਇਸ ਮਹਾਨ ਘਟਨਾ ਬਾਰੇ ਨਹੀਂ ਕੀਤੀ। ਕਿਸੇ ਨੂੰ ਇਸ ਬਾਰੇ ਟਿੱਪਣੀ ਕਰਨ ਦਾ ਪਾਪ ਨਹੀਂ ਕਰਨਾ ਚਾਹੀਦਾ।''

1978 ਦੇ ਸਾਲ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਹੱਥੋਂ ਦਰਜਣ ਸਿੱਖ ਕਤਲ ਕੀਤੇ ਗਏ। ਅਕਾਲੀਆਂ ਦੀ ਸਰਕਾਰ ਸੀ। ਸਿੱਖਾਂ ਵਿਚ ਵਿਆਪਕ ਰੋਸ ਸੀ। ਇਕ ਦਿਨ ਕੁਝ ਸਿੱਖ ਮਿਲਣ ਆਏ ਤੇ ਕਿਹਾ - ਸਰਦਾਰ ਸਾਹਿਬ, ਸ਼ਹੀਦਾਂ ਦੀਆਂ ਰੂਹਾਂ ਇਨ੍ਹਾਂ ਅਕਾਲੀਆਂ ਨੂੰ ਬੇਚੈਨ ਨਹੀਂ ਕਰਦੀਆਂ? ਸਰਦਾਰ ਹੱਸ ਪਿਆ - ਅਕਾਲੀ ਤਾਂ ਖੁਦ ਜਿੰਨ ਹਨ। ਜੇ ਰੂਹਾਂ ਇਨ੍ਹਾਂ ਕੋਲ ਜਾਣਗੀਆਂ ਤਾਂ ਇਹ ਖੁਸ਼ ਹੋ ਕੇ ਆਖਣਗੇ - ਆਓ ਨੱਚੀਏ ਗਾਈਏ। ਸਰਦਾਰ ਜੀ ਸ਼ਹੀਦ ਰੂਹਾਂ ਬੰਦਿਆਂ ਉਪਰ ਅਸਰ ਕਰਦੀਆਂ ਹਨ ਪ੍ਰੇਤਾਂ ਉਪਰ ਨਹੀਂ।

ਅੰਮ੍ਰਿਤਸਰ ਮੰਜੀ ਸਾਹਿਬ ਦੀਵਾਨ ਹਾਲ ਵਿਚ ਜਥੇਦਾਰਾਂ ਵਿਚਕਾਰ ਬੈਠੇ ਸਨ। ਦਸ ਬਾਰਾਂ ਪੇਂਡੂ ਅਕਾਲੀ ਕਹਿਣ ਲੱਗੇ - ਜਥੇਦਾਰ ਜੀ ਸਾਨੂੰ ਅਗਲਾ ਪ੍ਰੋਗਰਾਮ ਦੱਸ ਦਿਉ। ਜਥੇਦਾਰ ਚੁਪ ਰਹੇ, ਸਰਦਾਰ ਨੇ ਕਿਹਾ - ਅਗਲਾ ਪਿਛਲਾ ਪ੍ਰੋਗਰਾਮ ਦੱਸਿਆ ਤਾਂ ਹੋਇਐ ਤੁਹਾਨੂੰ। ਤੁਸੀਂ ਸਮਝਦੇ ਕਿਉਂ ਨਹੀਂ? ਇਕ ਨੇ ਕਿਹਾ - ਜੀ ਪਤਾ ਨਹੀਂ ਲੱਗਿਆ। ਤੁਸੀਂ ਸਮਝਾ ਦਿਉ ਕੀ ਪ੍ਰੋਗਰਾਮ ਹੈ। ਸਰਦਾਰ ਨੇ ਕਿਹਾ - ਪ੍ਰੋਗਰਾਮ ਇਹ ਦਿੱਤਾ ਹੋਇਐ ਬਈ ਜਿੰਨੇ ਪੈਸੇ ਹੁਣ ਲੈ ਕੇ ਆਏ ਓਂ ਉਹ ਧਰ ਜਾਓ। ਫਿਰ ਵਾਪਸ ਜਾ ਕੇ ਭੇਜੀ ਜਾਓ, ਭੇਜੀ ਜਾਓ।

ਉਹ ਚਾਹੁੰਦਾ ਉਸ ਦੇ ਨਾਮ ਨਾਲ ਸਰਦਾਰ ਦੀ ਥਾਂ ਸਿਰਦਾਰ ਲਿਖਿਆ ਜਾਏ। ਲੋਕ ਇਵੇਂ ਲਿਖਣ ਲੱਗ ਪਏ। ਪੰਜਾਬੀ ਵਿਚਲੇ ਲਫਜ਼ ਸਿਰ ਵਾਸਤੇ ਉਰਦੂ ਵਿਚ ਸਰ ਹੈ (ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ), ਦੋਹਾਂ ਵਿਚ ਫਰਕ ਨਹੀਂ ਤਾਂ ਸਰਦਾਰ ਲਫਜ਼ ਨੂੰ ਕਿਉਂ ਨਾਪਸੰਦ ਕਰਦਾ ਸੀ ਪਤਾ ਨਹੀਂ।

1978 ਦੀ ਗੱਲ ਹੈ ਜਦੋਂ ਪੰਜਾਬੀ ਯੂਨੀਵਰਸਿਟੀ ਵਿਚ Who Killed Guru Teg Bahadar ਖੋਜ ਪੱਤਰ ਪੜ੍ਹਨ ਲਈ ਆਇਆ। ਡਾ. ਫੌਜਾ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਉਤੇ ਇਕ ਲੇਖ ਲਿਖਿਆ ਸੀ ਜਿਸ ਵਿਚ ਗੁਲਾਮ ਹੁਸੈਨ ਦੇ ਕੁਝ ਇਤਰਾਜ਼ਯੋਗ ਵਾਕ ਹੂ-ਬ-ਹੂ ਬਿਨਾਂ ਕਿਸੇ ਟਿੱਪਣੀ ਦੇ ਛਾਪ ਦਿੱਤੇ ਸਨ। ਸਿੱਖਾਂ ਵਿਚ ਬੜਾ ਗੁੱਸਾ ਫੈਲ ਗਿਆ ਸੀ ਤੇ ਆਖਰ ਫੌਜਾ ਸਿੰਘ ਨੇ ਅਕਾਲ ਤਖਤ ਸਾਹਿਬ ਪਾਸੋਂ ਮਾਫੀ ਮੰਗੀ। ਫੌਜਾ ਸਿੰਘ ਦੇ ਲੇਖ ਵਿੱਚ ਵਰਤੇ ਸਰੋਤਾਂ ਨੂੰ ਗਲਤ ਸਾਬਤ ਕਰਨ ਲਈ ਉਹ ਲੇਖ ਲਿਖ ਕੇ ਲਿਆਇਆ ਸੀ। ਉਦੋਂ ਵਾਈਸ-ਚਾਂਸਲਰ ਡਾ. ਇੰਦਰਜੀਤ ਕੌਰ ਸੀ, ਜੋ ਸਰਦਾਰ ਦੀ ਬੜੀ ਕਦਰ ਕਰਦੀ ਸੀ। ਸੈਨੇਟ ਹਾਲ ਖਚਾਖਚ ਭਰਿਆ ਹੋਇਆ ਸੀ। ਵਾਈਸ-ਚਾਂਸਲਰ ਨੇ ਆਰੰਭਕ ਬੋਲ ਬੋਲਦਿਆਂ ਕਿਹਾ, ''ਸਤਿਕਾਰ ਯੋਗ ਸਰਦਾਰ ਸਾਹਿਬ ਜੀ, ਕਿਉਂਕਿ ਪਹਿਲਾਂ ਬਹੁਤ ਬੇਰਸੀ ਹੋ ਚੁਕੀ ਹੋਈ ਹੈ, ਤੁਸੀਂ ਲੇਖ ਜੀ ਸਦਕੇ ਪੜ੍ਹੋ ਪਰ ਇਸ ਵਿਚ ਡਾ. ਫੌਜਾ ਸਿੰਘ ਬਾਰੇ ਕੁਝ ਨਾ ਕਹਿਣਾ। ਮਾਹੌਲ ਪਹਿਲੋਂ ਹੀ ਤਣਾਉਗ੍ਰਸਤ ਹੋ ਚੁਕਿਆ ਹੈ।''

ਸਰਦਾਰ ਬੋਲਿਆ, ''ਮੈਂ ਕਦੀ ਪ੍ਰੋਫੈਸਰ ਨਹੀਂ ਰਿਹਾ ਇਸ ਕਰਕੇ ਕਈ ਗੱਲਾਂ ਦਾ ਪਤਾ ਨਹੀਂ ਹੈ। ਵਿਦਵਾਨ ਵੀ ਨਹੀਂ ਹਾਂ। ਹੁਣ ਵੱਡੀ ਸਮੱਸਿਆ ਆ ਪਈ ਹੈ ਕਿ ਲੇਖ ਪੜ੍ਹਾਂ ਤੇ ਡਾ. ਫੌਜਾ ਸਿੰਘ ਦਾ ਜ਼ਿਕਰ ਨਾ ਕਰਾਂ। ਇਹ ਲੇਖ ਤਾਂ ਮੈਂ ਲਿਖਿਆ ਹੀ ਇਸ ਕਰਕੇ ਹੈ ਕਿ ਫੌਜਾ ਸਿੰਘ ਦੀਆਂ ਲੱਭਤਾਂ ਰੱਦ ਕਰਾਂ। ਚਲੋ ਇਕ ਹੋਰ ਕੰਮ ਕਰਕੇ ਦੇਖੀਏ। ਮੈਂ ਬੀਬੀ ਇੰਦਰਜੀਤ ਕੌਰ ਜੀ ਨੂੰ ਆਖਦਾ ਹਾਂ ਕਿ ਗੁਰੂ

ਤੇਗ ਬਹਾਦਰ ਸਾਹਿਬ ਬਾਰੇ ਉਹ ਪੰਜ ਮਿੰਟ ਬੋਲਣ ਪਰ ਗੁਰੂ ਤੇਗ ਬਹਾਦਰ ਸਾਹਿਬ ਦਾ ਜ਼ਿਕਰ ਨਾ ਕਰਨ। ਉਨ੍ਹਾਂ ਨੂੰ ਦੇਖ ਕੇ ਮੈਂ ਵੀ ਯਤਨ ਕਰਾਂਗਾ ਕੁਝ।''

ਸਾਰੇ ਚੁੱਪ ਚਾਪ ਛਾ ਗਈ। ਵਾਈਸ-ਚਾਂਸਲਰ ਨੇ ਭੁੱਲ ਦੀ ਖਿਮਾ ਮੰਗੀ ਤਾਂ ਕਿਤੇ ਜਾ ਕੇ ਪੇਪਰ ਪੜ੍ਹਨ ਦਾ ਮਨ ਬਣਾਇਆ ਨਹੀਂ ਤਾਂ ਉੱਠ ਚੱਲਿਆ ਸੀ। ਡਾ. ਗੰਡਾ ਸਿੰਘ ਨੇ ਸਵਾਲਾਂ ਦੀ ਬੁਛਾੜ ਕੀਤੀ, ਸਰਦਾਰ ਨੇ ਉਨ੍ਹਾਂ ਨੂੰ ਸੰਤੁਸ਼ਟ ਕੀਤਾ। ਵਿਸ਼ਵ ਸਾਹਿਤ ਹੋਵੇ ਭਾਵੇਂ ਫ਼ਲਸਫ਼ਾ, ਧਰਮ ਅਧਿਐਨ ਹੋਵੇ ਭਾਵੇਂ ਇਤਿਹਾਸ, ਕੋਈ ਅਦਾਰਾ ਅਜਿਹਾ ਨਹੀਂ ਸੀ ਜਿਥੇ ਉਸ ਦਾ ਸਿੱਕਾ ਨਾ ਚੱਲਿਆ ਹੋਵੇ। ਕਿਸੇ ਮਹਿਫ਼ਿਲ ਵਿਚ ਬੈਠਾ ਉਹ ਬੇਸ਼ੱਕ ਕੁਝ ਨਾ ਬੋਲੇ, ਉਸ ਦੀ ਮੌਜੂਦਗੀ ਵਿਚ ਲਗਾਤਾਰ ਸੰਜੀਦਗੀ ਰਹਿੰਦੀ। ਪੇਪਰ ਦਾ ਸੈਸ਼ਨ ਖਤਮ ਹੋਇਆ ਤਾਂ ਅਸੀਂ ਕੁਝ ਵਿਦਿਆਰਥੀ ਅਤੇ ਅਧਿਆਪਕ ਚਾਹ ਪੀਣ ਲਈ ਉਸ ਨੂੰ ਕਾਫੀ ਹਾਊਸ ਲੈ ਗਏ। ਗੱਲਾਂ ਦਾ ਸਿਲਸਿਲਾ ਸ਼ੁਰੂ ਹੋਇਆ।

ਇਕ ਅਧਿਆਪਕ ਨੇ ਪੁੱਛਿਆ- ਅੱਜ ਕੱਲ੍ਹ ਕੀ ਲਿਖ ਰਹੇ ਹੋ ਸਰਦਾਰ ਸਾਹਿਬ? ਸਰਦਾਰ ਨੇ ਕਿਹਾ- ਕੀ ਲਿਖ ਰਿਹਾਂ? ਮੈਂ ਕੀ ਲਿਖਣੈ? ਮੈਂ ਕਿਹੜਾ ਪ੍ਰੋਫੈਸਰ ਹਾਂ। ਲਿਖਣ ਵਾਸਤੇ ਪੜ੍ਹਨਾ ਪੈਂਦੈ, ਫੇਰ ਪੈਨ, ਕਾਗਜ਼ ਚਾਹੀਦੇ ਨੇ, ਟਾਈਪ ਕਰਾਉਣ ਲਈ ਪੈਸੇ ਚਾਹੀਦੇ ਨੇ ਤੇ ਫ਼ੇਰ ਛਪਾਉਣਾ ਪੈਂਦੈ। ਛਪ ਕੇ ਲੋਕਾਂ ਸਾਹਮਣੇ ਆਉਣਾ ਸੂਰਮਗਤੀ ਹੁੰਦੀ ਹੈ, ਯੁੱਧ ਹੈ ਇਹ ਇਕ, ਤੁਹਾਨੂੰ ਡਿਫੈਂਸ ਕਰਨਾ ਪਏਗਾ। ਮੈਂ ਤਾਂ ਨੌਕਰੀਓ ਕੱਢਿਆ ਹੋਇਆ ਬੰਦਾ ਗੁਮਨਾਮ ਜਿਹੀ ਉਦਾਸ ਜਿੰਦਗੀ ਬਤੀਤ ਕਰ ਰਿਹਾ ਹਾਂ। ਤੁਸੀਂ ਪ੍ਰੋਫੈਸਰ ਹੋ। ਸਗੋਂ ਤੁਸੀਂ ਮੈਨੂੰ ਦੱਸੋ ਤੁਸੀਂ ਹੁਣ ਤੱਕ ਕੀ ਲਿਖਿਆ ਤੇ ਹੁਣ ਕੀ ਲਿਖ ਰਹੇ ਹੋ।

ਸਰਦਾਰ ਨੇ ਗੁੱਸੇ ਹੋਣ ਦਾ ਕਾਰਨ? ਪ੍ਰਸ਼ਨ ਕਰਤਾ ਅਧਿਆਪਕ ਦੀ ਅਪਣੀ ਕੋਈ ਲਿਖਤ ਛਪੀ ਨਹੀਂ ਸੀ।

ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਸਰਦਾਰ ਮਹਿੰਦਰਾ ਕਾਲਜ ਵਿਚ ਸਿੱਖ ਫਿਲਾਸਫੀ ਉਪਰ ਭਾਸ਼ਣ ਦੇਣ ਆਇਆ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸੈਮੀਨਾਰਾਂ ਵਿਚ ਹਰੇਕ ਵਿਦਵਾਨ ਦੀ ਖਿੱਲੀ ਉਡਾ ਦਿਆ ਕਰਦਾ ਸੀ, ਸ਼ੌਕ ਸੀ ਇਹ। ਕਾਮਰੇਡ ਅਧਿਆਪਕ ਸਰੋਤਿਆਂ ਵਿਚ ਬੈਠੇ ਸੇਖੋਂ ਨੂੰ ਆਖ ਰਹੇ ਸਨ ਕਿ ਸਵਾਲ ਪੁੱਛੋ ਤੇ ਸਰਦਾਰ ਨੂੰ ਠਿੱਠ ਕਰੋ। ਸੇਖੋਂ ਨੇ ਕਿਹਾ, ''ਮੇਰਾ ਵਿਸ਼ਾ ਨਹੀਂ। ਇਹ ਸਰਦਾਰ ਦਾ ਵਿਸ਼ਾ ਹੈ ਤੇ ਇਸ ਵਿਸ਼ੇ ਉਤੇ ਸੰਸਾਰ ਵਿਚ ਉਸ ਤੋਂ ਵਧੀਕ ਕੋਈ ਨਹੀਂ ਜਾਣਦਾ। ਸਰਦਾਰ ਦੀ ਨਹੀਂ, ਤੁਸੀਂ ਮੇਰੀ ਬੇਇਜ਼ਤੀ ਕਰਵਾਉਣੀ ਚਾਹੁੰਦੇ ਹੋ ਦਰਅਸਲ। ਮੈਂ ਨਹੀਂ ਉੱਠਦਾ ਕੁਝ ਪੁੱਛਣ ਪੁਛਾਣ। ਤੁਸੀਂ ਪੁੱਛ ਲਵੋ। ਕਰੋ ਹਿੰਮਤ।''

ਅਕਾਲੀ ਰਾਜਨੀਤੀ ਅਤੇ ਸਿੱਖ ਸਿਧਾਂਤਾ ਦੀ ਬੇੜੀ ਦਾ ਚੱਪੂ ਉਸ ਨੇ ਆਪਣੇ ਹੱਥ ਵਿਚ ਫੜਿਆ ਹੋਇਆ ਸੀ। ਹੱਸਦਿਆਂ ਕਿਹਾ ਕਰਦਾ, ''ਸਿੱਖ ਘੋੜ ਸਵਾਰੀ ਛੱਡ ਗਏ ਹਨ। ਕਦੀ ਕਦੀ ਹਾਥੀ ਉਪਰ ਚੜ੍ਹ ਜਾਂਦੇ ਹਨ। ਹਾਥੀ ਨੂੰ ਮਹਾਵਤ ਤੋਰਦਾ ਹੈ। ਘੋੜਾ ਮੈਂ ਆਪਣੀ ਮਰਜ਼ੀ ਨਾਲ ਤੋਰਦਾ ਹਾਂ। ਤੁਹਾਡੀ ਦਿਸ਼ਾ ਤੁਹਾਡੇ ਹੱਥ ਹੋਣੀ ਚਾਹੀਦੀ ਹੈ, ਘੋੜੇ ਦਾ ਲਗਾਮ ਤੁਹਾਡੇ ਹੱਥ ਵਿਚ। ਆਪਣੀ ਹੋਣੀ ਦੇ ਸੁਆਮੀ ਆਪ ਬਣੋ। ...ਅਕਾਲੀ ਰਾਜਨੀਤੀ ਨੂੰ ਘੋੜ ਸਵਾਰੀ ਸਿੱਖਣੀ ਪਵੇਗੀ।''

ਸਰਦਾਰ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਫਿਲਾਸਫੀ ਵਿਚ ਐਮ.ਏ. ਗੋਲਡ ਮੈਡਲ ਹਾਸਲ ਕਰਕੇ ਕੀਤੀ। ਲੰਡਨ ਤੋਂ ਟ੍ਰਾਇਪੋਸ ਕੀਤੀ। ਫਲਸਫੇ ਦੀ ਇਹ ਡਿਗਰੀ ਉਦੋਂ ਪ੍ਰਦਾਨ ਕੀਤੀ ਜਾਇਆ ਕਰਦੀ ਸੀ ਜਦੋਂ ਵਿਦਿਆਰਥੀ ਸਾਬਤ ਕਰਦਾ ਸੀ ਕਿ ਉਸਨੇ ਲਾਤੀਨੀ ਅਤੇ ਯੂਨਾਨੀ ਭਾਸ਼ਾ ਦੀ ਮੁਢਲੀ ਯੋਗਤਾ ਪ੍ਰਾਪਤ ਕਰ ਲਈ ਹੈ। ਇਹ ਭਾਸ਼ਾਵਾਂ ਉਥੋਂ ਸਿੱਖੀਆਂ, ਫਾਰਸੀ, ਸੰਸਕ੍ਰਿਤ ਅਤੇ ਪਾਲੀ ਦਾ ਗਿਆਨ ਖੁਦ ਹਾਸਲ ਕੀਤਾ। ਨਾਲੋ ਨਾਲ ਆਈ.ਸੀ.ਐਸ. ਦੀ ਤਿਆਰੀ ਕਰਦੇ ਰਹੇ। ਆਪਣੇ ਵਿਦਿਆਰਥੀ ਜੀਵਨ ਦੀ ਘਟਨਾ ਸੁਣਾਈ। ਇਮਤਿਹਾਨਾਂ ਤੋਂ ਪਹਿਲਾਂ, ਰਿਵਾਜ ਅਨੁਸਾਰ ਨਵੇਂ ਵਿਦਿਆਰਥੀਆਂ ਨੇ ਪੁਰਾਣੇ ਸੀਨੀਅਰ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਾ ਡਿਨਰ ਦੇਣਾ ਸੀ। ਪੈਸੇ ਇਕੱਠੇ ਕਰ ਲਏ। ਆਪਸ ਵਿਚ ਸਲਾਹਾਂ ਕਰਨ ਲੱਗੇ ਕਿ ਕਿਸੇ ਸਨਮਾਨਿਤ ਬੰਦੇ ਨੂੰ ਨਾ ਬੁਲਾ ਲਈਏ? ਕਿਸ ਨੂੰ? ਕਪੂਰ ਸਿੰਘ ਨੇ ਕਿਹਾ - ਚਰਚਿਲ ਨੂੰ ਬੁਲਾ ਲੈਂਦੇ ਹਾਂ। ਸਾਰੇ ਹੱਸ ਪਏ। ਦੂਜੀ ਸੰਸਾਰ ਜੰਗ ਚੱਲ ਰਹੀ ਸੀ। ਪ੍ਰਧਾਨ ਮੰਤਰੀ ਵਿੰਸਟਨ ਐਸ. ਚਰਚਿਲ ਦੇ ਹੱਥ ਬਰਤਾਨਵੀ ਸਾਮਰਾਜ ਅਤੇ ਹਮਾਇਤੀ ਦੇਸਾਂ ਦੀ ਕਮਾਨ ਸੀ। ਉਹ ਕਿਵੇਂ ਆ ਸਕੇਗਾ?

www.punjabilibrary.com

ਕਪੂਰ ਸਿੰਘ ਨੇ ਕਿਹਾ - ਨਹੀਂ ਆਏਗਾ ਨਾ ਸਹੀ, ਉਹਦੀ ਮਰਜ਼ੀ। ਮੇਰੇ ਨਾਲ ਦੋ ਮੁੰਡੇ ਤਿਆਰ ਹੋਣ। ਬੇਨਤੀ ਕਰਨ ਦਾ ਕੀ ਹਰਜ? ਚੱਲ ਪਏ। ਮਿਲਣ ਦੀ ਆਗਿਆ ਹੋਈ, ਸੱਦੇ ਦੀ ਪੇਸ਼ਕਸ਼ ਕੀਤੀ। ਚਰਚਿਲ ਨੇ ਪੁੱਛਿਆ - ਕਿਸ ਸ਼ਾਮ? ਕਪੂਰ ਸਿੰਘ ਨੇ ਕਿਹਾ - ਜੀ ਜਿਹੜੀ ਸ਼ਾਮ ਤੁਹਾਨੂੰ ਫੁਰਸਤ ਹੋਵੇ? ਸੈਕਟਰੀ ਬੁਲਾਈ, ਪੁਛਿਆ ਕਿਹੜੀ ਸ਼ਾਮ ਖਾਲੀ ਹੈ। ਸੈਕਟਰੀ ਨੇ ਡਾਇਰੀ ਦੇਖ ਕੇ ਤਰੀਕ ਦੱਸ ਦਿੱਤੀ। ਚਰਚਿਲ ਨੇ ਸੈਕਟਰੀ ਨੂੰ ਕਿਹਾ - ਇਹ ਸ਼ਾਮ ਯੂਨੀਵਰਸਿਟੀ ਵਾਸਤੇ ਲਿਖ ਦੇਹ। ਮਨਜ਼ੂਰੀ ਮਿਲ ਗਈ। ਉੱਠ ਕੇ ਧੰਨਵਾਦ ਕਰਦਿਆਂ ਕਪੂਰ ਸਿੰਘ ਨੇ ਪੁਛਿਆ - ਜੀ ਬੁਰਾ ਨਾ ਮਨਾਓ ਤਾਂ ਵਿਸਕੀ ਦਾ ਇੰਤਜ਼ਾਮ ਕਰੀਏ? ਚਰਚਿਲ ਨੇ ਕਿਹਾ- ਜੇ ਤਾਂ ਊਟਪਟਾਂਗ, ਬਕਵਾਸ ਸੁਣਨਾ ਹੈ, ਫੇਰ ਨਾ ਕਰਿਓ, ਜੇ ਅਕਲ ਦੀ ਗੱਲ ਸੁਣਨੀ ਹੈ ਫੇਰ ਵਿਸਕੀ ਦਾ ਇੰਤਜ਼ਾਮ ਕਰ ਦੇਇਉ। ਨਾ ਪਹਿਲਾਂ ਨਾ ਪਿਛੋਂ, ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਵਿਚ ਪ੍ਰਧਾਨ ਮੰਤਰੀ ਕੇਵਲ ਇਸ ਮੌਕੇ ਆਇਆ ਸੀ, ਉਹ ਵੀ ਉਦੋਂ ਜਦੋਂ ਸਾਰਾ ਸੰਸਾਰ, ਯੁੱਧ ਦੀ ਭੱਠੀ ਵਿਚ ਬਲ ਰਿਹਾ ਸੀ।

ਕੈਲੀਫੋਰਨੀਆਂ ਦੇ ਸਿੱਖਾਂ ਨੇ ਸ੍ਰ. ਗੁਰਤੇਜ ਸਿੰਘ ਨੂੰ ਭਾਸ਼ਣ ਦੇਣ ਲਈ ਸੱਦਿਆ। ਟਿਕਟ, ਸਵਾ ਲੱਖ ਮਾਣ ਭੱਤਾ ਤੇ ਸੋਨੇ ਦੇ ਮੁੱਠ ਵਾਲੀ ਕਿਰਪਾਨ ਭੇਟ ਕਰਨੀ ਸੀ। ਗਿਆ, ਭਾਸ਼ਣ ਦੇ ਸ਼ੁਰੂ ਵਿਚ ਕਹਿ ਦਿੱਤਾ ਕਿ ਜਿਹੜਾ ਬੰਦਾ ਮੀਟ ਨਹੀਂ ਖਾਂਦਾ ਉਹ ਸਿੱਖ ਨਹੀਂ ਹੋ ਸਕਦਾ। ਸੰਗਤ ਵਿਚ ਵਿਆਪਕ ਗੁੱਸਾ ਫੈਲ ਗਿਆ, ਮਾਫੀ ਮੰਗਣ ਲਈ ਕਿਹਾ, ਨਾ ਮੰਨੇ, ਮਾਨ ਸਨਮਾਨ ਛੱਡ ਕੇ ਵਾਪਸ ਆਉਣਾ ਪਿਆ। ਕਈ ਸਾਲ ਮੈਂ ਸੋਚਦਾ ਰਿਹਾ, ਗੁਰਤੇਜ ਸਿੰਘ ਨੂੰ ਇਹ ਗੱਲ ਕਰਨ ਦੀ ਕੀ ਲੋੜ ਸੀ? ਪਤਾ ਨਾ ਲੱਗਾ। ਇਸ ਸਾਲ ਜੁਲਾਈ 2011 ਵਿਚ ਇਕ ਅਮਰੀਕਨ ਵਿਦਵਾਨ ਨਾਲ ਉਹ ਯੂਨੀਵਰਸਿਟੀ ਆਇਆ। ਵਾਈਸ-ਚਾਂਸਲਰ ਜਸਪਾਲ ਸਿੰਘ ਨੇ ਵਿਚਾਰ ਵਟਾਂਦਰੇ ਵਿਚ ਸ਼ਾਮਲ ਹੋਣ ਲਈ ਮੈਨੂੰ ਵੀ ਸੱਦ ਲਿਆ। ਖਾਣਾ ਖਾਂਦਿਆਂ ਵਾਈਸ-ਚਾਂਸਲਰ ਨੇ ਸ੍ਰ. ਕਪੂਰ ਸਿੰਘ ਦੀਆਂ ਗੱਲਾਂ ਛੇੜ ਲਈਆਂ, ਕਹਿਣ ਲੱਗੇ - ਮੈਂ ਸਰਦਾਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਵਿਚ ਲੈਕਚਰ ਵਾਸਤੇ ਬੁਲਾ ਲਿਆ। ਆ ਗਏ। ਅਜੇ ਗੱਲ ਸ਼ੁਰੂ ਹੀ ਹੋਈ ਸੀ ਕਿ ਸਰਦਾਰ ਨੇ ਕਹਿ ਦਿੱਤਾ, ਸਿੱਖਾਂ ਲਈ ਮੀਟ ਖਾਣਾ ਬਹੁਤ ਜ਼ਰੂਰੀ ਹੈ। ਵਿਵਾਦਿਤ ਹੋਣ ਕਰਕੇ ਇਸ ਗੱਲ ਨਾਲ ਤਕਰਾਰ ਹੋ ਗਿਆ ਜਿਸ ਨੂੰ ਸਰਦਾਰ ਨੇ ਪੂਰੇ ਠਰ੍ਹਮੇ ਨਾਲ ਸ਼ਾਂਤ ਕੀਤਾ।

ਇਹ ਗੱਲ ਸੁਣਕੇ ਮੇਰੀ ਸਮੱਸਿਆ ਹੱਲ ਹੋ ਗਈ। ਸਰਦਾਰ ਦੇ ਕੁਝ ਮੁਰੀਦ ਸਰਦਾਰ ਦੀ ਹੂਬਹੂ ਨਕਲ ਕਰਨ ਲਗਦੇ ਹਨ ਤਾਂ ਫਸ ਜਾਂਦੇ ਹਨ। ਜਿਹੜੀ ਗੱਡੀ ਸਰਦਾਰ ਚਲਾਉਣ ਜਾਣਦਾ ਸੀ, ਉਸਦਾ ਸਟੀਅਰਿੰਗ ਕਿਸੇ ਹੋਰ ਨੂੰ ਨਹੀਂ ਫੜਨਾ ਚਾਹੀਦਾ।

ਲੋਕਾਂ ਨੇ ਦੇਖਿਆ, ਇਕ ਗਾਇਕ ਵਾਜੇ ਦੀ ਇਕੋ ਸੁਰ ਦੱਬੀ, ਦੇਰ ਤੱਕ ਗਾਉਂਦਾ ਰਿਹਾ। ਇਕ ਸਰੋਤੇ ਨੇ ਪੁੱਛ ਲਿਆ - ਉਸਤਾਦ ਜੀ ਅਸੀਂ ਦੇਖਿਐ ਗਵੱਈਆਂ ਦੀਆਂ ਉਂਗਲਾਂ ਲਗਾਤਾਰ ਹਾਰਮੋਨੀਅਮ ਦੀਆਂ ਵੱਖ ਵੱਖ ਸੁਰਾਂ ਉਪਰ ਨੱਚਦੀਆਂ ਹਨ ਪਰ ਤੁਸੀਂ ਇਕੋ ਸੁਰ ਦੱਬੀ ਰੱਖੀ। ਉਸਤਾਦ ਬੋਲਿਆ - ਅਨਜਾਣ ਲੋਕ ਆਪਣੀ ਆਪਣੀ ਸੁਰ ਲਭਦੇ ਰਹਿੰਦੇ ਨੇ ਪਰ ਲੱਭਦੀ ਨਹੀਂ। ਮੈਨੂੰ ਲੱਭ ਗਈ ਹੈ, ਸੋ ਕਿਉਂ ਛੱਡਾਂ?

ਮੈਂ ਦੇਖਿਆ ਹੈ ਕਿ ਕਪੂਰ ਸਿੰਘ ਦੇ ਉਪਾਸ਼ਕ ਉਸ ਵਾਂਗ ਵਿਸਕੀ ਸੇਵਨ ਕਰਨ ਅਤੇ ਗਾਲਾਂ ਦੇਣ ਦੇ ਸ਼ੁਕੀਨ ਹਨ। ਤਕਰੀਬਨ ਸਾਰੇ ਮਾਸਟਰ ਤਾਰਾ ਸਿੰਘ ਦੇ ਨੰਬਰ ਇਕ ਦੁਸ਼ਮਣ ਹਨ। ਇਕ ਮਿੱਤਰ ਨੇ ਦੱਸਿਆ - ਮੈਂ ਆਪਣੇ ਘਰ ਮਾਸਟਰ ਤਾਰਾ ਸਿੰਘ ਦੀ ਤਸਵੀਰ ਲਟਕਾਈ ਹੋਈ ਸੀ। ਜਦੋਂ *ਸਾਚੀ ਸਾਖੀ* ਪੜ੍ਹੀ, ਉਦੋਂ ਮੈਂ ਮਾਸਟਰ ਦੀ ਤਸਵੀਰ ਪਾੜ ਕੇ ਸਰਦਾਰ ਕਪੂਰ ਸਿੰਘ ਦੀ ਤਸਵੀਰ ਟੰਗ ਲਈ। ਸੁਣਕੇ ਨਾਗਸੈਨ ਨੇ ਕਿਹਾ - ਕਪੂਰ ਸਿੰਘ ਵਿਰੁੱਧ ਕਿਸੇ ਦੀ ਕਿਤਾਬ ਪੜ੍ਹੇਂਗਾ ਤਾਂ ਸਰਦਾਰ ਦੀ ਤਸਵੀਰ ਪਾੜ ਕੇ ਸੁੱਟ ਦਏਂਗਾ। ਤੇਰਾ ਕੰਮ ਇਹੋ ਰਹਿਣਾ ਹੈ।

*ਸਾਚੀ ਸਾਖੀ* ਵਿਚਲੇ ਤੱਥ ਸੁੱਟ ਪਾਉਣ ਵਾਲੇ ਨਹੀਂ ਹਨ ਪਰ ਜਦੋਂ ਸਾਡਾ ਸਰਦਾਰ 1947 ਵੇਲੇ ਦੀ ਲੀਡਰਸ਼ਿਪ ਨੂੰ ਬੇਕਿਰਕ ਹੋ ਕੇ ਕਦੀ ਮੂਰਖ ਆਖਦਾ ਹੈ ਕਦੀ ਬੇਈਮਾਨ, ਉਦੋਂ ਕੁਝ ਅਜਿਹੇ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਨ੍ਹਾਂ ਦੇ ਜਵਾਬ ਲੱਭਣ ਵਿਚ ਮੁਸ਼ਕਲ ਆਉਂਦੀ ਹੈ। ਕਪੂਰ ਸਿੰਘ ਦਾ ਇਸ ਗੱਲੋਂ ਦੁਖੀ ਹੋਣਾ ਵਾਜਬ ਹੈ ਕਿ ਹਿੰਦੂਆਂ ਨੂੰ ਮਹਾਤਮਾ ਗਾਂਧੀ ਅਤੇ ਪੰ. ਜਵਾਹਰ ਲਾਲ ਨਹਿਰੂ ਮਿਲੇ, ਮੁਸਲਮਾਨਾਂ ਨੂੰ ਮੁਹੰਮਦ ਅਲੀ ਜਿਨਾਹ ਮਿਲੇ, ਜਿਹੜੇ ਵਲਾਇਤ ਤੋਂ ਪੜ੍ਹ ਕੇ ਆਏ ਸਨ, ਸੰਸਾਰ ਦੀ ਸਿਆਸਤ ਤੋਂ ਵਾਕਫ ਸਨ, ਆਪਣੇ ਹੱਕਾਂ ਪ੍ਰਤੀ ਜਾਗਰੂਕ ਸਨ। ਇਨ੍ਹਾਂ ਦੇ ਮੁਕਾਬਲੇ ਸਿੱਖਾਂ ਨੂੰ ਮਿਲਿਆ

www.punjabilibrary.com

ਸਕੂਲ ਮਾਸਟਰ, ਤਾਰਾ ਸਿੰਘ ਜੋ ਕਿਸੇ ਤਰ੍ਹਾਂ ਵੀ ਬਰਤਾਨਵੀ ਸਰਕਾਰ ਨਾਲ ਸੰਵਾਦ ਰਚਾਉਣ ਦੇ ਯੋਗ ਨਹੀਂ ਸੀ। ਇਸ ਪੱਖੋਂ ਸਰਦਾਰ ਮਹਾਰਾਜਾ ਭੁਪਿੰਦਰ ਸਿੰਘ ਦੀ ਯੋਗਤਾ ਦਾ ਕਾਇਲ ਹੈ। ਉਨ੍ਹਾਂ ਦਿਨਾਂ ਵਿਚ ਸਿੱਖਾਂ ਦੀ ਰਾਜਨੀਤਕ ਅਗਵਾਈ ਕਰਨ ਵਾਸਤੇ ਜਿਨਾਹ ਅਤੇ ਗਾਂਧੀ ਦੇ ਮੁਕਾਬਲੇ ਕੋਈ ਕੱਦਾਵਰ ਨੇਤਾ ਕਪੂਰ ਸਿੰਘ ਬਣਦਾ ਹੈ। ਜਦੋਂ ਸੁਭਾਸ਼ ਚੰਦਰ ਬੋਸ ਵਰਗੇ ਜੁਆਨ ਆਈ.ਸੀ.ਐਸ. ਨੂੰ ਲੱਤ ਮਾਰ ਕੇ ਸਿਆਸਤ ਵਿਚ ਕੁੱਦ ਰਹੇ ਸਨ ਉਦੋਂ ਸਾਡਾ ਸਰਦਾਰ ਡਿਪਟੀ ਕਮਿਸ਼ਨਰੀ ਦਾ ਆਨੰਦ ਲੈਂਦਾ ਹੋਇਆ ਜੀਵਨ ਦੇ ਸਭ ਸੁਖ ਭੋਗਦਾ ਰਿਹਾ। ਬਿਉਰੋਕਰੈਟ ਸਿਆਸਤਦਾਨਾਂ ਨਾਲ ਮੇਲ ਜੋਲ ਤਾਂ ਰੱਖਦੇ ਹਨ ਪਰ ਕੁਝ ਪਰਦੇ ਨਾਲ। ਸਰਦਾਰ ਸ਼ਰੇਆਮ ਮਾਸਟਰ ਤਾਰਾ ਸਿੰਘ ਦਾ ਮੇਜ਼ਬਾਨ ਹੁੰਦਾ। ਕਾਂਗਰਸ ਦੀ ਪੂਰੀ ਵਿਰੋਧਤਾ ਕਰਦਾ, ਇਸੇ ਸਿਆਸੀ ਵਿਰੋਧਤਾ ਕਾਰਨ ਸਰਕਾਰ ਨੇ ਜ਼ਲੀਲ ਕਰਕੇ ਨੌਕਰੀ ਵਿਚੋਂ ਡਿਸਮਿਸ ਕੀਤਾ। ਜਿਸ ਜੁਡੀਸ਼ਿਅਰੀ ਨੂੰ ਸਿਰੇ ਦੀ ਭਰਿਸ਼ਟ ਦੱਸਦਾ ਹੈ ਉਸੇ ਅੱਗੇ ਸੁਪਰੀਮ ਕੋਰਟ ਤੱਕ ਆਪਣੀ ਨੌਕਰੀ ਦੀ ਬਹਾਲੀ ਵਾਸਤੇ ਅਪੀਲ ਦਰ ਅਪੀਲ ਕਰਦਾ ਰਿਹਾ।

ਮਹਾਰਾਜਾ ਭੁਪਿੰਦਰ ਸਿੰਘ ਦੀ ਬੌਧਿਕ ਯੋਗਤਾ ਅਤੇ ਤਾਲੀਮ ਬਾਰੇ ਕੋਈ ਵਿਵਾਦ ਨਹੀਂ, ਉਹ ਖੁਦ ਵੀ ਪੰਥ ਦੀ ਵਾਗਡੋਰ ਸੰਭਾਲਣੀ ਚਾਹੁੰਦੇ ਸਨ ਜਿਸ ਵਾਸਤੇ ਉਨ੍ਹਾਂ ਨੇ ਸੇਵਾ ਸਿੰਘ ਠੀਕਰੀਵਾਲਾ ਦੀ ਜ਼ਿੰਮੇਵਾਰੀ ਲਾਈ। ਠੀਕਰੀਵਾਲਾ ਸਰਦਾਰ ਮਹਾਰਾਜੇ ਦਾ ਜਮਾਤੀ ਸੀ ਤੇ ਕਰਾਊਨ ਪ੍ਰਿੰਸ ਦੇ ਜਮਾਤੀ ਉਹੀ ਹੋਇਆ ਕਰਦੇ ਹਨ ਜਿਨ੍ਹਾਂ ਨੇ ਅਗਲੀ ਕੈਬਨਿਟ ਵਿਚ ਸ਼ਾਮਲ ਹੋਣਾ ਹੁੰਦਾ ਹੈ। ਸਰਕਾਰ ਵਿਚ ਸ਼ਾਮਲ ਹੋਣ ਪਿਛੋਂ ਠੀਕਰੀਵਾਲੇ ਨੇ ਮਹਾਰਾਜੇ ਨੂੰ ਆਪਣੇ ਪਿੰਡ ਵਿਚ ਸ਼ਾਨਦਾਰ ਦਾਅਵਤ ਦਿੱਤੀ ਸੀ ਜਿਸ ਵਾਸਤੇ ਕਰਾਕਰੀ ਇੰਗਲੈਂਡ ਵਿਚੋਂ ਖਰੀਦੀ ਤੇ ਪੇਂਟਿੰਗ ਪੈਰਿਸ ਵਿਚੋਂ ਕਰਵਾਈ ਗਈ। ਠੀਕਰੀਵਾਲਾ ਸਰਦਾਰ ਸੰਤੁਲਿਤ ਜੀਵਨ ਵਾਲਾ ਨੇਕ ਬਖਤ ਸਿੱਖ ਸੀ ਜਿਸ ਨੂੰ ਮਹਾਰਾਜੇ ਦੀ ਅੱਯਾਸ਼ੀ ਪਸੰਦ ਨਹੀਂ ਸੀ। ਉਸਨੂੰ ਕਿਹਾ ਜਾਂਦਾ ਕਿ ਮਾਸਟਰ ਤਾਰਾ ਸਿੰਘ ਵਰਗੇ ਜਾਹਲ ਲੀਡਰ ਦੀ ਥਾਂ ਸਿੱਖਾਂ ਨੂੰ ਸਮਝਾਉ ਕਿ ਅੰਗਰੇਜ਼ ਤੋਂ ਕੁਝ ਲੈਣਾ ਹੈ ਤਾਂ ਮੈਂ ਦਿਵਾ ਸਕਦਾ ਹਾਂ। ਪਰ ਠੀਕਰੀਵਾਲਾ ਟਾਲ ਮਟੋਲ ਕਰਦਾ ਰਿਹਾ। ਪੰਥ ਨੇ ਅੰਮ੍ਰਿਤਸਰ ਭਾਰੀ ਕਾਨਫਰੰਸ ਸੱਦੀ ਤਾਂ ਮਹਾਰਾਜੇ ਨੇ ਬਾਹੁਕਮ ਸੇਵਾ ਸਿੰਘ ਠੀਕਰੀਵਾਲਾ ਨੂੰ ਅੰਮ੍ਰਿਤਸਰ ਭੇਜਿਆ ਕਿ ਇਹ ਸਾਰਾ ਕੁਝ ਪੰਥ ਅੱਗੇ ਰੱਖ। ਠੀਕਰੀਵਾਲਾ ਨੇ ਬੋਲਣ ਦਾ ਸਮਾਂ ਮੰਗਿਆ, ਜੋ ਕਿਹਾ ਉਸਦਾ ਸੰਖੇਪ ਮਤਲਬ ਇਹ ਹੈ - ਖਾਲਸਾ ਜੀ, ਮਹਾਰਾਜ ਪਟਿਆਲਾ ਨੇ ਮੇਰੀ ਡਿਊਟੀ ਲਾਈ ਹੈ ਕਿ ਮੈਂ ਤੁਹਾਨੂੰ ਸਮਝਾਵਾਂ, ਪੰਥ ਦੀ ਲੀਡਰਸ਼ਿਪ ਦੇ ਯੋਗ ਇਸ ਵਕਤ ਮਹਾਰਾਜਾ ਹਨ। ਮੈਂ ਤੁਹਾਨੂੰ ਸਮਝਾਣ ਦੇ ਸਮਰੱਥ ਨਹੀਂ ਹਾਂ ਕਿਉਂਕਿ ਅਜੇ ਤਾਂ ਮੈਂ ਖੁਦ ਇਸ ਗੱਲ ਨਾਲ ਕਨਵਿੰਸ ਨਹੀਂ ਹੋਇਆ ਕਿ ਮਹਾਰਾਜਾ ਪੰਥ ਦੀ ਲੀਡਰਸ਼ਿਪ ਦੇ ਯੋਗ ਅਧਿਕਾਰੀ ਹਨ। ਕਿਉਂਕਿ ਉਨ੍ਹਾਂ ਦੇ ਹੁਕਮ ਦੀ ਤਾਮੀਲ ਨਹੀਂ ਹੋ ਸਕੀ, ਇਸ ਕਰਕੇ ਮੈਨੂੰ ਉਨ੍ਹਾਂ ਦੀ ਸਰਕਾਰ ਵਿਚ ਰਹਿਣ ਦਾ ਹੱਕ ਨਹੀਂ। ਇਥੋਂ ਪਟਿਆਲਾ ਸਰਕਾਰ ਵੱਲ ਆਪਣਾ ਅਸਤੀਫਾ ਭੇਜਦਿਆਂ ਹੋਇਆ ਅਰਜ਼ ਕਰਦਾ ਹਾਂ ਕਿ ਇਕ ਸੇਵਕ ਵਜੋਂ ਪੰਥ ਮੈਨੂੰ ਆਪਣੇ ਵਿਚ ਸ਼ਾਮਲ ਕਰੇ।

ਜੈਕਾਰਿਆਂ ਦੀ ਗੂੰਜ ਵਿਚ ਉਸਦਾ ਸਵਾਗਤ ਹੋਇਆ। ਮਹਾਰਾਜਾ ਪਟਿਆਲਾ ਦੇ ਹੁਕਮ ਅਨੁਸਾਰ ਸੇਵਾ ਸਿੰਘ ਖਿਲਾਫ ਠੀਕਰੀਵਾਲੇ ਠਾਣੇ ਵਿਚ ਚੋਰੀ ਕਰਨ ਦਾ ਮੁਕੱਦਮਾ ਦਰਜ ਹੋਇਆ। ਐਫ. ਆਈ. ਆਰ ਅਨੁਸਾਰ ਠੀਕਰੀਵਾਲਾ ਪਿੰਡ ਦੇ ਸਾਂਝੇ ਖੂਹ ਉਪਰ ਪਿੱਤਲ ਦਾ ਗੜਵਾ ਮੁਸਾਫਰਾਂ ਦੇ ਪਾਣੀ ਪੀਣ ਲਈ ਰੱਖਿਆ ਹੋਇਆ ਸੀ। ਸੇਵਾ ਸਿੰਘ ਉਸਨੂੰ ਚੁਰਾ ਕੇ ਲੈ ਗਿਆ। ਪਟਿਆਲਾ ਜੇਲ੍ਹ ਵਿਚ ਉਸ ਉਪਰ ਹੱਤਕਪੂਰਨ ਹਿੰਸਾ ਕੀਤੀ ਗਈ ਜਿਸ ਵਿਰੁੱਧ ਅੰਨ ਛੱਡ ਦਿੱਤਾ। ਲੰਮੀ ਭੁੱਖ ਹੜਤਾਲ ਉਪਰੰਤ ਦੇਹਾਂਤ ਹੋਇਆ। ਸੈਂਟਰਲ ਜੇਲ੍ਹ ਪਟਿਆਲਾ ਦੇ ਜਿਸ ਅਹਾਤੇ ਵਿਚ ਉਨ੍ਹਾਂ ਨੂੰ ਬੰਦੀ ਰੱਖਿਆ ਗਿਆ ਸੀ ਮੈਂ ਉਥੇ ਬੰਦੀ ਰਿਹਾ। ਇਸ ਨੂੰ ਹੁਣ ਵੀ.ਆਈ.ਪੀ. ਅਹਾਤਾ ਕਹਿੰਦੇ ਹਨ। ਇਸ ਵਿਚ ਸੇਵਾ ਸਿੰਘ ਠੀਕਰੀਵਾਲੇ ਦਾ ਬੁੱਤ ਲੱਗਿਆ ਹੋਇਆ ਹੈ।

ਜਿਵੇਂ ਮਾਝੇ ਦੁਆਬੇ ਵਿਚ ਸਿੰਘ ਸਭਾ ਸਰਗਰਮ ਸੀ ਉਵੇਂ ਹੀ ਰਿਆਸਤੀ ਇਲਾਕਿਆਂ ਵਿਚ ਪਰਜਾ ਮੰਡਲ ਲਹਿਰ ਸੰਗਰਾਮ ਕਰ ਰਹੀ ਸੀ। ਪਰਜਾ ਮੰਡਲੀਏ ਅੰਮ੍ਰਿਤਧਾਰੀ ਨਿਤਨੇਮੀ ਸਿੰਘ ਸਨ। ਮੇਰੇ ਪਿੰਡ ਦੇ ਬਾਬਾ ਰਿੱਧਾ ਸਿੰਘ ਪੰਨੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ ਸਨ। ਸਿਆਲਾਂ ਦੇ ਦਿਨੀਂ ਇਸ ਬਾਬੇ ਨੂੰ ਪਿੰਡ ਦੇ ਛੱਪੜ ਵਿਚ ਖਲ੍ਹਾਰ ਕੇ ਪਟਿਆਲਾ ਪੁਲਸ ਡੰਡੇ ਬਰਸਾਉਂਦੀ ਹੁੰਦੀ, ਪਿੰਡ ਦੇਖਦਾ ਹੁੰਦਾ। ਬਚਪਨ ਵਿਚ ਆਪਣੇ ਘਰ ਦੇ ਸਾਹਮਣੇ ਮੈਂ ਮਾਸਟਰ ਤਾਰਾ ਸਿੰਘ ਨੂੰ ਦੇਖਿਆ

www.punjabilibrary.com

ਜੋ ਸ੍ਰ. ਰਿੱਧਾ ਸਿੰਘ ਦੀ ਖਬਰ ਸਾਰ ਲੈਣ ਆਏ ਸਨ। ਸੈਂਕੜੇ ਅਕਾਲੀਆਂ ਦੇ ਨਾਹਰੇ ਇਹੋ ਜਿਹੇ ਹੁੰਦੇ ਸਨ - ਪੰਥ ਪਿਆਰਾ ਪਹਿਲਾਂ ਹੈ, ਸਰਦਾਰ ਰਿੱਧਾ ਸਿੰਘ ਪਿੱਛੋਂ ਨੇ। ਮਤਲਬ ਕਿ ਦੋ ਚੀਜ਼ਾਂ ਪਿਆਰ ਕਰਨ ਯੋਗ ਹਨ, ਸਭ ਤੋਂ ਪਹਿਲਾਂ ਪੰਥ, ਉਸ ਪਿਛੋਂ ਜਿਸਦਾ ਨਾਮ ਲਿਆ ਜਾਂਦਾ ਉਹ ਵਿਅਕਤੀ ਪਿਆਰਾ ਹੁੰਦਾ। ਸਿੱਖਾਂ ਨੇ ਮਹਾਰਾਜੇ ਨੂੰ ਰੱਦ ਕੀਤਾ।

ਮਾਸਟਰ ਤਾਰਾ ਸਿੰਘ ਦੇ ਵਕਤ ਤਰਨਤਾਰਨ ਤੇ ਮੋਗਾ, ਕੇਵਲ ਦੋ ਤਸੀਲਾਂ ਨੂੰ ਛੱਡ ਕੇ ਕਿਧਰੇ ਸਿੱਖਾਂ ਦੀ ਬਹੁਗਿਣਤੀ ਨਹੀਂ ਸੀ। ਉਸ ਵਾਸਤੇ ਦੋਹਾਂ ਵਿਚੋਂ ਇਕ ਚੁਣਨ ਦੀ ਗੁੰਜਾਇਸ਼ ਬਚੀ- ਹਿੰਦੁਸਤਾਨ ਨਾਲ ਰਹਿਣੈ ਕਿ ਪਾਕਿਸਤਾਨ ਨਾਲ। ਉਸਨੇ ਜੋ ਚੋਣ ਕੀਤੀ, ਕਿਸੇ ਤਰਾਂ ਗਲਤ ਨਹੀਂ ਸੀ। ਮੈਂ ਮਾਸਟਰ ਦੇ ਇਖਲਾਕ ਬਾਰੇ ਅੰਗਰੇਜ਼ ਔਰਤ ਦਾ ਹਵਾਲਾ ਦਿਤਾ ਜਿਸਨੇ ਲਿਖਿਆ- ਰੇਲ ਗੱਡੀ ਵਿਚ ਸਿੱਖਾਂ ਦੇ ਅਦੁੱਤੀ ਲੀਡਰ ਨਾਲ ਲੰਮਾ ਸਮਾਂ ਸਫਰ ਕਰਨ ਦਾ ਮੌਕਾ ਮਿਲਿਆ। ਕੁਲ ਸਫਰ ਵਿਚ ਉਸਨੇ ਮੇਰੇ ਵੱਲ ਅੱਖ ਨਹੀਂ ਚੁੱਕੀ। ਸਰੋਤੇ ਦੀ ਟਿੱਪਣੀ- ਨਪੁੰਸਕ ਹੋਏਗਾ। ਮੈਂ ਉਸਦੀ ਈਮਾਨਦਾਰੀ ਦੀਆਂ ਗੱਲਾਂ ਦੱਸਣ ਲੱਗਾ, ਉਤਰ ਮਿਲਿਆ- ਮੂਰਖ ਬੰਦਾ ਬੇਈਮਾਨੀ ਕਰ ਈ ਨੀ ਸਕਦਾ। ਇਨ੍ਹਾਂ ਸਰੋਤਿਆਂ ਅੱਗੇ ਬੀਨ ਵਜਾਉਣ ਨਾਲ ਪਾਈਆ ਦੁੱਧ ਨਸੀਬ ਨਹੀਂ ਹੋਵੇਗਾ।

1978 ਵਿਚ ਮੁੱਖ ਮੰਤਰੀ ਬਾਦਲ, ਸਰਦਾਰ ਦੀ ਕੋਠੀ ਆਏ, ਪੁੱਛਿਆ- ਮੋਰਾਰਜੀ ਦੇਸਾਈ ਨੇ ਗੁਜਰਾਤ ਵਿਚ ਸ਼ਰਾਬਬੰਦੀ ਕਰ ਦਿਤੀ ਹੈ। ਮੈਂ ਪੰਜਾਬ ਵਿਚ ਕਰ ਦਿਆਂ? ਸਰਦਾਰ ਨੇ ਕਿਹਾ- ਬਿਲਕੁਲ ਨਹੀਂ। ਸ਼ਰਾਬਬੰਦੀ ਸਦਕਾ ਪੰਜਾਬੀ ਸ਼ਰਾਬ ਪੀਣੀ ਨਹੀਂ ਛੱਡਣਗੇ। ਲਾਗਲੀਆਂ ਸਟੇਟਾਂ ਤੋਂ ਸਮਗਲ ਹੋਏਗੀ, ਖੇਤਾਂ ਵਿਚ ਭੱਠੀਆਂ ਲੱਗ ਜਾਣਗੀਆਂ। ਸਰਕਾਰ ਦੀ ਆਮਦਨ ਉਪਰ ਸੱਟ ਜਰੂਰ ਵਜੇਗੀ ਪਰ ਸ਼ਰਾਬ ਬੰਦੀ ਦਾ ਲਾਭ ਕੋਈ ਨਹੀਂ ਹੋਵੇਗਾ। ਉੱਚ ਇਖਲਾਕ ਦੇ ਬੰਦੇ, ਜਿਹੋ ਜਿਹੇ ਸਿੰਘ ਸਭੀਏ ਸਨ, ਕੋਈ ਪਰਚਾਰ ਮੁਹਿੰਮ ਨਾਲ ਸਮਝਾਉਣ ਵਿਚ ਕਾਮਯਾਬ ਹੋ ਜਾਣ ਤਾਂ ਸ਼ਰਾਬ ਛੱਡੀ ਜਾ ਸਕਦੀ ਹੈ, ਸਰਕਾਰੀ ਪਾਬੰਦੀਆਂ ਨਾਲ ਇਹ ਕੰਮ ਨਹੀਂ ਹੋ ਸਕਦਾ।

ਉਕਤ ਸੂਚਨਾ ਇਸ ਕਰਕੇ ਦਿੱਤੀ ਗਈ ਤਾਂ ਕਿ ਪਾਠਕ ਇਕ ਪਾਸੇ ਦੇ ਵਹਿਣ ਵਿਚ ਵਹਿ ਕੇ ਗਲਤ ਧਾਰਨਾ ਨਾ ਮਿਥ ਲਵੇ। ਕਪੂਰ ਸਿੰਘ ਦੀ ਯੋਗਤਾ ਨਿਰਵਿਵਾਦ ਹੈ ਪਰ ਨਾ ਇਸ ਨੂੰ ਉਹ ਆਪਣੇ ਲਈ ਵਰਤ ਸਕਿਆ ਨਾ ਪੰਥ ਲਈ। ਇਹੋ ਭਾਣਾ ਸਿਮਰਨਜੀਤ ਸਿੰਘ ਮਾਨ ਅਤੇ ਗੁਰਤੇਜ ਸਿੰਘ ਨਾਲ ਵਾਪਰਿਆ। ਪੰਥ ਨੇ ਇਨ੍ਹਾਂ ਨੂੰ ਰਿਕਾਰਡ ਤੋੜ ਵੋਟ ਅਤੇ ਮਾਨ ਸਨਮਾਨ ਦਿੱਤਾ ਜਿਸਨੂੰ ਇਹ ਬਰਕਰਾਰ ਨਾ ਰੱਖ ਸਕੇ।

www.punjabilibrary.com

## ਲਾਲੀ ਦਾ ਚੌਗਿਰਦਾ

ਕਈ ਦੋਸਤਾਂ ਨੇ ਕਿਹਾ – ਲਾਲੀ ਬਾਰੇ ਲਿਖ। ਖਾਲੀ ਦਿਮਾਗ ਤੇ ਖਾਲੀ ਅੱਖਾਂ ਨਾਲ ਇਧਰ ਉਧਰ ਦੇਖਣ ਲੱਗ ਜਾਂਦਾ। ਮੈਂ ਉਸ ਬਾਰੇ ਕੀ ਲਿਖਾਂ ? ਜੀਹਨੂੰ ਮੈਂ ਜਾਣਦਾ ਨਹੀਂ ਉਸ ਬਾਰੇ ਕਹੀ ਗੱਲ ਕੀ ਹੋਵੇਗੀ ? ਲੋਕ ਵਰਕਿਆਂ ਦੇ ਵਰਕੇ ਰੱਬ ਬਾਰੇ ਲਿਖੀ ਜਾ ਰਹੇ ਹਨ, ਰੱਬ ਬਾਰੇ ਲਿਖਣ ਵਾਸਤੇ ਕੋਈ ਗੁਰੂ ਨਾਨਕ ਚਾਹੀਦਾ ਹੈ, ਟੈਗੋਰ ਚਾਹੀਦਾ ਹੈ। ਇਨ੍ਹਾਂ ਦੋ ਵਡੇਰਿਆਂ ਦੇ ਨਾਮ ਇਸ ਕਰਕੇ ਲਏ ਕਿਉਂਕਿ ਇਹ ਸਨ ਉਹ ਸ਼ਖਸ ਜੋ ਰੱਬ ਨਾਲ ਲੜ ਪੈਂਦੇ ਸਨ। ਲੜੀਦਾ ਉਸ ਨਾਲ ਹੁੰਦਾ ਹੈ ਜਿਹੜਾ ਤੁਹਾਡਾ ਹੈ। ਮੈਂ ਰਾਜਿਆਂ ਦੇ ਯੁੱਧਾਂ ਦੀਆਂ ਗੱਲਾਂ ਨਹੀਂ ਕਰ ਰਿਹਾ, ਇਹ ਉਨ੍ਹਾਂ ਵੱਲ ਇਸ਼ਾਰਾ ਹੈ ਜਿਨ੍ਹਾਂ ਦੇ ਕਦਮ ਛੂਹਣ ਲਈ ਬਾਦਸ਼ਾਹਾਂ ਦੀ ਕਤਾਰ ਲੱਗੀ ਹੋਵੇ। ਜਿਹੜੇ ਸਿਆਣੇ ਦੋਸਤ ਕਹਿ ਰਹੇ ਸਨ ਲਿਖ, ਉਹ ਆਸਵੰਦ ਸਨ। ਉਨ੍ਹਾਂ ਤੋਂ ਕਿਤੇ ਵਧੀਕ ਸਿਆਣਿਆਂ ਨੇ ਕਿਹਾ – ਬਿਲਕੁਲ ਨਾ ਲਿਖ। ਉਸ ਵਿਚੋਂ ਕੱਖ ਨਹੀਂ ਨਿਕਲਣਾ, ਕਿਉਂ ਸਮਾਂ ਖਰਾਬ ਕਰੇਂ, ਕੁੱਝ ਹੋਰ ਲਿਖ।

ਹੋਇਆ ਇਹ ਕਿ 11 ਅਪ੍ਰੈਲ 2004 ਨੂੰ ਮੇਰੀ ਇਕ ਨਿਕੀ ਜਿਹੀ ਲਿਖਤ *ਪੰਜਾਬੀ ਟ੍ਰਿਬਿਊਨ* ਨੇ ਛਾਪੀ ਜਿਸ ਵਿਚ ਮੈਂ ਲਾਲੀ ਦਾ, ਉਸਦੇ ਘਰ ਦਾ ਤੇ ਉਸਦੇ ਪਿਤਾ ਦਾ ਜ਼ਿਕਰ ਕੀਤਾ। ਸਾਲ 1968 ਵਿਚ ਦਸਵੀਂ ਜਮਾਤ ਪਿੰਡੋਂ ਕਰਕੇ ਜਦੋਂ ਮੈਂ ਮਹਿੰਦਰਾ ਕਾਲਜ ਵਿਚ ਦਾਖਲ ਹੋ ਕੇ, ਪ੍ਰੀ-ਮੈਡੀਕਲ ਕਰਕੇ ਡਾਕਟਰ ਬਣਨ ਦਾ ਫੈਸਲਾ ਲਿਆ, ਉਦੋਂ ਮੇਰੀ ਜੇਬ ਵਿਚ ਚੁਆਨੀ ਨਹੀਂ ਸੀ। ਮੈਂ ਲਾਲੀ ਦੇ ਪਟਿਆਲੇ ਬਹੇੜਾ ਰੋਡ ਵਾਲੇ ਮਕਾਨ ਦੇ ਤਬੇਲੇ ਵਿਚ ਡੇਰਾ ਜਮਾ ਕੇ ਪੜ੍ਹਨਾ ਸ਼ੁਰੂ ਕੀਤਾ। ਪੰਦਰਾਂ ਸਾਲ ਦਾ ਇਹ ਛੋਕਰਾ ਦੇਖਦਾ, ਲਾਲੀ ਨਾਲ ਰਾਜ਼ਦਾਂ ਆ ਰਿਹਾ ਹੈ, ਸੋਮਪਾਲ ਰੰਚਨ ਆ ਰਿਹਾ ਹੈ, ਸੁਰਜੀਤ ਪਾਤਰ, ਨੂਰ, ਸ਼ਿਵ ਕੁਮਾਰ... ਯਾਨੀ ਕਿ ਸਾਰੇ ਦੇ ਸਾਰੇ ਅਜੂਬੇ। ਪਹਿਲੀ ਵਾਰੀ ਐਲ.ਪੀ. ਮਸ਼ੀਨ ਚਲਦੀ ਦੇਖੀ, ਪਹਿਲੀ ਵਾਰੀ ਟੇਪ ਰਿਕਾਰਡਰ ਦੇ ਵੱਡੇ ਸਪੂਲ ਘੁੰਮਦੇ ਦੇਖੇ... ਦੂਰੋਂ। ਮੇਰੀ ਇਹ ਲਿਖਤ ਪੜ੍ਹਕੇ ਕਈਆਂ ਨੂੰ ਯਕੀਨ ਆ ਗਿਆ ਕਿ ਲਿਖ ਸਕਦਾ ਹੈ ਲਾਲੀ ਬਾਰੇ ਪਰ ਲਿਖਦਾ ਨਹੀਂ। ਸੋ ਮਨਾਣ ਦੇ ਯਤਨ ਹੋਏ।

ਟੈਗੋਰ ਦੇ ਵਾਕ ਨੇ ਸਹਾਰਾ ਦਿਤਾ। *ਚੋਖੇਰ ਬਾਲੀ* ਦੀ ਭੂਮਿਕਾ ਵਿੱਚ ਲਿਖਦੇ ਹਨ, ''*ਬੰਗ ਦਰਸ਼ਨ* ਦਾ ਸੰਪਾਦਕ ਸ੍ਰੀਸ਼ ਚੰਦਰ ਬਾਰ ਬਾਰ ਆਖੀ ਗਿਆ ਲੰਮੀ ਕਹਾਣੀ ਲਿਖ, ਲੜੀਵਾਰ ਛਾਪਾਂਗੇ, ਐਤਵਾਰੀ ਮੈਗਜ਼ੀਨ ਸੈਕਸ਼ਨ ਵਿਚ। ਟੁੱਟੇ ਤਾਰਿਆਂ ਵਾਂਗ ਛੋਟੀਆਂ ਕਹਾਣੀਆਂ ਦੀ ਤਾਂ ਬਾਰਸ਼ ਹੁੰਦੀ ਰਹੀ, ਲੰਮੀ ਕਹਾਣੀ (ਨਾਵਲ) ਲਿਖੀ ਨਹੀਂ ਸੀ। ਜਦੋਂ ਉਹ ਨਾਂ ਹਟਿਆ, ਮੈਂ ਹਾਂ ਕਰ ਦਿਤੀ। ਉਹ ਤਾਂ ਖੁਸ਼ ਹੋਕੇ ਚਲਾ ਗਿਆ, ਮੈਂ ਬੇਚੈਨ ਹੋ ਗਿਆ, ਸੋਚੀ ਗਿਆ ਕੀ ਕਰਾਂ। ਮੈਂ ਆਪਣੇ ਆਪ ਨੂੰ ਕਿਹਾ – ਦਿਲ ਦੀ ਭੱਠੀ ਵਿਚ ਅੱਗ ਬਾਲ, ਸਖ਼ਤ ਲੋਹਾ ਤਾਅ, ਫਿਰ ਹਥੌੜੇ ਨਾਲ ਸੱਟਾਂ ਮਾਰੀਂ ਜਾਈਂ, ਆਪੇ ਕੋਈ ਮੂਰਤ ਪ੍ਰਗਟ ਹੋ ਜਾਵੇਗੀ। ਲਓ ਇਹ ਹੈ ਤੁਹਾਡੀ ਚੋਖੇਰ ਬਾਲੀ।''

ਸ਼ਾਇਦ ਕੁਝ ਗੱਲ ਬਣੇ। ਪਰ ਕਿਉਂਕਿ ਪਾਠਕਾਂ ਨੂੰ ਗੁਮਰਾਹ ਕਰਨ ਦੀ ਮੇਰੀ ਆਦਤ ਨਹੀਂ, ਮੇਰੀਆਂ ਯਾਦਾਂ, ਮਨ ਉਪਰ ਉਕਰੇ ਪ੍ਰਭਾਵਾਂ ਵਿਚ ਲਾਲੀ ਗ਼ੈਰਹਾਜ਼ਰ ਹੈ, ਉਸ ਦਾ ਪਿਤਾ ਨਿਰੰਤਰ ਹਾਜ਼ਰ, ਸੋ ਬਹੁਤੀਆਂ ਗੱਲਾਂ ਪਿਤਾ ਬਾਰੇ ਹੋ ਜਾਣਗੀਆਂ। ਪਰ ਇਹ ਵੀ ਜਾਣਨ ਦੀ ਇਕ ਵਿਧਾ ਹੈ, ਪਿਤਾ ਵਿਚੋਂ ਦੀ ਸ਼ਾਇਦ ਪੁੱਤਰ ਦਿੱਸ ਪਵੇ। ਉਪਨਿਸ਼ਦ ਵਿਚ ਉਦਾਲਕ ਅਪਣੇ ਬੇਟੇ ਸ਼ਵੇਤਕੇਤੂ ਨੂੰ ਕਹਿੰਦਾ ਹੈ – ਤੂੰ ਸੋਨੇ ਤੋਂ ਬਣੀਆਂ ਹੋਈਆਂ ਚੀਜ਼ਾਂ ਨਿਰਖ ਪਰਖ ਕੇ ਸੋਨੇ ਬਾਰੇ ਜਾਣਨਾ ਚਾਹੁੰਦਾ ਹੈਂ। ਉਲਟ ਕਰ, ਸਿਰਫ ਸੋਨੇ ਨੂੰ ਜਾਣ, ਉਸ ਤੋਂ ਬਣੀਆਂ ਵਸਤਾਂ ਬਾਰੇ ਆਪੇ ਪਤਾ ਲੱਗ ਜਾਏਗਾ। ਬ੍ਰਹਮ ਦੇ ਵਿਭਿੰਨ ਰੂਪਾਂ ਵਿਚ ਦਿਸਦੀਆਂ ਵਸਤੂਆਂ ਨੂੰ ਜਾਣਨ ਦੀ ਥਾਂ ਬ੍ਰਹਮ ਨੂੰ ਜਾਣ। ਕੁਦਰਤ ਦਾ ਆਪੇ ਪਤਾ ਲੱਗ ਜਾਏਗਾ।

www.punjabilibrary.com

ਲਾਲੀ ਦੇ ਘਰ ਪੁੱਜਣ ਦੀ ਦਾਸਤਾਨ। ਮੇਰਾ ਵੱਡਾ ਭਰਾ ਗੁਰਦਿਆਲ ਸਿੰਘ ਦਸਵੀਂ ਵਿਚੋਂ ਬਹੁਤ ਵਧੀਆਂ ਨੰਬਰ ਲੈ ਗਿਆ, ਮੈਰਿਟ ਵਿਚ ਆਇਆ, ਅੱਗੇ ਪੜ੍ਹਨ ਵਾਸਤੇ ਪੈਸੇ ਨਹੀਂ ਸਨ, ਸੋ ਏਅਰ ਫੋਰਸ ਵਿਚ ਸਿਪਾਹੀ ਭਰਤੀ ਹੋ ਗਿਆ। ਤਨਖਾਹ ਬਿਆਸੀ ਰੁਪਏ ਮਹੀਨਾ। ਇਹ 1958 ਦੀ ਗੱਲ ਹੈ ਜਦੋਂ ਉਹ ਮੈਨੂੰ ਪਹਿਲੀ ਜਮਾਤ ਵਿਚ ਦਾਖਲ ਕਰਵਾ ਕੇ ਚਲਾ ਗਿਆ। ਮੈਨੂੰ ਕਿਹਾ ਕਰਦਾ - ਜੇ ਦਸਵੀਂ ਵਿਚੋਂ ਮੇਰੇ ਨਾਲੋਂ ਵੱਧ ਨੰਬਰ ਲੈ ਗਿਆ, ਤੈਨੂੰ ਕਾਲਜ ਦਾਖਲ ਕਰਵਾ ਦਿਊਂਗਾ। ਮੈਂ ਖਰਾ ਰੱਟੇਬਾਜ਼ ਸਾਂ, ਹੁਣ ਵੀ ਹਾਂ। ਮੈਨੂੰ ਪੰਜਵੀਂ ਵਿਚ ਪਤਾ ਲੱਗ ਗਿਆ ਸੀ ਕਿ ਮੇਰਾ ਦਿਮਾਗ ਦਰਮਿਆਨੇ ਦਰਜੇ ਦਾ ਹੈ, ਰੱਟੇ ਮਾਰ ਤੇ ਕੰਮ ਬਣਾ, ਨਹੀਂ ਫੇਲ੍ਹ ਹੋ ਜਾਏਂਗਾ। ਅੱਠਵੀਂ ਦੀ ਮੈਰਿਟ ਲਿਸਟ ਪੁੱਜੀ, ਮੇਰਾ ਅੱਠ ਰੁਪਏ ਮਹੀਨਾ ਵਜ਼ੀਫਾ ਲੱਗਾ, ਫੀਸ ਮਾਫ। ਦਸਵੀਂ ਦਾ ਨਤੀਜਾ ਨਿਕਲਿਆ ਤਾਂ ਭਰਾ ਤੋਂ ਕਿਤੇ ਵਧੀਕ ਨੰਬਰ। ਛੁਟੀ ਆਏ, ਮੈਂ ਖੁਸ਼ ਖੁਸ਼ ਨਤੀਜੇ ਦਾ ਕਾਰਡ ਦਿਖਾਇਆ। ਸ਼ਾਬਾਸ਼ ਮਿਲੀ ਤਾਂ ਮੈਂ ਕਿਹਾ - ਚਲੋ ਫਿਰ ਪਟਿਆਲੇ ਦਾਖਲ ਕਰਵਾਉ। ਉਹ ਹੱਸ ਪਿਆ, ਕਿਹਾ - ਕਿਥੇ ਨੇ ਪੈਸੇ? ਤੈਨੂੰ ਏਅਰ ਫੋਰਸ ਵਿਚ ਸਿਪਾਹੀ ਭਰਤੀ ਕਰਵਾਉਣ ਆਇਆਂ। ਮੈਂ ਬੜਾ ਦੁਖੀ ਹੋਇਆ, ਗੁੱਸੇ ਨਾਲ ਕਿਹਾ - ਫੇਰ ਲਾਰਾ ਕਿਉਂ ਲਾਇਆ ਸੀ ? ਉਹ ਹੱਸ ਪਿਆ - ਲਾਰੇ ਕਰਕੇ ਏਨੇ ਨੰਬਰ ਲੈ ਗਿਐਂ ਨਹੀਂ ਤੂੰ ਕਿਥੇ ਪੜ੍ਹਨਾ ਸੀ ? ਮਾਰੇ ਗਏ। ਭਰਤੀ ਅੰਬਾਲੇ ਹੋਇਆ ਕਰਦੀ ਸੀ। ਸਰਟੀਫਿਕੇਟ ਚੁਕਵਾ ਕੇ ਪਿੰਡੋਂ ਅੰਬਾਲੇ ਦਾ ਰਾਹ ਫੜਿਆ। ਬੱਸ ਚਾਰ ਘੰਟੇ ਲੈ ਲਿਆ ਕਰਦੀ ਸੀ। ਮੈਂ ਬੈਠ ਗਿਆ - ਸੋਚਦਾ ਗਿਆ, ਭਰਾ ਨੇ ਪ੍ਰਾਈਵੇਟ ਅੰਗਰੇਜ਼ੀ ਦੀ ਐਮ.ਏ. ਕਰ ਲਈ ਹੈ ਮੈਂ ਕਿਹੜਾ ਪੜ੍ਹਨੋਂ ਹਟਣੈ ? ਬਹੁਤ ਮਿਹਨਤ ਕਰਾਂਗਾ। ਲੜਾਈਆਂ ਲੱਗਣਗੀਆਂ ਤਾਂ ਪੂਰੀ ਬਹਾਦਰੀ ਨਾਲ ਲੜੂੰਗਾ। ਜੇ ਮਰ ਗਿਆ ਤਾਂ ਵੀ ਠੀਕ, ਇਹ ਜਿੰਦਗੀ ਕੀ ਜ਼ਿੰਦਗੀ ਹੋਈ ? ਜੇ ਬਚ ਗਿਆ ਤਾਂ ਤਰੱਕੀ ਕਰਦਾ ਕਰਦਾ ਏਅਰ ਮਾਰਸ਼ਲ ਦੇ ਅਹੁਦੇ ਤੋਂ ਰਿਟਾਇਰ ਹੋਵਾਂਗਾ। ਏਅਰ ਮਾਰਸ਼ਲ ਮੈਂ ਪੰਦਰਾਂ ਮਿੰਟਾਂ ਦੇ ਅੰਦਰ ਅੰਦਰ ਬਣ ਗਿਆ, ਫਿਰ ਮੈਂ ਉਹ ਭਾਸ਼ਣ ਤਿਆਰ ਕਰਨ ਲੱਗ ਪਿਆ ਜਿਹੜਾ ਮੈਂ ਰਿਟਾਇਰਮੈਂਟ ਵੇਲੇ ਦੇਣਾ ਸੀ। ਉਦੋਂ ਤਾਂ ਫੁਰਸਤ ਨਹੀਂ ਹੋਣੀ, ਹੁਣ ਵਿਹਲਾ ਬੈਠਾ ਹਾਂ। ਮੈਂ ਪੂਰੀ ਸਪੀਚ ਤਿਆਰ ਕਰਕੇ ਜ਼ਬਾਨੀ ਯਾਦ ਕਰ ਲਈ, ਹੁਣ ਵੀ ਯਾਦ ਹੈ ਪਰ ਹੁਣ ਕੰਮ ਦੀ ਨਹੀਂ ਰਹੀ। ਹੁਣ ਪ੍ਰੋਫੈਸਰ ਰਿਟਾਇਰ ਹੋਵਾਂਗਾ, ਉਹ ਸਪੀਚ ਤਿਆਰ ਕਰਨੀ ਹੈ।

ਅੰਗਰੇਜ਼ੀ ਅਤੇ ਗਣਿਤ ਦਾ ਟੈਸਟ ਲਿਆ। ਕੱਦ ਭਾਰ ਪਰਖੇ ਨਾਪੇ। ਸਭ ਠੀਕ। ਅਫ਼ਸਰ ਨੇ ਕਿਹਾ - ਫਿੱਟ ਹੈਂ। ਲਿਆ ਸਰਟੀਫਿਕੇਟ ਦਿਖਾ। ਮੈਂ ਮੇਜ਼ ਉਤੇ ਕਾਗਜ਼ ਰੱਖ ਦਿਤੇ। ਦੇਖੇ। ਅਫ਼ਸਰ ਬੋਲਿਆ - ਤੂੰ ਤਾਂ ਪੰਦਰਾਂ ਸਾਲਾਂ ਦਾ ਹੈਂ, ਸਤਾਰਾਂ ਸਾਲ ਹੋਣੀ ਚਾਹੀਦੀਐ ਉਮਰ। ਜਾਹ, ਦੋ ਸਾਲ ਬਾਦ ਆਈਂ। ਵੱਡੇ ਭਰਾ ਨੂੰ ਪੁੱਛਿਆ - ਹੁਣ ਕੀ ਕਰਾਂ ? ਉਸਨੇ ਕਿਹਾ - ਦੋ ਸਾਲ ਬਾਪੂ ਨਾਲ ਖੇਤੀ ਕਰਾ, ਹੋਰ ਕੀ ਕਰਨੈ ? ਮੈਂ ਬਥੇਰਾ ਕਿਹਾ ਕਿ ਫੇਰ ਤਾਂ ਮੈਂ ਇਹ ਵੀ ਭੁੱਲ ਜਾਊਂ ਜੋ ਹੁਣ ਪੜ੍ਹਿਆ ਹੈ ? ਪਰ ਹੋਰ ਚਾਰਾ ਈ ਨੀਂ ਜਦੋਂ ਕੋਈ।

ਮੈਂ ਦਿਲ ਨਹੀਂ ਛੱਡਿਆ। ਨਾਨਕਾ ਘਰ ਚੰਗਾ ਖਾਂਦਾ ਪੀਂਦਾ ਸੀ। ਵੱਡਾ ਮਾਮਾ ਅਨਪੜ੍ਹ ਸੀ, ਉਸ ਨੂੰ ਕੀ ਪਤਾ ਮੈਰਿਟਾਂ ਡਿਵੀਜਨਾ ਦਾ। ਉਹਨੂੰ ਇਹ ਪਤਾ ਸੀ ਕਿ ਵੱਡਾ ਭਾਣਜਾ ਬੜਾ ਪੜ੍ਹਾਕੂ ਹੈ। ਮੈਂ ਜਾ ਕੇ ਖਬਰ ਦਿਤੀ - ਮੇਰੇ ਉਹਦੇ ਤੋਂ ਸਵਾਏ ਨੰਬਰ ਆਏ ਨੇ। ਬੜੇ ਖੁਸ਼ ਹੋਏ। ਰਾਤੀਂ ਰੋਟੀ ਖਾਕੇ ਸੌਣ ਵਾਸਤੇ ਛੱਤ ਉਪਰ ਚੜ੍ਹੇ। ਮੈਂ ਹੌਲੀ ਦੇ ਕੇ ਗੱਲ ਤੋਰੀ ਕਿ ਕਾਲਜ ਵਿਚ ਪੜ੍ਹਨੈ, ਪਟਿਆਲੇ, ਪੈਸੇ ਦਿਉ। ਸਵੇਰੇ ਮਾਮੀ ਚਾਹ ਦੇਣ ਆਈ, ਖੁਸ਼ ਲੱਗੀ, ਕਹਿੰਦੀ - ਦੋਹਤੇ, ਤੇਰੇ ਵਾਸਤੇ ਪੈਸਿਆਂ ਦਾ ਇੰਤਜਾਮ ਕਰ ਦਿਤੈ। ਤੇਰਾ ਮਾਮਾ ਤੈਨੂੰ ਪਟਿਆਲੇ ਛੱਡਣ ਜਾਊਗਾ। ਤੇਰੇ ਵਾਸਤੇ ਖਾਣ-ਪੀਣ ਦਾ ਸਮਾਨ ਵੀ ਇਕ ਪੀਪੇ ਵਿਚ ਪਾ ਦਿਤੈ। ਦੂਜੇ ਪੀਪੇ ਵਿਚ ਕੁਝ ਕੱਪੜੇ ਰੱਖ ਦਿਤੇ। ਸਿਲਵਾ ਉਥੇ ਲਈਂ। ਨਾਲੇ ਇਕ ਗੱਲ ਹੋਰ। ਤੈਨੂੰ ਕਮਰੇ ਦਾ ਕਿਰਾਇਆ ਨੀ ਦੇਣਾ ਪਊ। ਉਥੇ ਫਤਿਹਗੜ੍ਹੀਏ ਸਰਦਾਰ ਦੀ ਕੋਠੀ ਐ, ਤੇਰੇ ਮਾਮੇ ਨੂੰ ਪਤੈ। ਉਹ ਤੈਨੂੰ ਇਕ ਕਮਰਾ ਦੇ ਦੇਣਗੇ। ਸਰਦਾਰ ਦਾ ਇਕੋ ਮੁੰਡਾ ਹੈ ਲਾਲੀ, ਬੜਾ ਪੜ੍ਹਾਕੂ ਦਸੀਂਦੈ। ਮੇਮਾ ਨਾਲ ਫਰਲ ਫਰਲ ਅੰਗਰੇਜ਼ੀ ਬੋਲਦਾ ਤਾਂ ਮੈਂ ਵੀ ਦੇਖਿਐ। ਕੀ ਪਤਾ ਉਹਨੂੰ ਦੇਖ ਕੇ ਤੂੰ ਵੀ ਚੰਗਾ ਪੜ੍ਹਾਕੂ ਹੋ ਜਾਵੇਂ ? ਦੋਵੇਂ ਜਣੇ ਇਕ ਇਕ ਪੀਪਾ ਚੁੱਕ ਕੇ ਅਸੀਂ ਚੀਕੇ ਤੋਂ ਪਟਿਆਲੇ ਜਾਣ ਵਾਲੀ ਬਸ ਤੇ ਸਵਾਰ ਹੋ ਗਏ। ਪਹੁੰਚ ਗਏ ਲਾਲੀ ਦੇ ਘਰ। ਸਰਦਾਰ ਦਾ ਨਾਮ ਸੀ ਗੁਰਨਾਮ ਸਿੰਘ। ਮਾਮਾ ਉਸਨੂੰ ਚਾਚਾ ਕਹਿਕੇ ਬੁਲਾਉਂਦਾ ਸੀ। ਸੋ ਮੈਂ ਨਾਨਾ ਜੀ ਕਹਿਣਾ ਸ਼ੁਰੂ ਕਰ ਦਿਤਾ। ਜਦੋਂ ਕੰਮ ਦੱਸਿਆ ਤਾਂ ਕੋਠੀ ਦੇ ਬਾਹਰ ਤਬੇਲੇ ਵੱਲ ਉਂਗਲ ਕਰਕੇ ਕਿਹਾ - ਆਹ ਮੰਜੀ ਚੁੱਕ, ਉਥੇ ਧਰ

ਲੈ। ਨੌਕਰ ਚਾਕਰ ਨਹੀਂ ਇਥੇ ਕੋਈ। ਸਾਫ਼ ਸੂਫ ਕਰਕੇ ਡੇਰਾ ਜਮਾ ਲੈ। ਮਾਮੇ ਨੂੰ ਗੱਲ ਜਚੀ ਨਾ, ਕਿਹਾ – ਚਾਚਾ ਇਹ ਕਮਰੇ ਬੰਦ ਪਏ ਰਹਿੰਦੇ ਨੇ, ਇਨ੍ਹਾਂ ਚੋਂ ਦੇ ਦੇਹ ਇਕ ਕਮਰਾ ਭਾਣਜੇ ਨੂੰ ? ਸਰਦਾਰ ਨੇ ਕਿਹਾ – ਲਾਲੀ ਵਿਆਹਿਆ ਗਿਐ। ਹੁਣ ਤਾਂ ਇਥੇ ਆਉਣ ਵੇਲੇ ਮੈਂ ਵੀ ਦੁਚਿੱਤੀ ਵਿਚ ਹੁੰਨਾ। ਇਥੇ ਮੈਨੂੰ ਈ ਨਾ ਕਿਤੇ ਰਹਿਣ ਤੋਂ ਇਨਕਾਰ ਮਿਲ ਜਾਵੇ। ਨਵੇਂ ਜ਼ਮਾਨੇ ਦਾ ਤੈਨੂੰ ਪਤਾ ਨੀ ਰਾਮ ਸਿਆਂ। ਮੈਂ ਹੌਸਲਾ ਕਰਕੇ ਇਕ ਆਗਿਆ ਹੋਰ ਮੰਗੀ – ਨਾਨਾ ਜੀ ਮੈਨੂੰ ਪਤਾ ਲੱਗੈ ਇਹ ਹਵੇਲੀ ਬੰਦ ਪਈ ਰਹਿੰਦੀ ਐ। ਮੇਰਾ ਕੱਲੇ ਦਾ ਜੀਅ ਨੀਂ ਲੱਗਣਾ। ਪਿੰਡੋਂ ਅਪਣੇ ਇਕ ਦੋਸਤ ਨੂੰ ਲੈ ਆਵਾਂ ? ਤੁਸੀਂ ਇਹ ਸਮਝ ਲਇਓ ਕਿ ਰਖਵਾਲੀ ਵਾਸਤੇ ਇਕ ਦੀ ਥਾਂ ਦੋ ਪਹਿਰੇਦਾਰ ਮਿਲ ਗਏ, ਮੁਫ਼ਤ ਦੋ। ਉਹ ਹੱਸ ਪਿਆ, ਕਿਹਾ – ਕਾਕਾ ਜੇ ਕੋਈ ਮੁੰਡਾ ਪੜ੍ਹਾਕੂ ਹੈ ਬੇਸ਼ਕ ਲੈ ਆ। ਸਾਊ ਬਣਕੇ ਰਹਿਣਾ ਪੈਣੈ।

ਅਸੀਂ ਤਿੰਨੇ ਪੈਦਲ ਪਟਿਆਲਾ ਬਸ ਸਟੈਂਡ ਪੁੱਜੇ। ਸਰਦਾਰ ਆਪਣੇ ਪਿੰਡ ਫਤਿਹਗੜ੍ਹ, ਲਹਿਰੇਗਾਗੇ ਦੇ ਨੇੜੇ ਸੰਗਰੂਰ ਜਿਲ੍ਹੇ ਵੱਲ ਤੇ ਮਾਮਾ ਆਪਣੇ ਪਿੰਡ ਦੀ ਬਸ ਚੜ੍ਹ ਗਏ। ਮੈਂ ਆਪਣੇ ਪਿੰਡ ਆ ਗਿਆ। ਮਿਸਤਰੀਆਂ ਦਾ ਮੁੰਡਾ ਅਜੀਤ ਮੇਰਾ ਸਕੂਲ ਦਾ ਜੋਟੀਦਾਰ ਸੀ। ਅਸੀਂ ਇਕੱਠਿਆਂ ਦਸਵੀਂ ਕੀਤੀ। ਪੜ੍ਹਨ ਵਿਚ ਮੇਰੇ ਤੋਂ ਪਿੱਛੇ ਸੀ। ਬਾਪੂ ਨਾਲ ਸ਼ਾਹ ਦੇ ਆਰੇ ਉਪਰ ਕੰਮ ਕਰਨ ਲੱਗ ਪਿਆ ਸੀ। ਹੌਲੀ ਦੇ ਕੇ ਇਕ ਪਾਸੇ ਲਿਜਾਕੇ ਗੱਲ ਦੱਸੀ ਕਿ ਮੁਫਤ ਰਹਿਣ ਵਾਸਤੇ ਛੱਤ ਮਿਲ ਗਈ, ਚੱਲ ਦਾਖਲ ਹੋਈਏ। ਉਹਨੇ ਕਿਹਾ – ਆਹ ਸਾਈਕਲ ਚੁੱਕ, ਮੇਰੇ ਪਿੰਡ ਅਤਾਲਾਂ ਜਾਹ, ਮਾਂ ਨਾਲ ਗੱਲ ਕਰ। ਇਥੋਂ ਹੁਣ ਫੁੱਟ, ਬਾਪੂ ਸਮਝ ਰਿਹੈ ਤੂੰ ਕੰਮ ਵਿਚ ਵਿਘਨ ਪਾਉਣ ਆਇਐਂ, ਗੱਲਾਂ ਮਾਰਨ।

ਮੈਂ ਪਿੰਡ ਗਿਆ, ਮਾਂ ਨੇ ਤਾਂ ਮੰਨ ਈ ਜਾਣਾ ਸੀ, ਕਹਿਣ ਲੱਗੀ – ਭਾਪੇ ਅਗੇ ਮਿੰਨਤ ਤਰਲਾ ਕਰ ਦੇਖਾਂਗੀ, ਉਮੀਦ ਘੱਟ ਈ ਐ, ਪਰ ਦੇਖਦੇ ਆਂ ਕੀ ਬਣਦੈ। ਕੱਲ੍ਹ ਨੂੰ ਅਜੀਤ ਤੈਨੂੰ ਦੱਸ ਦਏਗਾ। ਮੈਂ ਕਿਹਾ – ਇਕ ਵਾਰ ਦੀ ਫੀਸ ਭਰ ਦਿਉ, ਛੇ ਮਹੀਨੇ ਦੀ ਫੀਸ 83 ਰੁਪਏ ਹੈ। ਫੇਰ ਅਸੀਂ ਮਾਫ ਕਰਵਾਲਾਂਗੇ, ਨਾਲੇ ਟਿਉਸ਼ਨਾ ਕਰਿਆ ਕਰਾਂਗੇ। ਖੁਸ਼ ਅਜੀਤ ਨੇ ਅਗਲੇ ਦਿਨ ਖਬਰ ਦਿਤੀ ਕਿ ਚੱਲਾਂਗੇ। ਮੁਸ਼ਕਲ ਬੜੀ ਆਈ, ਪਰ ਆਖਰ ਬਾਪੂ ਨੂੰ ਮਨਾ ਈ ਲਿਆ। ਉਹ ਇਹੀ ਆਖੀ ਜਾਂਦਾ ਸੀ – ਮੈਨੂੰ ਇਕ ਸਹਾਰਾ ਮਿਲਿਆ ਸੀ ਹੱਥ ਵਟਾਉਣ ਵਾਲਾ, ਹੁਣ ਇਹ ਵੀ ਚੱਲਿਐ।

ਬੱਸ ਫੜੀ ਤੇ ਆ ਉਤਰੇ ਰਾਜਿੰਦਰਾ ਹਸਪਤਾਲ ਦੀ ਚੁੰਗੀ ਉਪਰ। ਰਿਕਸ਼ੇ ਵਾਲੇ ਨੂੰ ਬਹੇੜਾ ਰੋਡ ਜਾਣ ਲਈ ਕਿਹਾ, ਉਸਨੇ ਬਾਰਾਂ ਆਨੇ ਮੰਗੇ। ਅਜੀਤ ਨੇ ਕਿਹਾ – ਚਲਾ ਮੈਂ ਲੈਨਾ, ਤੂੰ ਪਿਛੇ ਬੈਠ, ਅੱਠ ਆਨੇ ਦਿਆਂਗੇ। ਰਿਕਸ਼ੇ ਵਾਲਾ ਹੱਸ ਪਿਆ, ਕਿਹਾ – ਰਿਕਸ਼ਾ ਚਲਾਉਣਾ ਖੇਡ ਨਈਂ। ਪਰ ਚਲੋ ਅਠੰਨੀ ਓ ਸਹੀ। ਅਸੀਂ ਅਪਣੇ ਸੁਫਨਿਆਂ ਦੇ ਦੇਸ ਵਿਚ ਪੁੱਜ ਗਏ। ਉਹ ਦੂਜੀ ਵਾਰੀ ਪਿੰਡੋਂ ਆਪਣਾ ਸਾਈਕਲ ਲੈ ਆਇਆ, ਦੋਹਾਂ ਕੋਲ ਇਕੋ ਸਾਈਕਲ ਸੀ। ਮੈਂ ਮੈਡੀਕਲ ਵਿਚ ਦਾਖਲ ਹੋ ਗਿਆ ਅਜੀਤ ਆਰਟਸ ਵਿਚ। ਪਹਿਲੀ ਵਾਰ ਮਹਿੰਦਰਾ ਕਾਲਜ ਦੇਖਿਆ ਤਾਂ ਲੱਗਾ, ਇਥੇ ਦਾਖਲ ਹੋਣ ਵਾਲਾ ਮਹਾਨ ਹੁੰਦਾ ਹੈ ਭਾਵੇਂ ਜੇਬ ਵਿਚ ਦੁਆਨੀ ਨਾ ਹੋਵੇ।

ਲਾਲੀ ਦਾ ਸਹੁਰਾ ਘਰ ਪਟਿਆਲਾ ਹੀ ਸੀ। ਆਪਣੀ ਪਤਨੀ ਨਾਲ ਤਾਂ ਬਹੇੜਾ ਰੋਡ ਘੱਟ ਈ ਆਉਂਦਾ, ਦੋਸਤਾਂ ਦੇ ਕਾਫਲੇ ਹੀ ਬਹੁਤੀ ਵਾਰ ਦਿਖਾਈ ਦਿੰਦੇ। ਸਰਦਾਰ ਪਿੰਡ ਰਹਿੰਦਾ, ਕਦੀ ਕਦਾਈਂ ਮਹੀਨੇ ਦੋ ਮਹੀਨੇ ਬਾਦ ਦੋ ਚਾਰ ਦਿਨ ਰਹਿ ਕੇ ਵਾਪਸ ਪਰਤ ਜਾਂਦਾ। ਪਟਿਆਲੇ ਦੇ ਨੇੜੇ ਨਾਭਾ ਰੋਡ ਉਤੇ ਛੇ ਏਕੜ ਜ਼ਮੀਨ ਸੀ। ਲੈਂਡ ਸੀਲਿੰਗ ਐਕਟ ਤੋਂ ਪਹਿਲਾਂ ਸਾਰਾ ਪਿੰਡ ਫਤਿਹਗੜ੍ਹ ਉਸੇ ਦਾ ਸੀ ਪਰ ਸੀਲਿੰਗ ਪਿਛੋਂ ਵੀ ਘੱਟ ਕੀਮਤ ਪੁਆ ਕੇ 200 ਏਕੜ ਬਚਾ ਲਏ ਸਨ। ਪਿੰਡ ਦੀ ਹਵੇਲੀ ਇਕ ਕਿਲ੍ਹਾ ਸੀ, ਉਚੇ ਥਾਂ ਉੱਪਰ ਉਸਰਿਆ ਕਿਲ੍ਹਾ। ਅਸੀਂ ਪਟਿਆਲੇ ਆਪ ਰੋਟੀ ਪਕਾਉਂਦੇ। ਦਾਲ ਜਾਂ ਸਬਜੀ, ਜੋ ਸਵੇਰੇ ਖਾ ਕੇ ਜਾਂਦੇ, ਉਹੀ ਸ਼ਾਮ ਨੂੰ। ਦਿਨ ਇਸੇ ਤਰ੍ਹਾਂ ਬੀਤਦਾ। ਇਸ ਤਬੇਲੇ ਦੀ ਖੁਰਲੀ ਵਿਚ ਅਸੀਂ ਮਿੱਟੀ ਪਾ ਦਿੱਤੀ। ਉਪਰ ਇਕ ਤਹਿ ਇੱਟਾਂ ਦੀ ਵਿਛਾ ਕੇ, ਅਖਬਾਰਾਂ ਨਾਲ ਢਕ ਦਿਤੀ। ਇਹੀ ਸਾਡਾ ਕੁਕਿੰਗ ਰੇਂਜ, ਇਹੀ ਡਾਇਨਿੰਗ ਟੇਬਲ। ਇਕ ਸਟੋਵ, ਚਾਰ ਕੌਲੀਆਂ, ਚਾਰ ਗਲਾਸ, ਅਜੀਤ ਹੱਸਦਾ – ਸਮਾਜਵਾਦ ਆ ਗਿਆ। ਮੱਝਾਂ ਅਤੇ ਬੰਦਿਆਂ ਦਾ ਡਾਇਨਿੰਗ ਟੇਬਲ ਇੱਕੋ। ਆਰਥਕ ਬਰਾਬਰੀ।

ਸੁਰਜੀਤ ਪਾਤਰ ਦੇ ਸ਼ਬਦਾਂ ਵਿੱਚ – ਉਹਦਾ 'ਪਿਛਲੇ ਜਨਮ' ਦਾ ਨਾਮ ਹਰਦਿਲਜੀਤ ਸਿੰਘ ਸਿੱਧੂ ਸੀ, ਵੱਡੇ ਜਗੀਰਦਾਰ ਦਾ ਪੁੱਤਰ, ਪਰ ਆਪਣੇ ਰਾਜਭਾਗ ਨੂੰ ਤਿਆਗ ਕੇ ਨਿਕਲਿਆ ਹੋਇਆ ਅਜੋਕਾ ਸਿਧਾਰਥ। ਅੰਗਰੇਜ਼ੀ ਦੀ ਐਮ.ਏ., ਦਿੱਲੀ ਦੱਖਣ ਘੁੰਮਿਆ ਹੋਇਆ। ਬੰਬਈ ਦੀ ਮਾਇਆ ਨਗਰੀ

www.punjabilibrary.com

ਦੀ ਵੀ ਥਾਹ ਪਾ ਆਇਆ ਸੀ ਤੇ ਕਲਕੱਤਾ ਯੂਨੀਵਰਸਿਟੀ ਵਿਚ ਬੰਗਾਲੀ ਦਾਨਿਸ਼ਵਰਾਂ ਨਾਲ ਵੀ ਗੋਸ਼ਟਾਂ ਰਚਾ ਆਇਆ ਸੀ। ਅਧਿਆਪਕਾ ਡਾ. ਦਲੀਪ ਕੌਰ ਟਿਵਾਣਾ ਆਪਣੇ ਪਰਿਵਾਰ ਦੇ ਜੀਆਂ ਵਾਂਗ ਹੀ ਸਮਝਦੇ ਸਨ, ਉਨ੍ਹਾਂ ਸਾਨੂੰ ਮੋਹ ਅਤੇ ਅਪਣੱਤ ਨਾਲ ਭਰ ਦਿੱਤਾ। ਉਨ੍ਹਾਂ ਨੇ ਹੀ ਮੈਨੂੰ ਲਾਲੀ ਨਾਲ ਮਿਲਿਆਇਆ ਸੀ; ਲਾਲੀ, ਇਹ ਸੁਰਜੀਤ ਐ, ਮੇਰਾ ਵਿਦਿਆਰਥੀ, ਇਹ ਵੀ ਤੁਹਾਡੇ ਹੀ ਕਬੀਲੇ ਦਾ ਬੰਦਾ ਹੈ। ਇਕ ਸ਼ਾਮ ਲਾਲੀ ਕਹਿਣ ਲੱਗਾ - ਚੱਲ ਕਵੀ, ਸ਼ਹਿਰ ਚੱਲੀਏ। ਪਟਿਆਲਾ ਸ਼ਹਿਰ ਯੂਨੀਵਰਸਿਟੀ ਤੋਂ ਸੱਤ ਕੁ ਕਿਲੋਮੀਟਰ ਦੂਰ ਹੈ। ਪਾਤਰ ਨੇ ਕਿਹਾ– ਲਾਲੀ ਜੀ, ਪੈਦਲ ਈ ? ਕਹਿਣ ਲੱਗਾ - ਨਹੀਂ, ਕਥਾ ਤੇ ਸਵਾਰ ਹੋ ਕੇ ਚੱਲਾਂਗੇ। ਉਸ ਦਿਨ ਤੋਂ ਬਾਅਦ ਪੈਰ ਜ਼ਮੀਨ ਤੇ ਨਹੀਂ ਲੱਗੇ। ਸਦਾ ਕਥਾ ਤੇ ਸਵਾਰ ਰਿਹਾ। ਦੁਨੀਆਂ ਦੀਆਂ ਮਹਾਨ ਕਿਤਾਬਾਂ ਪੜ੍ਹਨ ਵਿਚ ਦਿਨ ਰਾਤ ਰੁੱਝੇ ਹੋਏ, ਨਾਵਲਾਂ ਕਹਾਣੀਆਂ ਦੇ ਪਾਤਰਾਂ ਨੂੰ ਜਿਵੇਂ ਨਾਲ ਨਾਲ ਲਈ ਫਿਰਦੇ। ਵਿਸ਼ਵ ਸਾਹਿਤ ਤੋਂ ਉਰੇ ਦੀ ਗੱਲ ਨਹੀਂ ਕਰਦੇ ਸੀ। ਲੋਰਕਾ, ਸੋਫ਼ੋਕਲੀਜ਼, ਸਾਰਤਰ, ਕਾਮੂ ਓਥੇ ਇਉਂ ਹੀ ਸਨ ਜਿਵੇਂ ਕਪੂਰਥਲੇ ਬਾਵਾ ਬਲਵੰਤ, ਹਰਿਭਜਨ ਸਿੰਘ, ਸ਼ਿਵ ਕੁਮਾਰ, ਮੀਸ਼ਾ ਹੁੰਦੇ ਸੀ।

ਬ੍ਰੈਖ਼ਤ, ਨੇਰੂਦਾ, ਪਾਜ਼ ਪਹਿਲਾਂ ਪਹਿਲ ਲਾਇਬ੍ਰੇਰੀ ਦੀਆਂ ਸ਼ੈਲਫ਼ਾਂ ‘ਤੇ ਨਹੀਂ ਮਿਲੇ, ਪਾਤਰ ਨੂੰ ਪਟਿਆਲੇ ਦੀਆਂ ਗਲੀਆਂ ਬਾਜ਼ਾਰਾਂ ਵਿਚ ਲਾਲੀ ਨਾਲ ਤੁਰੇ ਫਿਰਦਿਆਂ ਮਿਲੇ । ਲਾਲੀ ਰਾਤ ਦਿਨ ਨਾਵਲਕਾਰਾਂ ਦੇ ਕਿਰਦਾਰਾਂ ਤੇ ਕਵੀਆਂ ਦੇ ਬਿੰਬਾਂ ਵਿਚਕਾਰ ਰਹਿੰਦਾ। ਉਸ ਦਾ ਹਰ ਵਾਕ ਕਵਿਤਾ, ਸਿਆਣਪ ਜਾਂ ਵਿਨੋਦ ਨਾਲ ਜਗਦਾ ਹੁੰਦਾ। ਉਸ ਨਾਲ ਤੁਰਨ ਦਾ ਮਤਲਬ ਸੀ ਕਲਪਨਾ ਦੀਆਂ ਗਲੀਆਂ ਵਿਚੋਂ ਲੰਘਣਾ ਜਿੱਥੇ ਸੁਪਨਾ, ਅਸਲੀਅਤ, ਦੇਸ ਬਿਦੇਸ ਸਾਰੇ ਇਕੱਠੇ ਰਹਿੰਦੇ। ਉਹ ਕਦੀ ਵੀ ਕਿਤੇ ਵੀ ਧੂਣੀ ਬਾਲ ਲੈਂਦਾ, ਕਿਤੇ ਸਿਵਾ ਜਗਾ ਲੈਂਦਾ ਤੇ ਕਿਰਦਾਰਾਂ ਤੇ ਗਾਥਾਵਾਂ ਨੂੰ ਪ੍ਰਗਟ ਕਰ ਲੈਂਦਾ। ਉਹ ਆਪਣੀਆਂ ਗੱਲਾਂ ਨਾਲ ਦੁਪਹਿਰਾਂ ਨੂੰ ਸ਼ਾਮਾਂ ਵਿਚ ਬਦਲ ਦਿੰਦਾ, ਸ਼ਾਮਾਂ ਨੂੰ ਡੂੰਘੀਆਂ ਰਾਤਾਂ ਵਿਚ ਤੇ ਡੂੰਘੀਆਂ ਰਾਤਾਂ ਨੂੰ ਸਵੇਰਾਂ ਵਿਚ।

ਇਕ ਵਾਰ ਪਾਤਰ ਕੋਲ ਮੋਹਨਜੀਤ ਆਇਆ ਹੋਇਆ ਸੀ; ਹੋਸਟਲ ਦੇ ਕਮਰੇ ਵਿਚ ਰਾਤ ਨੂੰ ਗਿਆਰਾਂ ਕੁ ਵਜੇ ਬੱਤੀ ਬੁਝਾ ਕੇ ਰਜਾਈਆਂ ਵਿਚ ਵੜੇ ਹੀ ਸਨ ਕਿ ਦਰਵਾਜ਼ੇ ਤੇ ਦਸਤਕ ਹੋਈ ਤੇ ਆਵਾਜ਼ ਆਈ :

–ਕਿਉ ਬਈ ? ਕਬਰਾਂ ਚ ਪੈਣ ਲੱਗੇ ਓਂ, ਉਏ ਕਬਰਾਂ ਤਾਂ ਵੀਹ ਵਰ੍ਹੇ ਡੂੰਘੀਆਂ ਹੋ ਗਈਆਂ। ਕਬਰਾਂ ਤੇ ਕੋਈ ਦੀਵਾ ਈ ਜਗਾ ਦਿਓ ...। ਬੱਤੀ ਜਗਾਈ, ਦਰਵਾਜ਼ਾ ਖੋਲ੍ਹਿਆ, ਲਾਲੀ ਸਾਹਿਬ ਖੜ੍ਹੇ ਹਨ - ਸਟੋਵ ਬਾਲ ਕਵੀ, ਤੱਤਾ ਪਾਣੀ ਧਰ, ਅਲਖ ਜਗਾਈਏ, ਬੜੀ ਉਦਾਸ ਹੈ ਰਾਤ।

ਪੜੇ ਮਜ਼ਾਰ ਪੇ ਕੁਛ ਹੈਂ ਦੀਏ ਯੇ ਟੂਟੇ ਹੂਏ
ਇਨ੍ਹੀਂ ਸੇ ਕਾਮ ਚਲਾਓ, ਬੜੀ ਉਦਾਸ ਹੈ ਰਾਤ।

–ਇਹ 1967 ਦੀ ਗੱਲ ਹੈ, ਸ਼ਾਇਦ। ਓਦੋਂ ਵੀਹ ਸਾਲ ਹੋਏ ਸਨ ਪੰਜਾਬ ਦੇ ਬਟਵਾਰੇ ਨੂੰ, 20 ਵਰ੍ਹੇ ਡੂੰਘੀਆਂ ਕਬਰਾਂ ਦਾ ਇਸ਼ਾਰਾ ਏਹੀ ਸੀ। ਫ਼ਿਰਾਕ ਗੋਰਖਪੁਰੀ ਦੀ ਉਦਾਸ ਰਾਤ ਤੋਂ ਸ਼ੁਰੂ ਹੋਈ ਲਾਲੀ ਦੀ ਗੱਲ ਸੁਖਬੀਰ ਦੀ ਰਾਤ ਦੇ ਚਿਹਰੇ ਤੱਕ ਪਹੁੰਚ ਗਈ, ਓਥੋਂ ਗੁਲਜ਼ਾਰ ਦੀ ਚੌਰਸ ਰਾਤ ਤੱਕ, ਗੁਲਜ਼ਾਰ ਤੋਂ ਗੱਲ ਬੰਬਈ ਫ਼ਿਲਮ ਉਦਯੋਗ ਵੱਲ ਮੁੜਨ ਲੱਗੀ ਸੀ ਪਰ ਰਾਹ ਵਿਚ ਲਾਹੌਰ ਆ ਗਿਆ, ਲਾਹੌਰ ਦੀਆਂ ਪੰਜਾਬੀ ਫਿਲਮਾਂ ਆ ਗਈਆਂ, ਇਕ ਵਾਰ ਫੇਰ ਵੀਹ ਵਰ੍ਹੇ ਡੂੰਘੀਆਂ ਕਬਰਾਂ ਕੋਲੋਂ ਲੰਘ ਕੇ ਬੰਬਈ ਆਈ, ਫਿਰ ਗੁਲਜ਼ਾਰ ਤੇ ਗੱਲ ਜ਼ਰਾ ਕੁ ਰੁਕ ਕੇ ਮੀਨਾ ਕੁਮਾਰੀ ਵੱਲ ਮੁੜ ਗਈ, ਮੀਨਾ ਕੁਮਾਰੀ ਤੋਂ ਮਧੂਬਾਲਾ, ਮਧੂਬਾਲਾ ਤੋਂ ਮੈਰੇਲਿਨ ਮਨਰੋ ਤੱਕ, ਮਨਰੋ ਤੋਂ ਅਮਰੀਕਾ ਦੀਆਂ ਫਿਲਮਾਂ ਤੱਕ, ਫਿਲਮਾਂ ਤੋਂ ਚਾਰਲੀ ਚੈਪਲਿਨ ਤੱਕ, ਚਾਰਲੀ ਚੈਪਲਨ ਤੋਂ ਉਸ ਦੀ ਫ਼ਿਲਮ *ਗ੍ਰੇਟ ਡਿਕਟੇਟਰ* ਤੱਕ, ਗਲੋਬ ਨੂੰ ਫੁੱਟਬਾਲ ਬਣਾ ਕੇ ਖੇਡ ਰਹੇ ਹਿਟਲਰ ਤੱਕ, ਓਹੀ ਫੁੱਟਬਾਲ ਉਡਿਆ, ਹੋਸਟਲ ਦੇ ਉਪਰੋਂ ਦੀ, ਪੂਰਬ ਵਿਚ ਸੂਰਜ ਬਣ ਕੇ ਚੜ੍ਹ ਗਿਆ, ਇਉਂ ਸਵੇਰ ਹੋਈ, ਲਾਲੀ, ਕਥਾ ਦੇ ਉੱਡਣ ਖਟੋਲੇ ਤੇ ਸਵਾਰ ਕਰਾ ਕੇ ਇਕ ਰਾਤ ਵਿਚ ਪਤਾ ਨਹੀਂ ਕਿਹੜੇ ਕਿਹੜੇ ਜਹਾਨ ਦਿਖਾ ਲਿਆਇਆ। ਇਕ ਸ਼ਾਮ ਉਹ ਨੀਤਸ਼ੇ ਦੀ ਮਸ਼ਹੂਰ ਪੁਸਤਕ *ਦਸ ਸਪੇਕ ਜ਼ਰਦੁਸਤ* ਦਾ ਉਰਦੂ ਅਨੁਵਾਦ ਲੈ ਆਇਆ : *ਜ਼ਰਦੁਸਤ ਨੇ ਕਹਾ ਥਾ,* ਤਿੰਨ ਰਾਤਾਂ ਵਿਚ ਉਸ ਦਾ ਸਾਰਾ ਪਾਠ ਪੜ੍ਹ ਕੇ ਸੁਣਾਇਆ। ਲਾਲੀ ਦੀ ਸਿਰਜਣਾ ਸ਼ਕਤੀ, ਚੇਤਾ,

www.punjabilibrary.com

ਹਾਜ਼ਰ-ਜਵਾਬੀ ਕਮਾਲ ਸੀ। ਉਹ ਆਪਣੀਆਂ ਗੱਲਾਂ ਨਾਲ ਤ੍ਰੈਕਾਲ ਦਰਸ਼ਨ ਕਰਾ ਦਿੰਦਾ। ਇਤਿਹਾਸ, ਮਿਥਿਹਾਸ, ਮਹਾਂਨਗਰੀਆਂ, ਮਹਾਂਕਾਵਿ, ਬ੍ਰਹਿਮੰਡ, ਇਕ ਛਿਣ ਦਾ ਵਿਰਾਟ ਰੂਪ ...।

ਲਾਲੀ ਨੂੰ ਇਕ ਵਾਰ ਪਾਤਰ ਨੇ ਪੁੱਛਿਆ- ਤੁਸੀਂ ਕੁਝ ਲਿਖਦੇ ਕਿਉਂ ਨਹੀਂ ?

– ਮੈਂ ਕਿਵੇਂ ਲਿਖਾਂ, ਮੇਰੇ ਇਕ ਪਾਸੇ ਬੁੱਲ੍ਹੇ ਸ਼ਾਹ ਖੜ੍ਹਾ, ਕਹਿੰਦਾ ਦਿਖਾ ਖਾਂ ਕੀ ਲਿਖਿਆ ? ਦੂਜੇ ਪਾਸੇ ਬਾਬੇ ਖੜ੍ਹੇ ਐ।

ਲਾਲੀ ਦਾ ਇਕ ਮਾਮਾ ਬਹੁਤ ਪੜ੍ਹਿਆ ਲਿਖਿਆ ਸੀ, ਉਸ ਦੇ ਇਕ ਹੱਥ ਵਿਚ ਜਾਮ ਹੁੰਦਾ ਤੇ ਦੂਜੇ ਹੱਥ ਵਿਚ ਕਿਤਾਬ। ਜਦੋਂ ਲਾਲੀ ਬੀ.ਏ. ਵਿਚ ਪੜ੍ਹਦਾ ਸੀ ਤਾਂ ਇਕ ਕਹਾਣੀ ਲਿਖ ਕੇ ਉਹਨੂੰ ਦਿਖਾਉਣ ਗਿਆ। ਪੜ੍ਹ ਕੇ ਕਹਿਣ ਲੱਗਾ – ਜਦੋਂ ਕੁਝ ਦੋਸਤੋਵਸਕੀ ਵਰਗਾ ਲਿਖ ਸਕੇਂ ਤਾਂ ਮੇਰੇ ਕੋਲ ਲੈ ਕੇ ਆਈਂ।

ਇਕ ਸ਼ਾਮ ਲਾਲੀ, ਪਾਤਰ ਨੂੰ ਪ੍ਰੋਫੈਸਰ ਰਾਜ਼ਦਾਂ ਦੇ ਡੇਰੇ ਲੈ ਗਿਆ, ਨਵੀਆਂ ਨਵੇਲੀਆਂ ਕਿਤਾਬਾਂ ਨਾਲ ਭਰਿਆ ਘਰ, ਮੋਹ ਭਰੀਆਂ ਨਿਰਮਲ ਹੱਸਦੀਆਂ ਅੱਖਾਂ ਵਾਲਾ ਚੰਚਲ ਤੇ ਪਵਿੱਤਰ ਜਿਹੇ ਹਾਸੇ ਵਾਲਾ ਰਾਜ਼ਦਾਂ, ਕੱਚ ਦੇ ਗਲਾਸਾਂ ਵਿਚ ਸੋਨ ਰੰਗਾ ਪਾਗਲ ਪਾਣੀ, ਪਾਣੀ ਦੀ ਘੁੰਮਣਘੇਰੀ ਵਾਂਗ ਘੁੰਮ ਰਿਹਾ ਐਲ.ਪੀ., ਯਹੂਦੀ ਧੁਨਾਂ (ਜੀਊਇਸ਼ ਮੈਲੋਡੀਜ਼)। ਉਨ੍ਹਾਂ ਧੁਨਾਂ ਨੂੰ ਅੱਖਾਂ ਮੀਟ ਕੇ ਸੁਣਨ ਲੱਗੇ ਤਾਂ ਉਹ ਅਜੀਬ ਦ੍ਰਿਸ਼ਾਂ ਵਿਚ ਅਨੁਵਾਦ ਹੋਣ ਲੱਗੀਆਂ।''

×××

ਪੜ੍ਹਨ ਲਿਖਣ ਦਾ ਕੰਮ ਸ਼ੁਰੂ ਕਰ ਦਿਤਾ ਸੀ, ਦੋ ਕੁ ਮਹੀਨਿਆਂ ਬਾਦ ਲਾਲੀ ਦਾ ਪਾਪਾ ਪਿੰਡੋਂ ਆ ਗਿਆ। ਪੁੱਛਿਆ – ਕਿਵੇਂ ਓ ਬਈ ਮੁੰਡਿਓ ? ਅਸੀਂ ਕਿਹਾ – ਠੀਕ ਹਾਂ ਜੀ। ਫਿਰ ਪੁੱਛਿਆ – ਪਟਿਆਲਾ ਦੇਖਿਆ ? ਅਸੀਂ ਹਾਂ ਵਿਚ ਸਿਰ ਹਿਲਾਏ। -ਕੀ ਕੀ ਦੇਖਿਆ ? ਉੱਤਰ – ਮਾਲ ਰੋਡ, ਬਾਰਾਂਦਰੀ ਬਾਗ, ਕਿਲਾ ਮੁਬਾਰਕ, ਅਦਾਲਤ ਬਾਜ਼ਾਰ, ਮੋਤੀ ਮਹਿਲ। ਫਿਲਮ ਨਹੀਂ ਦੇਖੀ। ਇਹ ਚੰਗੀ ਚੀਜ਼ ਨਹੀਂ ਹੁੰਦੀ। ਹੱਸ ਪਿਆ – ਮੈਨੂੰ ਪਤਾ ਸੀ ਇਹੋ ਜਵਾਬ ਦਿਉਗੇ। ਪਾਸ ਹੋਣ ਜੋਗੇ ਨੰਬਰ ਨਹੀਂ ਮਿਲੇ ਤੁਹਾਨੂੰ। ਜਿਸ ਨੂੰ ਤੁਸੀਂ ਪਟਿਆਲਾ ਸਮਝਿਆ, ਇਹ ਤਾਂ ਉਹ ਥਾਂ ਹੈ ਜਿਥੇ ਪਟਿਆਲਾ ਰਹਿੰਦਾ ਹੈ, ਉਸ ਬਾਸ਼ਿੰਦੇ ਦਾ ਘਰ ਹੈ। ਥੋੜ੍ਹੇ ਕੁ ਦਿਨ ਰਹਾਂਗਾ ਤੁਹਾਡੇ ਕੋਲ। ਪਟਿਆਲਾ ਦਿਖਾਵਾਂਗਾ। ਠੀਕ ਐ? ਅਸੀਂ ਹਾਂ ਵਿਚ ਸਿਰ ਹਿਲਾਏ। ਕਿਹਾ – ਤੁਹਾਨੂੰ ਦਿਖਾਵਾਂਗਾ ਰਾਜ਼ਦਾਂ, ਬੇਦਾਰ, ਦਲੀਪ ਟਿਵਾਣਾ, ਵਿਸ਼ਵਨਾਥ ਤਿਵਾੜੀ, ਗੁਲਵੰਤ ਸਿੰਘ, ਗੰਡਾ ਸਿੰਘ, ਪ੍ਰੀਤਮ ਸਿੰਘ। ਮਿਲਾਂਗੇ ਉਸਤਾਦ ਬਾਕਰ ਹੁਸੈਨ ਨੂੰ, ਕੰਵਰ ਮ੍ਰਿਗੇਂਦਰ ਸਿੰਘ ਨੂੰ, ਮਹਾਰਾਜਾ ਯਾਦਵੇਂਦਰ ਸਿੰਘ ਨੂੰ, ਲਾਲ ਚੰਦ ਯਮਲਾ ਤੇ ਹਰਪਾਲ ਟਿਵਾਣੇ ਨੂੰ। ਭਲਵਾਨ ਕੇਸਰ ਸਿੰਘ ਦੀ ਹਵੇਲੀ ਚੱਲਾਂਗੇ। ਇਕ ਸ਼ਾਇਰ ਹੈ ਕੁਲਵੰਤ ਗਰੇਵਾਲ। ਇਕ ਜੋਗਿੰਦਰ ਸਿੰਘ ਹੈ, ਉਸ ਵਰਗੀ ਹੀਰ ਕਿਸ ਨੇ ਗਾਉਣੀ ਹੈ ? ਉਸਦਾ ਨਾਮ ਅਸੀਂ ਜੋਗਿੰਦਰ ਹੀਰ ਰੱਖ ਦਿਤੈ। ਸੁਣੇ ਇਹ ਨਾਮ ਕਦੀ? ਕਿਸੇ ਦਾ ਨਾਮ ਨਹੀਂ ਸੁਣਿਆ ਸੀ ਸਿਵਾਇ ਮੈਡਮ ਟਿਵਾਣਾ ਦੇ, ਜਿਨ੍ਹਾਂ ਦੀ ਕਹਾਣੀ *ਬਸ ਕੰਡਕਟਰ* ਦਸਵੀਂ ਦੀ ਪਾਠ ਪੋਥੀ ਵਿਚ ਲੱਗੀ ਹੋਈ ਸੀ। ਉਨ੍ਹਾਂ ਨੇ ਇਕ ਹੋਰ ਫੈਸਲਾ ਸੁਣਾਇਆ – ਰਿਕਸ਼ੇ, ਤਾਂਗੇ ਜਾਂ ਬੱਸ ਦੀ ਸਵਾਰੀ ਨਹੀਂ ਕਰਨ ਦਿਆਂਗਾ। ਪੈਦਲ ਚੱਲਣਾ ਪਵੇਗਾ, ਤਾਂ ਪਟਿਆਲਾ ਮਿਲੇਗਾ ਸਹਿਜੇ ਸਹਿਜੇ, ਮਨਜ਼ੂਰ ਐ ? ਗੁੰਗਿਆਂ ਬੋਲਿਆਂ ਵਾਂਗ ਹਾਂ ਵਿਚ ਸਿਰ ਹਿਲਾਏ। ਪੱਚੀ ਤੀਹ ਕਿਲੋ ਮੀਟਰ ਪੈਦਲ ਸਫ਼ਰ ਉਸ ਲਈ ਆਮ ਗੱਲ ਸੀ। ਜਦੋਂ ਇੱਕ ਪਿੰਡ ਤੋਂ ਦੂਜੇ ਪਿੰਡ ਜਾਂਦਾ ਨੌਕਰ, ਕੁੱਤਾ ਤੇ ਘੋੜਾ ਨਾਲ ਹੁੰਦੇ। ਸਵਾਰੀ ਨਹੀਂ ਕਰਦਾ ਸੀ, ਕਹਿ ਦਿੰਦਾ – ਜਦੋਂ ਥੱਕ ਗਿਆ ਤਾਂ ਸਵਾਰ ਹੋ ਜਾਵਾਂਗਾ। ਥਕਦਾ ਈ ਨਾਂ। ਮੈਂ ਉਸ ਨੂੰ ਘੋੜੇ ਦੀ ਕਾਠੀ ਤੇ ਸਵਾਰ ਕਦੇ ਨਹੀਂ ਦੇਖਿਆ। ਅਗੇ ਅਗੇ ਤੁਰਿਆ ਜਾ ਰਿਹਾ ਹੈ, ਬਾਕੀ ਸਭ ਪਿਛੇ ਪਿਛੇ।

ਉਦੋਂ ਤਾਂ ਬਹੁਤਾ ਈ ਸੁਹਣਾ ਲਗਦਾ ਹੁੰਦਾ, ਅੱਜ ਵੀ ਕਦੀ ਕਦਾਈਂ ਮਹਿੰਦਰਾ ਕਾਲਜ ਦੀ ਤੀਰਥ ਯਾਤਰਾ ਕਰਨ ਨੂੰ ਦਿਲ ਕਰਦਾ ਹੁੰਦਾ ਹੈ। ਖਰੜ ਦੇ ਵਿਧਾਇਕ ਮਰਹੂਮ ਸ੍ਰ. ਬਚਿੱਤਰ ਸਿੰਘ 1985 ਵਿਚ ਮੇਰੇ ਘਰ ਆਏ, ਚਾਹ ਪਾਣੀ ਤੋਂ ਬਾਦ ਕਹਿਣ ਲੱਗੇ – ਮਹਿੰਦਰਾ ਕਾਲਜ ਚੱਲਣਾ ਹੈ। ਮੈਂ ਉਨ੍ਹਾਂ ਨਾਲ ਕਾਰ ਵਿਚ ਬੈਠ ਗਿਆ। ਕਾਲਜ ਪੁਜੇ ਤਾਂ ਮੈਨੂੰ ਯਾਦ ਆਇਆ – ਉਹੋ ਅੱਜ ਤਾਂ ਛੁੱਟੀ ਹੈ। ਉਹ ਬੋਲੇ – ਤਾਂ ਹੀ ਤਾਂ ਆਇਆ ਹਾਂ ਜੇ ਛੁੱਟੀ ਹੈ। ਅਧਿਆਪਕ, ਵਿਦਿਆਰਥੀ ਨਹੀਂ ਦੇਖਣੇ,

www.punjabilibrary.com

ਕਾਲਜ ਦੇਖਣਾ ਹੈ। ਸੁਕਰ ਹੈ ਛੁੱਟੀ ਵਾਲੇ ਦਿਨ ਵੀ ਕਾਲਜ ਕਿਤੇ ਨਹੀਂ ਜਾਂਦਾ। ਮੈਂ ਇਥੋਂ ਪੜ੍ਹ ਕੇ ਗਿਆ ਸਾਂ। ਤੁਸੀਂ ਮੈਨੂੰ ਜੇਲ੍ਹ ਵਿਚ ਦੱਸਿਆ ਸੀ ਤੁਸੀਂ ਇਥੋਂ ਪੜ੍ਹੇ। ਆਉ ਅੱਜ ਇਕ ਗੇੜਾ ਲਾਈਏ।

ਮੈਂ ਸਰਦਾਰ ਨੂੰ ਪੁੱਛਿਆ- ਤੁਸੀਂ ਵੀ ਮਹਿੰਦਰਾ ਕਾਲਜ ਵਿਚ ਪੜ੍ਹੇ ? ਖੂਬ ਹੱਸਿਆ ''ਉਏ ਇਹ ਕਾਲਜ ਬਣਾਇਐ ਕਿਸੇ ਨੇ ? ਇਹ ਤਾਂ ਸਕੂਲ ਹੋਇਆ ਕਰਦਾ ਸੀ ਬਾਹਰਵੀਂ ਤੱਕ ਦਾ। ਇਕ ਦਿਨ ਸਰਕਾਰੀ ਚਿੱਠੀ ਆ ਗਈ ਕਿ ਅੱਗੋਂ ਤੋਂ ਇਹਨੂੰ ਸਕੂਲ ਨਾ ਕਿਹਾ ਕਰੋ, ਕਾਲਜ ਕਿਹਾ ਕਰੋ। ਐਂ ਕਹਿਣ ਨਾਲ, ਇਕ ਚਿਠੀ ਨਾਲ ਸਕੂਲ, ਕਾਲਜ ਬਣ ਜਾਇਐ ਕਰਦੈ ? ਚੀਫਜ਼ ਕਾਲਜ ਲਾਹੌਰੋਂ ਪੜ੍ਹਿਆ ਹਾਂ। ਅੰਦਰ ਆਉ ਜਰਾ। ਆਹ ਦਿਸਦੀਆਂ ਨੇ ਸ਼ੀਲਡਾਂ, ਕੱਪ ਅਤੇ ਟਰਾਫੀਆਂ ? ਕਤਾਰਾਂ ਦੀਆਂ ਕਤਾਰਾਂ। ਦੱਸੋ, ਕਾਨਸ ਤੇ ਬਚੀ ਹੈ ਕੋਈ ਥਾਂ ? ਵਿਦਵਤਾ ਦਾ ਕਦੇ ਦਾਅਵਾ ਨਹੀਂ ਕੀਤਾ। ਖੇਡਣ ਦੀ ਰੁਚੀ ਸੀ, ਸੋ ਹਾਕੀ ਦੀ ਕਪਤਾਨੀ ਕੀਤੀ। ਜਿਥੇ ਖੇਡਣ ਜਾਂਦੇ, ਜਦੋਂ ਪਤਾ ਲਗਦਾ ਫਤਿਹਗੜ੍ਹੀਏ ਨਾਲ ਟੱਕਰ ਹੋਵੇਗੀ, ਤਾਪ ਚੜ੍ਹ ਜਾਂਦਾ ਸੀ ਅਗਲਿਆਂ ਨੂੰ।

ਟੀਮ ਦੀ ਫੋਟੋ ਦੇਖੀ। ਮਹਾਰਾਜਾ ਯਾਦਵਿੰਦਰ ਸਿੰਘ ਬੈਠੇ ਸਨ। ਮੈਂ ਪੁੱਛਿਆ - ਵਧੀਆ ਖਿਡਾਰੀ ਸਨ ਮਹਾਰਾਜਾ ? ਹੱਸ ਪਿਆ - ਠੀਕ ਸਨ, ਟੀਮ ਵਿਚ ਪਾ ਲੈਂਦੇ ਸਾਂ, ਫਸਟ ਕਲਾਸ ਟਰੇਨ ਦੀਆਂ ਸੀਟਾਂ ਮਿਲਣਗੀਆਂ, ਉਨ੍ਹਾਂ ਕਰਕੇ ਆਲੀਸ਼ਾਨ ਹੋਟਲਾਂ ਵਿਚ ਰਹਿਣ ਦਾ ਬੰਦੋਬਸਤ ਹੋ ਜਾਂਦਾ।

ਉਹ ਹੱਸਦਾ ਤਾਂ ਜਿਵੇਂ ਝਰਨਾ ਫੁੱਟ ਪੈਂਦਾ, ਸਾਰਾ ਜਿਸਮ ਹੱਸਦਾ। ਇਹ ਲਫਜ਼ ਲਿਖਦਿਆਂ ਮੈਨੂੰ ਚੈਖਵ ਦਾ *ਵਾਨਕਾ* ਯਾਦ ਆ ਗਿਆ। ਆਪਣੇ ਬਾਬੇ ਨੂੰ ਲਿਖੇ ਖ਼ਤ ਵਿਚਲੇ ਵਾਕ ਹਨ, ''ਬਾਬਾ ਤੂੰ ਜਦੋਂ ਜੰਗਲ ਚੋਂ ਕ੍ਰਿਸਮਿਸ ਟ੍ਰੀ ਵੱਢਣ ਲਈ ਜਾਂਦਾ, ਮੈਂ ਵੀ ਤੇਰੇ ਨਾਲ ਤੁਰ ਪੈਂਦਾ। ਦਰਖਤ ਵਢਦਿਆਂ ਜਦੋਂ ਠੰਢ ਨਾਲ ਮੈਨੂੰ ਕੰਬਦਾ ਦੇਖਦਾ ਤਾਂ ਤੂੰ ਖੂਬ ਹੱਸਦਾ, ਤੇਰੇ ਨਾਲ ਸਾਰਾ ਜੰਗਲ ਹੱਸ ਪੈਂਦਾ।''

ਵਲਦਾਰ ਤਾਰਾਂ ਦੀਆਂ ਲੱਤਾਂ ਵਾਲੀ ਕੁਰਸੀ ਤੇ ਬੈਠਾ ਗੱਲਾ ਕਰਦਾ ਦੇਖਕੇ ਮੈਂ ਸੋਚਿਆ ਕਰਦਾ -ਮਹਾਰਾਜਾ ਰਣਜੀਤ ਸਿੰਘ ਦੀਆਂ ਦੋਵੇਂ ਅੱਖਾਂ ਕਾਇਮ ਰਹਿੰਦੀਆਂ ਤੇ ਚਿਹਰੇ ਉਪਰ ਚੇਚਕ ਦੇ ਦਾਗ ਨਾ ਹੁੰਦੇ ਤਾਂ ਬਿਲਕੁਲ ਇਸ ਤਰ੍ਹਾਂ ਦਾ ਹੋਣਾ ਸੀ। ਅੱਖਾਂ ਮਸ਼ਾਲਾਂ ਵਾਂਗ ਦਗਦੀਆਂ। ਇਹ ਨਹੀਂ ਕਿ ਗੁੱਸਾ ਨਹੀਂ ਆਉਂਦਾ ਸੀ। ਗੁੱਸੇ ਵਿਚ ਖੁਦ ਨੂੰ ਬੁਰਾ ਭਲਾ ਕਹਿਣ ਲਗਦਾ, ਜਿਸ ਉਪਰ ਕ੍ਰੋਧਵਾਨ ਹੈ, ਉਸਨੂੰ ਨਹੀਂ।

ਪਾਠਕੋ, ਮੇਰਾ ਪਿਛੋਕੜ ਅਤੇ ਇਸ ਸਰਦਾਰ ਦਾ ਪਿਛੋਕੜ ਦੇਖਦਿਆਂ ਤੁਹਾਨੂੰ ਖਿਆਲ ਆ ਸਕਦਾ ਹੈ ਕਿ ਅਸੀਂ ਉਸ ਤੋਂ ਡਰਦੇ ਹੋਈਏ। ਬਿਲਕੁਲ ਨਹੀਂ। ਮੇਰੇ ਬਾਪੂ ਜੀ ਝਾੜ ਝੰਬ ਵੀ ਕਰਦੇ, ਥੱਪੜ ਵੀ ਜੜ ਦਿੰਦੇ। ਸਰਦਾਰ ਤੋਂ ਡਰ ਤਾਂ ਕੀ ਲੱਗਣਾ ਸੀ ਸਗੋਂ ਅਸੀਂ ਇਸ ਦੇ ਘਰ ਰਹਿ ਕੇ ਅਪਣੇ ਆਪ ਨੂੰ ਸੁਰੱਖਿਅਤ ਸਮਝਦੇ। ਮੇਰੀ ਜਮਾਤ ਦਾ ਇਕ ਮੁੰਡਾ ਜਿਹੜਾ ਕਲਾਸ ਵਿਚ ਵੋਟਾਂ ਪੈਣ ਵੇਲੇ ਮੇਰੇ ਤੋਂ ਹਾਰ ਗਿਆ ਸੀ, ਮੈਨੂੰ ਅੱਖਾਂ ਦਿਖਾਉਣ ਲੱਗਾ। ਮੈਂ ਇਕ ਦਿਨ ਉਸਨੂੰ ਮਨਾ ਕੇ ਸਰਦਾਰ ਦੀ ਹਵੇਲੀ ਵਿਚ ਲੈ ਗਿਆ ਤੇ ਚਾਹ ਪਿਲਾਈ। ਉਸਦਾ ਪਿੰਡ ਸੰਗਤਪੁਰਾ ਸੀ, ਸਰਦਾਰ ਦੇ ਪਿੰਡ ਤੋਂ ਦੋ ਕੁ ਕਿਲੋਮੀਟਰ ਦੂਰ। ਸਰਦਾਰ ਨੇ ਮੁੰਡੇ ਨੂੰ ਬਾਪੂ ਦਾ ਨਾਮ ਪੁਛਿਆ, ਉਸਨੇ ਦੱਸਿਆ। ਸਰਦਾਰ ਨੇ ਕਿਹਾ - ਕਾਕੇ ਆਪਣੇ ਬਾਪੂ ਨੂੰ ਕਹੀਂ ਫਤਿਹਗੜ੍ਹੀਆ ਯਾਦ ਕਰਦਾ ਸੀ। ਮਿਲਣ ਕਿਉਂ ਨੀ ਆਉਂਦਾ ? ਉਹਨੂੰ ਪੁੱਛੀਂ ਮੇਰੇ ਨਾਲ ਉਹਦੀ ਕੀ ਸਾਂਝ ਸੀ। ਬਸ, ਇੰਨੀ ਕੁ ਗੱਲ, ਤੇਜਾ ਸਿੰਘ ਸਦਾ ਲਈ ਮੇਰਾ ਮਿੱਤਰ ਹੋ ਗਿਆ।

ਇਕ ਦਿਨ ਕਿਹਾ - ਬੜਾ ਰੌਲਾ ਪਾ ਰਖਿੱਐ ਜੁਆਕਾਂ ਨੇ ਬਈ ਲਾਲੀ ਬੜਾ ਪੜ੍ਹਾਕੂ ਐ, ਬਈ ਇਹਦੇ ਵਰਗਾ ਵਿਦਵਾਨ ਈ ਨੀ ਕੋਈ।ਕੋਈ ਵਰਕਾ ਮੈਨੂੰ ਦਿਖਾਉ ਤਾਂ ਸਹੀ ਇਸਦਾ ਲਿਖਿਆ ਛਪਿਆ ਜਿਸ ਕਰਕੇ ਕਿਧਰੇ ਹਲਚਲ ਹੋਈ ਹੋਵੇ। ਸ਼ੋਸ਼ੇਬਾਜ਼ ਨੇ ਇਹ ਅੱਜ ਕੱਲ੍ਹ ਦੇ ਛੋਕਰੇ। ਮੈਂ ਤਾਂ ਕਹਿਨਾ ਛਡੇ ਇਹ ਕਿਤਾਬਾਂ ਦਾ ਖੱਪਖਾਨਾ। ਇਹਨੂੰ ਜੀਪ ਲੈ ਦਿੰਨਾ। ਕੁੱਤੇ ਰੱਖੇ ਠਾਠ ਨਾਲ। ਪੰਜ ਚਾਰ ਬੰਦੂਕਾਂ ਵਾਲੇ ਬਿਠਾ ਲਿਆ ਕਰੇ ਆਪਣੇ ਨਾਲ। ਦਾਰੂ ਦੂਰੂ ਪੀ ਲਿਆ ਕਰੇ। ਅਕਲ ਤਾਂ ਆ ਜਾਏ ਮਾੜੀ ਮੋਟੀ ਇਹਨੂੰ। ਜਿਧਰ ਦੀ ਲੰਘੇ, ਲੋਕ ਕਿਹਾ ਤਾਂ ਕਰਨ, ਆਹ ਜਾ ਰਿਹੈ ਬਈ ਫਤਿਹਗੜ੍ਹੀਏ ਸਰਦਾਰ ਦਾ ਮੁੰਡਾ ਲਾਲੀ।

ਲੈਕਚਰਾਰ ਦੀ ਆਸਾਮੀ ਵਾਸਤੇ ਅਰਜ਼ੀਆਂ ਦੇਣ ਵਾਲਿਆਂ ਵਿਚ ਲਾਲੀ ਵੀ ਸੀ। ਦਫ਼ਤਰ ਨੇ ਵਾਈਸ-ਚਾਂਸਲਰ ਕ੍ਰਿਪਾਲ ਸਿੰਘ ਨਾਰੰਗ ਨੂੰ ਦੱਸਿਆ - ਹਰਦਿਲਜੀਤ ਸਿੰਘ ਸਿਧੂ (ਲਾਲੀ) ਇਸ ਆਸਾਮੀ

www.punjabilibrary.com

ਵਾਸਤੇ ਯੋਗਤਾਵਾਂ ਪੂਰੀਆਂ ਨਹੀਂ ਕਰਦੇ। ਨਾਰੰਗ ਨੇ ਕਿਹਾ - ਕੀ ਫਰਕ ਪੈਂਦੈ, ਆਪਾਂ ਕਿਹੜਾ ਰੱਖਣੈ, ਐਵੇਂ ਰੌਲਾ ਪਾਉਂਦਾ ਫਿਰੇਗਾ ਕਿ ਇੰਟਰਵਿਊ ਦਾ ਮੌਕਾ ਨਹੀਂ ਦਿਤਾ। ਬੁਲਾ ਲਉ। ਅੰਗਰੇਜ਼ੀ ਦਾ ਇਕ ਐਕਸਪਰਟ ਖੁਸ਼ਵੰਤ ਸਿੰਘ ਸੀ। ਲਾਲੀ ਦੀ ਵਾਰੀ ਆਈ। ਜਦੋਂ ਛਿੜ ਜਾਂਦਾ ਉਦੋਂ ਰੁਕਦਾ ਕਦੋਂ ? ਇਕੱਲਾ ਅੰਗਰੇਜ਼ੀ ਸਾਹਿਤ ਨਹੀਂ, ਜਰਮਨ, ਫਰਾਂਸੀਸੀ, ਰੂਸੀ ਸਾਹਿਤ, ਇਕੱਲਾ ਸਾਹਿਤ ਨਹੀਂ, ਪੇਟਿੰਗਜ਼, ਮਿਊਜ਼ਕ, ਫੋਕ। ਨਾਰੰਗ ਦਾ ਖਿਆਲ ਸੀ ਆਏਗਾ ਗੇੜਾ ਮਾਰ ਜਾਏਗਾ। ਜਦੋਂ ਜੱਜਮੈਂਟ ਹੋਈ, ਮਾਹਿਰਾਂ ਨੇ ਕਿਹਾ - ਹਰਦਿਲਜੀਤ। ਨਾਰੰਗ ਨੇ ਦੱਸਿਆ- ਇਹਦੀ ਮੁਢਲੀ ਯੋਗਤਾ ਪੂਰੀ ਨਹੀਂ। ਖੁਸਵੰਤ ਸਿੰਘ ਨੇ ਕਿਹਾ - ਅੰਗਰੇਜ਼ੀ ਦਾ ਬੰਦਾ ਰੱਖਣਾ ਹੈ ਨਾ, ਜਿਥੇ ਖੁਸਵੰਤ ਸਿੰਘ ਦਸਖਤ ਕਰੇਗਾ, ਯੋਗ ਮੰਨਿਆਂ ਜਾਏਗਾ। ਦਿਉ ਫਾਈਲ, ਦਸਖ਼ਤ ਕਰੀਏ। ਲਾਲੀ ਦੀ ਨਿਯੁਕਤੀ ਹੋਈ, ਕਿਸੇ ਨੇ ਕੋਟ ਕਚਹਿਰੀ ਦਾ ਦਰਵਾਜਾ ਨਾ ਖੜਕਾਇਆ।

ਮੈਂ ਹਰਜੀਤ ਗਿੱਲ ਨੂੰ ਮਿਲਣ ਚਲਾ ਗਿਆ। ਇਹ ਗੱਲ ਕੀਤੀ, ਹਸ ਪਿਆ- ਲਾਲੀ ਬਾਰੇ ਦੰਦ-ਕਥਾਵਾਂ ਘੜੀਆਂ ਗਈਆਂ ਹਨ। ਨੌਕਰੀ ਲੈਣ ਵਾਸਤੇ ਉਸਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਯੋਗਤਾਵਾਂ ਪੂਰੀਆਂ ਨਹੀਂ ਸਨ, ਪਰ ਨਾਰੰਗ ਨੇ ਵਿਰੋਧ ਨਹੀਂ ਕੀਤਾ। ਸੁਰਜੀਤ ਲੀ, ਜੋਗਿੰਦਰ ਪੁਆਰ ਅਤੇ ਭੂਪਿੰਦਰ ਸਿੰਘ ਯੋਗਤਾਵਾਂ ਪੂਰੀਆਂ ਕਰਦੇ ਸਨ, ਇਨ੍ਹਾਂ ਨੂੰ ਬਹੁਤ ਮੁਸ਼ਕਲਾਂ ਪੇਸ਼ ਆਈਆਂ। ਨਾਰੰਗ ਅਨੁਸਾਰ ਇਹ ਪੱਕੇ ਨਕਸਲਵਾਦੀ ਸਨ, ਸਿਰੇ ਦੇ ਖਤਰਨਾਕ। ਐਡਹਾਕ ਨੌਕਰੀ 6 ਮਹੀਨਿਆਂ ਲਈ ਦਿੱਤੀ ਜਾਇਆ ਕਰਦੀ ਹੈ, ਇਨ੍ਹਾਂ ਨੂੰ ਤਿੰਨ ਤਿੰਨ ਮਹੀਨੇ ਤੋਂ ਵਧੀਕ ਨਿਯੁਕਤੀ ਦੇ ਹੁਕਮ ਨਹੀਂ ਮਿਲਦੇ ਸਨ। ਕਿਉਂਕਿ ਲਾਲੀ ਕਮਿਊਨਿਸਟ ਨਹੀਂ ਸੀ ਉਸਨੂੰ ਬਹੁਤ ਆਰਾਮ ਨਾਲ ਨੌਕਰੀ ਮਿਲੀ।

ਲਾਲੀ ਜਾਇਨਿੰਗ ਰਿਪੋਰਟ ਦੇਣ ਗਿਆ ਮੁਖੀ ਗਿੱਲ ਨੂੰ ਕਹਿਣ ਲੱਗਾ- ਕਿਸੇ ਨੂੰ ਦੱਸਿਓ ਨਾ ਬਈ ਲਾਲੀ ਨੌਕਰ ਹੋ ਗਿਐ। ਮੇਰੇ ਭਾਈਚਾਰੇ ਵਿਚ ਮੇਰੀ ਬਦਨਾਮੀ ਹੋਵੇਗੀ, ਮਾਲਕ ਨੌਕਰ ਹੋ ਜਾਏ, ਇਹ ਗੱਲ ਸ਼ਰਮਨਾਕ ਹੈ।

ਗਿੱਲ ਨੇ ਕਿਹਾ - ਮੈਂ ਕਿਉਂ ਦੱਸਣਾ ਹੋਇਆ ਕਿਸੇ ਨੂੰ ?

ਲਾਲੀ - ਪਰ ਮੈਨੂੰ ਸਵੇਰੇ ਆ ਕੇ ਹਾਜਰੀ ਲਾ ਕੇ ਚਾਰ ਵਜੇ ਤੱਕ ਬੈਠਣਾ ਪਿਆ ਕਰੇਗਾ। ਪਤਾ ਤਾਂ ਲੱਗ ਜਾਣੈ।

ਗਿੱਲ - ਤੇਰੇ ਤੇ ਕੋਈ ਪਾਬੰਦੀ ਨਹੀਂ। ਤੈਨੂੰ ਕੋਈ ਨੌਕਰ ਨਹੀਂ ਸਮਝੇਗਾ, ਜਿਹੜਾ ਮਰਜ਼ੀ ਵਾਈਸ ਚਾਂਸਲਰ ਆ ਜਾਏ, ਤੈਨੂੰ ਨਹੀਂ ਟੋਕੇਗਾ।

ਇਉਂ ਲਾਲੀ ਉਮਰ ਭਰ ਮਾਲਕ ਰਿਹਾ।

ਲਾਲੀ ਨੂੰ ਮਿਲਣ ਆਇਆ ਇਕ ਮੁੰਡਾ ਗਿੱਲ ਦੇ ਕਮਰੇ ਵਿਚ ਗਿਆ, ਪੁੱਛਿਆ- ਲਾਲੀ ਕਿਥੇ ਐ ? ਗਿੱਲ ਨੇ ਕਿਹਾ- ਜੇ ਤੂੰ ਲਾਲੀ ਨੂੰ ਜਾਣਦੈਂ ਫਿਰ ਤੈਨੂੰ ਪਤਾ ਹੋਣਾ ਚਾਹੀਦੈ ਉਹ ਕਿਥੇ ਹੈ ਇਸ ਵੇਲੇ, ਜੇ ਨਹੀਂ ਜਾਣਦਾ, ਫਿਰ ਮਿਲਕੇ ਕੀ ਕਰੇਗਾ ?

ਡਾ ਭਗਤ ਸਿੰਘ ਵੀਸੀ ਕੋਲ ਲਾਲੀ ਵਿਰੁੱਧ ਕਿਸੇ ਚੁਗਲੀ ਕੀਤੀ, ਦੱਸਿਆ, ਕੰਮ ਨਹੀਂ ਕਰਦਾ, ਕਲਾਸ ਵਿਚ ਨਹੀਂ ਜਾਂਦਾ, ਦਰਖਤ ਹੇਠ ਬੈਠਾ ਗੱਲਾਂ ਕਰੀ ਜਾਂਦੈ ਫਜ਼ੂਲ। ਉਸ ਨੂੰ ਸਮਝਾਉਂ। ਭਗਤ ਸਿੰਘ ਨੇ ਕਿਹਾ- ਤੂੰ ਵੀ ਲਾਲੀ ਦੀ ਕਲਾਸ ਵਿਚ ਬੈਠਿਆ ਕਰ ਕਦੀ ਕਦਾਈਂ, ਤੈਨੂੰ ਵੀ ਅਕਲ ਆਏ। ਲਾਲੀ ਜਿਥੇ ਬੈਠਾ ਹੋਵੇ, ਉਹੀ ਕਲਾਸ ਰੂਮ ਹੈ। ਲਾਲੀ ਯੂਨੀਵਰਸਿਟੀ ਵਾਸਤੇ ਨਹੀ ਬਣਿਆਂ, ਉਸ ਵਾਸਤੇ ਯੂਨੀਵਰਸਿਟੀ ਬਣੀ ਹੈ।

ਹਰਜੀਤ ਗਿੱਲ ਕੋਲ ਕਿਸੇ ਨੇ ਸ਼ਿਕਾਇਤ ਕੀਤੀ - ਲਾਲੀ ਤੇ ਸੁਰਜੀਤ ਲੀ ਸਾਰਾ ਦਿਨ ਕਾਫ਼ੀ ਹਾਊਸ ਵਿਚ ਯੱਕੜ ਮਾਰਕੇ ਘਰ ਚਲੇ ਜਾਂਦੇ ਹਨ। ਤੁਸੀਂ ਵਿਭਾਗ ਵਿਚ ਬਿਠਾ ਕੇ ਕੰਮ ਕਰਨ ਲਈ ਕਿਉਂ ਨਹੀਂ ਕਹਿੰਦੇ ? ਗਿੱਲ ਨੇ ਕਿਹਾ - ਮਰ ਜਾਣ ਦੇ ਇਹਨਾ ਨੂੰ ਚਾਹ ਪੀ ਪੀ ਕੇ। ਇਥੇ ਬੈਠ ਕੇ ਕਿਹੜਾ ਕੰਮ ਕਰਨਗੇ ? ਇਨ੍ਹਾਂ ਦੀ ਗੈਰ ਹਾਜ਼ਰੀ ਵਿਚ ਮੈਂ ਤਾਂ ਕੰਮ ਕਰ ਲੈਨਾ। ਫੇਰ ਮੇਰੇ ਕੋਲ ਬੈਠੇ ਰਿਹਾ ਕਰਨਗੇ, ਮੈਨੂੰ ਵੀ ਕੰਮ ਨਹੀਂ ਕਰਨ ਦੇਣਾ। ਮੇਰਾ ਜੀ ਕਰਦੈ ਦਸ ਮੀਲ ਤੇ ਕਾਫ਼ੀ ਹਾਊਸ ਹੋਵੇ, ਆਉਂਦੇ ਜਾਂਦੇ ਬੀਤ ਜਾਣ।

ਸਰਦਾਰ ਆਉਂਦਾ ਤਾਂ ਅਸੀਂ ਕੁਝ ਵਧੀਆ ਦਾਲ ਸਬਜ਼ੀ ਬਣਾਉਂਦੇ, ਉਹ ਆਖ ਦਿੰਦਾ - ਕਿਉਂ, ਚਟਣੀ ਉਪਰ ਘਿਉ ਰੱਖ ਕੇ ਨੀ ਖਾਧੀ ਜਾਂਦੀ ਰੋਟੀ ? ਗੁੜ ਨਾਲ ਨੀ ਬੁਰਕੀ ਲੰਘਦੀ ? ਨਾਭਾ ਰੋਡ

www.punjabilibrary.com

ਵਾਲੇ ਖੇਤ ਵਿਚ ਗੰਨਾ ਬੀਜਿਆ ਹੋਇਆ ਸੀ। ਵੰਡਾਈ ਵਾਲਿਆਂ ਨੇ ਵੀਹ ਬਾਈ ਕਿਲੋ ਗੁੜ ਦਾ ਥੈਲਾ ਭੇਜਿਆ, ਉਹ ਸਾਨੂੰ ਚੁਕਾ ਦਿਤਾ। ਕਿਸੇ ਨੂੰ ਕਿਹਾ ਦੋ ਸੇਰ ਘਿਉ ਦੇ ਜਾ, ਉਹ ਸਾਨੂੰ ਘਿਉ ਦੇ ਗਿਆ। ਇਕ ਰਿਟਾਇਰ ਮਾਸਟਰ ਜੀ ਮਿਲਣ ਆ ਗਿਆ। ਉਸ ਨੂੰ ਕਿਹਾ - ਮਾਸਟਰ ਜੀ ਇਹ ਮੁੰਡੇ ਮਿਹਨਤੀ ਨੇ, ਸਾਊ ਨੇ। ਬੇਸ਼ਕ ਦਸਵੀਂ ਦੀਆਂ ਕੁੜੀਆਂ ਨੂੰ ਪੜ੍ਹਾਉਣ ਲਾ ਦਿਉ। ਮੈਨੂੰ ਦੋ ਕੁੜੀਆਂ ਨੂੰ ਪੜ੍ਹਾਉਣ ਲਈ ਮਾਈ ਦੀ ਸਰਾਂ ਲਾਗੇ ਇਕ ਮਕਾਨ ਵਿਚ ਲੈ ਗਿਆ। ਕੁੜੀਆਂ ਦੇ ਮਾਪੇ ਇੱਜ਼ਤ ਬਹੁਤ ਕਰਦੇ, ਮੁੰਡਿਆਂ ਦੀ ਟਿਊਸ਼ਨ ਨਾਲੋਂ ਪੈਸੇ ਵਧੀਕ ਦਿੰਦੇ। ਕੁੜੀਆਂ ਆਖਾ ਮੰਨਦੀਆਂ, ਜੋ ਸਬਕ ਦੇ ਜਾਂਦਾ ਅਗਲੇ ਦਿਨ ਯਾਦ ਹੁੰਦਾ। ਮੁੰਡੇ ਅਲਗਰਜ਼ ਹੁੰਦੇ ਬਹੁਤ ਕਰਕੇ।

ਰਾਜ਼ਦਾਂ, ਰੰਚਨ ਅਤੇ ਲਾਲੀ ਤਿੰਨੇ ਅੰਗਰੇਜ਼ੀ ਡਿਸਿਪਲਿਨ ਦੇ ਸਨ। ਵਿਸ਼ਵ ਸਾਹਿਤ ਉਪਰ ਘੰਟਿਆਂ ਬੱਧੀ ਗੋਸ਼ਟਾਂ ਹੁੰਦੀਆਂ। ਰੰਚਨ ਤਾਂ ਬਾਦ ਵਿਚ ਫੁੱਲਬ੍ਰਾਈਟ ਪ੍ਰੋਫੈਸਰ ਵੀ ਬਣਿਆ। ਅਸੀਂ ਉਨ੍ਹਾਂ ਲਈ ਚਾਹ ਸ਼ਕੰਜਵੀ ਜੋ ਆਖਦੇ ਬਣਾ ਦਿੰਦੇ, ਭੁੱਖ ਲਗਦੀ ਤਾਂ ਡੋਲੂ ਵਿਚ ਦਾਲ ਫਰਾਈ ਤੇ ਲਿਫਾਫੇ ਵਿਚ ਰੋਟੀਆਂ ਢਾਬੇ ਤੋਂ ਫੜ ਲਿਆਉਂਦੇ, ਇਸ ਗੱਲ ਦਾ ਕੀ ਰੌਲਾ ਕਿ ਸਾਡੇ ਕੋਲ ਪੈਸੇ ਨਹੀਂ। ਪੈਂਟਾਂ ਕਮੀਜ਼ਾਂ ਕਿੱਲੀਆਂ ਨਾਲ ਲਟਕਦੀਆਂ ਹੁੰਦੀਆਂ, ਜਿਸ ਮਰਜ਼ੀ ਜੇਬ ਵਿਚੋਂ ਪੈਸੇ ਕੱਢ ਲੈਂਦੇ।ਕਿਸ ਦੀ ਜੇਬ ਸੀ ਜਿਸ ਵਿਚੋਂ ਅੱਜ ਦਾ ਡਿਨਰ ਆਇਆ ਹੈ? ਪਤਾ ਨਹੀਂ। ਇੰਨਾ ਹਿਸਾਬ ਜ਼ਰੂਰ ਰਖਦੇ ਕਿ ਜਿਸ ਜੇਬ ਵਿਚੋਂ ਪੈਸੇ ਕੱਢੇ ਬਕਾਇਆ ਉਸੇ ਵਿਚ ਪਾਉਣਾ ਹੈ। ਇਨਸਾਫ਼ ਪੂਰਾ ਕਰਦੇ। ਇਹ ਗੱਲ ਨਹੀਂ ਕਿ ਈਮਾਨਦਾਰ ਸਾਂ। ਚੋਰੀ ਕਰਨ ਦਾ ਹੌਸਲਾ ਨਹੀਂ ਸੀ। ਇਨ੍ਹਾਂ ਦੀ ਜੇਬ ਨੂੰ ਹੱਥ ਲਾਉਣ ਦਾ ਹੌਸਲਾ ਕੋਈ ਸਿਕੰਦਰ ਕਰ ਸਕਦਾ ਹੈ। ਬਰਟਰੰਡ ਰਸਲ ਨੇ ਲਿਖਿਆ, ''ਗੈਲੀਲੀਓ ਨੇ ਦੇਖਿਆ ਅਸਮਾਨ ਦੀ ਛੱਤ ਪੁਰਾਣੀ ਹੋ ਗਈ ਹੈ। ਉਸਨੇ ਛਤ ਬਦਲ ਦਿੱਤੀ। ਚਾਰ ਸਦੀਆਂ ਬਾਦ ਆਈਨਸਟੀਨ ਨੇ ਕਿਹਾ - ਗੈਲੀਲੀਓ ਵਾਲੀ ਛਤ ਠੀਕ ਸੀ ਪਰ ਹੁਣ ਪੁਰਾਣੀ ਹੋ ਗਈ ਹੈ। ਦੂਜੀ ਵਾਰ ਆਈਨਸਟੀਨ ਨੇ ਅਸਮਾਨ ਬਦਲਿਆ।''

ਮੇਰਾ ਅਸਮਾਨ ਲਾਲੀ ਨੇ ਨਹੀਂ ਉਸਦੇ ਪਾਪਾ ਨੇ ਬਦਲਿਆ। ਮੇਰਾ ਪਟਿਆਲਾ ਤੁਹਾਡੇ ਪਟਿਆਲੇ ਤੋਂ ਵੱਖਰਾ ਹੈ। ਯੂਨੀਵਰਸਿਟੀ ਵੀ ਉਸ ਨਾਲ ਆਉਂਦੇ ਤਾਂ ਤੁਰਕੇ ਆਉਂਦੇ। ਇਕ ਦਿਨ ਮੈਨੂੰ ਪੁੱਛਿਆ - ਤੈਨੂੰ ਕਿਸ ਗੱਲ ਦੀ ਖੁਸ਼ੀ ਸਭ ਤੋਂ ਵਧੀਕ ਹੋਈ ਹਰਪਾਲ ? ਮੈਂ ਕਿਹਾ - ਜਿਹੋ ਜਿਹਾ ਗਾਈਡ ਸਾਨੂੰ ਮਿਲਿਆ, ਉਹੋ ਜਿਹਾ ਕਿਸੇ ਮਹਾਰਾਜੇ ਦੀ ਕਿਸਮਤ ਵਿਚ ਨਹੀਂ ਲਿਖਿਆ। ਹੋਈ ਨਾ ਕਮਾਲ ? ਹੱਥ ਤੇ ਹੱਥ ਮਾਰ ਕੇ ਖੂਬ ਹੱਸਿਆ, ਕਿਹਾ - ਯਾਰ ਮੈਂ ਕਿੰਨਿਆਂ ਕੁ ਨਾਲ ਝਖ ਮਾਰਦਾ ਫਿਰਦਾ ਹਾਂ ? ਕਿਸ ਨੂੰ ਤਮੀਜ਼ ਹੈ ਗੱਲ ਪੁੱਛਣ ਅਤੇ ਸੁਣਨ ਦੀ ? ਮੈਨੂੰ ਵੀ ਤਾਂ ਖੁਸ਼ੀ ਮਿਲਦੀ ਹੈ ਤੁਹਾਡੇ ਨਾਲ ਫਿਰਦਿਆਂ ਤੁਰਦਿਆਂ। ਆਏਗਾ ਇਕ ਦਿਨ ਜਦੋਂ ਲੋਕ ਕਿਹਾ ਕਰਨਗੇ - ਅਜੀਤ ਪਟਿਆਲਾ ਹੈ, ਪੰਨੂ ਪਟਿਆਲਾ ਹੈ। ਮੈਨੂੰ ਗੁਰੂ ਬਾਬੇ ਉਪਰ ਯਕੀਨ ਹੈ, ਤੁਹਾਡੇ ਸਿਰੜ ਵਿਚ ਭਰੋਸਾ ਹੈ। ਪੜ੍ਹਾਈ ਇਸ ਤਰ੍ਹਾਂ ਕਰਿਓ ਬਈ ਨੌਕਰੀ ਲੈਣ ਖਾਤਰ ਮੇਰੇ ਕੋਲ ਨਾਂ ਈ ਆਉਣਾ ਪਵੇ।

ਲਾਲੀ ਦੀ ਜੇਬ ਵਿਚ ਪੰਜ ਰੁਪਏ ਤੋਂ ਵੱਧ ਕਦੀ ਪੈਸਾ ਨਹੀਂ ਰਿਹਾ, ਉਦੋਂ ਵੀ ਨਹੀਂ, ਜਦੋਂ ਪ੍ਰੋਫੈਸਰ ਲੱਗ ਗਿਆ ਸੀ। ਰੋਟੀ, ਵਿਸਕੀ, ਚਾਹ, ਲੱਸੀ, ਜੋ ਖਾਧਾ ਪੀਤਾ, ਉਸ ਦਾ ਬਿਲ ਨਾਲ ਵਾਲਾ ਦੇਵੇਗਾ। ਸਾਰੀ ਉਮਰ ਇਹੋ ਹੋਇਆ। ਜੇ ਤੁਹਾਡਾ ਖਿਆਲ ਹੈ ਇਹ ਗੱਲ ਮੈਨੂੰ ਬੁਰੀ ਲਗਦੀ ਹੈ, ਤੁਸੀਂ ਗਲਤ ਹੋ। ਲਾਲੀ ਵਰਗਾ ਫਕੀਰ ਇਵੇਂ ਹੀ ਕਰੇਗਾ। ਕੁਲਵੰਤ ਸਿੰਘ ਗ੍ਰੇਵਾਲ ਦੇ ਸੁਭਾਅ ਵਿਚ ਬਾਦਸ਼ਾਹੀ ਸੀ। ਉਹ ਵਧੀਆ ਤੋਂ ਵਧੀਆ ਖਾਣ ਪੀਣ ਦੀ ਚੀਜ਼ ਖਰੀਦ ਕੇ, ਪੈਸੇ ਖੁਦ ਦਿੰਦਾ। ਹੁਣ ਤੱਕ ਮੈਨੂੰ ਪੈਸੇ ਨਹੀਂ ਦੇਣ ਦਿੰਦਾ - ਤੂੰ ਛੋਟਾ ਹੈਂ, ਚੁਪ ਕਰਕੇ ਬੈਠਿਆ ਕਰ। ਜੇ ਕੋਈ ਮਿੱਤਰ ਦੂਰ ਜਾਂਦਾ ਦਿੱਸ ਪਿਆ, ਬੁਲਾਉਣਾ ਹੈ, ਉਚੀ ਆਵਾਜ਼ ਨਹੀਂ ਦਏਗਾ, ਤੇਜ਼ ਕਦਮੀ ਚੱਲ ਕੇ ਰਲੇਗਾ ਜਾਂ ਫਿਰ ਕੋਈ ਵਿਦਿਆਰਥੀ ਮਿਲ ਗਿਆ ਉਸ ਨੂੰ ਉਸ ਵੱਲ ਭਜਾ ਦਏਗਾ।

ਸੁਰਿੰਦਰ ਸ਼ਰਮਾ ਨੇ ਲਾਲੀ ਨਾਲ ਬਹੁਤ ਸਮਾਂ ਬਿਤਾਇਆ ਹੈ। ਉਸ ਦੀਆਂ ਗੱਲਾਂ ਸੁਣੀਏ- ਲਾਲੀ ਕੋਲ ਸਮੇਂ ਦੇ ਹਾਣ ਦੇ ਪ੍ਰਸ਼ਨ ਵੀ ਹਨ, ਉੱਤਰ ਵੀ। ਸ਼ਬਦਾਂ ਦੀ ਥਾਂ ਹਵਾ ਵਿਚ ਲਹਿਰਾਉਂਦੇ ਹੱਥਾਂ ਨਾਲ ਜਦੋਂ ਉਡਾਰੀ ਮਾਰਦਾ ਹੈ ਤਾਂ ਕਲਾ, ਧਰਮ, ਰੂਹਾਨੀਅਤ ਤੇ ਚਿੰਤਨ ਨਾਲ ਸਬੰਧਤ ਸਭ ਖੰਡਾਂ ਬ੍ਰਹਿਮੰਡਾਂ ਦੇ ਦਰਸ਼ਨ ਕਰਦਾ ਕਰਾਉਂਦਾ ਹੋਇਆ ਉਹ ਸਰੋਤੇ ਨੂੰ ਨਾ ਕੇਵਲ ਕਲਾਮੁਕਤ ਤੇ ਸਥਾਨ ਮੁਕਤ ਕਰਦਾ ਹੈ ਸਗੋਂ ਖੜੋਤ ਮੁਕਤ ਵੀ ਕਰ ਦਿੰਦਾ ਹੈ... ਐਨਾ ਸਭ ਕੁਝ ਹੁੰਦਿਆਂ ਵੀ ਉਸ ਬਾਰੇ ਲਿਖਣਾ ਔਖਾ ਹੈ

www.punjabilibrary.com

ਕਿਉਂਕਿ ਹਰ ਪਲ ਤੁਹਾਡੇ ਕੋਲ ਹੁੰਦਿਆਂ ਵੀ ਇਹੀ ਮਹਿਸੂਸ ਹੁੰਦਾ ਹੈ ਜਿਵੇਂ ਇਹ ਬੰਦਾ ਇਸ ਧਰਤੀ ਦਾ ਨਾ ਹੋਕੇ ਕਿਸੇ ਹੋਰ ਲੋਕ ਦਾ ਹੋਵੇ।

–ਰਾਜਪੁਰੇ ਵਾਲਾ ਸ਼ੇਖਰ ਵਧੀਆ ਫੋਟੋਗ੍ਰਾਫਰ ਹੈ, ਉਸਦੀਆਂ ਮੂਹੋਂ ਬੋਲਦੀਆਂ ਤਸਵੀਰਾਂ ਵੇਖ ਕੇ ਹਮੇਸ਼ਾ ਪ੍ਰਸਿਧ ਨਾਵਲ *ਬਰਿਜਿਜ਼ ਆਫ਼ ਮੈਡੀਸਨ ਕਾਊਂਟੀ* ਦੀਆਂ ਸਤਰਾਂ ਯਾਦ ਆ ਜਾਂਦੀਆਂ ਹਨ – ਚੰਗਾ ਫੋਟੋਗ੍ਰਾਫਰ ਕੇਵਲ ਲਾਈਟ ਤੇ ਸ਼ੇਡ ਨੂੰ ਹੀ ਸ਼ੂਟ ਕਰਦਾ ਹੈ, ਉਸਦੀ ਸਾਰੀ ਜ਼ਿੰਦਗੀ ਇਨ੍ਹਾਂ ਦੋਹਾਂ ਪੱਖਾਂ ਨੂੰ ਸਹੀ ਅਨੁਪਾਤ ਵਿਚ ਬਿਠਾਉਂਦਿਆਂ ਬੀਤ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਤਸਵੀਰਾਂ ਵਿਚ ਲਾਈਟ ਅਤੇ ਸ਼ੇਡ ਦੇ ਨਾਲ ਨਾਲ ਬੰਦੇ ਤੇ ਸਥੂਲ ਵਸਤਾਂ ਵੀ ਆ ਜਾਂਦੀਆਂ ਹਨ। ਹੋਇਆ ਇਹ ਕਿ ਸਟਿੱਲ ਫੋਟੋਗ੍ਰਾਫੀ ਕਰਦਿਆਂ ਸ਼ੇਖਰ ਨੂੰ ਸ਼ੌਕ ਜਾਗਿਆ ਕਿ ਫੀਚਰ ਫਿਲਮ ਬਣਾਈ ਜਾਵੇ, ਕਹਾਣੀ, ਸਕਰੀਨ ਪਲੇਅ, ਡਾਇਲਾਗ ਵੀ ਆਪ ਲਿਖੇਗਾ। ਇਸ ਫੈਸਲੇ ਬਾਰੇ ਉਸਨੇ ਲਾਲੀ ਨੂੰ ਜਾਣੂ ਕਰਵਾਇਆ ਤਾਂ ਉਨ੍ਹਾਂ ਠਰ੍ਹਮੇ ਨਾਲ ਸਮਝਾਇਆ– ਬਾਕੀ ਦੀ ਗੱਲ ਆਪਾਂ ਫੇਰ ਕਰਾਂਗੇ ਸ਼ੇਖਰ, ਪਹਿਲਾਂ ਤੂੰ ਕਿਸੇ ਚੰਗੇ ਲੇਖਕ ਦੀ ਨਿਵੇਕਲੀ ਕਹਾਣੀ ਚੁਣ ਜੋ ਸ਼ੂਟ ਕਰਨੀ ਸੌਖੀ ਹੋਵੇ। ਕਹਾਣੀ ਲੱਭਣ ਦਾ ਗੁਣਾ ਸ਼ਰਮਾ ਤੇ ਪਾ ਦਿਤਾ ਗਿਆ।

ਚੁਣੀਆਂ ਕਹਾਣੀਆਂ ਤੇ ਕਈ ਦਿਨ ਬਹਿਸ ਹੁੰਦੀ ਰਹੀ। ਇਸੇ ਦੌਰਾਨ ਸੁਰਿੰਦਰ ਨੇ ਇਕ ਦਿਨ ਬਲਵੰਤ ਸਿੰਘ ਦੀ ਹਿੰਦੀ ਕਹਾਣੀ *ਗੁਮਰਾਹੀ* ਸੁਣਾਈ। ਇਹ ਕਹਾਣੀ ਉਸ ਬੱਚੇ ਬਾਰੇ ਹੈ ਜੋ ਘਰੋਂ ਤਾਂ ਸਕੂਲ ਜਾਣ ਲਈ ਨਿਕਲਦਾ ਹੈ ਪਰ ਸਕੂਲ ਨਹੀਂ ਪਹੁੰਚਦਾ। ਅਧਿਆਪਕ ਦੀ ਸ਼ਿਕਾਇਤ ਤੇ ਪਿਤਾ ਬੱਚੇ ਦਾ ਪਿੱਛਾ ਕਰਨ ਨਿਕਲਦਾ ਹੈ। ਕਈ ਮੋੜ ਕੱਟਦਿਆਂ ਇਕ ਥਾਂ ਪਿਉ ਪੁਤਰ ਦਾ ਮੇਲ ਹੋ ਜਾਂਦਾ ਹੈ। ਬੱਚਾ ਡਰਦਾ ਹੈ, ਪਿਤਾ ਹੌਸਲਾ ਦਿੰਦਾ ਹੈ, ਸਾਵਾਂ ਹੋਇਆ ਬੱਚਾ ਬੜੇ ਚਾਅ ਨਾਲ ਪੂਰਾ ਦਿਨ ਅਜਿਹੀਆਂ ਦਿਲਚਸਪ ਥਾਵਾਂ ਤੇ ਘੁੰਮਦਾ ਘੁਮਾਉਂਦਾ ਹੈ ਜੋ ਪਿਤਾ ਨੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਕਦੇ ਨਹੀਂ ਦੇਖੀਆਂ। ਹਰ ਥਾਂ ਬਾਰੇ ਬੱਚੇ ਦੀ ਜਾਣਕਾਰੀ ਕਮਾਲ ਦੀ ਹੈ, ਅਨੇਕਾਂ ਅਜਨਬੀ ਉਸਨੂੰ ਜਾਣਦੇ ਹਨ। ਸ਼ਾਮ ਵੇਲੇ ਪਿਤਾ ਪੁਤਰ ਘਰ ਆਉਂਦੇ ਹਨ ਤਾਂ ਦੋਹਾਂ ਵਿਚਕਾਰ ਪਿਆਰ ਤੇ ਸਮਝਦਾਰੀ ਦੀ ਨਵੀਂ ਤੰਦ ਜੁੜ ਚੁਕੀ ਹੁੰਦੀ ਹੈ। ਰਾਤ ਨੂੰ ਆਪਣੇ ਕਮਰੇ ਵਿਚ ਲੇਟਿਆ ਪਿਤਾ ਸੋਚ ਰਿਹਾ ਹੈ – ਬੱਚਾ ਆਪਣਾ ਰਾਹ ਆਪ ਲੱਭਣ 'ਚ ਸਮਰੱਥ ਹੋ ਰਿਹਾ ਹੈ ਪਰ ਜ਼ਿੰਦਗੀ ਦੀ ਖੂਬਸੂਰਤੀ ਦੇ ਅਨੇਕ ਪਸਾਰ ਉਸਨੇ ਹੁਣ ਤੱਕ ਨਹੀਂ ਦੇਖੇ। ਬੱਚੇ ਨੂੰ ਨਹੀਂ, ਪਿਤਾ ਨੂੰ ਰਸਤੇ ਦੀ ਲੋੜ ਹੈ।

ਗੱਲਾਂ, ਫਿਲਮਾਂ, ਗੀਤਾਂ ਤੇ ਸਾਹਿਤ ਵਿਚ ਮਨੁੱਖੀ ਰਿਸ਼ਤਿਆਂ ਨੂੰ ਫਰੋਲ ਰਹੀਆਂ ਹਨ। ਦਿਨ ਕਦੋਂ ਢਲ ਗਿਆ, ਪਤਾ ਨਹੀਂ ਲੱਗਿਆ। ਸ਼ਰਮਾ ਨੇ ਕਿਹਾ – ਬਾਬਿਓ ਆਪਾਂ ਬੱਸ ਵੀ ਫੜਨੀ ਹੈ। ਲਾਲੀ ਉਠਣ ਹੀ ਲੱਗਾ ਸੀ ਕਿ ਸ਼ੇਖਰ ਨੇ ਰੋਕ ਲਿਆ, ਅਖੇ ਮੈਂ *ਗੁਮਰਾਹੀ* ਦੀ ਸਕਰਿਪਟ ਸੁਣਾਉਣੀ ਹੈ। ਬੈਠ ਗਏ। ਸਕਰਿਪਟ ਪੜ੍ਹੀ ਜਾਣ ਲੱਗੀ। ਆਮ ਹਿੰਦੀ ਫਿਲਮਾਂ ਦੀ ਤਰਜ਼ ਤੇ ਸ਼ੇਖਰ ਨੇ ਕਹਾਣੀ ਨੂੰ ਤੋੜਦਿਆਂ ਮਰੋੜਦਿਆਂ ਉਸ ਵਿਚ ਰੇਪ, ਰੇਸ, ਮੁਜਰਾ ਤੇ ਭੰਗੜਾ ਪਾ ਦਿਤੇ, ਇਨ੍ਹਾਂ ਬਿਨਾ ਡਿਸਟ੍ਰੀਬਿਊਟਰ ਫਿਲਮ ਚੁਕਦੇ ਨਹੀਂ। ਦੋ ਢਾਈ ਘੰਟੇ ਸਕਰਿਪਟ ਸੁਣਦਿਆਂ ਲੰਘ ਗਏ।

ਇਸ਼ਾਰੇ ਨੂੰ ਨਾ ਸਮਝਦਿਆਂ ਸ਼ੇਖਰ ਨੇ ਸਵਾਲ ਦੁਹਰਾਇਆ – ਤੁਸੀਂ ਸਮਝੇ ਨਹੀਂ ਬਾਬਿਓ, ਹੋਰ ਗੱਲਾਂ ਫੇਰ ਸਹੀ, ਘੱਟੋ ਘੱਟ ਇਹ ਤਾਂ ਦੱਸ ਜਾਉ ਕਿ ਮੂਲ ਕਹਾਣੀ ਨੂੰ ਇੰਮਪਰੂਵ ਕਰਨ ਲਈ ਜੋ ਮੈਂ ਤਬਦੀਲੀਆਂ ਕੀਤੀਆਂ ਹਨ ਉਹ ਤੁਹਾਨੂੰ ਕਿਹੋ ਜਿਹੀਆਂ ਲੱਗੀਆਂ ?

ਲਾਲੀ ਨੇ ਕਿਹਾ – ਸ਼ੇਖਰ, ਜੇ ਜੁੱਤੀ ਪਾ ਲਈ ਹੈ ਤਾਂ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਮੈਂ ਲਾਹ ਨਹੀਂ ਸਕਦਾ।

ਗੁਰਦਿਆਲ ਸਿੰਘ ਨਾਵਲਿਸਟ ਤੇ ਲਾਲੀ ਬਾਬੇ ਵਿਚਕਾਰ ਸਾਂਝ ਬਹੁਤ ਪੁਰਾਣੀ ਹੈ, ਬੇਬਾਕੀ ਨਾਲ ਆਪੋ ਆਪਣੀ ਗੱਲ ਕਹਿ ਸੁਣ ਲੈਂਦੇ ਹਨ। ਗੁਰਦਿਆਲ ਨੇ ਪੁੱਛਿਆ – ਕਿਵੇਂ ਰਿਹਾ ਫਿਰ ਪਰਸਾ ? ਉਤਰ – ਅਜੇ ਪੰਜਾਹ ਕੁ ਸਫੇ ਪੜ੍ਹੇ ਹਨ, ਪੂਰਾ ਪੜ੍ਹਕੇ ਗੱਲ ਕਰਾਂਗੇ। ਫਿਰ ਪੁੱਛਿਆ – ਬਾਬਿਓ, ਕਿਥੇ ਕੁ ਪਹੁੰਚੇ ਫੇਰ ? – ਤਕਰੀਬਨ ਸੌ ਕੁ ਸਫੇ ਪੜ੍ਹ ਲਏ ਹਨ, ਉਥੇ ਪਹੁੰਚਾ ਹਾਂ ਜਿਥੇ ਪਰਸਾ ਮੰਜੇ ਤੇ ਬੈਠਾ ਹੈ। ਇਕ ਦਿਨ ਫੇਰ ਪੁੱਛਿਆ – ਗੱਲ ਲੱਗੀ ਫੇਰ ਕਿਸੇ ਸਿਰੇ ?

ਲਾਲੀ – ਗੱਲ ਸਿਰੇ ਕੀ ਲੱਗਣੀ ਸੀ ਗੁਰਦਿਆਲ, ਤਿੰਨ ਮਹੀਨੇ ਹੋ ਗਏ ਪਰਸਾ ਮੰਜੇ ਤੋਂ ਉਠਦਾ ਈ ਨਹੀਂ।

www.punjabilibrary.com

ਸੁਰਿੰਦਰ ਨੇ ਸੋਫੋਕਲੀਜ਼ ਦੀ ਲਿਖਤ *ਰਾਜਾ ਇੰਡੀਪਸ* ਨਾਟਕ ਦੀਆਂ ਰਿਹਰਸਲਾਂ ਦੇਖਣ ਦੀ ਬੇਨਤੀ ਕੀਤੀ। ਉਸਨੇ ਪੁੱਛਿਆ - ਏਸ ਗਰੀਕ ਟ੍ਰੈਜਿਡੀ ਨੂੰ ਤੁਸੀਂ ਕਿਸ ਬੋਲੀ ਵਿਚ ਖੇਡ ਰਹੇ ਹੋ ? ਦੱਸਿਆ - ਹਜ਼ਰਤ ਅਵਾਰਾ ਦਾ ਕੀਤਾ ਹੋਇਆ ਉਰਦੂ ਅਨੁਵਾਦ ਹੈ, ਉਰਦੂ ਵਿਚ ਖੇਡਾਂਗੇ। ਰਿਹਰਸਲਾਂ ਦੌਰਾਨ ਇਕ ਦਿਨ ਗਲਤੀਆਂ ਦੇਖਕੇ ਬੋਲੇ - ਕਹਿੰਦੇ ਸੀ ਉਰਦੂ 'ਚ ਖੇਡਾਂਗੇ, ਤੁਸੀਂ ਤਾ ਸਿੱਧੀ ਗਰੀਕ ਬੋਲ ਰਹੇ ਹੋ। ਫਿਰ ਉਰਦੂ ਉਚਾਰਣ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਉਂਦਿਆਂ ਗ/ਗ਼, ਜ/ਜ਼ ਦੇ ਉਚਾਰਣ ਦੀ ਸਹੀ ਸਮਝ ਦਿਤੀ। ਸੋਫੋਕਲੀਜ਼ ਬਾਰੇ ਦੱਸਿਆ ਕਿ ਇਹ ਨਾਟਕ ਆਪਣੀ ਬਣਤਰ ਕਰਕੇ ਹੀ ਵੱਡਾ ਨਹੀਂ ਸਗੋਂ ਮਨੁੱਖੀ ਮਨ ਦੀਆਂ ਡੂੰਘਾਈਆਂ ਨੂੰ ਵੀ ਮਾਨਸਿਕ ਉਚਾਈ ਤੋ ਦੇਖਣ ਦਾ ਮੌਕਾ ਦਿੰਦਾ ਹੈ।ਨਾਟਕ ਵਿਚ ਵਾਪਰੀ ਮੁਖ ਘਟਨਾ, ਮਾਂ ਪੁੱਤ ਦੇ ਸਰੀਰਕ ਸਬੰਧ ਨੂੰ ਆਧਾਰ ਬਣਾਉਂਦਿਆਂ ਫਰਾਇਡ ਨੇ ਇਸ ਕਿਸਮ ਦੀ ਰੁਚੀ ਨੂੰ ਇਡੀਪਸ ਕੰਪਲੈਕਸ ਦਾ ਨਾਮ ਦਿੰਦਿਆਂ ਸੋਫੋਕਲੀਜ਼ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ।

ਇਡੀਪਸ ਵਲੋਂ ਆਪਣੀ ਪਰਜਾ ਨੂੰ ਦਿਤੀ ਸਪੀਚ ਨਾਲ ਨਾਟਕ ਸ਼ੁਰੂ ਹੁੰਦਾ ਹੈ। ਸ਼ੁਰੂ ਕਰਦਿਆਂ ਸੁਰਿੰਦਰ ਨੇ ਕਿਹਾ - ਅਜੀਜ਼ੋ। ਲਾਲੀ ਨੇ ਕਿਹਾ- ਵਾਵਲ ਦੀ ਥਾਂ ਪਹਿਲਾ ਸ਼ਬਦ ਕੰਸੋਨੈਂਟ ਹੋਵੇ ਤਾਂ ਵੱਧ ਪ੍ਰਭਾਵਸ਼ਾਲੀ ਹੁੰਦਾ ਹੈ, ਤੂੰ 'ਅਜੀਜ਼ੋ' ਦੀ ਥਾਂ 'ਮੇਰੇ ਅਜੀਜ਼ੋ', ਕਰ ਲਈਂ।

ਨਾਟਕ ਪੂਰੀ ਤਰਾਂ ਫਲਾਪ ਹੋ ਗਿਆ। ਸ਼ੋ ਤੋ ਬਾਦ ਉਹ ਆਇਆ, ਖਾਮੋਸ਼ੀ ਨਾਲ ਸੁਰਿੰਦਰ ਦੇ ਮੋਢੇ ਤੇ ਹੱਥ ਰੱਖਿਆ, ਹੰਝੂ ਨਿਕਲ ਆਏ ਤਾਂ ਫੈਜ਼ ਦੇ ਸ਼ਿਅਰ ਨਾਲ ਤਸੱਲੀ ਦਿਤੀ।

ਇਕ ਵਾਰ ਸੁਰਿੰਦਰ ਤੇ ਲਾਲੀ ਨੇ ਕਿਸੇ ਸਰਕਾਰੀ ਸੰਸਥਾ ਵੱਲੋਂ ਆਯੋਜਤ ਨਾਟਕ ਦੇਖਣ ਦਾ ਫੈਸਲਾ ਕੀਤਾ। ਹਾਲ ਅਜੇ ਖਾਲੀ ਸੀ ਪਰ ਉਹ ਸਭ ਤੋਂ ਪਿਛੇ ਬੈਠ ਗਿਆ। ਸੁਰਿੰਦਰ ਅਗੇ ਲਿਜਾਣ ਲਈ ਬਜ਼ਿਦ ਸੀ, ਉਹ ਮੁਸਕਰਾਇਆ, ਕਿਹਾ - ਇਹ ਸਰਕਾਰੀ ਫੰਕਸ਼ਨ ਹੈ। ਸਰਕਾਰ ਕੋਈ ਵੀ ਹੋਵੇ ਸੋਚਣ ਸਮਝਣ ਵਾਲੇ ਬੰਦੇ ਨੂੰ ਕਾਬੂ ਕਰਨ ਦੇ ਉਸ ਕੋਲ ਦੋ ਤਰੀਕੇ ਹੁੰਦੇ ਹਨ, ਇਕ ਇਨਾਮ ਦਾ ਦੂਜਾ ਸਨਮਾਨ ਦਾ। ਇਨਾਮ ਵਾਲਾ ਤਾਂ ਖੈਰ ਆਪਾਂ ਕੋਈ ਕੰਮ ਕੀਤਾ ਨਹੀਂ ਪਰ ਇਨ੍ਹਾਂ ਦਾ ਕੀ ਭਰੋਸਾ ਕਦੋਂ ਕਿਸੇ ਦੇ ਗਲ 'ਚ ਹਾਰ ਪਾ ਦੇਣ। ਧੌਣਾ ਕੇਵਲ ਤਲਵਾਰਾਂ ਨਾਲ ਨਹੀਂ, ਮਾੜੀ ਨੀਤ ਵਾਲੇ ਬੰਦਿਆਂ ਹੱਥੋਂ ਪਾਏ ਫੁੱਲਾਂ ਦੇ ਹਾਰਾਂ ਨਾਲ ਵੀ ਵੱਢੀਆਂ ਜਾਂਦੀਆਂ ਹਨ।

ਮੈਡਮ ਲਾਲੀ ਨੇ ਬਾਬਿਆਂ ਹੱਥ ਝੋਲਾ ਫੜਾ ਕੇ ਸਬਜ਼ੀ ਮੰਡੀ ਗੋਭੀ ਖਰੀਦਣ ਭੇਜੇ। ਇਕ ਕਾਰ ਰਸਤੇ ਵਿਚ ਉਸ ਲਾਗੇ ਆਕੇ ਰੁਕੀ, ਪਹਿਲਾਂ ਤਾ ਕੋਈ ਅੰਦਰੋਂ ਬੁਲਾਉਂਦਾ ਰਿਹਾ, ਫਿਰ ਦਰਵਾਜ਼ਾ ਖੋਲ੍ਹ ਕੇ ਬਾਹਰ ਆਇਆ ਤਾਂ ਪਤਾ ਲੱਗਾ ਰੰਚਨ ਹੈ। ਪੁਰਾਣਾ ਮਿੱਤਰ, ਹੁਣ ਸ਼ਿਮਲੇ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਸੀ, ਗਲੇ ਮਿਲੇ, ਸੁਖ ਦੁਖ ਕੀਤਾ ਤੇ ਨੇੜਲੀ ਚਾਹ ਦੀ ਦੁਕਾਨ ਤੇ ਚਾਹ ਦਾ ਆਰਡਰ ਦਿਤਾ। ਗੱਲਾਂ ਕਰਦਿਆਂ ਦੋ ਘੰਟੇ ਬੀਤ ਗਏ ਤਾਂ ਰੰਚਨ ਨੇ ਕਿਹਾ - ਲਾਲੀ ਨਾਂਹ ਨਾ ਕਰੀਂ। ਤੇਰੇ ਨਾਲ ਗੱਲਾਂ ਕਰਦਿਆਂ ਹਾਲੀ ਦਿਲ ਰੱਜਾ ਨਹੀਂ, ਚੱਲ ਸ਼ਿਮਲੇ ਚੱਲੀਏ, ਅੰਗਰੇਜ਼ੀ ਦੀਆਂ ਨਵੀਆਂ ਦੁਰਲਭ ਕਿਤਾਬਾਂ ਆਈਆਂ ਹਨ, ਇਕ ਪੇਂਟਿੰਗ ਐਗਜ਼ੀਬਿਸ਼ਨ ਲੱਗੀ ਹੈ। ਮੈਂ ਅੰਗਰੇਜ਼ੀ ਵਿਚ ਇਕ ਨਾਵਲ ਲਿਖਿਐ, ਮੇਰਾ ਜੀ ਕਰਦੈ ਉਸਦਾ ਖਰੜਾ ਤੂੰ, ਕੇਵਲ ਤੂੰ ਸੁਣੇ। ਮਨ ਪਸੀਜ ਗਿਆ, ਕਾਰ ਵਿਚ ਬੈਠ ਕੇ ਸ਼ਿਮਲੇ ਚਲੇ ਗਏ। ਮੈਡਮ ਸੱਤ ਦਿਨ ਉਡੀਕਦੇ ਰਹੇ। ਬੇਸ਼ੱਕ ਘੁਮੱਕੜ ਦਰਵੇਸੀ ਤਬੀਅਤ ਦਾ ਪਤਾ ਸੀ ਪਰ ਏਨੇ ਦਿਨ ਲਾਪਤਾ ? ਐਸ. ਐਸ. ਪੀ. ਨੂੰ ਫੋਨ ਕੀਤਾ, ''ਸਬਜ਼ੀ ਲੈਣ ਭੇਜੇ ਸਨ, ਹਫਤਾ ਹੋ ਗਿਆ ਆਏ ਹੀ ਨਹੀਂ।'' ਐਸ. ਐਸ. ਪੀ. ਨੇ ਕਿਹਾ - ਮੈਡਮ ਸਬਜ਼ੀ ਹੋਰ ਕਿਸੇ ਤੋਂ ਮੰਗਵਾ ਲਵੋ ਫੇਰ।''

ਸਤਿੰਦਰ ਸਿੰਘ ਨੂਰ ਨੇ ਦੱਸਿਆ - ਬੇਫਿਕਰੀ ਦਾ ਆਲਮ ਸੀ। ਕੱਲ੍ਹ ਨੂੰ ਪਹਿਲਾ ਪੇਪਰ ਹੈ ਸਾਲਾਨਾ ਇਮਤਿਹਾਨ ਦਾ, ਸਰਬਸੰਮਤੀ ਨਾਲ ਸ਼ਾਮੀ ਫੈਸਲਾ ਹੋ ਗਿਆ, ਲਾਲੀ ਦੇ ਪਟਿਆਲੇ ਵਾਲੇ ਬਾਗ ਵਿੱਚ ਜਾ ਕੇ ਅੰਬ ਚੂਪੇ ਜਾਣ। ਤੁਰ ਪਏ, ਬਰਸਾਤ ਸ਼ੁਰੂ ਹੋ ਗਈ, ਕਚੇ ਰਾਹਾਂ ਤੇ ਤਿਲਕਦੇ ਡਿਗਦੇ ਢਹਿੰਦੇ ਬਾਗ ਵਿਚ ਪੁੱਜ ਗਏ। ਅੰਬ ਤਾਂ ਚੂਪੇ ਪਰ ਰਾਤੀਂ ਰਹਿਣ ਲਈ ਉਥੇ ਕੋਈ ਬੰਦੋਬਸਤ ਨਹੀਂ ਸੀ। ਅਧੀ ਰਾਤ ਭਿਜਦੇ ਭਿਜਾਂਦੇ ਵਾਪਸ ਪੁੱਜੇ, ਅਗਲੀ ਸਵੇਰ ਪੇਪਰ ਵਿਚ ਜਾ ਬੈਠੇ। ਇਕ ਦਿਨ ਪਤਾ ਲੱਗਾ ਕਿ ਅੰਬਾਲੇ ਸੱਤਿਆਜੀਤ ਰੇਅ ਦੀ ਫਿਲਮ ਲੱਗੀ ਹੈ, ਇਕ ਦਿਨ ਲਈ। ਅਗਲੇ ਦਿਨ ਪੇਪਰ ਸੀ। ਤਾਂ ਕੀ ਹੋਇਆ, ਪੇਪਰ ਹੁੰਦਾ ਰਹੇਗਾ। ਸਾਈਕਲਾਂ ਤੇ ਸਵਾਰ ਹੋ ਕੇ ਫਿਲਮ ਦੇਖਣ ਗਏ ਅੱਧੀ ਰਾਤ ਵਾਪਸ ਪਰਤੇ।

www.punjabilibrary.com

ਸਾਲ 2008, ਅੰਗਰੇਜ਼ੀ ਵਿਭਾਗ ਵਿਚ ਅਧਿਆਪਕਾਂ ਵਾਸਤੇ ਰਿਫਰੈਸ਼ਰ ਕੋਰਸ ਚੱਲ ਰਿਹਾ ਸੀ। ਮੈਨੂੰ ਖਬਰ ਮਿਲੀ ਕਿ ਦੋ ਲੈਕਚਰ ਪ੍ਰੋਫੈਸਰ ਸੋਮਪਾਲ ਰੰਚਨ ਦਏਗਾ। ਲੈਕਚਰ ਤੋਂ ਪਹਿਲਾਂ ਗੈਸਟ ਹਾਊਸ ਵਿਚ ਉਸ ਨੂੰ ਜਾ ਮਿਲਿਆ ਤੇ 1968 ਦੀਆਂ ਪੁਰਾਣੀਆਂ ਗੱਲਾਂ ਯਾਦ ਕਰਵਾਈਆਂ, ਦੱਸਿਆ, ਦੋ ਛੋਕਰੇ ਤੁਹਾਡੀ ਖਿਦਮਤ ਲਈ ਅੱਗੇ ਪਿਛੇ ਨਹੀਂ ਫਿਰਦੇ ਰਹਿੰਦੇ ਸਨ ਜਦੋਂ ਤੁਸੀਂ *ਲਿਟਰੇਰੀ ਸਟੱਡੀਜ਼* ਮੈਗਜ਼ੀਨ ਕੱਢਿਆ ਸੀ ? ਇਸ ਦੇ ਤਿੰਨ ਇਸ਼ੂ ਨਿਕਲੇ, ਫਿਰ ਬੰਦ ਹੋ ਗਿਆ। ਸਭ ਯਾਦ ਆ ਗਿਆ। ਮੈਨੂੰ ਉਸ ਨੇ ਆਪਣੀ ਕਿਤਾਬ *ਪੈਸੇਜ ਟੂ ਪੰਜਾਬ* ਦਿਤੀ ਤੇ ਅਨੇਕ ਪੁਰਾਣੀਆਂ ਗੱਲਾਂ ਸੁਣਾਈਆਂ।

ਫੁਲਬ੍ਰਾਈਟ ਪ੍ਰੋਫੈਸਰ, ਪਾਲ ਤਾਰ, ਆਪਣੀ ਆਰਟਿਸਟ ਬੀਵੀ ਰਿਨ ਤਾਰ ਨਾਲ ਅਮਰੀਕਾ ਤੋਂ ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਚ ਅਮਰੀਕਣ ਸਾਹਿਤ ਪੜ੍ਹਾਉਣ ਵਾਸਤੇ ਆਇਆ। ਯੂਨੀਵਰਸਿਟੀ ਨੇ ਉਸ ਨੂੰ ਨਿਕਾ ਜਿਹਾ ਫਲੈਟ ਆਰ-ਟਾਈਪ ਦਿਤਾ ਜਿਹੜਾ ਉਸਨੂੰ ਪਸੰਦ ਨਾਂ ਆਇਆ। ਵਾਈਸ-ਚਾਂਸਲਰ ਦੀ ਝਾੜ ਝੰਬ ਕਰਨ ਪਿਛੋਂ ਸ਼ਹਿਰ ਵਿਚ ਵੱਡਾ ਸੁਹਣਾ ਘਰ ਕਿਰਾਏ ਤੇ ਲੈ ਲਿਆ ਜਿਸਦੇ ਸਾਹਮਣੇ ਬਾਰਾਂਦਰੀ ਬਾਗ ਸੀ ਤੇ ਨੇੜੇ ਮਾਲ ਰੋਡ। ਬਾਜ਼ਾਰ ਨੇੜੇ ਸੀ। ਉਹ ਪੰਜਾਬ ਦੇਖਣ ਆਇਆ ਸੀ ਤੇ ਪੰਜਾਬ ਰਾਹੀਂ ਭਾਰਤ। ਇਕ ਦਿਨ ਰੰਚਨ ਨੂੰ ਕਿਹਾ - ਸ਼ਹਿਰ ਮੈਂ ਦੇਖ ਲਿਐ। ਅਸੀਂ ਪੰਜਾਬ ਦਾ ਕੋਈ ਪਿੰਡ ਦੇਖਣਾ ਹੈ। ਜਿੰਨੇ ਦਿਨ ਮਰਜ਼ੀ ਉਥੇ ਰਹੀਏ। ਜਿਸ ਨਾਲ ਜੋ ਮਰਜ਼ੀ ਗੱਲ ਕਰੀਏ। ਆਪਸ ਵਿਚ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਹੋਇਆ ਕਿ ਲਾਲੀ ਦੇ ਪਿੰਡ ਫਤਿਹਗੜ੍ਹ ਚੱਲੀਏ। ਰਾਜ਼ਦਾਂ, ਲਾਲੀ ਤੇ ਰੰਚਨ ਇਸ ਅਮਰੀਕਣ ਜੋੜੇ ਨੂੰ ਲੈਕੇ ਹਾਕਮ ਦੀ ਟੈਕਸੀ ਰਾਹੀਂ ਪਿੰਡ ਵਲ ਤੁਰ ਪਏ।

ਥਾਂ ਥਾਂ ਰੁਕ ਕੇ ਪਾਲ ਤਾਰ ਫੋਟੋਆਂ ਖਿਚਦਾ, -ਇਕ ਲੱਤ ਤੇ ਬਗਲੇ ਵਾਂਗ ਖਲੋਤਾ ਹੋਇਆ ਪਸ਼ੂ ਚਾਰਦਾ ਵਾਗੀ, ਪੰਛੀ ਮੱਝ ਦੇ ਕੰਨ ਨੂੰ ਚੰਬੜਿਆ ਹੋਇਆ, ਬਗਲਾ ਮੱਝ ਉਪਰ ਝੂਟੇ ਲੈਂਦਾ ਹੋਇਆ...। ਅੱਜ ਤੋਂ ਚਾਰ ਦਹਾਕੇ ਪਹਿਲਾਂ ਦਾ ਪੰਜਾਬ ਕੈਮਰੇ ਵਿਚ ਬੰਦ ਹੋ ਰਿਹਾ ਸੀ। ਉਸਨੂੰ ਦੱਸਿਆ ਗਿਆ ਸੀ ਕਿ ਪੰਜਾਬ ਜਾਂਗਲੀ ਲੋਕਾਂ ਦਾ ਇਲਾਕਾ ਹੈ, ਮਾਰ ਧਾੜ, ਖੂਨ ਦਾ ਬਦਲਾ ਖੂਨ ... ਬਚ ਬਚਾ ਕੇ ਚੱਲਣਾ ਹੈ। ਸੁਨਾਮ ਤੱਕ ਸਭ ਠੀਕ ਰਿਹਾ, ਅਗੇ ਕੱਚਾ ਰਸਤਾ ਸੀ, ਟੈਕਸੀ ਫਿਸਲ ਰਹੀ ਸੀ ਪਰ ਡ੍ਰਾਇਵਰ ਉਸਤਾਦੀ ਨਾਲ ਸਫਰ ਤੈਅ ਕਰਦਾ ਗਿਆ। ਫਤਿਹਗੜ੍ਹ ਦੇ ਨੇੜੇ ਨਿਕੀ ਜਿਹੀ ਨਦੀ ਵਾਂਗ ਪਾਣੀ ਵਗਦਾ ਜਾ ਰਿਹਾ ਸੀ ਜਿਸ ਵਿਚ ਦੀ ਕਾਰ ਨਹੀਂ ਲੰਘ ਸਕਦੀ। ਨਗਰ ਵਾਸੀਆਂ ਸਮੇਤ ਲਾਲੀ ਦੇ ਪਾਪਾ ਨੇ ਕਾਰ ਆਉਂਦੀ ਤੇ ਰੁਕੀ ਦੇਖੀ। ਵੀਹ ਪੱਚੀ ਜਣੇ ਪਜਾਮੇ, ਚਾਦਰੇ ਉਚੇ ਚੁਕ ਕੇ ਪਾਣੀ ਵਿਚੋਂ ਲੰਘ ਕੇ ਮਹਿਮਾਨਾਂ ਤੱਕ ਪੁੱਜੇ। ਗੋਰੇ ਗੋਰੀ ਨੇ ਸਰਦਾਰ ਨਾਲ ਹੱਥ ਮਿਲਾਇਆ। ਲਾਲੀ ਹੋਰੀਂ ਪੇਂਡੂਆਂ ਦੇ ਵਾਕਾਂ ਦਾ ਤਰਜਮਾ ਕਰਦੇ ਰਹੇ। ਸਰਦਾਰ ਨੇ ਸਾਰਿਆਂ ਨੂੰ ਬੈਠਣ ਦਾ ਇਸ਼ਾਰਾ ਕੀਤਾ। ਜਿਵੇਂ ਸਕੂਲੀ ਬੱਚੇ ਮਾਸਟਰ ਦਾ ਹੁਕਮ ਮੰਨਦੇ ਹਨ, ਸਾਰੇ ਜਣੇ ਪੈਰਾਂ ਭਾਰ ਬੈਠ ਗਏ। ਇਕ ਨੇ ਕਿਹਾ - ਅਹੁ ਆ ਰਿਹੈ ਸਾਡਾ ਜਹਾਜ। ਇਹ ਜਹਾਜ਼ ਨਾ ਖਰਾਬ ਹੋਵੇ, ਨਾ ਇਹਦਾ ਐਕਸੀਡੈਂਟ ਹੋਵੇ। ਪਾਲ ਨੇ ਦੇਖਿਆ, ਤਕੜੇ ਬਲਦ ਗੱਡਾ ਖਿੱਚੀ ਆ ਰਹੇ ਸਨ, ਪਾਣੀ ਵਿਚ ਦੀ ਲੰਘ ਕੇ ਗੱਡਾ ਮਹਿਮਾਨਾ ਕੋਲ ਪੁੱਜਿਆ, ਵਾਪਸੀ ਵੱਲ ਮੋੜਿਆ, ਮਹਿਮਾਨਾ ਨੂੰ ਗੱਡੇ ਵਿਚ ਚੜ੍ਹਨ ਵਾਸਤੇ ਕਿਹਾ। ਸਾਰੇ ਜਣੇ ਗੱਡੇ ਤੇ ਸਵਾਰ ਹੋਏ ਤੇ ਭਵ-ਸਾਗਰ ਪਾਰ ਕਰਕੇ ਪਿੰਡ ਦੀ ਜੂਹ ਵਿਚ ਵੜੇ। ਪੇਂਡੂਆਂ ਨੂੰ ਸੂਹ ਮਿਲ ਗਈ ਸੀ ਕਿ ਵਿਦੇਸ਼ੀ ਮਹਿਮਾਨ ਆ ਰਹੇ ਹਨ, ਮਹਿਮਾਨਾਂ ਨੂੰ ਦੇਖਣ ਵਾਸਤੇ ਪਿੰਡ ਇਥੇ ਆ ਗਿਆ। ਨਜ਼ਰਾਂ ਏਨੀਆਂ ਉਤਾਵਲੀਆਂ ਜਿਵੇਂ ਅੱਖਾਂ ਥਾਣੀ ਪੀ ਜਾਣ। ਹਨੇਰਾ ਪਸਰਨ ਲੱਗਾ। ਨੌਕਰ ਲਾਲਟੈਣ ਫੜੀ ਹਵੇਲੀ ਦੇ ਦਰਵਾਜ਼ੇ ਵਿਚ ਖਲੋਤਾ ਸੀ। ਮਹਿਮਾਨਾ ਦਾ ਉਤਾਰਾ ਉਪਰ ਚੁਬਾਰਿਆਂ ਵਿਚ ਸੀ। ਸਰਦਾਰ ਅੰਗਰੇਜ਼ੀ ਵਿੱਚ ਗੱਲਾਂ ਕਰ ਰਿਹਾ ਸੀ ਪਰ ਕਦੀ ਕਦੀ ਉਸਨੂੰ ਗੋਰੀ ਦਾ ਵਾਕ ਸਮਝ ਨਾ ਪੈਂਦਾ। ਬੇਸ਼ਕ ਚੀਫਜ਼ ਕਾਲਜ ਵਿਚ ਪੜ੍ਹਿਆ ਸੀ ਪਰ ਪਿੰਡੋਂ ਬਾਹਰ ਨਹੀਂ ਨਿਕਲਦਾ ਸੀ। ਅਕਾਦਮਿਕ ਅਦਾਰੇ ਦੂਰ ਰਹਿ ਗਏ ਸਨ। ਦੋ ਬੰਦੂਕਧਾਰੀ ਬਾਡੀ ਗਾਰਡ ਪਹਿਰੇ ਤੇ ਖਲੋਤੇ ਸਨ। ਹਵੇਲੀ ਦੇ ਚਾਰੇ ਕੋਨਿਆਂ ਤੇ ਚਾਰ ਉਚੇ ਟਾਵਰ ਸਨ, ਗਾਰਦਾਂ ਲਈ ਪੁਜ਼ੀਸ਼ਨਾ ਲੈਣ ਦੀ ਵਿਵਸਥਾ ਸੀ। ਮਹਿਮਾਨ ਇਸ ਰਹੱਸਮਈ ਥਾਂ ਨੂੰ ਉਤਸਕੁਤਾ ਨਾਲ ਦੇਖ ਰਹੇ ਸਨ ਜਿਵੇਂ ਕੋਈ ਅਸਚਰਜ ਸੁਫਨਾ ਹੋਵੇ। ਸ਼ਾਨਦਾਰ ਵੱਡੇ ਕਮਰੇ ਵਿਚ ਉਤਾਰਾ ਹੋਇਆ, ਸੋਫੇ, ਕੁਰਸੀਆਂ ਇਹਤਿਆਤ ਨਾਲ ਰੱਖੀਆਂ ਹੋਈਆਂ, ਚਾਰ ਚਾਰ ਕੁਰਸੀਆਂ ਵਿਚਕਾਰ ਮੇਜ਼, ਕਢਾਈ ਕੀਤੇ ਹੋਏ ਮੇਜ਼ਪੋਸ਼, ਆਰਾਮ ਕੁਰਸੀਆਂ, ਕੁਰਸੀਆਂ ਉੱਪਰ ਗੱਦੀਆਂ। ਹਵੇਲੀ ਵਿਚ ਕੁੱਲ ਪੰਦਰਾਂ ਨੌਕਰ ਸਨ, ਦੋ ਕਾਤਲ ਵੀ

www.punjabilibrary.com

ਸਨ, ਜੇਲ੍ਹ ਚੋਂ ਪੈਰੋਲ ਤੇ ਰਿਹਾ ਹੋਕੇ ਆਏ ਸਨ। ਸ਼ਿਕੰਜਵੀ ਦੇ ਜੱਗ, ਵੱਡੇ ਵੱਡੇ ਗਲਾਸ। ਮਹਿਮਾਨ ਪਿਆਸੇ ਸਨ, ਸਫਰ ਵਿਚੋਂ ਆਏ ਸਨ, ਸੁਆਦ ਨਾਲ ਪੀਤੀ। ਪਿੰਡ ਬਿਜਲੀ ਨਹੀਂ ਆਈ ਸੀ। ਲੈਂਪ ਟਿਕੇ ਪਏ ਸਨ, ਲਾਲਟੈਣਾ ਇਧਰ ਉਧਰ ਘੁੰਮ ਰਹੀਆਂ ਸਨ। ਹਨੇਰੇ ਵਿਚੋਂ ਬਾਹਰ ਤਾਕੀ ਰਾਹੀਂ ਦੇਖਿਆ। ਕਾਰ ਦੀਆਂ ਲਾਈਟਾਂ ਕੋਠੀ ਵੱਲ ਨੂੰ ਆ ਰਹੀਆਂ ਸਨ, ਪਤਾ ਨਹੀਂ ਡ੍ਰਾਇਵਰ ਹਾਕਮ ਕਿਧਰੋਂ ਦੀ ਲੈ ਆਇਆ। ਗੱਡੇ ਦੇ ਲਾਗੇ ਕਾਰ ਪਾਰਕ ਕਰ ਦਿਤੀ। ਖਿੜਕੀ ਵਿਚੋਂ ਦੀ ਪਾਲ ਨੇ ਡ੍ਰਾਇਵਰ ਨੂੰ 'ਹਿੱਪ ਹਿੱਪ ਹੁੱਰਰੇ' ਕਿਹਾ ਤੇ ਕਿਹਾ ਕਿ ਬੀਅਰ ਕੱਢ ਲਿਆ। ਸਰਦਾਰ ਨੇ ਕਿਹਾ – ਇਥੇ ਉਪਰ ਸਾਰਾ ਬੰਦੋਬਸਤ ਕੀਤਾ ਹੋਇਆ ਹੈ। ਵਿਸਕੀ ਦੀ ਬੋਤਲ ਮੇਜ਼ ਤੇ ਆ ਗਈ। ਪੈਗ ਵਰਤਣੇ ਸ਼ੁਰੂ ਹੋਏ।

ਹਾਕਮ ਕੁਝ ਹਟਕੇ ਪਰੇ ਬੈਠਾ ਸੀ, ਗੋਰੇ ਨੇ ਕਿਹਾ – ਆ ਹਾਕਮ, ਤੂੰ ਆਪਣਾ ਪੈਗ ਆਪ ਬਣਾ। ਹਾਕਮ ਅੱਧਾ ਗਲਾਸ ਭਰ ਕੇ ਲੈ ਗਿਆ। ਪੀਣ ਪਿਆਣ ਦੇ ਦੌਰ ਬਾਅਦ ਖਾਣਾ ਆ ਗਿਆ ... ਸ਼ਾਨਦਾਰ ... ਵੰਨ ਸੁਵੰਨ, ਸੂਪ, ਸਬਜ਼ੀਆਂ, ਚਿਕਨ, ਆਚਾਰ, ਖੀਰ। ਹੇਠਾਂ ਵਿਹੜੇ ਵਿਚ ਪਿੰਡ ਦੇ ਦੋ ਜਣੇ ਆ ਬੈਠੇ, ਇਕ ਦੇ ਹੱਥ ਵਿਚ ਇਕਤਾਰਾ, ਦੂਜਾ ਘੜਾ ਲੈ ਕੇ ਆਇਆ ਸੀ। ਟੱਪੇ, ਦੂਹਰੇ ਅਰਥਾਂ ਵਾਲੇ ਟੱਪੇ। ਮਹਿਮਾਨਾਂ ਨੂੰ ਹਰੇਕ ਟੱਪੇ ਦਾ ਅਰਥ ਦੱਸਿਆ ਜਾਂਦਾ, ਤਾਂ ਅਗਲਾ ਸ਼ੁਰੂ ਹੁੰਦਾ, ਬੁਨਿਆਦੀ ਮਨੁੱਖੀ ਰਿਸ਼ਤੇ, ਪੇਂਡੂ ਲੋੜਾਂ, ਸਾਦਗੀ, ਸਾਰਾ ਕੁਝ ਮਹਿਮਾਨਾ ਵਾਸਤੇ ਦਿਲਕਸ਼ । ਗਾਇਕ ਅਗਲਾ ਟੱਪਾ ਛੇੜਨ ਹੀ ਲੱਗਾ ਸੀ ਕਿ ਲਾਲੀ ਦਾ ਚਚੇਰਾ ਭਰਾ ਆਇਆ, ਸਰਦਾਰ ਦੇ ਕੰਨ ਵਿਚ ਕੁਝ ਕਿਹਾ। ਪਿੰਡ ਦੇ ਸਭ ਬੰਦੇ ਸਰਦਾਰ ਨੂੰ ਬਾਪੂ ਜੀ ਕਹਿ ਕੇ ਬੁਲਾਉਂਦੇ ਪਰ ਜਦੋਂ ਸਰਦਾਰ ਗ਼ੈਰ ਹਾਜ਼ਰ ਹੁੰਦਾ, ਗੋਰਾ ਉਸ ਬਾਰੇ ਗੱਲਾਂ ਕਰਦਿਆਂ ਓਲਡਮੈਨ ਸ਼ਬਦ ਵਰਤਦਾ। ਕਿਸੇ ਦਾ ਬਲਦ ਬਿਮਾਰ ਹੈ, ਕਿਸੇ ਦਾ ਮੁੰਡਾ ਬਿਮਾਰ ਹੈ, ਕਿਸੇ ਦੇ ਗੱਡੇ ਦਾ ਪਹੀਆ ਟੁੱਟ ਗਿਆ ਹੈ... ਕਿਤੇ ਲੜਾਈ ਹੋ ਗਈ। ਸਾਰੇ ਆਪਣੀਆਂ ਆਪਣੀਆਂ ਮੁਸ਼ਕਲਾਂ ਸਰਦਾਰ ਨੂੰ ਦਸਦੇ। ਇਹ ਪਿੰਡ ਦੀ ਦੇਸੀ ਕਚਹਿਰੀ ਸੀ, ਹਰੇਕ ਦੀ ਫਰਿਆਦ ਸੁਣੀ ਜਾਂਦੀ, ਇਲਾਜ ਕੀਤਾ ਜਾਂਦਾ, ਧਰਵਾਸ ਮਿਲਦਾ, ਮਨੁਖੀ ਸਾਂਝ ਦੀਆਂ ਜੁੜੀਆਂ ਹੋਈਆਂ ਤੰਦਾਂ।

ਹਾਕਮ ਜਿਆਦਾ ਪੀ ਗਿਆ। ਉਸਨੂੰ ਨੌਕਰ ਸਹਾਰਾ ਦੇ ਕੇ ਸੌਣ ਵਾਸਤੇ ਲਿਜਾਣ ਲੱਗੇ, ਉਨ੍ਹਾਂ ਨਾਲ ਲੜ ਪਿਆ। ਉਚੀ ਉਚੀ ਬੋਲਣ ਲੱਗਾ। ਉਸਦੀ ਇਹ ਹਾਲਤ ਦੇਖਕੇ ਪਾਲ ਸ਼ਰਮਿੰਦਾ ਹੋ ਗਿਆ, ਸਰਦਾਰ ਤੋਂ ਮਾਫੀ ਮੰਗਣ ਲੱਗਾ।ਸਰਦਾਰ ਹੱਸ ਕੇ ਬੋਲਿਆ – ਮਾਫੀ ਕਿਸ ਗੱਲ ਦੀ? ਇਕ ਅੱਧ ਬੰਦੇ ਨੂੰ ਵੀ ਜੇ ਨਾ ਚੜ੍ਹੀ ਫੇਰ ਮਹਿਫਲ ਦਾ ਸੁਆਦ ਕੀ ? ਰੰਗ ਲਾ ਦਿਤਾ ਤੁਹਾਡੇ ਡਰਾਇਵਰ ਨੇ। ਸਵੇਰੇ ਸ਼ਾਬਾਸ਼ ਦਿਆਂਗਾ ਉਹਨੂੰ।

ਸਰਦਾਰ ਨੇ ਪੁੱਛਿਆ – ਤੁਹਾਡਾ ਕੋਈ ਬੰਦਾ ਸ਼ਰਾਬੀ ਹੋ ਜਾਵੇ ਤਾਂ ਤੁਸੀਂ ਕੀ ਕਰਿਆ ਕਰਦੇ ਹੋ ? ਪਾਲ ਨੇ ਕਿਹਾ – ਅੱਵਲ ਤਾਂ ਜ਼ਿਆਦਾ ਪੀਂਦੇ ਈ ਨੀਂ। ਮੇਰੇ ਨੌਕਰਾਂ ਚਾਕਰਾਂ ਨੂੰ ਮੈਂ ਆਪ ਪੈਗ ਦਿੰਦਾ ਹਾਂ, ਜ਼ਿਆਦਾ ਨਹੀਂ ਪਾਉਂਦਾ। ਜੇ ਕੋਈ ਆਪੇ ਪੀ ਪੂ ਕੇ ਸ਼ਰਾਬੀ ਹੋ ਜਾਵੇ, ਫੇਰ ਮੈਂ ਉਹਨੂੰ ਰੋਟੀ ਨਹੀਂ ਦਿੰਦਾ, ਕਮਰੇ ਵਿਚ ਬੰਦ ਕਰਕੇ ਬਾਹਰੋਂ ਜੰਦਰਾ ਮਾਰ ਦਿੰਦਾ ਹਾਂ। ਸਵੇਰੇ ਜੰਦਰਾ ਖੋਲ੍ਹਦੇ ਹਾਂ ਤਾਂ ਬੰਦੇ ਨੂੰ ਅਕਲ ਆਈ ਹੁੰਦੀ ਹੈ। ਸਰਦਾਰ ਨੇ ਕਿਹਾ – ਮੈਂ ਕਿਸੇ ਨੂੰ ਜੰਦਰਾ ਨੀ ਮਾਰਦਾ, ਕਿਸੇ ਦਾ ਖਾਣਾ ਬੰਦ ਨੀਂ ਕਰਦਾ ਤਾਂ ਵੀ ਸਵੇਰ ਵੇਲੇ ਅਕਲਵੰਦ ਹੋਏ ਫਿਰਦੇ ਨੇ।

ਚਾਰ ਬੰਦੇ, ਦੋ ਉਹੀ ਜਿਹੜੇ ਕਾਤਲ ਸਨ, ਦੋ ਗੰਨਮੈਨ, ਹਾਕਮ ਨੂੰ ਹੇਠਾਂ ਲਿਜਾਣ ਲੱਗੇ ਤਾਂ ਉਹ ਦਹਾੜਿਆ, ਗਾਲਾਂ ਦੇਣ ਲੱਗਾ, ਲਲਕਾਰਾ ਮਾਰ ਕੇ ਕਿਹਾ – ਮੈਂ ਵੀ ਜੱਟ ਆਂ, ਕੱਲਾ ਕੱਲਾ ਆਓ ਮੇਰੇ ਸਾਹਮਣੇ, ਫੇਰ ਦੇਖਾਂ ਤੁਸੀਂ ਕੀ ਓ। ਦੇਖ ਲੂੰਗਾ ਮੈਂ ਤੁਹਾਨੂੰ। ਗੋਰਾ ਗੋਰੀ ਪਸੀਨੋ ਪਸੀਨਾ ਹੋਈ ਜਾਣ, ਸਰਦਾਰ ਅਤੇ ਉਸਦੇ ਬੰਦੇ ਹੱਸੀ ਜਾਣ, ਹਾਕਮ ਨੂੰ ਹੇਠਾਂ ਲਿਜਾ ਕੇ ਮੰਜੀ ਤੇ ਲਿਟਾ ਦਿਤਾ, ਬਸ ਉਥੇ ਈ ਸੌਂ ਗਿਆ।

ਹਾਕਮ ਦੇ ਹੇਠਾਂ ਜਾਣ ਪਿਛੋਂ ਪੰਜਾਬ ਦੀ ਹਿੰਸਾ ਬਾਰੇ ਗੱਲਬਾਤ ਸ਼ੁਰੂ ਹੋ ਗਈ। ਪਾਲ ਨੇ ਕਿਹਾ – ਮੈਨੂੰ ਦੱਖਣੀ ਭਾਰਤ ਦੇ ਇਕ ਬੰਦੇ ਨੇ ਦੱਸਿਆ ਕਿ ਪੰਜਾਬੀ ਖੂੰਖਾਰ ਹਨ। ਸਰਦਾਰ ਨੇ ਕਿਹਾ – ਪੰਜਾਬ ਦਾ ਹਰੇਕ ਵਾਸੀ ਆਪਣੇ ਆਪ ਨੂੰ ਜੱਟ ਸਮਝਦਾ ਹੈ, ਯੋਧਾ ਸਮਝਦਾ ਹੈ, ਉਸ ਦੇ ਦਿਲ ਵਿਚ ਅਣਖ ਨਾਮ ਦੀ ਚੀਜ਼ ਹੈ, ਜੇ ਉਹ ਛੇੜ ਦਿਉ ਫੇਰ ਉਹ ਗੁੱਸੇ ਵਿੱਚ ਆ ਜਾਏਗਾ। ਉਸਨੂੰ ਪੁਲਸ ਜਾਂ ਫੌਜ ਦੀ ਨੌਕਰੀ ਚੰਗੀ ਲਗਦੀ ਹੈ ਕਿਉਂਕਿ ਹਥਿਆਰ ਚਲਾਉਣ ਦਾ ਸ਼ੁਕੀਨ ਹੈ। ਪੰਜਾਬ ਮੁਗਲਾਂ ਵਿਰੁੱਧ ਲੜਿਆ, ਫਿਰ ਅੰਗਰੇਜ਼ਾਂ ਵਿਰੁੱਧ ਲੜਿਆ, ਦੋ ਸੰਸਾਰ ਜੰਗਾਂ ਵਿਚ ਅੰਗਰੇਜ਼ਾਂ ਵਲੋਂ ਲੜਿਆ... ਉਸਦੇ

ਸੁਭਾਉ ਵਿਚ ਯੁੱਧ ਲੜਨਾ ਮੌਜੂਦ ਹੈ ਪਰ ਇਸੇ ਸੁਭਾਅ ਕਰਕੇ ਉਸਨੂੰ ਹਿੰਸਕ ਕਹਿਣਾ ਗਲਤ ਹੈ। ਪੰਜਾਬ ਨੇ ਵਿਦਵਾਨ ਦਿਤੇ, ਫਕੀਰ ਦਿਤੇ, ਧਰਮ ਗ੍ਰੰਥ ਦਿਤੇ, ਕਲਾਕਾਰ ਤੇ ਗਾਇਕ ਦਿਤੇ। ਪੰਜਾਬੀ ਨੂੰ ਜਦੋਂ ਗੁਸਾ ਚੜ੍ਹੇ ਤਾਂ ਉਹ ਪਿੱਠ ਪਿਛੇ ਵਾਰ ਨਹੀਂ ਕਰਦਾ, ਸਾਹਮਣੇ ਲਲਕਾਰ ਕੇ ਦੁਸ਼ਮਣ ਦੀ ਛਾਤੀ ਵਿਚ ਗੋਲੀ ਦਾਗ ਕੇ, ਰੁਕ ਕੇ ਦੇਖਦਾ ਹੈ ਕਿ ਕੰਮ ਤਮਾਮ ਹੋ ਗਿਆ ਕਿ ਅਜੇ ਹੋਰ ਲੋੜ ਹੈ। ਪਰ ਉਸਨੂੰ ਨਰਾਜ਼ ਕੀਤਾ ਈ ਕਿਉਂ ਜਾਵੇ, ਜਦੋਂ ਉਸਨੂੰ ਗੁੱਸਾ ਚੜ੍ਹਿਆ, ਪਤਾ ਕਰਨਾ ਚਾਹੀਦਾ ਸੀ ਕਾਰਨ ਕੀ ਸੀ।

ਪਾਲ ਅਤੇ ਉਸਦੀ ਪਤਨੀ ਨੇ ਪੰਜਾਬੀ ਲਿਬਾਸ ਪਹਿਨਿਆ ਹੋਇਆ ਸੀ ਤੇ ਪਾਲ ਪੰਜਾਬੀ ਦੇ ਕੁਝ ਲਫਜ਼ ਸਿੱਖ ਗਿਆ ਸੀ, ਲੋਕ ਗੀਤਾਂ ਦਾ, ਰਸਮਾਂ ਰੀਤਾਂ ਦਾ ਅਨੰਦ ਲੈ ਰਿਹਾ ਸੀ। ਪਾਲ ਨੂੰ ਸੁਰੱਖਿਆ ਦੀ ਲੋੜ ਸੀ, ਉਹ ਗਿਣ ਮਿਥ ਕੇ ਹਰ ਫੈਸਲਾ ਲੈਂਦਾ। ਇਹੋ ਫਰਕ ਸੀ। ਪੰਜਾਬੀ ਸੁਰੱਖਿਅਤ ਹੈ, ਉਹ ਗਿਣਤੀਆਂ ਨਹੀਂ ਕਰਦਾ। ਪੰਜਾਬ ਦੇ ਕੁਝ ਅਸੂਲ ਹਨ ਜਿਨ੍ਹਾ ਉਤੇ ਸਖਤੀ ਨਾਲ ਪਹਿਰਾ ਦਿਤਾ ਜਾਂਦਾ ਹੈ, ਜੀਵਨ ਦਾ ਅਜਿਹਾ ਅਨੁਸ਼ਾਸਨ ਦੁਨੀਆਂ ਵਿਚ ਸ਼ਾਇਦ ਹੀ ਹੋਵੇ ਕਿਤੇ।

ਪਾਲ ਨੂੰ ਹਾਕਮ ਫੇਰ ਯਾਦ ਆ ਗਿਆ, ਕਿਹਾ - ਮੈਨੂੰ ਲਗਾ ਸੀ ਹੁਣ ਖੂਨ ਖਰਾਬਾ ਹੋਇਗਾ ਕੋਈ... ਦੇਖੋ ਤਾਂ ਸਹੀ, ਹਾਕਮ ਜਿਨ੍ਹਾਂ ਨੂੰ ਗਾਲਾਂ ਦੇ ਰਿਹਾ ਸੀ ਉਹ ਸਨ ਕੌਣ ! ਸਰਦਾਰ ਨੇ ਕਿਹਾ - ਇਥੇ ਇਉਂ ਕਤਲ ਨਹੀਂ ਹੁੰਦਾ। ਕਤਲ ਜ਼ਮੀਨ ਦੇ ਝਗੜੇ ਕਾਰਨ ਹੁੰਦਾ ਹੈ ਜਾਂ ਫ਼ਿਰ ਹੋ ਚੁਕੇ ਕਤਲ ਦਾ ਬਦਲਾ ਲੈਣ ਵਾਸਤੇ। ਪਾਲ ਨੇ ਪੁੱਛਿਆ - ਤੁਸੀਂ ਬਦਲਾ ਲੈਣ ਦੇ ਹੱਕ ਵਿਚ ਹੋ ? ਸਰਦਾਰ ਨੇ ਕਿਹਾ - ਹਾਂ ਬਿਲਕੁਲ। ਮੈਨੂੰ ਕੋਈ ਕਤਲ ਕਰ ਦਏ ਤਾਂ ਲਾਲੀ ਉਸਦਾ ਬਦਲਾ ਕਿਉਂ ਨਾ ਲਵੇ ?

''ਕਿਉਂ ? ਕਾਨੂੰਨ ਨਾਮ ਦੀ ਕੋਈ ਚੀਜ਼ ਨੀਂ ਹੁੰਦੀ ?'' ਪਾਲ ਨੇ ਪੁੱਛਿਆ।

''ਮੁੜ ਰਹੇ ਨੇ ਕਾਨੂੰਨ ਵੱਲ, ਹੌਲੀ ਹੌਲੀ, ਮੁੜ ਰਹੇ ਨੇ। ਪੁਲਸ, ਅਦਾਲਤਾਂ, ਜੇਲ੍ਹਾਂ ਸਾਰਾ ਤੰਤਰ ਹੈਗਾ, ਪਰ ਬਹੁਤੀ ਵਾਰ ਇਨਸਾਫ਼ ਨਹੀਂ ਮਿਲਦਾ, ਜਦੋਂ ਇਨਸਾਫ਼ ਨਾ ਮਿਲੇ ਤਾਂ ਪੰਜਾਬੀ ਆਖਦਾ ਹੈ - ਮੈਂ ਆਪੇ ਕਰ ਦਿੰਨਾ ਇਨਸਾਫ ਫੇਰ।''

ਪਾਲ ਸਹਿਮਤ ਨਹੀਂ ਸੀ, ''ਪਰ ਕਤਲ ਕਤਲ ਹੈ, ਕਾਰਨ ਜੋ ਮਰਜ਼ੀ ਦੱਸੋ।''

ਸਰਦਾਰ ਨੇ ਕਿਹਾ - ਤੁਸੀਂ ਸਹੀ ਹੋ, ਤਾਂ ਵੀ, ਅਰਬਾਂ ਵਾਂਗ, ਪੰਜਾਬੀ ਪਿੱਛੋਂ ਵਾਰ ਨਹੀਂ ਕਰਦਾ, ਲਾਸ ਏਂਜਲਸ, ਸ਼ਿਕਾਗੋ, ਨਿਊ ਯਾਰਕ ਦੇ ਗੁੰਡਿਆਂ ਵਾਂਗ ਭਾੜਾ ਲੈ ਕੇ ਕਤਲ ਨਹੀਂ ਕਰਦਾ, ਅਪਣੇ ਕਿਸੇ ਬੌਣੇ ਸਰਦਾਰ ਦੇ ਇਸ਼ਾਰੇ ਤੇ ਕਤਲ ਨੀਂ ਕਰਦਾ, ਕਿਸੇ ਮੱਸੋਲੀਨੀ, ਕਿਸੇ ਹਿਟਲਰ ਦੀ ਹੈਂਕੜ ਵਿਰੁੱਧ ਪੰਜਾਬੀ ਜੇ ਹਥਿਆਰ ਚੁਕਦਾ ਹੈ, ਚੁੱਕਣ ਦਿਉ।

ਪਾਲ ਪੰਜਾਬੀ ਦੀ ਥਾਹ ਨਹੀਂ ਪਾ ਸਕਦਾ ਸੀ। ਉਹ ਸਤਹ ਤੋਂ ਦੇਖ ਰਿਹਾ ਸੀ, ਪਿਆਰ, ਜਨਮ, ਵਿਆਹ, ਮੌਤ ਆਦਿਕ ਉਪਰੰਤ ਰਸਮਾਂ ਦੀਆਂ ਰਮਜ਼ਾਂ ਦਾ ਉਸਨੂੰ ਪਤਾ ਨਹੀਂ ਸੀ। ਝਟਪਟ ਕੁਝ ਨਿਕੀਆਂ ਦਲੀਲਾਂ ਦੇ ਕੇ ਉਹ ਫੈਸਲਾ ਸੁਣਾ ਦਿੰਦਾ। ਉਸ ਦੇ ਮਨ ਉਤੇ ਜੋ ਪ੍ਰਭਾਵ ਪੈਂਦਾ, ਉਹੀ ਉਸ ਦੀ ਜੱਜਮੈਂਟ ਹੋ ਜਾਂਦੀ। ਉਸਨੂੰ ਇੰਪਰੈਸ਼ੱਨ ਅਤੇ ਜੱਜਮੈਂਟ ਵਿੱਚ ਫਰਕ ਦਾ ਪਤਾ ਨਹੀਂ ਸੀ। ਪਾਲ ਨੇ ਕਿਹਾ - ਤੁਸੀਂ ਨਾ ਮੰਨੋ, ਪੰਜਾਬੀ ਹਿੰਸਕ ਹਨ, ਲਹੂ ਦੇ ਤਿਹਾਏ, ਹਿੰਦੂ, ਸਿੱਖ ਸਾਰੇ। ਗਾਂਧੀ, ਅਹਿੰਸਾ, ਗਊ ਪੂਜਾ... ਗੱਲਾਂ ਇਹੋ, ਪਰ ਦਿਲ ਵਿਚ ਹਿੰਸਾ। ਪਤੈ ਕਿਉਂ ਹੈ ਇਹ? ਤੁਹਾਡੇ ਲੋਕਾਂ ਨੂੰ ਕਤਲ ਕਰਨ ਦੀ ਰੂਹਾਨੀ ਆਗਿਆ ਮਿਲੀ ਹੋਈ ਹੈ। ਗੀਤਾ ਅਤੇ ਗੁਰੂ ਗੋਬਿੰਦ ਸਿੰਘ..., ਹਿੰਸਾ ਦੇ ਹੱਕ ਵਿਚ ਹਨ, ਕੀ ਸਿੱਖ ਫਖਰ ਨਾਲ ਨਹੀਂ ਕਹਿੰਦੇ ਕਿ ਸਾਡੇ ਗੁਰੂ ਜੀ ਸੰਤ ਸਿਪਾਹੀ ਸਨ ? ਮੈਂ ਸਭ ਜਾਣਦਾਂ। ਕ੍ਰਿਸ਼ਨ ਅਤੇ ਗੁਰੂ ਗੋਬਿੰਦ ਸਿੰਘ ਹਿੰਸਾ ਦੀ ਹਮਾਇਤ ਵਿਚ ਹਨ।

ਰੰਚਨ ਨੇ ਕਿਹਾ - ਕ੍ਰਿਸ਼ਨ ਅਤੇ ਗੁਰੂ ਜੀ ਹਿੰਸਾ ਦੇ ਹੱਕ ਵਿਚ ਨਹੀਂ ਹਨ ਪਾਲ। ਉਹ ਆਖਦੇ ਹਨ ਆਪਣੇ ਨਾਲ ਬੇਇਨਸਾਫੀ ਨਾ ਹੋਣ ਦਿਉ। ਕ੍ਰਿਸ਼ਨ ਨੇ ਦੇਰ ਤੱਕ ਕੌਰਵਾਂ ਨੂੰ ਮੱਤ ਦਿਤੀ ਸੀ, ਨਹੀਂ ਮੰਨੇ। ਗੁਰੂ ਜੀ ਦਾ ਫੁਰਮਾਨ ਹੈ ਕਿ ਪਹਿਲੋਂ ਸਾਰੇ ਵਸੀਲੇ ਅਜ਼ਮਾਉ, ਕੋਈ ਵਸ ਨਾ ਚੱਲੇ ਤਾਂ ਕਿਰਪਾਨ ਦੇ ਮੁੱਠੇ ਉਪਰ ਅਖੀਰ ਤੇ ਹੱਥ ਰਖੋ... ਅਖੀਰ ਵਿਚ। ਗੁਰੂ ਜੀ ਅਖੀਰ ਉਥੇ ਪੁੱਜ ਗਏ ਸਨ ਜਿਥੇ ਜੀਵਨ ਅਤੇ ਮੌਤ ਵਿਚ ਫਰਕ ਨਹੀਂ ਰਿਹਾ ਸੀ। ਪੰਜਾਬੀ ਗੁਲਾਮ ਨਹੀਂ ਰਹਿ ਸਕਦੇ ਦੇਰ ਤੱਕ। ਬੰਗਾਲੀਆਂ ਜਾਂ ਦੱਖਣੀ ਭਾਰਤੀਆਂ ਵਾਂਗ ਉਹ ਬਾਬੂ ਨਹੀਂ ਬਣ ਸਕਦੇ। ਅਮਰੀਕਾ, ਬਰਤਾਨੀਆਂ, ਕੈਨੇਡਾ, ਕੀਨੀਆਂ, ਮਲਾਇਆ ਵਿਚ ਜਾ ਕੇ ਉਨ੍ਹਾਂ ਨੇ ਮਜ਼ਦੂਰੀ ਕੀਤੀ ਪਰ ਬਹੁਤ ਛੇਤੀ ਜ਼ਮੀਨਾ, ਕਾਰਖਾਨਿਆਂ ਅਤੇ ਕੰਪਨੀਆਂ

www.punjabilibrary.com

ਦੇ ਮਾਲਕ ਹੋ ਗਏ। ਪੰਜਾਬੀ ਨੂੰ ਖਾਣ ਪੀਣ ਪਹਿਨਣ ਅਤੇ ਸੋਚਣ ਵਿਚ ਸਾਦਗੀ ਪਸੰਦ ਹੈ, ਉਹ ਦਰਸ਼ਨ, ਦਲੀਲ ਦੀਆਂ ਬਰੀਕੀਆਂ ਤੋਂ ਬੇਪ੍ਰਵਾਹ ਹੈ। ਫਲਸਫਾ ਛੱਡੋ, ਉਹ ਤਾਂ ਮੌਤ ਵਲੋਂ ਵੀ ਬੇਪ੍ਰਵਾਹ ਹੈ, ਇਸੇ ਬੇਪ੍ਰਵਾਹੀ ਕਰਕੇ ਉਹ ਬਚਿਆ ਹੈ। ਮੂਰਖਤਾ ਅਤੇ ਬੇਪ੍ਰਵਾਹੀ ਵਿਚ ਫਰਕ ਹੈ।

ਬਿਸਤਰੇ ਵਿਛੇ ਪਏ ਸਨ, ਪੂਰੀ ਕਤਾਰ, ਚੁਬਾਰਿਆਂ ਦੇ ਬਾਹਰਵਾਰ ਖੁੱਲ੍ਹੇ ਅਸਮਾਨ ਹੇਠਲੀ ਛੱਤ ਉਪਰ। ਕੁਝ ਦੇਰ ਬਾਦ ਰੰਚਨ ਨੂੰ ਖਿਆਲ ਆਇਆ, ਉਹੋ, ਇਹ ਕੀ ਹੋ ਗਿਆ ? ਗਲਤੀ ਕਰ ਬੈਠਾ। ਚਾਹੀਦਾ ਸੀ ਮੈਂ ਸਰਦਾਰ ਨੂੰ ਦੱਸ ਦਿੰਦਾ ਗੋਰੇ ਇਸ ਤਰ੍ਹਾਂ ਨਹੀਂ ਸੌਂਦੇ ਹੁੰਦੇ, ਉਨ੍ਹਾਂ ਦੋਵਾਂ ਵਾਸਤੇ ਚੁਬਾਰੇ ਅੰਦਰ ਸੌਣ ਦਾ ਇੰਤਜ਼ਾਮ ਕਰਨਾ ਚਾਹੀਦਾ ਸੀ। ਕੋਈ ਗੱਲ ਨੀਂ, ਸਵੇਰੇ ਖਿਮਾਂ ਮੰਗ ਲਵਾਂਗਾ ਤੇ ਕੱਲ੍ਹ ਨੂੰ ਇੰਤਜ਼ਾਮ ਦਰੁਸਤ ਹੋ ਜਾਵੇਗਾ।

ਸਵੇਰ ਹੋਈ, ਰੰਚਨ ਉਠਿਆ ਤਾਂ ਦੇਖਿਆ ਪਾਲ ਖਤ ਲਿਖਣ ਵਿਚ ਰੁਝਿਆ ਹੋਇਆ ਸੀ। ਪਾਲ ਨੇ ਕਿਹਾ – ਰੰਚਨ ਤੂੰ ਚਾਰ ਸਾਲ ਅਮਰੀਕਾ ਵਿਚ ਪੜ੍ਹ ਕੇ ਆਇਆ ਹੈਂ, ਬਾਕੀਆਂ ਨੂੰ ਨਾ ਸਹੀ, ਤੈਨੂੰ ਤਾਂ ਪਤਾ ਹੈ ਕਿ ਅਮਰੀਕਣਾਂ ਨੂੰ ਪ੍ਰਾਈਵੇਸੀ ਪਸੰਦ ਹੈ। ਵੈਸੇ ਮੈਨੂੰ ਹੁਣ ਇਸ ਮਾਹੌਲ ਦੀ ਆਦਤ ਪੈਂਦੀ ਜਾ ਰਹੀ ਹੈ। ਸਵੇਰੇ ਸਵੇਰੇ ਕੋਈ ਠਾਹ ਠਾਹ ਲੋਹੇ ਦਾ ਦਰਵਾਜ਼ਾ ਖੜਕਾਉਂਦਾ ਹੈ। ਨੌਕਰ ਇਕ ਦੂਜੇ ਨਾਲ ਇਉਂ ਗੱਲਾਂ ਕਰ ਰਹੇ ਹਨ ਜਿਵੇਂ ਕੋਈ ਝਗੜਾ ਹੋ ਗਿਆ ਹੋਵੇ, ਪਤਾ ਲਗਦੈ ਕਿ ਗੱਲ ਬੱਦਲਵਾਈ ਬਾਰੇ ਹੋ ਰਹੀ ਹੈ। ਦੇਰ ਰਾਤ ਸੌਣ ਤੱਕ ਇਹੋ ਸ਼ੋਰ, ਹਰ ਪਲ, ਹਰ ਵਕਤ। ਜਿਹੜਾ ਜਦੋਂ ਮਰਜ਼ੀ ਮੰਦਰ ਦਾ ਟੱਲ ਖੜਕਾ ਦੇਵੇ, ਜਿਹੜਾ ਮਰਜ਼ੀ ਅੰਦਰ ਲੰਘ ਆਏ, ਬਿਨ ਸੱਦਿਆ, ਬਿਨ ਬੁਲਾਇਆ, ਮੰਗਤਾ ਤੇ ਮਹਿਮਾਨ ਇਕ ਸਮਾਨ। ਮੈਨੂੰ ਤਾਂ ਲਗਦੈ ਇਸੇ ਸ਼ੋਰ ਤੋਂ ਬਚਣ ਲਈ ਭਾਰਤੀ ਜੰਗਲਾਂ ਵਿਚ ਦੌੜ ਜਾਂਦੇ ਸਨ ਜਾਂ ਪਹਾੜੀਂ ਚੜ੍ਹ ਜਾਂਦੇ ਸਨ। ਜਿਨ੍ਹਾਂ ਨੂੰ ਤੁਸੀਂ ਸਨਿਆਸੀ ਕਹਿੰਦੇ ਹੋ, ਤੁਸੀਂ ਉਨ੍ਹਾਂ ਨੂੰ ਏਨਾ ਤਪਾ ਦਿਤਾ ਕਿ ਦੁਖੀ ਹੋਕੇ ਸਦਾ ਲਈ ਭੱਜ ਗਏ। ਤੁਹਾਡੇ ਘਰ ਸ਼ਾਂਤੀ ਹੋਵੇ ਫੇਰ ਕੌਣ ਸਨਿਆਸੀ ਬਣੇ। ਮੈਂ ਬੁਝਣ ਲੱਗ ਪਿਆ ਹਾਂ ਬੁਝਾਰਤਾਂ ਤੁਹਾਡੀਆਂ।

ਸਰਦਾਰ ਕਿਸੇ ਚੰਗੇ ਗਵੱਈਏ ਦੀ ਤਲਾਸ਼ ਕਰਨ ਲੱਗਾ। ਦੱਸਿਆ ਕਿ ਕੱਲ੍ਹ ਨੂੰ ਹਰਮਨ ਪਿਆਰੇ ਗਾਉਣ ਨੱਚਣ ਵਾਲੇ ਬਾਬੇ ਆਉਣਗੇ।

ਪਾਲ ਅਮਰੀਕਾ ਵੱਲ ਖ਼ਤ ਲਿਖੀ ਜਾ ਰਿਹਾ ਹੈ, ''ਅਜੀਬੋ ਗਰੀਬ ਪੰਜਾਬ ! ਖੁਸ਼ੀ ਹੋਵੇ ਤਾਂ ਵੀ, ਦੁਖ ਹੋਵੇ ਤਾਂ ਵੀ, ਬਿਨ ਬੁਲਾਇਆਂ ਪਿੰਡ ਉਥੇ ਚਲਾ ਜਾਂਦਾ ਹੈ। ਕੋਈ ਪ੍ਰਾਈਵੇਸੀ ਨਹੀਂ। ਮੌਤ ਕਿਸੇ ਦੇ ਘਰ, ਸਾਰਾ ਪਿੰਡ ਉਥੇ ਆ ਬੈਠਦੈ, ਸਾਰੀਆਂ ਔਰਤਾਂ ਰੋਈ ਜਾਂਦੀਆਂ ਹਨ, ਵੈਣ ਪਾਉਂਦੀਆਂ ਹਨ। ਜਿਸ ਘਰ ਮੌਤ ਹੋਈ ਜੇ ਉਸ ਘਰ ਦੀ ਜਨਾਨੀ ਨਹੀਂ ਰੋਂਦੀ, ਨਹੀਂ ਪਿੱਟਦੀ ਤਾਂ ਬਾਹਰੋਂ ਆਈਆਂ ਜ਼ਨਾਨੀਆਂ ਵਿਚੋਂ ਕੋਈ ਉਸ ਦੀ ਛਾਤੀ ਆਪ ਪਿੱਟਣ ਲਗ ਜਾਂਦੀ ਹੈ, ਪਿਟ ਪਟੱਊਆ ਅਤੇ ਰੋਣ ਧੋਣ ਸੁਰਤਾਲ ਵਿਚ ਹੁੰਦਾ ਹੈ। ਇਸ ਮਜਲਿਸ ਵਿਚ ਛੋਟੀ ਉਮਰ ਦੀਆਂ ਕੁੜੀਆਂ ਵੱਡੀਆਂ ਤੋਂ ਰੋਣ ਦਾ ਤਰੀਕਾ ਸਿੱਖ ਰਹੀਆਂ ਹਨ। ਮਾਸ ਮਾਸ ਨੂੰ ਕੁੱਟੀ ਜਾਂਦਾ ਹੈ, ਕਦੀ ਛਾਤੀਆਂ ਤੇ ਦੁਹੱਥੜ, ਕਦੀ ਪੱਟਾਂ ਤੇ, ਕਦੀ ਮੂੰਹ ਤੇ। ਆਪਣਾ ਮਾਸ ਆਪੇ ਨੀਲਾ ਕਰ ਲੈਂਦੀਆਂ ਹਨ। ਕੀ ਸਭਿਅਤਾ ਹੋਈ, ਇਹ ਕਿਹਾ ਸਭਿਆਚਾਰ ਹੈ ? ਵਿਅਕਤੀ ਭੀੜ ਵਿਚ ਗੁੰਮ ਹੈ, ਇਥੇ ਕੋਈ ਇਕੱਲਾ ਹੈ ਈ ਨੀ, ਇਕੱਲਾ ਰਹਿ ਈ ਨੀਂ ਸਕਦਾ। ਇਸ ਪੱਖੋਂ ਮੈਂ ਸਮਝਦਾ ਹਾਂ ਇਥੇ ਕੋਈ ਬੰਦਾ ਆਜ਼ਾਦ ਨੀ, ਇਨ੍ਹਾਂ ਨੂੰ ਆਜ਼ਾਦੀ ਦਾ ਨਾ ਪਤਾ ਹੈ ਨਾ ਉਸ ਬਾਰੇ ਜਾਣਨ ਦੀ ਇੱਛਾ, ਸਾਰਿਆਂ ਨੇ ਇਕ ਦੂਜੇ ਨਾਲ ਆਪਣੇ ਆਪਨੂੰ ਬੁਣ ਰੱਖਿਆ ਹੈ।

''ਸਾਰੇ ਬੇਪਰਦ, ਖੁੱਲ੍ਹੀਆਂ ਛੱਤਾਂ, ਵਿਹੜਿਆਂ ਵਿਚ ਇਕੱਠੇ ਸੁੱਤੇ ਪਏ ਹਨ। ਨਾਲ ਹੀ ਪਸ਼ੂ, ਕੁੱਤੇ, ਬਿੱਲੇ, ਮੁਰਗੀਆਂ, ਬੱਤਕਾਂ, ਕਬੂਤਰ, ਸਭ ਇਕੱਠੇ। ਸਰਦਾਰ ਆਪਣੇ ਨੌਕਰਾਂ ਨੂੰ ਹੋਰ ਸਰਦਾਰਾਂ ਦੀਆਂ ਗੱਲਾਂ ਸੁਣਾਉਂਦਾ ਹੈ, ਉਹ ਉਚੀ ਉਚੀ ਹਸਦੇ ਹਨ, ਮੈਨੂੰ ਲਗਦੈ ਮੈਂ ਸੌਂ ਗਿਆਂ, ਨਹੀਂ ਮੈਂ ਸੁਤਾ ਨਹੀਂ ਅਜੇ, ਦੇਰ ਤਕ ਸੁਤਨੀਂਦੇ ਵਿਚ ਬਿਤਾਉਂਦਾ ਹਾਂ।''

ਇਕ ਸਵੇਰ ਰੰਚਨ ਨੇ ਦੇਖਿਆ, ਗੋਰਾ ਗੋਰੀ ਤਾਂ ਬਣ ਸੰਵਰ ਚੁੱਕੇ ਹਨ, ਛੱਤ ਉਪਰ ਖਲੋਤੇ ਵੱਖ ਵੱਖ ਕੋਣਾ ਤੋਂ ਪਿੰਡ ਦੀਆਂ ਫੋਟੋਆਂ ਖਿੱਚ ਰਹੇ ਹਨ। ਸਰਦਾਰ ਦੀ ਹਵੇਲੀ ਬਹੁਤ ਉਚੀ ਹੈ, ਸਾਰਾ ਪਿੰਡ ਇਸ ਤੋਂ ਨੀਵਾਂ ਹੈ। ਪਿੰਡ ਵਿਚ ਹੋਰ ਕਿਸੇ ਦੇ ਚੁਬਾਰਾ ਨਹੀਂ, ਘਰ ਕੱਚੇ ਹਨ, ਹਰੇਕ ਘਰ ਦੀ ਛੱਤ ਨਾਲ ਦੇ ਘਰ ਨਾਲ ਜੁੜੀ ਹੋਈ... ਕਮਾਲ ਐ ... ਬੰਦਾ ਚਾਹੇ ਤਾਂ ਸਾਰਾ ਪਿੰਡ ਛੱਤਾਂ ਉਪਰ ਵੀ

www.punjabilibrary.com

ਘੁੰਮ ਸਕਦੈ। ਇਕੋ ਮੰਜੇ ਤੇ ਦੋ ਜ਼ਨਾਨੀਆਂ ਸੁੱਤੀਆਂ ਪਈਆਂ ਹਨ, ਕਿਸੇ ਹੋਰ ਪਾਸੇ ਇਕੋ ਮੰਜੇ ਤੇ ਦੋ ਮੁੰਡੇ ਸੁਤੇ ਪਏ ਹਨ। ਗੋਰਾ ਗੋਰੀ ਸ਼ਰਮਾ ਰਹੇ ਹਨ, ਫੋਟੋਆਂ ਖਿੱਚ ਰਹੇ ਹਨ। ਪਿਉ ਪੁੱਤ ਇਕ ਮੰਜੇ ਤੇ।

ਇਉਂ ਲਗਦੈ ਜਿਵੇਂ ਜ਼ਮੀਨ ਉਪਰ ਫਤਿਹਗੜ੍ਹ ਚੌਕੜੀ ਮਾਰੀ ਬੈਠਾ ਹੋਵੇ। ਇਕ ਔਰਤ ਪਿੱਤਲ ਦੇ ਗਲਾਸਾਂ ਵਿਚ ਦੋ ਬੰਦਿਆਂ ਲਈ ਚਾਹ ਬਣਾ ਕੇ ਲਿਆਈ ਹੈ, ਇਕ ਘਰ ਵਾਲਾ ਹੋਵੇਗਾ ਦੂਜਾ ਦਿਉਰ। ਹਾਂ ਯਕੀਨਨ ਦਿਉਰ, ਕਿਉਂਕਿ ਜੇਠ ਹੁੰਦਾ ਤਾਂ ਜਨਾਨੀ ਘੁੰਡ ਕੱਢ ਕੇ ਆਉਂਦੀ। ਗੋਰੀ ਹਸਦੀ ਹੈ... ਉਹੀ ਲੋਕ-ਗੀਤਾਂ ਵਿਚਲਾ ਦਿਉਰ... ਪਾਲ... ਟੱਪਿਆਂ ਵਾਲਾ... ਖਿੱਚ ਫੋਟੋ। ਅਹੁ ਦੇਖ, ਮੁਰਗਾ ਮੁਰਗੀ ਪਿਛੇ ਦੌੜਿਆ ਫਿਰਦਾ ਹੈ, ਖਿਚ ਫੋਟੋ, ਬਾਰ ਬਾਰ ਬਾਂਗਾਂ ਦੇਈ ਜਾਂਦੈ। ਪਰਲੇ ਘਰ ਵਿਚ ਬੁੱਢੀ ਉਚੀ ਉਚੀ ਬੁੱਢੇ ਨੂੰ ਗਾਲਾਂ ਕੱਢ ਰਹੀ ਹੈ, ਬੁੱਢਾ ਲੜਨ ਦੀ ਥਾਂ ਸਿਰ ਖੁਰਕੀ ਜਾਂਦਾ ਹੈ... ਫੋਟੋ। ਪੰਜਾਬ ਅਮਰੀਕਾ ਜਾ ਰਿਹਾ ਹੈ।

ਗੋਰੀ ਸਿਗਰਟ ਪੀਂਦੀ ਕਈ ਵਾਰ ਟਾਇਲਟ ਵਿਚ ਗੇੜਾ ਮਾਰ ਆਈ ਹੈ। ਸਿਗਰਟ ਪੀਣ ਬਗੈਰ ਉਸਦਾ ਪੇਟ ਸਾਫ਼ ਨਹੀਂ ਹੁੰਦਾ। ਜਿੰਨੇ ਗੇੜੇ ਅੱਜ ਉਹ ਟਾਇਲਟ ਦੇ ਲਾ ਚੁਕੀ ਹੈ, ਉਸਤੋਂ ਵਧੀਕ ਉੱਤਰ ਸਰਦਾਰ ਨੇ ਪਾਲ ਦੇ ਸਵਾਲਾਂ ਦੇ ਦਿੱਤੇ ਹਨ। ਪਿੰਡ ਕਦੋਂ ਵੱਸਿਆ, ਆਬਾਦੀ ਕਿੰਨੀ, ਘਰ ਕਿੰਨੇ, ਕੁਲ ਰਕਬਾ, ਕੁੱਲ ਪਸ਼ੂ, ਕਾਰਖਾਨੇ ਆਦਿਕ ਆਦਿਕ। ਸਰਦਾਰ ਦੇ ਜਵਾਬਾਂ ਤੋਂ ਲਗਦਾ ਸੀ ਪਿੰਡ ਆਤਮ ਨਿਰਭਰ ਹੈ, ਕਣਕ, ਚਾਵਲ, ਮੱਕੀ, ਸਰ੍ਹੋਂ, ਗੰਨਾ, ਸਬਜੀਆਂ, ਦਾਲਾਂ ਸਭ ਆਪ ਪੈਦਾ ਕਰਦਾ ਹੈ। ਕੱਤੇ ਸੂਤ ਦੇ ਕਪੜੇ, ਕੰਬਲ ਵੀ ਸੂਤ ਦੇ, ਬੱਕਰੇ, ਮੁਰਗੇ, ਸੂਰ, ਸਭ ਕੁਝ ਪਿੰਡੋਂ ਮਿਲ ਜਾਂਦਾ ਹੈ। ਸ਼ਹਿਰ ਵਿਚ ਲੋਕ ਉਦੋਂ ਜਾਂਦੇ ਹਨ ਜਦੋਂ ਖਾਸ ਗਹਿਣਾ ਖਰੀਦਣਾ ਹੋਵੇ, ਕਿਸੇ ਵੱਖਰੇ ਡਿਜ਼ਾਈਨ ਦਾ, ਜਿਹੜਾ ਪਿੰਡ ਦੇ ਸੁਨਿਆਰ ਤੋਂ ਨਾ ਮਿਲੇ।

ਸਰਦਾਰ ਦਸਦਾ ਹੈ - ਤੁਸੀਂ ਸਹਿਰੀ ਓ ਨਾ, ਇਸ ਕਰਕੇ ਤੁਹਾਨੂੰ ਇਤਬਾਰ ਨਹੀਂ ਕਿ ਪਿੰਡੋਂ ਸਭ ਕੁਝ ਮਿਲ ਜਾਂਦਾ ਹੈ। ਦੇਖੋ ਤੁਸੀਂ ਕਾਰਨ ਫਲੇਕਸ, ਬਰੈਂਡ, ਵਿਟਾਮਿਨ ਗੋਲੀਆਂ, ਆਇਰਨ ਕੈਪਸੂਲ, ਕਬਜ਼ ਵਾਸਤੇ, ਦਸਤਾਂ ਵਾਸਤੇ ਦਵਾਈਆਂ, ਬੀਅਰ ਸਭ ਅਪਣੇ ਨਾਲ ਚੁਕੀ ਫਿਰਦੇ ਹੋ ਫਤਿਹਗੜ੍ਹ ਤੱਕ। ਅਮਰੀਕਾ ਫਤਿਹਗੜ੍ਹ ਪੁੱਜੇਗਾ ਤਾਂ ਪੀਣ ਖਾਣ ਦੀਆਂ ਵਸਤਾਂ ਨਾਲ ਲਿਆਏਗਾ, ਕਿਉਂਕਿ ਫਤਿਹਗੜ੍ਹ ਵਿਚ ਸਫਾਈ ਨਹੀਂ, ਜਾਹਲ ਫਤਿਹਗੜ੍ਹ ਦੇ ਘਰਾਂ ਦੀਆਂ ਛੱਤਾਂ ਇਕਸਾਰ ਨਹੀਂ, ਗਲੀਆਂ ਨਾਲੀਆਂ ਦਾ ਕੋਈ ਸਟੈਂਡਰਡ ਨਹੀਂ, ਘਰ ਸਿੱਧੀਆਂ ਕਤਾਰਾਂ ਵਿਚ ਨਹੀਂ।

ਕੱਚੇ ਘਰ ਦੇ ਵਿਹੜੇ ਵਿਚੋਂ ਇਸ ਪਿੰਡ ਦੀ ਜ਼ਨਾਨੀ ਉੱਪਰ ਦੇਖਦੀ ਹੈ, ਗੋਰਾ ਗੋਰੀ ਉਸ ਦੀਆਂ ਫੋਟੋਆਂ ਖਿਚ ਰਹੇ ਹਨ ਤਾਂ ਹੱਸ ਪੈਂਦੀ ਹੈ, ਫੋਟੋ ਦੇ ਪੋਜ਼ ਵਾਸਤੇ ਨਹੀਂ ਹੱਸੀ, ਦਿਲੋਂ ਹਸਦੀ ਹੈ, ਫਿਰ ਸ਼ਰਮ ਆ ਗਈ ਹੈ, ਦੇਖੋ ਤੇਜ਼ੀ ਨਾਲ ਅੰਦਰ ਚਲੀ ਗਈ।

ਗੋਰੇ ਨੇ ਕਿਹਾ - ਮੈਂ ਪਿੰਡ ਦੀ ਬੁਣਤੀ ਦੇਖਣੀ ਹੈ। ਸਰਦਾਰ ਨੇ ਨੌਕਰਾਂ ਨੂੰ ਕਿਹਾ - ਦਰੀਆਂ, ਫੁਲਕਾਰੀਆਂ ਲਿਆਉ। ਵੱਖ ਵੱਖ ਰੰਗਾਂ ਡਿਜ਼ਾਈਨਾਂ ਦੀਆਂ। ਫੋਟੋਆਂ ਖਿੱਚੀਆਂ, ਜਿਊਮੈਟਰੀਕਲੀ ਪਰਫੈਕਟ ਡਿਜ਼ਾਈਨਜ਼। ਪਾਲ ਨੇ ਪੁੱਛਿਆ - ਮੈਂ ਇਸ ਕਾਰੀਗਰ ਦੀ ਫੋਟੋ ਖਿਚਣੀ ਹੈ, ਕਿਥੇ ਰਹਿੰਦੈ ? ਸਰਦਾਰ ਹੱਸ ਪਿਆ - ਹਰੇਕ ਘਰ ਦੀ ਹਰੇਕ ਕੁੜੀ ਇਹ ਕੰਮ ਜਾਣਦੀ ਐ। ਇਹ ਚੀਜ਼ਾਂ ਕੋਈ ਠੇਕੇ ਤੇ ਨਹੀਂ ਬਣਵਾਈਆਂ ਜਾਂਦੀਆਂ, ਇਹੋ ਕਾਰਨ ਹੈ ਕਿ ਵੇਚੀਆਂ ਨਹੀਂ ਜਾਂਦੀਆਂ, ਸੁਗਾਤਾਂ ਵਾਸਤੇ ਹਨ। ਜੇ ਤੁਸੀਂ ਕਿਸੇ ਜ਼ਨਾਨੀ ਦੀ ਬਣਾਈ ਪੱਖੀ, ਕੱਢੀ ਚੁੰਨੀ ਜਾਂ ਫੁਲਕਾਰੀ ਖਰੀਦਣਾ ਚਾਹੋ ਤਾਂ ਮੁਫਤ ਦੇਣਗੇ, ਪੈਸੇ ਹਰਗਿਜ਼ ਨਹੀਂ ਲੈਣਗੇ।

ਗੁਸਲਖਾਨੇ ਵਿਚੋਂ ਨਿਕਲ ਕੇ ਰਿਨ ਸਰਦਾਰ ਕੋਲ ਆਈ - ਵਾਹ ਕਿੰਨੇ ਗਜ਼ਬ ਦੇ ਸੁਹਣੇ ਪੈਟਰਨ ਪਾਲ ! ਆਪਾਂ ਖਰੀਦਾਂਗੇ। ਸਰਦਾਰ ਨੇ ਕਿਹਾ - ਪਾਲ ਨੂੰ ਦੱਸ ਰਿਹਾ ਸਾਂ ਕਿ ਵਿਕਰੀ ਲਈ ਨਹੀਂ ਹਨ, ਮੁਫ਼ਤ ਦਿਆਂਗੇ। ਨੌਕਰ ਇਕ ਪੈਕਟ ਲੈਕੇ ਹਾਜ਼ਰ ਹੋਇਆ। ਖੋਹਲਿਆ, ਸੱਤ ਫੁੱਟ ਲੰਮਾ ਚਾਰ ਫੁੱਟ ਚੌੜਾ ਦੁਪੱਟਾ, ਨਾਭੀ, ਲਾਲ, ਪੀਲੇ, ਹਰੇ ਰੇਸ਼ਮ ਨਾਲ ਕਢਾਈ ਕੀਤੀ ਹੋਈ।

''ਜੀ ਸੂਬੇਦਾਰ ਹਜ਼ਾਰਾ ਸਿੰਘ ਦੀ ਸਰਦਾਰਨੀ ਨੇ ਮੇਮ ਸਾਹਿਬ ਵਾਸਤੇ ਭੇਜਿਐ।''

''ਥੈਂਕਯੂ, ਥੈਂਕਯੂ... ਸੇ ਮਾਈ ਥੈਂਕਸ ਟੂ ਸਰਦਾਰਨੀ ਸਾਹਿਬਾ।

ਹੈਰਾਨ ਹੋਕੇ ਰਿਨ ਨੇ ਸਰਦਾਰ ਨੂੰ ਪੁੱਛਿਆ - ਲੈ ਲਵਾਂ ? ਦੱਸਣਾ ਕਿ ਮੁਫਤੋ ਮੁਫਤੀ ਲੈਣਾ ਠੀਕ ਵੀ ਰਹੇਗਾ ? ਸਰਦਾਰ ਨੇ ਕਿਹਾ - ਨਾਟ ਐਟ ਆਲ ਫਾਰ ਸੇਲ। ਟੇਕ ਦਿਸ ਐਜ਼ ਏ ਗਿਫਟ।

www.punjabilibrary.com

''ਪੱਕੀ ਗੱਲ ?'' ਰਿਨ ਨੂੰ ਅਜੇ ਵੀ ਯਕੀਨ ਨਹੀਂ।

ਸਰਦਾਰ ਹੱਸ ਪਿਆ – ਐਨ ਪੱਕੀ ਗੱਲ, ਸੋਲਾਂ ਆਨੇ ਖਰੀ ਮੁਹੱਬਤ। ਰਿਨ ਨੇ ਨੌਕਰ ਨੂੰ ਕਿਹਾ – ਉਹ ਆਪ ਕਿਉਂ ਨੀ ਦੇਣ ਆਈ? ਨੌਕਰ ਨੇ ਦੱਸਿਆ – ਮੈਂ ਵੀ ਇਹੋ ਪੁਛਿਆ ਸੀ, ਸਰਦਾਰਨੀ ਕਹਿੰਦੀ ਮੈਨੂੰ ਉਹਦੀ ਬੋਲੀ ਨੀ ਆਉਂਦੀ, ਫੇਰ ਕੀ ਕਰੂੰਗੀ ਆਪ ਜਾ ਕੇ? ਵੈਸੇ ਵੀ ਸੰਗਾਊ ਸੁਭਾਅ ਦੀ ਹੈ। ਕਹਿੰਦੀ ਸੀ ਕੱਲ੍ਹ ਨੂੰ ਗਿੱਧਾ ਹੈ ਨਾ, ਕੱਲ ਨੂੰ ਜਾਊਂਗੀ।

ਪਾਲ ਨੇ ਕਿਹਾ – ਬੜੀ ਮੁਸੀਬਤ ਹੈ ਸਾਡੇ ਵਾਸਤੇ ਇਹ ਦੇਸ। ਐਮਬੈਰੈਸਿੰਗ। ਹਰੇਕ ਬੰਦਾ ਕੁਝ ਨਾ ਕੁਝ ਦੇਣ ਆਉਂਦਾ ਹੈ। ਮੈਂ ਕਾਰ ਡੀਲਰ ਨੂੰ ਕਹਿ ਬੈਠਾ – ਤੇਰੇ ਜੁੱਤੇ ਬੜੇ ਸੁਹਣੇ ਹਨ, ਸੁਣਨ ਸਾਰ ਉਸ ਨੇ ਉਤਾਰ ਕੇ ਮੈਨੂੰ ਦੇ ਦਿੱਤੇ। ਮੇਰਾ ਇਹ ਮਤਲਬ ਸੀ ? ਜਿਵੇਂ ਅਸੀਂ ਮੰਗਤੇ ਹੋਈਏ। ਪਰ ਮੈਂ ਦੱਸ ਦਿੰਨਾ, ਇਸ ਗੱਲ ਪਿਛੇ ਵੀ ਇਹਨਾਂ ਦੀ ਕੋਈ ਨਾ ਕੋਈ ਗਰਜ਼ ਹੁੰਦੀ ਹੈ, ਗਿਣਿਆ ਮਿਥਿਆ ਹਿਸਾਬ ਕਿਤਾਬ, ਐਵੇਂ ਨਹੀਂ।

ਲਾਲੀ ਨੇ ਕਿਹਾ – ਤੁਹਾਡਾ ਮਤਲਬ ਐ ਤੁਹਾਨੂੰ ਕੋਈ ਦੇਖੇ ਨਾ, ਤੁਹਾਨੂੰ ਕੋਈ ਬੁਲਾਏ ਨਾਂ। ਜਰਾ ਮੈਨੂੰ ਵੀ ਪਤਾ ਲੱਗੇ ਕੀ ਕੈਲਕੁਲੇਸ਼ਨ ਹੈ ? ਬਦਲੇ ਵਿਚ ਕੀ ਦੇ ਸਕਦੇ ਹੋ ਤੁਸੀਂ ਇਨ੍ਹਾਂ ਨੂੰ ? ਪੈਸੇ ? ਲੈਣੇ ਨਹੀਂ। ਹੋਰ ਕੀ ?

ਇਹ ਗੱਲਾਂ ਹੋ ਰਹੀਆਂ ਸਨ ਤਾਂ ਸਿੱਖ ਦਰਜੀ ਖੱਦਰ ਲੈਕੇ ਆ ਗਿਆ। ਇਕ ਥਾਨ ਸਫੈਦ ਰੰਗ ਦਾ ਦੂਜਾ ਖਾਕੀ। ਸਰਦਾਰ ਨੇ ਪਾਲ ਨੂੰ ਉਠ ਕੇ ਮੇਚ ਦੇਣ ਦਾ ਇਸ਼ਾਰਾ ਕੀਤਾ। ਉਹ ਖਲੋ ਗਿਆ। ਦਰਜੀ ਨੇ ਛਾਤੀ ਮਿਣੀ ਤੇ ਕਿਹਾ – ਮਜ਼ਬੂਤ, ਚੌੜੀ ਭਰਵੀਂ ਛਾਤੀ ਹੈ ਜੁਆਨ। ਪਾਲ ਨੇ ਤੁਰਤ ਪੁਛਿਆ – ਕੀ ਕਿਹੈ ? ਕੀ ਕਿਹੈ ਟੇਲਰ ਨੇ ? ਸਰਦਾਰ ਨੇ ਦੱਸਿਆ ਕਿ ਤੇਰੀ ਛਾਤੀ ਦੀ ਸਿਫ਼ਤ ਕੀਤੀ ਹੈ, ਕਿਲੇ ਵਾਂਗ ਮਜ਼ਬੂਤ। 'ਓ ਮਾਈ ਗਾਡ !' ਪਾਲ ਖੂਬ ਹੱਸਿਆ। ਆਦਮੀ, ਆਦਮੀ ਦੇ ਜਿਸਮ ਦੀ ਸਿਫ਼ਤ ਪਬਲੀਕਲੀ ਕਰੇ... ਇਹ ਸਭਿਅਕ ਰੁਝਾਣ ਨਹੀਂ।

ਫਿਰ ਦਰਜੀ ਨੇ ਪੁੱਛਿਆ – ਥਾਨ ਵਿਚੋਂ ਰੰਗ ਪਸੰਦ ਕਰੋ। ਪਾਲ ਨੇ ਕਿਹਾ ਰੰਗ ਦੋਵੇਂ ਪਸੰਦ ਨੇ ਪਰ ਦੋ ਲੈ ਨਹੀਂ ਸਕਦਾ ਕਿਉਂਕਿ ਸਰਦਾਰ ਦਾ ਦੁੱਗਣਾ ਖਰਚ ਹੋ ਜਾਵੇਗਾ। ਰਿਨ ਨੇ ਕਿਹਾ – ਪਾਲ ਤੂੰ ਵੀ ਮੂਰਖ ਹੈਂ, ਇਕ ਪਸੰਦ ਕਰ ਲੈ ਗਿਫ਼ਟ ਵਾਸਤੇ, ਦੂਜੇ ਦੇ ਪੈਸੇ ਦੇ ਦੇਹ। ਸਾਰੇ ਜਣੇ ਹੱਸ ਪਏ, ਸਭ ਤੋਂ ਵੱਧ ਸਰਦਾਰ ਹੱਸਿਆ, ਕਹਿਣ ਲੱਗਾ – ਇਨ੍ਹਾਂ ਨੂੰ ਅਕਲ ਕਦੋਂ ਆਏਗੀ ? ਕਦੀ ਨਹੀਂ।

ਰਿਨ ਨੇ ਗੁੱਸੇ ਵਿਚ ਕਿਹਾ – ਓ ਸ਼ਿਟ !

ਰਿਨ ਦੋ ਸ਼ਬਦ ਅਕਸਰ ਵਰਤਦੀ, ਅਰਸ (ਗਤਕ) ਤੇ ਸ਼ਿੱਟ। ਸ਼ੁਰੂ ਸ਼ੁਰੂ ਵਿਚ ਅੰਗਰੇਜ਼ੀ ਜਾਣਨ ਵਾਲੇ ਇਨ੍ਹਾਂ ਪੰਜਾਬੀਆਂ ਨੂੰ ਹੈਰਾਨੀ ਹੋਈ ਕਿ ਔਰਤਾਂ ਆਮ ਗੱਲ ਬਾਤ ਕਰਦੀਆਂ ਅਜਿਹੇ ਗੰਦੇ ਲਫਜ਼ ਵਰਤਿਆ ਨਹੀਂ ਕਰਦੀਆਂ ਪਰ ਹੁਣ ਇਨ੍ਹਾਂ ਨੂੰ ਇਹ ਸੁਣਨ ਦੀ ਆਦਤ ਪੈ ਗਈ ਸੀ। ਸੱਤ ਸ੍ਰੀ ਅਕਾਲ ਕਹਿ ਕੇ ਦਰਜੀ ਚਲਾ ਗਿਆ।

ਪਾਲ ਨੇ ਕਿਹਾ– ਮੇਰਾ ਤਵੀਤ ਪਹਿਨਣ ਨੂੰ ਜੀ ਕਰਦੈ। ਮਿਲ ਸਕੇਗਾ ?

ਸਰਦਾਰ ਨੇ ਕਿਹਾ – ਯਕੀਨਨ। ਇਹ ਦੱਸ ਸੋਨੇ ਦਾ ਕਿ ਚਾਂਦੀ ਦਾ, ਕਿਸ ਡਿਜ਼ਾਈਨ ਦਾ, ਉਪਰ ਕੁੱਝ ਲਿਖਵਾਉਣਾ ਹੈ ? ਕਿਸੇ ਦਾ ਨਾਮ, ਕੋਈ ਮੰਤਰ, ਕੋਈ ਨਿਸ਼ਾਨੀ ?

ਰਿਨ ਉਚੀ ਉਚੀ ਹੱਸੀ – ਪਾਲ, ਤੈਨੂੰ ਏਨਾ ਖਵਾਈ ਜਾਣਗੇ ਕਿ ਖੂਨੀ ਦਸਤ ਲੱਗ ਜਾਣ। ਹੋਸ਼ ਕਰ ਹੋਸ਼। ਸਰਦਾਰ ਖਾਮੋਸ਼ ਹੋ ਗਿਆ। ਉਸਨੇ ਇਨ੍ਹਾਂ ਦੀ ਖਿੱਲੀ ਨਹੀ ਉਡਾਈ। ਮੇਜ਼ਬਾਨ ਆਪਣੇ ਮਹਿਮਾਨ ਲਈ, ਉਸ ਦੀਆਂ ਇੱਛਾਵਾਂ ਦੀ ਪੂਰਤੀ ਲਈ ਸੰਜੀਦਾ ਸੀ। ਇਸ ਸੁਹਿਰਦਤਾ ਬਦਲੇ ਦੇਣ ਲਈ ਰਿਨ ਕੋਲ ਸ਼ਬਦ ਸਨ – ਅਰਸ... ਸ਼ਿੱਟ... ਡਾਇਸੈਂਟਰੀ। ਸ਼ੁਕਰਾਨੇ ਵਜੋਂ ਮੋੜਵੀਆਂ ਸੁਗਾਤਾਂ।

ਪਾਲ ਨੇ ਕਿਹਾ – ਨਹੀਂ ਨਹੀਂ ... ਖਾਲੀ ਤਵੀਤ।

ਰਿਨ ਫਿਰ ਚੀਕੀ – ਪਾਲ ... ਪਾਲ ... ਡਾਇਸੈਂਟਰੀ ਮੁਰਦਾਬਾਦ !

ਸਾਰੇ ਸੋਚਣ ਲੱਗ ਪਏ ... ਤਵੀਤ ਥੋਥਾ ਹੋਵੇ ਤਾਂ ਵੀ ਤਵੀਤ ਹੈ, ਇਸ ਨਾਲ ਪਤਾ ਲਗਦਾ ਰਹਿੰਦੈ ਬੰਦਾ ਮੋਟਾ ਹੋ ਰਿਹੈ ਕਿ ਪਤਲਾ, ਸਿਹਤ ਨਿਯਮਿਤ ਰੱਖੀ ਜਾ ਸਕਦੀ ਹੈ। ਜੇ ਚੰਗੇ ਸੁਨਿਆਰ ਤੋਂ ਆਰਡਰ ਦੇਕੇ ਬਣਵਾਈਏ, ਸੁਹਣਾ ਵੀ ਲਗਦਾ ਹੈ। ਕਿਸੇ ਨੂੰ ਪਤਾ ਨਹੀਂ ਲੱਗ ਰਿਹਾ ਤਵੀਤ ਦਾ ਡਾਇਸੈਂਟਰੀ ਨਾਲ ਕੀ ਤਅੱਲਕ।

www.punjabilibrary.com

ਪਾਲ ਨੇ ਕਿਹਾ - ਮੇਰੇ ਲਈ ਚਾਂਦੀ ਦਾ ਤਵੀਤ ਠੀਕ ਹੈ। ਭਾਰਤ ਦਾ ਨੈਸ਼ਨਲ ਬਰਡ ਪੀਕੱਕ ਇਥੇ ਪਿੰਡ ਵਿਚ ਦੇਖਿਆ ਹੈ। ਤਵੀਤ ਉਪਰ ਮੋਰ ਬਣ ਸਕੇਗਾ ?

- ਕਿਉਂ ਨਹੀਂ ? ਸਰਦਾਰ ਨੇ ਕਿਹਾ, ਬਣੇਗਾ। ਤੇ ਸਾਈਜ਼ ?

ਪਾਲ ਨੇ ਕਿਹਾ - ਇਕ ਇੰਚ ਬਾਈ ਅੱਧਾ ਇੰਚ। ਬਹੁਤ ਸੋਹਣਾ। ਬਹੁਤ ਸੋਹਣਾ ਲਫ਼ਜ਼ ਪਾਲ ਨੇ ਪੰਜਾਬੀ ਵਿਚ ਕਹੇ। ਇਹ ਦੋ ਲਫ਼ਜ਼ ਸੁਣਕੇ ਸਾਰੇ ਜਣੇ ਖੁਸ਼ ਹੋਏ। ਪੰਜਾਬੀ ਬੋਲੀ ਜਾਣਨ ਬਗੈਰ ਪਾਲ ਪੰਜਾਬ ਨੂੰ ਕਿਵੇਂ ਜਾਣ ਸਕੇਗਾ ? ਪਰ ਚਾਰ ਮਹੀਨਿਆਂ ਲਈ ਆਇਆ ਹੈ, ਚਾਰ ਮਹੀਨਿਆਂ ਵਿਚ ਬੋਲੀ ਸਿਖੀ ਹੀ ਨਹੀਂ ਜਾ ਸਕਦੀ। ਲੋਕਾਂ ਦੇ ਸਭਿਆਚਾਰ ਦੀ ਜਾਨ ਬੋਲੀ ਹੁੰਦੀ ਹੈ। ਪਾਲ ਅਮਰੀਕਾ ਨੂੰ ਬੇਜਾਨ ਪੰਜਾਬ ਦਿਖਾਏਗਾ।

ਸਰਦਾਰ ਨੇ ਕਿਹਾ - ਸਾਹਬੋ ਨਾਸ਼ਤਾ ਕਰੋ, ਚੱਲੀਏ, ਲੇਟ ਹੋ ਰਹੇ ਹਾਂ। ਪਿੰਡ ਦਾ ਦੌਰਾ ਕਰਾਂਗੇ। ਖੇਤ, ਸਕੂਲ, ਗੁਰਦੁਆਰਾ ਦਿਖਾਊਂਗਾ। ਇਕ ਕਬੱਡੀ ਮੈਚ ਦਾ ਬੰਦੋਬਸਤ ਹੋ ਗਿਐ, ਪੰਜਾਬ ਦੀ ਪੁਰਾਤਨ ਖੇਡ। ਲੰਚ ਤੋਂ ਪਹਿਲਾਂ ਵਾਪਸ ਪਰਤਾਂਗੇ ਕਿਉਂਕਿ ਸ਼ਾਮ ਨੂੰ ਅਖਾੜਾ ਲੱਗੇਗਾ।

ਸਜ਼ਾ ਯਾਫਤਾ ਬੰਦਾ ਮੀਤ, ਸਰਦਾਰ ਦਾ ਮੁਖਤਿਆਰ, ਨਾਲ ਨਾਲ ਚੱਲ ਰਿਹਾ ਸੀ। ਇੱਟਾਂ ਦੇ ਵੱਡੇ ਦਰਵਾਜ਼ੇ ਹੇਠਾਂ ਦੀ ਪਿੰਡੋਂ ਬਾਹਰ ਨਿਕਲੇ ਜਿਥੇ ਖੂਹ ਉਤੇ ਔਰਤਾਂ ਕੱਪੜੇ ਧੋ ਰਹੀਆਂ ਸਨ, ਬੱਚੇ ਨਹਾ ਰਹੇ ਸਨ, ਖਰੂਦ ਕਰ ਰਹੇ ਸਨ। ਪਸ਼ੂ ਖੇਲ ਵਿਚੋਂ ਪਾਣੀ ਪੀ ਰਹੇ ਸਨ, ਖਾਲੀ ਘੜੇ ਭਰੇ ਜਾ ਰਹੇ ਸਨ। ਸਕੂਲ ਆ ਗਿਆ। ਦੋ ਕਮਰੇ, ਕਮਰਿਆਂ ਅਗੇ ਵਰਾਂਡਾ। ਸਾਹਮਣੇ ਗਰਾਊਂਡ, ਜਿਥੇ ਕਬੱਡੀ ਮੈਚ ਹੋਣਾ ਸੀ। ਵੱਡੇ ਛੋਟੇ ਬੰਦੇ ਇਨ੍ਹਾਂ ਦੇ ਪਿਛੇ ਪਿਛੇ ਤੁਰੇ ਆ ਰਹੇ ਸਨ, ਕਈਆਂ ਨੇ ਅੱਜ ਖੇਤ ਦਾ ਕੰਮ ਛੱਡ ਦਿਤਾ ਸੀ। ਕਬੱਡੀ ਦੇਖਣ ਵਾਸਤੇ ਨਹੀਂ, ਗੋਰੀ ਦੇਖਣ ਵਾਸਤੇ।

ਕਬੱਡੀ ਦੀਆਂ ਟੀਮਾਂ ਅਜੇ ਪੁੱਜੀਆਂ ਨਹੀਂ ਸਨ। ਸੁਨੇਹਾ ਪੁੱਜ ਗਿਆ ਕਿ ਆ ਰਹੇ ਨੇ। ਸਰਦਾਰ ਨੇ ਸਕੂਲ ਮਾਸਟਰ ਨੂੰ ਕਿਹਾ - ਇਨ੍ਹਾਂ ਨੂੰ ਬਿਠਾ ਕੇ ਕਾਹਨੂੰ ਰੱਖਣੈ। ਛੋਟੇ ਬੱਚਿਆਂ ਦਾ ਮੈਚ ਖਿਡਾਉ, ਮਹਿਮਾਨ ਨਮੂਨਾ ਤਾਂ ਦੇਖਣ। ਪ੍ਰਾਇਮਰੀ ਸਕੂਲ ਵਿਚ ਦਸ ਬਾਰਾਂ ਸਾਲ ਤੋਂ ਵਡੀ ਉਮਰ ਦਾ ਕੋਈ ਬੱਚਾ ਨਹੀਂ ਸੀ। ਸਾਰਾ ਸਕੂਲ ਬਾਹਰ ਆ ਗਿਆ। ਮਾਸਟਰ ਜੀ ਨੇ ਕਿਹਾ - ਚਲੋ ਬਈ ਜਿਸਦਾ ਕਬੱਡੀ ਖੇਡਣ ਨੂੰ ਦਿਲ ਕਰਦੈ ਆ ਜਾਉ। ਫਟਾਫਟ ਬੱਚਿਆਂ ਨੇ ਕੁੜਤੇ ਪਜਾਮੇ ਉਤਾਰ ਦਿਤੇ। ਹੇਠੋਂ ਰੰਗ ਬਰੰਗੇ ਘਰ ਸੀਤੇ ਕੱਛੇ ਨਿਕਲ ਆਏ। ਕਿਸੇ ਨੇ ਕੋਈ ਡਾਇਰੈਕਸ਼ਨ ਨਹੀਂ ਦਿੱਤੀ। ਆਪੇ ਛੇ ਜਣੇ ਇਕ ਪਾਸੇ ਹੋ ਗਏ, ਛੇ ਦੂਜੇ ਪਾਸੇ। ਕਣਕ ਵੰਨੇ, ਭੂਰੇ ਜਿਸਮ ਧੁੱਪ ਵਿਚ ਲਿਸ਼ਕੇ। ਮਹਿਮਾਨਾ ਵਾਸਤੇ ਮਾਸਟਰਾਂ ਦੀਆਂ ਕੁਰਸੀਆਂ ਟਿਕ ਗਈਆਂ। ਲਾਲੀ ਨੇ ਮਹਿਮਾਨਾ ਨੂੰ ਗੇਮ ਦੇ ਨਿਯਮ ਦੱਸ ਦਿੱਤੇ।

ਮਾਸਟਰ ਨੇ ਸੀਟੀ ਵਜਾਈ। ਇਕ ਮੁੰਡਾ ਵਿਚਕਾਰਲੀ ਲਕੀਰ ਉਪਰ ਗਿਆ, ਝੁਕ ਕੇ ਦੋਵੇਂ ਹੱਥਾਂ ਦੀਆਂ ਉਂਗਲਾਂ ਮਿੱਟੀ ਨਾਲ ਛੁਹਾਈਆਂ, ਫਿਰ ਮੱਥੇ ਨਾਲ, ਫਿਰ ਅੱਖਾਂ ਨਾਲ, ਫਿਰ ਕੰਨਾ ਨਾਲ। ਫਿਰ ਉਸਨੇ ਲੰਮਾ ਸਾਹ ਅੰਦਰ ਖਿਚਿਆ ਤੇ ਕਬੱਡੀ ਕਬੱਡੀ ਕਰਦਾ ਵਿਰੋਧੀ ਟੀਮ ਵੱਲ ਦੌੜਿਆ। ਅਗਲਿਆਂ ਨੇ ਉਸਨੂੰ ਫੜਨ ਵਾਸਤੇ ਰਿੰਗ ਬਣਾ ਲਿਆ। ਜਿਉਂ ਹੀ ਇਕ ਮੁੰਡੇ ਨੂੰ ਛੂਹ ਕੇ ਵਾਪਸ ਦੌੜਨ ਲੱਗਾ, ਛੁਹੇ ਗਹੇ ਮੁੰਡੇ ਨੇ ਲੱਤਾਂ ਦੀ ਕੈਂਚੀ ਮਾਰੀ। ਕੈਂਚੀ ਮਾਰਨ ਵਾਲੇ ਨੇ ਅਟੈਕਰ ਨੂੰ ਫੜਨ ਵਾਸਤੇ ਹੱਥ ਹੱਥ ਅੱਗੇ ਕੀਤੇ ਤਾਂ ਕਬੱਡੀ ਕਬੱਡੀ ਕਰਦੇ ਮੁੰਡੇ ਨੇ ਉਸਦੀ ਛਾਤੀ ਤੇ ਜਬਰਦਸਤ ਅਜਿਹਾ ਦੁਹੱਥੜਾ ਮਾਰਿਆ ਕਿ ਕੈਂਚੀ ਖੁਲ੍ਹ ਗਈ। ਪੂਰਾ ਹੁਨਰ, ਪੂਰੀ ਤਾਕਤ ਦਿਖਾਕੇ, ਵਿਜਈ ਹੋਕੇ ਮਾਣ ਨਾਲ ਅਪਣੇ ਪਾਸੇ ਪਰਤਿਆ। ਦਰਸ਼ਕਾਂ ਦੀ ਗਿਣਤੀ ਕਾਫ਼ੀ ਹੋ ਗਈ ਸੀ, ਤਾੜੀਆਂ ਨਾਲ ਭਰਪੂਰ ਸ਼ਾਬਾਸ਼ ਮਿਲੀ। ਦੌੜ ਭੱਜ, ਜੱਫੇ, ਕੈਂਚੀ, ਜਿਸਮ ਦਾ ਜਿਸਮ ਨਾਲ ਟਾਕਰਾ, ਹੁਨਰ, ਚੁਸਤੀ, ਤਾਕਤ ਇਕੋ ਵਕਤ, ਸਾਹ ਨਹੀਂ ਟੁੱਟਣਾ ਚਾਹੀਦਾ।

ਹੁਣ ਦੂਜੇ ਪਾਸਿਓਂ ਹਮਲਾਵਰ ਇਧਰ ਆਇਆ। ਕਬੱਡੀ ਕੱਬਡੀ ਕਰਦਾ ਫੁਰਤੀ ਨਾਲ ਜਿਵੇਂ ਜਮੀਨ ਤੇ ਬੈਠ ਹੀ ਗਿਆ, ਸਪਰਿੰਗ ਵਾਂਗ ਬੁੜਕ ਕੇ ਇਕ ਦਾ ਪੈਰ ਛੂਹ ਕੇ ਔਹ ਗਿਆ ਔਹ ਗਿਆ। ਸਾਰਿਆਂ ਨੇ ਫਿਰ ਜ਼ੋਰਦਾਰ ਤਾੜੀਆਂ ਮਾਰੀਆਂ, ਗੋਰੇ ਗੋਰੀ ਨੇ ਵੀ। ਹੁਣ ਉਹਨਾ ਨੂੰ ਖੇਡ ਦੀ ਸਮਝ ਆਈ। ਹਮਲਾ ਤੇ ਹਮਲੇ ਤੋਂ ਬਚਾਉ, ਹਮਲੇ ਤੋਂ ਬਚਾਉ ਕਰੋ ਤੇ ਹਮਲਾਵਰ ਨੂੰ ਫੜੋ। ਕਈਆਂ ਵਿਚ ਬਹੁਤ ਤਾਕਤ ਸੀ, ਜੋਰ ਕਾਰਨ ਬਾਜ਼ੀ ਜਿੱਤ ਜਾਂਦੇ, ਕੁਝ ਕਮਜ਼ੋਰ ਸਨ, ਉਹ ਫੁਰਤੀ ਨਾਲ, ਹੁਨਰ ਨਾਲ

www.punjabilibrary.com

ਬਾਜ਼ੀ ਜਿੱਤਦੇ। ਦੁਸ਼ਮਣ ਨੂੰ ਫੜਨ ਲਈ ਰਿੰਗ ਤੰਗ ਕਰੀ ਜਾਂਦੇ ਪਰ ਜਦੋਂ ਹਮਲਾ ਹੋ ਗਿਆ ਫਿਰ ਕੱਲੇ ਦੀ ਕਿਸਮਤ ਕੱਲੇ ਨਾਲ। ਇਹ ਕੱਲੇ ਨੂੰ ਕੱਲੇ ਦੀ ਕਬੱਡੀ ਸੀ।

ਸ਼ਾਇਦ ਇਹ ਖੇਡ ਕੁਸ਼ਤੀ ਜਿੰਨੀ ਹੀ ਪੁਰਾਣੀ ਹੋਵੇ। ਪਤਾ ਲਗਾ ਹੈ ਕਿ ਕੁਸ਼ਤੀ ਯੂਨਾਨ ਵਿਚੋਂ ਆਈ ਸੀ, ਪਰ ਕਬੱਡੀ ਨਿਰੋਲ ਪੰਜਾਬ ਦੀ ਖੇਡ ਹੈ, ਪੰਜਾਬ ਨੂੰ ਦੇਖਕੇ ਹੋਰ ਲੋਕ ਵੀ ਖੇਡਣ ਲੱਗੇ। ਇਸ ਵਾਸਤੇ ਕਿਸੇ ਬਾਹਰਲੇ ਸਮਾਨ ਦੀ ਲੋੜ ਨਹੀਂ। ਪੈਰ ਨਾਲ ਲਕੀਰ ਖਿਚੋ ਤੇ ਖੇਡ ਸ਼ੁਰੂ। ਇਸ ਵਰਗੀ ਖੇਡ ਹੋਰ ਕੋਈ ਨਹੀਂ ਜਿਸ ਵਿਚ ਤਾਕਤ, ਫੁਰਤੀ, ਦਿਮਾਗ, ਸਾਹ, ਆਵਾਜ਼, ਸਾਰੇ ਸ਼ਾਮਲ ਹੋਣ। ਕਿਸੇ ਕੋਚ ਕਿਸੇ ਸਟੇਡੀਅਮ ਦੀ ਲੋੜ ਨਹੀਂ। ਬੱਚੇ ਤਾਂ ਗਿਣਤੀਆਂ ਮਿਣਤੀਆਂ ਵਿਚ ਵੀ ਨਹੀਂ ਪੈਂਦੇ। ਮੰਨ ਲਉ ਪਾਲੀ ਖੇਤਾਂ ਵੱਲ ਜਾ ਰਿਹੈ, ਕੋਈ ਸਕੂਲ ਦੇ ਰਸਤੇ ਤੇ ਹੈ, ਦੇਖਿਆ ਰਾਹ ਵਿਚ ਮੈਚ ਹੋ ਰਿਹੈ, ਦੇਖਣ ਲਈ ਦਿਲ ਕਰਦਾ ਹੈ ਰੁਕ ਜਾਉ। ਦਿਲ ਕਰਦੈ ਤਾਂ ਕਮੀਜ ਉਤਾਰੋ ਤੇ ਟੀਮ ਵਿਚ ਸ਼ਾਮਲ ਹੋ ਜਾਉ। ਇਸ ਖੇਡ ਵਿਚ ਨਾ ਕਾਮ ਦੀ ਉਤਪਤੀ ਦਾ ਦ੍ਰਿਸ਼, ਨਾ ਜੋਗੀਆਂ ਦਾ ਜੋਗ, ਛੂਹੋ ਤੇ ਦੌੜ ਜਾਉ।

ਪਾਲ ਉਤੇਜਤ ਹੋ ਗਿਆ- ਗਜ਼ਬ ਦੀ ਖੇਡ ਹੈ ਇਹ।ਪੂਰਾ ਸਵੈਮਾਨ, ਪੂਰਾ ਜਲੌਅ, ਇਕੱਲਾ ਇਕੱਲੇ ਨਾਲ ਲੜੇਗਾ, ਹੈ ਨਾ ਸ਼ਾਨ ? ਸਾਡੀਆਂ ਪੱਛਮੀ ਖੇਡਾਂ ਇਸ ਦਾ ਕੀ ਮੁਕਾਬਲਾ ਕਰਨਗੀਆਂ ? ਲਾਲੀ ਨੇ ਪਾਲ ਨੂੰ ਦੱਸਿਆ - ਹੁਣ ਸਰਕਾਰ ਦੇ ਖੇਡ ਵਿਭਾਗ ਨੇ ਕੱਲੇ ਨੂੰ ਕੱਲੇ ਦੀ ਕਬੱਡੀ ਬੰਦ ਕਰਕੇ, ਸਾਰੇ ਇਕੱਲੇ ਨੂੰ, ਦੀ ਕਬੱਡੀ ਬਣਾ ਦਿਤੀ ਹੈ। ਰੰਚਨ ਨੇ ਕਿਹਾ - ਪਾਲ, ਸਰਕਾਰੀ ਕਬੱਡੀ ਵਿਚ ਸ਼ਾਨ, ਉਤਸ਼ਾਹ ਹੈ ਈ ਨੀ, ਹਮਲਾਵਰ ਪਾਲੇ ਦੇ ਨੇੜੇ ਖਲੋਤਾ ਕਬੱਡੀ ਕਬੱਡੀ ਕਰੀ ਜਾਂਦੈ। ਕੱਲੇ ਨੂੰ ਕੱਲੇ ਦੀ ਕਬੱਡੀ ਵਿਚ ਤਕੜਾ ਹਮਲਾਵਰ ਵਿਰੋਧੀ ਟੀਮ ਦੇ ਉਪਰ ਦੀ ਗੇੜਾ ਕੱਢ ਆਇਆ ਕਰਦਾ ਸੀ, ਕਿਸੇ ਦਾ ਫੜਨ ਦਾ ਹੌਂਸਲਾ ਨਹੀਂ ਸੀ ਪੈਂਦਾ। ਇਹ ਹੋਇਆ ਨਾਂ ਰੋਮਾਂਸ। ਸਰਕਾਰੀ ਕਬੱਡੀ ਬੇਜਾਨ ਹੈ। ਇਹ ਸ਼ਹਿਰੀ ਕਬੱਡੀ ਪਿੰਡ ਉਪਰ ਠੋਸੀ ਗਈ ਹੈ, ਸ਼ਹਿਰ ਦਾ ਪਿੰਡ ਉਪਰ ਹਿੰਸਕ ਹਮਲਾ ਹੈ। ਪਿੰਡ ਨੇ ਇਸ ਸਰਕਾਰੀ ਕਬੱਡੀ ਨੂੰ ਪ੍ਰਵਾਨ ਨਹੀਂ ਕੀਤਾ। ਕਿਸੇ ਨੇ ਵੀ ਪ੍ਰਵਾਨ ਨਹੀਂ ਕੀਤਾ।

ਲਉ ਜੀ ਛੋਟਿਆਂ ਦਾ ਮੈਚ ਖਤਮ ਹੋਇਆ ਹੀ ਸੀ ਕਿ ਵੱਡੇ ਆ ਗਏ। ਆਪਣੇ ਖੇਤਾਂ ਵਿਚੋਂ ਕੰਮ ਕਰਦੇ ਕਰਦੇ ਇਧਰ ਆ ਗਏ। ਪਸੀਨੇ ਅਤੇ ਮਿੱਟੀ ਨਾਲ ਲਿਬੜੇ ਨਿੱਕੇ ਖਿਡਾਰੀਆਂ ਨੇ ਨਾ ਪਸੀਨਾ ਪੂੰਝਿਆ, ਨਾ ਮਿਟੀ ਉਤਾਰੀ, ਇਵੇਂ ਹੀ ਉਪਰ ਕੁੜਤੇ ਪਜਾਮੇ ਪਾ ਲਏ। ਖੇਡ ਮੈਦਾਨ ਵਿਚ ਸਭ ਤੋਂ ਅਗੇ ਹੋਕੇ ਬੈਠੇ। ਦੇਖਣ ਲਈ ਉਤਸੁਕ, ਕਿ ਜਿਥੇ ਅਸੀਂ ਛੱਡੀ, ਉਥੋਂ ਖੇਡ ਅਗੇ ਤੁਰੇਗੀ ਕਿ ਪਿਛੇ ਜਾਏਗੀ ?

ਸਾਰੇ ਜੁਆਨ, ਗਠੇ ਜਿਸਮਾਂ ਦੇ, ਜਾਂਘੀਏ ਪਹਿਨੇ ਹੋਏ, ਲਿਸ਼ਕਦੇ ਜਿਸਮ, ਥਰਕਦੇ ਡੌਲੇ, ਸੁਹਣੇ ਨਕਸ਼, ਤਾਂਬੇ ਰੰਗੇ ਜਿਸਮ। ਇਕ ਜੁਆਨ ਭੂਰੇ ਘੁੰਗਰਾਲ਼ੇ ਵਾਲਾਂ ਵਾਲਾ ਸੀ, ਗੋਰਾ ਸੁਹਣਾ, ਇਹ ਸਰਦਾਰ ਦੇ ਪਰਿਵਾਰ ਵਿਚੋਂ ਸੀ, ਇਸ ਦਾ ਨਾਮ ਭੂਰੀ ਸੀ। ਇਕ ਮੁੰਡੇ ਦਾ ਰੰਗ ਕਾਲਾ ਸੀ, ਉਸ ਦਾ ਨਾਮ ਵੀ ਕਾਲਾ। ਪਿੰਡ ਦੇ ਲੋਕ ਉਹ ਨਾਮ ਭੁਲਾ ਦੇਂਦੇ ਹਨ ਜੋ ਮਾਪਿਆਂ ਨੇ ਰੱਖਿਆ, ਪਿੰਡ ਅਪਣੀ ਮਰਜ਼ੀ ਦਾ ਨਾਮ ਰੱਖਦਾ ਹੈ, ਇਸ ਨਾਮ ਦਾ ਕੋਈ ਅਰਥ ਉਸ ਮੁੰਡੇ ਦੀ ਸ਼ਖਸ਼ੀਅਤ ਨਾਲ ਜੁੜਿਆ ਹੋਇਆ ਹੈ।

ਭੂਰੀ ਨੇ ਖੇਡ ਸ਼ੁਰੂ ਕੀਤੀ। ਉਹੀ ਪਵਿੱਤਰ ਰਸਮ। ਅਖਾੜੇ ਦੀ ਮਿੱਟੀ ... ਮੱਥਾ। ਕਬੱਡੀ ਕਬੱਡੀ ਕਰਦਾ ਝਿਜਕਦਾ ਝਿਜਕਦਾ ਭੂਰੀ ਅਗੇ ਵਧਿਆ... ਇਕ ਮੁੰਡੇ ਨੇ ਉਚੀ ਦੇਣੀ ਕਿਹਾ - ਨੇੜੇ ਆ ਭੂਰੀ ਨੇੜੇ, ਯਾਰ ਅਸੀਂ ਖਾ ਤਾਂ ਨੀ ਚੱਲੇ ਤੈਨੂੰ। ਦਰਸ਼ਕ ਹੱਸ ਪਏ। ਪਾਲ ਤੇ ਰਿਨ ਵੀ ਹੱਸੇ। ਭੂਰੀ ਉਤੇਜਤ ਨਾਂ ਹੋਇਆ, ਹਾਰ ਜਿਤ ਬਗੈਰ ਪਰਤ ਗਿਆ। ਫਿਰ ਕਾਲਾ, ਭੂਰੀ ਵਾਲੇ ਪਾਸੇ ਰੇਡ ਮਾਰਨ ਗਿਆ। ਜ਼ਬਰਦਸਤ ਗੁੰਦਿਆ ਜਿਸਮ, ਚੌੜੀ ਛਾਤੀ, ਤਾਕਤਵਰ ਪੱਟ, ਚਿਹਰਾ ਸ਼ਾਂਤ। ਇਉਂ ਲਗਦਾ ਸੀ, ਜਿਵੇਂ ਕਹਿ ਦਿਤਾ ਤਾਂ ਆ ਗਿਆ, ਖੇਡ ਵਿਚ ਰੁਚੀ ਨਹੀਂ। ਇਕ ਜੋਗੀ ਵਾਂਗ ਵਿਰੋਧੀ ਧਿਰ ਉਪਰ ਦੀ ਗੇੜਾ ਕੱਢ ਗਿਆ, ਹਰੇਕ ਚਾਹੁੰਦਾ ਸੀ ਫੜ ਲਏ, ਕਿਸੇ ਦੀ ਹਿੰਮਤ ਨਾ ਪਈ। ਦਰਸ਼ਕਾਂ ਵਿਚ ਬੇਅੰਤ ਉਤੇਜਨਾ, ਰੇਡਰ ਸ਼ਾਂਤ। ਪਾਲ ਨੇ ਕਿਹਾ - ਉਹ ਹੁਣ ਫੜ ਲੈਣਗੇ, ਦਮ ਵੀ ਟੁੱਟਣ ਵਾਲਾ ਹੈ। ਉਹ ਦੋਵੇਂ ਬਾਹਵਾਂ ਫੈਲਾਈ ਬਾਜ਼ ਲਗਦਾ ਸੀ। ਇਕ ਮੁੰਡੇ ਨੂੰ ਗੁੱਸਾ ਚੜ੍ਹ ਗਿਆ, ਕਾਲੇ ਤੋਂ ਲੰਬਾ ਸੀ ਉਹ, ਝਪਟ ਮਾਰ ਕੇ ਫੜਨਾ ਚਾਹਿਆ। ਸ਼ਾਂਤ ਕਾਲੇ ਨੇ ਉਹ ਧੱਕਾ ਮਾਰਿਆ ਕਿ ਫੜਨ ਵਾਲਾ ਲੜਖੜਾਇਆ, ਡਿਗ ਪਿਆ। ਦੌੜ ਕੇ ਨਹੀਂ, ਕਬੱਡੀ ਕਬੱਡੀ ਕਰਦਾ ਆਤਮ ਵਿਸ਼ਵਾਸੀ ਕਾਲਾ ਤੁਰ ਕੇ ਪਾਲੇ ਤੱਕ ਅੱਪੜਿਆ। ਦੇਰ

www.punjabilibrary.com

ਤਕ ਤਾੜੀਆਂ ਦੀ ਗੁੰਜਾਰ ਪੈਂਦੀ ਰਹੀ, ਸਕੂਲ ਦੀ ਬਿਲਡਿੰਗ ਵਿਚੋਂ ਤਾੜੀਆਂ ਦੀਆਂ ਗੂੰਜਾਂ ਵਾਪਸ ਆਈਆਂ ਸੁਣੀਆਂ।

ਰਿਨ ਬੋਲੀ - ਸ਼ਾਨਦਾਰ ਮੁੰਡਾ। ਯਕੀਨ ਨਹੀਂ ਸੀ ਬਚ ਕੇ ਆਏਗਾ।

ਪਾਲ ਨੇ ਕਿਹਾ - ਇਹ ਹੈ ਅਸਲ ਖਿਡਾਰੀ।

ਫਿਰ ਇਕ ਸਿੱਖ ਜੁਆਨ ਰੇਡ ਲਈ ਨਿਕਲਿਆ, ਅਗਲਿਆਂ ਵਿਚੋਂ ਸਿੱਖ ਨੇ ਕੈਂਚੀ ਮਾਰੀ ਤੇ ਸੁੱਟ ਲਿਆ। ਦੋਵਾਂ ਦੇ ਜੂੜਿਆਂ ਉਪਰ ਰੁਮਾਲਾਂ। ਲੱਤਾਂ ਨਾਲ ਲੱਤਾਂ ਨੂੜ ਲਈਆਂ, ਬਾਹਾਂ ਨਾਲ ਬਾਹਾਂ। ਜਿਵੇਂ ਦੋ ਕੋਬਰੇ ਆਪਸ ਵਿਚ ਉਲਝ ਗਏ ਹੋਣ। ਪਤਾ ਨਹੀਂ ਲਗਦਾ ਸੀ ਲੱਤਾਂ ਕਿਹੜੇ ਦੀਆਂ ਹਨ ਬਾਹਵਾਂ ਕਿਹੜੇ ਦੀਆਂ। ਫੜਿਆ ਗਿਆ ਰੇਡਰ ਹੌਸਲਾ ਹਾਰਨ ਵਾਲਾ ਨਹੀਂ ਸੀ, ਧੂਹ ਧੂਹ ਇੰਚ ਇੰਚ ਪਾਲੇ ਵੱਲ ਖਿਚੀ ਜਾਂਦਾ ਸੀ, ਅੱਖਾਂ ਵਿਚ ਪਸੀਨਾ ਡਿਗ ਰਿਹਾ ਸੀ ਤੇ ਜਿਸਮ ਪਸੀਨੇ ਅਤੇ ਲਹੂ ਨਾਲ ਤਰ ਹੋ ਰਹੇ ਸਨ। ਮਿਟੀ ਦੀ ਰਗੜ ਨਾਲ ਚਮੜੀ ਛਿਲੀ ਗਈ। ਜਿਵੇਂ ਆਦਿ-ਕਾਲੀ ਯੋਧੇ ਲੜ ਪਏ ਹੋਣ। ਸਪਾਰਟਨ ਸੀਨ।

ਅਚਾਨਕ ਕਬੱਡੀ ਕਬੱਡੀ ਦੀ ਆਵਾਜ਼ ਬੰਦ ਹੋ ਗਈ, ਵਿਜੇਤਾ ਦੀ ਉਂਗਲ ਪਾਲੇ ਨੂੰ ਛੁਹ ਗਈ, ਜਾਫੀ ਨੇ ਜੱਫਾ ਛੱਡਿਆ ਈ ਨਾ। ਕਮਜ਼ੋਰ ਜਿਹੇ ਸਰੀਰ ਵਾਲਾ ਰੈਫਰੀ ਮਾਸਟਰ ਆਇਆ ਤੇ ਜੱਫ ਛੁਡਾਇਆ। ਰੇਡਰ ਕਹਿ ਰਿਹਾ ਸੀ ਮੈਂ ਜੇਤੂ ਹਾਂ - ਲਾਈਨ ਛੁਹ ਕੇ ਸਾਹ ਲਿਆ। ਜਾਫੀ ਕਹਿ ਰਿਹਾ ਸੀ ਨਹੀਂ...., ਮੈਂ ਜੇਤੂ ਹਾਂ ਪਹਿਲਾਂ ਇਸਦਾ ਸਾਹ ਟੁੱਟਾ ਫਿਰ ਇਸ ਨੇ ਪਾਲੇ ਤੇ ਹੱਥ ਮਾਰਿਆ। ਕਬੱਡੀ ਦੀ ਆਵਾਜ਼ ਪਾਲੇ ਤੇ ਹੱਥ ਮਾਰਨ ਪਿਛੋਂ ਨਹੀਂ, ਪਹਿਲੋਂ ਆਈ ਸੀ। ਦਰਸ਼ਕ ਵੀ ਦੋ ਹਿੱਸਿਆਂ ਵਿਚ ਵੰਡੇ ਗਏ। ਅੱਧੇ ਇਕ ਦੇ ਹੱਕ ਵਿਚ ਅੱਧੇ ਦੂਜੇ ਦੇ। ਆਖਰ ਰੈਫਰੀ ਨੂੰ ਫੈਸਲਾ ਸੁਣਾਉਣ ਲਈ ਕਿਹਾ ਗਿਆ। ਮਾਸਟਰ ਨੇ ਕਿਹਾ - ਦੋਵੇਂ ਵਿਜੇਤਾ ਹਨ, ਦੋਵਾਂ ਨੂੰ ਇਕ ਇਕ ਨੰਬਰ। ਜਬਰਦਸਤ ਤਾੜੀਆਂ। ਦੋਵਾਂ ਪਾਸਿਆਂ ਦੀ ਇੱਜ਼ਤ ਬਰਕਰਾਰ।

ਅਗਲਾ ਖਿਡਾਰੀ ਲੰਮਾ, ਪਤਲਾ ਸੀ, ਤੁਰਨ ਤੋਂ ਪਹਿਲਾਂ ਵਿਰੋਧੀਆਂ ਨੂੰ ਉਚੀ ਆਵਾਜ਼ ਵਿਚ ਕਿਹਾ - ਭਾਈਓ ਮੈਂ ਬਾਲ-ਬੱਚੇਦਾਰ ਆਦਮੀ ਹਾਂ, ਮੇਰੇ ਨਾਲ ਐਸ ਤਰ੍ਹਾਂ ਨਾ ਕਰਿਉ ਜਿਵੇਂ ਹੁਣੇ ਦੇਖ ਕੇ ਹਟੇ ਹੋ। ਜੇ ਤੁਹਾਡੇ ਵਿਚੋਂ ਕੋਈ ਮੇਰੇ ਨੇੜੇ ਲੱਗਾ, ਮੈਂ ਭੱਜ ਆਵਾਂਗਾ। ਸਾਰੇ ਹੱਸ ਪਏ। ਉਤੇਜਨਾ ਭਰਪੂਰ ਇਹ ਜੁਆਨ ਦੌੜਿਆ ਤੇਜ਼ੀ ਨਾਲ ਇਕ ਨੂੰ ਛੁਹਿਆ ਤੇ ਕਥਨ ਅਨੁਸਾਰ ਜਿੱਤ ਕੇ ਫਟਾਫਟ ਵਾਪਸ ਭੱਜ ਆਇਆ। ਹਾਰਨ ਵਾਲੀ ਟੀਮ ਵਿਚੋਂ ਇਕ ਨੇ ਕਿਹਾ - ਅਗਲੀ ਵਾਰ ਦੇਖਾਂਗੇ ਨੰਬਰ ਲੈ ਕੇ ਕਿਵੇਂ ਭਜਦਾ ਹੈਂ। ਹੁਣ ਆਈਂ। ਜੇਤੂ ਨੇ ਕਿਹਾ - ਛੁਹ ਕੇ ਤਾਂ ਦੇਖੀਂ.... ਥ੍ਰੀ ਨਟ ਥ੍ਰੀ ਦੀ ਗੋਲੀ ਹਾਂ, ਬੰਦਾ ਫੁੰਡ ਕੇ ਅਹੁ ਗਿਆ ਅਹੁ ਗਿਆ।

ਲੰਚ ਦਾ ਸਮਾਂ ਹੋ ਗਿਆ। ਮੈਚ ਅਜੇ ਜਾਰੀ ਸੀ। ਸਰਦਾਰ ਮਹਿਮਾਨਾ ਨੂੰ ਲੈਕੇ ਹਵੇਲੀ ਵੱਲ ਤੁਰ ਪਿਆ। ਲਾਲੀ ਨੇ ਮਹਿਮਾਨਾ ਨੂੰ ਦੱਸਿਆ - ਅਸਲੀ ਮੈਚ ਹੁਣ ਸਾਡੀ ਗ਼ੈਰ ਹਾਜ਼ਰੀ ਵਿਚ ਹੋਵੇਗਾ। ਪਾਲ ਨੇ ਪੁੱਛਿਆ - ਉਹ ਕਿਵੇਂ ? ਉਸ ਵਿਚ ਕੀ ਫਰਕ ਹੋਵੇਗਾ ? ਲਾਲੀ ਨੇ ਦੱਸਿਆ - ਹੁਣ ਤੱਕ ਇਹ ਇਕ ਕਿਸਮ ਦਾ ਮਹਿਮਾਨਾ ਲਈ ਮਨੋਰੰਜਨ ਮੈਚ ਸੀ। ਹੁਣ ਉਹ ਜਿਤ ਹਾਰ ਦਾ ਫੈਸਲਾ ਕਰਨ ਲਈ ਖੇਡਣਗੇ। ਪਾਲ ਨੇ ਪੁੱਛਿਆ - ਨਵੀਂ ਟੈਕਨੀਕ ਹੋਏਗੀ ? ਲਾਲੀ ਨੇ ਕਿਹਾ - ਟੈਕਨੀਕ ਨਵੀਂ ਨਹੀਂ। ਦਰਸ਼ਕਾਂ ਦੇ ਜਮਘਟੇ ਵਿਚ ਵਧੀਆ ਖਿਡਾਰੀ ਆ ਬੈਠੇ ਹਨ। ਦੋਵੇਂ ਟੀਮਾ ਆਪੋ ਆਪਣੇ ਕਮਜ਼ੋਰ ਖਿਡਾਰੀ ਬਾਹਰ ਕਰਕੇ ਦਰਸ਼ਕਾਂ ਵਿਚੋਂ ਨਵੇਂ ਮੈਂਬਰ ਲੈਣਗੇ। ਫਿਰ ਹੋਏਗਾ ਸਖਤ ਯੁੱਧ। ਇਕ ਧਿਰ ਹਾਰੇਗੀ ਇਕ ਜਿਤੇਗੀ। ਫਿਰ ਅਗਲਾ ਮੈਚ ਹੋਵੇਗਾ। ਫਿਰ ਅਗਲਾ। ਗੋਰੀ ਨੇ ਪੁੱਛਿਆ- ਇਉਂ ਕਦ ਤੱਕ ਹੁੰਦਾ ਰਹੇਗਾ ? ਲਾਲੀ ਨੇ ਕਿਹਾ - ਅੰਤ ਤੱਕ, ਜਦੋਂ ਤੱਕ ਬ੍ਰਹਿਮੰਡ ਹੈ ਉਦੋਂ ਤੱਕ ਪੰਜਾਬ ਖੇਡੇਗਾ। ਇਹ ਖੇਡ ਖਤਮ ਨਹੀਂ ਹੋਵੇਗੀ ਪਾਲ, ਪੰਜਾਬ ਖ਼ਤਮ ਨਹੀਂ ਹੋਵੇਗਾ। ਜਿੱਤੇਗਾ ਤੇ ਖੇਡੇਗਾ। ਜਿਤੇਗਾ, ਹਾਰੇਗਾ, ਖੇਡ ਖੇਡਣੀ ਨਹੀਂ ਛੱਡੇਗਾ।

ਰਿਨ ਨੇ ਕਿਹਾ - ਮੈਨੂੰ ਇਨ੍ਹਾਂ ਦੇ ਜਾਂਘੀਏ ਸੁਹਣੇ ਲੱਗੇ। ਅਮਰੀਕਨ ਖਿਡਾਰੀ ਵੀ ਜਾਂਘੀਏ ਪਹਿਨਦੇ ਹਨ ਪਰ ਉਹ ਸੁਹਣੇ ਨਹੀਂ। ਪੰਜਾਬੀਆਂ ਦਾ ਜਾਂਘੀਆ ਤਾਂ ਇਉ ਲਗਾ ਜਿਵੇਂ ਇਨ੍ਹਾਂ ਦਾ ਹੀ ਮਾਸ ਹੈ, ਜਿਸਮ ਤੋਂ ਵਖ ਨਹੀਂ।

www.punjabilibrary.com

ਲਾਲੀ ਨੇ ਟੱਪਾ ਸੁਣਾਇਆ ਜਿਸਦਾ ਅਰਥ ਹੈ - ਤੇਰੀ ਚਮੜੀ ਸੁਹਣੀ ਹੈ ਕੁੜੀਏ। ਜੀ ਕਰਦੈ ਇਸਦਾ ਜਾਂਘੀਆ ਬਣਾ ਲਵਾਂ। ਪਾਲ ਹੱਸਿਆ - ਵਾਹ, ਮੇਰਾ ਵੀ ਹੁਣ ਤਾਂ ਜਾਂਘੀਆ ਪਾਉਣ ਨੂੰ ਜੀ ਕਰ ਆਇਆ। ਲਾਲੀ, ਜਿਹੜੇ ਟੱਪੇ ਆਪਾਂ ਇਕੱਠੇ ਕੀਤੇ ਹਨ - ਕੀ ਇਹ ਹੈ ਉਨ੍ਹਾਂ ਵਿਚ ? ਲਾਲੀ ਨੇ ਕਿਹਾ - ਨਹੀਂ... ਇਹ ਤਾਂ ਹੁਣੇ ਯਾਦ ਆਇਐ। ''ਬਈ ਭੁਲੀਂ ਨਾ ... ਇਹੀ ਤਾਂ ਅਸਲ ਚੀਜ਼ ਹੈ। ਲਿਖ ਦਈਂ।''

ਰੰਚਨ ਨੇ ਕਿਹਾ - ਪੰਜਾਬੀ ਦਾ ਜਾਂਘੀਆ ਇਸ ਕਰਕੇ ਸ਼ਾਨਦਾਰ ਹੈ ਕਿਉਂਕਿ ਇਹ ਉਨ੍ਹਾਂ ਦੀ ਮਰਦਾਨਗੀ ਦਾ ਚਿੰਨ੍ਹ ਹੈ, ਮਰਦਾਨਗੀ ਦਿਖਾਉਂਦਾ ਵੀ ਹੈ, ਛੁਪਾਉਂਦਾ ਵੀ ਹੈ। ਨਿੱਕਰਾਂ ਕੀ ਮੁਕਾਬਲਾ ਕਰਨਗੀਆਂ ਜਾਂਘੀਏ ਦਾ ? ਬੰਗਾਲੀਆਂ ਆਸਾਮੀਆਂ ਦੀ ਸੂਖਮਤਾ, ਮਦਰਾਸੀਆਂ ਦੀ ਬਰੀਕਬੀਨੀ ਨਹੀਂ ਹੈ ਪੰਜਾਬੀ ਵਿਚ ਤਾਂ ਕੀ? ਉਸ ਕੋਲ ਤਾਕਤ ਹੈ, ਤਾਕਤ, ਜਿਸ ਸਦਕਾ ਫਸਲਾਂ ਲਹਿਰਾਈਆਂ, ਵਪਾਰ ਖੁਸ਼ਹਾਲ ਹੋਇਆ, ਇਸੇ ਤਾਕਤ ਨਾਲ ਤਾਂ ਯੁੱਧ ਲੜੇ ਤੇ ਇਸ਼ਕ ਕੀਤਾ। ਪੰਜਾਬ ਦੀ ਔਰਤ ਤਕੜੀ ਹੈ, ਘਰ ਵਿਚ, ਖੇਤ ਵਿਚ ਕੰਮ ਕਰਦੀ ਹੈ, ਇਸ਼ਕ ਕਰਦੀ ਹੈ, ਹੀਰ, ਸੋਹਣੀ, ਸਾਹਿਬਾਂ ਵਾਂਗ ਇਸ਼ਕ ਵਾਸਤੇ ਮੌਤ ਕਬੂਲ ਹੈ, ਯੁੱਧ ਲੜਦੇ ਮਰਦ ਜੇ ਦਿਲ ਢਾਹ ਬੈਠਣ, ਘਰ ਪਰਤ ਆਉਣ ਤਾਂ ਉਹਨਾ ਨੂੰ ਫੜਕੇ ਦੁਬਾਰਾ ਯੁੱਧ ਦੇ ਮੈਦਾਨ ਵਿਚ ਲੈ ਜਾਂਦੀ ਹੈ ਜਿਥੇ ਸਾਰੇ ਮਰ ਜਾਂਦੇ ਹਨ। ਜੋ ਕੰਮ ਨਹੀਂ ਕਰ ਸਕਦੀ ਉਹ ਇਹ ਕਿ ਘੁੰਗਰੂ ਪਹਿਨ ਕੇ ਮੀਰਾਂਬਾਈ ਵਾਂਗ ਕਿਸੇ ਬੁੱਤ ਅੱਗੇ ਨੱਚ ਨਹੀਂ ਸਕਦੀ। ਪਤਨੀ ਹੋਕੇ, ਕਸਤੂਰਬਾ ਵਾਂਗ ਪਤੀ ਦੀ ਮਾਂ ਦਾ ਰੋਲ ਨਹੀਂ ਕਰੇਗੀ। ਹਿੰਦੁਸਤਾਨ ਜਦੋਂ ਸਹੀ ਅਰਥਾਂ ਵਿਚ ਸੈਕੂਲਰ ਹੋਵੇਗਾ ਤਦ ਉਹ ਬੁੱਤਾਂ, ਸੱਪਾਂ, ਗਾਵਾਂ ਨੂੰ ਪੂਜਣ ਦੀ ਥਾਂ ਪੰਜਾਬਣ ਦੀ ਕਿਸੇ ਨਿਸ਼ਾਨੀ ਦੀ ਪੂਜਾ ਕਰੇਗਾ।

ਲੰਚ ਤੋਂ ਪਹਿਲਾਂ ਬੀਅਰ ਦੀ ਇਕ ਇਕ ਬੋਤਲ ਪੀਤੀ, ਲੰਚ ਦੇ ਬਾਦ ਇਕ ਇਕ ਹੋਰ। ਸਰਦਾਰ ਨਹੀਂ ਪੀਂਦਾ। ਖਾਣੇ ਵਿਚ ਚਿਕਨ ਸੂਪ, ਚਿਕਨ, ਮਟਨ, ਚਾਵਲ, ਰੋਟੀ। ਅੰਡਿਆਂ ਦੀ ਭੁਰਜੀ ਵੀ। ਫਿਰ ਮਿਠਾ ਹਲਵਾ। ਪਤੀ ਪਤਨੀ ਨੇ ਹਾਜ਼ਮਾ ਠੀਕ ਰੱਖਣ ਲਈ ਗੋਲੀਆਂ ਖਾਧੀਆਂ। ਆਪੋ ਆਪਣੇ ਕਮਰਿਆਂ ਵਿਚ ਆਰਾਮ ਕਰਨ ਚਲੇ ਗਏ।

ਦੁਪਹਿਰੇ ਆਰਾਮ ਕਰਕੇ ਦਿਨ ਢਲੇ ਸਾਰੇ ਜਣੇ ਫੇਰ ਸਰਦਾਰ ਦੇ ਆਲੇ ਦੁਆਲੇ ਇਕੱਠੇ ਹੋ ਗਏ। ਚਾਂਦੀ ਦੇ ਤਵੀਤ ਲੈ ਕੇ ਸੁਨਿਆਰ ਆ ਗਿਆ। ਤਿੱਖੇ ਨਕਸ਼, ਗੋਰਾ ਰੰਗ, ਸਫੈਦ ਦਾਹੜੀ, ਪੂਰਨ ਸਹਿਜ ਵਿਚ, ਜਿਵੇਂ ਸਪਾਈਨੋਜ਼ਾ ਹੋਵੇ। ਧਾਗੇ ਦੇ ਕਾਲੇ ਗੋਲ ਫੀਤਿਆਂ ਵਿਚ ਲਟਕਦੇ ਤਵੀਤ, ਇਕ ਇਕ ਕਰਕੇ ਦਿਖਾਉਂਦਾ ਗਿਆ, ਤਵੀਤ ਦੇ ਖੁੱਲ੍ਹੇ ਪਾਸੇ ਵੱਲ ਉਂਗਲ ਕਰਕੇ ਸੁਨਿਆਰ ਨੇ ਪੁੱਛਿਆ - ਇਸ 'ਚ ਮੰਤਰ ਪਾਉਣਾ ਹੈ ਕੋਈ ? ਪਾਲ ਨੇ ਕਿਹਾ - ਨਹੀਂ। ਫਿਰ ਪੁੱਛਿਆ - ਬੰਦ ਕਰ ਦਿਆਂ ? ਸਰਦਾਰ ਨੇ ਕਿਹਾ - ਹਾਂ। ਨਿਕੀਆਂ ਨਿਕੀਆਂ ਠੋਕਰਾਂ ਨਾਲ ਉਸਨੇ ਤਵੀਤ ਦਾ ਮੂੰਹ ਬੰਦ ਕਰ ਦਿਤਾ। ਤਵੀਤ ਤੇ ਧਾਗੇ ਇਉਂ ਫੜੇ ਹੋਏ ਸਨ ਜਿਵੇਂ ਬਹੁਤ ਕੀਮਤੀ ਚੀਜ਼ਾਂ ਹੋਣ। ਪਾਲ ਨੇ ਕਈ ਫੋਟੋਆਂ ਖਿੱਚੀਆਂ। ਪਾਲ, ਰੰਚਨ ਤੇ ਲਾਲੀ ਤਿੰਨਾ ਦੇ ਗਲਾਂ ਵਿਚ ਤਵੀਤ ਪਹਿਨਾ ਕੇ ਸੁਨਿਆਰ ਚਲਾ ਗਿਆ। ਰਿਨ ਨੇ ਕਿਹਾ - ਸੁਹਣੇ ਲਗਦੇ ਨੇ।

ਪਾਲ ਨੇ ਕਿਹਾ - ਲਾਲੀ, ਲੋਕ ਗੀਤਾਂ ਵਿਚ ਮੁੰਦਰੀ, ਲੋਟਣ, ਮਛਲੀ, ਲੌਂਗ ਕਿੰਨੇ ਸਾਰੇ ਗਹਿਣਿਆਂ ਦੇ ਨਾਮ ਆਏ ਨੇ। ਇਹ ਗਹਿਣੇ ਦਿਖਾ ਕੇ ਲਿਆ। ਇਨ੍ਹਾਂ ਦੀਆਂ ਫੋਟੋਆਂ ਟੱਪਿਆਂ ਨਾਲ ਛਪਣਗੀਆਂ ਤਾਂ ਈ ਪਾਠਕਾਂ ਨੂੰ ਗੱਲ ਪਤਾ ਲੱਗੇਗੀ। ਲਾਲੀ ਗਾਉਣ ਲੱਗਾ - ਕੱਚੀ ਟੁੱਟ ਗਈ ਜਿਨ੍ਹਾਂ ਦੀ ਯਾਰੀ, ਪੱਤਣਾ ਤੇ ਰੋਣ ਖੜ੍ਹੀਆਂ। ਰਿਨ ਹੱਸੀ - ਇਹ ਟੱਪਾ ਨੀ ਅਮਰੀਕਣ ਕੁੜੀਆਂ ਮੁੰਡਿਆਂ ਨੇ ਸਮਝਣਾ, ਕਿਉਂ ਰੋਣਾ? ਯਾਰੀ ਹੋਰ ਥਾਂ ਲਾ ਲਉ। ਰੋਣ ਦਾ ਕੀ ਮਤਲਬ ? ਤੇਰੀ ਮੇਰੀ ਇਕ ਜਿੰਦੜੀ, ਸੁਣਦਿਆਂ ਰਿੰਨ ਨੇ ਕਿਹਾ - ਨਾ ਨਾ, ਅਮਰੀਕਣ ਕੁੜੀ ਕਹੇਗੀ ਮੇਰੀ ਆਪਣੀ ਅੱਡ ਆਜ਼ਾਦ ਹੋਂਦ ਹੈ, ਵੱਖ ਖਾਤਾ, ਬਰਾਬਰ ਹੱਕ, ਉਹਨੂੰ ਇਕ ਜਿੰਦੜੀ ਕਹਿ ਦਿਉ ਤਾਂ ਮੁਕੱਦਮਾ ਕਰ ਦਏਗੀ।

ਲਾਲੀ ਨੇ ਕਿਹਾ - ਪਰ ਟੱਪੇ ਦਾ ਅਨੁਵਾਦ ਹੋ ਨਹੀਂ ਸਕਦਾ। ਟੱਪਾ ਕਿਸੇ ਸੱਭਿਆਚਾਰ ਦਾ ਨੁਮਾਇੰਦਾ ਹੈ, ਲੋਕ ਗੀਤ ਹੈ। ਹਾਇਕੂ ਦਾ ਅਨੁਵਾਦ ਹੋ ਸਕਦਾ ਹੈ ਕਿਉਂਕਿ ਇਹ ਇਕ ਬੰਦੇ ਦੀ ਰਚਨਾ ਹੈ। ਅਹੁ ਦੇਖ ਪਾਲ, ਗਿੱਧੇ ਵਾਲੇ ਬਾਬਿਆਂ ਦੀ ਟੋਲੀ ਆ ਰਹੀ ਹੈ। ਸਾਰੇ ਛੱਤ ਤੋਂ ਦੀ ਉਧਰ ਦੇਖਣ ਲੱਗੇ, ਤੁਰਕੇ ਨਹੀਂ, ਨੱਚਦੇ ਆ ਰਹੇ ਸਨ। ਜੇ ਤੁਰਦੇ ਹੋਏ ਪਿੰਡ ਵਿਚ ਦਾਖਲ ਹੁੰਦੇ, ਪੇਂਡੂਆਂ ਨੇ ਬੁਰਾ ਮਨਾਉਣਾ ਸੀ।

www.punjabilibrary.com

ਪਾਣੀ ਲਾਗੇ ਆ ਕੇ ਰੁਕ ਗਏ। ਰਿਨ ਨੇ ਪੁੱਛਿਆ - ਹੁਣ ਗੱਡਾ ਭੇਜੋਗੇ ? ਸਰਦਾਰ ਨੇ ਕਿਹਾ - ਨਹੀਂ, ਆਪੇ ਪਾਣੀ ਵਿਚੋਂ ਦੀ ਲੰਘ ਕੇ ਆ ਜਾਣਗੇ। ਰਿਨ ਨੇ ਪੁਛਿਆ - ਪਰ ਉਨ੍ਹਾਂ ਦੇ ਚਾਦਰੇ ਖਰਾਬ ਹੋ ਜਾਣਗੇ। ਲਾਲੀ ਨੇ ਕਿਹਾ - ਨਹੀਂ ਇਹ ਚਾਦਰਿਆਂ ਦੀਆਂ ਕੰਨੀਆਂ ਫੜਕੇ ਉਪਰ ਵੱਲ ਦੂਹਰਾ ਕਰ ਲੈਣਗੇ। ਚਾਦਰਾ ਬੜੇ ਕੰਮ ਦੀ ਚੀਜ਼ ਹੈ, ਪਹਿਨ ਲਉ, ਵਿਛਾ ਕੇ ਸੌਂ ਜਾਓ ਜਾਂ ਆਪਣੇ ਉਪਰ ਤਾਣ ਲਉ। ਸਾਰੇ ਕੰਮ ਕਰੀ ਜਾਂਦਾ ਹੈ। ਸਰਦਾਰ ਨੇ ਕਿਹਾ - ਗਰੀਬ ਲਈ ਖੱਫਣ ਵੀ ਹੈ।

ਆਪਣੇ ਆਪਣੇ ਚਾਦਰੇ ਸੰਭਾਲ ਕੇ ਸਾਰੇ ਪਾਣੀ ਵਿਚੋਂ ਲੰਘਣ ਲੱਗੇ। ਅਗਲੇ ਪਾਸੇ ਪਿੰਡ ਦਾ ਇਕੱਠ ਉਨ੍ਹਾਂ ਦੇ ਸਵਾਗਤ ਵਾਸਤੇ ਖਲੋਤਾ ਸੀ। ਬੱਚਿਆਂ ਤੋਂ ਲੈ ਕੇ ਬੁਢਿਆਂ ਤੱਕ। ਕਨ੍ਹੇੜੇ ਚੜ੍ਹੇ ਹੋਏ ਬੱਚੇ, ਕੁੱਬੇ ਹੋਏ ਬੁੱਢੇ, ਸਭ। ਔਰਤਾਂ ਮਰਦ ਸਾਰੇ। ਰਿਨ ਨੇ ਕਿਹਾ - ਪਾਲ, ਕੈਮਰਾ, ਸਨੈਪ। ਹੁਣ ਤਕ ਪਾਲ ਹਜ਼ਾਰ ਤੋਂ ਵੱਧ ਫੋਟੋਆਂ ਖਿਚ ਚੁਕਾ ਸੀ। ਬਨੇਰਿਆਂ ਤੇ ਬੈਠੀਆਂ ਜਨਾਨੀਆਂ ਇਨ੍ਹਾਂ ਨੇ ਪਹਿਲੀ ਵਾਰ ਦੇਖੀਆਂ। ਦੇਖ ਰਿਨ, ਘੁੰਡ ਕੱਢ ਕੇ ਗਿੱਧਾ ਟੀਮ ਨੂੰ ਦੇਖ ਰਹੀਆਂ ਹਨ। ਇਹ ਟੋਲੀ ਹਵੇਲੀ ਦੇ ਵਡੇ ਦਰਵਾਜੇ ਰਾਹੀਂ ਅੰਦਰ ਲੰਘ ਆਈ। ਰੰਗ ਬਰੰਗੇ ਚਾਦਰੇ, ਲੰਮੇ ਸਫੈਦ ਕਮੀਜ਼, ਕੱਢੀਆਂ ਨੋਕਦਾਰ ਜੁੱਤੀਆਂ, ਰੰਗ ਬਰੰਗੀਆਂ ਪੱਗਾਂ ਉਪਰ ਸ਼ਮਲੇ। ਗਲਾਂ ਵਿਚ ਤਵੀਤ, ਹੱਥਾਂ ਵਿਚ ਕੜੇ ਤੇ ਗੋਡਿਆਂ ਨਾਲ ਘੁੰਗਰਾਲਾਂ। ਭੀੜ ਉਨ੍ਹਾਂ ਨਾਲ ਅੰਦਰ ਲੰਘ ਆਈ। ਵਿਹੜੇ ਅਤੇ ਵਰਾਂਡਿਆਂ ਵਿਚ ਚਾਰ ਸੌ ਦੇ ਕਰੀਬ ਬੰਦੇ ਖੜ੍ਹੇ ਸਨ। ਲਉ, ਗਿਣਤੀ ਹੋਰ ਵਧੀ ਤਾਂ ਪੌੜੀਆਂ ਚੜ੍ਹਨ ਲੱਗ ਪਏ।

ਰਿਨ ਨੇ ਪੁੱਛਿਆ - ਪੂਰਾ ਪਿੰਡ ਅੰਦਰ ਕਿਉਂ ? ਸਰਦਾਰ ਨੇ ਕਿਹਾ - ਇਹ ਪਿੰਡ ਹੈ। ਪਿੰਡ ਵਿਚ ਸਾਰੇ ਆਉਣਗੇ, ਹਰੇਕ ਦਾ ਸੁਆਗਤ ਹੋਏਗਾ। ਮੈਨੂੰ ਪਤਾ ਸੀ ਆਉਣਗੇ ਅਹੁ ਦੇਖੋ ਚਾਹ ਦੀਆਂ ਦੇਗਾਂ। ਫਿਰ ਸਰਦਾਰ ਨੇ ਮੀਤ ਨੂੰ ਉਚੀ ਦੇਣੀ ਵਾਜ ਮਾਰਕੇ ਕਿਹਾ - ਮੀਤ, ਬਗੈਰ ਚਾਹ ਪੀਤੇ ਕੋਈ ਨਾ ਜਾਏ। ਮੀਤ ਨੇ ਕਿਹਾ - ਠੀਕ ਐ ਬਾਪੂ ਜੀ। ਸਾਰੇ ਪਿੱਤਲ ਦੇ ਗਲਾਸਾਂ ਵਿਚ ਚਾਹ ਪੀ ਰਹੇ ਸਨ, ਗੱਲਾਂ ਕਰ ਰਹੇ ਸਨ, ਅਵਾਜਾਂ ਦਾ ਸਮੁੰਦਰ।

ਪਾਲ ਨੇ ਕਿਹਾ - ਕੀ ਕਮਾਲ ਦਾ ਦ੍ਰਿਸ਼ ਹੈ। ਇਸ ਤਰ੍ਹਾਂ ਦੇ ਇਕੱਠ ਆਮ ਹੁੰਦੇ ਰਹਿੰਦੇ ਨੇ ? ਸਰਦਾਰ ਨੇ ਕਿਹਾ - ਹੁਣ ਘੱਟ। ਲਾਲੀ ਪਟਿਆਲੇ ਰਹਿੰਦੈ। ਮੈਂ ਰਹਿੰਦਾ ਤਾਂ ਪਿੰਡ ਵਿਚ ਆਂ ਪਰ ਹੁਣ ਪਿੰਡ ਦੇ ਕੰਮਾਂ ਕਾਜਾਂ ਵਿਚ ਵਧੀਕ ਦਖਲ ਨਹੀਂ ਦਿੰਦਾ। ਕਿਸੇ ਸਮੇਂ ਸਾਰੇ ਪਿੰਡ ਦੀ ਜਮੀਨ ਮੇਰੀ ਸੀ, ਹੁਣ ਘੱਟ ਰਹਿ ਗਈ ਹੈ। ਜਦੋਂ ਮੈਂ ਸਰਦਾਰ ਸਾਂ ਉਦੋਂ ਅਜਿਹੇ ਇਕੱਠ ਆਮ ਸਨ।

- ਉਹ ਦਿਨ ਯਾਦ ਆਉਂਦੇ ਹਨ ?

- ਨਹੀਂ, ਕੋਈ ਫਰਕ ਨਹੀਂ।

- ਫਰਕ ਕਿਉਂ ਨਹੀਂ, ਏਨੀ ਜਾਇਦਾਦ ਖੁੱਸ ਗਈ ?

- ਹੁਣ ਵੀ ਬਥੇਰੀ ਬਚੀ ਹੋਈ ਹੈ, ਪੁਸ਼ਤਾਂ ਤਕ ਨਹੀਂ ਮੁੱਕਣੀ। ਦੇਖੋ ਜਮੀਨ ਘਟੀ, ਮੇਰੀਆਂ ਲੋੜਾਂ ਵੀ ਘਟ ਗਈਆਂ, ਜਿੰਮੇਵਾਰੀਆਂ ਵੀ ਘਟ ਗਈਆਂ।

- ਪਰ ਤੁਹਾਡਾ ਕੰਮ ਹੈ ਕੀ ? ਖੇਤ ਵਿਚ ਤਾਂ ਨੌਕਰ ਕੰਮ ਕਰਦੇ ਹਨ।

- ਕੰਮ ਕਿਉਂ ਨਹੀਂ ? ਮੈਂ ਇਹਨਾ ਦੇ ਕੰਮ ਦੀ ਵੰਡ ਕਰਦਾ ਹਾਂ, ਇਨ੍ਹਾਂ ਦੇ ਝਗੜੇ ਨਿਬੇੜਦਾ ਹਾਂ, ਇਹਨਾ ਦੇ ਬੱਚਿਆਂ ਦੀਆਂ ਸ਼ਾਦੀਆਂ, ਵੱਡਿਆਂ ਦੇ ਸੰਸਕਾਰ ਕਰਦਾ ਹਾਂ। ਪਰਾਣੀ ਫੜ ਕੇ ਬਲਦ ਹੱਕਣ ਤੋਂ ਇਲਾਵਾ ਵੀ ਕੰਮ ਹੁੰਦੇ ਹਨ।

- ਬਹੁਤੀ ਜਮੀਨ ਵੇਲੇ ਤੇ ਹੁਣ ਦੇ ਪ੍ਰਬੰਧ ਵਿਚ ਕੋਈ ਫਰਕ ਪਿਆ ?

- ਹਾਂ। ਪਹਿਲਾਂ ਸੌ ਬੰਦੇ ਕੰਮ ਕਰਦੇ ਸਨ। ਸੌ ਲਈ ਤਿੰਨ ਡੰਗ ਰੋਟੀ ਬਣਦੀ ਸੀ। ਹੁਣ ਪੰਦਰਾਂ ਰਹਿ ਗਏ ਹਨ, ਕਦੀ ਦਸ ਰਹਿ ਜਾਂਦੇ ਹਨ।

- ਪੇਂਡੂਆਂ ਨਾਲ ਸਬੰਧਾਂ ਵਿਚ ਕੋਈ ਫਰਕ ਆਇਆ ?

- ਤੁਸੀਂ ਅੱਖੀਂ ਦੇਖ ਰਹੇ ਹੋ, ਫਰਕ ਆਇਆ ਹੁੰਦਾ ਸਾਰਾ ਪਿੰਡ ਮੇਰੀ ਹਵੇਲੀ ਵਿਚ ਬੈਠ ਕੇ ਚਾਹ ਪੀਂਦਾ ? ਮੈਨੂੰ ਪਿਆਰ ਕਰਦੇ ਨੇ, ਆਖਾ ਨੀਂ ਮੋੜਦੇ।

- ਤੁਹਾਡੇ ਵਰਗੇ ਹੋਰ ਵੀ ਸਰਦਾਰ ਨੇ ਆਲੇ ਦੁਆਲੇ ਪਿੰਡਾਂ ਵਿਚ ?

- ਹੁੰਦੇ ਸਨ। ਚਲੇ ਗਏ।

- ਕਿਥੇ ਗਏ ?

www.punjabilibrary.com

– ਸ਼ਹਿਰਾਂ ਵਿਚ। ਪਿੰਡਾਂ ਨੇ ਕਈਆਂ ਨੂੰ ਅੱਗ ਲਾਕੇ ਸਾੜਿਆ।

– ਕਿਉਂ ? ਪਾਲ ਨੇ ਪੁੱਛਿਆ।

– ਸ਼ਰਾਬੀ ਕਬਾਬੀ ਸਨ, ਔਰਤਬਾਜ਼ ਸਨ, ਲੋਕਾਂ ਨੂੰ ਬੁਰੇ ਲੱਗੇ, ਮਾਰ ਦਿੱਤੇ।

– ਤੁਸੀਂ ਚੰਗੇ ਸਰਦਾਰ ਹੋ ?

– ਮੈਨੂੰ ਕੀ ਪਤਾ। ਲੋਕਾਂ ਨੂੰ ਪੁੱਛੋ।

– ਟ੍ਰੈਕਟਰ ਕਿਉਂ ਨੀਂ ਲੈਂਦੇ ?

– ਟ੍ਰੈਕਟਰ ਲੈ ਲਿਆ ਇਹ ਲੋਕ ਕਿਥੇ ਜਾਣਗੇ? ਬੇਜ਼ਮੀਨੇ ਹਨ।

– ਤੁਸੀਂ ਸ਼ਹਿਰ ਕਿਉਂ ਨੀ ਗਏ ?

– ਸ਼ਹਿਰ ਮੇਰਾ ਦਿਲ ਨਹੀਂ ਲਗਦਾ। ਕਦੇ ਗੇੜਾ ਮਾਰ ਆਉਨਾ, ਫਿਰ ਇੱਥੇ ਮੁੜ ਆਉਨਾ। ਇਥੇ ਰਹਿਣਾ ਹੈ। ਲਾਲੀ ਸ਼ਹਿਰੀ ਹੋ ਗਿਐ। ਮੇਰੇ ਬਾਦ ਇਹ ਟ੍ਰੈਕਟਰ ਖਰੀਦ ਕੇ ਮਾਡਲ ਖੇਤੀ ਕਰੇਗਾ ਕਿ ਜ਼ਮੀਨ ਵੇਚ ਕੇ ਕੋਈ ਹੋਰ ਕਾਰੋਬਾਰ, ਇਹਦੀ ਮਰਜ਼ੀ। ਜਿੰਨਾ ਚਿਰ ਮੈਂ ਹਾਂ, ਮੇਰੇ ਨਾਲੋਂ ਪਿੰਡ ਨਹੀਂ ਵਿਛੜੇਗਾ। ਪਿੰਡ ਮੇਰਾ ਪਰਿਵਾਰ ਹੈ।

ਮੀਤ ਨੇ ਪੁਛਿਆ – ਬਾਪੂ ਜੀ ਚਾਹ ਪਿਆ ਦਿਤੀ, ਅਗਲਾ ਹੁਕਮ ?

– ਸਰਪੰਚ ਦੇ ਘਰ ਜਾਹ। ਜਾਕੇ ਪੁੱਛ ਕਿ ਪਿੰਡ ਵਲੋਂ ਪ੍ਰੋਗਰਾਮ ਕਰਵਾਉਣਾ ਹੈ ਕਿ ਮੈਂ ਹਵੇਲੀ ਵਿਚ ਕਰਵਾਵਾਂ। ਇਹ ਵਡੇ ਕਲਾਕਾਰ ਨੇ, ਇਨ੍ਹਾਂ ਤੇ ਪਹਿਲਾ ਹੱਕ ਪਿੰਡ ਦਾ ਹੈ। ਜੇ ਬੰਦੋਬਸਤ ਨਹੀਂ ਹੋ ਸਕਦਾ ਫੇਰ ਇੱਥੇ ਮੇਰੇ ਘਰ ਆਏ, ਪਿੰਡ ਇਥੇ ਆ ਜਾਵੇ।

ਪਾਲ ਨੇ ਪੁੱਛਿਆ – ਪਰ ਹੁਣੇ ਤਾਂ ਤੁਸੀਂ ਕਿਹਾ ਸੀ ਪਿੰਡ ਤੁਹਾਡਾ ਆਖਾ ਮੰਨਦਾ ਹੈ। ਕੋਈ ਦਸਦਾ ਸੀ ਤੁਹਾਡਾ ਵਾਕ ਪਿੰਡ ਵਾਸਤੇ ਕਾਨੂੰਨ ਹੈ। ਫੇਰ ਸਰਪੰਚ ਨੂੰ ਕਿਉਂ ਪੁਛਦੇ ਹੋ ?

ਸਰਦਾਰ ਨੇ ਕਿਹਾ – ਮੈਂ ਇਨ੍ਹਾਂ ਦਾ ਆਖਾ ਮੰਨਦਾ ਹਾਂ, ਇਨ੍ਹਾਂ ਨੂੰ ਪੁੱਛ ਕੇ ਕੰਮ ਕਰਦਾ ਹਾਂ ਤਾਂ ਹੀ ਮੇਰੀ ਗੱਲ ਮੰਨਣਗੇ। ਤਾਂ ਹੀ ਮੇਰਾ ਵਾਕ ਕਾਨੂੰਨ ਬਣੇਗਾ। ਕੱਲ੍ਹ ਨੂੰ ਤੁਸੀਂ ਆਖ ਦਿਉ ਕਿ ਅਸੀਂ ਜਾਣਾ ਹੈ, ਮੈਂ ਕਹਾਂਗਾ, ਨਹੀਂ, ਪਿੰਡ ਉਦਾਸ ਹੋਵੇਗਾ, ਅਜੇ ਮੈਂ ਹੋਰ ਗੱਲਾਂ ਕਰਨੀਆਂ ਨੇ, ਅਜੇ ਦੋ ਦਿਨ ਹੋਰ ਨਹੀਂ ਜਾਣਾ, ਤੁਸੀਂ ਆਖਾ ਨਾ ਮੰਨੋਗੇ ? ਪਿਆਰ ਨਾਲ ਬੋਲੇ ਮਿੱਠੇ ਵਾਕ ਤੋਂ ਵੱਡਾ ਕਾਨੂੰਨ ਮੈਨੂੰ ਤਾਂ ਦਿਸਿਆ ਨੀ ਕੋਈ।

ਇੰਨੇ ਨੂੰ ਮੀਤ ਆ ਗਿਆ – ਬਾਪੂ ਜੀ ਸਰਪੰਚ ਨੇ ਕਿਹਾ – ਪਹਿਲਾ ਹੱਕ ਸਰਦਾਰ ਦਾ ਹੈ ਕਿਉਂਕਿ ਸਰਦਾਰ ਦੇ ਸੱਦੇ ਉਪਰ ਆਏ ਹਨ, ਫਿਰ ਵੀ ਮੇਰੀ ਬੇਨਤੀ ਹੈ ਕਿ ਸਕੂਲ ਦੇ ਗਰਾਊਂਡ ਵਿਚ ਠੀਕ ਰਹੇਗਾ, ਉਥੇ ਭੀੜ ਨਹੀਂ ਹੋਵੇਗੀ। ਮੈਂ ਪ੍ਰਬੰਧ ਕਰਨ ਲੱਗ ਗਿਆ ਹਾਂ।

ਸਰਦਾਰ ਨੇ ਕਿਹਾ – ਠੀਕ ਹੈ, ਪਿੰਡ ਨੂੰ ਦੱਸ ਦਿਉ ਕਿ ਅਖਾੜਾ ਸਕੂਲ ਵਿਚ ਲੱਗੇਗਾ। ਪਿੰਡ ਨੂੰ ਉਥੇ ਦਾ ਸੱਦਾ ਹੈ ਸਰਦਾਰ ਵਲੋਂ।

ਮੀਤ ਹਵੇਲੀ ਦੇ ਮੀਨਾਰ ਉਪਰ ਚੜ੍ਹ ਗਿਆ, ਹੱਥਾਂ ਦਾ ਬਿਗਲ ਬਣਾ ਕੇ ਉਚੀ ਆਵਾਜ਼ ਵਿਚ ਪਹਿਲਾਂ ਸੱਜੇ, ਫਿਰ ਖੱਬੇ, ਫਿਰ ਸਾਹਮਣੇ ਤਿੰਨ ਵਾਰ ਸੱਦੇ ਦੀ ਪੁਕਾਰ ਦਿੱਤੀ। ਉਸਦੀ ਆਵਾਜ਼ ਵਿਚ ਗਰਜ ਸੀ, ਤਾਕਤ ਸੀ। ''ਭਾਈਓ! ਸਕੂਲ ਗਰਾਉਂਡ ਵਿਚ ਪਹੁੰਚੋ। ਉਥੇ ਅਖਾੜਾ ਲੱਗੇਗਾ। ਖਤਮ ਹੋਣ ਪਿਛੋਂ ਕਲਾਕਾਰ ਹਵੇਲੀ ਆਉਣਗੇ, ਉਨ੍ਹਾਂ ਨਾਲ ਤੁਸੀਂ ਵੀ ਹਵੇਲੀ ਪੁੱਜਣਾ। ਸੁਣੋ ਭਾਈਓ, ਸਰਦਾਰ ਦਾ ਸੱਦਾ ਸੁਣੋ।''

ਆਵਾਜ਼ ਸੁਣਦਿਆਂ ਪਹਿਲਾਂ ਹਵੇਲੀ ਦੇ ਬਾਹਰ ਖਲੋਤੇ ਲੋਕ ਆਪੋ ਆਪਣੇ ਘਰਾਂ ਨੂੰ ਤੁਰੇ, ਫਿਰ ਵਿਹੜੇ ਵਿਚ ਬੈਠੇ ਨਿਕਲੇ, ਫਿਰ ਵਰਾਂਡਿਆਂ ਵਿਚਲੇ ਤੇ ਅਖੀਰ ਵਿਚ ਛੱਤਾਂ ਤੋਂ ਹੇਠਾਂ ਉਤਰੇ। ਮਿੰਟਾਂ ਵਿਚ ਸਭ ਚਲੇ ਗਏ। ਇਕ ਵੀ ਨਹੀਂ ਰਿਹਾ।

ਪਾਲ ਨੇ ਕੈਮਰਾ, ਟੇਪ ਰਿਕਾਰਡਰ ਲੈ ਲਿਆ। ਸਾਰੇ ਜਣੇ ਸਕੂਲ ਵੱਲ ਤੁਰ ਪਏ। ਲੋਕ ਪਹਿਲਾਂ ਹੀ ਆਏ ਬੈਠੇ ਸਨ। ਬਹੁਤੇ ਬੈਠੇ ਸਨ, ਥੋੜੇ ਪਿੱਛੇ ਕਤਾਰਾਂ ਵਿਚ ਖਲੋਤੇ ਸਨ। ਦੋ ਢੋਲੀ ਢੋਲ ਵਜਾ ਰਹੇ ਸਨ। ਢੋਲ ਦੀ ਆਵਾਜ਼ ਵੀ ਸੱਦਾ-ਪੱਤਰ ਹੈ, ਜਿਸਨੇ ਮੀਤ ਦੀ ਆਵਾਜ਼ ਨਹੀਂ ਸੁਣੀ, ਢੋਲ ਦਾ ਡੱਗਾ ਸੁਣ ਕੇ ਆ ਜਾਏ। ਢੋਲੀਆਂ ਨੇ ਇਸ ਕਰਕੇ ਵੀ ਢੋਲ ਵਜਾਣਾ ਸੀ ਕਿਉਂਕਿ ਕਲਾਕਾਰ ਤਿਆਰ ਹੋ ਰਹੇ ਸਨ, ਕਿਉਂਕਿ ਗਲ ਪਿਆ ਹੋਇਆ ਹੈ ਇਸ ਕਰਕੇ ਵਜਾਣਾ ਈ ਵਜਾਣਾ ਹੈ।

www.punjabilibrary.com

ਲੋਕ ਧਰਤੀ ਤੇ ਬੈਠੇ, ਮਹਿਮਾਨ ਕੁਰਸੀਆਂ ਤੇ। ਸਰਦਾਰ ਵਾਸਤੇ ਮੰਜੀ ਲਿਆ ਦਿਤੀ, ਮੰਜੀ ਤੇ ਬੈਠ ਗਿਆ।

– ਕਿਹੜੀਆਂ ਬੋਲੀਆਂ ਸੁਣਨੀਆਂ ਨੇ ਪਾਲ ? ਲਾਲੀ ਨੇ ਪੁੱਛਿਆ।

– ਜੋ ਲੋਕ ਸੁਣਨੀਆਂ ਚਾਹੁਣ। ਪਾਲ ਨੇ ਕਿਹਾ।

– ਪਰ ਇਹ ਤੁਹਾਡੇ ਵਾਸਤੇ ਨੇ, ਸੋ ਤੁਹਾਡਾ ਆਖਾ ਮੰਨਾਗੇ।

– ਠੀਕ ਹੈ ਫਿਰ। ਇਸ਼ਕ ਦੀਆਂ ਬੋਲੀਆਂ ਤੋਂ ਸ਼ੁਰੂ ਕਰ ਦੇਣ।

ਤੁਰਲੇ ਵਾਲਾ ਲੰਮਾ ਜੁਆਨ ਸਿੱਖ ਨਹੀਂ ਸੀ, ਪਰ ਗਿੱਧਾ ਅਤੇ ਭੰਗੜਾ ਪੱਗਾਂ ਤੋਂ ਬਿਨਾ ਨਹੀਂ ਹੁੰਦਾ, ਉਹ ਟੀਮ ਲੀਡਰ ਸੀ। ਉਸਨੇ ਬਾਂਹ ਉਪਰ ਉਠਾਈ, ਉਂਗਲ ਲੋਕਾਂ ਵੱਲ ਕੀਤੀ। ਚਾਰ ਬੰਦਾਂ ਵਾਲੀ ਬੋਲੀ ਪਾਈ ਤੇ ਅਖੀਰਲੇ ਬੰਦ ਵਕਤ ਸਾਰੇ ਇਕੱਠੇ ਨੱਚਣ ਤੇ ਗਾਉਣ ਲੱਗੇ। ਹੱਥਾਂ ਵਿਚ ਲੱਕੜ ਦੀਆਂ ਨਾਗਣੀਆਂ ਢੋਲ ਦੇ ਡੱਗੇ ਨਾਲ ਤਾਲ ਮਿਲਾਉਣ ਲੱਗੀਆਂ। ਦੇਰ ਤੱਕ ਕਮਾਲਾਂ ਕਰਦੇ ਰਹੇ। ਫਿਰ ਸਰੋਤਿਆਂ ਵਿਚੋਂ ਇਕ ਉਠਿਆ, ਆਪਣੀ ਥਾਂ ਤੇ ਹੀ ਖਲੋ ਕੇ ਬੋਲੀ ਪਾਉਣ ਲੱਗਾ, ਬੋਲੀ ਦੀ ਆਖਰੀ ਸਤਰ ਸਟੇਜ ਉਪਰਲੀ ਟੀਮ ਨੇ ਚੁੱਕ ਲਈ, ਪਹਿਲਾਂ ਨਾਲੋਂ ਵਧੀਕ ਜੋਸ਼ ਨਾਲ ਗਾਈ। ਢੋਲੀ ਪਿਛੇ ਵੱਲ ਏਨਾ ਝੁਕਿਆ ਕਿ ਕੈਂਠੇ ਦੀ ਡੋਰੀ ਜ਼ਮੀਨ ਛੁਹ ਗਈ।

ਰਿਨ ਨੇ ਪੁੱਛਿਆ – ਇਨ੍ਹਾਂ ਨੇ ਟੀਮ ਮੈਂਬਰ ਸਰੋਤਿਆਂ ਵਿਚ ਬਿਠਾ ਰੱਖੇ ਨੇ ?

– ਨਹੀਂ, ਲਾਲੀ ਨੇ ਦੱਸਿਆ, ਜਿਹੜਾ ਮਰਜ਼ੀ ਬੋਲੀ ਪਾਏ, ਸੁਆਗਤ ਹੈ। ਜਿਵੇਂ ਕਬੱਡੀ ਵਿਚ ਜਿਹੜਾ ਮਰਜ਼ੀ ਰਲ ਜਾਏ। ਫਿਰ ਬੋਲੀਆਂ ਦਾ ਵਿਸ਼ਾ ਬਦਲ ਕੇ ਸਿਆਸੀ ਵਿਅੰਗਾਂ ਤੇ ਹੋ ਗਿਆ। ਫਿਰ ਇਕ ਲੰਮੀ ਬੋਲੀ ਫੈਸ਼ਨੇਬਲ ਔਰਤਾਂ ਉੱਪਰ ਵਿਅੰਗ ਦੀ ਸੀ, ਸਾਰੇ ਸਰੋਤੇ ਹੱਸੀ ਜਾਣ ਤੇ ਦੁਹਰਾਉਣ ਦੀ ਮੰਗ ਕਰਨ। ਪਾਲ ਨੇ ਕਿਹਾ – ਲਾਲੀ ਚੱਲੀਏ। ਲਾਲੀ ਨੇ ਕਿਹਾ ਕਿਉਂ? ਪਾਲ ਨੇ ਕਿਹਾ ਲੋਕ ਬੋਲੀਆਂ ਘੱਟ ਸੁਣ ਰਹੇ ਹਨ ਤੇ ਮੇਮ ਵਲ ਵਧੀਕ ਦੇਖ ਰਹੇ ਨੇ, ਖਾਸ ਕਰਕੇ ਇਹ ਜਿਹੜੀ ਫੈਸ਼ਨੇਬਲ ਔਰਤ ਬਾਰੇ ਸੀ ਇਥੇ ਤਾਂ ਸਿਰੇ ਲੱਗ ਗਈ ਗੱਲ। ਲਾਲੀ ਨੇ ਕਿਹਾ – ਤੁਸੀਂ ਰੰਚਨ ਨਾਲ ਚਲੋ, ਮੈਂ ਕਿਉਂਕਿ ਮੇਜਬਾਨ ਹਾਂ, ਅਜੇ ਰੁਕਦਾ ਹਾਂ। ਉਹ ਹਵੇਲੀ ਆ ਗਏ।

ਪਾਲ ਨੇ ਦੱਸਿਆ– ਰੰਚਨ ਮੈਂ ਨਾਵਲ ਲਿਖ ਰਿਹਾ ਹਾਂ। ਉਸ ਦਾ ਇਕ ਅਧਿਆਇ ਫਤਿਹਗੜ੍ਹ ਪਿੰਡ ਹੋਵੇਗਾ।

– ਕੀ ਥੀਮ ਹੋਵੇਗਾ ?

– ਥੀਮ ਇਹ ਕਿ ਦੋ ਸਦੀਆਂ ਇੰਗਲੈਂਡ ਦਾ ਰਾਜ ਰਿਹਾ, ਹੁਣ ਯੂਨੀਵਰਸਿਟੀ ਪੱਧਰ ਤੱਕ ਵਿਦਿਆ ਹੋ ਗਈ ਹੈ ਪਰ ਭਾਰਤ ਨੇ ਪੱਛਮ ਦਾ ਭੋਰਾ ਅਸਰ ਨਹੀਂ ਕਬੂਲਿਆ। ਲਾਲੀ ਨੇ ਸਾਰਤਰ, ਕਾਮੂ, ਅਮਰੀਕਨ, ਯੋਰਪੀਅਨ ਚਿੰਤਕਾਂ ਨੂੰ ਪੜ੍ਹਿਆ ਹੈ। ਪੱਛਮੀ ਵਿਦਵਾਨ ਵਾਂਗ ਵਧੀਆ ਵਿਆਖਿਆ ਕਰ ਲੈਂਦਾ ਹੈ, ਪੱਛਮ ਵਰਗੇ ਲੱਛਣ ਉਸਦੀ ਸ਼ਖਸੀਅਤ ਵਿਚ ਪਟਿਆਲੇ ਦਿਸਦੇ ਸਨ। ਇਥੇ ਪਿੰਡ ਵਿਚ ਆਕੇ ਉਹ ਪੇਂਡੂ ਹੋ ਗਿਐ। ਸਿਆਸੀ ਕਤਲ ਵਾਜਬ ਹਨ, ਇਸ ਤਰ੍ਹਾਂ ਦੀਆਂ ਬੋਲੀਆਂ ਸੁਣ ਰਿਹਾ ਹੈ, ਫੈਸ਼ਨ ਦੇ ਖਿਲਾਫ਼, ਔਰਤ ਦੇ ਖਿਲਾਫ, ਸੁਣ ਰਿਹਾ ਹੈ, ਆਪਣੇ ਪਿਤਾ ਵਾਂਗ ਫਿਊਡਲ ਲਾਰਡ ਹੋ ਗਿਐ। ਸਗੋਂ ਉਸ ਤੋਂ ਵਧੀਕ। ਜਦੋਂ ਇਸ ਕੋਲ ਪਿਤਾ ਤੋਂ ਬਾਦ ਇਹ ਜ਼ਮੀਨ ਆ ਗਈ, ਲਾਲੀ ਉਸ ਨਾਲੋਂ ਗੁਸੈਲ ਡਿਊਕ ਹੋਏਗਾ। ਦੇਖ ਰੰਚਨ, ਕਾਤਲ ਇਥੇ ਖੇਤਾਂ ਵਿਚ ਕੰਮ ਕਰ ਰਹੇ ਹਨ। ਸਰਦਾਰ ਨੇ ਪੈਸੇ ਦੇ ਜੋਰ ਨਾਲ ਵਡਾ ਵਕੀਲ ਕਰਕੇ ਉਮਰ ਕੈਦ ਦੀ ਥਾਂ ਸਜ਼ਾ ਪੰਜ ਸਾਲ ਦੀ ਕਰਵਾ ਲਈ। ਰਿਹਾਅ ਹੁੰਦਾ ਹੀ ਇਥੇ ਆ ਗਿਆ। ਹੋਰ ਵੀ ਕਈ ਹਨ ਇਥੇ। ਪਟਿਆਲੇ ਮੇਰਾ ਗਵਾਂਢੀ ਵਕੀਲ ਅਪਣੇ ਪਿੰਡ ਦੇ ਬੰਦੇ ਦਾ ਕਤਲ ਦਾ ਮੁਕੱਦਮਾ ਮੁਫਤ ਲੜ ਰਿਹਾ ਹੈ, ਤੇ ਪਿੰਡ ਵਿਚ ਵਕੀਲ ਦਸ ਸਾਲ ਪਹਿਲਾਂ ਗਿਆ ਸੀ।

– ਪਰ ਇਸ ਵਿਚ ਬੁਰਾ ਕੀ ਹੈ ਪਾਲ ?

– ਬੁਰਾ ? ਇਹੀ ਤਾਂ ਫਿਊਡਲਿਜ਼ਮ ਹੈ, ਇਹ ਮੇਰਾ ਟੋਲਾ ਹੈ, ਇਹ ਉਸਦਾ, ਇਕ ਮਾਲਕ ਹੈ, ਦੂਜੇ ਉਸਦੇ ਗੁਲਾਮ ਹਨ। ਦਿੱਲੀ ਤੋਂ ਲੈਕੇ ਫਤਿਹਗੜ੍ਹ ਤੱਕ ਕਿਧਰੇ ਲੋਕਤੰਤਰ ਨਹੀਂ, ਜਗੀਰਦਾਰੀ ਹੈ। ਅਖਾੜੇ ਵਿਚ ਮੈਂ ਦੇਖਿਆ ਸਰਦਾਰ ਆਪਣੇ ਵੱਖ ਵੱਖ ਬੰਦਿਆਂ ਦੀਆਂ ਟੋਲੀਆਂ ਨੂੰ ਵਖ ਵਖ ਕੋਨਿਆਂ

www.punjabilibrary.com

ਵਿਚ ਪੁਜ਼ੀਸ਼ਨਾ ਲੈਣ ਵਾਸਤੇ ਹਦਾਇਤਾਂ ਦੇ ਰਿਹਾ ਸੀ, ਇਨ੍ਹਾਂ ਇਕੱਠਾਂ ਵਿਚ ਕਿਤੇ ਵੀ ਕਦੇ ਵੀ ਗੰਡਾਸੀਆਂ ਖੜਕ ਸਕਦੀਆਂ ਹਨ। ਮੈਨੂੰ ਮਾਹੌਲ ਅਪਰਾਧੀ ਲੱਗਿਆ, ਇਸੇ ਕਰਕੇ ਆ ਗਿਆ।

ਘੰਟੇ ਬਾਦ ਲਾਲੀ ਆਪਣੇ ਪਾਪਾ ਨਾਲ ਆ ਗਿਆ। ਬੀਅਰ ਸ਼ੁਰੂ ਹੋ ਗਈ। ਲਾਲੀ ਨੂੰ ਪੁਛਿਆ – ਕੋਈ ਖਾਸ ਬੋਲੀ ? ਲਾਲੀ ਨੇ ਕਿਹਾ – ਸਾਰੀਆਂ ਈ ਖਾਸ। ਮੈਂ ਲਿਖ ਲਿਆਇਆਂ, ਗੁਗੇ ਪੀਰ ਦੀਆਂ, ਗੋਰਖ ਨਾਥ ਦੀਆਂ। ਇਕ ਬਾਂਝ ਔਰਤ ਗੋਰਖ ਨਾਥ ਕੋਲ ਔਲਾਦ ਵਾਸਤੇ ਜਾਂਦੀ ਹੈ। ਗੋਰਖ ਨਾਥ ਬਾਜਰੇ ਦੇ ਦੋ ਦਾਣੇ ਦਿੰਦਾ ਹੈ। ਔਰਤ ਦੇ ਜੌੜੇ ਬੱਚੇ ਪੈਦਾ ਹੁੰਦੇ ਹਨ। ਗੋਰਖ ਦੀ ਜੈ ਹੈ। ਰਿਨ ਨੇ ਸੁਣਕੇ ਕਿਹਾ – ਜਿਥੇ ਜਾਉ, ਬਾਂਝਪਣ ਦਾ ਦੁਖ, ਇੰਨੀ ਆਬਾਦੀ ਹੈ, ਫੇਰ ਵੀ ਕੋਈ ਔਰਤ ਬਾਂਝ ਨਹੀਂ ਰਹਿਣਾ ਚਾਹੁੰਦੀ, ਤੌਬਾ। ਅਸੀਂ ਕੁਰਕਸ਼ੇਤਰ ਗਏ, ਉਥੇ ਦਾ ਸੁਹਣਾ ਮੰਦਰ ਇਕ ਰਾਜੇ ਨੇ ਬਣਵਾਇਆ। ਅਪਣੀ ਰਾਣੀ ਸਣੇ ਆਕੇ ਮੱਥਾ ਟੇਕਿਆ, ਕਿਹਾ, ਜੇ ਸੰਤਾਨ ਹੋ ਜਾਵੇ ਤਾਂ ਫੇਰ ਆਵਾਂਗਾ, ਮੰਦਰ ਬਣਵਾ ਕੇ ਜਾਵਾਂਗਾ। ਔਲਾਦ ਹੋਈ, ਮੰਦਰ ਬਣਵਾਇਆ। ਮੈਨੂੰ ਲਗਦਾ ਹੈ ਇਥੇ ਔਰਤਾਂ ਬਾਂਝ ਨਹੀਂ, ਆਦਮੀ ਨਾਮਰਦ ਹਨ।

ਸਰਦਾਰ ਨੇ ਕਿਹਾ – ਵਿਆਹ ਦਾ ਮਤਲਬ ਹੋਰ ਕੀ ਹੈ ? ਲੁੱਚਪੁਣਾ ? ਇਹ ਤਾਂ ਵਿਆਹ ਤੋਂ ਬਿਨਾ ਵਧੀਆ ਹੁੰਦੈ। ਵਿਆਹ ਦਾ ਅਰਥ ਸੰਤਾਨ ਉਤਪਤੀ ਵਾਸਤੇ ਧਰਮ ਦੀ ਸਹੁੰ ਖਾਣਾ ਹੈ। ਫਿਰ ਵਿਆਹਿਆ ਜੋੜਾ ਸੰਤਾਨ ਵਾਸਤੇ ਪ੍ਰਾਰਥਨਾ ਕਿਉਂ ਨਾ ਕਰੇ ?

ਪਾਲ ਨੇ ਕਿਹਾ – ਦੇਖੋ ਹਰੇਕ ਬੰਦਾ ਔਲਾਦ ਨਹੀਂ ਚਾਹੁੰਦਾ। ਰਿਨ ਬਾਂਝ ਨਹੀਂ, ਮੈਂ ਤਕੜਾ ਮਰਦ ਹਾਂ। ਅਸੀਂ ਫੈਸਲਾ ਕਰ ਲਿਐ ਕੌਣ ਬਚਿਆਂ ਦੀ ਸਿਰਦਰਦੀ ਮੁੱਲ ਲਵੇ ? ਮੇਰਾ ਕੰਮ ਲਿਖਣਾ ਹੈ, ਰਿਨ ਦਾ ਪੇਂਟਿੰਗ ਕਰਨਾ। ਸਾਨੂੰ ਹੋਰ ਕਾਸੇ ਦੀ ਲੋੜ ਨੀ।

ਮੀਤ ਆ ਗਿਆ – ਬਾਪੂ ਜੀ, ਗਿੱਧਾ ਟੀਮ ਆ ਰਹੀ ਹੈ, ਪਿਛੇ ਪਿਛੇ ਪਿੰਡ।

– ਠੀਕ ਹੈ। ਖਾਣ ਪੀਣ ਦਾ ਸਹੀ ਇੰਤਜ਼ਾਮ ਹੈ ?

– ਹਾਂ ਬਾਪੂ ਜੀ। ਬੱਕਰੇ ਝਟਕਾ ਕੇ ਮੀਟ ਦੀਆਂ ਦੇਗਾਂ ਤਿਆਰ ਕਰ ਲਈਆਂ ਹਨ। ਦਾਲ, ਸਬਜੀ, ਹਜ਼ਾਰਾਂ ਰੋਟੀਆਂ ਤਿਆਰ ਹਨ। ਜੁਆਨ ਮੁੰਡੇ ਵਰਤਾਣ ਲਈ ਬੈਠੇ ਹਨ।

– ਦੇਖ, ਇਕ ਗੱਲ ਦਾ ਖਿਆਲ ਰਹੇ। ਮੇਰੇ ਬੰਦਿਆਂ ਨੇ ਖਾਣਾ ਤਿਆਰ ਕੀਤਾ ਹੈ, ਵਰਤਾਉਣਗੇ ਪਿੰਡ ਦੇ ਮੁੰਡੇ। ਸਮਝਿਆ? ਖਾਹਮਖਾਹ ਬੁੜ ਬੁੜ, ਸਰਦਾਰ ਦੇ ਬੰਦੇ ਖਾ ਗਏ ਵੱਧ, ਦੂਜਿਆਂ ਨੂੰ ਮਿਲਿਆ ਘੱਟ। ਦੇਖਦੇ ਰਹਿਓ, ਘੱਟ ਨਾ ਰਹੇ ਕੋਈ ਚੀਜ਼।

– ਬਾਪੂ ਜੀ ਅਸੀਂ ਤਾਂ ਖਾਣਾ ਬਣਵਾਇਆ ਵੀ ਪਿੰਡ ਦੇ ਬੰਦਿਆਂ ਤੋਂ ਹੈ। ਜੇ ਕੋਈ ਕਹਿ ਦੇਵੇ ਸੁਆਦ ਨੀਂ ਸੀ, ਸਾਡਾ ਤਾਂ ਮਰਨ ਹੋ ਜਾਵੇ ਫਿਰ।

– ਸ਼ਾਬਾਸ਼ ਮੀਤ। ਸ਼ਾਬਾਸ਼। ਖਾਣਾ ਖਾ ਕੇ ਲੋਕ ਹਵੇਲੀਓ ਬਾਹਰ ਆ ਗਏ। ਪਾਲ ਨੇ ਹੋਰ ਰਿਕਾਰਡਿੰਗ ਕਰਨੀ ਸੀ। ਗਿਧਾ ਪਾਰਟੀ ਛੱਤ ਉਪਰ ਆ ਗਈ। ਢੋਲ ਵੱਜਿਆ, ਬੋਲੀ ਪਾਈ। ਪਾਲ ਨੇ ਰੁਕਣ ਦਾ ਇਸ਼ਾਰਾ ਕੀਤਾ। ਟੈਸਟ ਕਰਨਾ ਸੀ ਕਿ ਰਿਕਾਰਡਿੰਗ ਠੀਕ ਹੋਈ ? ਟੈਸਟ ਫੇਲ। ਰਿਕਾਰਡਿੰਗ ਨਹੀਂ ਹੋਈ। ਸ਼ਾਇਦ ਢੋਲਾਂ ਦਾ ਡੱਗਾ ਜ਼ਿਆਦਾ ਉਚੀ ਪਿੱਚ ਦਾ ਹੈ। ਢੋਲ ਬੰਦ। ਬੋਲੀ ਪਾਈ। ਰਿਕਾਰਡਿੰਗ ਦਾ ਟੈਸਟ ਫਿਰ ਫੇਲ। ਇਹ ਲੱਕੜ ਦੀਆਂ ਨਾਗਣੀਆਂ ਬੇਕਾਰ ਨੇ। ਇਨ੍ਹਾਂ ਦੀ ਵੀ ਪਿੱਚ ਉਚੀ ਹੈ। ਇਹ ਵੀ ਬੰਦ। ਇਕ ਬੰਦਾ ਬੋਲੀ ਪਾਏ..., ਬਿਨਾ ਕਿਸੇ ਸਾਜ਼ ਦੇ। ਬੋਲੀ ਤਾਂ ਪਾਈ ... ਪਰ ਇਹ ਕੀ ਬੋਲੀ ਹੋਈ ? ਢੋਲ ਤੇ ਨਾਗਣੀ ਤੋਂ ਬਿਨਾ ... ਨੱਚਣ ਤੋਂ ਬਿਨਾ। ਪਾਲ ਖਿਝ ਗਿਆ... ਚਲੋ ਬਾਕੀ ਕੱਲ੍ਹ ਦੇਖਾਂਗੇ। ਸਰਦਾਰ ਨੇ ਗਿੱਧਾ ਪਾਰਟੀ ਨੂੰ ਹੇਠਾਂ ਜਾ ਕੇ ਸੌਂ ਜਾਣ ਲਈ ਕਿਹਾ। ਉਹ ਹੇਠਾਂ ਉਤਰ ਗਏ।

ਮੀਤ ਫਿਰ ਉਪਰ ਆਇਆ, ਸਰਦਾਰ ਨੂੰ ਕਿਹਾ – ਜੀ ਪਿੰਡ ਬਾਹਰ ਕੰਧਾਂ ਨਾਲ ਖਲੋਤਾ ਹੈ। ਇਛਾ ਹੈ ਇਨ੍ਹਾਂ ਨੂੰ ਹੋਰ ਸੁਣ ਲਈਏ। ਸਰਦਾਰ ਨੇ ਕਿਹਾ – ਸੁਣ ਲਉ। ਪਰ ਬਹੁਤੀ ਦੇਰ ਨੀ। ਮੀਤ ਨੇ ਕਿਹਾ – ਬਹੁਤੀ ਦੇਰ ਕਾਹਨੂੰ ਜੀ। ਦੋ ਘੰਟੇ। ਬਸ ਦੋ ਘੰਟਿਆਂ ਤੋਂ ਵੱਧ ਨੀ। ਸਰਦਾਰ ਨੇ ਕਿਹਾ– ਠੀਕ। ਦੋ ਘੰਟੇ ਬਸ। ਕੰਧਾਂ ਨਾਲ ਲੱਗਾ ਬਾਹਰ ਖਲੋਤਾ ਪਿੰਡ ਅੰਦਰ ਲੰਘ ਆਇਆ, ਵਿਹੜੇ ਵਿਚ। ਹੁਣ ਤਾਂ ਹੱਦ ਹੋ ਗਈ। ਗਿੱਧਾ ਪਾਰਟੀ ਤਾਂ ਬਸ ਸਾਥ ਨਿਭਾ ਰਹੀ ਸੀ। ਬੋਲੀਆਂ ਪਿੰਡ ਨੇ ਪਾਈਆਂ। ਇਕ ਤੋਂ ਬਾਦ ਦੂਜਾ, ਦੂਜੇ ਤੋਂ ਬਾਦ ਤੀਜਾ ... ਕਦੀ ਕੋਈ ਬੱਚਾ .... ਫਿਰ ਬੁੱਢਾ ... ਫਿਰ ਜੁਆਨ ....

www.punjabilibrary.com

ਪਾਗਲਾਨਾ ਨਾਚ... ਪਾਗਲ ਕਰ ਦੇਣ ਵਾਲਾ ਜੋਸ਼। ਦੇਵਤੇ ਧਰਤੀ ਉਪਰ ਉਤਰ ਆਏ ... ਗਿਧਾ ਪਾਰਟੀ ਤਾਂ ਦਰਸ਼ਕ ਹੋ ਗਈ ... ਸਟੇਜ ਪਿੰਡ ਨੇ ਸੰਭਾਲ ਲਈ .... ਜੱਟ ਦੇ ਖਿਲਾਫ ਬੋਲੀ ... ਬਾਹਮਣੀ ਦੇ ਖਿਲਾਫ ਬੋਲੀ ... ਹਰੇਕ ਜਾਤ ਦਾ ਮਜ਼ਾਕ ਉਡਾਉਣ ਵਾਲੀ ਬੋਲੀ ... ਔਰਤ ਦੀ ਸੁੰਦਰਤਾ ... ਘੁੰਡ... ਪਰਦਾ... ਮੌਸਮ ... ਡਾਕਾ ... ਯੁੱਧ ... ਅਮਨ ... ਹਰੇਕ ਬੋਲੀ। ਜੀਜਾ ਸਾਲੀ, ਦਿਉਰ ਭਾਬੀ, ਨੂੰਹ ਸੱਸ, ਨਣਦ ਭਰਜਾਈ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ... ਪਿਆਰ.... ਨਫਰਤ... ਗੁੱਸਾ ... ਕਾਮ... ਦੁਖ ... ਪਛਤਾਵਾ ... ਹਰੇਕ ਪੱਖ ਤੇ ਬੋਲੀ। ਏਨੀਆਂ ਬੋਲੀਆਂ ਕਿ ਹਰੇਕ ਅੱਗੇ ਆ ਰਿਹਾ ਸੀ ਪਰ ਵਾਰੀ ਨਹੀਂ ਸੀ ਮਿਲਦੀ। ਬਹੁਤੇ ਸ਼ਰਾਬੀ ਸਨ, ਕਿਸੇ ਨੇ ਗੁਸਤਾਖੀ ਨਹੀਂ ਕੀਤੀ। ਇਹ ਹੈ ਪੰਜਾਬ, ਉਹ ਪੰਜਾਬ ਜਿਹੜਾ ਗਲੋਬ ਨੂੰ ਉਂਗਲ ਤੇ ਰੱਖ ਕੇ ਅੰਗੂਠੇ ਨਾਲ ਠੋਲਾ ਮਾਰਨ ਤੋਂ ਪਹਿਲਾਂ ਰੱਬ ਨੂੰ ਪੁੱਛੇ - ਦੱਸ ਪੁੱਠ ਕਿ ਸਿੱਧ, ਕਿਹੜਾ ਪਾਸਾ ਲੈਣੈ, ਫਿਰ ਠੋਲਾ ਮਾਰ ਦਏ। ਰੱਬ ਨਹੀਂ, ਪੰਜਾਬ, ਸੰਸਾਰ ਦਾ ਰੈਫਰੀ ਹੈ, ਰੱਬ ਇਸ ਵਾਸਤੇ ਖੇਡਦਾ ਹੈ।

ਪਾਲ ਬੇਚੈਨ ਸੀ। ਛੱਤ ਤੇ ਬੈਠਿਆਂ ਰਿਨ ਨੂੰ ਕਿਹਾ - ਇਹ ਭੀੜ ਖਤਰਨਾਕ ਹੈ। ਦੇਖ ਆਪਸ ਵਿਚ ਉਲਝਣ ਲਗੇ ਹਨ। ਸ਼ਰਤ ਲਾ ਲਉ ਹਰੇਕ ਨੇ ਸ਼ਰਾਬ ਪੀ ਰੱਖੀ ਹੈ। ਰੰਚਨ ਨੇ ਕਿਹਾ - ਹਾਂ ਪੀ ਰੱਖੀ ਹੈ, ਤਕਰੀਬਨ ਹਰੇਕ ਨੇ। ਮੈਂ ਹੇਠਾਂ ਗੇੜਾ ਲਾਉਣ ਗਿਆ। ਮੀਤ ਮੇਰੇ ਕੋਲ ਆਇਆ, ਕਿਹਾ - ਦੇਖੋ ਜੀ ਤੁਸੀਂ ਸਾਹਬ ਬਹਾਦਰ ਹੋ। ਮੇਰੇ ਕੋਲ ਤੁਹਾਡੇ ਵਾਸਤੇ ਮਹਿੰਗੀ ਵਿਸਕੀ ਹੁੰਦੀ, ਜਰੂਰ ਪਿਲਾਉਂਦਾ। ਡੱਬ ਵਿਚੋਂ ਰੂੜੀ ਮਾਰਕਾ ਅਧੀਆ ਕੱਢ ਕੇ ਕਿਹਾ - ਜਜਮਾਨ ਦਾ ਦਾਨ ਕਬੂਲ ਕਰੋ ਪੁਰੋਹਤ। ਮੈਂ ਇਕ ਤਕੜਾ ਪੈਗੱ ਮਾਰ ਆਇਆਂ। ਧੁੜਧੜੀ ਤਾਂ ਆਈ, ਪਰ ਠੀਕ ਹੈ, ਜੋ ਹੈ ਸੋ ਹੈ। ਜਦੋਂ ਮੈਂ ਮੀਤ ਵੱਲੋਂ ਦਿਤੀ ਦਾਰੂ ਪੀ ਗਿਆ, ਉਸਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਫਿਰ ਦੱਸਣ ਲੱਗ ਪਿਆ ਕਿ ਸਰਦਾਰ ਨੂੰ ਐਵੀਂ ਬਾਪੂ ਜੀ ਨਹੀਂ ਕਹਿੰਦਾ। ਉਹ ਜਦੋਂ ਹੈ ਈ ਬਾਪੂ ਸਾਡਾ। ਮਹਾਰਾਜ ਦੀ ਸਹੁੰ ਮੈਂ ਉਸ ਬੰਦੇ ਨੂੰ ਕਤਲ ਨੀਂ ਕਰਨਾ ਸੀ। ਉਹ ਪਾਕਿਸਤਾਨੋ ਆਇਆ ਰਫੂਜੀ ਸੀ। ਬਿਨਾ ਗੱਲ ਤੋਂ ਦੋ ਤਿੰਨ ਵਾਰ ਉਸ ਨੇ ਬਾਪੂ ਜੀ ਦੀ ਬੇਇਜਤੀ ਕਰ ਦਿਤੀ। ਇਕ ਦਿਨ ਮੇਰੇ ਸਾਹਮਣੇ ਬਾਪੂ ਜੀ ਨੂੰ ਪੁੱਠੀ ਗਲ ਕਹੀ। ਮੈਨੂੰ ਗੁੱਸਾ ਆ ਗਿਆ। ਮੈਂ ਉਸ ਦੀ ਪੁੜਪੁੜੀ ਵਿਚ ਘਸੁੰਨ ਜੜ ਦਿਤਾ। ਬਸ ਮੇਰਾ ਏਨਾ ਕੁ ਕੰਮ ਕਰਨ ਦਾ ਇਰਾਦਾ ਸੀ। ਹੋਇਆ ਇਹ ਕਿ ਮੁੱਕਾ ਖਾਕੇ ਉਸਨੇ ਕਿਰਪਾਨ ਕੱਢ ਲਈ। ਇਹਦੇ ਤੋਂ ਪਹਿਲਾਂ ਕਿ ਉਹ ਮੇਰੇ ਤੇ ਹੱਲਾ ਬੋਲਦਾ, ਮੈਂ ਰਿਵਾਲਵਰ ਕੱਢਿਆ ਤੇ ਗੋਲੀ ਜੜ ਦਿਤੀ। ਉਹ ਥਾਏਂ ਢੇਰੀ ਹੋ ਗਿਆ। ਮੈਨੂੰ ਕੋਈ ਪਛਤਾਵਾ ਨਹੀਂ। ਮੇਰੇ ਪਿੰਡ, ਮੇਰੇ ਸਰਦਾਰ ਦੀ ਕੋਈ ਬੇਇਜਤੀ ਕਰਕੇ ਦਿਖਾਵੇ। ਮੈਂ ਫਿਰ ਇਹੀ ਕੰਮ ਕਰੂੰਗਾ। ਜਦੋਂ ਰਫੂਜੀ ਇਥੇ ਆ ਕੇ ਵਸੇ, ਅਸੀਂ ਉਨ੍ਹਾਂ ਦੀ ਆਬਾਦੀ ਵਿਚ ਗਏ ... ਕਿਸੇ ਚੀਜ ਦੀ ਲੋੜ ਹੋਵੇ ਹਾਜਰ ਆਂ... ਤੁਹਾਡਾ ਇਥੇ ਆਉਣਾ ਸਾਡੇ ਧੰਨ ਭਾਗ, ਸਾਡਾ ਮੱਥਾ ਤੁਹਾਡਾ, ਸਾਡਾ ਦਿਲ ਤੁਹਾਡਾ, ਬਸ ਸਾਡੀਆਂ ਧੀਆਂ ਭੈਣਾ ਦੀ ਲਾਜ ਰੱਖਣੀ, ਸਾਡੇ ਵਡੇਰਿਆਂ ਨੂੰ ਮੰਦਾ ਨਾ ਬੋਲਣਾ। ਸਾਡੇ ਕੁਝ ਰਿਵਾਜ ਹਨ, ਚੰਗੇ ਲੱਗਣ ਕਿ ਮਾੜੇ, ਉਨ੍ਹਾਂ ਦਾ ਆਦਰ ਕਰਨਾ। ਉਸ ਬੰਦੇ ਨੂੰ ਗੱਲ ਸਮਝ ਨਾਂ ਆਈ।

ਮੀਤ ਨੇ ਬੋਲੀ ਛੇੜੀ। ਗੋਰੇ ਨੇ ਉਸ ਵਲ ਉਂਗਲ ਕਰਦਿਆਂ ਕਿਹਾ - ਇਹ ਆਦਮੀ ਸਭ ਤੋਂ ਵਧ ਖਤਰਨਾਕ ਐ। ਮੀਤ ਦੀ ਬੋਲੀ ਦੇ ਅਰਥ ਸਨ - ਗੋਰੇ ਦੀ ਨੀਤ ਮਾੜੀ ਹੈ। ਇਸ ਕੋਲ ਪੈਸਾ ਹੈ ਜਿਸ ਕਰਕੇ ਇਸ ਦਾ ਖਿਆਲ ਹੈ ਇਹ ਜੋ ਚਾਹੇ ਖਰੀਦ ਸਕਦਾ ਹੈ। ਉਸਦੇ ਦਿਨ ਥੋਹੜੇ ਹਨ। ਇਸ ਬੋਲੀ ਦਾ ਅਨੁਵਾਦ ਪਾਲ ਨੂੰ ਨਹੀਂ ਸੁਣਾਇਆ ਗਿਆ।

ਰਿਨ ਬੋਲੀ - ਇਹ ਭੀੜ ਮੈਨੂੰ ਇਸ ਕਰਕੇ ਵਧੀਕ ਖਤਰਨਾਕ ਲਗਦੀ ਹੈ ਕਿਉਂਕਿ ਇਸ ਵਿਚ ਇਕ ਵੀ ਜਨਾਨੀ ਨਹੀਂ। ਔਰਤਾਂ ਮਰਦਾਂ ਤੋਂ ਦੂਰ ਰਹਿੰਦੀਆਂ ਹਨ। ਛੱਤਾਂ ਉਪਰ ਬੈਠ ਕੇ ਤਮਾਸ਼ਾ ਦੇਖਦੀਆਂ ਹਨ। ਲਾਲੀ ਨੇ ਦੱਸਿਆ, ਪਿੰਡ ਦੀਆਂ ਜਨਾਨੀਆਂ ਕੱਲ੍ਹ ਨੂੰ ਆਉਣਗੀਆਂ। ਸਿਰਫ਼ ਤੁਹਾਡੇ ਵਾਸਤੇ। ਬੋਲੀਆਂ ਪਾਉਣਗੀਆਂ, ਗਿੱਧੇ ਵਿਚ ਨੱਚਣਗੀਆਂ। ਪਾਲ ਨੇ ਕਿਹਾ - ਦੇਖਾਂਗੇ। ਅੱਜ ਜਾਂਗਲੀ ਖਰੂਦੀ ਬੰਦੇ ਦੇਖੇ, ਇਹੋ ਜਿਹੇ ਖਤਰਨਾਕ ਬੰਦੇ ਮੈਂ ਕਿਤੇ ਨਹੀਂ ਦੇਖੇ।

ਦੋ ਘੰਟੇ ਬੀਤ ਗਏ। ਸਰਦਾਰ ਨੇ ਕਿਹਾ - ਹੁਣ ਬੱਸ। ਰੁਕ ਗਏ। ਪਿੰਡ ਆਪੋ ਆਪਣੇ ਘਰੀਂ ਚਲਾ ਗਿਆ। ਗਿੱਧਾ ਕਲਾਕਾਰ ਵਰਾਂਡੇ ਵਿਚ ਸੌਂ ਗਏ ਜਿਥੇ ਕਣਕ ਦੀਆਂ ਬੋਰੀਆਂ ਪਈਆਂ ਸਨ, ਸਾਹਮਣੇ ਪਸ਼ੂ, ਮੁਰਗੀਆਂ ਦਾ ਖੁੱਡਾ। ਪਸ਼ੂ, ਮੁਰਗੀਆਂ, ਕਲਾਕਾਰ ਸਭ ਸੌਂ ਗਏ। ਲਾਲਟੈਣਾ ਬੁਝਾ ਕੇ

www.punjabilibrary.com

ਪਿੰਡ ਸੌਂ ਗਿਆ। ਕੀ ਪਤਾ ਸੁਫਨਾ ਲੈਂਦਾ ਹੋਵੇ ਅਜਿਹੀ ਰਾਤ ਫੇਰ ਦੇਖਾਂਗੇ। ਇਹ ਪੁਰਾਣਾ ਘਰ ਹੈ ਨਾ। ਪੁਰਾਣਾ ਘਰ, ਓਲਡਮੈਨ, ਬੁੱਢਾ ਕੁੱਤਾ, ਬੁੱਢੇ ਪਹਾੜ, ਬੁੱਢਾ ਪੰਜਾਬ ਦੇਸ, ਬੁੱਢਾ ਭਾਰਤ, ਸਭ ਸੁਫਨੇ ਲੈਂਦੇ ਹਨ। ਇਨ੍ਹਾਂ ਦਾ ਬੜਾ ਪੁਰਾਣਾ ਇਤਿਹਾਸ ਹੈ। ਖੋਜੀ ਅਜੇ ਕਿਨਾਰਿਆਂ ਤੇ ਘੁੰਮ ਰਹੇ ਹਨ। ਪੁਰਾਣੀਆਂ ਠੀਕਰੀਆਂ, ਹੱਡੀਆਂ, ਸਿੱਕੇ, ਧੁਨਾ, ਗੀਤ ਲੱਭ ਲੱਭ ਕੇ ਜੋੜਨੇ ਪੈਣਗੇ। ਅਜੇ ਇਹ ਕੰਮ ਬਕਾਇਆ ਹੈ।

ਪਿੰਡ ਸੌਂ ਗਿਆ ਪਰ ਸਰਦਾਰ ਅਤੇ ਉਸਦੇ ਮਹਿਮਾਨ ਨਹੀਂ ਸੁੱਤੇ। ਦਿਨ ਵਿਚ ਵਾਪਰੀਆਂ ਘਟਨਾਵਾਂ ਉਪਰ ਤਬਸਰਾ ਹੋਣ ਲੱਗਾ। ਪਾਲ ਨੇ ਕਿਹਾ - ਪਿੰਡ ਹਿੰਸਕ ਹੈ। ਔਰਤ ਅਤੇ ਮਰਦ ਵਖ ਵਖ ਹਨ, ਸਮਲਿੰਗਕਤਾ ਹੈ। ਫਜ਼ੂਲ ਦੇ ਰਿਵਾਜ ਹਨ। ਸਰਦਾਰ ਦੇ ਸਾਹਮਣੇ ਉਸਨੇ ਕਿਹਾ - ਲਾਲੀ ਮੈਂ ਅਜਿਹੇ ਪਿੰਡ ਵਿਚ ਰਹਿਣ ਦਾ ਖਿਆਲ ਤਕ ਨਹੀਂ ਕਰ ਸਕਦਾ। ਤੂੰ ਇਥੇ ਨਾ ਵਸ ਜਾਈਂ ਕਿਤੇ। ਮੈਂ ਤੈਨੂੰ ਕੈਲੀਫੋਰਨੀਆਂ ਵਿਚ ਫੈਲੋਸ਼ਿਪ ਲੈ ਦਿਆਂਗਾ। ਤੂੰ ਪੰਜਾਬੀ ਲੋਕਧਾਰਾ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੀਂ। ਸਰਦਾਰ ਨੇ ਕਿਹਾ - ਇਹਦੀ ਜੋ ਮਰਜ਼ੀ ਹੈ ਸੋ ਕਰੇ। ਪਿੰਡ ਵਿਚ ਰਹੇ, ਸ਼ਹਿਰ ਵਿਚ ਵਸੇ, ਅਮਰੀਕਾ ਜਾਏ, ਜੋ ਇਹਦੀ ਇਛਾ ਹੈ ਕਰੇ। ਚਾਹੇ ਕੁਛ ਵੀ ਨਾ ਕਰੇ। ਕਿਤਾਬਾਂ ਪੜ੍ਹੀ ਜਾਏ, ਅਵਾਰਾਗਰਦੀ ਕਰੇ, ਕਾਲਜੀਏਟ ਛੋਕਰਿਆਂ ਨਾਲ ਗੱਲਾਂ ਮਾਰੀ ਜਾਏ। ਇਹ ਆਜਾਦ ਹੈ। ਮੇਰੀ ਅਉਧ ਬੀਤ ਗਈ। ਜਿਹੋ ਜਿਹੀ ਬੀਤੀ, ਮੈਂ ਉਸਤੋਂ ਸੰਤੁਸ਼ਟ ਹਾਂ। ਮੈਨੂੰ ਕਿਸੇ ਗੱਲ ਦਾ ਪਛਤਾਵਾ ਨਹੀਂ।

ਗੋਰਾ ਹੱਸਿਆ - ਓ ਸਰਦਾਰ, ਸਨਿਆਸ ਦੀ ਤਿਆਰੀ ਹੈ ?

ਰਿਨ ਨੇ ਪੁੱਛਿਆ - ਇਸ ਸ਼ਬਦ ਦਾ ਕੀ ਮਤਲਬ ?

ਪਾਲ ਨੇ ਦੱਸਿਆ - ਭਾਰਤੀਆਂ ਨੇ ਜੀਵਨ ਦੇ ਚਾਰ ਪੜਾਉ ਮਿਥੇ ਹਨ। ਪਹਿਲਾ ਹੈ - ਬ੍ਰਹਮਚਰਜ, ਵਿਦਿਆ ਹਾਸਲ ਕਰੋ, ਕਾਮ ਤੋਂ ਦੂਰ ਰਹੋ। ਦੂਜਾ ਪੜਾਉ ਹੈ ਵਿਆਹ ਕਰੋ, ਸੰਤਾਨ ਉਤਪਤੀ, ਧਨ ਕਮਾਉ। ਮੌਜ ਕਰੋ। ਤੀਜਾ ਪੜਾਉ ਹੈ ਮੋਹ ਮਮਤਾ ਤੋਂ ਹਟੋ, ਘਰ ਵਿਚ ਰਹੋ ਪਰ ਦਖਲ ਨਾ ਦਿਉ। ਆਖਰ ਚੌਥੇ ਪੜਾਉ ਵਿਚ ਸਭ ਛੱਡੋ। ਰੱਬ ਦੀ ਤਲਾਸ਼ ਕਰੋ। ਸੌ ਸਾਲ ਦੇ ਚਾਰ ਹਿਸਿਆਂ ਨੂੰ ਪੱਚੀ ਪੱਚੀ ਵਿੱਚ ਵੰਡਿਆ ਹੈ।

ਰਿਨ ਨੇ ਕਿਹਾ - ਪਰ ਪਾਲ ਭਾਰਤੀਆਂ ਦੀ ਔਸਤ ਉਮਰ ਚਾਲੀ ਸਾਲ ਹੈ। ਫੇਰ ਇਹ ਫਾਰਮੂਲਾ ਕਿਸ ਕੰਮ ?

ਪਾਲ ਨੇ ਕਿਹਾ - ਇਥੇ ਗਰੀਬੀ ਹੈ, ਬਿਮਾਰੀ ਹੈ, ਇਲਾਜ ਨਹੀਂ ਹੈ। ਦਿਸਦਾ ਨਹੀਂ, ਬਿਸ਼ਨ 32 ਸਾਲ ਦਾ ਹੈ ਪਰ ਲਗਦੈ 50 ਸਾਲ ਦਾ। ਰਾਜ਼ਦਾਂ ਅਤੇ ਮੈਂ ਹਮਉਮਰ ਹਾਂ, 40 ਸਾਲ, ਪਰ ਰਾਜ਼ਦਾਂ ਪੰਜਾਹ ਦਾ ਲਗਦਾ ਹੈ।

ਰੰਚਨ ਬੋਲਿਆ - ਇਕ ਗੱਲ ਇਹ ਵੀ ਹੈ ਨਾ ਕਿ ਭਾਰਤੀ ਆਪਣੀ ਉਮਰ ਛੁਪਾਉਂਦੇ ਨਹੀਂ। ਰਾਜ਼ਦਾਂ ਉਤੇ ਇਕ ਵਾਰ ਚੇਚਕ ਦਾ ਹਮਲਾ ਹੋਇਆ ਦੂਜੀ ਵਾਰ ਤਪਦਿਕ ਦਾ। ਦੋ ਵਾਰ ਮੌਤ ਦੇ ਦਰਵਾਜੇ ਤੋਂ ਵਾਪਸ ਪਰਤਿਆ। ਉਸ ਦੀ ਛਾਤੀ ਵਿਚ ਇਕ ਫੇਫੜਾ ਹੈ ਤੇ ਛਾਤੀ ਦੀਆਂ ਕੁਝ ਹੱਡੀਆਂ ਖੁਰ ਗਈਆਂ ਹਨ। ਇਸੇ ਕਰਕੇ ਟੇਢਾ ਬੈਠਦਾ ਹੈ, ਟੇਢਾ ਖਲੋਂਦਾ ਹੈ। ਰਿਨ ਚਾਲੀ ਸਾਲ ਦੀ ਹੈ, ਸੁਰਖੀ ਪਾਉਡਰ ਰਾਹੀਂ ਦੁਲਹਨ ਵਾਂਗ ਸਜਦੀ ਹੈ, ਚਾਹੁੰਦੀ ਹੈ ਤੀਹ ਸਾਲ ਦੀ ਲੱਗਾਂ ਪਰ ਪੰਜਾਹ ਸਾਲ ਦੀ ਲਗਦੀ ਹੈ। ਲੁਕਣ ਮੀਟੀ ਦੀ ਇਹ ਖੇਡ ਚਲਦੀ ਨਹੀਂ। ਇਹ ਰਾਜ਼ਦਾਂ ਤੋਂ ਵੱਡੀ ਲਗਦੀ ਹੈ। ਮੈਂ ਬੱਤੀ ਸਾਲ ਦਾ ਹਾਂ। ਲਗਦਾ ਹੈ ਚਾਲੀਆਂ ਦਾ ਹੋਵਾਂ। ਮੈਨੂੰ ਜਵਾਨੀ ਦੀ ਚਾਹਤ ਨਹੀਂ। ਮੈਂ ਛੇਤੀ 50 ਸਾਲਾਂ ਦਾ ਹੋਕੇ ਬਾਣਪ੍ਰਸਤ ਆਸ਼ਰਮ ਜਾਣਾ ਲੋਚਦਾ ਹਾਂ, ਜ਼ਿੰਮੇਵਾਰੀਆਂ ਤੋਂ ਮੁਕਤ।

ਪਾਲ ਹੱਸ ਪਿਆ - ਤੇਰਾ ਆਖਰੀ ਵਾਕ ਤੇਰਾ ਨਹੀਂ, ਕਿਸੇ ਬ੍ਰਾਹਮਣ ਦਾ ਹੈ।

ਰੰਚਨ ਨੇ ਕਿਹਾ - ਮੈਂ ਹਾਂ ਈ ਜਦੋਂ ਬ੍ਰਾਹਮਣ। ਨਿਊ ਯਾਰਕ ਰਹਿੰਦਾ ਹਾਂ, ਵਿਸਕਾਂਸਿਨ ਪੜ੍ਹਦਾ ਹਾਂ, ਕੈਲੀਫੋਰਨੀਆਂ ਵਿਚ ਪੜ੍ਹਾਉਂਦਾ ਹਾਂ, ਤਾਂ ਵੀ ਬ੍ਰਾਹਮਣ ਦਾ ਬ੍ਰਾਹਮਣ ਹਾਂ।

ਰਿਨ ਖਿਝ ਕੇ ਬੋਲੀ - ਅੱਜ ਮੈਂ ਅੱਕ ਗਈ। ਹਰ ਥਾਂ ਆਦਮੀ, ਆਦਮੀ, ਆਦਮੀਆਂ ਦੀ ਭੀੜ। ਔਰਤ ਕਿਤੇ ਨਹੀਂ। ਕਿਤੇ ਔਰਤਾਂ ਹਨ, ਤਾਂ ਸਿਰਫ਼ ਔਰਤਾਂ। ਇਨ੍ਹਾਂ ਨੂੰ ਕਦੋਂ ਪਤਾ ਲੱਗੇਗਾ ਪਿਆਰ ਕੀ ਹੁੰਦੈ ?

ਰੰਚਨ ਨੇ ਕਿਹਾ - ਪਿਆਰ, ਯਾਨੀ ਕਿ ਕਾਮ ਵਾਸਨਾ, ਇਸ ਤੋਂ ਵਧੀਆ ਹੋਰ ਵੀ ਲਫਜ਼ ਹਨ ਡਿਕਸ਼ਨਰੀ ਵਿਚ।

www.punjabilibrary.com

ਰਿਨ – ਪਿਆਰ ਤੋਂ ਵਧੀਆ ਕੋਈ ਲਫਜ਼ ਅੱਜ ਤੱਕ ਨਹੀਂ ਬਣਿਆਂ। ਮੈਂ ਇਸ ਲਫਜ਼ ਤੇ ਮਰ ਜਾਨੀ ਆਂ। ਫਿਲਮ ਵਿਚਲੀ ਕਮਸਿਨ ਨਾਇਕਾ ਦਾ ਵਾਕ ਸੁਣਾਇਆ – ਓ ਪਿਆਰ, ਤੈਨੂੰ ਅਕਲ ਵੀ ਆਏਗੀ ਕਦੀ ਕਿ ਨਹੀਂ ? ਫਿਰ ਪੁੱਛਿਆ – ਰੰਚਨ ਤੈਨੂੰ ਡਿਕਸ਼ਨਰੀ ਵਿਚੋਂ ਕਿਹੜਾ ਲਫਜ਼ ਚੰਗਾ ਲਗਦੈ ?

ਰੰਚਨ – ਕਈ ਲਫਜ਼ ਸੁਹਣੇ ਨੇ, ਆਜ਼ਾਦੀ, ਵਫਾਦਾਰੀ, ਨੇਕੀ, ਦੋਸਤੀ, ਸਤਿ, ਇਹ ਸਾਰੇ ਉਨੇ ਈ ਪਵਿੱਤਰ ਨੇ ਜਿੰਨਾ ਪਿਆਰ। ਇਨ੍ਹਾਂ ਲਫਜ਼ਾਂ ਬਗ਼ੈਰ ਪਿਆਰ ਦਾ ਖੁਦ ਦਾ ਕੋਈ ਮਾਇਨਾ ਨਹੀਂ।

ਰਿਨ – ਅੱਛਾ ਇਹ ਦੱਸ ਰੰਚਨ ਇਨ੍ਹਾਂ ਸਾਰੇ ਲਫਜ਼ਾਂ ਵਿਚ ਤੈਨੂੰ ਸਭ ਤੋਂ ਵੱਧ ਕਿਹੜਾ ਚੰਗਾ ਲਗਦੈ ?

– ਸਤਿ, ਮੈਂ ਬ੍ਰਾਹਮਣ ਹਾਂ ਰਿਨ।

– ਤੇਰਾ ਕਿਹੜਾ ਲਫਜ਼ ਹੈ ਲਾਲੀ ?

– ਦੋਸਤੀ।

– ਤੇ ਸਰਦਾਰ ਦਾ ?

– ਨੇਕੀ। ਸਰਦਾਰ ਨੇ ਕਿਹਾ – ਨੇਕੀ ਤੇ ਵਫਾਦਾਰੀ।

ਰੰਚਨ ਨੇ ਪੁੱਛਿਆ – ਤੁਹਾਡੇ ਲਈ ਪਿਆਰ ਲਫ਼ਜ਼ ਸਰਬੋਤਮ ਹੈ, ਪਰ ਕਿਹੜਾ ਪਿਆਰ ? ਕੁੱਤੇ ਨਾਲ ਕਿ ਰੱਬ ਨਾਲ ? ਪਤੀ ਨਾਲ ਕਿ ਆਸ਼ਕ ਨਾਲ ? ਫਰੀ ਲਵ ਕਿ ਸਲੇਵ ਲਵ ?

ਰਿਨ ਨੇ ਕਿਹਾ – ਰੱਬ ਨੂੰ ਛੱਡ ਕੇ ਬਾਕੀ ਸਭ ਨਾਲ। ਬਾਕੀ ਸਾਰੇ ਪਿਆਰ ਮਨਜ਼ੂਰ। ਸਰਦਾਰ ਨੇ ਕਿਹਾ – ਚੰਗਾ, ਚਲਦਾਂ। ਸੌਈਏ ਹੁਣ।

ਜਾਣ ਪਿਛੋਂ ਪਾਲ ਨੇ ਕਿਹਾ – ਇਹ ਸਰਦਾਰ ਠੀਕ ਐ। ਇਹ ਨਾ ਹੋਵੇ ਤਾਂ ਲਗਾਤਾਰ ਗੋਲੀਬਾਰੀ ਹੋਵੇ। ਖਤਰਨਾਕ ਲੋਕ ਇਸ ਅਗੇ ਨੀਵੇਂ, ਨੇਕ ਹੋ ਜਾਂਦੇ ਨੇ। ਜਾਂਗਲੀਆਂ ਵਿਚ ਡਿਊਕ ਹੀ ਚਾਹੀਦੈ। ਇਹਦਾ ਹੁਕਮ ਚਲਦੈ। ਚਲੇਗਾ। ਪਿੰਡ ਸਮਝ ਗਿਐ ... ਇਹ ਪਿੰਡ ਦਾ ਰਖਵਾਲਾ ਹੈ। ਪਿੰਡ ਦਾ ਕਾਰੋਬਾਰ ਦੇਵਤੇ ਅਤੇ ਰੱਬ ਤੋਂ ਬਿਨਾ ਚੱਲ ਸਕਦੈ, ਸਰਦਾਰ ਤੋਂ ਬਿਨਾ ਨਹੀਂ ਚਲਦਾ।

ਗੋਰੇ ਨੇ ਲਾਲੀ ਨੂੰ ਪੁੱਛਿਆ – ਮੀਤ ਨੇ ਅਪਣੇ ਭਤੀਜੇ ਦੇ ਥੱਪੜ ਕਿਉਂ ਮਾਰਿਆ।

ਲਾਲੀ ਨੇ ਕਿਹਾ – ਉਹ ਕਹਿੰਦਾ ਸੀ ਮੈਂ ਆਪਣੇ ਦੋਸਤਾਂ ਦੇ ਘਰ ਸੋਵਾਂਗਾ।

ਮੀਤ ਨੇ ਕਿਹਾ – ਇੱਥੇ ਮੇਰੇ ਕਮਰੇ ਵਿਚ ਸੌਂ। ਹੁਣ ਨੀ ਜਾਣਾ ਕਿਤੇ।

ਪਾਲ – ਇਹ ਹਮਬਿਸਤਰੀ, ਹਮਜਿਣਸੀ ਦਾ ਮਸਲਾ ਹੈ ਲਾਲੀ। ਬੁਰੀ ਗੱਲ ਹੈ।

ਰੰਚਨ – ਇਕ ਦਸ ਬਾਰਾਂ ਸਾਲ ਦੀ ਅਮਰੀਕਣ ਕੁੜੀ ਇਥੇ ਸਾਡੇ ਕੋਲ ਕੁਝ ਹਫਤੇ ਰਹੀ ਸੀ ਪੰਜਾਬ ਵਿਚ। ਉਹ ਕਹਿੰਦੀ ਸੀ – ਮੈਨੂੰ ਇਥੇ ਦੇ ਲੋਕ ਚੰਗੇ ਲੱਗੇ। ਪਿਉ ਪੁੱਤ, ਭਰਾ, ਦੋਸਤ ਇਕ ਦੂਜੇ ਨੂੰ ਜੱਫੀ ਪਾ ਕੇ ਮਿਲਦੇ ਨੇ। ਮਾਂ, ਧੀ, ਭੈਣਾ, ਸਹੇਲੀਆਂ, ਹੱਥ ਵਿਚ ਹੱਥ, ਬਾਂਹ ਵਿਚ ਬਾਂਹ ਪਾਕੇ ਚਲਦੀਆਂ ਨੇ, ਵਡੇਰੀ ਉਮਰ ਦੇ ਬੰਦੇ ਛੋਟਿਆਂ ਨੂੰ ਹਿਕ ਨਾਲ ਲਾ ਲੈਂਦੇ ਨੇ। ਮੈਨੂੰ ਚੰਗੇ ਲਗੇ। ਸਾਡੇ ਦੇਸ ਵਿਚ ਇਉਂ ਨੀ ਹੁੰਦਾ। ਤੁਹਾਡੀ ਨਜ਼ਰ ਵਿਚ ਨੁਕਸ ਹੈ ਪਾਲ। ਜਿਸਨੇ ਕੁੱਤਾ ਪਾਲ ਰੱਖਿਐ, ਤੁਸੀਂ ਕਹੋਗੇ ਇਹ ਵੀ ਹਮਜਿਣਸੀ ਦਾ ਵਿਗੜਿਆ ਰੂਪ ਹੈ। ਮੈਂ ਅਮਰੀਕਾ ਗਿਆ ਤਾਂ ਇਕ ਸੋਸ਼ਲ ਵਰਕਰ ਮੈਡਮ ਸਾਨੂੰ ਤੌਰ ਤਰੀਕੇ ਸਿਖਾਣ ਆਈ। ਉਚੇ ਲੰਮੇ ਕੱਦ ਦੀ, ਬੰਦਾ ਜਿਹਾ ਲਗਦੀ ਸੀ। ਕਹਿਣ ਲੱਗੀ – ਪਬਲਿਕ ਵਿਚ ਮੁੰਡਾ ਮੁੰਡੇ ਦਾ ਹੱਥ, ਕੁੜੀ ਕੁੜੀ ਦਾ ਹੱਥ ਫੜਕੇ ਨਹੀਂ ਤੁਰੇਗੀ। ਇਕੱਲੇ ਇਕੱਲੇ ਲੁਕ ਛੁਪ ਕੇ ਜੋ ਮਰਜੀ ਖੇਹ ਖਾਂਦੇ ਫਿਰੋ ਪਰ ਪਬਲਿਕ ਵਿਚ ਭੱਦੇ ਦ੍ਰਿਸ਼ ਨਹੀਂ ਚਾਹੀਦੇ। ਮੇਰਾ ਖਿਆਲ ਐ ਇਹ ਐਲਾਨ ਕਰ ਦੇਣਾ ਚਾਹੀਦੈ ਕਿ ਜਿਹੜਾ ਪੰਜਾਬੀ, ਅਮਰੀਕਾ ਵਿਚ ਜਾਵੇ ਆਪਣੇ ਹੱਥ ਪੈਂਟ ਦੀਆਂ ਜੇਬਾਂ ਵਿਚੋਂ ਬਾਹਰ ਨਾ ਕੱਢੇ ਨਹੀਂ ਤਾ ਪੁਲਸ ਫੜ ਲਏਗੀ।

ਅਗਲੀ ਸਵੇਰ ਮਹਿਮਾਨਾ ਨੇ ਨਾਸ਼ਤਾ ਕਰ ਲਿਆ ਤਾਂ ਪਿੰਡ ਦੀਆਂ ਕੁੜੀਆਂ ਬੁੜ੍ਹੀਆਂ ਇਕ ਇਕ ਦੋ ਦੋ ਕਰਕੇ ਆਉਣ ਲੱਗ ਪਈਆਂ। ਥੋੜ੍ਹੀ ਦੇਰ ਵਿਚ ਵਿਹੜਾ ਭਰ ਗਿਆ। ਕੁਆਰੀਆਂ, ਸੱਜ ਵਿਆਹੀਆਂ, ਬੁਢੀਆਂ ਸਭ। ਪਾਲ ਨੇ ਕਿਹਾ – ਪਰ ਢੋਲ ਤਾਂ ਹੈ ਨਹੀਂ। ਲਾਲੀ ਨੇ ਕਿਹਾ – ਇਨ੍ਹਾਂ ਨੂੰ ਢੋਲ ਦੀ ਲੋੜ ਨਹੀਂ। ਇਹਨਾ ਦਾ ਸਾਜ਼ ਇਨ੍ਹਾਂ ਦੇ ਹੱਥ ਹਨ। ਬੋਲੀਆਂ ਪਾਉਣਗੀਆਂ ਗਿੱਧਾ ਪਏਗਾ। ਲਾਲੀ ਨੇ ਰਿਨ ਨੂੰ ਹੇਠਾਂ ਉਨ੍ਹਾਂ ਕੋਲ ਪੁੱਜਣ ਲਈ ਕਿਹਾ। ਰੰਚਨ ਨੇ ਹੱਸ ਕੇ ਕਿਹਾ – ਮਰਦਾਂ ਵਿਚ ਤੇਰਾ ਕੀ

ਕੰਮ ਰਿਨ ? ਤੇਰੀ ਥਾਂ ਹੇਠਾਂ ਹੈ। ਰਿਨ ਨੇ ਪੁੱਛਿਆ – ਮੇਰੀ ਗੱਲ ਤਾਂ ਸਮਝਣਗੀਆਂ ਨਹੀਂ, ਫੇਰ ਮੈਂ ਹੇਠਾਂ ਜਾ ਕੇ ਕੀ ਕਰਨਾ ? ਲਾਲੀ ਨੇ ਕਿਹਾ – ਬਸ ਇਕ ਵਾਰ ਉਨ੍ਹਾਂ ਵਿਚਕਾਰ ਜਾ ਖਲੋ । ਬਾਕੀ ਕੰਮ ਉਹ ਆਪੇ ਕਰਨਗੀਆਂ।

ਰਿਨ ਹੇਠਾਂ ਉਨ੍ਹਾਂ ਵਿਚ ਜਾ ਖਲੋਤੀ। ਕੁੜੀਆਂ ਨੇੜੇ ਆ ਗਈਆਂ। ਕਮੀਜ਼ ਸਲਵਾਰ ਪਹਿਨੀ ਗੋਰੀ ਉਨ੍ਹਾਂ ਵਿਚਕਾਰ ਖਲੋਤੀ ਸੀ, ਕੁੜੀਆਂ ਉਹਨੂੰ ਛੁਹ ਕੇ ਹੱਸ ਰਹੀਆਂ ਸਨ, ਸਾਰੀਆਂ, ਬਹੁਤ ਉਚੀ ਉਚੀ, ਬਿਨਾ ਕਿਸੇ ਕਾਰਨ ਦੇ, ਬਸ ਚਾਅ ਵਿਚ। ਉਪਰ ਬੈਠੇ ਬੰਦੇ ਉਨ੍ਹਾਂ ਨੂੰ ਏਨਾ ਹਸਦੀਆਂ ਦੇਖ ਕੇ ਹੱਸਣ ਲੱਗੇ। ਕੁੜੀਆਂ ਨੇ ਉਪਰ ਮਰਦਾਂ ਨੂੰ ਹਸਦਿਆਂ ਦੇਖਿਆ ਤਾਂ ਹੱਸਣੋ ਤਾਂ ਨਾਂ ਹਟੀਆਂ ਬਸ ਚੁਨੀਆਂ ਨਾਲ ਮੂੰਹ ਢਕ ਲਏ। ਅੱਖਾਂ ਵਿਚੋਂ ਪਾਣੀ ਵਗਣ ਲੱਗਾ, ਹਾਸੇ ਦੇ ਛਣਕਾਟੇ ਟਾਵਰਾਂ ਦੇ ਉਪਰ ਦੀ ਲੰਘ ਗਏ। ਲਾਲੀ ਨੇ ਪਾਲ ਨੂੰ ਦੱਸਿਆ – ਮੁੱਦਤ ਤੋਂ ਇਹ ਘਰ ਔਰਤ ਦੀ ਤਲਾਸ਼ ਵਿਚ ਹੈ। ਬਚਪਨ ਵਿਚ ਮਾਂ ਦੀ ਮੌਤ ਹੋ ਗਈ ਸੀ, ਉਦੋਂ ਤੋਂ ਸੁੰਨ ਪਸਰੀ ਹੋਈ ਹੈ। ਸਰਦਾਰ ਨੂੰ ਕੋਈ ਵਿਆਹ ਕਰਾਉਣ ਦੀ ਸਲਾਹ ਦਿੰਦਾ ਤਾਂ ਆਖਦਾ – ਕਿਸ ਵਾਸਤੇ ? ਪੁੱਤਰ ਪ੍ਰਾਪਤੀ ਵਾਸਤੇ ਵਿਆਹ ਹੋਇਆ ਕਰਦੈ, ਫਲ ਮਿਲ ਗਿਆ, ਹੋਰ ਕੀ ?

ਗਿੱਧਾ ਸ਼ੁਰੂ ਹੋਇਆ। ਬੋਲੀ ਪਾਈ। ਬੋਲੀ ਦੇ ਅਖੀਰਲੇ ਬੰਦ ਨਾਲ ਗਿੱਧਾ, ਦੋ ਕੁੜੀਆਂ ਵਿਚਕਾਰ ਆਕੇ ਬਾਂਹ ਵਿਚ ਬਾਂਹ ਪਾਕੇ ਚੱਕਰ ਵਿਚ ਨੱਚਣ ਲੱਗੀਆਂ। ਫਿਰ ਕਿੱਕਲੀਆਂ ਦੀ ਮੁਦਰਾ ਵਿਚ ਨੱਚੀਆਂ। ਪਾਲ ਨੇ ਕਿਹਾ – ਖੂਬ । ਮਰਦਾਂ ਨਾਲੋਂ ਵਧੀਆਂ ਨਾਚ। ਫਿਰ ਪਾਲ ਨੇ ਪੁੱਛਿਆ – ਬਾਪੂ ਕਿਥੇ ਹੈ ? ਲਾਲੀ ਨੇ ਕਿਹਾ – ਗਵਾਂਢ ਪਿੰਡ ਗਏ ਹਨ। – ਕੋਈ ਖਾਸ ਕੰਮ ਪੈ ਗਿਆ ? ਨਹੀਂ, ਲਾਲੀ ਨੇ ਕਿਹਾ– ਕੋਈ ਕੰਮ ਨਹੀਂ ਸੀ। ਫਿਰ ਕਿਉਂ ਚਲੇ ਗਏ ? – ਕਿਉਂਕਿ ਬਾਪੂ ਨੇ ਨੱਚਦੀਆਂ ਨੂੰ, ਬੋਲੀਆਂ ਪਾਉਂਦੀਆਂ ਧੀਆਂ ਨੂੰ ਨਹੀਂ ਦੇਖਣਾ ਹੁੰਦਾ। – ਓ, ਯੂ ਮੀਨ ਬਣਵਾਸ, ਤੇ ਹੱਸ ਪਿਆ। ਕੁੜੀਆਂ ਰਿਨ ਨੂੰ ਖਿਚ ਕੇ ਵਿਚਕਾਰ ਲੈ ਆਈਆਂ ਤੇ ਨੱਚਣ ਲਈ ਕਹਿਣ ਲੱਗੀਆਂ। ਰਿਨ ਨੇ ਕਿਹਾ – ਅਗਲੀ ਵਾਰ। ਅਗਲੀ ਵਾਰ ਆਈ ਤਾਂ ਨੱਚਾਂਗੀ। ਪਰ ਕੁੜੀਆਂ ਕਿਥੇ ਛੱਡਣ ਵਾਲੀਆਂ ਸਨ। ਨੱਚਣ ਲਾ ਲਈ। ਬੇਸ਼ਕ ਇਨ੍ਹਾਂ ਕੁੜੀਆਂ ਵਾਂਗ ਨਹੀਂ, ਤਾਂ ਵੀ ਕਾਫ਼ੀ ਨੱਚੀ, ਮੱਥੇ ਤੇ ਪਸੀਨਾ ਆ ਗਿਆ ਤਾਂ ਰੁਕ ਗਈ। ਕੁੜੀਆਂ ਚੁੰਨੀਆਂ ਦੀਆਂ ਕਿਨਾਰੀਆਂ ਨਾਲ ਉਸ ਦਾ ਮੱਥਾ ਪੂੰਝਣ ਲੱਗੀਆਂ। ਇਕ ਕੁੜੀ ਨੇ ਬੋਲੀ ਪਾਈ :

ਕੁਝ ਲੁਟ ਲਿਆ ਮੈਨੂੰ ਸਾਧਾਂ ਸੰਤਾਂ
ਕੁਝ ਲੁਟ ਲਿਆ ਸਰਕਾਰਾਂ।
ਗਹਿਣੇ ਗੱਟੇ ਸਹੁਰਿਆਂ ਖੋਹ ਲਏ
ਰੂਪ ਲੁੱਟ ਲਿਆ ਯਾਰਾਂ। ਨੀ ਮੈਂ ਲੁੱਟੀ ਗਈ, ਲੁੱਟ ਲਈ ਜ਼ਰਦਾਰਾਂ, ਨੀ ਮੈਂ ਲੁੱਟੀ ਗਈ।

ਤਿੰਨ ਘੰਟੇ ਗਿੱਧਾ ਪੈਂਦਾ ਰਿਹਾ, ਸਿਖ਼ਰ ਦੁਪਹਿਰਾ ਹੋ ਗਿਆ। ਸਾਰੀਆਂ ਨੇ ਸ਼ਰਬਤ ਦੇ ਗਲਾਸ ਪੀਤੇ ਤੇ ਚਲੀਆਂ ਗਈਆਂ।

ਮਹਿਮਾਨਾ ਨੇ ਵਾਪਸੀ ਦੀਆਂ ਤਿਆਰੀਆਂ ਆਰੰਭੀਆਂ। ਸਾਮਾਨ ਕਾਰ ਵਿਚ ਰੱਖਿਆ ਜਾਣ ਲੱਗਾ। ਹੱਥ ਵਿਚ ਧਾਗੇ ਦਾ ਇਕ ਗਲੋਟਾ ਲੈ ਕੇ ਮੀਤ ਆਇਆ ਤੇ ਪਾਲ ਨੂੰ ਦੇ ਦਿਤਾ। – ਇਹ ਕਿਸ ਵਾਸਤੇ ? ਪਾਲ ਨੇ ਪੁੱਛਿਆ। ਇਹ ਉਸ ਸੂਤ ਵਿਚੋਂ ਹੈ ਜਿਹੜਾ ਮੈਂ ਜੇਲ੍ਹ ਵਿਚ ਕੱਤਿਆ। ਪਾਲ ਨੇ ਕਿਹਾ – ਇਹ ਮੈਂ ਰੱਖਾਂਗਾ। ਇਹ ਸਭ ਤੋਂ ਪਵਿੱਤਰ ਤੁਹਫਾ ਹੈ। ਮੇਰੇ ਲਈ ਕੀਮਤੀ। ਸਰਦਾਰ ਨੇ ਇਕ ਬਹੁਤ ਸੁਹਣੀ ਨਿੱਕੀ ਜਿਹੀ ਛੁਰੀ ਜਿਹੜੀ ਸੁਹਣੇ ਕੇਸ ਵਿਚ ਸੀ, ਪਾਲ ਨੂੰ ਦਿਤੀ। ਪਾਲ ਨੇ ਛੁਰੀ ਦੀ ਨੋਕ ਰਿਨ ਦੀ ਛਾਤੀ ਵਿਚਕਾਰ ਰੱਖ ਕੇ ਕਿਹਾ – ਹੁਣ ਮੈਂ ਸਰਦਾਰ ਹਾਂ। ਹੁਣ ਤੈਨੂੰ ਸਿੱਧੀ ਕਰਾਂਗਾ।

ਰਿਨ ਨੇ ਕਿਹਾ – ਸ਼ੁਕਰਾਨਾ ਫਾਦਰ। ਤੁਸੀਂ ਕਿੰਨੀਆਂ ਸੁਗਾਤਾਂ ਦਿੱਤੀਆਂ, ਥੈਂਕਸ। ਤੁਸੀਂ ਸਾਡੀ ਕਿੰਨੀ ਇੱਜ਼ਤ ਤੇ ਖਾਤਰ ਕੀਤੀ। ਜਦੋਂ ਪਟਿਆਲੇ ਆਉ ਤਾਂ ਸਾਡੇ ਕੋਲ ਆਉਣਾ। ਲਾਲੀ ਤਾਂ ਸਾਡੇ ਘਰ ਦਾ ਈ ਮੁੰਡਾ ਹੈ ਹੁਣ। ਟ੍ਰਾਂਸਲੇਸ਼ਨ ਵਿਚ ਮਦਦ ਕਰਦਾ ਹੈ।

www.punjabilibrary.com

ਸਰਦਾਰ ਨੇ ਰਿਨ ਦੇ ਹੱਥਾਂ ਵਿਚ ਇਕ ਸ਼ਾਲ ਰੱਖ ਦਿਤਾ। ਨੀਲੇ, ਹਰੇ, ਭੂਰੇ ਰੇਸ਼ਮ ਨਾਲ ਮੋਰਖੰਭ ਦੀਆਂ ਅੱਖਾਂ, ਕਿਨਾਰੀ ਜ਼ਰੀ ਨਾਲ ਕੱਢੀ ਹੋਈ। ਚਾਰ ਮਹੀਨੇ ਲਗੇ ਸਨ ਇਸ ਦੀ ਕਢਾਈ ਕਰਦਿਆਂ। ਰਿਨ ਨੇ ਕਿਹਾ – ਕੈਲੀਫੋਰਨੀਆਂ, ਲੈਗੁਨਾ ਹਿੱਲਜ਼ ਤੇ ਸਾਡਾ ਘਰ ਹੈ, ਕਦੀ ਆਉਣਾ।

– ਲਾਲੀ ਆਏਗਾ, ਮੈਂ ਤਾਂ ਹੁਣ ਬੁੱਢਾ ਹੋ ਗਿਆ ਹਾਂ, ਸਰਦਾਰ ਨੇ ਕਿਹਾ।

ਪਾਲ ਨੇ ਕਿਹਾ – ਹਾਂ ਲਾਲੀ ਆਏਗਾ ਕੈਲਫੀਫੋਰਨੀਆਂ। ਲਾਲੀ ਪੰਜਾਬ ਹੈ, ਪੰਜਾਬ ਦਾ ਸਵਾਗਤ ਹੋਵੇਗਾ। ਕੈਲੀਫੋਰਨੀਆਂ ਯੂਨੀਵਰਸਿਟੀ ਨੂੰ ਲਾਲੀ ਦੀ ਜ਼ਰੂਰਤ ਹੈ, ਉਸ ਨੂੰ ਪੰਜਾਬ ਦੇ ਫੋਕ ਦਾ ਪੂਰਾ ਪਤਾ ਹੈ।

ਪੌੜੀਆਂ ਉਤਰ ਕੇ ਹੇਠਾਂ ਆਏ। ਕਾਰ ਲਾਗੇ ਸੈਂਕੜੇ ਬੰਦੇ ਵਿਦਾਇਗੀ ਦੇਣ ਵਾਸਤੇ ਖਲੋਤੇ ਸਨ। ਹੱਥ ਹਿਲਾ ਕੇ ਵਿਦਾ ਕੀਤੇ। ਪੁਰਾਤਨ ਵੱਡੇ ਦਰਵਾਜੇ ਨੂੰ ਪਿਛੇ ਛੱਡ ਕੇ ਕਾਰ ਹਥਾਈ ਦੇ ਦਰਵਾਜੇ ਵਿਚੋਂ ਬਾਹਰ ਨਿਕਲ ਗਈ।

ਰਿਨ ਨੇ ਕਿਹਾ – ਲਾਲੀ, ਇਥੇ ਮਰਦ ਔਰਤਾਂ ਵਖ ਵੱਖ ਰਹਿੰਦੇ ਹਨ, ਸਾਡੇ ਵਾਂਗ ਨਹੀਂ। ਇਸ ਦੂਰੀ ਕਾਰਨ ਟੱਪਿਆਂ ਅਤੇ ਬੋਲੀਆਂ ਵਿਚ ਵਿਛੋੜੇ ਦੀਆਂ ਦੁਖਦਾਈ ਝਲਕਾਂ ਹਨ। ਸੁਹਣੀ ਅਤੇ ਤਕੜੀ ਨਜ਼ਮ ਵਾਸਤੇ ਵਿਜੋਗ ਦੀ ਜ਼ਰੂਰਤ ਹੈ।

ਖਬਰ ਮਿਲੀ ਕਿ ਪਾਕਿਸਤਾਨ ਨੇ ਹਮਲਾ ਕਰ ਦਿਤਾ ਹੈ। ਪਾਲ ਵਾਪਸੀ ਦੀਆਂ ਤਿਆਰੀਆਂ ਕਰਨ ਲੱਗਾ ਹੋਇਆ ਸੀ। ਲਾਲੀ ਨੇ ਪੁੱਛਿਆ – ਅਚਾਨਕ ਵਾਪਸੀ ਕਿਉਂ? ਪਾਲ ਨੇ ਕਿਹਾ – ਜੰਗ ਲੱਗ ਗਈ ਐ। ਦੂਤਘਰ ਤੋਂ ਸੁਨੇਹਾ ਆਇਆ ਹੈ ਵਾਪਸ ਜਾਉ। ਰੰਚਨ ਨੇ ਕਿਹਾ – ਮੈਂ ਚਾਰ ਸਾਲ ਅਮਰੀਕਾ ਵਿਚ ਰਿਹਾਂ, ਜੰਗਾਂ ਲੱਗੀਆਂ ਦੇਖੀਆਂ, ਤੁਹਾਨੂੰ ਕੀ ਖਤਰਾ ਹੈ ? ਪਾਲ ਚੁਪ ਰਿਹਾ। ਫਿਰ ਕਿਹਾ – ਨਹੀਂ ... ਤੁਹਾਡੀ ਗੱਲ ਹੋਰ ਹੈ। ਮੈਨੂੰ ਤਾਂ ਜਾਣਾ ਪਏਗਾ। ਨਾਲੇ ਦੂਤਘਰ ਦਾ ਹੁਕਮ ਮੋੜਿਆ ਨਹੀਂ ਜਾ ਸਕਦਾ। ਚਲੇ ਗਏ। ਯੁੱਧ ਖਤਮ ਹੋ ਗਿਆ ਤਾਂ ਫੇਰ ਵਾਪਸ ਆਏ। ਲਾਲੀ ਦੀ ਤਿੱਕੜੀ ਮਿਲਣ ਆਈ। ਪਾਲ ਨੂੰ, ਮੇਮ ਨੂੰ ਜੱਫੀਆਂ ਪਾ ਪਾ ਮਿਲੇ। ਰੰਚਨ ਨੇ ਕਿਹਾ – ਜੱਫੀ ਵਿਚ ਸਮਲਿੰਗੀ ਦਿਸੀ ? ਖੂਬ ਹੱਸੇ।

ਪਾਲ ਨੇ ਦੱਸਿਆ – ਹਫ਼ਤੇ ਬਾਦ ਯੂ. ਪੀ. ਜਾਵਾਂਗੇ। ਉਥੇ ਕੁਝ ਯੂਨੀਵਰਸਿਟੀਆਂ ਵਿਚ ਲੈਕਚਰ ਹਨ। ਕੱਲ੍ਹ ਸ਼ਾਮ ਨੂੰ ਪਾਰਟੀ ਹੈ। ਹਾਕਮ ਨੇ ਪੁੱਛਿਆ – ਕਾਹਦੀ ਪਾਰਟੀ ? ਦੋ ਅਕਤੂਬਰ, ਜਨਮ ਦਿਨ ਹੈ ਪਾਲ ਦਾ। ਹਾਕਮ ਨੇ ਕਿਹਾ – ਵਾਹ, ਲਾਲ ਬਹਾਦਰ ਸ਼ਾਸਤਰੀ ਤੇ ਮਹਾਤਮਾਂ ਗਾਂਧੀ ਦਾ ਵੀ ਇਹੀ ਜਨਮ ਦਿਨ। ਵਧਾਈ । ਪੂਰੀ ਸ਼ਾਨ ਨਾਲ ਸ਼ਾਮ ਨੂੰ ਜਨਮ ਦਿਨ ਮਨਾਇਆ। ਲਾਲੀ, ਕੰਵਰ ਮ੍ਰਿਗੇਂਦਰ ਸਿੰਘ ਨੂੰ ਸਾਜ਼ਿੰਦਿਆਂ ਸਮੇਤ ਲੈ ਆਇਆ। ਵਚਿਤ੍ਰ ਵੀਣਾ ਸ਼ੁਰੂ ਹੋਈ। ਤਬਲਚੀ ਗ਼ਜ਼ਬ ਦਾ ਸੀ। ਥੋੜ੍ਹੀ ਦੇਰ ਬਾਦ ਇਉਂ ਲੱਗਿਆ ਜਿਵੇਂ ਜਬਰਦਸਤ ਮੁਕਾਬਲਾ ਹੋ ਰਿਹਾ ਹੋਵੇ। ਕੰਵਰ ਬਹੁਤ ਸਾਰੇ ਸੁਰ ਛੇੜਦਾ, ਉਘੜ ਦੁਘੜੇ, ਵੀਣਾ ਵਾਦਨ ਰੁਕ ਜਾਂਦਾ ... ਤਬਲਾ-ਵਾਦਕ ਪੂਰੀ ਉਸਤਾਦੀ ਨਾਲ ਉਨ੍ਹਾਂ ਸੁਰਾਂ ਨੂੰ ਤਬਲੇ ਤੇ ਦੁਹਰਾਉਂਦਾ, ਇਕ ਵਾਰ ਵੀ ਗਲਤੀ ਨਹੀਂ। ਪਾਲ ਹੱਸ ਪਿਆ ... ਸੰਗੀਤ ਵਿਚ ਵੀ ਕਬੱਡੀ। ਪੰਜਾਬ ਦਾ ਨਾਮ ਕਬੱਡੀ ਵੀ ਠੀਕ ਹੈ।

ਅਗਲੇ ਦਿਨ ਹਾਕਮ ਦੀ ਥਾਂ ਰਾਜ਼ਦਾਂ ਤੇ ਰੰਚਨ ਨੂੰ ਲੈਣ ਗਈ ਕਾਰ ਦਾ ਡਰਾਇਵਰ ਸਾਧੂ ਸੀ। ਸਾਧੂ ਨੂੰ ਹਾਕਮ ਬਾਰੇ ਪੁੱਛਿਆ। ਉਸ ਨੇ ਕਿਹਾ, ਪਤਾ ਨਹੀਂ – ਟੈਕਸੀ ਸਟੈਂਡ ਦੇ ਮਾਲਕ ਨੇ ਮੈਨੂੰ ਹੁਕਮ ਕੀਤਾ ਮੈਂ ਆ ਗਿਆ। ਸ਼ਾਇਦ ਉਹ ਪਿੰਡ ਗਿਆ ਹੋਵੇ। ਪਾਲ ਨੂੰ ਪੁੱਛਿਆ – ਉਸਨੇ ਕਿਹਾ, ਪਤਾ ਨਹੀਂ। ਟੈਕਸੀਆਂ ਵਾਲੇ ਨੇ ਉਹ ਹੋਰ ਕਿਧਰੇ ਭੇਜ ਦਿਤਾ ਹੋਣੈ।

ਪਰ ਸਾਹਬ ਸਾਹਬ ਕਹਿੰਦਿਆਂ ਉਹਦਾ ਤਾਂ ਮੂੰਹ ਸੁਕਦਾ ਸੀ। ਭਾਵਕ ਹੋ ਜਾਇਆ ਕਰਦਾ ਸੀ। ਕੋਈ ਗਲਤੀ ਹੋ ਗਈ ? ਕੀ ਪਤਾ।

ਸ਼ਾਮੀ ਸਾਰੀ ਟੋਲੀ ਬੈਠੀ ਗੱਲਾਂ ਕਰ ਰਹੀ ਸੀ। ਸਾਧੂ ਨੇ ਵਿਸਕੀ ਕੱਢੀ, ਕਾਰ ਵਿਚੋਂ ਖਾਣ ਦਾ ਸਾਮਾਨ ਕੱਢਿਆ। ਇਕ ਵੱਡਾ ਲੋਥੜਾ ਭੁੰਨੇ ਹੋਏ ਸੂਰ ਦਾ ਸੀ, ਦੂਜਾ ਬੀਫ ਦਾ। ਬੀਅਰ ਪਹਿਲਾਂ ਹੀ ਬਥੇਰੀ ਪਈ ਸੀ। ਬੀਫ ਦਾ ਟੁਕੜਾ ਕੱਟਕੇ ਫੋਰਕ ਨਾਲ ਉਪਰ ਚੁਕਿਆ ਤੇ ਵਿਅੰਗ ਨਾਲ ਕਿਹਾ – ਕੁਝ ਖਾਣਗੇ, ਕੁਝ ਨਹੀਂ ਖਾਣਗੇ। ਅਪਣੇ ਲਈ ਟੁਕੜਾ ਕਟਦੀ ਰਿਨ ਕਹਿਣ ਲੱਗੀ – ਭਾਰਤੀਆਂ ਨੂੰ ਕਦੋਂ ਪਤਾ ਲੱਗੇਗਾ ਇਹ ਸੁਆਦ ਚੀਜ਼ਾਂ ਨੇ ? ਤੁਸੀਂ ਲੋਕ ਤਰੀ ਤੋਂ ਬਿਨਾ ਕੁਝ ਬਣਾਉਣਾ ਨਹੀਂ ਜਾਣਦੇ।

www.punjabilibrary.com

ਪਾਲ ਨੇ ਕਿਹਾ – ਤੂੰ ਸਮਝਦੀ ਨਹੀਂ ਰਿਨ, ਇਨ੍ਹਾਂ ਦਾ ਆਪਣਾ ਈ ਸਟਾਈਲ ਹੈ ... ਇੰਡੀਅਨ ਵੇਅ ਆਫ ਕੁੱਕਿੰਗ, ਇੰਡੀਅਨ ਵੇਅ ਆਫ਼ ਈਟਿੰਗ, ਇੰਡੀਅਨ ਵੇਅ ਆਫ਼ ਵਾਕਿੰਗ, ਸਿੰਗਿੰਗ, ਡਾਂਸਿੰਗ ... ਇੰਡੀਅਨ ਵੇਅ ਆਫ ਮੇਕਿੰਗ ਲਵ। ਅਸੀਂ ਤੁਹਾਡੇ ਕੋਲ ਸਾਢੇ ਤਿੰਨ ਮਹੀਨੇ ਬਿਤਾਏ, ਤੁਹਾਨੂੰ ਪਤਾ ਨਹੀਂ ਸਾਡਾ ਵੀ ਕੋਈ ਢੰਗ ਤਰੀਕਾ ਹੈ, ਉਸ ਵਿਚ ਤੁਹਾਡੀ ਕੋਈ ਦਿਲਚਸਪੀ ਨਹੀਂ। ਅਪਣੇ ਆਪ ਵਿਚ ਏਨੇ ਛੁਪੇ ਹੋਏ ਕਿ ਹੋਰ ਕਿਧਰੇ ਦੇਖਦੇ ਹੀ ਨਹੀਂ। ਮੈਂ ਹਾਕਮ ਨੂੰ ਹਟਾ ਦਿੱਤਾ, ਮੇਰੀ ਮਰਜ਼ੀ, ਸਾਰੇ ਇਸ ਗੱਲੋਂ ਅੰਦਰੋਂ ਅੰਦਰੀ ਨਾਰਾਜ਼ ਕਿ ਮੈਂ ਕਿਉਂ ਹਟਾਇਐ। ਤੁਹਾਨੂੰ ਇਸ ਨਾਲ ਕੀ ? ਮੈਨੂੰ ਨਹੀਂ ਜਚਿਆ ਮੈਂ ਹਟਾ ਦਿਤਾ। ਮੈਂ ਕਿਸੇ ਨਾਲ ਆਪਣੀਆਂ ਭਾਵਨਾਵਾਂ ਕਿਉਂ ਜੋੜਾਂ ? ਤੁਹਾਡਾ ਵਰਤਾਵਾ ਭਾਵਕ ਹੈ, ਇਹੋ ਫਿਊਡਲਿਜ਼ਮ ਹੈ। ਮੈਂ ਟੈਕਸੀ ਸਟੈਂਡ ਵਾਲੇ ਨੂੰ ਨਵਾਂ ਡਰਾਇਵਰ ਭੇਜਣ ਲਈ ਕਿਹਾ, ਉਹ ਸਾਧੂ ਨੂੰ ਲੈ ਆਇਆ, ਕਹਿਣ ਲੱਗਾ – ਇਹਦੀ ਤੇ ਮੇਰੀ ਕੰਧ ਸਾਂਝੀ ਹੈ। ਇਕੋ ਪਰਿਵਾਰ ਸਮਝੋ। ਏਨਾ ਪਾਗਲਪਣ ? ਇਹ ਕੀ ਕੁਆਲੀਫਿਕੇਸ਼ਨ ਹੋਈ ?

– ਨਿਰਾ ਪਾਗਲਪਣ, ਰਿਨ ਨੇ ਹਾਂ ਵਿਚ ਹਾਂ ਮਿਲਾਈ।

ਰਾਜ਼ਦਾਂ ਨੇ ਕਿਹਾ – ਜੇ ਉਹਨੇ ਕਹਿ ਦਿਤਾ ਕਿ ਸਾਡਾ ਪਰਿਵਾਰ ਇਕੋ ਸਮਝੋ, ਇਸ ਵਿਚ ਗਲਤ ਕੀ ਕਹਿ ਦਿਤਾ ?

ਪਾਲ ਨੇ ਕਿਹਾ – ਏਸ ਤਰ੍ਹਾਂ ਤਾਂ ਸਾਰਾ ਜਹਾਨ ਈ ਇਕ ਪਰਿਵਾਰ ਹੋਇਆ। ਖੇਤ ਨਾਲ ਖੇਤ ਲਗਦਾ ਹੈ, ਸਰਹੱਦ ਨਾਲ ਸਰਹੱਦ ਲਗਦੀ ਹੈ। ਅਸੀਂ ਬਿਸ਼ਨ ਕੁੱਕ ਨੂੰ ਕਿਹਾ ਕਿ ਹਫ਼ਤੇ ਲਈ ਬਿਹਾਰ ਜਾਵਾਂਗੇ, ਇਹ ਰਿਹਾੜ ਕਰੀ ਜਾਂਦੈ ਮੈਨੂੰ ਵੀ ਲੈ ਕੇ ਜਾਉ ... ਤੁਹਾਡੇ ਬਿਨਾ ਮੇਰਾ ਦਿਲ ਨੀ ਲੱਗਣਾ। ਹੈ ਨਾ ਕਮਲ । ਇਹ ਬਕਵਾਸੀ ਜਜ਼ਬਾਤ ਸਾਨੂੰ ਪਸੰਦ ਨਹੀਂ ਹਨ। ਤੁਹਾਨੂੰ ਸਮਝ ਕਿਉਂ ਨਹੀਂ ਆਉਂਦੀ?

ਹੋਰ ਕੋਈ ਗੱਲ ਜਿਹੜੀ ਤੁਹਾਨੂੰ ਚੰਗੀ ਨਹੀਂ ਲੱਗੀ ? ਰਾਜ਼ਦਾਂ ਨੇ ਪੁੱਛਿਆ।

– ਹਿੰਸਾ। ਹਿੰਦੁਸਤਾਨ ਹਿੰਸਕ ਹੈ। ਤੁਸੀਂ ਵੀ ਤਿੰਨੇ। ਪਾਲ ਦਹਾੜਿਆ।

– ਹੋਰ ਕੁੱਝ ? ਰਾਜ਼ਦਾ ਨੇ ਪੁੱਛਿਆ।

ਕੁੱਝ ਦੇਰ ਪਾਲ ਚੁਪ ਰਿਹਾ। ਇਹ ਤਿੰਨੇ ਉਠੇ, ਬਾਹਰ ਆਉਣ ਲਈ ਚੱਲ ਪਏ।

– ਜਾਂਦੇ ਕਿਉਂ ਹੋ ? ਅਜੇ ਤਾਂ ਮੈਂ ਗੱਲ ਸ਼ੁਰੂ ਕੀਤੀ ਹੈ। ਆਓ ਬੈਠੋ।

ਰੁਕੇ ਨਹੀਂ। ਆਪੋ ਆਪਣੇ ਟਿਕਾਣਿਆਂ ਤੇ ਪੁੱਜ ਕੇ ਸੌਂ ਗਏ। ਪਾਲ ਨੇ ਕਈ ਵਾਰ ਸੁਨੇਹੇ ਭੇਜੇ, ਕਾਰ ਭੇਜੀ, ਮੁੜਕੇ ਕੋਈ ਪਾਲ ਕੋਲ ਨਹੀਂ ਗਿਆ। ਜਿਸ ਸ਼ਾਮ ਪਾਲ ਦੀ ਵਾਪਸ ਰਵਾਨਗੀ ਸੀ, ਬਹੁਤ ਸਾਰੇ ਵਾਕਫ ਵਿਦਾ ਕਰਨ ਆਏ। ਇਹ ਤਿੱਕੜੀ ਨਹੀਂ ਆਈ। ਵਿਦਾਇਗੀ ਵਕਤ ਸਾਰੇ ਹੈਰਾਨ ਸਨ, ਤਿੱਕੜੀ ਇਥੇ ਕਿਉਂ ਨਹੀਂ ? ਕਈਆਂ ਨੇ ਪਾਲ ਨੂੰ ਪੁੱਛਿਆ, ਰਿਨ ਨੂੰ ਪੁਛਿਆ, ਦੋਵੇਂ ਖਾਮੋਸ਼। ਇੰਡੋ ਅਮੈਰੀਕਨ ਦੋਸਤੀ ਇਸ ਤਰ੍ਹਾਂ ਟੁੱਟਣੀ ਤਾਂ ਨਹੀਂ ਚਾਹੀਦੀ ਸੀ।

ਰੰਚਨ ਨੇ ਹਉਕਾ ਲੈਕੇ ਕਿਹਾ – ਉਹ ਯਾਦ ਆਉਂਦੇ ਰਹਿੰਦੇ ਹਨ। ਲਾਲੀ ਦੇ ਪਿੰਡ ਦੀਆਂ ਯਾਦਾਂ, ਗਿੱਧੇ, ਨਾਚ, ਲੰਮੀਆਂ ਸੈਰਾਂ, ਵਿਚਾਰ ਵਟਾਂਦਰੇ, ਸਭ ਕੁਝ ਸਾਫ਼ ਦਿੱਸ ਰਿਹਾ ਹੈ। ਉਨ੍ਹਾਂ ਨੂੰ ਸਾਡੇ ਵਿਚ ਕੋਈ ਖੂਬੀ ਨਹੀਂ ਦਿੱਸੀ ਅਤੇ ਅਮਰੀਕਣਾ ਵਿਚ ਕੋਈ ਨੁਕਸ ਨਹੀਂ ਦਿਸਿਆ। ਕੀ ਸਾਨੂੰ ਵੀ ਯਾਦ ਕਰਦੇ ਹੋਣਗੇ ਉਹ ਕਦੀ ? ਸ਼ਾਇਦ ਹਾਂ, ਸ਼ਾਇਦ ਨਾਂ। ਬੰਦੇ ਨੇ ਆਖਰ ... ਯਾਦਾਂ ਪਿੱਛਾ ਛੱਡਿਆ ਤਾਂ ਕਰਦੀਆਂ ਨਹੀਂ। ਪਰ ਬਈ ਉਹ ਅਮੈਰੀਕਨ ਹਨ, ਜਜ਼ਬਿਆਂ ਤੋਂ ਮੁਕਤ... ਨਹੀਂ ਨਹੀਂ, ਜਜ਼ਬਿਆਂ ਨੂੰ ਨਫਰ਼ਤ ਕਰਨ ਵਾਲੇ। ਅਸੀਂ ਇਸ ਗੱਲੋਂ ਸੰਤੁਸ਼ਟ ਹਾਂ ਕਿ ਅਸੀਂ ਉਨ੍ਹਾਂ ਨੂੰ ਪਿਆਰ ਦਿਤਾ, ਸਾਥ ਦਿਤਾ, ਜਾਣਕਾਰੀ ਦਿਤੀ ਤੇ ਫਿਰ ਰੱਦ ਕੀਤਾ। ਰਿਜੈਕਸ਼ਨ ਐਬਸੋਲਿਊਟ ਨਹੀਂ ਹੁੰਦੀ। ਅਸੀਂ ਉਸੇ ਨੂੰ ਤਿਆਗਦੇ ਹਾਂ, ਜਿਹਨੂੰ ਪਿਆਰ ਕੀਤਾ। ਜ਼ੈਨ (Zen) ਅਧਿਆਪਕ ਆਖਿਆ ਕਰਦੇ ਸਨ – ਸੱਚ ਨਹੀਂ ਦਿਸਿਆ ਤਾਂ ਫਿਕਰ ਕਿਉਂ? ਦਿੱਸ ਜਾਵੇਗਾ ਭਵਿੱਖ ਵਿਚ। ਇਸ ਜਨਮ ਵਿਚ ਨਾ ਸਹੀ ਅਗਲੇ ਵਿਚ। ਉਮੀਦ ਨਹੀਂ ਛੱਡਣੀ।

ਮਹਾਰਾਜਾ ਦਲੀਪ ਸਿੰਘ ਅਤੇ ਕੋਹਿਨੂਰ ਹੀਰੇ ਦੀਆਂ ਗੱਲਾਂ ਦੌਰਾਨ ਕਈ ਵਾਰ ਮੈਂ ਸਿੱਖ ਰੋਂਦੇ ਦੇਖੇ ਹਨ। ਜਿੱਡੀ ਕੁ ਮੇਰੀ ਹੈਸੀਅਤ ਹੈ, ਮੈਂ ਆਪਣੀ ਰਾਜਧਾਨੀ ਫਤਿਹਗੜ੍ਹ ਤੇ ਉਸਦੇ ਮਹਿਲ ਉਜੜਦੇ ਦੇਖੇ।

www.punjabilibrary.com

ਪਟਿਆਲੇ ਵਾਲਾ ਗਰੇਵਾਲ ਖਾਨਦਾਨ ਕੋਈ ਘੱਟ ਖੱਬੀਖਾਨ ਨਹੀਂ ਸੀ। ਉਧਰ ਸਰਦਾਰ ਨੇ ਵੀ ਨੂੰਹ ਨੂੰ ਇਕ ਕਿੱਲੋ ਸੋਨਾ ਪਾਇਆ ਸੀ। ਕੋਈ ਗੱਲ ਸੀ ਜਿਸ ਕਰਕੇ ਸਰਦਾਰ ਸੰਤੁਸ਼ਟ ਨਹੀਂ ਸੀ। ਮੱਤ ਸਮਝਣਾ ਕੋਈ ਲੈਣ ਦੇਣ ਦੀ ਕਹਾਣੀ ਹੋਵੇ। ਪਿਉ ਪੁੱਤ ਦੀ ਫਕੀਰੀ ਹੀ ਤਾਂ ਇਹ ਲੇਖ ਲਿਖਣ ਵਾਸਤੇ ਮਜਬੂਰ ਕਰਦੀ ਰਹੀ। ਪਰ ਉਹ ਖੁਸ਼ ਨਹੀਂ ਸੀ। ਮੇਰੀ ਮਾਮੀ ਨੇ ਮੈਨੂੰ ਆਪਣੇ ਕੋਲ ਬਿਠਾ ਕੇ ਬਹੁਤ ਧੀਮੀ ਆਵਾਜ਼ ਵਿਚ ਦੱਸਿਆ - ਵਿਆਹ ਪਿਛੋਂ ਕੁਝ ਦਿਨ ਤਾਂ ਲਾਲੀ ਆਪਣੀ ਵਹੁਟੀ ਨਾਲ ਘੁੰਮਦਾ ਘੁਮਾਉਂਦਾ ਰਿਹਾ। ਫੇਰ ਫਤਿਹਗੜ੍ਹ ਪਿੰਡ ਚਲੇ ਗਏ। ਸਾਰੀ ਹਵੇਲੀ ਖੁਸ਼। ਮੁੱਦਤ ਬਾਦ ਇਕ ਔਰਤ ਦਾ ਕਦਮ ਅੰਦਰ ਗਿਆ ... ਮਾਲਕਣ ਦਾ ਕਦਮ। ਇਕ ਦਿਨ ਸਰਦਾਰ ਨੇ ਲਾਲੀ ਨੂੰ ਇਕ ਪਾਸੇ ਲਿਜਾ ਕੇ ਹੌਲੀ ਦੇਣੇ ਕਿਹਾ - ਸ਼ਹਿਰ ਅਤੇ ਪਿੰਡ ਦਾ ਫਰਕ ਤਾਂ ਜਾਣਦੇ ਓ ਲਾਲੀ। ਤੇਰੀ ਵਹੁਟੀ ਹਵੇਲੀ ਦੀ ਛੱਤ ਤੇ ਖਲੋ ਕੇ ਕੇਸ ਵਾਹ ਰਹੀ ਸੀ। ਅੰਦਰ ਡ੍ਰੈਸਿੰਗ ਟੇਬਲ ਪਏ ਹਨ। ਪਿੰਡ ਦੇ ਲੋਕ ਇਸ ਤਰ੍ਹਾਂ ਦੀ ਗੱਲ ਪਸੰਦ ਨਹੀਂ ਕਰਦੇ। ਲਾਲੀ ਨੇ ਵਹੁਟੀ ਕੋਲ ਇਹ ਸਲਾਹ ਪੁਚਾ ਦਿਤੀ। ਵਹੁਟੀ ਨਾਰਾਜ਼ ਹੋਕੇ ਪਟਿਆਲੇ ਆ ਗਈ। ਕੇਸ ਕਟਾ ਕੇ ਬੌਬਡ ਹੋ ਗਈ। ਕਹਿ ਦਿਤਾ, ਮੁੜਕੇ ਪਿੰਡ ਨਹੀਂ ਜਾਂਦੀ। ਦੋਹਤੇ, ਮੇਰਾ ਮਨ ਉਸ ਦਿਨ ਦਾ ਉਦਾਸ ਹੈ ਜਿਸ ਦਿਨ ਦੀ ਮੈਂ ਇਹ ਖਬਰ ਸੁਣੀ। ਵਡੇ ਖਾਨਦਾਨਾ ਦੀਆਂ ਨੂੰਹਾਂ ਧੀਆਂ ਬਹੁਤ ਵਡੇ ਦਿਲਾਂ, ਵੱਡੀਆਂ ਨਜ਼ਰਾਂ ਵਾਲੀਆਂ ਹੋਇਆ ਕਰਦੀਆਂ ਹਨ। ਚੰਗੇ ਸ਼ਗਨ ਨਹੀਂ ਇਹ। ਇਸ ਹਵੇਲੀ ਨੂੰ ਨਜ਼ਰ ਲੱਗ ਗਈ ਹੈ। ਜਿਸ ਦੀ ਗੱਲ ਇਲਾਕਾ ਮੰਨਦਾ ਹੈ, ਨੂੰਹ ਨੂੰ ਸਭ ਤੋਂ ਪਹਿਲਾਂ ਮੰਨਣੀ ਚਾਹੀਦੀ ਸੀ। ਚਾਹੀਦਾ ਤਾਂ ਇਹ ਸੀ, ਜਿਸ ਸਨਿਆਸੀ ਨੇ ਉਮਰ ਭਰ ਬਣਵਾਸ ਕੱਟਿਆ, ਨੂੰਹ ਪਿੰਡ ਵਿਚ ਰਹਿੰਦੀ। ਇਥੇ ਕਿਹੜਾ ਕੋਈ ਸੱਸ ਨਣਦ ਸੀ ਤਾਹਨੇ ਮਿਹਣੇ ਦੇਣ ਵਾਲੀ ? ਫਤਿਹਗੜ੍ਹ ਉਦਾਸ ਹੋਇਆ।

- ਔਰਤ ਬਗੈਰ ਘਰ ਵੀਰਾਨ ਹੈ। ਔਰਤ ਕੋਲ ਘਰ ਦੀਆਂ ਚਾਬੀਆਂ ਹਨ, ਅੰਨ ਦੇ ਗੁਦਾਮ ਦੀਆਂ, ਅਲਮਾਰੀਆਂ, ਟਰੰਕਾਂ ਦੀਆਂ। ਸਵੇਰੇ ਧੂਪ, ਸ਼ਾਮੀ ਦੀਵਾ ਬਾਲਣਾ ਉਸ ਦਾ ਕੰਮ ਹੈ। ਰੱਬ ਦਾ ਨਾਮ ਲੈਕੇ ਰਸੋਈ ਵਿਚ ਅੱਗ ਬਾਲਦੀ ਹੈ। ਬਾਕੀ ਪਰਿਵਾਰ ਉਸਦਾ ਮਹਿਮਾਨ ਹੈ ਤੇ ਔਰਤ ਮੇਜ਼ਬਾਨ। ਉਹ ਤਿਉਹਾਰਾਂ ਦੀਆਂ ਤਰੀਕਾਂ ਯਾਦ ਰੱਖਦੀ ਹੈ, ਵਰਤਾਂ ਦੇ ਦਿਨਾਂ ਦਾ ਪਤਾ ਹੈ, ਮਰਦਾਂ ਨੂੰ ਯਾਦ ਕਰਾਉਂਦੀ ਹੈ ਕਿ ਵਡੇਰਿਆਂ ਨੂੰ ਯਾਦ ਕਰਨਾ ਹੈ, ਉਸ ਵਿਚ ਸੂਖਮਤਾ ਹੈ। ਮਰਦਾਂ ਨੂੰ ਖੇਤਾਂ, ਕੰਮਾਂ ਤੋਂ ਇਲਾਵਾ ਹੋਰ ਕੁਝ ਨਹੀਂ ਪਤਾ। ਜਿਸ ਘਰ ਵਿਚ ਔਰਤ ਨਹੀਂ ਉਸ ਦੇ ਦਰਵਾਜੇ ਅੱਗੇ ਤਾਂ ਮੰਗਤਾ ਵੀ ਨਹੀਂ ਰੁਕਦਾ।

ਸਮਾਂ ਭਿਆਨਕ ਹੈ, ਪੜ੍ਹਿਆ ਸੀ, ਸੁਣਿਆਂ ਸੀ, ਏਨਾ ਖੌਫ਼ਨਾਕ ਮੈਂ ਪਹਿਲੀ ਵਾਰ ਦੇਖਿਆ।

ਟੈਗੋਰ ਨੇ ਲਿਖਿਆ - ਮਾਰਥੂਲ ਨੇ ਘਾਹ ਦੀ ਪੱਤੀ ਨੂੰ ਪਿਆਰ ਦੀ ਪੇਸ਼ਕਸ਼ ਕੀਤੀ। ਪੱਤੀ ਨੇ ਨਾਂਹ ਵਿਚ ਸਿਰ ਹਿਲਾਇਆ ਤੇ ਦੌੜ ਗਈ। ਮਾਰੂਥਲ ਲੱਖ ਸਾਲ ਤੋਂ ਵਿਜੋਗ ਦੀ ਅੱਗ ਵਿਚ ਬਲ ਰਿਹਾ ਹੈ।

ਜਿਹੜੇ ਯਾਰ ਬੇਲੀ ਲਾਲੀ ਨੂੰ ਬੇਅੰਤ ਵੱਡਾ ਸਾਹਿਤ ਪਾਰਖੂ ਆਖਦੇ, ਮੈਂ ਸਵਾਲ ਕਰਦਾ - ਕੁੱਝ ਲਿਖਿਆ ਹੈ ਤਾਂ ਦਿਖਾਉ। ਉੱਤਰ ਮਿਲਦਾ - ਸੁਕਰਾਤ ਨੇ ਇਕ ਲਾਈਨ ਨਹੀ ਲਿਖੀ, ਫਿਰ ਸੁਕਰਾਤ, ਸੁਕਰਾਤ ਨਹੀਂ ? ਮੈਂ ਦੂਜਾ ਸਵਾਲ ਕਰਦਾ - ਇਕ ਜੁਆਨ ਜਿਸ ਦਾ ਨਾਮ ਪਲੈਟੋ ਸੀ, ਅਪਣੇ ਮੁਰਸ਼ਦ ਦੇ ਬੋਲਾਂ ਸਦਕਾ ਅਜਿਹਾ ਵਿੰਨ੍ਹਿਆ ਗਿਆ ਕਿ ਉਸ ਰਾਹੀਂ ਸੁਕਰਾਤ ਪ੍ਰਗਟ ਹੋ ਗਿਆ। ਤੁਹਾਨੂੰ ਮੈਂ ਪਲੈਟੋ ਸਮਝਦਾ ਹਾਂ, ਤੁਹਾਡੇ ਰਾਹੀਂ ਲਾਲੀ ਕਿਉਂ ਪ੍ਰਗਟ ਨਹੀਂ ਹੋਇਆ ?

ਮੇਰੀ ਬੀਵੀ ਇਹ ਲੇਖ ਲਿਖੇ ਜਾਣ ਦੇ ਖਿਲਾਫ਼ ਹੈ। ਉਸਦਾ ਆਖਣਾ ਹੈ- ਹਾਰੇ ਹੋਏ ਬੰਦੇ ਦੀ ਕਹਾਣੀ ਛੇੜਨ ਦਾ ਕੀ ਮਤਲਬ ? ਇਸ ਵਿਚੋਂ ਕਿਸੇ ਨੂੰ ਕੀ ਮਿਲੇਗਾ ? ਮੈਂ ਆਖਦਾ ਹਾਂ ਵਿਜੇਤਾ ਦੀ ਕਹਾਣੀ ਤਾਂ ਸਾਰੇ ਲਿਖਣ ਨੂੰ ਤਿਆਰ ਨੇ, ਮੈਂ ਹਾਰੇ ਹੋਏ ਨਾਇਕ ਦੀ ਕਹਾਣੀ ਲਿਖਾਂਗਾ। ਖਿਲਾਫ ਇਸ ਕਰਕੇ ਵੀ ਹੈ ਉਹ ਕਿ ਰੰਗ ਮੰਚ ਉਪਰ ਮੇਰਾ ਰੋਲ ਮਾੜਾ ਹੈ। ਪਹਿਰੇਦਾਰ ਦਾ ਰੋਲ ਮੈਨੂੰ ਸਵੀਕਾਰ ਨਹੀਂ ਸੀ ਕਰਨਾ ਚਾਹੀਦਾ।ਮੈਂ ਕੀ ਕਰਦਾ ? ਜੇ ਬੰਦਾ ਸੂਤਰਧਾਰ ਹੁੰਦਾ, ਮੈਂ ਆਪੇ ਜਵਾਬ ਦੇ ਦਿੰਦਾ। ਇਸ ਡਰਾਮੇ ਦਾ ਸੂਤਰਧਾਰ ਰੱਬ ਹੈ। ਉਸਨੂੰ ਕੌਣ ਨਾਂਹ ਕਰੇਗਾ ? ਕਦੀ ਕਦੀ ਮਾੜਾ ਰੋਲ, ਚੰਗੀ ਐਕਟਿੰਗ ਕਾਰਨ ਚੰਗਾ ਲੱਗਣ ਲੱਗ ਜਾਂਦਾ ਹੈ। ਜੋ ਜ਼ਿੰਮੇਵਾਰੀ ਮਿਲੀ, ਨਿਭਾਈ।

www.punjabilibrary.com

ਅਜੀਤ ਦਾ ਵਿਆਹ ਮੇਰੇ ਤੋਂ ਤਿੰਨ ਸਾਲ ਪਹਿਲਾਂ ਹੋ ਗਿਆ ਸੀ। ਸਰਦਾਰ ਬਰਾਤ ਵਿਚ ਲੌਂਗੋਵਾਲ ਆਇਆ ਸੀ ਜਿਥੇ ਬਰਾਤ ਢੁੱਕੀ। ਮੈਂ ਆਪਣੇ ਵਿਆਹ ਦੀ ਤਰੀਕ ਪੱਕੀ ਹੋਣ ਪਿਛੋਂ ਅਜੀਤ ਨੂੰ ਪੁਛਿਆ – ਸਰਦਾਰ ਨੂੰ ਆਪ ਕਾਰਡ ਦੇਣ ਗਿਆ ਸੀ ਕਿ ਕਿਸੇ ਨੂੰ ਭੇਜਿਆ ਸੀ ? ਅਜੀਤ ਨੇ ਕਿਹਾ – ਕਾਹਨੂੰ, ਮੈਂ ਤਾਂ ਕਾਰਡ ਛਪਵਾਏ ਹੀ ਨਹੀਂ। ਹੱਥ ਨਾਲ ਲਿਖਕੇ ਚਿਠੀ ਡਾਕ ਵਿਚ ਪਾ ਦਿਤੀ ਸੀ। ਮੈਂ ਵੀ ਕਾਰਡ ਨਹੀਂ ਛਪਵਾਏ ਸਨ, ਚਿਠੀ ਪਾ ਦਿਤੀ। ਉਸ ਘਰ ਬਾਰੇ ਦੱਸਿਆ ਸੀ ਜਿਥੇ ਬਰਾਤ ਜਾਣੀ ਸੀ, ਮਾਨਸਾ।

ਸਰਦਾਰ ਨਹੀਂ ਆਇਆ। ਪਤਾ ਲੱਗਾ ਕਿ ਪਟਿਆਲੇ ਆਇਆ ਹੋਇਆ ਹੈ, ਆਪਣੀ ਬੀਵੀ ਸਮੇਤ ਮੈਂ ਬਹੇੜਾ ਰੋਡ ਚਲਾ ਗਿਆ। ਚਰਨੀ ਹੱਥ ਲਾਏ, ਅਸੀਸਾਂ ਮਿਲਿਆਂ, ਸ਼ਗਨ ਮਿਲਿਆ, ਠੰਢਾ ਤੱਤਾ ਖਾਣ ਪੀਣ ਨੂੰ ਮਿਲਿਆ। ਮੈਂ ਪੁੱਛਿਆ – ਚਿੱਠੀ ਨਹੀਂ ਮਿਲੀ ਮੇਰੀ ? ਕਿਹਾ – ਮਿਲ ਗਈ ਸੀ। ਫਿਰ ਪੁੱਛਿਆ – ਆਏ ਕਿਉਂ ਨੀ ? ਅਜੀਤ ਦੀ ਬਰਾਤ ਚੜ੍ਹੇ ਸੀ, ਮੈਨੂੰ ਲਗਦਾ ਸੀ ਆਉਂਗੇ। ਕਹਿਣ ਲੱਗਾ – ਅਜੀਤ ਤੇਰੇ ਨਾਲੋਂ ਸਿਆਣਾ ਹੈ। ਚਿੱਠੀ ਵਿਚ ਉਸ ਨੇ ਲਿਖਿਆ ਸੀ ਕਿ ਅਤਾਲਾਂ ਤੋਂ ਲੌਂਗੋਵਾਲ ਬਰਾਤ ਜਾਏਗੀ, ਇਕ ਗੱਡੀ ਫਤਿਹਗੜ੍ਹ ਵਿਚੋਂ ਦੀ ਤੁਹਾਨੂੰ ਬਿਠਾ ਕੇ ਲੈ ਆਏਗੀ। ਸਵੇਰੇ ਦਸ ਵਜੇ ਤਿਆਰ ਰਹਿਓ। ਤੂੰ ਸੁਨਾਮ ਵਿਚੋਂ ਦੀ ਲੰਘਣਾ ਸੀ ਨਾ ਮਾਨਸਾ ਵਾਸਤੇ ? ਲਿਖ ਦਿੰਦਾ ਇਕ ਗੱਡੀ ਫਤਿਹਗੜ੍ਹ ਵਿਚ ਦੀ ਜਾਏਗੀ। ਮੈਂ ਆ ਜਾਂਦਾ। ਤੈਨੂੰ ਤੇ ਬੀਬਾ ਨੂੰ ਪਤਾ ਨੀ ਹੋਣਾ, ਬੀਬਾ ਦਾ ਪਾਪਾ ਚਹਿਲ ਸਰਦਾਰ ਮੇਰਾ ਦੋਸਤ ਐ। ਉਹ ਮੇਰੇ ਨਾਲੋਂ ਵੱਡਾ ਹੈ ਰੁਤਬੇ ਵਿਚ। ਮੈਂ ਇਕ ਪਿੰਡ ਦਾ ਮਾਲਕ, ਉਹ ਛੇ ਪਿੰਡਾਂ ਦਾ ਮਾਲਕ। ਪਿੰਡ ਦੇ ਲੋਕਾਂ ਨੇ ਚਹਿਲ ਸਰਦਾਰ ਕੋਲ ਗੱਲ ਕੀਤੀ ਕਿ ਆਪਣੇ ਪਿੰਡ ਲਾਗਿਉਂ ਰੇਲ ਗੱਡੀ ਲੰਘਦੀ ਹੈ, ਰੁਕਦੀ ਨਹੀਂ। ਸਾਨੂੰ ਮਾਨਸਾ ਜਾਣਾ ਪੈਂਦੈ। ਸਰਦਾਰ ਨੇ ਕਿਹਾ – ਰੁਕਵਾ ਦਿੰਨੇ ਆਂ। ਰੇਲ ਮਹਿਕਮੇ ਨਾਲ ਗੱਲ ਕੀਤੀ, ਮਹਿਕਮੇ ਨੇ ਕਿਹਾ– ਦਸ ਏਕੜ ਜਮੀਨ ਦੇ ਦਿਉ ਮੁਫਤ, ਸਟੇਸ਼ਨ ਬਣਾ ਦਿੰਨੇ ਆਂ। ਸਰਦਾਰ ਨੇ ਜਮੀਨ ਦੇ ਦਿਤੀ। ਜਦੋਂ ਪਹਿਲੀ ਵਾਰ ਨਰਿੰਦਰਪੁਰੇ ਸਟੇਸ਼ਨ ਤੇ ਗੱਡੀ ਰੁਕੀ, ਜਸ਼ਨਾ ਵਾਲੇ ਇਕੱਠ ਵਿਚ ਮੈਂ ਵੀ ਸਾਂ। ਬੀਬਾ ਜੀ ਤੇਰੇ ਪਾਪਾ, ਵਿਸਕੀ ਬੜੀ ਪੀਂਦੇ। ਅਫੀਮ ਵੀ ਛਕ ਲੈਂਦੇ। ਦੋ ਤਿੰਨ ਪੈਗ ਲਾਕੇ ਫਿਰ ਘੋੜੀ ਤੇ ਖੇਤਾਂ ਵੱਲ ਗੇੜਾ ਲਾਉਣਾ। ਸਾਲ 1962 ਵਿਚ ਚੀਨ ਦੀ ਲਾਮ ਲੱਗੀ। ਜਿਸ ਪਾਸੇ ਹਨੇਰੇ ਵਿਚ ਸਰਦਾਰ ਨੇ ਘੋੜੀ ਨੂੰ ਅੱਡੀ ਲਾ ਦਿਤੀ, ਉਸ ਪਾਸੇ ਖਾਈਆਂ ਪੁੱਟੀਆਂ ਹੋਈਆਂ ਸਨ ... ਸਾਇਰਨ ਸੁਣਨ ਸਾਰ ਖਾਈਆਂ ਵਿਚ ਜਾ ਲੁਕੋ। ਸਰਦਾਰ ਨੂੰ ਪਤਾ ਨਹੀਂ ਸੀ। ਘੋੜੀ ਖਾਈ ਵਿਚ ਡਿਗ ਪਈ, ਲੱਤਾਂ ਟੁੱਟ ਗਈਆਂ, ਮਰ ਗਈ। ਚਾਹਲ ਸਰਦਾਰ ਏਨਾ ਉਦਾਸ ਹੋਇਆ ਕਿ ਸਦਾ ਲਈ ਵਿਸਕੀ, ਅਫੀਮ ਛੱਡ ਦਿਤੀ। ਜੇ ਨਹੀਂ, ਤਾਂ ਕਦੀ ਨਹੀਂ।

ਕੱਲ੍ਹ ਸਿਧਾਰਥ ਮਿਲ ਗਿਆ, ਚਿਤਰਕਾਰ। ਲਾਲੀ ਨੂੰ 25 ਸਾਲ ਤੋਂ ਜਾਣਦਾ ਹੈ। ਮੈਂ ਦੱਸਿਆ – ਲਾਲੀ ਬਾਰੇ ਲਿਖਣ ਦਾ ਯਤਨ ਕਰ ਰਿਹਾ ਹਾਂ, ਕੁੱਝ ਦਿਖਾਈ ਨਹੀਂ ਦਿੰਦਾ। ਹੱਸ ਪਿਆ, ਕਿਹਾ – ਲਾਲੀ ਭੂਤ ਹੈ। ਸਾਫ਼ ਦਿਸਦਾ ਭੂਤ। ਇਕ ਹੋਰ ਭੂਤ ਹੋਵੇ ਤਾਂ ਲਾਲੀ ਨੂੰ ਬੁੱਝੇ। ਮੈਂ ਕਿਹਾ– ਦੂਜਾ ਭੂਤ ਲਾਲੀ ਨੂੰ ਬੁੱਝ ਲਏਗਾ ਪਰ ਆਪਾਂ ਨੂੰ ਦੂਜੇ ਨੇ ਵੀ ਗੱਲ ਨਹੀਂ ਸਮਝਾਣੀ। ਆਪਣੇ ਸਾਹਮਣੇ ਇਕ ਦੀ ਥਾਂ ਦੋ ਭੂਤ ਹੋਣਗੇ, ਆਪਣੀ ਮੁਸ਼ਕਲ ਦੁੱਗਣੀ ਹੋ ਜਾਵੇਗੀ।

ਸਿਧਾਰਥ ਨੇ ਕਿਹਾ – ਉਹ ਸੰਕੇਤਾਂ, ਮਿੱਥਾਂ ਤੇ ਰੂਪਕਾਂ ਨਾਲ ਗੱਲ ਫੜਨ ਦਾ ਯਤਨ ਕਰਦਾ। ਉਹਦੇ ਹੱਥ, ਬਾਹਾਂ, ਅੱਖਾਂ, ਬੋਲਾਂ ਨਾਲੋਂ ਵਧੀਕ ਗੱਲਾਂ ਕਰਦੀਆਂ। ਇਕ ਦਿਨ ਜਾਂਦਿਆਂ ਜਾਂਦਿਆਂ ਰੁਕੇ – ਸੜਕ ਦੇ ਵਿਚਕਾਰ ਥੋੜਾ ਕੁ ਘਾਹ ਉਗਿਆ ਦੇਖਿਆ। ਖਲੋ ਗਏ, ਘਾਹ ਨੂੰ ਕਿਹਾ – ਉਏ ਤੈਨੂੰ ਨਾ ਗਾਂ ਖਾਏਗੀ ਨਾ ਮੱਝ, ਨਾ ਭੇਡ ਦੇ ਕੰਮ ਆਏਂਗਾ ਨਾ ਬੱਕਰੀ ਦੇ। ਕਿਉਂ ਉਗ ਆਇਐਂ ਇਥੇ ? ਪਹੀਆਂ ਹੇਠ ਕੁਚਲੇ ਜਾਣ ਲਈ ? ਫਿਰ ਬੈਠ ਗਏ, ਸਾਨੂੰ ਕਿਹਾ – ਦੇਖੋ, ਉਪਰ ਜਾਣ ਵਾਸਤੇ ਜਿੰਨੀ ਕੁ ਇਸ ਵਿਚ ਤਾਕਤ ਸੀ ਲਾ ਦਿਤੀ, ਜਦੋਂ ਥੱਕ ਗਿਆ, ਸਿਰ ਝੁਕਾ ਦਿੱਤਾ। ਆਹ ਦੇਖੋ, ਝੁਕਿਆ ਸਿਰ ਦੇਖੋ।

*ਨਾਦ ਪ੍ਰਗਾਸ* ਦੇ ਜੁਆਨ ਲਾਲੀ ਨੂੰ ਮਿਲਣ ਗਏ। ਉਮਰ ਵਧੀਕ ਹੋਣ ਕਰਕੇ ਜਿਆਦਾ ਗੱਲਾਂ ਨਾ ਕਰ ਸਕੇ। ਉਠੇ। ਉਨ੍ਹਾਂ ਦੀਆਂ ਦਸਤਾਰਾਂ ਪਲੋਸਦਿਆਂ ਪਲੋਸਦਿਆਂ ਕਿਹਾ– ਦਸਤਾਰ ਬਗੈਰ ਬੰਦਾ ਲਾਹੌਰ ਨਹੀਂ ਜਾ ਸਕਦਾ।

ਚੁਪਕੇ ਜਿਹੇ, ਇਹੋ ਜਿਹੀ ਗੱਲ ਲਾਲੀ ਹੀ ਕਰ ਸਕਦਾ ਹੈ। ਲਾਹੌਰ ਪੰਜਾਬ ਦੀ ਦਸਤਾਰ ਹੈ। ਪੰਜਾਬ ਜਦੋਂ ਪੰਜਾਬ ਨੂੰ ਮਿਲਣ ਤੋਂ ਸੰਗਣਾ ਛੱਡੇਗਾ ਉਦੀਂ ਮਾਰੂਥਲ ਵਿਚ ਗੁਮਸ਼ੁਦਾ ਪੁਨੂੰ ਲੱਭ ਜਾਏਗਾ।

www.punjabilibrary.com

ਪਟਿਆਲੇ ਜਾਂ ਫਤਿਹਗੜ੍ਹ, ਅੱਜ ਲਾਲੀ ਕੋਲ ਕੁਝ ਨਹੀਂ। ਜਦੋਂ ਸਭ ਕੁਝ ਸੀ, ਉਦੋਂ ਜਾਇਦਾਦ ਕਾਰਨ ਮਾਣ ਨਹੀਂ ਕੀਤਾ, ਹੁਣ ਨਹੀਂ ਹੈ ਤਾਂ ਕੋਈ ਗੱਲ ਨਹੀਂ। ਖਾਲੀ ਅਸਮਾਨ ਕਾਲੀ ਘਟਾ ਨੇ ਘੇਰ ਲਿਆ, ਦੇਰ ਤੱਕ ਛਾਈ ਰਹੀ, ਬਾਰਸਾਂ ਹੋਈਆਂ, ਕੁੜੀਆਂ ਤੀਆਂ ਵਿੱਚ ਨੱਚੀਆਂ, ਗੀਤ ਗਾਏ। ਫਿਰ ਅਸਮਾਨ ਸਾਫ ਹੋ ਗਿਆ। ਤੀਆਂ, ਗੀਤ, ਕੁੜੀਆਂ, ਘਟਾ ਨਾਲ ਅਲੋਪ ਹੋ ਗਈਆਂ, ਲਾਲੀ ਦਰਸ਼ਕ ਰਿਹਾ। ਜਿਸ ਵਰਗਾ ਹੋਰ ਕੋਈ ਨਹੀਂ, ਅਜਿਹਾ ਦ੍ਰਸ਼ਟਾ। ਰਿਸ਼ੀਆਂ ਨੇ ਵੇਦ ਮੰਤਰ ਲਿਖੇ ਨਹੀਂ, ਦੇਖੇ ਸਨ, ਇਸ ਕਰਕੇ ਜਿਹੜਾ ਬੰਦਾ ਰਿਸ਼ੀਆਂ ਨੂੰ ਲੇਖਕ ਆਖਦਾ ਹੈ, ਉਸਨੂੰ ਅਨਪੜ੍ਹ ਸਮਝਿਆ ਜਾਂਦਾ ਹੈ। ਰਿਸ਼ੀ ਮੰਤਰ-ਦ੍ਰਸ਼ਟਾ ਸਨ।

ਮੈਡਮ ਟਿਵਾਣਾ ਨੇ ਦੱਸਿਆ- ਜਦੋਂ ਸਰਦਾਰ ਨੇ ਲਾਲੀ ਦੀ ਮਾਂ ਵਿਆਹ ਕੇ ਲਿਆਂਦੀ, ਸੱਸ ਨੂੰ ਪਤਾ ਲੱਗਾ ਕਿ ਸਿਰ ਨਹੀਂ ਗੁੰਦਿਆ ਹੋਇਆ, ਸੱਗੀ ਫੁੱਲ ਨਹੀਂ ਪਹਿਨੇ। ਕਿਹਾ- ਪਹਿਲਾਂ ਸਿਰ ਗੁੰਦੋ, ਫਿਰ ਰਥ ਵਿਚੋਂ ਉਤਾਰ ਕੇ ਪਾਣੀ ਵਾਰਾਂਗੀ। ਰਥ ਵਿਚ ਸਿਰ ਗੁੰਦਿਆ ਗਿਆ ਤਾਂ ਸੱਸ ਦਰਵਾਜੇ ਤੇ ਆਈ। ਬੜੀ ਸਖਤ ਸੀ ਉਹ।

ਮੈਂ ਅਪਣੀ ਬੀਵੀ ਨਾਲ ਗੱਲ ਕੀਤੀ, ਉਸਨੇ ਕਿਹਾ- ਇਹ ਸੱਚ ਨਹੀਂ। ਸਾਡੇ ਖਾਨਦਾਨਾ ਵਿਚ ਨੂੰਹ ਧੀ ਨੂੰ ਬੂਹੇ ਤੇ ਖਲ੍ਹਾਰੀ ਰੱਖਣ ਦਾ ਰਿਵਾਜ ਨਹੀਂ। ਪਹਿਰ ਲਗਦੈ ਸਿਰ ਗੁੰਦਣ ਨੂੰ, ਪਤੈ? ਨਾਈ, ਨਾਇਣਾ, ਬਾਹਮਣ, ਬਾਹਮਣੀਆਂ ਕਾਹਦੇ ਲਈ ਹੁੰਦੇ ਨੇ ? ਕਿਸੇ ਰਸਮ ਵਿਚ ਕੁਤਾਹੀ ਨਾ ਹੋ ਜਾਵੇ, ਇਹ ਸਾਰੇ ਸਲਾਹਕਾਰ ਬਾ-ਮੁਲਾਹਜ਼ਾ ਹੋਸ਼ਿਆਰ ਰਹਿੰਦੇ ਸਨ। ਖੁੱਲ੍ਹੇ ਕੇਸ ਬਦਸ਼ਗਨੀ ਦੀ ਨਿਸ਼ਾਨੀ ਹੁੰਦੇ ਨੇ। ਮੈਡਮ ਟਿਵਾਣਾ ਨੂੰ ਗਲਤ ਸੂਚਨਾ ਮਿਲੀ ਹੈ। ਸਾਨੂੰ ਉਨ੍ਹਾਂ ਦਾ ਪਤਾ ਹੈ ਜਿਨ੍ਹਾ ਨੇ ਇਹੋ ਜਿਹੀਆਂ ਗੱਲਾਂ ਘੜੀਆਂ।

ਲਾਲੀ ਦੀ ਪ੍ਰੇਰਨਾ ਤਹਿਤ ਪਾਤਰ ਅਤੇ ਅਮਿਤੋਜ ਨੇ ਸਪੇਨੀ ਸ਼ਾਇਰ ਲੋਰਕਾ ਦਾ ਨਾਟਕ *ਅੱਗ ਦੇ ਕਲੀਰੇ* ਪੰਜਾਬੀ ਵਿਚ ਅਨੁਵਾਦ ਕਰਕੇ ਨੀਲਮ ਮਾਨ ਸਿੰਘ ਦੇ ਨਿਰਦੇਸ਼ਨ ਹੇਠ ਜਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਖੇਡਿਆ ਤਾਂ ਦਰਸ਼ਕ ਦੰਗ ਰਹਿ ਗਏ ਸਨ।

*ਅੱਖੀ ਡਿੱਠਾ ਸੰਤ ਜਰਨੈਲ ਸਿੰਘ* ਕਿਤਾਬ ਲਿਖਣ ਵਾਲਾ ਦਲਬੀਰ ਸਿੰਘ ਆਪ੍ਰੇਸ਼ਨ ਬਲੂਸਟਾਰ ਬਾਦ ਸਤੰਬਰ 1984 ਵਿਚ ਗੁਰਦਿਆਲ ਬਲ ਦੇ ਘਰ, C-13 , ਯੂਨੀਵਰਸਿਟੀ ਕੈਂਪਸ ਵਿਚ ਅੰਡਰ-ਗ੍ਰਾਉਂਡ ਰਹਿ ਰਿਹਾ ਸੀ।ਬਲ ਨੇ ਲਾਲੀ ਨੂੰ ਘਰ ਸੱਦ ਲਿਆ। ਕੇਹਰ ਸਿੰਘ ਤੇ ਬਲਕਾਰ ਸਿੰਘ ਪੁੱਜ ਗਏ। ਸਿੱਖ, ਸਦਮੇ ਵਿਚੋ ਲੰਘ ਰਹੇ ਸਨ।ਮਾਹੌਲ ਉਦਾਸ ਸੀ। ਲਾਲੀ ਨੇ ਕਿਹਾ- ਅਕਾਲ ਤਖਤ ਦੀ ਤੁਰੰਤ ਉਸਾਰੀ ਨਹੀਂ ਹੋਣੀ ਚਾਹੀਦੀ। ਇਕ ਇੱਟ ਹਰ ਰੋਜ਼ ਲੱਗਣੀ ਚਾਹੀਦੀ ਐ, ਸਿਰਫ਼ ਇਕ ਇੱਟ ਰੋਜ਼। ਫਿਰ ਉਸਨੇ ਆਜ਼ਾਦੀ, ਬਹਾਦਰੀ, ਰੁਦਨ, ਟੱਕਰ ਦੀਆਂ ਗੱਲਾਂ ਸੁਣਾਦਿਆਂ ਸਪੈਨਿਸ਼ ਸਾਹਿਤ ਦੇ ਮੋਢੀ ਸਰਵਾਂਤੀਜ ਦੇ *ਡਾਨ ਕਵਿਗਜੋਟ* ਤੋਂ ਲੈਕੇ ਹੁਣ ਤੱਕ ਦੇ ਸਾਹਿਤ ਦੀ ਸੈਰ ਕਰਾਈ। ਯੂਨਾਨੀ ਨਾਵਲਕਾਰ ਚਿੰਤਕ ਨਿਕਸੋ ਕਜਾਂਤਜੈਕਿਸ ਦੀ ਅਮਰ ਰਚਨਾ *ਫਰੀਡਮ ਐਂਡ ਡੈੱਥ* ਦੀ ਕਥਾ ਛੇੜ ਲਈ। ਯੂਨਾਨ ਦੇ ਨਾਲ ਲਗਦੇ ਟਾਪੂ ਕਰੀਟ ਵਿਚ ਸਥਾਨਕ ਇਸਾਈ, ਤੁਰਕਾਂ ਨਾਲ ਟਕਰਾ ਰਹੇ ਹਨ। ਮਾਈਕਲ ਅਤੇ ਪਾਸ਼ਾ *ਓਡੀਸੀ ਰੀਵਿਜ਼ਿਟਿਡ* ਵਿਚ ਯੋਧੇ ਹਨ। ਇਸ ਕਿਤਾਬ ਵਿਚਲੀ ਆਜ਼ਾਦੀ ਦੀ ਗਾਥਾ ਸੁਣਾਉਂਦਿਆਂ ਲਾਲੀ ਨੇ ਆਦਮੀ ਦੀ ਸ਼ਾਨ ਦਾ ਉਹ ਮਾਰਮਿਕ ਵਰਣਨ ਕੀਤਾ ਕਿ ਚਾਰ ਘੰਟੇ ਹੋਰ ਕੋਈ ਨਾ ਬੋਲਿਆ। ਹੁਣ ਦਲਬੀਰ 85 ਸਾਲ ਦਾ ਹੋ ਗਿਐ। ਉਸ ਨੂੰ ਉਸ ਦਿਨ ਦਾ ਲਾਲੀ ਅਜੇ ਭੁੱਲਿਆ ਨਹੀਂ। ਫੋਨ ਤੇ ਪੁੱਛ ਲੈਂਦੈ- ਕਿਵੇ ਐ ਬਲ ਤੁਹਾਡਾ ਲਾਲੀ ਹੁਣ? ਜੀਵਨ ਵਿਚ ਇਕ ਵਾਰ ਉਸਨੂੰ ਮਿਲਿਆਂ, ਉਸ ਦਾ ਚਿਹਰਾ, ਅੰਦਾਜ਼ਿ-ਬਿਆਂ ਸਤਾਈ ਸਾਲ ਤੋਂ ਮੇਰੀਆਂ ਅੱਖਾਂ ਅੱਗੇ ਸਜੀਵ ਫਿਰ ਰਿਹਾ ਹੈਂ, ਉਸ ਦੀਆਂ ਅਵਾਜ਼ਾਂ ਦੀ ਧੁਨ ਸੁਣਾਈ ਦੇਣੋ, ਹੱਥਾਂ ਦੀ ਮੁਦਰਾ ਦਿਖਾਈ ਦੇਣੋ ਅੱਜੇ ਹਟੀ ਨਹੀਂ।

ਹਰ ਸਵੇਰ ਉਸਨੂੰ ਇਕ ਸਰੋਤਾ ਚਾਹੀਦਾ ਸੀ। ਮੱਕੇ ਉਪਰ ਜਹਾਦੀਆਂ ਦਾ ਹਮਲਾ, ਕਸ਼ਮੀਰ ਦਾ ਹਜ਼ਰਤਬਲ ਸੰਕਟ, ਮਿਸਰ ਵਿਚ ਮੁਸਲਿਮ ਬ੍ਰਦਰਹੁੱਡ ਦੀ ਚੜ੍ਹਤ, ਸ੍ਰੀ ਲੰਕਾ ਵਿਚ ਲਿਟੇ ਦੀ ਮਾਅਰਕੇਬਾਜ਼ੀ। ਬੇਅੰਤ ਸਿੰਘ ਦੀ ਹੱਤਿਆ ਜਾਂ ਕਿਸੇ ਨੋਬਲ ਇਨਾਮਦਾਰ ਦਾ ਹੁਨਰ ਇਕੋ ਜਿਹੀ ਰੋਮਾਂਚਿਤ ਸ਼ੈਲੀ ਵਿਚ ਵਰਣਨ ਕਰਦਾ। ਰਵਿੰਦਰ ਰਵੀ ਅਤੇ ਬਲਵੰਤ ਮਾਗਟ ਵਰਗੇ ਉਸਦੇ ਵਿਰੋਧੀ ਸਿਰ ਨਿਵਾ ਕੇ ਸੁਣਨ ਲੱਗ ਜਾਂਦੇ। ਗਲੋਬ ਉਸ ਵਾਸਤੇ ਬਹੁਤ ਛੋਟੀ ਗੇਂਦ ਹੈ, ਕੁਝ ਹੋਰ ਵੱਡੀ ਹੋਣੀ ਚਾਹੀਦੀ ਸੀ।

www.punjabilibrary.com

ਪੰਜਾਬੀ ਲੋਕ-ਵੇਦ ਦਾ ਜਿੰਨਾ ਲਾਲੀ ਨੂੰ ਪਤਾ ਹੈ ਅੱਜ ਹੋਰ ਕਿਸੇ ਨੂੰ ਨਹੀਂ ਪਤਾ। ਇਸ ਕਰਕੇ ਲੋਕਵੇਦ ਦੇ ਵਾਕ ਰਾਹੀਂ ਗੱਲ ਮੁਕਾਉਂਦਾ ਹਾਂ, -ਜੇ ਵਸ ਕਰਨ ਦਾ ਮੰਤਰ ਨਾ ਆਉਂਦਾ ਹੋਵੇ ਤਾਂ ਸਿਵਾ ਨਾ ਜਗਾਉ।

ਕਾਫਕਾ ਨੇ ਲਿਖਿਆ - ਲੱਖ ਸਾਲ ਪਹਿਲਾਂ ਮਰ ਮੁਕੀ ਕਿਸੇ ਯਾਦ ਵਿਚ ਜੇ ਜਾਨ ਪੈ ਜਾਵੇ, ਫਿਰ ਨਾ ਉਹ ਸੋਇਗੀ ਨਾ ਸੌਣ ਦਏਗੀ। ਲਾਲੀ ਅਤੇ ਕਾਫ਼ਕਾ ਜਿਉਂ ਪਈਆਂ ਯਾਦਾਂ ਦੇ ਨਾਮ ਹਨ।

ਰੰਚਨ, ਪਾਤਰ ਅਤੇ ਸੁਰਿੰਦਰ ਸ਼ਰਮਾ ਇਸ ਲਿਖਤ ਵਿਚ ਆ ਉਤਰੇ, ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ।ਬਲ ਨੇ ਕੈਟਾਲਿਸਟ ਦਾ ਰੋਲ ਨਿਭਾਇਆ। ਮੇਰੀ ਕੈਮਿਸਟਰੀ ਦੀ ਕਿਤਾਬ ਦਾ ਇਕ ਅਧਿਆਇ *ਕੈਟਾਲਿਸਟ* ਸੀ। ਕੈਟਾਲਿਸਟ ਦੀ ਐਕਟੀਵੇਸ਼ਨ ਐਨਰਜੀ ਕਿੰਨੀ ਕੁ ਹੈ ਤੇ ਉਹ ਕਿੱਡੇ ਵੱਡੇ ਕੰਮ ਕਰਵਾ ਲੈਂਦਾ ਹੈ, ਅਸੀਂ ਫਾਰਮੂਲਿਆਂ ਨਾਲ ਹੱਲ ਕਰ ਲੈਂਦੇ ਸਾਂ। ਲਾਲੀ ਦਾ ਸਵਾਲ ਹੱਲ ਨਾ ਹੋਇਆ।

ਲਾਲੀ ਉਪਰ ਲਿਖਣਾ ਸ਼ੁਰੂ ਕੀਤਾ ਸੀ। ਪਾਪਾ ਵਧੀਕ ਹਾਜ਼ਰ ਹੈ। ਪਰ ਲਾਲੀ ਗੈਰ ਹਾਜ਼ਰ ਨਹੀਂ। ਉਸਦੀ ਹਾਜ਼ਰੀ ਅਤੇ ਗ਼ੈਰ ਹਾਜ਼ਰੀ ਦਾ ਪਤਾ ਨਹੀਂ ਲਗਦਾ। ਪੰਜਾਬੀ ਯੂਨੀਵਰਸਿਟੀ ਵਿਚ ਹਾਜ਼ਰ ਹੁੰਦਾ ਹੋਇਆ ਉਹ ਸਾਰੀ ਉਮਰ ਗੈਰ ਹਾਜ਼ਰ ਰਿਹਾ। ਕੈਮਿਸਟਰੀ ਨੇ ਐਬਸੈਂਟ ਐਲੀਮੈਂਟ ਦੀ ਗੱਲ ਦੱਸੀ। ਕਈ ਵਾਰ ਕੋਈ ਐਲੀਮੈਂਟ ਕਿਸੇ ਕੰਪਾਉਂਡ ਵਿਚ ਸ਼ਾਮਲ ਹੋ ਜਾਂਦਾ ਹੈ, ਫਿਰ ਚਲਾ ਜਾਦਾ ਹੈ। ਹੁਣ ਸਾਡੇ ਸਾਹਮਣੇ ਦੋ ਕੰਪਾਉਂਡਜ਼ ਪਏ ਹਨ। ਇਕ ਵਿਚ ਐਲੀਮੈਂਟ ਕਦੀ ਨਹੀਂ ਆਇਆ। ਦੂਜੇ ਵਿਚ ਆਇਆ ਤੇ ਚਲਾ ਗਿਆ। ਹੁਣ ਦੋਵਾਂ ਵਿਚ ਇਹ ਐਲੀਮੈਂਟ ਗੈਰ ਹਾਜ਼ਰ ਹੈ, ਇਸ ਲਈ ਬਰਾਬਰ ਹੋਣੇ ਚਾਹੀਦੇ ਹਨ, ਪਰ ਇਹ ਦੋਵੇਂ ਵੱਖ ਵੱਖ ਹਨ। ਐਲੀਮੈਂਟ ਗੈਰ ਹਾਜ਼ਰ ਹੋ ਗਿਆ, ਪਰ ਹਾਜ਼ਰੀ ਲੱਗੀ ਦੱਸ ਰਹੀ ਹੈ ਕਿ ਆਇਆ ਸੀ। ਆਪਣੇ ਆਉਣ ਅਤੇ ਜਾਣ ਦੀ ਨਿਸ਼ਾਨੀ ਛੱਡ ਕੇ ਕੰਪਾਉਂਡ ਨੂੰ ਪ੍ਰਭਾਵਿਤ ਕਰ ਗਿਆ ਹੈ।

ਪਾਠਕਾਂ ਨੇ ਗੋਰਕੀ ਰਚਿਤ ਟਾਲਸਟਾਇ ਦਾ ਸ਼ਬਦ ਚਿੱਤਰ ਪੜ੍ਹਿਆ ਹੈ। ਇਨ੍ਹਾਂ ਦੋਹਾਂ ਦਾ ਆਪਸੀ ਸੰਬੰਧ ਸਾਹਿਤ ਤੋਂ ਇਲਾਵਾ ਵੀ ਸੀ। ਝਿੜਕਾਂ ਖਾ ਲੈਂਦਾ, ਤਾਂ ਕੀ, ਫੇਰ ਆ ਜਾਂਦਾ। ਟਾਲਸਟਾਇ ਨਿਕੇ ਮੋਟੇ ਕੰਮ ਆਖਦਾ, ਖੁਸ਼ੀ ਨਾਲ ਕਰਦਾ।ਸਾਹਿਤ ਮਨਫੀ ਹੈ, ਮੇਰਾ ਅਤੇ ਸਰਦਾਰ ਦਾ ਉਹੀ ਰਿਸ਼ਤਾ ਸੀ ਜਿਹੜਾ ਗੋਰਕੀ ਅਤੇ ਟਾਲਸਟਾਇ ਦਾ। ਇਕ ਫਰਕ ਵੀ ਹੈ। ਟਾਲਸਟਾਇ ਵਿਚਲੇ ਐਬ, ਸਰਦਾਰ ਵਿਚ ਨਹੀਂ ਹਨ।

ਮੇਰੇ ਅੰਗਰੇਜ਼ੀ ਦੇ ਅਧਿਆਪਕ ਪ੍ਰੋਫੈਸਰ ਨਰਿੰਦਰ ਕਾਲੀਆ ਸਨ। ਦੋ ਦਿਨ ਦੀ ਛੁਟੀ ਬਾਦ ਕਲਾਸ ਵੱਲ ਆ ਰਹੇ ਸਨ ਤਾਂ ਮੈਂ ਸਤਿ ਸ੍ਰੀ ਅਕਾਲ ਬੁਲਾਈ। ਉਰਦੂ ਦੇ ਸ਼ਾਇਰ ਸਨ, ਕਲਾਸ ਤੋਂ ਬਾਹਰ ਉਰਦੂ ਵਿਚ ਗੱਲ ਕਰਦੇ। ਮੈਂ ਕਿਹਾ - ਸਰ, ਕੋਈ ਕੋਈ ਟੀਚਰ ਹੁੰਦਾ ਹੈ ਅਜਿਹਾ, ਜਿਹੜਾ, ਜੇ ਨਾ ਆਵੇ ਤਾਂ ਵਿਦਿਆਰਥੀ ਉਦਾਸ ਹੁੰਦੇ ਹਨ। ਉਤਰ ਦਿਤਾ - ਕੋਈ ਕੋਈ ਤਾਲਿਬੇ ਇਲਾਮ ਭੀ ਐਸਾ ਹੋਤਾ ਹੈ, ਟੀਚਰ ਪਹਿਲੇ ਨਜ਼ਰ ਦੌੜਾਤਾ ਹੈ ਇਧਰ ਉਧਰ, ਉਸਕਾ ਮਨਪਸੰਦ ਤਾਲਿਬੇ ਇਲਮ ਗੈਰ ਹਾਜ਼ਰ ਹੈ, ਵੋਹ ਭੀ ਉਦਾਸ ਹੋਤਾ ਹੈ। ਖੂਬ ਹੱਸੇ।

**ਸੂਚਨਾ**

ਸਾਹਿਤ ਅਤੇ ਇਤਿਹਾਸ ਦੇ ਵਿਦਿਆਰਥੀਆਂ ਵਾਸਤੇ ਇਸ ਡਰਾਮੇ ਵਿਚਲੇ ਪਾਤਰਾਂ ਦੇ ਨਾਂ, ਥਾਂ ਤੇ ਘਟਨਾਵਾਂ ਸੱਚੀਆਂ ਹਨ। ਮੈਂ ਧਰਮ ਦਾ ਵਿਦਿਆਰਥੀ ਹਾਂ। ਮੇਰੇ ਵਾਸਤੇ ਸਭ ਕੁਝ ਕਲਪਿਤ ਹੈ, ਮਿਥਿਆ, ਮਾਇਆ। ਮੰਚ ਤੇ ਕੇਂਦਰੀ ਰੋਲ ਡਿਊਕ ਦਾ ਹੈ। ਬਾਕੀ ਦੇ ਪਾਤਰ, ਅੰਗਰੇਜ਼ੀ ਸਾਹਿਤ ਦੇ ਸ਼ੁਕੀਨ, ਪੂਰਬ ਦੇ ਬੱਚੇ ਹਨ। ਕੁਝ ਪਾਤਰ ਸਿੱਧੇ ਹਨ ਕੁਝ ਐਬਸਰਡ। ਪੂਰਬ ਨੇ ਪੱਛਮ ਨਾਲ ਸੰਵਾਦ ਰਚਾਇਆ। ਮੇਰੀ ਅਦਾਕਾਰੀ ਤੋ ਕੋਈ ਸੰਤੁਸ਼ਟ ਹੈ ਕਿ ਨਹੀਂ, ਕੌਣ ਜਾਣੇ। ਕਿਸੇ ਨੇ ਤਾੜੀਆਂ ਨਹੀਂ ਮਾਰੀਆਂ। ਚੁਪਚਾਪ ਬਿਨਾ ਇਕ ਦੂਜੇ ਨਾਲ ਗੱਲ ਕੀਤੇ, ਨੀਵੀਂਆਂ ਪਾ ਕੇ ਕਬਰਸਤਾਨ ਵਿਚੋਂ ਦਰਸ਼ਕ ਆਪੋ ਆਪਣੇ ਘਰਾਂ ਨੂੰ ਚਲੇ ਗਏ। ਮੈਂ ਕਬਰ ਉਪਰ ਦੀਵਾ ਬਾਲ ਦਿਤਾ। ਕੀ ਪਤਾ ਕਸੀਦੇ, ਕੱਵਾਲੀਆਂ ਗਾਉਣ ਵਾਸਤੇ ਕੱਵਾਲ ਆ ਜਾਣ। ਉਸ ਬਾਰੇ ਇਸ ਤਰਾਂ ਦੀ ਮੇਰੀ ਇਹ ਲਿਖਤ ਪਹਿਲੀ ਹੋਵੇ ਸ਼ਾਇਦ, ਹੇ ਸੱਚੇ ਪਾਤਸ਼ਾਹ, ਆਖਰੀ ਬਿਲਕੁਲ ਨਾ ਹੋਵੇ। ਕਾਫਕਾ ਦੇ ਪਾਪਾ ਨੇ ਕਿਹਾ ਸੀ - ਠੀਕ ਹੈ, ਅੱਗ ਵਿਚੋਂ ਦੀ ਨਿਕਲ ਕੇ ਸੋਨਾ ਸ਼ੁੱਧ ਹੋ ਜਾਂਦਾ ਹੈ ਪਰ ਆਦਮੀ ਅੱਗ ਵਿਚੋਂ ਨਿਕਲ ਕੇ ਖੂਨੀ ਜਾਨਵਰ ਹੋ ਜਾਂਦਾ ਹੈ।

ਮੈਂ ਤੇਰੇ ਨਾਲ ਸਹਿਮਤ ਨਹੀਂ ਪਿਤਾ। ਤੇਰਾ ਵਾਕ ਪੱਛਮ ਵਾਸਤੇ ਠੀਕ ਹੈ। ਮੈਂ ਪੂਰਬੀ ਹਾਂ। ਅੱਗ ਵਿਚੋਂ ਨਿਕਲ ਕੇ ਪੂਰਬੀ ਬੰਦਾ ਸਾਧ ਹੋ ਜਾਂਦਾ ਹੈ, ਖਰਾ ਸੋਨਾ। ਜਿਵੇਂ ਡਿਊਕ।

**Read more like this at**

**www.punjabilibrary.com**